# ਪ੍ਰਕਾਸ਼-ਪੁੰਜ (ਭਾਗ-ਦੂਜਾ)

## ਰੇਖਾ- ਚਿੱਤਰ

ਨਾਮਧਾਰੀਆ ਵੰਸ਼ ਦੀ ਬੇਟੀ ਬੜੀ ਸਿਆਣੀ ਸੂਬਾ ਖਰਲ
ਸਾਦ-ਮੁਰਾਦੀ, ਚਿੱਟੇ ਕਪੜੇ, ਗੋਰਾ ਰੰਗ, ਮਾਸੂਮ ਜਿਹੀ
ਸਤਿਗੁਰੂ ਜਗਜੀਤ ਸਿੰਘ ਦੀ ਹੈ ਧੀ ਰਾਣੀ ਸੂਬਾ ਖਰਲ
ਫੁੱਲਾਂ ਵਰਗੇ ਸ਼ਬਦ ਉਗਾਵੇ ਕਾਗਜ਼ ਦੀ ਫੁਲਵਾੜੀ 'ਤੇ
ਅੱਖਰਾਂ ਵਿਚੋਂ ਜਾਣੇ ਕਿੱਦਾਂ ਮਹਿਕ ਖਿੰਡਾਣੀ ਸੂਬਾ ਖਰਲ
ਕਈ ਸਨਮਾਨ ਮਿਲੇ ਨੇ ਉਸ ਨੂੰ ਕਈ ਕਿਤਾਬਾਂ ਲਿਖੀਆਂ
ਸਮਕਾਲੀ ਸਭ ਲੇਖਿਕਾਵਾਂ 'ਚੋਂ ਮਹਾਰਾਣੀ ਸੂਬਾ ਖਰਲ
ਰੂਹਾਨੀ ਸ਼ਖਸੀਅਤ ਉਸ ਦੀ ਨੈਣਾਂ ਦੇ ਵਿਚ ਨੂਰ ਜਿਹਾ
ਸੈਆਂ ਵਿਚ ਵੀ ਦੂਰੋਂ ਜਾਂਦੀ ਝੱਟ ਪਛਾਣੀ ਸੂਬਾ ਖਰਲ
'ਹਸਨਪੁਰੀ' ਜਾਂ ਤਾਂ ਸਾਹਿਤ ਦੇ ਲੇਖੇ ਇਕ-ਇਕ ਸਾਹ ਲੱਗੇ
ਜਾਂ ਚਾਹੇ ਸਤਿਗੁਰੂ ਦੇ ਲੇਖੇ ਇਹ ਜਿੰਦ ਲਾਣੀ ਸੂਬਾ ਖਰਲ

– ਸ. ਇੰਦਰਜੀਤ ਹਸਨਪੁਰੀ

## ਲੇਖਿਕਾ ਦਾ ਸਾਹਿਤਕ ਸਫ਼ਰ

### ਛਪੀਆਂ ਪੁਸਤਕਾਂ ਦਾ ਵੇਰਵਾ

| | |
|---|---|
| 1) ਤ੍ਰਿਸ਼ਨਾ (ਕਹਾਣੀਆਂ) | 1987 |
| 2) ਰੂਹ ਪੰਜਾਬ ਦੀ (ਜੀਵਨੀ ਮਹਾਰਾਣੀ ਜ਼ਿੰਦ ਕੌਰ) | 1990 |
| 3) ਮਹਾਂਬਲੀ ਰਣਜੀਤ ਸਿੰਘ (ਜੀਵਨੀ ਮਹਾਰਾਜਾ ਰਣਜੀਤ ਸਿੰਘ) | 1991 |
| 4) ਵੱਡ-ਪ੍ਰਤਾਪੀ ਸਤਿਗੁਰੂ (ਜੀਵਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) | 1991 |
| 5) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਾਗ਼ਬਾਨੀ ਪ੍ਰਤੀ ਦੇਣ | 1995 |
| 6) ਬਰਮਾ ਦੀ ਯਾਤਰਾ, ਅਫ਼ਰੀਕਾ ਦੀ ਯਾਤਰਾ | 1996 |
| 7) ਬਖ਼ਸ਼ਿਸ਼ (ਕਵਿਤਾਵਾਂ) | 1996 |
| 8) ਪ੍ਰਕਾਸ਼-ਪੁੰਜ ਭਾਗ ਪਹਿਲਾ (ਜੀਵਨੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) | 1997 |
| 9) ਤੂੰ ਹੀ ਤੂੰ (ਕਵਿਤਾਵਾਂ) | 2000 |
| 10) ਬੰਸਾਵਲੀ-ਸ੍ਰੀ ਸਤਿਗੁਰੂ ਰਾਮ ਸਿੰਘ ਜੀ | 2006 |
| 11) ਨਾਮਧਾਰੀ ਸ਼ਹੀਦ ਅਤੇ ਸੁਤੰਤਰਤਾ ਸੰਗਰਾਮੀ | 2008 |
| 12) ਗੋਪਾਲ ਰਤਨ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) | 2011 |
| 13) ਪ੍ਰਕਾਸ਼-ਪੁੰਜ ਭਾਗ ਦੂਜਾ | 2011 |
| 14) ਕੂਕਾ ਅੰਦੋਲਨ ਅਤੇ ਸਰਕਾਰੀ ਦਸਤਾਵੇਜ਼ (ਛਪ ਰਹੀ) | |

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਪ੍ਰਕਾਸ਼-ਪੁੰਜ

(ਭਾਗ-ਦੂਜਾ)

ਸੂਬਾ ਸੁਰਿੰਦਰ ਕੌਰ ਖਰਲ

# PARKASH-PUNJ

**(PART-II)**

*by*

**Suba Surinder Kaur Kharal**

Namdhari Engg. Works, Kurali Road

Roop Nagar-140001 (Punjab)

Mob. 98157-03588, 94173-76345

e mail : subakharal952@yahoo.com

website: surinderkaurkharal.com

website: namdhariwomen.com

2011

Published by Lokgeet Parkashan

S.C.O. 26-27, Sector 34 A, Chandigarh-160022

Ph.0172-5077427, 5077428

Punjabi Bhawan Ludhiana,

98154-71219

*visit us at : www.unistarbooks.com*

Type Setting & Design PCIS

Printed & bound at Unistar Books (Printing Unit)

11-A, Industrial Area, Phase-2, Chandigarh (India)

98154-71219

© *2011, Author*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਜੋ ਕੁਝ ਕੀਆ ਸੋ ਤੁਮ ਕੀਆ,
ਹਮ ਕੁਝ ਕੀਆ ਨਾਹੀਂ,
ਨਾ ਕੀਆ ਨਾ ਕਰ ਸਕੂੰ,
ਨਾ ਕਰਨੇ ਜੋਗ ਸਰੀਰ,
ਗ਼ਰ ਕਹੀਂ ਕਹੂੰ ਕਿ ਮੈਂ ਕੀਆ,
ਤੋਂ ਤੁਮ ਭੀ ਥੇ ਹਮ ਮਾਹਿ,

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਆਪਣੀ ਰਹਿਮਤ ਦੇ ਚਾਨਣ ਦੀਆਂ ਕਿਰਨਾਂ ਨੂੰ ਸਮਾਜ ਦੇ ਭਿੰਨ-ਭਿੰਨ ਖੇਤਰਾਂ ਵਿਚ ਬਿਖੇਰਨ ਦੀ ਕ੍ਰਿਪਾਲਤਾ ਕਰਨ ਦੇ ਕਿਣਕਾ ਮਾਤਰ ਬਿਆਨ ਕਰਨ ਦਾ ਇਕ ਨਿਮਾਣਾ ਜਿਹਾ ਜਤਨ ਪ੍ਰਕਾਸ਼-ਪੁੰਜ (ਭਾਗ-II)

ਵੱਲੋਂ :- ਸੂਬਾ ਸੁਰਿੰਦਰ ਕੌਰ ਖਰਲ

## ਤੂੰ ਪ੍ਰਵਾਨ ਕਰ ਲਵੀਂ

ਲਿਖਣਾ ਤਾਂ ਚਾਹੁੰਦੀ ਹਾਂ
ਤੇਰੀ ਉਸਤਤ
ਗਾਉਣਾ ਤਾਂ ਚਾਹੁੰਦੀ ਹਾਂ
ਤੇਰੇ ਗੀਤ
ਪਰ ਅਸਮਰਥ ਹਾਂ
ਕਿਉਂਕਿ
ਸੂਰਜ ਦਾ ਤੇਜ
ਪੌਣਾਂ ਦਾ ਵੇਗ
ਸਮੁੰਦਰ ਦੀ ਗਹਿਰਾਈ
ਅਗਨੀ ਦੀ ਤਪਿਸ਼
ਰੌਸ਼ਨੀ ਦੀ ਚਮਕ
ਬਿਆਨੋਂ ਬਾਹਰ ਨੇ।

ਮੇਰੀਆਂ ਭਾਵਨਾਵਾਂ ਨੂੰ ਜਾਣ
ਮੇਰੇ ਲਿਖੇ ਅਣਲਿਖੇ
ਮੇਰੇ ਕਹੇ ਅਣਕਹੇ ਨੂੰ
ਤੂੰ ਪ੍ਰਵਾਨ ਕਰ ਲਵੀਂ।
ਤੂੰ ਪ੍ਰਵਾਨ ਕਰ ਲਵੀਂ॥

– ਸੂਬਾ ਸੁਰਿੰਦਰ ਕੌਰ ਖਰਲ

## ਸਿਰਫ਼ ਤੈਨੂੰ ਹੀ ਅਰਪਿਤ

ਤੇਰੇ ਮੁਖਾਰਬਿੰਦ 'ਚੋਂ ਕਿਰਦੇ
ਉਹ ਸਾਰੇ ਹੀ ਪੁਸ਼ਪ
ਜੋ ਮੈਂ ਆਪਣੀ ਝੋਲੀ ਵਿਚ ਸਮੇਟੇ,
ਤੇ ਫਿਰ ਸੁਗੰਧੀ ਬਿਖੇਰਨ ਲਈ
ਕਾਗਜ਼ਾਂ 'ਤੇ ਸਜਾਏ
ਸਿਰਫ਼ ਤੈਨੂੰ ਹੀ ਅਰਪਿਤ ਹਨ।
ਚੰਦ ਸੀਮਤ ਸਫ਼ਿਆਂ 'ਤੇ
ਆਪਣੇ ਦਿਲ ਦੀ ਸਿਆਹੀ ਨਾਲ ਲਿਖੇ,
ਕਦੇ ਦਰਦ 'ਚ ਡੁੱਬੇ
ਕਦੇ ਅਨੰਦ 'ਚ ਸਰਸ਼ਾਰ ਹੋਏ ਸ਼ਰਧਾ-ਸੁਮਨ ਵੀ
ਸਿਰਫ਼ ਤੇਰੇ ਹੀ ਲਈ ਹਨ।

ਮੇਰੇ ਕੋਲ ਨਾ ਤਾਂ,
ਧਰਤੀ ਜਿੱਡਾ ਕਾਗਜ਼ ਹੈ,
ਨਾ ਸਮੁੰਦਰ ਜਿਹੀ ਸਿਆਹੀ 'ਚ,
ਮੈਂ ਕਲਮ ਡੁਬੋਣ ਦਾ,
ਦਾਅਵਾ ਕਰਦੀ ਹਾਂ।
ਮੇਰੀ ਵਸੀਅਤ 'ਚ ਤਾਂ ਮੇਰੀ ਦੌਲਤ,
ਤੇਰੀ ਹੀ ਬਖ਼ਸ਼ੀ ਬੁੱਧੀ ਨਾਲ,
ਕਾਗਜ਼ ਦੀ ਹਿੱਕ 'ਤੇ ਸਜਾਏ
ਸਿਰਫ਼ ਕੁਝ ਗਰੀਬੜੇ ਜਿਹੇ,
ਨਾਜ਼ੁਕ ਜਿਹੇ,ਮਾਸੂਮ ਜਿਹੇ
ਤੈਨੂੰ ਪਰਵਾਨ ਹੋ ਸਕਣ ਦੀ,
ਆਸ ਨਾਲ ਲਿਖੇ,
ਚੰਦ ਹਰਫ਼ ਨੇ,
ਜੋ ਸਦਾ,
ਸਿਰਫ਼ ਤੇਰੇ ਹੀ ਨਾਂ ਹਨ।

ਸੂਬਾ ਸੁਰਿੰਦਰ ਕੌਰ ਖਰਲ

## ਨਮਸਕਾਰ! ਨਮਸਕਾਰ !!

ਜਦ ਤੂੰ ਹਾਸੀ ਕਰਦਾ ਹੈਂ,
ਤਾਂ ਅਲੱੜ ਬੱਚੇ ਵਾਂਗ ਲਗਦਾ ਹੈਂ
ਜਦ ਤੂੰ ਸਿੱਖਿਆ ਦਿੰਦਾ ਹੈਂ,
ਤਾਂ ਮਾਂ ਵਾਂਗ ਜਾਪਦਾ ਹੈਂ।
ਜਦ ਤੂੰ ਗੰਭੀਰ ਮੁਦਰਾ 'ਚ ਹੁੰਨੈ,
ਤਾਂ ਪਿਉ ਵਾਂਗ ਲਗਦਾ ਹੈਂ।
ਜਦ ਤੂੰ ਭਲਾ ਲੋਚਦਾ ਹੈਂ,
ਤਾਂ ਵੀਰ ਵਾਂਗ ਜਾਪਦਾ ਹੈਂ।
ਜਦ ਤੂੰ ਕੌਤਕ ਕਰਦਾ ਹੈਂ,
ਤਾਂ ਅਦ੍ਰਿਸ਼ ਪਰਮਾਤਮਾ ਲਗਦਾ ਹੈਂ।
ਮੇਰਾ ਹਰ ਰਿਸ਼ਤਾ
ਹਰ ਨਾਤਾ
ਤੇਰੇ ਨਾਲ ਜਾ ਜੁੜਦਾ ਹੈਂ।
ਤੇਰੇ ਦੁਆਲੇ ਚੱਕਰ ਲਾਉਂਦੀ
ਮੇਰੀ ਕਲਪਨਾ ਨੂੰ
ਕਦੇ ਤੂੰ ਰਾਮ ਲਗਦਾ ਹੈਂ,
ਕਦੇ ਤੂੰ ਕ੍ਰਿਸ਼ਨ ਲਗਦਾ ਹੈਂ,
ਕਦੇ ਤੇਰੇ ਵਿਚ
ਸਾਰੇ ਗੁਰੂਆਂ ਦਾ
ਸਰੂਪ ਆ ਜਾਂਦਾ ਹੈ,
ਜੋ ਮੇਰੀ 'ਮੈਂ' ਨੂੰ
ਆਪੇ 'ਚ ਸਮੇਟ
ਮੈਨੂੰ ਸਭ ਗੁਨਾਹਾਂ ਤੋਂ ਬਚਾ ਲਵੇਂਗਾ।
ਤੇਰੇ ਕਿਸ ਕਿਸ ਰੂਪ ਦਾ ਗੁਣਗਾਨ ਕਰਾਂ ?
ਤੇਰੇ ਹਰ ਰੂਪ ਨੂੰ ਨਮਸਕਾਰ !
ਤੇਰੇ ਹਰ ਨਾਮ ਨੂੰ ਨਮਸਕਾਰ !!
ਤੇਰੇ ਹਰ ਰਾਗ ਨੂੰ ਨਮਸਕਾਰ !!!

**– ਸੂਬਾ ਸੁਰਿੰਦਰ ਕੌਰ ਖਰਲ**

ਸਾਡਾ ਸਤਿਗੁਰੂ ਜਦੋਂ ਦੁਨੀਆਂ ਨਹੀਂ ਸੀ,
ਉਦੋਂ ਵੀ ਸੀ, ਜਦੋਂ ਨਹੀਂ ਹੋਏਗੀ।
ਉਦੋਂ ਵੀ ਹੋਵੇਗਾ।
ਹਰ ਵੇਲੇ ਉਹ ਰਹਿੰਦਾ ਹੈ,
ਹਰ ਵੇਲੇ ਸਭ ਕੁਛ ਦੇਖਦਾ ਹੈ।

– ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

# ਤਤਕਰਾ


| **ਲੜੀ ਨੰ:** | **ਵਿਸ਼ਾ** | | ਪੰਨਾ ਨੰ. |
|---|---|---|---|
| 1) | ਪ੍ਰਵੇਸ਼ਿਕਾ ............... | ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ | 14 |
| 2) | ਸਤਿਗੁਰ ਮਹਿਮਾ ....... | ਡਾ. ਸਰਦਾਰਾ ਸਿੰਘ ਜੌਹਲ | 15 |
| 3) | ਡਾ. ਜੌਹਲ ਬਾਰੇ ਸੰਖੇਪ ਜਾਣਕਾਰੀ.......... | ਸੂਬਾ ਸੁਰਿੰਦਰ ਕੌਰ ਖਰਲ | 17 |
| 4) | ਰੇਖਾ ਚਿੱਤਰ................ | ਸ੍ਰੀ ਇੰਦਰਜੀਤ ਹਸਨਪੁਰੀ | 19 |
| 5) | ਸ਼ੁਕਰਗੁਜ਼ਾਰੀ ! ਧੰਨਵਾਦ : ......... | ਸੂਬਾ ਸੁਰਿੰਦਰ ਕੌਰ ਖਰਲ | 20 |

1. **ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ (ਸੰਖੇਪ ਵਿਚ)** **25**

2. **ਬਾਗਬਾਨੀ**
   - ਮਹੱਤਤਾ 29
   - ਤਵਾਰੀਖ਼ 31
   - ਬਾਗ਼ਬਾਨੀ ਦਾ ਸ਼ੌਕ ਤੇ ਜਾਣਕਾਰੀ 32
   - ਬਾਗ਼ਬਾਨੀ ਬਾਰੇ ਵਿਚਾਰ 33
   - ਵਿਕਾਸ ਵੱਲ ਕਦਮ 35
   - ਡਾ. ਖੇਮ ਸਿੰਘ ਗਿੱਲ ਦਾ ਖਤ 38
   - ਹਰਿਆਣਾ ਵਿਖੇ ਬਾਗ਼ 39
   - ਬੰਗਲੌਰ ਵਿਖੇ ਨਾਮਧਾਰੀ ਫ਼ਾਰਮ ਤੇ ਨਾਮਧਾਰੀ ਸੀਡਜ਼ ਕੰਪਨੀ 46
   - ਪੰਜਾਬ ਵਿਖੇ ਬਾਗ਼ 54
   - ਹਿਮਾਚਲ ਵਿਖੇ ਬਾਗ਼ 55
   - ਸਿੰਘਾਂ ਦੇ ਆਪਣੇ ਬਾਗ਼ 58
   - ਫੁੱਲਾਂ ਦੇ ਬਾਗ਼ 60

3. **ਗਊ-ਪਾਲਣ**
   - ਗਊ ਦੀ ਮਹੱਤਤਾ 65
   - ਭਾਰਤੀ ਸੰਸਕ੍ਰਿਤੀ 'ਚ ਗਊ ਦਾ ਸਥਾਨ 67
   - ਸਿੱਖ ਧਰਮ ਦੀ ਪਰੰਪਰਾ 70
   - ਅੰਗ੍ਰੇਜ਼ਾਂ ਦੇ ਰਾਜ ਸਮੇਂ 73
   - ਅਜ਼ਾਦੀ ਸਮੇਂ 76
   - ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ 79

| | | |
|---|---|---|
| | • ਗੋਪਾਲ ਰਤਨ ਪੁਰਸਕਾਰ | 86 |
| | • ਗਊਸ਼ਾਲਾਵਾਂ | 87–94 |
| | • ਨਾਮਧਾਰੀਆਂ ਤੋਂ ਪ੍ਰੇਰਨਾ | 95 |
| | • ਮਾਤਾ ਚੰਦ ਕੌਰ ਜੀ | 96 |
| | • ਪ੍ਰਬੰਧਕ ਵਰਗ | 97 |
| | • ਗਊਆਂ ਦੇ ਦੁੱਧ ਤੇ ਘਿਓ ਦੇ ਰਿਕਾਰਡ | 109 |
| | • ਪ੍ਰਤੀਯੋਗਿਤਾਵਾਂ ਵਿਚੋਂ ਜਿੱਤੇ ਇਨਾਮਾਂ ਦਾ ਵੇਰਵਾ | 121 |
| | • ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ | 131 |
| **4.** | **ਇਸਤਰੀ ਜਾਤੀ 'ਤੇ ਉਪਕਾਰ** | **139** |
| | • ਭਰੂਣ ਹੱਤਿਆ ਮਹਾਂ ਪਾਪ | 143 |
| | • ਕੁੜੀਆਂ ਜੰਮਣ ਤੇ ਦੁਖੀ ਨਾ ਹੋਵੋ | 144 |
| | • ਕੁੜੀਆਂ ਨੂੰ ਬੋਝ ਨਾ ਸਮਝੋ | 144 |
| | • ਕੁੜੀਆਂ ਨੂੰ ਪੜ੍ਹਾਓ | 145 |
| | • ਭਾਰਤੀ ਸੰਸਕ੍ਰਿਤੀ ਅਨਸੁਾਰ ਸਾਦਗੀ 'ਚ ਰਿਹਾ ਜਾਵੇ | 146 |
| | • ਸਮੇਂ ਸਿਰ ਅਤੇ ਠੀਕ ਥਾਂ ਵਿਆਹ ਕੀਤੇ ਜਾਣ | 146 |
| | • ਵਾਧੂ ਰਸਮਾਂ ਦਾ ਤਿਆਗ ਅਤੇ ਸਾਦੇ ਵਿਆਹ | 147 |
| | • ਦਾਜ ਪ੍ਰਥਾ ਦੇ ਖਾਤਮੇ ਦਾ ਹੁਕਮ | 148 |
| | • ਵਿਧਵਾ ਅਤੇ ਅੰਤਰ-ਜਾਤੀ ਵਿਆਹ | 148 |
| | • ਵਿਆਹ ਜਾਂ ਜੰਮਣ ਮਰਨ ਨੂੰ ਰੁਟੀਨ ਵਿਚ ਲਵੋ | 149 |
| | • ਰਿਸ਼ਤਿਆਂ ਦਾ ਆਪੋ ਆਪਣਾਂ ਸਥਾਨ | 150 |
| | • ਘਰਾਂ ਦੀਆਂ ਸਮੱਸਿਆਵਾਂ ਆਪੇ ਸੁਲਝਾਈਆਂ ਜਾਣ | 150 |
| | • ਇਸਤਰੀਆਂ ਦੀ ਬਰਾਬਰਤਾ ਅਤੇ ਅਜ਼ਾਦੀ ਬਾਰੇ | 152 |
| | • ਸੋਭਤ ਨਹੀਂ ਬਿਨ ਭਰਤਾਰੇ | 151 |
| | • ਸੁਚਾਰੂ ਗੁਣਾਂ ਦਾ ਸਮਾਵੇਸ਼ | 153 |
| | • ਸੂਬਾ ਥਾਪਿਆ | 154 |
| | • ਇਸਤਰੀ ਵਿੱਦਿਅਕ ਸੰਮੇਲਨ | 154 |
| | **ਪ੍ਰਮੁੱਖ ਇਸਤਰੀਆਂ** | **155** |
| | • ਚੀਫ ਟੈਕਨੀਕਲ ਅਫਸਰ | 155 |
| | • ਪਾਇਲਟ | 156 |
| | • ਖੇਡਾਂ ਦੇ ਖੇਤਰ ਵਿਚ | 158 |
| | • ਜੱਜ ਅਤੇ ਵਕੀਲ | 159 |
| | • ਡਾਕਟਰ | 160 |
| | • ਸਾਹਿਤਕਾਰ | 163 |

- ਕੇਂਦਰੀ ਵਿਦਿਅਕ ਜੱਥੇ ਦੀਆਂ ਅਹੁਦੇਦਾਰ 166
- ਪਾਰਸ਼ਦ, ਪੰਚ-ਸਰਪੰਚ 167
- ਚਿੱਤਰਕਾਰ 168
- ਉੱਚ ਪੱਧਰ ਦੀਆਂ ਨੌਕਰੀ ਕਰਦੀਆਂ ਬੀਬੀਆਂ 168
- ਵਧੇਰੇ ਪੜ੍ਹੀਆਂ ਤੇ ਪੜ੍ਹ ਰਹੀਆਂ ਬੀਬੀਆਂ 175
- ਸੰਗੀਤ ਦੇ ਖੇਤਰ ਵਿਚ 179-188

**5. ਜੀਵ ਦਇਆ 189**
**6. ਸ਼ਾਕਾਹਾਰ ਦਾ ਪ੍ਰਚਾਰ 196**
**7. ਵਿਸ਼ਵ-ਸ਼ਾਂਤੀ ਲਈ ਪ੍ਰਯਤਨ 203**
**8. ਧਰਮ-ਰਤਨ ਸਨਮਾਨ 210**
**9. ਲੰਗਰ ਦੀ ਨਿਰੰਤਰਤਾ 213**
**10. ਸਹਿਪਾਠੀ ਸੰਮੇਲਨ 221**
**11. ਖੂਹਾਂ ਦਾ ਨਿਰਮਾਣ 235**

- ਇਕ ਮੁਲਾਕਾਤ- ਸਤਿਕਾਰਯੋਗ ਮਹਾਰਾਜ ਗੁਰਿੰਦਰ ਸਿੰਘ ਜੀ (ਮੁਖੀ ਰਾਧਾ ਸੁਆਮੀ ਸਤਸੰਗ ਬਿਆਸ) ਨਾਲ 246
- ਨਾਮਧਾਰੀ ਲਹਿਰ ਇਸਤਰੀ ਜਾਤੀ ਲਈ ਚੇਤਨਾ- ਡਾ.ਚਰਨਜੀਤ ਕੌਰ 248
- ਦੇਹ ਵਿਚੋਂ ਅਲੋਪ ਹੋਣ ਦੀ ਸ਼ਾਇਰੀ 'ਤੂੰ ਹੀ ਤੂੰ' 255
- ਪੁਸਤਕ-ਨਾਮਧਾਰੀ ਸ਼ਹੀਦ ਦਾ ਰੀਵੀਊ 258
- ਸੂਬਾ ਸੁਰਿੰਦਰ ਕੌਰ ਖਰਲ ਦੀਆਂ ਪੁਸਤਕਾਂ ਦੇ ਰੀਵੀਊ ਅਤੇ ਬਾਇਓਡਾਟਾ 260

# ਪ੍ਰਵੇਸ਼ਿਕਾ
# ( ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਵਿਚੋਂ)

"ਸੁਚੱਜੇ ਲੇਖਕ, ਕਵੀ, ਬੁਲਾਰੇ ਬਹੁਤ ਵੱਡਾ ਧਨ ਨੇ ਦੇਸ਼ ਦਾ। ਏਦੂੰ ਵੱਡਾ ਧਨ ਉਹ ਨੇ ਜਿਹੜੇ ਇਨ੍ਹਾਂ ਦੀਆਂ ਗੱਲਾਂ ਮੰਨ ਕੇ ਤੁਰ ਪੈਣ।"

"ਜਿਹੜੇ ਆਦਮੀ ਖੋਜ ਕਰਦੇ ਨੇ, ਕਿਤਾਬਾਂ ਪੜ੍ਹਦੇ ਨੇ, ਕਾਗਜ਼ ਵੇਖਦੇ ਨੇ, ਉਹਨਾਂ ਨੂੰ ਪਤੈ, ਉਹਨਾਂ ਦਾ ਕਿੰਨਾ ਜ਼ੋਰ ਲਗਦਾ ਹੈ। ਸਿਰ ਦਾ, ਅੱਖਾਂ ਦਾ, ਕਿੰਨੀ ਥਕਾਵਟ ਹੋ ਜਾਂਦੀ ਹੈ।..... ਲਿਖੀ ਹੋਈ ਚੀਜ਼ ਰਹਿ ਜਾਂਦੀ ਹੈ, ਪਤਾ ਨਹੀਂ ਕਦੋਂ ਲਿਖਣ ਵਾਲੇ ਤੇ ਪੜ੍ਹਨ ਵਾਲੇ ਨੇ ਚਲੇ ਜਾਣਾ ਹੈ।"

"ਜਿਹੜਾ ਇਤਿਹਾਸ ਜਿਸ ਵਾਸਤੇ ਲਿਖਿਆ ਜਾਵੇ, ਉਹਦੇ ਨੇੜੇ-ਤੇੜੇ ਜਾ ਕੇ, ਉਹਦੇ ਵਿਚ ਪਹੁੰਚ ਕੇ ਲਿਖਿਆ ਜਾਵੇ, ਉਹਦਾ ਕੋਈ ਦੂਸਰਾ ਸਾਨੀ ਨਹੀਂ ਹੁੰਦਾ।"

"ਉਹ ਪੁਸਤਕਾਂ ਨਾ ਪੜ੍ਹੀਆਂ ਜਾਣ ਜਿਹੜੀਆਂ ਸਾਡੇ ਸਮਾਜ ਤੋਂ ਸਾਨੂੰ ਦੂਰ ਲੈ ਜਾਣ। ਜਿਹੜੀਆਂ ਨੇੜੇ ਲਿਆਉਣ ਉਹਨਾਂ ਨੂੰ ਧਿਆਨ ਵਿਚ ਲਿਆਉਣਾ ਚਾਹੀਦੈ, ਮੈਂ ਅਰਜ਼ ਕਰਾਗਾਂ- ਸਤਿਜੁਗ, ਨਿਰੀਖਅਕ, ਵਰਿਆਮ, ਯੁਗ-ਮਰਿਆਦਾ, ਹਰ ਘਰ ਦੇ ਵਿਚ ਇਹ ਪਰਚੇ ਪੂਰੇ ਫਾਈਲ ਦੇ ਮੁਤਾਬਿਕ ਹੋਣੇ ਚਾਹੀਦੇ ਹਨ। ਕਿਸੇ ਕਿਸੇ ਵੇਲੇ ਉਹਨਾਂ ਨੂੰ ਪੜ੍ਹਦੇ ਰਹਿਣਾ ਚਾਹੀਦੈ। ਜੇ ਤੁਸੀਂ ਘਰ ਵਿਚ ਰੱਖੋਗੇ, ਕੋਈ ਆ ਕੇ ਵੀ ਉਹਨਾਂ ਨੂੰ ਪੜ੍ਹ ਲੈਂਦੇ।"

"ਸਾਧੂਆਂ ਦੇ ਜੀਵਨ ਪੜ੍ਹੋ, ਸਤਿਗੁਰਾਂ ਦੇ ਬਚਨ ਪੜ੍ਹੋ, ਜਿਸਦੇ ਨਾਲ ਮਾੜਾ ਮਨ, ਇਸ ਪਾਸੇ ਲੱਗੇ ਤੇ ਸਾਡੀ ਜੀਵਨ-ਯਾਤਰਾ ਸਫ਼ਲ ਹੋਵੇ।"

"ਰਹਿਤਨਾਮਾ ਸਤਿਗੁਰੂ ਰਾਮ ਸਿੰਘ ਜੀ ਦਾ ਜ਼ਰੂਰ ਪੜ੍ਹਿਆ ਕਰੋ। ਰੋਜ਼ ਧਿਆਨ ਨਾਲ ਪੜ੍ਹੀਏ, ਤਾਂ ਕੁਝ ਨਾ ਕੁਝ ਗੱਲ ਦਾ ਅਸਰ ਸਾਡੇ ਤੇ ਹੁੰਦੈ।"

"ਜੇ ਦੁਨਿਆਵੀ ਪੜ੍ਹਾਈ ਲਈ ਮਾਸਟਰਾਂ ਦੀ ਲੋੜ ਪੈਂਦੀ ਹੈ ਤਾਂ ਜਿਸ ਪੜ੍ਹਾਈ ਨੇ ਸਾਨੂੰ ਐਸ ਸੰਸਾਰ ਚੋਂ , ਸਮੁੰਦਰ ਸਾਗਰ ਤੋਂ ਪਾਰ ਕਰਨਾ ਹੈ ਤਾਂ ਉਸ ਪੜ੍ਹਾਈ ਲਈ ਸਾਨੂੰ ਕਿਵੇਂ ਦੇਹਧਾਰੀ ਦੀ ਲੋੜ ਨਹੀਂ।"

" ਮਨੁੱਖ ਨੂੰ ਆਤਮਕ ਸ਼ਾਂਤੀ ਦੇਹਧਾਰੀ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ।"

" ਹੋਰ ਪੜ੍ਹਾਈ ਜਿੰਨੀ ਮਰਜ਼ੀ ਪੜ੍ਹੀ ਜਾਵੇ। ਪਰ ਇਹਦੇ ਬਿਨਾਂ ਕੁਝ ਪ੍ਰਾਪਤ ਨਹੀਂ ਹੋ ਸਕਦਾ"

" ਜੋ ਪ੍ਰਾਣੀ ਗੋਬਿੰਦ ਧਿਆਵੈ, ਪੜ੍ਹਿਆ ਅਨਪੜ੍ਹਿਆ ਪਰਮ ਗਤਿ ਪਾਵੈ।"

# ਸਤਿਗੁਰੂ ਮਹਿਮਾ

ਇਕ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਸਹਿਜ ਸੁਭਾਅ ਹੀ ਸਵਾਲ ਕੀਤਾ ਕਿ ਲੋਕ ਸਾਡੇ ਪੌਦੇ ਆਦਿ ਚੋਰੀ ਕਿਉਂ ਕਰਦੇ ਨੇ, ਮੈਂ ਆਪਣੀ ਸਮਝ ਮੁਤਾਬਕ ਜਵਾਬ ਦਿੱਤਾ ਕਿ ਤੁਹਾਡੀ ਕੋਈ ਵੀ ਵਸਤੂ, ਪੌਦਾ ਜਾਂ ਪਸ਼ੂ ਹਮੇਸ਼ਾ ਬਹੁਤ ਅੱਛੀ ਕਿਸਮ ਦਾ ਹੁੰਦਾ ਹੈ। ਕਮਜ਼ੋਰ ਮਾਨਸਿਕਤਾ ਮੰਗ ਤਾਂ ਸਕਦੀ ਨਹੀਂ, ਲੋਕ ਚੋਰੀ ਕਰ ਲੈਂਦੇ ਨੇ। ਉਨ੍ਹਾਂ ਫਰਮਾਇਆ ਕਿ ਜੇ ਕੋਈ ਬੰਦਾ ਬਿਜਲੀ ਦਾ ਬਲਬ ਲਾਹ ਕੇ ਆਪਣੇ ਘਰ ਲਾ ਲਵੇ ਪਰ ਪਿੱਛੇ ਤਾਰ ਜਾਂ ਬਿਜਲੀ ਦਾ ਕੁਨੈਕਸ਼ਨ ਹੋਵੇ ਹੀ ਨਾ ਤਾਂ ਕੀ ਉਹ ਬਲਬ ਰੌਸ਼ਨੀ ਦੇਵੇਗਾ ? ਮੈਂ ਕਿਹਾ ਜੀ ਉਹ ਰੋਸ਼ਨੀ ਕਿਵੇਂ ਦੇ ਸਕਦਾ ਹੈ ਜਦ ਬਿਜਲੀ ਦਾ ਕੁਨੈਕਸ਼ਨ ਹੀ ਨਹੀਂ। ਬਸ ਇਹੀ ਗੱਲ ਹੈ, ਚੋਰੀ ਕੀਤੀ ਸਾਡੀ ਕੋਈ ਚੀਜ਼ ਜਾਂ ਫਲ ਬੂਟੇ ਆਦਿ ਕਦੀ ਪ੍ਰਫੁੱਲਤ ਨਹੀਂ ਹੁੰਦੇ, ਕਿਉਕਿ ਉਨ੍ਹਾਂ ਪਿਛੇ ਅਸ਼ੀਰਵਾਦ ਨਹੀਂ ਹੁੰਦਾ।

ਸਤਿਗੁਰਾਂ ਦੇ ਇਸ ਕਥਨ ਦੀ ਪੁਸ਼ਟੀ, ਇਸ ਕਿਤਾਬ ਦੇ ਬਾਗਬਾਨੀ ਦੇ ਚੈਪਟਰ 'ਚੋਂ ਮਿਲਦੀ ਹੈ। ਖੇਤੀਬਾੜੀ ਮਹਿਕਮੇ ਦੇ ਅਰਜ਼ ਕਰਨ 'ਤੇ ਸਤਿਗੁਰਾਂ ਨੇ ਸੰਤ ਅਵਤਾਰ ਸਿੰਘ ਦੇ ਬਾਗ 'ਚੋਂ ਦੋ ਕਨਾਲ ਲੱਗਾ ਲਗਾਇਆ ਬਾਗ ਮਹਿਕਮੇ ਦੇ ਤਜ਼ਰਬਿਆਂ ਲਈ ਦੇ ਦਿੱਤਾ। ਜਦ ਫਲ ਲੱਗਣ ਦਾ ਵਕਤ ਆਇਆ ਤਾਂ ਜਿੱਥੇ ਕਿ ਬਾਕੀ ਦਾ ਬਾਗ ਤਾਂ ਫਲ ਨਾਲ ਲੱਦਿਆ ਗਿਆ, ਇਨ੍ਹਾਂ ਦੋ ਕਨਾਲਾਂ ਵਿਚ ਕੋਈ ਫਲ ਹੀ ਨਾ ਲੱਗਾ। ਕਿਸੇ ਕੰਮ ਵਿਚ ਵੀ ਆਪਣੇ ਬਜ਼ੁਰਗਾਂ, ਉਸਤਾਦਾਂ ਜਾਂ ਗੁਰੂ ਦੀ ਆਸ਼ੀਰਵਾਦ ਅਕਸੀਰ ਦਾ ਕੰਮ ਕਰਦੀ ਹੈ। ਜੇ ਆਪਹੁਦਰੇ ਮੁਕਾਬਲੇ ਕਰਨ ਲੱਗੇ ਜਾਈਏ ਤਾਂ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਬਾਗਬਾਨੀ ਵਿਚ ਸਤਿਗੁਰਾਂ ਦੀ ਜਾਣਕਾਰੀ ਅਤੇ ਰੁਚੀ ਬੇਮਿਸਾਲ ਹੈ । ਜਿੱਥੇ ਵੀ ਕੋਈ ਚੰਗਾ ਫਲ ਜਾਂ ਪੌਦਾ ਵੇਖਿਆ, ਉਹ ਆਪਣੇ ਬਾਗ ਵਿਚ ਕਾਮਯਾਬ ਕੀਤਾ। ਆਪਣੇ ਸਿੱਖਾਂ ਦੇ ਬਾਗ ਲਗਵਾਏ, ਆਬੋ ਹਵਾ ਦੇ ਮੁਤਾਬਕ ਬਾਹਰੋਂ ਨਵੀਆਂ ਨਵੀਆਂ ਕਿਸਮਾਂ ਦੇ ਫਲ ਅਤੇ ਪੌਦੇ ਮੰਗਵਾ ਕੇ ਦੱਖਣੀ ਭਾਰਤ ਅਤੇ ਪਹਾੜੀ ਇਲਾਕਿਆਂ ਵਿੱਚ ਵੀ ਲਗਵਾਏ। ਸਤਿਗੁਰਾਂ ਦੀ ਬਾਗਾਂ ਦੀ ਵਾਰਤਾ ਇਹ ਦਰਸਾਉਂਦੀ ਹੈ ਕਿ ਕੋਈ ਵੀ ਪੌਦਾ ਸਿਰਫ ਤਕਨੀਕ ਹੀ ਨਹੀਂ ਮੰਗਦਾ, ਉਸ ਦੀ ਕਾਮਯਾਬੀ ਅਤੇ ਪ੍ਰਫੁੱਲਤਾ ਲਈ ਲਗਾਉਣ ਅਤੇ ਲਗਵਾਉਣ ਵਾਲੇ ਦੇ ਹੱਥ ਅਤੇ ਨੀਅਤ ਵੀ ਮਾਇਨੇ ਰੱਖਦੀ ਹੈ।

ਪਸ਼ੂ ਪਾਲਣ ਵਿਚ ਵੀ ਸਤਿਗੁਰਾਂ ਦਾ ਵੱਡਮੁਲਾ ਯੋਗਦਾਨ ਹੈ। ਬੁਚੜਖਾਨੇ ਨੂੰ ਜਾਂਦੀਆਂ ਗਊਆਂ ਨੂੰ ਛੁਡਵਾਕੇ, ਉਨ੍ਹਾਂ ਦੀ ਸੇਵਾ ਕਰਕੇ ਪਹਿਲੇ ਨੰਬਰ ਦੀਆਂ ਦੁਧਾਰੂ ਗਊਆਂ ਬਣਾ ਦੇਣਾ, ਸਿਰਫ ਸਤਿਗੁਰੂ ਹੀ ਕਰ ਸਕਦੇ ਹਨ।

ਬਾਗਬਾਨੀ ਅਤੇ ਪਸ਼ੂ ਪਾਲਣ ਤੋਂ ਇਲਾਵਾ ਇਸਤਰੀ ਜਾਤੀ 'ਤੇ ਜੋ ਉਪਕਾਰ ਕੀਤੇ ਹਨ ਅਤੇ ਇਸ ਬਾਰੇ ਜੋ ਆਪਣੇ ਸਿੱਖਾਂ ਨੂੰ ਸੇਧਾਂ ਦਿੱਤੀਆਂ ਹਨ ਬੇਮਿਸਾਲ ਹਨ। ਕੁੜੀਆਂ ਦੀ ਪੜ੍ਹਾਈ, ਭਰੂਣ ਹੱਤਿਆ ਨੂੰ ਪਾਪ ਕਰਾਰ ਦੇਣਾ, ਸਾਦੇ ਵਿਆਹ-ਸ਼ਾਦੀ, ਸੰਸਕ੍ਰਿਤੀ ਦੇ ਦਾਇਰੇ ਵਿਚ ਜ਼ਿੰਦਗੀ ਬਸਰ ਕਰਨਾ, ਦਾਜ ਪ੍ਰਥਾ ਦਾ ਖਾਤਮਾ, ਇਸਤਰੀਆਂ ਦੀ ਬਰਾਬਰਤਾ ਆਦਿ ਵੱਲ ਜੋ ਯੋਗਦਾਨ ਪਾਇਆ ਹੈ, ਉਹ ਵੱਡਮੁੱਲਾ ਹੈ।

ਇਸ ਕਿਤਾਬ ਵਿਚ ਲੇਖਿਕਾ ਨੇ ਕ੍ਰੀਬ 225 ਇਸਤਰੀਆਂ ਬਾਰੇ ਵੇਰਵਾ ਦਿੱਤਾ, ਜਿਨ੍ਹਾਂ ਨੇ ਸਤਿਗੁਰਾਂ ਦੇ ਆਸ਼ੀਰਵਾਦ ਨਾਲ ਵੱਖ ਵੱਖ ਖੇਤਰਾਂ ਵਿਚ ਉੱਚੀਆਂ ਪਦਵੀਆਂਅਤੇ ਪ੍ਰਾਪਤੀਆਂ ਹਾਸਲ ਕੀਤੀਆਂ ਹਨ।

ਇਸ ਤੋਂ ਇਲਾਵਾ ਸਤਿਗੁਰਾਂ ਦੇ ਗੁਰਬਾਣੀ ਦੀਆਂ ਤੁਕਾਂ ਦੁਆਰਾ ਜੀਵ ਦਇਆ ਬਾਰੇ ਸਾਰਥਿਕ ਉਪਦੇਸ਼, ਸ਼ਾਕਾਹਾਰੀ ਜੀਵਨ, ਨਸ਼ਾਬੰਦੀ, ਲੰਗਰ ਪ੍ਰਥਾ ਆਦਿ ਦੇ ਵਿਸ਼ਿਆਂ 'ਤੇ ਪ੍ਰਵਚਨ, ਸਿੱਖਿਆ ਅਤੇ ਰਾਹ-ਨੁਮਾਈ

ਇਸ ਕਿਤਾਬ ਵਿਚ ਕਾਫੀ ਵਿਸਥਾਰ ਨਾਲ ਬਿਆਨੀਆਂ ਗਈਆਂ ਹਨ।

ਜਾਪਦਾ ਹੈ, ਇਸ ਕਿਤਾਬ ਦੀ ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ ਦੀ ਇਸ ਸਖਤ ਮਿਹਨਤ ਵਿਚ ਸਤਿਗੁਰ ਨਾਲ ਨਾਲ ਹੀ ਰਹੇ ਹਨ ਅਤੇ ਇਸ ਕਲਮ ਦੇ ਪਿਛੇ ਉਨ੍ਹਾਂ ਦਾ ਹੀ ਹੱਥ ਸੀ। ਲੇਖਿਕਾ ਦੀ ਹਾਲਤ ਤਾਂ "ਤੂ ਤੂ ਕਰਤਾ ਤੂ ਭਇਆ" ਵਾਲੀ ਹੈ। ਇਸ ਨੇ ਤਾਂ ਆਪਾ ਸਤਿਗੁਰਾਂ ਦੀ ਸਿਫਤ ਸਲਾਹ ਨੂੰ ਹੀ ਅਰਪਣ ਕਰ ਦਿੱਤਾ ਲੱਗਦਾ ਹੈ।

"ਸਾਚ ਕਹੂੰ ਸੁਨ ਲਿਓ ਸਭੇ, ਜਿਨ ਪ੍ਰੇਮ ਕੀਆ ਤਿਨ ਹੀ ਪ੍ਰਭ ਪਾਇਆ।"
ਇਸ ਵਾਕ ਅਨੁਸਾਰ ਦਿੱਖ ਅਦਿੱਖ ਗੁਰੂ ਹਮੇਸ਼ਾਂ ਆਪਣੇ ਭਗਤਾਂ ਦੇ ਨਾਲ ਹੁੰਦਾ ਹੈ।

ਮੈਨੂੰ ਇਸ ਸੰਧਰਵ ਵਿਚ ਇਕ ਸਖਤ ਬੀਮਾਰ ਪਏ ਬੋਧੀ ਭਿਖਸ਼ੂ ਦੀ ਮਿਸਾਲ ਯਾਦ ਆਈ। ਜਦ ਉਹ ਆਖਰੀ ਸਾਹਾਂ ਤੇ ਆਇਆ ਤਾਂ ਉਸਦੇ ਸਾਥੀ ਨੇ ਪੁੱਛਿਆਂ ਕਿ ਮੈਂ ਮਾਸਟਰ (ਗੁਰੂ) ਨੂੰ ਬੁਲਾਵਾਂ ? ਬੀਮਾਰ ਬੋਧੀ ਨੇ ਜਵਾਬ ਦਿੱਤਾ, 'ਮਾਸਟਰ ਤਾਂ ਮੇਰਾ ਹੱਥ ਫੜਕੇ ਮੇਰੇ ਕੋਲ ਬੈਠਾ ਹੈ।' ਉਸ ਵਕਤ ਮਾਸਟਰ ਜਿਸਮਾਨੀ ਤੌਰ 'ਤੇ ਬਾਹਰ ਪਾਰਕ ਵਿਜ ਸੈਰ ਕਰ ਰਿਹਾ ਸੀ।

ਅਰਦਾਸ ਕਰਕੇ, ਆਸ਼ੀਰਵਾਦ ਲੈਕੇ ਚੁਕੀ ਹੋਈ ਕਲਮ ਲੇਖਕ ਨਾਲ ਕਦੀ ਬੇਵਫਾਈ ਨਹੀਂ ਕਰਦੀ ਕਿਉਂਕਿ ਗੁਰੂ ਨਾਲ ਹੁੰਦਾ ਹੈ । ਇਹ ਕਿਤਾਬ ਨਾਮਧਾਰੀ ਸਾਹਿਤ ਵਿਚ ਵੱਡਮੁਲਾ ਯੋਗਦਾਨ ਹੈ। ਇਸ ਕਿਰਤ 'ਤੇ ਮੈਂ ਸੂਬਾ ਸੁਰਿੰਦਰ ਕੌਰ ਨੂੰ ਹਰਦਿਕ ਵਧਾਈ ਦਿੰਦਾ ਹਾਂ।

ਮਿਤੀ :- 1.9.2011

(ਡਾ.) ਸਰਦਾਰਾ ਸਿੰਘ ਜੌਹਲ
ਲੁਧਿਆਣਾ

# ਡਾ. ਸਰਦਾਰਾ ਸਿੰਘ ਜੌਹਲ ਬਾਰੇ ਸੰਖੇਪ ਜਾਣਕਾਰੀ

ਡਾ.ਐਸ.ਐਸ. ਜੌਹਲ ਨੇ ਐਗਰੀਕਲਚਰ ਵਿਚ ਬੀ.ਐਸ.ਸੀ., ਐਗਰੀਕਲਚਰ ਤੇ ਅਰਥਸ਼ਾਸ਼ਤਰ ਵਿਚ ਐਮ. ਐਸ. ਸੀ. , ਅਰਥਸ਼ਾਸ਼ਤਰ ਵਿਚ ਐਮ.ਏ. ਅਤੇ ਪੀ.ਐਚ.ਡੀ ਕੀਤੀ ਹੋਈ ਹੈ।

ਇਹ ਪੰਜਾਬ ਯੂਨੀਵਰਸਿਟੀ ਪਟਿਆਲਾ ਦੇ (ਸੰਨ 1983-86 ਤੀਕ), ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ (ਸੰਨ 1986 ) ਅਤੇ ਅਮਨਦੀਪ ਮੈਮੋਰੀਅਲ ਕਾਲਜ ਮੁਕੰਦਪੁਰ ਦੇ (ਸੰਨ 1994-2007 ਤੀਕ), ਵਾਇਸ ਚਾਂਸਲਰ ਰਹਿ ਚੁੱਕੇ ਹਨ।

ਇਹ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ (ਸੰਨ 1990-96 ਤੀਕ ) ਪ੍ਰਧਾਨ ਰਹੇ। ਇਨ੍ਹਾਂ ਦੀਆਂ 7 ਕਿਤਾਬਾਂ ਅਤੇ ਕ੍ਰੀਬ 300 ਖੋਜ ਪੱਤਰ ਛਪ ਚੁੱਕੇ ਹਨ। ਅਖਬਾਰਾਂ ਰਿਸਾਲਿਆਂ 'ਚ ਕ੍ਰੀਬ 200 ਅੰਗਰੇਜ਼ੀ ਤੇ ਪੰਜਾਬੀ ਦੇ ਲੇਖ ਛਪ ਚੁੱਕੇ ਹਨ।

ਡਾ. ਜੌਹਲ ਬਹੁਤ ਸਾਰੀਆਂ ਨੈਸ਼ਨਲ ਅਤੇ ਇੰਟਰ ਨੈਸ਼ਨਲ ਸੰਸਥਾਵਾਂ ਦੇ ਪ੍ਰਧਾਨ, ਟਰੱਸਟੀ, ਲਾਇਫ ਪੈਟਨਰ, ਚੇਅਰਮੈਨ, ਵਾਇਸ ਚੈਅਰਮੈਨ ਅਤੇ ਮੈਂਬਰ ਹਨ। ਇਨ੍ਹਾਂ ਦਾ ਸੰਖੇਪ ਵਿਚ ਵੇਰਵਾ ਇਸ ਪ੍ਰਕਾਰ ਹੈ-

ਪ੍ਰਧਾਨ-ਇੰਡੀਅਨ ਸੋਸਾਇਟੀ ਆਫ ਐਗਰੀਕਲਚਰ ਇਕਨੌਮਿਕਸ ਮੁੰਬਈ ਦੇ (ਸੰਨ 2003 ਤੋਂ )

ਟਰੱਸਟੀ-ਫਾਰਮਰਜ਼ ਵੈਲਫੇਅਰ ਟਰੱਸਟ ਪੰਜਾਬ ਨੈਸ਼ਨਲ ਬੈਂਕ ਦੇ (ਸੰਨ 2004 ਤੋਂ)

ਲਾਈਫ ਪੈਟਨਰ -ਗੁਰੂ ਗੋਬਿੰਦ ਸਿੰਘ ਚੈਰੀਟੇਬਲ ਟਰੱਸਟ ਦੇ (ਸੰਨ 1974 ਤੋਂ)

ਫਾਉਂਡਰ -ਸਿੱਖ ਐਜੂਕੇਸ਼ਨ ਕੌਂਸਲ ਦੇ (ਸੰਨ 2004 ਤੋਂ)

ਮੈਂਬਰ - ਸਿੰਡੀਕੇਟ ਪੰਜਾਬ ਯੂਨੀਵਰਸਿਟੀ ਪਟਿਆਲਾ ਦੇ (ਸੰਨ 2006-7 ਤੋਂ)

ਗਵਰਨਰਸ ਨੋਮੀਨੀ - ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਪੰਜਾਬ ਦੇ ਬੋਰਡ ਆਫ ਮੈਂਨੇਜਮੈਂਟ ਦੇ।

ਸੈਨੇਟਰ ਫਾਰ ਲਾਇਫ (senator for life)-ਪੰਜਾਬ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ।

ਮੈਂਬਰ-ਹਿਮਾਚਲ ਪ੍ਰਦੇਸ਼ ਐਗਰੀਕਲਚਰ ਯੂਨੀਵਰਸਿਟੀ ਪਾਲਮਪੁਰ ਦੇ ਬੋਰਡ ਆਫ ਮੈਨੇਜਮੈਂਟ ਦੇ।

ਵਾਇਸ ਚੈਅਰਮੈਨ- ਪੰਜਾਬ ਸਟੇਟ ਪਲੈਨਿੰਗ ਬੋਰਡ ਦੇ ਰਹੇ ਹਨ (ਸੰਨ 2002-2007)

ਚੇਅਰਮੈਨ-ਪੰਜਾਬ ਦੇ ਮੁਖ ਮੰਤਰੀਆਂ ਦੀ ਐਡਵਾਇਸਰੀ ਕਮੇਟੀ ਆਨ ਐਗਰੀਕਲਚਰ ਪਾਲਿਸੀ ਰਹੇ ਹਨ। (ਸੰਨ 2002-2007)

ਮੈਂਬਰ-ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਬੋਰਡ ਆਫ ਮੈਨੇਂਜਮੈਂਟ ਦੇ ਰਹੇ। (ਸੰਨ 1998-2008)

ਡੀਨ ਫੈਕਲਿਟੀ-ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਐਗਰੀਕਲਚਰ ਐਂਡ ਫੌਰੈਸਟਰੀ ਦੇ ਰਹੇ ਹਨ।

(ਸੰਨ 2004-2007)

ਆਈ.ਸੀ.ਏ.ਆਰ - ਨੈਸ਼ਨਲ ਪ੍ਰੋਫੈਸਰ ਆਫ ਐਮੀਨੈਂਸ ਐਡ ਇਕਨਾਮਿਕਸ, (ਸੰਨ 1986-93)

ਚੈਅਰਮੈਨ - ਕਮਿਸ਼ਨ ਫਾਰ ਐਗਰੀਕਲਚਰ,ਕੌਸਟਸ ਐਡ ਪਰਾਈਸਿਸ, ਗੌਰਮਿੰਟ ਆਫ ਇੰਡੀਆ

(ਸੰਨ 1987-92)

ਮੈਂਬਰ - ਦੇਸ਼ ਦੇ ਪ੍ਰਧਾਨ ਮੰਤਰੀ ਦੀ ਇਕਨੌਮਿਕ ਐਡਵਾਇਸਰੀ ਕੌਂਸਲ ਦੇ ।(ਸੰਨ 1987-93)

ਡਾਇਰੈਕਟਰ- ਸੈਂਟਰਲ ਗਵਰਨਿੰਗ ਬੋਰਡ ਰਿਜ਼ਰਵ ਬੈਂਕ ਆਡ ਇੰਡੀਆ ਅਤੇ ਬੋਰਡ ਆਫ ਫਾਇਨੈਂਸੀਅਲ ਸੁਪਰਵੀਜ਼ਨ ਰਿਜ਼ਰਵ ਬੈਂਕ ਆਫ ਇੰਡੀਆ ਦੇ ।(ਸੰਨ 1993-2000)

ਮੈਂਬਰ- ਬੋਰਡ ਆਫ ਮੈਨੇਜਮੈਂਟ, ਐਗਰੀਕਲਚਰ ਯੂਨੀਵਰਸਿਟੀ ਪਾਲਮਪੁਰ ਹਿਮਾਚਲ ਪ੍ਰਦੇਸ਼ ਦੇ।

(ਸੰਨ 1993-2000)

ਡਾਇਰੈਟਰ ਆਫ ਰੀਸਰਚ -ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ।

(ਸੰਨ 1979-1983)

ਡਾਇਰੈਕਟਰ ਆਫ ਰਿਸਰਚ-ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਖੇ ਰਹੇ ਅਤੇ ਇਥੇ ਹੀ ਸੀਨੀਅਰ ਪ੍ਰੋਫੈਸਰ ਆਫ ਇਕਨਾਮਿਕਸ ਅਤੇ ਸੋਸ਼ੀਓਲੋਜੀ ਵਿਭਾਗ ਦੇ ਹੈਡ ਰਹੇ ਹਨ।

ਮੈਂਬਰ-ਸਟੇਟ ਪਲੈਨਿੰਗ ਬੋਰਡ ਪੰਜਾਬ (ਸੰਨ 1980-2001)

ਮੈਂਬਰ- ਸਟੇਟ ਪਲੈਨਿੰਗ ਬੋਰਡ ਹਿਮਾਚਲ ਪ੍ਰਦੇਸ਼ ਦੇ ।(ਸੰਨ 2201-2002)

ਵਿਸਿਟਿੰਗ ਪ੍ਰੋਫੈਸਰ -ਓਹੀਓ (Ohio) ਸਟੇਟ ਯੂਨੀਵਰਸਿਟੀ ਯੂ.ਐਸ.ਏ. (ਸੰਨ 1970-72)

ਪ੍ਰੋਜੈਕਟ ਮੈਨੇਜਰ-ਯੂਨਾਇਟਿਡ ਨੇਸ਼ਨਸ ਫੂਡ ਐਂਡ ਐਗਰੀਕਲਚਰ ਔਰਗੇਨਾਈਜ਼ਰ ਈਰਾਨ ਰਹੇ।

(ਸੰਨ 1974-79)

ਕੰਨਸਲਟੈਂਟ-ਇਕਨਾਮਿਕ ਕਮਿਸ਼ਨ ਫਾਰ ਵੈਸਟਰਨ ਏਸ਼ੀਆ

ਕੰਨਸਲਟੈਂਟ - ਵਰਲਡ ਬੈਂਕ ਐਂਡ FAO ਰਹੇ ।

ਚੇਅਰਮੈਨ- ਰਿਸਰਚ ਕੌਂਸਲ ਅਤੇ ਨੈਸ਼ਨਲ ਸੈਂਟਰ ਫਾਰ ਐਗਰੀਕਲਚਰ ਇਕਨਾਮਿਕਸ ਐਂਡ ਪਾਲਿਸੀ ਰਿਸਰਚ। (ਸੰਨ 1998-2002)

ਮੈਂਬਰ- ਰਿਸਰਚ ਕੌਂਸਲ ਇਨਸਟੀਟਿਯੂਟ ਆਫ ਹਿਮਾਲਿਅਨ ਬਾਇਓ ਰਿਸੋਰਸ ਟੈਕਨਾਲੋਜੀ ਆਫ ਸੀ.ਐਸ. ਆਈ.ਆਰ (ਸੰਨ 1995-1999)

ਮੈਂਬਰ- ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀਆਂ ਦੀ ਐਡਵਾਇਸਰੀ ਕਮੇਟੀ ਦੇ।

ਡਾ. ਜੌਹਲ ਦੀਆਂ ਦੇਸ਼ਾਂ ਵਿਦੇਸ਼ਾਂ ਤੋਂ ਪ੍ਰਾਪਤੀਆਂ ਤੇ ਅਹੁਦਿਆਂ ਦੀ ਲਿਸਟ ਏਡੀ ਲੰਮੀ ਹੈ ਕਿ ਕਈ ਪੰਨੇ ਭਰ ਜਾਣਗੇ। ਇਨ੍ਹਾਂ ਨੂੰ ਪਦਮ ਭੂਸ਼ਨ ਐਵਾਰਡ, ਭਾਰਤ ਦੇ ਰਾਸ਼ਟਰਪਤੀ ਤੋਂ ਸੰਨ 2004 ਵਿਚ ਮਿਲਿਆ। ਇਹ ਕ੍ਰੀਬ ਤਿੰਨ ਦਰਜਨ ਦੇਸ਼ਾਂ ਦੀ ਯਾਤਰਾ ਕਰ ਚੁੱਕੇ ਹਨ।

-ਸੂਬਾ ਸੁਰਿੰਦਰ ਕੌਰ ਖਰਲ

## ਰੇਖਾ- ਚਿੱਤਰ

ਜੀਵਨੀਆਂ ਤੇ ਕਵਿਤਾ ਲਿਖਦੀ ਲਿਖੇ ਕਹਾਣੀ ਸੂਬਾ ਖਰਲ
ਨਾਮਧਾਰੀਆ ਵੰਸ਼ ਦੀ ਬੇਟੀ ਬੜੀ ਸਿਆਣੀ ਸੂਬਾ ਖਰਲ
ਸੱਚੇ ਸਤਿਗੁਰੂ ਨਾਲ ਪ੍ਰੀਤਾਂ ਉਨ੍ਹਾਂ ਦੇ ਗੁਣ ਗਾਉਂਦੀ ਹੈ
ਪ੍ਰੀਤਮ ਵਿਚੋਂ ਹੋਂਦ ਰੱਬ ਦੀ ਜਾਂਦੀ ਮਾਣੀ ਸੂਬਾ ਖਰਲ
ਤਵਾਰੀਖ ਦੀ ਐਮ. ਏ. ਕਰ ਕੇ ਖੋਜ ਦਾ ਕੰਮ ਵੀ ਕੀਤਾ ਹੈ
ਕਰਦੀ ਜਾਵੇ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਸੂਬਾ ਖਰਲ
ਸਫਰਨਾਮਿਆਂ 'ਤੇ ਵੀ ਉਸ ਨੇ ਆਪਣੀ ਕਲਮ ਅਜ਼ਮਾਈ
ਖ਼ੂਬ ਜਾਣਦੀ ਅੱਖਰਾਂ ਰਾਹੀਂ ਸੈਰ ਕਰਾਣੀ ਸੂਬਾ ਖਰਲ
ਸਾਦ-ਮੁਰਾਦੀ, ਚਿੱਟੇ ਕਪੜੇ, ਗੋਰਾ ਰੰਗ, ਮਾਸੂਮ ਜਿਹੀ
ਸਤਿਗੁਰੂ ਜਗਜੀਤ ਸਿੰਘ ਦੀ ਹੈ ਧੀ ਰਾਣੀ ਸੂਬਾ ਖਰਲ
ਫੁੱਲਾਂ ਵਰਗੇ ਸ਼ਬਦ ਉਗਾਵੇ ਕਾਗਜ਼ ਦੀ ਫੁਲਵਾੜੀ 'ਤੇ
ਅੱਖਰਾਂ ਵਿਚੋਂ ਜਾਣੇ ਕਿੱਦਾਂ ਮਹਿਕ ਖਿੰਡਾਣੀ ਸੂਬਾ ਖਰਲ
ਕਈ ਸਨਮਾਨ ਮਿਲੇ ਨੇ ਉਸ ਨੂੰ ਕਈ ਕਿਤਾਬਾਂ ਲਿਖੀਆਂ
ਸਮਕਾਲੀ ਸਭ ਲੇਖਿਕਾਵਾਂ 'ਚੋਂ ਮਹਾਰਾਣੀ ਸੂਬਾ ਖਰਲ
ਰੂਹਾਨੀ ਸ਼ਖਸੀਅਤ ਉਸ ਦੀ ਨੈਣਾਂ ਦੇ ਵਿਚ ਨੂਰ ਜਿਹਾ
ਸੈਆਂ ਵਿਚ ਵੀ ਦੂਰੋਂ ਜਾਂਦੀ ਝੱਟ ਪਛਾਣੀ ਸੂਬਾ ਖਰਲ
'ਹਸਨਪੁਰੀ' ਜਾਂ ਤਾਂ ਸਾਹਿਤ ਦੇ ਲੇਖੇ ਇਕ-ਇਕ ਸਾਹ ਲੱਗੇ
ਜਾਂ ਚਾਹੇ ਸਤਿਗੁਰੂ ਦੇ ਲੇਖੇ ਇਹ ਜਿੰਦ ਲਾਣੀ ਸੂਬਾ ਖਰਲ

ਪੁਸਤਕ ' ਮੋਤੀ ਪੰਜ ਦਰਿਆਵਾਂ ਦੇ ' ਵਿਚੋਂ, ਲੇਖਕ ਸ. ਇੰਦਰਜੀਤ ਹਸਨਪੁਰੀ
( ਪੇਂਟਰ, ਫਿਲਮ ਨਿਰਮਾਤਾ, ਨਿਰਦੇਸ਼ਕ, ਲੇਖਕ ਅਤੇ ਗੀਤਕਾਰ)

## ਸ਼ੁਕਰਗੁਜ਼ਾਰੀ ! ਧੰਨਵਾਦ !

ਮੈਂ ਆਪਣੀ ਪੁਸਤਕ ਪ੍ਰਕਾਸ਼ ਪੁੰਜ (ਭਾਗ ਦੂਜਾ) ਪ੍ਰਕਾਸ਼ਿਤ ਹੋ ਕੇ, ਪਾਠਕਾਂ ਸਾਹਵੇਂ ਆਉਣ 'ਤੇ ਅਤਿਅੰਤ ਪ੍ਰਸੰਨ ਹਾਂ। ਮੈਂ ਪਰਮਪੂਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਤੇ ਨਮਸਕਾਰ ਕਰਦਿਆਂ ਇਸ ਕਿਰਪਾ, ਇਸ ਬਖਸ਼ਿਸ਼ ਪ੍ਰਤੀ ਆਪਣੀ ਸ਼ੁਕਰਗੁਜਾਰੀ ਵਿਅਕਤ ਕਰਦੀ ਹਾਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੂਰਜ ਸਮਾਨ ਪ੍ਰਕਾਸ਼ ਦਾ ਉਹ ਪੁੰਜ ਹਨ, ਯਾਨੀ ਚਾਨਣ ਦਾ ਉਹ ਸਮੂਹ ਹਨ ਜਿਨ੍ਹਾਂ ਦੀਆਂ ਕਿਰਨਾਂ ਹਰ ਪ੍ਰਾਣੀ ਮਾਤਰ ਦੇ ਭਲੇ ਲਈ ਪ੍ਰਕਾਸ਼ਮਾਨ ਹੁੰਦੀਆਂ ਹਨ। ਸਮਾਜ ਦੇ ਹਰ ਖੇਤਰ ਵਿਚ ਸ੍ਰੀ ਸਤਿਗੁਰੂ ਜੀ ਨੇ ਪ੍ਰਾਣੀ ਮਾਤਰ ਦੇ ਭਲੇ ਲਈ ਇਤਨੇ ਕਾਰਜ ਕੀਤੇ ਹਨ ਕਿ ਜਿਹੜੇ ਲਿਖਣੇ ਅਤੇ ਬਿਆਨ ਕਰਨੇ ਅਸਭੰਵ ਹਨ।

ਲਿਖਣਾ ਤਲਵਾਰ ਦੀ ਧਾਰ ਤੇ ਨੱਚਣ ਵਰਗਾ ਕੰਮ ਹੈ। ਲਿਖਣਾ ਇਕ ਸਾਧਨਾ ਹੈ, ਇਕ ਤੱਪਸਿਆ ਹੈ। ਫਿਰ ਇਸਤਰੀ ਹੋ ਕੇ ਲਿਖਣਾ ਸ਼ਾਇਦ ਹੋਰ ਵੀ ਔਖਾ ਹੁੰਦੈ। ਪਰ ਲਿਖਣ ਦਾ ਇਹ ਕੰਮ ਸ੍ਰੀ ਸਤਿਗੁਰੂ ਜੀ ਆਪਣੀ ਬਖਸ਼ਿਸ਼ ਦੁਆਰਾ ਕਿਸੇ ਤੋਂ ਵੀ ਕਰਵਾ ਸਕਦੇ ਹਨ। ਇਹ ਮੇਰੀ ਖੁਸ਼ਕਿਸਮਤੀ ਅਤੇ ਸੁਭਾਗ ਹੈ ਕਿ ਸ੍ਰੀ ਸਤਿਗੁਰੂ ਜੀ ਨੇ ਮੇਰੇ ਕੋਲੋਂ ਇਹ ਕਾਰਜ ਕਰਵਾਇਆ। ਸ਼ਾਇਦ ਮੇਰੀ ਪਿਛਲੇ ਜਨਮ ਦੀ ਇੱਛਾ ਨੂੰ ਪੂਰਾ ਕਰ ਮੇਰੇ 'ਤੇ ਉਪਕਾਰ ਕੀਤਾ ਹੈ।

ਲਿਖਣਾ ਤਾਂ ਕਿਸੇ ਆਮ ਵਿਅਕਤੀ ਬਾਰੇ ਵੀ ਬਹੁਤ ਔਖਾ ਹੁੰਦੈ ਪਰ ਈਸ਼ਵਰ ਦੇ ਸਾਕਾਰ ਰੂਪ, ਅਕਾਲ ਪੁਰਖ ਸ੍ਰੀ ਸਤਿਗੁਰੂ ਜੀ ਬਾਰੇ ਲਿਖਣਾ ਹੋਰ ਵੀ ਔਖਾ ਹੁੰਦੈ। ਇਕ ਬਹੁਤ ਵੱਡੀ ਜਿੰਮੇਵਾਰੀ ਹੁੰਦੀ ਹੈ। ਆਉਣ ਵਾਲੀਆਂ ਪੀੜ੍ਹੀਆਂ ਇਸ ਪੁਸਤਕ ਤੋਂ ਸ੍ਰੀ ਸਤਿਗੁਰੂ ਜੀ ਬਾਰੇ ਜਾਣਕਾਰੀ ਤੇ ਗਿਆਨ ਪ੍ਰਾਪਤ ਕਰਨਗੀਆਂ। ਸੋ ਮੈਂ ਆਪਣੇ ਵਲੋਂ ਹਰ ਸੰਭਵ ਕੋਸ਼ਿਸ਼ ਕੀਤੀ ਹੈ ਕਿ ਕਿਤੇ ਕੋਈ ਗਲਤੀ ਜਾਂ ਘਾਟ ਨਾ ਰਹਿ ਜਾਵੇ।

ਪ੍ਰਕਾਸ਼ ਪੁੰਜ ਭਾਗ ਪਹਿਲਾ ਵਾਂਗ ਹੀ ਇਸ ਪੁਸਤਕ ਭਾਗ ਦੂਜਾ ਦੇ ਸਾਰੇ ਅਧਿਆਏ (ਚੈਪਟਰ) ਮੈਂ ਸ੍ਰੀ ਸਤਿਗੁਰੂ ਜੀ ਨੂੰ ਪੜ੍ਹ ਕੇ ਸੁਣਾਏ ਹਨ ਤੇ ਕਈ ਅਧਿਆਏ ਸ੍ਰੀ ਸਤਿਗੁਰੂ ਜੀ ਨੇ ਖੁਦ ਆਪਣੀ ਰਸਨਾ ਦੁਆਰਾ ਪੜ੍ਹੇ ਹੋਏ ਹਨ। ਸਮੇਂ ਸਮੇਂ ਤੇ ਲਿਖਣ ਦੀ ਜਾਚ ਵੀ ਹਜ਼ੂਰ ਕਿਰਪਾ ਕਰਕੇ ਦੱਸਦੇ ਰਹੇ ਹਨ। ਇਹ ਸਾਰੇ ਅਧਿਆਏ ਮੈਂ ਸੰਨ 1991 ਤੋਂ ਲਿਖਣੇ ਸ਼ੁਰੂ ਕੀਤੇ। ਇਹ ਪੁਸਤਕ, ਮੇਰੀ ਕਈ ਸਾਲਾਂ ਦੀ ਮਿਹਨਤ ਦਾ ਨਤੀਜਾ ਹੈ।

ਖੁਸ਼ੀ ਦੀ ਗੱਲ ਹੈ ਕਿ ਪ੍ਰਕਾਸ਼-ਪੁੰਜ ਭਾਗ ਪਹਿਲਾ ਦਾ ਅੰਗ੍ਰੇਜ਼ੀ ਅਨੁਵਾਦ ਮੈਂ ਕਰਵਾ ਲਿਆ ਹੈ ਅਤੇ ਇਸ ਨੂੰ ਆਪਣੀ ਵੈਬ ਸਾਇਟ www.subasurinderkaur.com ਅਤੇ www.namdhariwomen.com 'ਤੇ ਪਾ ਦਿੱਤਾ ਹੈ।

ਇਸ ਪੁਸਤਕ ਮਗਰੋਂ ਪ੍ਰਕਾਸ਼ ਪੁੰਜ ਭਾਗ ਤੀਜਾ ਵੀ ਪ੍ਰਕਾਸ਼ਿਤ ਹੋਵੇਗੀ। ਇਸ ਵਿਚ ਸੰਗੀਤ, ਸਾਹਿਤ, ਵਿਦਿਅਕ ਸੰਮੇਲਨ ਤੇ ਹਜ਼ੂਰੀ ਸੇਵਕ ਆਦਿ ਚੈਪਟਰ ਹੋਣਗੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਭਿੰਨ ਭਿੰਨ ਖੇਤਰਾਂ ਵਿਚ ਕੀਤੇ ਕੰਮਾਂ ਦਾ ਨਿਚੋੜ ਅਰਥਾਤ ਸੰਖੇਪ ਰੂਪ 'ਚ ਮੈਟਰ ਵੀ ਮੇਰੇ ਕੋਲ ਲਗਭਗ ਤਿਆਰ ਹੈ। ਇਹ ਵੀ ਮੈਂ ਛੇਤੀ ਹੀ ਛਪਵਾ ਰਹੀ ਹਾਂ।

ਲਿਖਣ ਦਾ ਸਭ ਦਾ ਆਪੋ ਆਪਣਾ ਢੰਗ ਜਾਂ ਤਰੀਕਾ ਹੁੰਦਾ ਹੈ-

ਯੂੰ ਤੋਂ ਕੋਈ ਬਾਤ ਨਈ ਬਾਤ ਨਹੀਂ ਹੋਤੀ,
ਅੰਦਾਜ਼ੇ ਬਯਾਂ ਬਾਤ ਬਦਲ ਦੇਤਾ ਹੈ।

ਸਭ ਨੂੰ ਸਮਝ ਆਉਣ ਵਾਲੇ ਸ਼ਬਦਾਂ 'ਚ ਸਾਦਾ, ਸਰਲ ਅਤੇ ਤੱਥਾਂ 'ਤੇ ਆਧਾਰਿਤ ਲਿਖਣ ਦੀ ਮੈਂ ਆਪਣੇ

ਵਲੋਂ ਪੂਰੀ ਕੋਸ਼ਿਸ਼ ਕੀਤੀ ਹੈ। ਕੋਈ ਕੁਝ ਵੀ ਆਖਦਾ ਰਹੇ, ਮੈਂ ਆਪਣੇ ਰਸਤੇ 'ਤੇ ਪੂਰੀ ਤਨਦੇਹੀ ਨਾਲ ਮਿਹਨਤ ਕਰਦਿਆਂ ਚਲਣ ਦੀ ਕੋਸ਼ਿਸ਼ ਕੀਤੀ ਹੈ।

ਹਾਥੀ ਸੰਤ ਸੰਧੂਰਿਆ ਗਿਆਨ ਗਲੀਚਾ ਪਾਏ,
ਸੁਆਨ ਰੂਪ ਸੰਸਾਰ ਹੈ, ਭੌਂਕ ਭੌਂਕ ਮਰ ਜਾਏ।

ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕਰ ਮੈਨੂੰ ਅਨੇਕ ਵਰ ਦਿਤੇ ਹਨ। ਜੇ ਮੇਰੇ ਸਾਹਾਂ ਨੇ ਸਾਥ ਦਿੱਤਾ ਤਾਂ ਮੈਂ ਆਪਣੀ ਸਵੈ ਜੀਵਨੀ ਵਿਚ ਲਿਖਾਂਗੀ। ਵੈਸੇ ਮੈਂ ਰੋਜ਼ਾਨਾ ਡਾਇਰੀ ਵੀ ਸੰਨ 1966 ਤੋਂ ਲਿਖ ਰਹੀ ਹਾਂ। ਇਨ੍ਹਾਂ ਡਾਇਰੀਆਂ ਵਿਚਲੀਆਂ ਸ੍ਰੀ ਸਤਿਗੁਰੂ ਜੀ ਬਾਰੇ ਮੇਰੀਆਂ ਲਿਖਤਾਂ ਤੇ ਸ੍ਰੀ ਸਤਿਗੁਰੂ ਸ੍ਰੀ ਦੇ ਬਚਨ ਵੀ ਸਮੇਂ ਅਨੁਸਾਰ ਪ੍ਰਕਾਸ਼ਿਤ ਕੀਤੇ ਜਾਣਗੇ।

ਸਮੇਂ ਸਮੇਂ 'ਤੇ ਸ੍ਰੀ ਸਤਿਗੁਰੂ ਜੀ ਨੇ ਮੈਨੂੰ ਬਚਨ ਕੀਤੇ–

"ਬੀਬੀ, ਤੂੰ ਜੋ ਲਿਖੇਂਗੀ ਠੀਕ ਲਿਖੇਂਗੀ।"

"ਬੀਬੀ, ਸਾਬਣ 'ਚੋਂ ਸੂਈ ਲੰਘਾਉਣ ਵਾਲਾ ਕੰਮ ਕਰਦੀ ਹੈ।"

"ਬੀਬੀ, ਤੂੰ ਬਹੁਤ ਵਧੀਆ ਲਿਖਦੀ ਹੈਂ, ਤੇਰੀ ਕਵਿਤਾ ਮੇਰੇ ਅੰਦਰ ਨੂੰ ਲਹਿੰਦੀ ਜਾਂਦੀ ਹੈ।"

"ਬੀਬੀ, ਇੱਕਲੀ ਹੀ ਕਿੰਨੇ ਪੰਥਕ ਕੰਮ ਕਰਦੀ ਹੈ। ਇਹ ਸੁਰਿੰਦਰ ਕੌਰ ਨਹੀਂ, ਸੁਰਿੰਦਰ ਸਿੰਘ ਹੈ।"

ਬੰਗਲੌਰ ਵਿਖੇ ਸੰਨ 1993 ਵਿਚ ਜਦੋਂ ਵਾਰਸ਼ਿਕ ਵਿਦਿਅਕ ਸੰਮੇਲਨ ਵਿਚ ਸੰਗੀਤ ਬਾਰੇ ਲਿਖਿਆ ਮੈਂ ਆਪਣਾ ਖੋਜ ਪੱਤਰ ਪੜ੍ਹਿਆ ਤਾਂ ਸ੍ਰੀ ਸਤਿਗੁਰੂ ਜੀ ਨੇ ਉਚੇਚਿਆਂ ਮੈਨੂੰ ਸਟੇਜ ਲਾਗੇ ਆਪਣੇ ਕੋਲ ਬੁਲਾ ਕੇ ਹੁਕਮ ਕੀਤਾ, "ਬਹੁਤ ਵਧੀਆ ਲਿਖਿਆ ਹੈ।"

ਇੱਕ ਵਾਰ ਮੈਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ,

"ਸੱਚੇ ਪਾਤਸ਼ਾਹ ਜੀ, ਕਿਰਪਾ ਕਰੋ ਮੈਂ ਜ਼ਿਆਦਾ ਦਸਵੰਧ ਮੱਥਾ ਟੇਕ ਸਕਾਂ।"

"ਤੂੰ ਤਾਂ ਬੀਬੀ ਸਾਰਾ ਹੀ ਮੱਥਾ ਟੇਕਿਆ ਹੋਇਆ ਹੈ।" ਸ੍ਰੀ ਸਤਿਗੁਰੂ ਜੀ ਨੇ ਫਰਮਾਇਆ।

ਇਕ ਵਾਰ ਸ੍ਰੀ ਭੈਣੀ ਸਾਹਿਬ ਵਿਖੇ ਕੁਝ ਕੁੜੀਆਂ ਸ੍ਰੀ ਸਤਿਗੁਰੂ ਜੀ ਨੂੰ ਕਿਸੇ ਗੱਲ ਬਾਰੇ ਸਵਾਲ ਪੁੱਛ ਰਹੀਆਂ ਸਨ, ਮੈਂ ਵੀ ਉਸ ਵੇਲੇ ਉਥੇ ਹੀ ਬੈਠੀ ਸੀ। ਸ੍ਰੀ ਸਤਿਗੁਰੂ ਜੀ ਨੇ ਮੇਰੇ ਵੱਲ ਦ੍ਰਿਸ਼ਟੀ ਪਾਈ ਅਤੇ ਹੁਕਮ ਕੀਤਾ,

"ਬੀਬੀ, ਇਹ ਕੁੜੀਆਂ ਮੈਨੂੰ ਸਵਾਲ ਪੁੱਛ ਰਹੀਆਂ ਹਨ, ਇਨ੍ਹਾਂ ਨੂੰ ਤੂੰ ਜਵਾਬ ਦੇਣੇਂ ਹਨ। ਬੀਬੀਆਂ ਨੂੰ ਤੂੰ ਸਿੱਖੀਅਤ (educate) ਕਰਨਾ ਹੈ। ਤੂੰ 15 ਦਿਨਾਂ ਬਾਅਦ ਸ੍ਰੀ ਭੈਣੀ ਸਾਹਿਬ ਆ ਜਾਇਆ ਕਰ। " ਮੈਂ ਸਤਿ ਬਚਨ ਆਖਿਆ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਖਸ਼ੀਆਂ ਪ੍ਰਾਪਤ ਕੀਤੀਆਂ। ਇਸ ਤੋਂ ਥੋੜ੍ਹਾ ਸਮਾਂ ਬਾਅਦ ਹੀ ਸ੍ਰੀ ਸਤਿਗੁਰੂ ਜੀ ਨੇ ਮੈਨੂੰ ਸਰਬ ਹਿੰਦ ਨਾਮਧਾਰੀ ਇਸਤਰੀ ਵਿੱਦਿਅਕ ਜੱਥੇ ਦੀ ਪ੍ਰਧਾਨ ਬਣਾ ਦਿੱਤਾ।

ਇਕ ਵਾਰ ਮੈਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਕੀ ਮੈਂ ਆਪਣੇ ਨਾਮ ਨਾਲੋਂ ਖਰਲ ਸ਼ਬਦ ਹਟਾ ਦਿਆਂ। ਇਹ ਮੇਰੇ ਪੇਕਿਆਂ ਦਾ ਗੋਤ ਹੈ, ਜਿਸ ਨੂੰ ਮੈਂ ਆਪਣਾ ਤਖੱਲਸ ਬਣਾ ਲਿਆ ਹੈ। ਸ੍ਰੀ ਸਤਿਗੁਰੂ ਜੀ ਹੁਕਮ ਕੀਤਾ, "ਇਹ ਸ਼ਬਦ ਹਟਾਉਣਾ ਨਹੀਂ ਬਲਕਿ ਮੈਂ ਤੈਨੂੰ ਇਕ ਹੋਰ ਨਾਮ ਦੇਣਾਂ ਹੈ ਜਿਹੜਾ ਤੇਰੇ ਨਾਮ ਦੇ ਅੱਗੇ ਲਗੇਗਾ ਅਤੇ ਤੂੰ ਇਸ ਨਾਮ ਨਾਲ ਮਸ਼ਹੂਰ ਹੋਵੇਂਗੀ। " ਸ੍ਰੀ ਸਤਿਗੁਰੂ ਜੀ ਨੇ ਅਪ੍ਰੈਲ ਸੰਨ 1994 'ਚ ਮੈਨੂੰ ਸੂਬਾ ਬਨਾਉਣ ਦੀ ਬਖਸ਼ਿਸ਼ ਕੀਤੀ ਉਦੋਂ ਤੋਂ ਮੈਂ ਹੁਕਮ ਅਨੁਸਾਰ ਆਪਣੇ ਨਾਮ ਅੱਗੇ ਸੂਬਾ ਸ਼ਬਦ ਲਗਾ ਲਿਆ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਕ ਵਾਰ ਦਿੱਲੀ ਵਿਖੇ ਮੈਂ ਤੇ ਮੇਰੇ ਪਤੀ ਸੰਤ ਭਗਵੰਤ ਸਿੰਘ ਨਾਮਧਾਰੀ, ਇਤਿਹਾਸ ਬਾਰੇ ਲਿਖੀਆਂ ਸ. ਨਾਹਰ ਸਿੰਘ ਦੀਆਂ ਪੁਸਤਕਾਂ ਦੀ ਕਾਪੀ ਰਾਇਟ ਦੀ ਰਜਿਸਟਰੇਸ਼ਨ ਕਰਵਾਉਣ ਗਏ ਸੀ।

ਸ੍ਰੀ ਸਤਿਗੁਰੂ ਜੀ ਉਸ ਵੇਲੇ ਦਿੱਲੀ ਕੋਠੀ ਵਿਖੇ ਹੀ ਸਨ। ਜਾਂਦਿਆਂ ਅਸੀਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਏ ਤਾਂ ਸਾਨੂੰ ਵੇਖਦਿਆਂ ਹੀ ਹਜ਼ੂਰ ਨੇ ਖੁਸ਼ੀਆਂ ਬਖਸ਼ਦਿਆਂ ਫਰਮਾਇਆ,

"ਬੀਬੀ ਤੇਰੀ ਉਮਰ ਬਹੁਤ ਲੰਮੀ......... ਹੈ, ਮੈਂ ਤੈਨੂੰ ਹੀ ਯਾਦ ਕਰ ਰਿਹਾ ਸੀ।"

ਅਕਤੂਬਰ ਸੰਨ 1991 ਦੀ ਗੱਲ ਹੈ ਸ੍ਰੀ ਸਤਿਗੁਰੂ ਜੀ ਸ੍ਰੀ ਜੀਵਨ ਨਗਰ ਇਲਾਕੇ ਵੱਲ ਦੌਰੇ 'ਤੇ ਗਏ ਹੋਏ ਸਨ। ਹਜ਼ੂਰ ਨੇ ਟੈਲੀਫੋਨ ਕਰ ਕੇ ਮੈਨੂੰ ਤੇ ਮੇਰੇ ਪਤੀ ਸ. ਭਗਵੰਤ ਸਿੰਘ ਨੂੰ ਉਥੇ ਪਹੁੰਚਣ ਦਾ ਹੁਕਮ ਕੀਤਾ। ਹੁਕਮ ਸੁਣਦਿਆਂ ਹੀ ਅਸੀ ਬੱਸ ਰਾਹੀਂ ਸ੍ਰੀ ਜੀਵਨ ਨਗਰ ਲਈ ਰਵਾਨਾ ਹੋ ਗਏ।

ਸ੍ਰੀ ਸਤਿਗੁਰੂ ਜੀ ਨੇ ਸਾਨੂੰ ਟਿੱਬਾ ਦਿਖਾਇਆ । ਜ਼ਿਆਦਾ ਚੜ੍ਹਾਈ ਵਾਲੀ ਥਾਂ ਸਾਨੂੰ ਗੱਡੀ ਆਪ ਡਰਾਈਵ ਕਰ ਕੇ ਨਾਲ ਲੈ ਗਏ। ਸਾਡਾ ਪੂਰਾ ਧਿਆਨ ਰੱਖਿਆ ਅਤੇ ਬਾਗਬਾਨੀ ਬਾਰੇ ਜਾਣਕਾਰੀ ਦਿੱਤੀ। ਮਸਤਾਨਗੜ੍ਹ ਵਾਲੇ ਕਿੰਨੂਆਂ ਦੇ ਬਾਗ ਵਿਚ ਜਾ ਕੇ ਸ. ਹਰਨਾਮ ਸਿੰਘ ( ਉਸ ਵੇਲੇ ਉਥੇ ਬਾਗਬਾਨੀ ਦੇ ਇੰਚਾਰਜ਼) ਨੂੰ ਬੁਲਾ ਕੇ ਕੁਝ ਸਵਾਲ ਕੀਤੇ ਫਿਰ ਮੈਂਨੂੰ ਹੁਕਮ ਕੀਤਾ,

"ਬੀਬੀ, ਇਹ ਸਭ ਮੈਂ ਤੇਰੇ ਕਰਕੇ ਪੁੱਛ ਰਿਹਾ ਹਾਂ। ਇਹ ਸਾਰਾ ਕੁਝ ਤੂੰ ਲਿਖਣਾ ਹੈ।"

ਸੰਨ 1994 ਵਿਚ ਸੰਤ ਸੁਰਿੰਦਰ ਸਿੰਘ ਲਾਇਲ (ਲੁਧਿਆਣਾ) ਨੇ ਮੈਨੂੰ ਦੱਸਿਆ ਕਿ ਤੁਹਾਨੂੰ ਪੰਜਾਬ ਸਰਕਾਰ ਵਲੋਂ ਬਣਾਏ ਗਏ ਕੂਕਾ ਸ਼ਹੀਦ ਯਾਦਗਾਰੀ ਟਰੱਸਟ (ਰਜਿ.) ਦੇ ਟਰੱਸਟੀ ਅਤੇ ਭੈਣੀ ਸਾਹਿਬ ਤੇ ਰਾਈਆਂ ਡੀਵੈਲਪਮੈਂਟ ਬੋਰਡ (ਰਜਿ.) ਦੇ ਮੈਂਬਰ ਬਣਾਇਆ ਗਿਆ ਹੈ। ਇਨ੍ਹਾਂ ਪੇਪਰਾਂ ਤੇ ਤੁਹਾਡੇ ਕੋਲੋਂ ਦਸਤਖਤ ਕਰਵਾਏ ਜਾਣੇ ਹਨ। ਮੈਂ ਬੜੀ ਹੈਰਾਨ ਹੋਈ ਤੇ ਪੁੱਛਿਆ ਕਿ ਤੁਸੀਂ ਮੈਨੂੰ ਕਿਦਾਂ ਟਰੱਸਟੀ ਅਤੇ ਮੈਂਬਰ ਬਣਾ ਲਿਆ ਹੈ। ਸੰਤ ਜੀ ਨੇ ਜਵਾਬ ਦਿੱਤਾ, 'ਬੀਬੀ ਅਸੀਂ ਕੌਣ ਹੁੰਦੇ ਆਂ ਬਨਾਉਣ ਵਾਲੇ, ਇਹ ਤਾਂ ਤੁਹਾਡੇ ਵਾਸਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਹੈ।'

ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਅਤੇ ਕੀਤੇ ਬਚਨਾਂ ਦੁਆਰਾ ਦਿਤੇ ਗਏ ਵਰਾਂ ਨਾਲ ਮੇਰੀ ਝੋਲੀ ਲਬਾਲਬ ਭਰੀ ਹੋਈ ਹੈ। ਮੈਨੂੰ ਮੇਰੀ ਜ਼ਿੰਦਗੀ 'ਚ ਕਿਸੇ ਕਿਸਮ ਦਾ ਕੋਈ ਘਾਟਾ ਨਹੀਂ।

ਹੈ ਤੇ ਬੜਾ ਔਖਾ ਕੰਮ ਪਰ ਮੇਰੀ ਭਰਪੂਰ ਕੋਸ਼ਿਸ਼ ਰਹਿੰਦੀ ਹੈ ਕਿ ਹਜ਼ੂਰ ਦੀ ਬਖਸ਼ਿਸ਼ ਨਾਲ ਮੈਂ 'ਤੂੰ' ਹੋ ਜਾਵੇ। ਇੰਜ ਹੋ ਜਾਣ 'ਤੇ ਮਾਨ-ਸਨਮਾਨ ਜਾਂ ਅਪਮਾਨ ਸਭ ਸਤਿਗੁਰਾਂ ਦਾ ਹੋ ਜਾਂਦਾ ਹੈ, ਆਪਣਾਂ ਕੁਝ ਨਹੀਂ ਰਹਿੰਦਾ।

ਭਾਵੇਂ ਇਸ ਕਿਤਾਬ ਵਿਚਲੀ ਸਾਰੀ ਲਿਖਤ ਸ੍ਰੀ ਸਤਿਗੁਰੂ ਜੀ ਵਲੋਂ ਪੜ੍ਹ ਕੇ ਪ੍ਰਵਾਨਿਤ ਹੋਈ ਹੈ ਪਰ ਫਿਰ ਵੀ ਸਮੇਂ ਸਮੇਂ 'ਤੇ ਹਰ ਚੈਪਟਰ ਵਿਚ ਕੋਈ ਹੋਰ ਨਵੀਂ ਗੱਲ ਜੁੜ ਜਾਂਦੀ ਹੈ। ਇੱਕਲਾ ਇੱਕਲਾ ਚੈਪਟਰ ਸ਼ਾਇਦ ਦਸ ਦਸ ਵਾਰ ਦੁਬਾਰਾ ਲਿਖਿਆ ਗਿਆ ਹੋਵੇ, ਫਿਰ ਵੀ ਇਹ ਡਰ ਲੱਗਿਆਂ ਰਹਿੰਦਾ ਹੈ ਕਿ ਕਿਧਰੇ ਕੋਈ ਗਲਤੀ ਨਾਂ ਰਹਿ ਜਾਵੇ।

ਮੈਂ ਹਾਰਦਿਕ ਧੰਨਵਾਦੀ ਹਾਂ ਸਤਿਕਾਰਯੋਗ ਸੰਤ ਜਗਤਾਰ ਸਿੰਘ (ਪਨਿਹਾਰੀ) ਜੀ ਦੀ ਜਿਨ੍ਹਾਂ ਨੇ ਮੈਨੂੰ ਆਖਿਆ ਕਿ ਮੈਂ ਚਾਹੁੰਦਾ ਹਾਂ ਕਿ ਇਸ ਕਿਤਾਬ 'ਚ ਕੋਈ ਗਲਤੀ ਨਾ ਰਹਿ ਜਾਵੇ, ਸੋ ਕਿਤਾਬ ਛਪਵਾਉਣ ਤੋਂ ਪਹਿਲੋਂ ਸਾਰੇ ਖਰੜੇ ਨੂੰ ਕੁਝ ਵਿਦਵਾਨਾਂ ਨੂੰ ਪੜ੍ਹਾ ਲਿਆ ਜਾਵੇ।

ਸੰਤ ਜੀ ਵਲੋਂ ਸੱਦੇ ਜਾਣ 'ਤੇ, ਮੈਂ ਤੇ ਮੇਰੇ ਪਤੀ ਸੰਤ ਭਗਵੰਤ ਸਿੰਘ ਤੋਂ ਇਲਾਵਾ ਸ੍ਰੀ ਭੈਣੀ ਸਾਹਿਬ ਵਿਖੇ ਇਹ ਵਿਦਵਾਨ ਇੱਕਠੇ ਹੋਏ- ਸਰਵ ਸ੍ਰੀ ਤਾਰਾ ਸਿੰਘ ਅਣਜਾਣ, ਜਸਵਿੰਦਰ ਸਿੰਘ ਹਿਸਟੋਰੀਅਨ, ਹਜ਼ੂਰੀ ਸੇਵਕ ਹਰਪਾਲ ਸਿੰਘ ਅਤੇ ਮਾਸਟਰ ਦਰਸ਼ਨ ਸਿੰਘ । ਸ. ਸੁਵਰਨ ਸਿੰਘ ਵਿਰਕ ਕਿਸੇ ਕਾਰਣ ਆ ਨਹੀਂ ਸਨ ਸਕੇ। 15-16 ਫਰਵਰੀ ਸੰਨ 2011 ਨੂੰ ਗੈਸਟ ਹਾਉਸ ਦੇ ਕਮਰਾ ਨੰ. 111 ਵਿਚ ਬੈਠ ਕੇ ਇਹ ਖਰੜਾ ਪੜ੍ਹਿਆ ਗਿਆ।

ਸੋਧਾਂ ਕਰਨ ਉਪ੍ਰੰਤ ਸ. ਤਾਰਾ ਸਿੰਘ ਅਨਜਾਣ ਵਲੋਂ 24 ਮਈ 2011 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਇਹ ਖਰੜਾ ਦੁਬਾਰਾ ਪੜ੍ਹਿਆ ਗਿਆ।

ਹਜ਼ੂਰੀ ਸੇਵਕ ਰਛਪਾਲ ਸਿੰਘ ਜੀ ਦੀ ਵੀ ਮੈਂ ਅਤੀ ਧੰਨਵਾਦੀ ਹਾਂ, ਉਨ੍ਹਾਂ ਨੇ ਵੀ ਇਸ ਸਾਰੀ ਪੁਸਤਕ ਦੇ ਖਰੜੇ ਨੂੰ ਬੜੇ ਧਿਆਨ ਤੇ ਦਿਲਚਸਪੀ ਨਾਲ ਵਾਚਿਆ।

ਇਸ ਪੁਸਤਕ ਵਿਚਲਾ ਬਾਗਬਾਨੀ ਵਾਲਾ ਚੈਪਟਰ ਸਤਿਕਾਰਯੋਗ ਸ੍ਰੀ ਉਦਯ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ 12 ਮਈ 2011 ਨੂੰ ਪੜ੍ਹਿਆ ਅਤੇ ਸੋਧਾਂ ਕਰਵਾਈਆਂ। ਮੈਂ ਉਨ੍ਹਾਂ ਦੀ ਹਾਰਦਿਕ ਧੰਨਵਾਦੀ ਹਾਂ। ਉਨ੍ਹਾਂ ਨੇ ਆਪਣੇ ਅਤੀ ਰੁਝੇਵੇਂ ਭਰੇ ਸਮੇਂ ਵਿਚੋਂ, ਮੇਰਾ ਅਧਿਆਏ ਪੜ੍ਹਨ ਲਈ ਆਪਣਾ ਕੀਮਤੀ ਸਮਾਂ ਦਿੱਤਾ।

ਡਾ. ਸਰਦਾਰਾ ਸਿੰਘ ਜੌਹਲ ਸ੍ਰੀ ਸਤਿਗੁਰੂ ਜੀ ਦੇ ਪਰਮ ਸ਼ਰਧਾਲੂ ਸਿੱਖ ਹਨ। ਇਨ੍ਹਾਂ ਨੇ ਮੇਰੀ ਪੁਸਤਕ ਦੇ ਖਰੜੇ ਨੂੰ ਬਹੁਤ ਧਿਆਨ ਅਤੇ ਦਿਲਚਸਪੀ ਨਾਲ ਪੜ੍ਹਿਆ ਅਤੇ ਇਸ ਬਾਰੇ ਆਪਣੇ ਕੀਮਤੀ ਸ਼ਬਦ 'ਸਤਿਗੁਰੂ ਮਹਿਮਾ' ਲਿਖੇ। ਮੈਂ ਉਨ੍ਹਾਂ ਦੀ ਵੀ ਹਾਰਦਿਕ ਧੰਨਵਾਦੀ ਹਾਂ।

ਡਾ. ਜੌਹਲ ਦਾ ਨਾਂ ਭਾਵੇਂ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਫਿਰ ਵੀ, ਆਉਣ ਵਾਲੀਆਂ ਪੀੜ੍ਹੀਆਂ ਲਈ ਮੈਂ ਉਨ੍ਹਾਂ ਦੀ ਜਾਣਕਾਰੀ ਇਸ ਪੁਸਤਕ ਵਿਚ ਅਗਲੇ ਪੰਨਿਆਂ 'ਤੇ ਵੱਖਰਿਆਂ ਲਿਖ ਰਹੀ ਹਾਂ।

ਬਾਗਬਾਨੀ ਦਾ ਚੈਪਟਰ ਲਿਖਵਾਉਣ ਵਿਚ ਮੇਰੀ ਮਦਦ ਸ. ਹਰਨਾਮ ਸਿੰਘ ਅਤੇ ਸ. ਸੁਖਦੇਵ ਸਿੰਘ ਟਿੱਬਾ ਆਦਿ ਕਈ ਜਣਿਆਂ ਨੇ ਕੀਤੀ, ਮੈਂ ਉਨ੍ਹਾਂ ਦਾ ਧੰਨਵਾਦ ਕਰਦੀ ਹਾਂ।

ਸੂਬਾ ਜਗੀਰ ਸਿੰਘ, ਗਊਆਂ ਵਾਲੇ ਚੈਪਟਰ ਬਾਰੇ ਸਮੇਂ ਸਮੇਂ ਤੇ ਮੈਨੂੰ ਨਵੀਆਂ ਜਾਣਕਾਰੀਆਂ ਦਿੰਦੇ ਰਹਿੰਦੇ ਹਨ, ਮੈਂ ਉਨ੍ਹਾਂ ਦੀ ਵੀ ਧੰਨਵਾਦੀ ਹਾਂ।

ਇਸਤਰੀਆਂ ਬਾਰੇ ਚੈਪਟਰ ਵਿਚ ਸਭ ਬੀਬੀਆਂ ਨੇ ਆਪੋ ਆਪਣੇ ਬਾਰੇ ਜਾਣਕਾਰੀ ਦਿੱਤੀ। ਬੀਬੀ ਤੇਜੀ ਸੁਪਤਨੀ ਸ. ਬਲਦੇਵ ਸਿੰਘ ਕਾਕੂ (ਮਾਤਾ ਚੰਦ ਕੌਰ ਜੀ ਦਾ ਭਤੀਜਾ) ਨੇ ਨਿਜੀ ਦਿਲਚਸਪੀ ਲੈ ਕੇ ਮੈਨੂੰ ਕਈ ਬੀਬੀਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ, ਮੈਂ ਅਤੀ ਧੰਨਵਾਦੀ ਹਾਂ।

ਸੂਬਾ ਅਤੁਲ ਮਿੱਤਲ ਤਨਜਾਨੀਆ (ਅਰੁਸ਼ਾ) ਦੀ ਵੀ ਮੈਂ ਹਾਰਦਿਕ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਮੇਰੇ ਲਿਖਣ ਦੇ ਕੰਮ ਲਈ ਬਹੁਤ ਉਤਸ਼ਾਹ ਪ੍ਰਦਾਨ ਕੀਤਾ ਹੈ।

ਸਭ ਦੇ ਨਾਮ ਤਾਂ ਨਹੀਂ ਲਿਖੇ ਜਾ ਸਕਦੇ ਪਰ ਮੈਂ ਤਹਿ ਦਿਲੋਂ ਧੰਨਵਾਦੀ ਹਾਂ, ਉਨ੍ਹਾਂ ਸਾਰਿਆਂ ਦੀ, ਜਿਨ੍ਹਾਂ ਨੇ ਮੇਰੇ ਇਸ ਕੰਮ ਵਿਚ ਮੈਨੂੰ ਸਹਿਯੋਗ ਦਿੱਤਾ। ਮੈਂ ਫੋਟੋਗ੍ਰਾਫਰ ਸੂਰਤ ਪਾਲ ਸਿੰਘ ਅਤੇ ਬੰਤਾ ਸਿੰਘ ਦਾ ਧੰਨਵਾਦ ਕਰਦੀ ਹਾਂ ਉਹਨਾਂ ਨੇ ਮੈਨੂੰ ਇਸ ਕਿਤਾਬ ਲਈ ਫੋਟੋਆਂ ਮੁਹੱਈਆ ਕਰਵਾਈਆਂ।

ਆਪਣੇ ਪਰਿਵਾਰ ਦੀ ਵੀ ਧੰਨਵਾਦੀ ਹਾਂ, ਮੇਰੇ ਪਤੀ ਸੰਤ ਭਗਵੰਤ ਸਿੰਘ ਤੇ ਮੇਰੇ ਬੱਚਿਆਂ ਨੇ ਮੈਨੂੰ ਹਰ ਪੱਖੋਂ ਖੋਜ-ਕਾਰਜ ਅਤੇ ਲੇਖਣ-ਕਾਰਜ ਸਮੇਂ ਸਾਥ ਤੇ ਸਹਿਯੋਗ ਪ੍ਰਦਾਨ ਕੀਤਾ। ਸੰਤ ਭਗਵੰਤ ਸਿੰਘ ਹਰ ਥਾਂ ਮੇਰੇ ਨਾਲ ਜਾਂਦੇ ਹਨ ਜਿਸ ਕਾਰਨ ਮੈਨੂੰ ਕੋਈ ਮੁਸ਼ਕਿਲ ਨਹੀਂ ਆਉਂਦੀ। ਮੇਰੀ ਬੇਟੀ ਰੁਪਿੰਦਰ ਕੌਰ ਨੇ ਕੰਪਿਊਟਰ 'ਤੇ ਇਸ ਪੁਸਤਕ ਦਾ ਖਰੜਾ ਬੜੀ ਮਿਹਨਤ ਨਾਲ ਤਿਆਰ ਕਰ ਕੇ ਮੈਨੂੰ ਪੂਰਾ ਸਹਿਯੋਗ ਦਿੱਤਾ ਹੈ। ਮੇਰਾ ਪੁੱਤਰ ਯਾਦਵਿੰਦਰ ਸਿੰਘ ਰਾਜਾ, ਨੂੰਹ ਹਰਦੀਪ ਕੌਰ ਬਿੰਕਮ ਅਤੇ ਪੋਤੇ ਯਸ਼ਵੰਤ ਸਿੰਘ ਅਤੇ ਯਮੁਨਾ ਸਿੰਘ ਮੈਨੂੰ ਪੂਰੀ ਤਰ੍ਹਾਂ ਸਹਿਯੋਗ ਦਿੰਦੇ ਹਨ।

ਸੰਨ 1994 ਵਿਚ ਸ੍ਰੀ ਸਤਿਗੁਰੂ ਜੀ ਵਲੋਂ ਕੀਤੇ ਗਏ ਕੀਨੀਆਂ ਤਨਜ਼ਾਨੀਆਂ ਦੌਰੇ ਸਮੇਂ ਅਸੀਂ ਸ੍ਰੀ ਸਤਿਗੁਰੂ ਜੀ ਨਾਲ ਗਏ ਹੋਏ ਸੀ। ਸ੍ਰੀ ਸਤਿਗੁਰੂ ਜੀ ਨੇ ਕੀਨੀਆਂ (ਨੈਰੋਬੀ ) ਨਾਮਧਾਰੀ ਧਰਮਸ਼ਾਲਾ ਵਿਖੇ ਆਪਣੇ ਪ੍ਰਵਚਨਾਂ ਵਿਚ ਫਰਮਾਇਆ,

"ਸਾਡੇ ਨਾਲ ਬੀਬੀ ਸੁਰਿੰਦਰ ਕੌਰ ਆਈ ਹੈ, ਇਹ ਸ਼ਹੀਦਾਂ ਦੇ ਪਰਿਵਾਰਾਂ ਦੀ ਖੋਜ ਕਰ ਰਹੀ ਹੈ। ਕਈ ਲੋਕੀਂ ਇਸ ਨੂੰ ਸਨਕੀ ਆਖਦੇ ਹਨ। ਜਿਹੜਾ ਇਸ ਪਾਸੇ ਤੁਰਦਾ ਹੈ, ਉਸ ਨੂੰ ਸਨਕ ਹੋ ਹੀ ਜਾਂਦਾ ਹੈ। ਇਸ ਦੇ ਨਾਲ ਇਸ ਦੇ ਪਤੀ ਭਗਵੰਤ ਸਿੰਘ ਵੀ ਆਏ ਹੋਏ ਹਨ।"

ਇਸ ਦੌਰੇ ਸਮੇਂ ਕੀਨੀਆਂ ਤੋਂ ਤਨਜ਼ਾਨੀਆਂ ਜਾਂਦਿਆਂ ਅਸੀਂ ਸ੍ਰੀ ਸਤਿਗੁਰੂ ਜੀ ਨਾਲ ਕਈ ਕਾਰਾਂ 'ਤੇ ਜਾ ਰਹੇ ਸਾਂ। ਰਸਤੇ ਵਿਚ ਕੀਨੀਆਂ ਤੇ ਤਨਜ਼ਾਨੀਆਂ ਦੇ ਬਾਰਡਰ 'ਤੇ ਸ੍ਰੀ ਸਤਿਗੁਰੂ ਜੀ ਨੇ ਗੱਡੀਆਂ ਰੁਕਵਾਈਆਂ। ਗੱਡੀ 'ਚੋਂ ਬਾਹਰ ਉਤਰ ਕੇ ਖੜੋਤਿਆਂ ਬਚਨ ਕੀਤਾ, "ਇਥੇ ਬੀਬੀ ਸੁਰਿੰਦਰ ਤੇ ਭਗਵੰਤ ਸਿੰਘ ਦੀ ਫੋਟੋ ਖਿੱਚੀ ਜਾਵੇ।"

ਉਥੇ ਦੂਰ ਦੂਰ ਤੀਕ ਚਿੱਟੇ ਫੁੱਲ ਲੱਗੇ ਹੋਏ ਸਨ। ਹੁਕਮ ਮੰਨ ਕੇ ਸੇਵਕ ਹਰਪਾਲ ਸਿੰਘ ਨੇ ਸਾਡੇ ਦੋਹਾਂ ਦੀ ਫੋਟੋ ਖਿੱਚੀ। ਮੈਂ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ ਅਸੀਂ ਦੋਹਾਂ ਨੇ ਆਪ ਜੀ ਨਾਲ ਫੋਟੋ ਖਿਚਵਾਉਣੀ ਹੈ। ਸ੍ਰੀ ਸਤਿਗੁਰੂ ਜੀ ਨੇ ਸਾਡੀ ਅਰਜ਼ ਕਬੂਲ ਕਰ ਆਪਣੇ ਨਾਲ ਫੋਟੋ ਖਿਚਵਾਈ।

ਸੰਨ 1995 ਨੂੰ ਅੰਮ੍ਰਿਤਸਰ ਵਿਖੇ ਪੰਜ ਦਿਨਾਂ ਵਿਸ਼ਵ ਸਿੱਖ ਸੰਮੇਲਨ ਹੋਇਆ। ਇਸ ਦੇ ਅੰਤਿਮ ਦਿਨ ਨੂੰ ਹੋਏ ਸਮਾਗਮ ਸਮੇਂ ਨਾਮਧਾਰੀ ਸੰਪ੍ਰਦਾਇ ਨੂੰ ਪਿਛਲੀ ਸਦੀ ਵਿਚ ਦੇਸ਼ ਦੇ ਸੁਤੰਤਰਤਾ ਸੰਮਰਾਮ ਵਿਚ ਪਾਏ ਯੋਗਦਾਨ ਅਤੇ ਕੁਰਬਾਨੀਆਂ ਬਦਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਨਾਲ ਭੇਜੇ ਗਏ ਗਿਆਰਾਂ ਪ੍ਰਤੀਨਿਧਾਂ ਨੂੰ ਸਨਮਾਨਿਤ ਕੀਤਾ ਜਾਣਾ ਸੀ। ਸ੍ਰੀ ਸਤਿਗੁਰੂ ਜੀ ਨੇ ਉਚੇਚਿਆਂ ਹੁਕਮ ਕੀਤਾ, "ਬੀਬੀ ਸੁਰਿੰਦਰ ਕੌਰ ਏਸ ਸਮਾਗਮ ਤੇ ਸਨਮਾਨ ਲੈਣ ਜਾਵੇ ਆਪਣੇ ਨਾਲ ਹੋਰ ਪ੍ਰਤੀਨਿਧਾਂ ਨੂੰ ਇਹ ਆਪ ਹੀ ਲੈ ਕੇ ਜਾਵੇਗੀ।"

ਹੁਕਮ ਮੁਤਾਬਕ ਅਸੀਂ 11 ਜਣੇਂ ਸਨਮਾਨ ਲੈਣ ਗਏ। ਸਾਨੂੰ ਸਭਨਾਂ ਨੂੰ ਚਾਂਦੀ ਦੀ ਤਸ਼ਤਰੀ, ਗਰਮ ਸ਼ਾਲ ਅਤੇ ਸਿਰੋਪੇ ਦਿਤੇ ਗਏ। ਇਹ ਸਨਮਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਉਸ ਵੇਲੇ ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਦਿਤਾ ਗਿਆ। ਇਸ ਸੰਮੇਲਨ ਵਿਚ ਅਮਰੀਕਾ ਤੋਂ ਯੋਗੀ ਹਰਭਜਨ ਸਿੰਘ ਵਿਸ਼ੇਸ਼ ਤੌਰ 'ਤੇ ਵੱਡੀ ਗਿਣਤੀ ਵਿਚ ਆਪਣੇ ਸਜਾਏ ਅਮਰੀਕੀ ਸਿੱਖਾਂ ਨੂੰ ਨਾਲ ਲੈ ਕੇ ਆਏ ਸਨ।

ਮੈਂ ਅੱਜ ਜਿਸ ਮੁਕਾਮ 'ਤੇ ਹਾਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਹਾਂ।

ਸ੍ਰੀ ਸਤਿਗੁਰੂ ਜੀ ਮੇਰੇ 'ਤੇ ਇਸੇ ਤਰ੍ਹਾਂ ਬਖਸ਼ਿਸ਼ ਬਣਾਈ ਰੱਖਣ ਤੇ ਮੈਂ ਆਪਣੀਆਂ ਅਗਲੀਆਂ ਕਿਤਾਬਾਂ ਲਿਖ ਕੇ ਆਪਣੇ ਜਿਉਂਦਿਆਂ ਪ੍ਰਕਾਸ਼ਿਤ ਕਰਵਾ ਸਕਾਂ। ਆਪਣੇ ਅੰਤਮ ਸਾਹਾਂ ਤੀਕ ਮੈਂ ਇਸੇ ਤਰ੍ਹਾਂ ਸ੍ਰੀ ਸਤਿਗੁਰੂ ਜੀ ਦੀ ਉਸਤਤ ਲਿਖਦੀ ਰਹਾਂ।

20 ਅਗਸਤ 2011

– ਸੂਬਾ ਸੁਰਿੰਦਰ ਕੌਰ ਖਰਲ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ (ਸੰਖੇਪ ਵਿਚ)

ਧਰਮ ਦੀ ਧੁਜ, ਸ਼ਾਂਤੀ ਦੇ ਸਾਗਰ, ਮਹਾਨ ਪਰਉਪਕਾਰੀ, ਈਰਖਾ ਤੇ ਦਵੈਸ਼ ਦੀ ਅੱਗ ਵਿੱਚ ਸੜ ਰਹੀ ਮਾਨਵਤਾ ਨੂੰ ਠੰਢ ਪਹੁੰਚਾਉਣ ਵਾਲੇ ਪਰਮ-ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਵਿਖੇ ਨਿਵਾਸ ਰੱਖਦੇ ਹਨ।

ਭਾਰਤ ਦੀ ਅਜ਼ਾਦੀ ਦੀ ਲੜਾਈ ਦਾ ਮੁੱਢ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਸਰਕਾਰ ਵਿਰੁੱਧ ਨਾ-ਮਿਲਵਰਤਨ ਲਹਿਰ ਚਲਾ ਕੇ ਬੰਨ੍ਹਿਆ। ਨਾਮਧਾਰੀ ਲਹਿਰ ਵਲੋਂ ਸੁਤੰਤਰਤਾ ਸੰਗ੍ਰਾਮ ਵਿਚ ਪਾਏ ਗਏ ਯੋਗਦਾਨ ਤੋਂ ਸਾਰਾ ਭਾਰਤ-ਵਰਸ਼ ਬਾਖ਼ੂਬੀ ਜਾਣੂੰ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੰਨ 1872 ਵਿੱਚ ਅੰਗਰੇਜ਼ਾਂ ਦੁਆਰਾ ਬਰਮਾ (ਹੁਣ ਮਯਾਂਮਾਰ) ਵਿਚ ਜਲਾਵਤਨ ਕਰ ਦਿੱਤੇ ਜਾਣ ਮਗਰੋਂ ਦੇਸ਼ ਭਗਤੀ ਦੀ ਇਸ ਲਹਿਰ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੇ ਫਿਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਾਰੀ ਰੱਖਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਸਰਕਾਰ ਰਾਹੀਂ ਜਲਾਵਤਨ ਕਰਨ ਮਗਰੋਂ ਸੰਨ 1872 ਤੋਂ ਹੀ ਸ੍ਰੀ ਭੈਣੀ ਸਾਹਿਬ ਵਿਖੇ ਪੁਲਿਸ ਚੌਕੀ ਬੈਠੀ ਹੋਈ ਸੀ, ਜਿਹੜੀ ਮਈ ਸੰਨ 1923 ਨੂੰ ਨਾਮਧਾਰੀ ਸਮਾਜ ਵੱਲੋਂ ਕਾਫੀ ਸੰਘਰਸ਼ ਕਰਨ ਉਪਰੰਤ ਹਟਾਈ ਗਈ। ਸੰਨ 1890 ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਅਤੇ ਸੰਨ 1920 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਸ੍ਰੀ ਭੈਣੀ ਸਾਹਿਬ ਵਿਖੇ ਬੰਦੀ ਗ੍ਰਹਿ ਵਰਗੀਆਂ ਹਾਲਤਾਂ ਵਿਚ ਹੀ ਹੋਇਆ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬੇਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਜੋ ਉਸ ਵੇਲੇ 'ਵੱਡੇ ਬਾਬਾ ਜੀ' ਕਰ ਕੇ ਸਤਿਕਾਰੇ ਜਾਂਦੇ ਸਨ, ਨੇ ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਹਿਨੁਮਾਈ ਹੇਠ ਦੇਸ਼ ਦੀ ਅਜ਼ਾਦੀ ਲਈ ਰਾਜਸੀ ਸਰਗਰਮੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ। ਆਪ ਜੀ ਨੇ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਆਪਣਾ ਯੋਗਦਾਨ ਪਾਉਣ ਦੇ ਨਾਲ-ਨਾਲ, ਭਾਰਤ ਦੀ ਸੁਤੰਤਰਤਾ ਸਮੇਂ ਹੋਈ ਦੇਸ਼ ਦੀ ਵੰਡ ਸਮੇਂ ਲੋਕਾਂ ਨੂੰ ਦੰਗਿਆਂ ਵਿਚੋਂ ਸੁਰੱਖਿਅਤ ਕੱਢਣ ਅਤੇ ਉੱਜੜ ਕੇ ਆਇਆ ਨੂੰ ਮੁੜ ਕੇ ਵਸਾਉਣ ਲਈ ਉਚੇਚੇ ਯਤਨ ਕੀਤੇ। ਸਿਰਫ ਹਿੰਦੂ ਸਿੱਖਾਂ ਦੀ ਹੀ ਨਹੀਂ ਸਗੋਂ ਆਪ ਜੀ ਨੇ ਮੁਸਲਮਾਨ ਕਾਫਲਿਆਂ ਦੀ ਸਹਾਇਤਾ ਵੀ ਆਪਣਿਆਂ ਵਾਂਗ ਕੀਤੀ।

ਵਰਤਮਾਨ ਸਮੇਂ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਣਾਈ ਰੱਖਣ ਲਈ ਦ੍ਰਿੜ ਸੰਕਲਪ ਰਖਦੇ ਹਨ।

ਸ੍ਰੀ ਸਤਿਗੁਰੂ ਜੀ ਇੱਕ ਨਿਵੇਕਲੀ ਅਤੇ ਵਿਸ਼ੇਸ਼ ਸ਼ਖ਼ਸੀਅਤ ਹਨ। ਆਪ ਜੀ ਦੀਆਂ ਸਰਗਰਮੀਆਂ ਦਾ ਖੇਤਰ ਬਿਆਨ ਦੇ ਘੇਰੇ ਤੋਂ ਸੁਤੰਤਰ ਹੈ। ਨਾਮ ਜਪਣ, ਜਪਾਉਣ ਅਤੇ ਦੇਸ਼ ਵਿਦੇਸ਼ਾਂ ਵਿਚ ਧਰਮ ਦਾ ਪ੍ਰਚਾਰ ਕਰਨ ਤੋਂ ਇਲਾਵਾ ਸ੍ਰੀ ਸਤਿਗੁਰੂ ਜੀ ਸਮਾਜ ਦੇ ਹਰ ਖੇਤਰ ਵਿੱਚ ਪੂਰਨ ਧਿਆਨ ਦੇ ਰਹੇ ਹਨ।

ਸੰਗੀਤ, ਸਾਹਿਤ, ਖੇਡਾਂ, ਬਾਗਬਾਨੀ ਦੇ ਵਿਕਾਸ ਲਈ ਕਾਰਜ ਕਰਨੇ, ਲੰਗਰ ਦੀ ਨਿਰੰਤਰਤਾ ਕਾਇਮ ਰੱਖਣੀ, ਭਾਰਤੀ ਸਭਿਅਤਾ ਤੇ ਸੰਸਕ੍ਰਿਤੀ ਦਾ ਪ੍ਰਚਾਰ, ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਦੇ ਜਤਨ, ਸਿੱਖੀ ਸਰੂਪ ਕਾਇਮ ਰੱਖਣ ਲਈ ਪ੍ਰੇਰਨਾ ਦੇਣੀ, ਸਾਦਾ ਤੇ ਸਮੂਹਿਕ ਆਨੰਦ-ਕਾਰਜਾਂ ਦੀ ਮਰਿਆਦਾ ਜਾਰੀ ਰੱਖਣੀਂ, ਸ਼ਰਾਬ ਤੇ ਨਸ਼ੀਲੇ ਪਦਾਰਥਾਂ ਦੀ ਮਨਾਹੀ, ਸਮਾਜਕ ਬੁਰਾਈਆਂ ਨੂੰ ਦੂਰ ਕਰਨ ਲਈ ਕਦਮ ਚੁੱਕਣੇ, ਵਿੱਦਿਆ ਦਾ ਪਸਾਰ, ਨੌਜਵਾਨਾਂ ਨੂੰ ਸੇਧ, ਬੱਚਿਆਂ ਨੂੰ ਪਿਆਰ, ਬਜ਼ੁਰਗਾਂ ਦੀ ਸੰਭਾਲ, ਇਸਤਰੀ-ਜਾਤੀ ਦਾ ਕਲਿਆਣ, ਗਊ-ਗ੍ਰੀਬ ਦੀ ਰੱਖਿਆ, ਲੋੜਵੰਦ ਗਰੀਬ ਬੀਮਾਰਾਂ ਦਾ ਇਲਾਜ, ਪਸ਼ੂ-ਧਨ ਦੀ ਸੰਭਾਲ, ਗਊ-ਪਾਲਣ, ਜੀਵ-ਦਇਆ, ਸ਼ਾਕਾਹਾਰ ਦਾ ਪ੍ਰਚਾਰ, ਪੁਰਾਤਨ ਇਤਿਹਾਸਕ ਅਸਥਾਨਾਂ ਦੀ ਸੰਭਾਲ, ਨਵ-ਉਸਾਰੀ, ਵਿਸ਼ਵ-ਸ਼ਾਂਤੀ ਅਤੇ

ਵਿਸ਼ਵ ਧਰਮਾਂ ਦੀ ਸਾਂਝ ਲਈ ਉਪਰਾਲੇ ਕਰਨ ਆਦਿ, ਇਨ੍ਹਾਂ ਸਾਰੇ ਖੇਤਰਾਂ ਵਿਚ ਕਾਰਜ ਕਰਕੇ ਸ੍ਰੀ ਸਤਿਗੁਰੂ ਜੀ ਸਮਾਜ ਦੀ ਤਰੱਕੀ ਅਤੇ ਖੁਸ਼ਹਾਲੀ ਵਿਚ ਵਿਸ਼ੇਸ਼ ਯੋਗਦਾਨ ਪਾ ਰਹੇ ਹਨ।

ਇਨ੍ਹਾਂ ਸਾਰੇ ਕੰਮਾਂ ਦਾ ਜੇ ਜ਼ਿਕਰ ਕਰਨ ਲੱਗੀਏ ਤਾਂ ਹਰ ਕੰਮ ਬਾਰੇ ਇਕ ਇਕ ਪੁਸਤਕ ਤਿਆਰ ਹੋ ਸਕਦੀ ਹੈ।

ਸ੍ਰੀ ਸਤਿਗੁਰੂ ਜੀ ਨੇ ਸੰਨ 2005 ਵਿਚ ਲੁਧਿਆਣਾ ਵਿਖੇ ਅਪੋਲੋ ਹਸਪਤਾਲ ਖੋਲ੍ਹ ਕੇ ਇਕ ਹੋਰ ਮਹਾਨ ਪਰਉਪਕਾਰੀ ਕਾਰਜ ਕੀਤਾ ਹੈ। ਸ੍ਰੀ ਸਤਿਗੁਰੂ ਜੀ ਵਲੋਂ ਅਨੇਕ ਗਰੀਬ ਰੋਗੀਆਂ ਦਾ ਆਪਣੇ ਖਰਚੇ 'ਤੇ ਇਲਾਜ ਕਰਵਾਇਆ ਜਾਂਦਾ ਹੈ। ਇਸ ਪਰਉਪਕਾਰੀ ਕਾਰਜ ਕਰ ਕੇ ਡਾਕਟਰ ਐਸੋਸਿਏਸ਼ਨ ਲੁਧਿਆਣਾ ਨੇ ਆਪ ਜੀ ਨੂੰ ' ਧਰਮ ਰੱਖਿਅਕ ' ਦਾ ਸਨਮਾਨ ਭੇਂਟ ਕੀਤਾ।

ਸ੍ਰੀ ਸਤਿਗੁਰੂ ਜੀ ਨੇ ਵਰਲਡ ਪੀਸ ਮੂਵਮੈਂਟ (ਸੰਸਾਰ ਅਮਨ ਲਹਿਰ), ਵਰਲਡ ਵੈਜੀਟੇਰੀਅਨ ਕਾਂਗਰਸ (ਸੰਸਾਰ ਸ਼ਾਕਾਹਾਰੀ ਸੰਗਠਨ) ਅਤੇ ਵਰਲਡ ਰਿਲੀਜਸ ਬ੍ਰਦਰਹੁਡ (ਸੰਸਾਰ ਧਰਮਾਂ ਦਾ ਭਾਈਚਾਰਾ) ਆਦਿ ਕੌਮਾਂਤਰੀ ਸੰਗਠਨਾਂ ਨੂੰ ਭਰਪੂਰ ਸਮਾਂ ਤੇ ਸਹਿਯੋਗ ਦਿੱਤਾ ਹੈ।

ਸੰਗੀਤ, ਬਾਗਬਾਨੀ, ਗਊਪਾਲਣ, ਵਿਸ਼ਵ-ਸ਼ਾਂਤੀ, ਗੱਲ ਕੀ ਹਰ ਖੇਤਰ ਵਿਚੋਂ ਸ੍ਰੀ ਸਤਿਗੁਰੂ ਜੀ ਨੂੰ ਦੇਸ਼-ਵਿਦੇਸ਼ ਵਿਚ ਵੱਖ ਵੱਖ ਸੰਸਥਾਵਾਂ ਵਲੋਂ ਅਨੇਕ ਮਾਨ-ਸਨਮਾਨ ਭੇਟ ਕੀਤੇ ਗਏ ਹਨ ਅਤੇ ਕੀਤੇ ਜਾ ਰਹੇ ਹਨ।

ਗਊ-ਪਾਲਣ ਅਤੇ ਗਊ ਰੱਖਿਆ ਲਈ ਸਾਰਥਕ ਕਦਮ ਚੁੱਕੇ ਜਾਣ ਕਾਰਣ, ਸ੍ਰੀ ਸਤਿਗੁਰੂ ਜੀ ਨੂੰ ਸੰਨ 1964 ਵਿਚ ਹੈਦਰਾਬਾਦ ਵਿਖੇ ਗੋਸੰਵਰਧਨ ਸਮਿਤੀ ਵਲੋਂ 'ਗੋਪਾਲ-ਰਤਨ' ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ ਸੀ।

ਭਾਰਤੀ ਸੰਗੀਤ ਦੇ ਖੇਤਰ ਵਿਚ ਸ੍ਰੀ ਸਤਿਗੁਰੂ ਜੀ ਦੀ ਦੇਣ, ਅਜੋਕੇ ਯੁਗ ਵਿਚ ਵਿਸ਼ਵ-ਪ੍ਰਸਿੱਧ ਹੋ ਗਈ ਹੈ। ਸੰਗੀਤ-ਜਗਤ ਵਿਚ ਪਾਏ ਉੱਘੇ ਯੋਗਦਾਨ ਕਾਰਣ ਸ੍ਰੀ ਸਤਿਗੁਰੂ ਜੀ ਨੂੰ ਅਨੇਕ ਸੰਸਥਾਵਾਂ ਵਲੋਂ ਸਨਮਾਨਤ ਕੀਤਾ ਗਿਆ ਹੈ। ਪੰਜਾਬ ਵਿਚ ਜਲੰਧਰ ਵਿਖੇ ਹੁੰਦੇ ਸਭ ਤੋਂ ਪ੍ਰਸਿੱਧ ਸਾਲਾਨਾ ਸੰਗੀਤ ਸੰਮੇਲਨ 'ਮੇਲਾ ਹਰਿਬੱਲਭ' ਵਿਚ 23 ਦਸੰਬਰ ਸੰਨ 1995 ਨੂੰ ਸ੍ਰੀ ਸਤਿਗੁਰੂ ਜੀ ਨੂੰ ਉਨ੍ਹਾਂ ਦੀ ਭਾਰਤੀ ਸੰਗੀਤ ਨੂੰ ਲਾਮਿਸਾਲ ਦੇਣ ਕਰਕੇ ਵਿਧਿਵਤ ਸਨਮਾਨਤ ਕੀਤਾ ਗਿਆ।

ਇੰਟਰਨੈਸ਼ਨਲ ਭਾਈ ਮਰਦਾਨਾ ਵਿਸ਼ਵ ਕੀਰਤਨ ਦਰਬਾਰ ਸੋਸਾਇਟੀ ਵਲੋਂ 9 ਫਰਵਰੀ ਸੰਨ 1997 ਨੂੰ ਸ੍ਰੀ ਸਤਿਗੁਰੂ ਜੀ ਨੂੰ ਉਨ੍ਹਾਂ ਦੇ ਸੰਗੀਤ ਪ੍ਰਤੀ ਯੋਗਦਾਨ ਲਈ ਅਤੇ ਸਿੱਖ ਪਰੰਪਰਾ ਕੀਰਤਨ ਦੀਆਂ ਪੁਰਾਤਨ ਰੀਤਾਂ ਨੂੰ ਸੰਭਾਲਣ ਅਤੇ ਪਰਚਾਰਨ ਕਰ ਕੇ, ਭਾਈ ਮਰਦਾਨਾ ਯਾਦਗਾਰੀ ਸਨਮਾਨ ਦਿੱਤਾ ਗਿਆ। ਇਹ ਸਨਮਾਨ ਸੋਸਾਇਟੀ ਦੇ ਪ੍ਰਧਾਨ ਸ੍ਰ. ਹਰਪਾਲ ਸਿੰਘ ਭੁੱਲਰ ਅਤੇ ਬਾਬਾ ਸੁੱਚਾ ਸਿੰਘ ਜਵੱਦੀ ਕਲਾਂ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਭੇਂਟ ਕੀਤਾ ਗਿਆ।

4 ਨਵੰਬਰ ਸੰਨ 1999 ਨੂੰ ਸਰੋਦ-ਘਰ ਗਵਾਲੀਅਰ ਵਿਖੇ ਉਸਤਾਦ ਅਮਜ਼ਦ ਅਲੀ ਖਾਂ ਸਾਹਿਬ ਨੇ ਆਪਣੇ ਜਗਤ-ਪ੍ਰਸਿੱਧ ਸੰਗੀਤਕਾਰ ਪਿਤਾ ਅਤੇ ਗੁਰੂ ਉਸਤਾਦ ਹਾਫਿਜ਼ ਅਲੀ ਖਾਂ ਸਾਹਿਬ ਦੇ ਨਾਂ 'ਤੇ ਸਥਾਪਤ ਕੀਤੀ ਗਈ 'ਉਸਤਾਦ ਹਾਫਿਜ਼ ਅਲੀ ਖਾਂ ਮੈਮੋਰੀਅਲ ਸੋਸਾਇਟੀ ਵਲੋਂ ' ਪੂਜਯ ਸ੍ਰੀ ਸਤਿਗੁਰੂ ਜੀ ਨੂੰ ਪਿਆਰ ਤੇ ਸ਼ਰਧਾ ਨਾਲ 'ਸੰਗੀਤ ਮਨੀਸ਼ੀ' ਸਨਮਾਨ ਭੇਂਟ ਕੀਤਾ।

15 ਅਗਸਤ ਸੰਨ 2001 ਨੂੰ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਨਵੀ ਦਿੱਲੀ ਵਿਖੇ ਵਿਸ਼ਵ-ਹਿੰਦੂ ਪ੍ਰੀਸ਼ਦ ਵੱਲੋਂ ਸ੍ਰੀ ਸਤਿਗੁਰੂ ਜੀ ਨੂੰ ਰੂਹਾਨੀਅਤ, ਵਿਸ਼ਵ-ਭਾਈਚਾਰੇ ਅਤੇ ਸੰਸਾਰ ਅਮਨ ਲਈ ਬੇਮਿਸਾਲ ਕਾਰਜ ਕਰਨ ਕਾਰਨ 'ਧਰਮ-ਰਤਨ' ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸਿੱਖੀ ਦਾ ਬਹੁਤਾ ਫੈਲਾਅ ਹੋਇਆ ਹੈ। ਭਾਰਤ ਦੇਸ਼ ਤੋਂ ਇਲਾਵਾ ਅੱਜ ਦੁਨੀਆਂ ਦੇ ਕਰੀਬ ਸਾਰੇ ਦੇਸ਼ਾਂ ਵਿਚ- ਇੰਗਲੈਂਡ, ਕੈਨੇਡਾ, ਥਾਈਲੈਂਡ, ਕੀਨੀਆ, ਤਨਜਾਨੀਆ,

ਆਸਟਰੇਲੀਆ ਆਦਿਕ ਵਿਚ ਵੱਡੀ ਗਿਣਤੀ ਵਿਚ ਨਾਮਧਾਰੀ ਸਿੱਖ ਵਸ ਰਹੇ ਹਨ ਅਤੇ ਪ੍ਰਫੁੱਲਤ ਹੋ ਰਹੇ ਹਨ।

ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਹੀ ਹੈ ਕਿ ਅੱਜ ਨਾਮਧਾਰੀ ਪੰਥ ਦਾ ਰੁਤਬਾ ਸਿਖਰ ਦੀਆਂ ਬੁਲੰਦੀਆਂ ਛੂਹ ਰਿਹਾ ਹੈ।

"ਸਤਿਗੁਰੂ ਜਗਜੀਤ ਸਿੰਘ ਜੀ ਸਮਰੱਥ ਅਧਿਆਤਮਕ ਰਹਿਨੁਮਾ ਹਨ। ਆਪ ਜੀ ਦੇ ਸ਼ਰਧਾਲੂਆਂ ਵਿਚ ਸਹਿਜਧਾਰੀ ਸਿੱਖ ਵੀ ਹਨ। ਹਿੰਦੂ, ਮੁਸਲਮਾਨ ਅਤੇ ਈਸਾਈ ਵੀ ਹਨ। ਸ੍ਰੀ ਚਰਨਾਂ ਦੇ ਭੌਰੇ ਬਾਗੜ ਇਲਾਕੇ ਦੇ ਰਾਜਸਥਾਨੀ ਵੀ ਹਨ। ਆਪ ਜੀ ਕੇਵਲ ਧਾਰਮਿਕ ਗੁਰੂ ਹੀ ਨਹੀਂ ਸਗੋਂ ਆਦਰਸ਼ ਸਮਾਜ ਦੇ ਉਸਰੱਈਏ ਵੀ ਹਨ। ਬਹੁਮੁਖੀ ਵਿਕਾਸ ਲਈ ਸਫਲ ਮਾਰਗ ਦਰਸ਼ਕ ਹਨ।"

–ਸਰਬ ਕਲਾ ਸਮਰੱਥ (ਪੰਨਾ23) ਲੇਖਕ ਸੇਵਕ ਹਰਪਾਲ ਸਿੰਘ

ਸੰਨ 1954 ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚਿੱਤਰਗੁਪਤ ਰੋਡ ਦਿੱਲੀ ਵਿਖੇ, ਸੰਤ ਸੁੱਚਾ ਸਿੰਘ ਦੇ ਘਰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ, ਉੱਘੇ ਇਤਹਾਸਕਾਰ ਸ. ਨਾਹਰ ਸਿੰਘ ਨੂੰ ਇਹ ਬਚਨ ਆਖੇ,

"ਭਾਈ ਨਾਹਰ ਸਿੰਘ ਜੀ, ਵੱਡਾ ਕਾਕਾ ਕਲਾਧਾਰੀ ਚਿੰਤਨਵਾਨ ਹੈ। ਇਹ ਕਾਕਾ ਅਲੌਕਿਕ ਸ਼ਕਤੀਆਂ ਦਾ ਮਾਲਕ ਹੈ। ਇਹਦੇ ਸਮੇਂ ਸਿੱਖੀ ਬਹੁਤ ਵਧੇਗੀ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਲੌਕਿਕ ਸ਼ਖ਼ਸੀਅਤ ਬਾਰੇ ਜਾਣਕਾਰੀ ਦਾ ਸਾਰ ਤਾਂ ਸ੍ਰੀ ਭਗਵਾਨ ਦਾਸ ਵਰਮਾ ਮਹਾਂਰਾਸ਼ਟਰ ਦੀਆਂ ਨਿਮਨ ਲਿਖਤ ਸਤਰਾਂ ਵਿਚ ਸਮਾਇਆ ਹੋਇਆ ਹੈ।

"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਗੁਰੂ ਨਾਨਕ ਦੇਵ ਜੀ ਦੀ ਮਾਨਵਤਾ, ਗੁਰੂ ਗੋਬਿੰਦ ਸਿੰਘ ਜੀ ਦੀ ਵੀਰਤਾ ਅਤੇ ਗੁਰੂ ਰਾਮ ਸਿੰਘ ਜੀ ਦੀ ਦੇਸ਼ ਭਗਤੀ ਦਾ ਵਿਲੱਖਣ ਮਿਸ਼ਰਣ ਹਨ। ਆਪ ਵਿਚ ਚਿੰਤਨ ਅਤੇ ਕਰਮ ਇਕ ਸਾਥ ਹਨ।"

## ਬਾਗਬਾਨੀ

- ਮਹੱਤਤਾ
- ਤਵਾਰੀਖ਼
- ਬਾਗ਼ਬਾਨੀ ਦਾ ਸ਼ੌਕ ਤੇ ਜਾਣਕਾਰੀ
- ਬਾਗ਼ਬਾਨੀ ਬਾਰੇ ਵਿਚਾਰ
- ਵਿਕਾਸ ਵੱਲ ਕਦਮ
- ਡਾ. ਖੇਮ ਸਿੰਘ ਗਿੱਲ ਦਾ ਖਤ
- ਹਰਿਆਣਾ ਵਿਖੇ ਬਾਗ਼
- ਬੰਗਲੌਰ ਵਿਖੇ ਨਾਮਧਾਰੀ ਫ਼ਾਰਮ ਤੇ ਨਾਮਧਾਰੀ ਸੀਡਜ਼ ਕੰਪਨੀ
- ਪੰਜਾਬ ਵਿਖੇ ਬਾਗ਼
- ਹਿਮਾਚਲ ਵਿਖੇ ਬਾਗ਼
- ਸਿੰਘਾਂ ਦੇ ਆਪਣੇ ਬਾਗ਼
- ਫੁੱਲਾਂ ਦੇ ਬਾਗ਼

# ਬਾਗਬਾਨੀ
## ਮਹੱਤਤਾ

ਭਾਰਤ ਦੇ ਹਰ ਧਰਮ ਗ੍ਰੰਥ ਵਿਚ ਬਨਸਪਤੀ ਨੂੰ ਵਿਸ਼ੇਸ਼ ਸਥਾਨ ਦਿੱਤਾ ਹੋਇਆ ਹੈ। ਬਨਸਪਤੀ ਤੋਂ ਹੋਣ ਵਾਲੀ ਸਮੱਗਰੀ ਅਤੇ ਉਸ ਦੀ ਵਰਤੋਂ ਦਾ ਗਿਆਨ ਵੀ ਦਿੱਤਾ ਗਿਆ ਹੈ। ਇਥੋਂ ਤਕ ਕਿ ਦਰੱਖਤ ਤੋਂ ਉਸ ਦੇ ਪੱਤੇ, ਫਲ ਤੇ ਫੁੱਲ ਤੋੜਨ ਤੋ ਪਹਿਲਾਂ ਕੀਤੀ ਜਾਣ ਵਾਲੀ ਪ੍ਰਾਰਥਨਾ, ਮੰਤਰਾਂ ਦਾ ਗਿਆਨ ਦਿੱਤਾ ਗਿਆ ਹੈ।

ਬਾਗ਼ਬਾਨੀ ਦੇ ਵਿਕਾਸ ਦਾ ਕਾਰਜ ਮਨੁੱਖੀ ਜੀਵਨ ਦੀਆਂ ਲੋੜਾਂ ਨੂੰ ਧਿਆਨ ਵਿਚ ਰਖਦਿਆਂ, ਬਹੁਤ ਮਹੱਤਵਪੂਰਨ ਹੈ। ਰੁੱਖ, ਬੂਟੇ, ਫ਼ਲ, ਫੁੱਲ ਗੱਲ ਕੀ ਸਾਰੀ ਬਨਸਪਤੀ ਮਨੁੱਖੀ ਜੀਵਨ ਲਈ ਕਈ ਪ੍ਰਕਾਰ ਨਾਲ ਬਹੁਤ ਬਹੁਮੁੱਲੀ ਹੁੰਦੀ ਹੈ। ਰੁੱਖ ਹਵਾ ਵਿਚੋਂ ਕਾਰਬਨ-ਡਾਈ-ਆਕਸਾਈਡ ਲੈ ਕੇ ਆਕਸੀਜਨ ਬਾਹਰ ਛੱਡਦੇ ਹਨ, ਜੋ ਕਿ ਮਨੁੱਖ ਦੇ ਜਿਉਂਦੇ ਰਹਿਣ ਲਈ ਮੁੱਢਲੀਆਂ ਲੋੜਾਂ ਵਿਚੋਂ ਇਕ ਹੈ।

ਵਾਤਾਵਰਨ ਨੂੰ ਠੰਢਕ ਭਰਿਆ ਅਤੇ ਆਬੋ ਹਵਾ ਨੂੰ ਸ਼ੁੱਧ ਰੱਖ ਕੇ ਸਿਹਤ ਠੀਕ ਰੱਖਣ ਲਈ ਸਾਨੂੰ ਹਰਿਆਲੀ ਦੀ ਲੋੜ ਹੈ। ਸਮੁੱਚੇ ਵਿਸ਼ਵ ਵਿਚ ਤਾਪਮਾਨ ਦਾ ਵਾਧਾ ਹੋ ਰਿਹਾ ਹੈ, ਉਸ ਨੂੰ ਠੀਕ ਰੱਖਣ ਲਈ ਸੜਕਾਂ ਦੇ ਕਿਨਾਰੇ ਛਾਂਦਾਰ ਰੁੱਖ ਬੂਟੇ ਲਗਾਏ ਜਾਂਦੇ ਹਨ। ਸਿਆਣੇ ਲੋਕ ਆਉਣ ਵਾਲੀਆਂ ਨਸਲਾਂ ਲਈ ਰੁੱਖ, ਬੂਟੇ ਬੀਜਦੇ ਹਨ, ਇਹ ਸੋਚ ਕੇ ਕਿ ਕੋਈ ਨਾ ਕੋਈ ਇਸ ਦਾ ਫਾਇਦਾ ਉਠਾਏਗਾ।

ਹਰ ਤਰ੍ਹਾਂ ਦੇ ਰੁੱਖ ਮਨੁੱਖੀ ਸਿਹਤ ਲਈ ਮਹੱਤਵਪੂਰਨ ਕੀਮਤ ਰੱਖਦੇ ਹਨ। ਚੀਲ ਦੇ ਰੁੱਖ ਵਾਯੂ-ਮੰਡਲ ਨੂੰ ਸ਼ੁੱਧ ਰਖਦੇ ਹਨ। ਬੀਮਾਰਾਂ ਲਈ ਰੁੱਖ-ਬੂਟਿਆਂ ਦੀ ਹਵਾ ਉਨ੍ਹਾਂ ਦੇ ਸਿਹਤਮੰਦ ਹੋਣ ਲਈ ਸਹਾਇਕ ਹੁੰਦੀ ਹੈ।

ਹਿੰਦੂ ਧਰਮ ਦੇ ਪੈਰੋਕਾਰ ਪਿੱਪਲ ਦੀ ਪ੍ਰਕਰਮਾ ਕਰ ਕੇ ਅਤੇ ਪਾਣੀ ਪਾ ਕੇ, ਪੂਜਾ ਕਰਦੇ ਹਨ। ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵੇਖਿਆਂ ਪਤਾ ਚਲਦਾ ਹੈ ਕਿ ਸੂਰਜ ਦੀ ਕਿਰਨ, ਪੱਤੇ ਵਿਚੋਂ ਲੰਘ ਕੇ ਪਾਣੀ ਵਿਚੋਂ ਨਿਕਲਦੀ ਹੋਈ ਜਦੋਂ ਅੱਖ ਵਿਚ ਪੈਂਦੀ ਹੈ ਤਾਂ ਅੱਖਾਂ ਦੀ ਰੋਸ਼ਨੀ ਵਿਚ ਵਾਧਾ ਕਰਦੀ ਹੈ ।

ਤੁਲਸੀ ਦੇ ਤਾਂ ਅਨੇਕ ਗੁਣ ਹਨ । ਕਿਹਾ ਜਾਂਦਾ ਹੈ ਕਿ ਜਿਸ ਘਰ ਵਿਚ ਤੁਲਸੀ ਹੋਵੇ, ਉਸ ਘਰ ਵਿਚ ਸੁੱਖ ਤੇ ਖੁਸ਼ਹਾਲੀ ਆਪ ਹੀ ਆ ਜਾਂਦੀ ਹੈ। ਇਸ ਲਈ ਤੁਲਸੀ ਦੀ ਪੂਜਾ ਵੀ ਕੀਤੀ ਜਾਂਦੀ ਹੈ।

ਰਿਸ਼ੀਆਂ ਨੇ ਤੁਲਸੀ, ਪਿੱਪਲ ਤੇ ਬਰੋਟੇ ਦੇ ਦੱਰਖਤਾਂ ਨੂੰ ਸਮਾਜ ਨੂੰ ਸੰਭਾਲ ਕੇ ਰੱਖਣ ਦੀ ਹਦਾਇਤ ਦਿੱਤੀ । ਇਸੇ ਲਈ ਤਾਂ ਭਾਰਤੀ ਸਮਾਜ ਵਿਚ ਇਨ੍ਹਾਂ ਨੂੰ ਪੁੱਟਣਾ ਤੇ ਵੱਢਣਾ ਵਰਜਿਤ ਸਮਝਿਆ ਜਾਂਦਾ ਹੈ। ਇਹ ਸਾਰੇ ਬੂਟੇ ਧਰਤੀ ਲਈ ਆਕਸੀਜਨ ਗੈਸ ਪੈਦਾ ਕਰਦੇ ਹਨ। ਇਹ ਸੰਸਾਰ ਦੇ ਆਕਸੀਜਨ ਜਨਰੇਟਰ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਫਰਮਾਉਂਦੇ ਸਨ,

"ਸਾਡੇ ਮੁਲਕ ਵਿਚ ਪਿੱਪਲ ਦੀ ਪੂਜਾ ਕਿਉਂ ਹੈ ? ਲੋਕ ਮੱਥਾ ਟੇਕ ਆਉਂਦੇ ਨੇ , ਪਾਣੀ ਪਾ ਆਉਂਦੇ ਨੇ- ਪਤਾ ਕੁਝ ਨਹੀਂ। ਡਾਕਟਰ ਪਰਸਰਾਮ ਜੀ ਇੱਕ ਡਿਚਕੋਟ ਹੁੰਦੇ ਸਨ ਲਾਇਲਪੁਰ ਦੇ ਜ਼ਿਲ੍ਹੇ 'ਚ। ਉਹ ਮਿਲਟਰੀ ਵਿੱਚ ਰਹੇ। ਉਹਨਾਂ ਮੈਨੂੰ ਦੱਸਿਆ ਕਿ ਲਾਹੌਰ ਵਿਚ ਮਲੇਰੀਆ ਬਹੁਤ ਪੈਂਦਾ ਸੀ। ਛਾਉਣੀ ਵਿਚ ਇੱਕ ਅੰਗਰੇਜ਼ ਡਾਕਟਰ ਆਇਆ ਜਿਹਨੇ ਪਿੱਪਲ ਲਗਵਾਏ ਔਰ ਉਹ ਸਜ਼ਾ ਦੇ ਦੇਂਦਾ ਸੀ ਜੇ ਕੋਈ ਪਿੱਪਲ ਦੀ ਟਾਹਣੀ ਕੱਟੇ। ਉਨ੍ਹਾਂ ਪਿੱਪਲਾਂ ਦੇ ਲੱਗਣ ਨਾਲ ਮਲੇਰੀਆਂ ਬੁਖਾਰ ਬੰਦ ਹੋ ਗਿਆ। ਹੁਣ ਵੀ ਸਾਡੇ 'ਚ ਮਸ਼ਹੂਰ ਗੱਲ ਹੈ, ਕਿ ਜਿਸਨੂੰ ਵਾਰੀ ਦਾ ਬੁਖਾਰ-ਤੇਈਆ ਚੜ੍ਹੇ, ਉਹ ਪਿੱਪਲ ਦੀ ਦਾਤਣ ਕਰੇ ਤੇ ਬੁਖਾਰ ਉੱਤਰ ਜਾਂਦਾ ਹੈ। ਗੁਣ ਤੇ ਭੁੱਲ ਗਿਆ ਪਿੱਪਲ ਦਾ, ਮੱਥਾ ਟੇਕਣਾ ਯਾਦ ਰਹਿ ਗਿਆ।

ਤੁਲਸੀ ਨੂੰ ਕਿਉਂ ਮੱਥਾ ਟੇਕਿਆ ਜਾਂਦੈ। ਮੈਂ ਅੱਠ ਸਾਲ ਪੂਰੇ, ਰੋਜ਼ ਦੇ ਦੋ ਚਾਰ ਪੱਤੇ ਛਕਦਾ ਰਿਹਾਂ, ਮੈਨੂੰ ਪਤਾ ਹੈ ਕਿ ਅੱਠ ਸਾਲ ਬੁਖਾਰ ਨਹੀਂ ਚੜ੍ਹਿਆ ਔਰ ਸੰਗ੍ਰਹਿਣੀ ਤੁਲਸੀ ਹਟਾ ਦਿੰਦੀ ਹੈ। "

-ਲਾਲ ਏਹਿ ਰਤਨ ਭਾਗ ਤੀਜਾ ( ਪੰਨਾ 59-60)

ਇੰਜ ਸਾਰੇ ਬੂਟੇ ਸਿਰਫ ਸੁੰਦਰ ਦ੍ਰਿਸ਼ ਹੀ ਨਹੀਂ ਪੇਸ਼ ਕਰਦੇ ਸਗੋਂ ਇਨ੍ਹਾਂ ਦਾ ਡਾਕਟਰੀ ਮਹੱਤਵ ਵੀ ਹੈ ਅਤੇ ਇਨ੍ਹਾਂ ਦੀ ਮਹਿਕ ਵੀ ਆਪਣੀ ਇਕ ਅਹਿਮੀਅਤ ਰੱਖਦੀ ਹੈ।

ਆਪਣੇ ਧਾਰਮਿਕ ਅਕੀਦੇ ਅਨੁਸਾਰ ਹਿੰਦੂ ਇਸਤਰੀਆਂ ਆਪਣੇ ਅਖੰਡ ਸੁਹਾਗ ਤੇ ਉਸ ਦੀ ਲੰਮੀ ਉਮਰ ਲਈ ਬੋਹੜ ਦੇ ਰੁੱਖ ਦੀ ਪੂਜਾ ਕਰਦੀਆਂ ਹਨ। ਬੋਹੜ ਦੇ ਰੁੱਖ ਦੀ ਉਮਰ ਬਹੁਤ ਲੰਮੀ ਹੁੰਦੀ ਹੈ।

ਆਂਵਲੇ ਦੇ ਗੁਣਾਂ ਤੋਂ ਵੀ ਅਸੀਂ ਭਲੀ-ਭਾਂਤ ਜਾਣੂੰ ਹਾਂ।

ਦੱਸਿਆ ਜਾਂਦਾ ਹੈ ਕਿ ਘਰਾਂ ਵਿਚ ਅਨਾਰ, ਕਠਲ, ਨਾਗਕੇਸਰ ਦੇ ਬੂਟੇ ਸ਼ੁੱਭ ਹੁੰਦੇ ਹਨ। ਅਸਲ ਵਿਚ ਇਹ ਫਲ, ਸਬਜ਼ੀ ਅਤੇ ਦਵਾਈ ਲਈ ਵੀ ਵਰਤੇ ਜਾਂਦੇ ਹਨ। ਇਸੇ ਵਾਂਗ ਚਮੇਲੀ ਅਤੇ ਗੁਲਾਬ ਆਦਿ ਖੁਸ਼ਬੂ ਭਰਿਆ ਵਾਤਾਵਰਣ ਬਣਾਉਂਦੇ ਹਨ। ਕੇਲਾ ਅਤੇ ਅੰਬ ਆਦਿ ਜੋ ਕਿ ਬਹੁਤ ਲਾਹੇਵੰਦ ਹੁੰਦੇ ਹਨ, ਅਕਸਰ ਘਰ ਦੇ ਵਿਚ ਜਾਂ ਆਲੇ ਦੁਆਲੇ ਉਗਾਏ ਜਾਂਦੇ ਹਨ।

ਸਮਾਜ ਵਿਚ ਅਜਿਹੀ ਮੰਨਤ ਵੀ ਹੈ ਕਿ ਜਿਸ ਘਰ ਵਿਚ ਹਰਿਆ ਭਰਿਆ ਮਨੀ ਪਲਾਂਟ ਹੁੰਦਾ ਹੈ, ਉਥੇ ਲਕਸ਼ਮੀ ਦੀ ਕਮੀ ਨਹੀਂ ਹੁੰਦੀ। ਅਰਜੁਨ ਦਾ ਦਰੱਖਤ ਵੀ ਬਹੁਤ ਲਾਹੇਵੰਦ ਹੁੰਦਾ ਹੈ। ਜੋਤਿਸ਼ ਵਿਗਿਆਨ ਨੇ ਵੀ ਬਹੁਤੇ ਦਰੱਖਤਾਂ-ਬੂਟਿਆਂ ਨੂੰ ਨਕਸ਼ਤਰਾਂ ਨਾਲ ਜੋੜਿਆ ਹੋਇਆ ਹੈ। ਰਾਸ਼ੀਆਂ ਦੇ ਹਿਸਾਬ ਨਾਲ ਪਿੱਪਲ ਬ੍ਰਹਸਪਤ, ਕਿੱਕਰ ਸ਼ਨੀ, ਨਿੰਮ ਸ਼ੁੱਕਰ, ਢੱਕ ਬੁੱਧ, ਡੇਕ ਮੰਗਲ ਗ੍ਰਹਿ ਹੁੰਦੇ ਹਨ। ਫਲਾਂ ਵਿਚੋਂ ਕੇਲੇ ਕੇਤੂ, ਬੇਰ ਸ਼ਨੀ,ਸੇਬ ਮੰਗਲ, ਅੰਬ ਬੁੱਧ ਤੇ ਬ੍ਰਹਸਪਤ ਹੁੰਦੇ ਹਨ। ਇੰਜ ਜੋਤਿਸ਼ ਵਿਗਿਆਨ ਵਿਚ ਸਾਰੇ ਦਰਖੱਤਾਂ, ਬੂਟਿਆਂ, ਫਲਾਂ, ਫੁੱਲਾਂ ਤੇ ਸਬਜ਼ੀਆਂ ਆਦਿ ਨੂੰ ਰਾਸ਼ੀਆਂ ਦੇ ਹਿਸਾਬ ਨਾਲ ਦੇਖਿਆ ਜਾਂਦਾ ਹੈ।

ਖੱਟੀ ਦੇ ਫ਼ਲਾਂ ਨਾਲ ਇਸ਼ਨਾਨ ਕਰਨ ਉਪਰੰਤ ਕੇਸ ਬਹੁਤ ਮੁਲਾਇਮ ਹੋ ਜਾਂਦੇ ਹਨ ਤੇ ਇੰਜ ਮਹਿਸੂਸ ਹੋਣ ਲਗਦਾ ਹੈ ਜਿਵੇਂ ਕੇਸਾਂ ਵਿਚ ਕੋਈ ਬਹੁਮੁੱਲੀ ਤੇ ਖੁਸ਼ਬੂਦਾਰ ਵਾਲਾਂ ਨੂੰ ਤਾਕਤ ਦੇਣ ਵਾਲੀ ਦਵਾਈ ਜਾਂ ਤੇਲ ਲਗਾਇਆ ਗਿਆ ਹੋਵੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਖੱਟੀ ਦੇ ਫ਼ਲਾਂ ਤੇ ਖੋਪੇ ਦੇ ਮਿਸ਼ਰਣ ਨਾਲ ਕੇਸ-ਇਸ਼ਨਾਨ ਕਰਦੇ ਹਨ।

ਨਿੰਮ ਦੇ ਪੱਤੇ ਚਮੜੀ ਰੋਗ ਨੂੰ ਠੀਕ ਕਰਦੇ ਹਨ। ਨਿੰਮ ਦੀ ਦਾਤਣ ਕਰਨ ਨਾਲ ਦੰਦ ਠੀਕ ਰਹਿੰਦੇ ਹਨ। ਖੇਤੀ ਬਾੜੀ ਵਿਚ ਫਸਲਾਂ ਵਾਸਤੇ ਨਿੰਮ ਦੀ ਖਾਦ ਨੂੰ ਦੇਸੀ (organic) ਖਾਦ ਵਜੋਂ ਖੇਤਾਂ ਵਿਚ ਵਰਤਿਆ ਜਾਂਦਾ ਹੈ। ਇਸ ਦੇ ਤੇਲ ਨੂੰ ਸਬਜੀਆਂ ’ਤੇ ਛਿੜਕ ਕੇ ਕੀਟ ਨਾਸ਼ਕ ਵਜੋਂ ਵਰਤਿਆ ਜਾਂਦਾ ਹੈ। ਇਸ ਦੇ ਪ੍ਰਭਾਵ ਨਾਲ ਪੌਦਿਆਂ ‘ਤੇ ਕੀੜਾ ਨਹੀਂ ਆਉਂਦਾ।

ਸਾਰੀਆਂ ਕਿਸਮਾਂ ਦੇ ਫ਼ਲ ਅਤੇ ਸਬਜ਼ੀਆਂ ਸਾਡੀ ਸਿਹਤ ਲਈ ਕਿੰਨੇ ਲਾਭਦਾਇਕ ਹੁੰਦੇ ਹਨ, ਇਹ ਅਸੀਂ ਭਲੀ-ਭਾਂਤ ਜਾਣਦੇ ਹੀ ਹਾਂ। ਬਨਸਪਤੀ ਵਿਚਲਾ ਕੋਈ ਵੀ ਪੌਦਾ ਜਾਂ ਰੁੱਖ ਅਜਿਹਾ ਨਹੀਂ ਹੁੰਦਾ, ਜਿਹੜਾ ਕਿਸੇ ਕੰਮ ਨਾ ਆਉਂਦਾ ਹੋਵੇ, ਬਸ ਸਾਨੂੰ ਗਿਆਨ ਹੋਣਾਂ ਚਾਹੀਦਾ ਹੈ।

ਹਰ ਤਰ੍ਹਾਂ ਦੇ ਫਲਾਂ ਨਾਲ ਕਈ ਬੀਮਾਰੀਆਂ ਦੂਰ ਹੁੰਦੀਆਂ ਹਨ। ਕਿੰਨੂ, ਅਮਰੂਦ, ਅਨਾਰ, ਨਿੰਬੂ, ਆਂਵਲਾ, ਕੇਲਾ, ਅੰਬ, ਸੇਬ, ਨਾਸ਼ਪਤੀ ਆਦਿ ਹਰ ਫਲ ਕਿਸੇ ਨਾ ਕਿਸੇ ਤਰ੍ਹਾਂ ਸਿਹਤ ਪੱਖੋਂ ਕੰਮ ਆਉਂਦਾ ਹੈ।

ਜਾਮਨ ਦੇ ਪੱਤੇ ਤੇ ਫ਼ਲ, ਸ਼ੂਗਰ ਦੀ ਬੀਮਾਰੀ ਨੂੰ ਠੀਕ ਕਰਨ ਵਿਚ ਸਹਾਇਕ ਹੁੰਦੇ ਹਨ।

ਪੰਛੀ ਤੇ ਜਾਨਵਰ ਵੀ ਮੇਵੇ ਤੇ ਫਲਾਂ ਦੇ ਬੂਟਿਆਂ ਤੋਂ ਖੁਰਾਕ ਲੈਂਦੇ ਹਨ।

ਵੱਡੇ ਵੱਡੇ ਧਾਰਮਕ ਅਸਥਾਨਾਂ ’ਤੇ ‘ਗੁਰੂ ਕਾ ਬਾਗ’ ਲਵਾਏ ਹੋਏ ਅਸੀਂ ਵੇਖਦੇ ਹਾਂ। ਅਧਿਆਤਮਕ ਪੱਖੋਂ ਜੇ ਦੇਖਿਆ ਜਾਵੇ ਤਾਂ ਮਹਾਂਪੁਰਸ਼ਾਂ, ਰਿਸ਼ੀਆਂ, ਮੁਨੀਆਂ ਦੀ ਜ਼ਿਆਦਾਤਰ ਖੁਰਾਕ ਫਲਾਂ ਦੀ ਹੀ ਹੁੰਦੀ ਸੀ ਕਿਉਂਕਿ ਇਹ ਸਾਤਵਿਕ ਖੁਰਾਕ ਮੰਨੀ ਜਾਂਦੀ ਹੈ।

ਜਾਪਾਨੀ ਲੋਕ ਬਾਗ਼ਬਾਨੀ ਨੂੰ ਧਰਮ-ਕਰਮ ਦਾ ਹੀ ਇਕ ਹਿੱਸਾ ਮੰਨਦੇ ਹਨ ਅਤੇ ਕੁਦਰਤ ਤੇ ਕਲਾ ਦੇ ਵੱਡੇ ਪ੍ਰੇਮੀ ਹਨ। ਇਨ੍ਹਾਂ ਦੁਆਰਾ ਲਗਾਏ ਗਏ ਬਗ਼ੀਚਿਆਂ ਨੂੰ ਵੇਖਦਿਆਂ ਇਕਦਮ ਪਹਿਲਾ ਪ੍ਰਭਾਵ ਇਹੀ ਪੈਂਦਾ ਹੈ, ਜਿਵੇਂ ਇਹ ਕੁਦਰਤ ਵਲੋਂ ਬਣਾਇਆ ਗਿਆ ਕੋਈ ਕੁਦਰਤੀ ਨਜ਼ਾਰਾ ਹੀ ਹੋਵੇ।

# ਤਵਾਰੀਖ਼

ਭਾਰਤ ਵਿਚ ਬਾਗ਼ਬਾਨੀ ਦਾ ਹੁਨਰ ਬਹੁਤ ਪੁਰਾਤਨ ਸਮੇਂ ਤੋਂ ਜਾਰੀ ਹੈ। ਭਾਰਤ ਦੇ ਵੱਖੋ ਵੱਖ ਹਿੱਸਿਆਂ ਵਿਚ ਅਨੇਕ ਬਹੁਤ ਵਧੀਆ, ਸੁੰਦਰ ਅਤੇ ਦਿਲ-ਖਿੱਚਵੇਂ ਬਾਗ਼-ਬਗ਼ੀਚੇ ਬਣੇ ਹੋਏ ਹਨ। ਇਨ੍ਹਾਂ ਬਾਗ਼ਾਂ ਦਾ ਮਾਹੌਲ ਸੁੰਦਰ ਦਿਲ ਖਿੱਚਵੀਂ ਲੈਂਡਸਕੇਪ ਨਾਲ ਮਹਿਕਿਆ ਹੋਇਆ ਹੈ।

ਜਾਪਾਨੀ ਢੰਗ ਦੇ ਬਗ਼ੀਚੇ ਮਸ਼ਹੂਰ ਹਨ ਪਰ ਖੋਜੀ ਦੱਸਦੇ ਹਨ ਕਿ ਜਾਪਾਨੀਆਂ ਨੇ ਬਾਗ਼ਬਾਨੀ ਦਾ ਹੁਨਰ ਬਹੁਤ ਸਾਲ ਪਹਿਲਾਂ ਭਾਰਤ ਤੋਂ ਹੀ ਸਿੱਖਿਆ ਕਿਉਂ ਜੋ ਬੋਧੀ ਭਿਖਸ਼ੂਆਂ ਨੇ ਭਾਰਤ 'ਚ ਆਪਣੇ ਪੂਜਾ ਅਸਥਾਨਾਂ ਦੁਆਲੇ ਬਗੀਚਾ ਬਣਾਉਣ ਦੀ ਰੀਤ ਸ਼ੁਰੂ ਕੀਤੀ ਅਤੇ ਇਥੋਂ ਚੀਨ, ਕੋਰੀਆ ਹੁੰਦਾ ਹੋਇਆ, ਇਹ ਹੁਨਰ ਜਾਪਾਨ ਪਹੁੰਚ ਗਿਆ।

ਭਾਰਤ ਦੇ ਪੰਜਾਬ ਰਾਜ ਵਿਚ ਸ੍ਰੀ ਭੈਣੀ ਸਾਹਿਬ (ਜ਼ਿਲ੍ਹਾ ਲੁਧਿਆਣਾ) ਵਿਖੇ ਰਾਮਸਰ ਅਤੇ ਬਾਗ਼ ਵਾਲੀ ਕੋਠੀ ਵਿਚ ਲਗੇ ਹੋਏ ਪੁਰਾਣੇ ਵਡਮੁੱਲੇ ਦਰਖਤਾਂ, ਝਾੜੀਆਂ, ਬੂਟਿਆਂ, ਫ਼ਲਾਂ ਤੇ ਫੁੱਲਾਂ ਨੂੰ ਵੇਖ ਕੇ ਪਤਾ ਲਗਦਾ ਹੈ ਕਿ ਸਤਿਗੁਰੂ ਸਾਹਿਬਾਨ ਨੇ ਬਾਗ਼ਬਾਨੀ ਦੀ ਅਹਿਮੀਅਤ ਨੂੰ ਸਮਝਦਿਆਂ, ਬਾਗ਼ਬਾਨੀ ਦੇ ਕੰਮ ਨੂੰ, ਆਪੋ ਆਪਣੇ ਵੇਲਿਆਂ ਵਿਚ ਮੁੱਖ ਰੱਖਿਆ ਹੈ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਤਪ ਅਸਥਾਨ 'ਬਾਗ਼ ਵਾਲੀ ਕੋਠੀ' ਵਿਚ ਲੱਗੇ ਹੋਏ ਚੀਲ, ਸਫੈਦੇ, ਖੱਟੀ, ਗੋਰਕਸ਼-ਕਰਖੱਟੀ, ਮੌਲਸਿਰੀ, ਕੇਸੂ, ਕਰੌਂਦਾ, ਚਕੋਦਰਾ, ਲੀਚੀ, ਚੰਪਾ ਸਫੈਦ ਵੱਡਾ, ਚੰਪਾ ਪੀਲਾ, ਚੰਪੀ ਇਤਿਆਦ ਦੇ ਪੁਰਾਤਨ ਰੁੱਖ ਲੱਗੇ ਹੋਏ ਸਨ। ਇਨ੍ਹਾਂ ਵਿਚੋਂ ਕੁਝ ਹੁਣ ਵੀ ਲੱਗੇ ਹੋਏ ਹਨ।

ਇਨ੍ਹਾਂ ਪੌਦਿਆਂ ਅਤੇ ਰੁੱਖਾਂ ਉਤੇ ਉਨ੍ਹਾਂ ਦਾ ਇਤਿਹਾਸ ਵੀ ਲਿਖਿਆ ਮਿਲਦਾ ਸੀ ਕਿ ਕਿੱਥੋਂ ਆਏ, ਕਦੋਂ ਆਏ, ਕਿਤਨੇ ਆਏ ਅਤੇ ਉਨ੍ਹਾਂ ਵਿਚੋਂ ਕਿਤਨੇ ਜਿਉਂਦੇ ਹਨ, ਜਿਹੜਾ ਇਸ ਗੱਲ ਨੂੰ ਸਿੱਧ ਕਰਦਾ ਹੈ ਕਿ ਇਹ ਬੜੀ ਰੀਝ ਨਾਲ ਲਗਾਏ ਗਏ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਗ਼ਬਾਨੀ ਅਤੇ ਕੀਮਤੀ ਬੂਟਿਆਂ ਦੀ ਕਦਰ ਕਰਦੇ ਰਹੇ । ਅਜੋਕੇ ਸਮੇਂ ਵਿਚ ਕੋਠੀ ਵਿਚ ਇਕ ਬੋਰਡ ਲਗਾ ਹੋਇਆ ਹੈ, ਜਿਸ 'ਤੇ ਇਸ ਪ੍ਰਕਾਰ ਲਿਖਿਆ ਹੋਇਆ ਹੈ -

| | |
|---|---|
| ਸਫੈਦੇ | 1935 ਵਿਚ 7 ਲਾਏ। ਚਾਰ ਪਹਿਲਾਂ ਮਰੇ ,ਦੋ ਫੇਰ, 2 ਬਾਕੀ (ਇਹ ਵੀ ਮਰ ਗਏ) |
| ਚੀਲਾਂ | 1935 |
| ਗੋਰਕਸ਼ ਕਰਖੱਟੀ | 1935 |
| ਖੱਟੀ | 1934 (ਬੰਕੌਕ) |
| ਮੌਲਸਰੀ | 1936 |
| ਚੰਪਾਂ ਸਫੈਦ ਵੱਡਾ | 1936 |
| ਚੰਪੀ | 1936 |
| ਚੰਪਾ ਪੀਲਾ | 1950 (ਬੰਕੌਕ) |

ਚੀਲਾਂ, ਮੌਲਗਿਰੀ, ਅੰਬ ਤੇ ਲੀਚੀ ਆਦਿ ਦੇ ਦਰਖੱਤ ਹੁਣ ਵੀ ਕੋਠੀ ਵਿਚ ਲੱਗੇ ਹੋਏ ਹਨ। ਇਥੇ ਲੱਗੇ ਹੋਏ ਅੰਬ ਬਹੁਤ ਮਿੱਠੇ ਹੁੰਦੇ ਹਨ। ਸ੍ਰੀ ਸਤਿਗੁਰੂ ਜੀ ਇਨ੍ਹਾਂ ਅੰਬਾਂ ਨੂੰ ਬਹੁਤ ਪਸੰਦ ਕਰਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ, ਪੰਜਾਬ ਵਿਚ ਸ੍ਰੀ ਭੈਣੀ ਸਾਹਿਬ ਤੇ ਰਾਈਆਂ ਵਿਖੇ, ਹਰਿਆਣਾ ਵਿਚ ਮਸਤਾਨਗੜ੍ਹ, ਟਿੱਬਾ ਅਤੇ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ, ਕਰਨਾਟਕ ਵਿਚ ਬੰਗਲੌਰ

ਵਿਖੇ, ਅਤੇ ਹਿਮਾਚਲ ਵਿਚ ਮੰਡੀ, ਅਤੇ ਕੁੱਲੂ-ਮਨਾਲੀ ਆਦਿ ਅਸਥਾਨਾਂ ’ਤੇ ਸ੍ਰੀ ਸਤਿਗੁਰੂ ਜੀ ਦੇ ਬਾਗ਼ ਹਨ, ਜਿਨ੍ਹਾਂ ਵਿਚ ਹਰ ਤਰ੍ਹਾਂ ਦੇ ਫ਼ਲਦਾਰ ਬੂਟੇ ਮਿਲਦੇ ਹਨ।

ਸ੍ਰੀ ਸਤਿਗੁਰੂ ਜੀ ਬਾਗ਼ਬਾਨੀ ਦੇ ਮਹੱਤਵ ਨੂੰ ਭਲੀ-ਭਾਂਤ ਜਾਣਦਿਆਂ, ਇਸ ਪਾਸੇ ਵੱਲ ਪੂਰਾ ਧਿਆਨ ਦੇ ਰਹੇ ਹਨ। ਆਪ ਚਾਹੁੰਦੇ ਹਨ ਕਿ ਨਾਮਧਾਰੀ ਸਿੰਘ ਵੀ ਬਾਗ਼ਬਾਨੀ ਵਿਚ ਦਿਲਚਸਪੀ ਲੈਂਦਿਆਂ ਇਸ ਪਾਸੇ ਵੱਲ ਵਧੇਰੇ ਧਿਆਨ ਦੇਣ। ਇਹੀ ਕਾਰਣ ਹੈ ਕਿ ਜਿੱਥੇ ਸ੍ਰੀ ਸਤਿਗੁਰੂ ਜੀ ਦੇ ਬਾਗ਼ਾਂ ਦਾ ਵਿਕਾਸ ਹੋਇਆ ਹੈ ਉਥੇ ਸ੍ਰੀ ਸਤਿਗੁਰੂ ਜੀ ਦੁਆਰਾ ਨਿਜੀ ਦਿਲਚਸਪੀ ਲੈਣ ਦੇ ਫ਼ਲਸਰੂਪ ਅਧਿਕਤਰ ਨਾਮਧਾਰੀ ਸਿੰਘਾਂ ਦੇ ਆਪੋ ਆਪਣੇ ਵੱਖ ਵੱਖ ਤਰ੍ਹਾਂ ਦੇ ਫ਼ਲਾਂ ਤੇ ਫੁੱਲਾਂ ਦੇ ਬਾਗ਼ ਹਨ। ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਨਾਮਧਾਰੀ ਸਮਾਜ ਵਿਚ ਫਲਾਂ, ਫੁੱਲਾਂ, ਬੂਟਿਆਂ ਅਤੇ ਰੁੱਖਾਂ ਪ੍ਰਤੀ ਕਾਫੀ ਉਤਸ਼ਾਹ ਤੇ ਦਿਲਚਸਪੀ ਬਣੀ ਹੋਈ ਹੈ।

## ਬਾਗ਼ਬਾਨੀ ਵਿਚ ਰੁਚੀ ਤੇ ਜਾਣਕਾਰੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹਰਿਆਵਲ ਅਤੇ ਕੁਦਰਤ ਨਾਲ ਲਗਾਵ ਹੈ। ਆਪ ਤਰ੍ਹਾਂ ਤਰ੍ਹਾਂ ਦੇ ਬੂਟੇ ਲਵਾਉਣ ਦਾ ਸ਼ੌਕ ਰੱਖਦੇ ਹਨ। ਆਪ ਜਦ ਬਾਗ਼ਾਂ ਵਿਚ ਚਰਨ ਪਾਉਂਦੇ ਹਨ ਤਾਂ ਇਕੱਲੇ ਇਕੱਲੇ ਬੂਟੇ ਨੂੰ ਧਿਆਨ ਨਾਲ ਵੇਖਦੇ ਹਨ ਕਿ ਕੋਈ ਬੂਟਾ ਕਮਜ਼ੋਰ ਤਾਂ ਨਹੀਂ।

“ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਾਗ਼ਬਾਨੀ ਵਿਚ ਖਾਸ ਦਿਲਚਸਪੀ, ਉਨ੍ਹਾਂ ਦਾ ਅੱਧੀ ਸਦੀ ਦਾ ਤਜਰਬਾ, ਫ਼ਲ ਉਗਾਉਣ ਵਿਚ ਉਨ੍ਹਾਂ ਦੀ ਰੁਚੀ ਨੇ ਉਨ੍ਹਾਂ ਨੂੰ ਇਕ ਜ਼ਿੰਦਾ ਬਾਗ਼ਬਾਨੀ ਦੀ ਯੂਨੀਵਰਸਿਟੀ ਬਣਾਇਆ ਹੋਇਆ ਹੈ।”

ਇਹ ਵਿਚਾਰ ਬਾਗ਼ਾਂ ਅਤੇ ਖੇਤਾਂ ਦਾ ਸਰਵੇ ਕਰਣ ਉਪ੍ਰੰਤ, ਆਪਣੀ ਰਿਪੋਰਟ ਵਿਚ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਹਾਰਟੀ-ਕਲਚਰ ਵਿਭਾਗ ਦੇ ਮਾਹਿਰਾਂ ਨੇ ਪੇਸ਼ ਕੀਤੇ। ਇਸ ਵਿਭਾਗ ਦੇ ਮੁਖੀ ਡਾ ਅਪਾਰ ਸਿੰਘ ਬਿੰਦਰਾ ਅਨੁਸਾਰ,

“ਸਬਜੀਆਂ, ਫ਼ਲ, ਫੁੱਲ ਉਗਾਉਣ ਅਤੇ ਗਊ ਪਾਲਣ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਣ ਦਾ ਸਾਨੀ ਦੁਨੀਆਂ ਦੇ ਕਿਸੇ ਕੋਨੇ ਵਿਚ ਨਹੀਂ।”

ਸ੍ਰੀ ਸਤਿਗੁਰੂ ਜੀ ਬਾਗ਼ਬਾਨੀ ਦੇ ਵੱਡੇ ਵੱਡੇ ਮਾਹਿਰਾਂ ਲਈ ਕਸ਼ਿਸ਼ ਰਖਦੇ ਹਨ, ਜਿਨ੍ਹਾਂ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਭਾਰਤੀ ਬਾਗ਼ਬਾਨੀ ਖੋਜ ਸੰਸਥਾ ਅਤੇ ਭਾਰਤੀ ਖੇਤੀਬਾੜੀ ਕੌਂਸਲ ਲੁਧਿਆਣਾ, ਹਰਿਆਣਾ ਖੇਤੀਬਾੜੀ ਯੂਨੀਵਰਸਿਟੀ, ਕਰਨਾਟਕ ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨ ਸ਼ਾਮਲ ਹਨ। ਸ੍ਰੀ ਸਤਿਗੁਰੂ ਜੀ ਇਨ੍ਹਾਂ ਸਾਇੰਸਦਾਨਾਂ ਨੂੰ ਆਪਣੇ ਤਜ਼ਰਬਿਆਂ ਅਨੁਸਾਰ ਬਾਗ਼ਬਾਨੀ ਬਾਰੇ ਕੋਈ ਨਾ ਕੋਈ ਨਵੀਂ ਗਿਆਨਵਰਧਕ ਗੱਲ ਦੱਸਦੇ ਰਹਿੰਦੇ ਹਨ।

ਸ੍ਰੀ ਸਤਿਗੁਰੂ ਜੀ ਦੀ ਇਕ ਵਿਸ਼ੇਸ਼ਤਾ ਜੋ ਤਕਨੀਕੀ ਮਾਹਿਰਾਂ ਨੂੰ ਵੇਖਣ ਨੂੰ ਮਿਲੀ ਹੈ, ਉਹ ਇਹ ਹੈ ਕਿ ਸੱਚੇ ਪਾਤਸ਼ਾਹ ਜੀ ਹਰ ਨਿੱਕੀ ਵੱਡੀ ਗੱਲ ਨੂੰ ਬੜੇ ਧਿਆਨ ਨਾਲ ਸੁਣਦੇ ਅਤੇ ਵਿਚਾਰਦੇ ਹਨ ਅਤੇ ਹਰ ਨਵਾਂ ਤਕਨੀਕੀ ਸ਼ਬਦ ਬੜੀ ਛੇਤੀ ਗ੍ਰਹਿਣ ਕਰ ਲੈਂਦੇ ਹਨ। ਕੋਈ ਵੀ ਵਿਗਿਆਨੀ ਤੇ ਮਾਹਿਰ ਵਿਅਕਤੀ ਜਦੋਂ ਹਜ਼ੂਰ ਨਾਲ ਕਿਸੇ ਤਕਨੀਕੀ ਵਿਸ਼ੇ ’ਤੇ ਗੱਲਬਾਤ ਕਰਦਾ ਹੈ ਤਾਂ ਉਸ ਨੂੰ ਪਤਾ ਲਗਦਾ ਹੈ ਕਿ ਸ੍ਰੀ ਸਤਿਗੁਰੂ ਜੀ ਇਸ ਵਿਸ਼ੇ ਦੀ ਜਾਣਕਾਰੀ ਹੀ ਨਹੀਂ ਰੱਖਦੇ ਸਗੋਂ ਇਸ ਵਿਚ ਮਾਹਿਰ ਹਨ।

ਜਿਥੇ ਕਿਧਰੇ ਸ੍ਰੀ ਸਤਿਗੁਰੂ ਜੀ ਕੋਈ ਵਧੀਆ ਬਾਗ਼ ਲੱਗਿਆ ਵੇਖਦੇ ਹਨ, ਉਸ ਦੇ ਮਾਲਕ ਤੋਂ ਉਸ ਬਾਰੇ ਕਈ ਸਵਾਲ ਕਰ ਕੇ ਪੁੱਛ ਤਾਛ ਕਰ ਲੈਂਦੇ ਹਨ। ਇਸੇ ਤਰ੍ਹਾਂ ਰਾਸ਼ਟਰੀ ਅਤੇ ਰਾਜ-ਪੱਧਰ ਤੇ ਲੱਗੀਆਂ ਫ਼ਲ ਪ੍ਰਦਰਸ਼ਨੀਆਂ ਨੂੰ ਸ੍ਰੀ ਸਤਿਗੁਰੂ ਜੀ ਦਿਲਚਸਪੀ ਅਤੇ ਧਿਆਨ ਨਾਲ ਵੇਖਦੇ ਹਨ।

ਜਿਵੇਂ ਹੀਰੇ ਦੀ ਕਦਰ ਸਿਰਫ਼ ਜੌਹਰੀ ਹੀ ਜਾਣ ਸਕਦਾ ਹੈ ਤਿਵੇਂ ਸੱਚੇ ਪਾਤਸ਼ਾਹ ਜੀ ਹਰ ਖੇਤਰ ਚਾਹੇ ਉਹ ਖੇਡਾਂ ਦਾ ਹੋਵੇ ਜਾਂ ਸਾਹਿਤ ਦਾ ਹੋਵੇ, ਸੰਗੀਤ ਦਾ ਹੋਵੇ ਤੇ ਜਾਂ ਬਾਗ਼ਬਾਨੀ ਤੇ ਖੇਤੀਬਾੜੀ ਦਾ, ਦੇ ਮਾਹਿਰ ਵਿਅਕਤੀਆਂ ਨੂੰ ਆਪਣੇ ਦਰਬਾਰ ਵਿਚ ਮਾਣ ਦਿੰਦੇ ਹਨ। ਇਵੇਂ ਹੀ ਗ਼ਰੀਬ ਨਿਵਾਜ਼ ਜੀ ਨੂੰ, ਬਾਗ਼ਬਾਨੀ ਸੰਬੰਧੀ ਭਰਪੂਰ ਜਾਣਕਾਰੀ ਰੱਖਣ ਵਾਲਾ ਮਾਹਿਰ ਗੁਣੀ ਵਿਅਕਤੀ ਜਿਥੇ ਕਿੱਧਰੇ ਵੀ ਨਜ਼ਰ ਆਉਂਦਾ ਹੈ, ਆਪ ਉਸ ਦੀ ਕਦਰ ਕਰਦੇ ਹਨ ਅਤੇ ਲੋੜ ਅਨੁਸਾਰ ਆਪਣੇ ਕੋਲ ਕੰਮ ਕਰਨ ਲਈ ਰੱਖ ਵੀ ਲੈਂਦੇ ਹਨ।

ਸੰਸਾਰ ਭਰ ਦੇ ਫ਼ਲਾਂ ਬਾਰੇ ਸ੍ਰੀ ਸਤਿਗੁਰੂ ਜੀ ਨੂੰ ਬਹੁਤ ਜਾਣਕਾਰੀ ਹੈ। ਹਜ਼ੂਰ ਨੂੰ ਹਰ ਫ਼ਲ ਦੇ ਸਵਾਦ, ਰਸ, ਕਿਸਮ, ਆਕਾਰ ਤੇ ਮਹੱਤਵ ਇਤਿਆਦ ਬਾਰੇ ਪੂਰਾ ਪਤਾ ਹੈ।

ਕਿਹੜਾ ਫਲ ਕਿੱਥੇ ਪੈਦਾ ਹੁੰਦਾ ਹੈ, ਉਸ ਨੂੰ ਕਿਸ ਤਰ੍ਹਾਂ ਦਾ ਮੌਸਮ ਚਾਹੀਦਾ ਹੈ, ਉਸ ਵਿਚ ਮਿਠਾਸ ਕਿੰਨੇ ਪ੍ਰਤੀਸ਼ਤ ਹੁੰਦੀ ਹੈ ਅਤੇ ਫਲਾਂ ਦੀਆਂ ਕਿਸਮਾਂ ਨੂੰ ਹੋਰ ਕਿਵੇਂ ਸੁਧਾਰਿਆ ਜਾ ਸਕਦਾ ਹੈ, ਇਹ ਸਭ ਸ੍ਰੀ ਸਤਿਗੁਰੂ ਜੀ ਨੂੰ ਮੂੰਹ ਜ਼ੁਬਾਨੀ ਯਾਦ ਹੈ।

ਸ੍ਰੀ ਸਤਿਗੁਰੂ ਜੀ ਬੜੀ ਰੀਝ ਨਾਲ ਬਾਗ਼ਾਂ ਵਿਚ ਜਾ ਕੇ ਫ਼ਲ ਵੇਖਦੇ ਹਨ, ਸਾਧ-ਸੰਗਤ ਨੂੰ ਵੀ ਲਿਜਾਂਦੇ ਰਹੇ ਹਨ। ਸੱਚੇ ਪਾਤਸ਼ਾਹ ਜੀ ਆਪ ਛਕਣ ਨਾਲੋਂ, ਸਾਧ ਸੰਗਤ ਨੂੰ ਫ਼ਲ ਛਕਾਉਣ ਦਾ ਸ਼ੌਕ ਵਧੇਰੇ ਰੱਖਦੇ ਹਨ। ਫ਼ਲ ਛਕਾਉਂਦਿਆਂ ਉਸ ਦੀਆਂ ਕਿਸਮਾਂ ਅਤੇ ਗੁਣਾਂ ਬਾਰੇ ਵੀ ਦੱਸਦੇ ਹਨ, ਜਿਵੇਂ ਕਿ ਕਿਨੂੰ ਬਾਰੇ ਆਪ ਜੀ ਬਚਨ ਕਰਦੇ ਹਨ ਕਿ ਇਸ ਫਲ ਨੂੰ ਖਾਣ ਨਾਲ ਭੁੱਖ ਵਧਦੀ ਹੈ।

ਦੇਸ਼ ਵਿਚ ਹੀ ਨਹੀਂ, ਸ੍ਰੀ ਸਤਿਗੁਰੂ ਜੀ ਜਦ ਵਿਦੇਸ਼ਾਂ ਦੇ ਦੌਰੇ 'ਤੇ ਜਾਂਦੇ ਹਨ, ਉਥੋਂ ਦੇ ਫਲ, ਫੁੱਲ ਤੇ ਬੂਟਿਆਂ ਪ੍ਰਤੀ ਜ਼ਰੂਰ ਦਿਲਚਸਪੀ ਲੈਂਦੇ ਹਨ। ਦੂਰ ਦੂਰ ਥਾਵਾਂ ਵਿਚ ਜਾ ਕੇ ਉਥੋਂ ਨਵੀਆਂ ਨਵੀਆਂ ਜਾਣਕਾਰੀਆਂ ਲੈ ਕੇ ਹਜ਼ੂਰ ਉਹਨਾਂ ਬਾਰੇ ਦੇਸ਼ ਦੇ ਸਾਇੰਸਦਾਨਾਂ ਨੂੰ ਦੱਸਦੇ ਰਹਿੰਦੇ ਹਨ।

## ਸ੍ਰੀ ਸਤਿਗੁਰੂ ਜੀ ਦੇ ਬਾਗ਼ਬਾਨੀ ਬਾਰੇ ਵਿਚਾਰ

ਸ੍ਰੀ ਸਤਿਗੁਰੂ ਜੀ ਨੂੰ ਸ਼ੁਰੂ ਤੋਂ ਹੀ ਬਦਲਵੀਂ ਖੇਤੀ ਕਰਨ ਅਤੇ ਬਾਗਬਾਨੀ ਦਾ ਸ਼ੌਕ ਹੈ, ਇਸ ਲਈ ਉਹ ਨਾਮਧਾਰੀ ਸਿੱਖਾਂ ਨੂੰ ਕਣਕ-ਝੋਨੇ ਦੇ ਚੱਕਰ ਚੋਂ ਬਾਹਰ ਨਿਕਲ ਕੇ ਬਦਲਵੀਂ ਖੇਤੀ ਕਰਨ ਦੀ ਸਿੱਖਿਆ ਦਿੰਦੇ ਹਨ।

ਸ੍ਰੀ ਸਤਿਗੁਰੂ ਜੀ ਨੇ ਸਦਾ ਕੁਝ ਨਵਾਂ ਕਰਨਾ ਚਾਹਿਆ, ਜਿਸ ਨਾਲ ਜ਼ਿਮੀਦਾਰਾਂ ਦੀ ਆਰਥਿਕਤਾ ਵਿਚ ਵਾਧਾ ਹੋ ਸਕੇ। ਅਨੇਕ ਕਿਸਾਨਾਂ ਨੂੰ ਆਪ ਨੇ ਆਰਥਕ ਮਦਦ ਦੇ ਕੇ ਬਾਗਾਂ ਵੱਲ ਰੁਚਿਤ ਕੀਤਾ ਹੈ। ਇਸ ਦੇ ਕਈ ਲਾਭ ਹਨ। ਆਮਦਨ ਵਿਚ ਵਾਧਾ ਹੁੰਦਾ ਹੈ ਅਤੇ ਪਰੰਪਰਾਗਤ ਫਸਲਾਂ ਤੋਂ ਹਟ ਕੇ ਕੁਝ ਕਰਨ ਦਾ ਚਾਅ ਹੁੰਦਾ ਹੈ। ਹਰਿਆਵਲ ਵਧਦੀ ਹੈ, ਜਿਸ ਨਾਲ ਵਾਤਾਵਰਣ ਚੰਗਾ ਰਹਿੰਦਾ ਹੈ, ਪਾਣੀ ਦੀ ਵੀ ਬਹੁਤੀ ਸਮੱਸਿਆ ਨਹੀਂ ਹੁੰਦੀ।

ਸੰਤ ਸੁਖਦੇਵ ਸਿੰਘ ਟਿੱਬਾ ਨੇ ਮੈਨੂੰ ਦੱਸਿਆ ਕਿ ਸੱਚੇ ਪਾਤਸ਼ਾਹ ਜੀ ਫਰਮਾਉਂਦੇ ਹਨ -

'ਅਨਾਜ ਵਲੋਂ ਸਾਡਾ ਦੇਸ਼ ਆਤਮ ਨਿਰਭਰ ਹੋ ਗਿਆ ਹੈ, ਹੁਣ ਬਾਗ਼ ਵੀ ਲਗਾਏ ਜਾਣ ਤਾਂ ਜੋ ਲੋਕਾਂ ਨੂੰ ਖਾਣ ਨੂੰ ਫ਼ਲ ਮਿਲਣ ਅਤੇ ਸਭ ਦੀ ਸਿਹਤ ਠੀਕ ਰਹੇ । ਹਰ ਕਿਸਾਨ ਕੋਲ ਕੁਝ ਨਾ ਕੁਝ ਜ਼ਮੀਨ ਦਾ ਹਿੱਸਾ ਬਾਗ਼ ਵਾਸਤੇ ਹੋਣਾਂ ਚਾਹੀਦਾ ਹੈ। ਸਾਡੇ ਦੇਸ਼ ਵਿਚ ਫ਼ਲਾਂ ਦੀ ਬਹੁਤਾਤ ਹੋ ਜਾਵੇ, ਫ਼ਲ ਇਤਨੇ ਸਸਤੇ ਹੋ ਜਾਣ ਕਿ ਗ਼ਰੀਬ ਤੋਂ ਗ਼ਰੀਬ ਵਿਅਕਤੀ ਵੀ ਫ਼ਲ ਖਰੀਦ ਕੇ ਖਾ ਸਕੇ।'

ਸ੍ਰੀ ਸਤਿਗੁਰ ਜੀ ਦੀ ਇੱਛਾ ਹੈ ਕਿ ਸਾਡਾ ਦੇਸ਼ ਹਰ ਖੇਤਰ ਵਿਚ ਤਰੱਕੀ ਦੀਆਂ ਮੰਜਿਲਾਂ ਛੋਹੇ।

ਹਜ਼ੂਰ ਦੇ ਅਧਿਆਤਮਕ ਵਖਿਆਨਾਂ ਵਿਚੋਂ ਨਾਮ-ਬਾਣੀ ਦੇ ਨਾਲ ਨਾਲ ਵਿਗਿਆਨਕ ਕਿਰਤੀ ਬਣਨ ਲਈ ਵੀ ਪ੍ਰੇਰਨਾ ਮਿਲਦੀ ਹੈ।

ਥੋੜ੍ਹੀ ਜ਼ਮੀਨ ਵਿਚੋਂ ਬਹੁਤੀ ਆਮਦਨ ਲੈਣ ਲਈ ਆਪ ਜੀ ਨੇ ਸੰਨ 1962-63 ਵਿਚ ਹੀ ਸਫਲ ਯਤਨ ਆਰੰਭੇ। ਸੰਨ 1962-63 ਦੇ ਆਪ ਜੀ ਦੇ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਦਿੱਤੇ ਹੋਏ ਪ੍ਰਵਚਨਾਂ ਵਿਚ ਵਰਨਣ ਹੈ,

" ਤੁਸੀਂ ਬਹੁਤੀ ਜ਼ਮੀਨ ਖਰੀਦਣ ਨਾਲੋਂ ਥੋੜ੍ਹੀ ਜ਼ਮੀਨ 'ਚੋਂ ਜ਼ਿਆਦਾ ਫਾਇਦਾ ਲੈਣ ਦੀ ਕੋਸ਼ਿਸ਼ ਕਰੋ। ਉਹਦੇ 'ਚ ਬਾਗ਼ ਲਾਓ। ਜਿਥੋਂ ਤੱਕ ਮੈਨੂੰ ਪਤੈ ਜਿਹਦੇ ਕੋਲ ਜ਼ਿਆਦਾ ਗੁੰਜਾਇਸ਼ ਹੋਵੇ, ਪੰਜਾਹ ਹਜ਼ਾਰ ਦੇ ਕਰੀਬ, ਇਕ ਏਕੜ ਵਿਚੋਂ ਅੰਗੂਰਾਂ ਦਾ ਬਾਗ਼ ਲਗਾਉਣ ਵਾਸਤੇ ਪੈਸਾ ਖਰਚ ਹੋਏਗਾ। ਮੇਰਾ ਅੰਦਾਜ਼ਾ ਹੈ। ਐਸ ਵੇਲੇ ਸਾਡੇ ਇਲਾਕੇ ਵਿਚ ਇਕ ਏਕੜ ਵਿਚੋਂ ਕਰੀਬ 25 ਹਜਾਰ ਰੁਪਈਆ ਹਰ ਸਾਲ ਉਹ ਲੈ ਲੈਂਦੇ ਨੇ, ਕੋਈ ਖੇਚਲ ਨਹੀਂ। ਜਿਹੜਾ ਠੇਕੇਦਾਰ ਆਉਂਦਾ ਹੈ ਅੰਗੂਰ ਲੈਣ ਵਾਲਾ, ਉਹ ਹੀ ਆ ਕੇ ਕਟਾਈ ਕਰ ਲੈਂਦਾ ਹੈ। ਉਹ ਆਪਣੀ ਰਾਖੀ ਕਰਦਾ ਹੈ। ਅੰਗੂਰ ਲੈ ਜਾਂਦਾ ਹੈ ਤੇ ਪੈਸੇ ਵੱਟ ਕੇ ਦੇ ਜਾਂਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਇਕ ਆਦਮੀ ਨੇ 24 ਹਜ਼ਾਰ ਨੂੰ ਏਕੜ ਵੇਚਿਆ। ਜਿਸ ਠੇਕੇਦਾਰ ਨੇ ਲਿਆ ਉਹਨੇ ਅੱਗੋਂ ਉਹਦਾ 75 ਹਜ਼ਾਰ ਵੱਟਿਆ। ਜਿਹਦੇ ਕੋਲ ਨਹੀਂ ਏਨੀ ਗੁੰਜਾਇਸ਼, ਉਹ ਬੇਰੀਆਂ ਲਾ ਲਵੇ। ਬੇਰੀਆਂ ਵੀ ਜੇਹੜੀਆਂ ਸੱਤ ਅੱਠ ਸਾਲ ਦੀਆਂ ਹੋ ਜਾਣ, ਉਹ ਅੱਠ ਕੁ ਹਜ਼ਾਰ ਰੁਪਿਆ ਇਕ ਏਕੜ ਦਾ, ਕੱਢ ਜਾਂਦੀਆਂ ਨੇ। ਬਰਾਨ, ਜੇਹੜੀਆਂ ਖਾਸ ਕਰਕੇ ਰੇਤੇ ਵਾਲੀ ਪੈਲੀ 'ਚ ਬਹੁਤ ਵਧੀਆ ਹੁੰਦੀਆਂ ਨੇ।

ਸੰਤਰਾ ਜਿਹੜਾ ਹੈ ਇਹ ਵੀ, ਬੜੀ ਆਮਦਨ ਵਾਲਾ ਹੈ। ਬਾਗ਼ਾਂ ਵਾਲੇ ਜਿਹੜੇ ਇਥੋਂ ਦੇ ਲੋਕਲ, ਤੁਹਾਡੇ ਜਾਣਕਾਰ ਅਫਸਰ ਨੇ, ਉਨ੍ਹਾਂ ਨੂੰ ਮਿਲੋ ਪੁੱਛੋ। ਹੋਰ ਜਿਹੜੀ ਲੋੜ ਜਾਣਕਾਰੀ ਪ੍ਰਾਪਤ ਕਰਨ ਦੀ ਹੋਵੇ, ਮੈਨੂੰ ਦੱਸੋ। ਬੂਟੇ ਵੀ ਆ ਸਕਦੇ ਨੇ, ਸਾਰਾ ਕੁਛ ਹੋ ਸਕਦੈ। ਮੇਰਾ ਭਾਵ ਕਹਿਣ ਤੋਂ ਇਹ ਹੈ ਕਿ ਤੁਸੀਂ ਜ਼ਿਆਦਾ ਪੈਸੇ ਖਰਚ ਕਰਕੇ ਜ਼ਮੀਨ ਬਹੁਤੀ ਲੈਣ ਨਾਲੋਂ, ਥੋੜ੍ਹੀ ਜ਼ਮੀਨ ਵਿਚੋਂ ਜ਼ਿਆਦਾ ਉਪਜ ਲੈ ਸਕਦੇ ਹੋ। ਉਹਦੀ ਸੇਵਾ ਜ਼ਿਆਦਾ ਹੋ ਸਕਦੀ ਹੈ। ਬਹੁਤੀ ਜ਼ਮੀਨ ਦੀ ਸਾਂਭ ਬੜੀ ਮੁਸ਼ਕਲ ਹੋ ਜਾਂਦੀ ਹੈ। ਇਹਦੇ ਵਾਸਤੇ ਇਹ ਵੀ ਬੜਾ ਜਰੂਰੀ ਹੈ ਕਿ ਉਹਦੀ ਲੋੜ ਅਨੁਸਾਰ ਇਕ ਵਾਰ ਉਹਦੇ ਤੇ ਛਿੜਕਾਓ ਵਗੈਰਾ ਜਿਹੜੇ ਕਰਨੇ ਨੇ, ਕੀੜੇ ਪੈਣ ਤੋਂ ਪਹਿਲੋਂ ਕੀਤੇ ਜਾਣ ਤਾਂ ਕਿ ਕੀੜਾ ਲੱਗੇ ਨਾ। ਬੂਟਾ ਲਾਉਣ ਵੇਲੇ ਉਹਨੂੰ ਦਵਾਈਆਂ ਪਾਈਆਂ ਜਾਣ, ਕੀੜੇ ਮਾਰਨੇ ਨਹੀਂ, ਅਸਾਂ ਉਨ੍ਹਾਂ ਦੀ ਰੋਕਥਾਮ ਜ਼ਰੂਰ ਕਰਨੀ ਹੈ।"

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ, 'ਸਾਡੇ ਬਾਗ਼ਾਂ ਵਿਚ ਬਜ਼ਾਰੀ ਖਾਦਾਂ (Chemical Fertilizer) ਦੀ ਵਰਤੋਂ ਨਹੀਂ ਕੀਤੀ ਜਾਂਦੀ, ਦੇਸੀ ਗੋਬਰ ਖਾਦ (Organic manure) ਨਾਲ ਹੀ ਫਸਲ ਪੈਦਾ ਕੀਤੀ ਜਾਂਦੀ ਹੈ। ਕੀੜੇ-ਮਾਰ ਦਵਾਈਆਂ ਵੀ ਘੱਟੋ-ਘੱਟ ਵਰਤੀਆਂ ਜਾਂਦੀਆਂ ਹਨ। ਉਹ ਵੀ ਕੀੜੇ ਦੇ ਪ੍ਰਕੋਪ ਤੋਂ ਪਹਿਲੋਂ ਵੀ ਵਰਤੀਆਂ ਜਾਂਦੀਆਂ ਹਨ, ਤਾਂ ਜੋ ਕੀੜੇ ਹਮਲਾ ਹੀ ਨਾ ਕਰ ਸਕਣ।

ਸ੍ਰੀ ਸਤਿਗੁਰੂ ਜੀ ਖੇਤਾਂ ਵਿਚ ਨਿੰਮ ਦੀ ਖਾਦ ਪਾਉਣ ਦੀ ਵੀ ਸਲਾਹ ਦਿੰਦੇ ਰਹੇ ਹਨ ਜੋ ਕਿ ਸੰਸਾਰ ਭਰ ਵਿਚ ਹੁਣ ਪ੍ਰਚਲਤ ਹੋਈ ਹੈ।

ਦੇਸ਼ ਦੀ ਵੰਡ ਮਗਰੋਂ ਜਦੋਂ ਦਾ ਮਸਤਾਨਗੜ੍ਹ ਜ਼ਿਲ੍ਹਾ ਸਰਸਾ (ਹਰਿਆਣਾ) ਦਾ ਨਾਮਧਾਰੀ ਫਾਰਮ ਲਿਆ ਗਿਆ, ਉਦੋਂ ਤੋਂ ਹੀ ਇੱਥੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਦੇਸੀ (Organic) ਖਾਦ ਦੀ ਖੇਤੀ ਹੁੰਦੀ ਰਹੀ ਹੈ, ਜਦੋਂ ਕਿ ਉਸ ਵੇਲੇ ਭਾਰਤ ਵਿਚ ਹੀ ਨਹੀਂ ਬਲਕਿ ਦੁਨੀਆਂ ਵਿਚ ਦੇਸੀ (Organic) ਖਾਦ ਦਾ ਵਿਚਾਰ (Concept) ਹੀ ਨਹੀਂ ਸੀ ਤੇ ਨਾ ਹੀ ਇਸ ਦੀ ਕੀਮਤ Value ਦਾ ਪਤਾ ਸੀ। ਸ੍ਰੀ ਸਤਿਗੁਰੂ ਜੀ ਦੇ ਫਾਰਮਾਂ ਵਿਚ ਬਾਸਮਤੀ ਚਾਵਲ, ਕਣਕ, ਕਾਲੇ ਛੋਲੇ, ਚਿੱਟੇ ਛੋਲੇ ਅਤੇ ਸਬਜ਼ੀਆਂ-ਮਟਰ ਆਦਿ ਦੀਆਂ arganic ਫਸਲਾਂ ਲਈਆਂ ਜਾਂਦੀਆਂ ਹਨ। ਇਨ੍ਹਾਂ ਨੂੰ ਲੋੜ ਅਤੇ ਮੰਗ ਅਨੁਸਾਰ ਇੰਗਲੈਂਡ ਅਤੇ ਹੋਰ ਯੂਰਪੀਨ ਦੇਸ਼ਾਂ ਨੂੰ ਭੇਜਿਆ ਜਾਂਦਾ ਹੈ। ਕਿਸੇ ਵੀ ਪੈਕਿੰਗ 'ਤੇ Organic fruit ਲਿਖਿਆ ਹੋਵੇ ਤਾਂ ਦੁਨੀਆਂ ਭਰ ਵਿਚੋਂ, ਲੋਕ ਇਸ ਨੂੰ ਪਹਿਲੋਂ ਖਰੀਦਣਾਂ ਪਸੰਦ ਕਰਦੇ ਹਨ।

ਸ੍ਰੀ ਸਤਿਗੁਰੂ ਜੀ ਨੇ ਦੇਸ਼ ਹੀ ਨਹੀਂ ਵਿਦੇਸ਼ਾਂ ਵਿਚ ਵੀ ਆਰਗੈਨਿਕ ਫਸਲਾਂ ਦਾ ਪ੍ਰਚਾਰ ਕੀਤਾ। ਕੈਪਟਨ ਅਜੀਤ ਸਿੰਘ ਯੂ.ਕੇ, ਨੇ ਮੈਨੂੰ ਦੱਸਿਆ ਕਿ ਸੰਨ 1967 ਵਿਚ ਸ੍ਰੀ ਸਤਿਗੁਰੂ ਜੀ ਨੇ ਆਪਣੇ ਯੂ.ਕੇ ਦੌਰੇ ਸਮੇਂ Soi association ਦੇ ਸਮਾਗਮ ਵਿਚ ਲੋਕਾਂ ਦਾ ਧਿਆਨ ਆਰਗੈਨਿਕ ਫਸਲਾਂ ਵੱਲ ਦਿਵਾਇਆ।

ਸ੍ਰੀ ਸਤਿਗੁਰੂ ਜੀ ਨੇ ਫ਼ਲ, ਫੁੱਲ ਅਤੇ ਸਬਜ਼ੀਆਂ ਨੂੰ ਬਾਗ਼ਾਂ ਵਿਚ ਉਪਜਾਉਣ ਤੋਂ ਇਲਾਵਾ ਵਿਕਾਸ ਵੱਲ ਇਕ ਨਵਾਂ ਕਦਮ ਪੁੱਟਿਆ ਹੈ ਉਹ ਹੈ – ਫ਼ਲ, ਫੁੱਲ ਤੇ ਸਬਜ਼ੀਆਂ ਦੇ ਬੀਜਾਂ ਨੂੰ ਤਿਆਰ ਕਰਨਾ ਅਤੇ 'ਨਾਮਧਾਰੀ ਸੀਡਜ਼ ਕੰਪਨੀ' ਰਾਹੀਂ ਦੇਸ਼ ਅਤੇ ਵਿਦੇਸ਼ਾਂ ਵਿਚ ਭੇਜਣਾ।

## ਵਿਕਾਸ ਵੱਲ ਕਦਮ

ਦੇਸ਼ ਜਾਂ ਵਿਦੇਸ਼ਾਂ ਵਿੱਚ ਕੋਈ ਵਧੀਆ, ਵਿਸ਼ੇਸ਼ ਅਤੇ ਨਵੀਂ ਕਿਸਮ ਦਾ ਫ਼ਲ ਜਾਂ ਕੋਈ ਅਜਿਹਾ ਫ਼ਲ ਜਿਹੜਾ ਅਜਿਹੇ ਮੌਸਮ ਵਿਚ ਲੱਗਿਆ ਮਿਲੇ, ਜਿਸ ਮੌਸਮ ਵਿਚ ਇਹ ਫ਼ਲ ਹੋਰ ਕਿਧਰੇ ਨਹੀਂ ਲਗਿਆ ਹੁੰਦਾ, ਉਸ ਦਾ ਬੀਜ, ਬੂਟਾ ਜਾਂ ਕਲਮ ਸ੍ਰੀ ਸਤਿਗੁਰੂ ਜੀ ਮੰਗਵਾ ਲੈਂਦੇ ਹਨ। ਬਹੁਤ ਸਾਰੇ ਵਿਦੇਸ਼ੀ ਫ਼ਲਾਂ ਦੀਆਂ ਕਿਸਮਾਂ ਨੂੰ ਸੱਚੇ ਪਾਤਸ਼ਾਹ ਜੀ ਨੇ ਭਾਰਤ ਲੈ ਆਂਦਾ ਹੈ।

ਆਸਟਰੇਲੀਆ, ਅਮਰੀਕਾ, ਇਜ਼ਰਾਈਲ, ਥਾਈਲੈਂਡ, ਫਰਾਂਸ ਅਤੇ ਹੋਰ ਜਿਥੋਂ ਵੀ ਚੰਗੀ ਕਿਸਮ ਦੇ ਫਲ ਬੂਟੇ ਮਿਲੇ, ਉਹ ਆਪ ਜੀ ਨੇ ਲਿਆ ਕੇ ਮਨਾਲੀ,ਕੁੱਲੂ,ਮਸਤਾਨਗੜ੍ਹ ਅਤੇ ਬੰਗਲੌਰ ਆਦਿ ਵਿਖੇ ਬਾਗਾਂ ਵਿਚ ਲਗਵਾਏ। ਇਨ੍ਹਾਂ ਵਿਚ ਨਾਸ਼ਪਤੀਆਂ, ਸੇਬ, ਕਿਵੀ, ਅੰਬ, ਅੰਗੂਰ ,ਚੈਰੀ, ਖਜ਼ੂਰਾਂ, ਦਰਿਆਨ, ਲੌਂਗ, ਛੋਟੀ ਲੈਚੀ, ਕਾਜੂ ਅਤੇ ਮੈਕਾਡਾਮਿਆ ਆਦਿ ਦੇ ਬੂਟੇ ਸ਼ਾਮਲ ਹਨ।

ਆਸਟਰੇਲੀਆਂ ਤੋਂ ਕੁਝ ਨਾਸ਼ਪਤੀ ਦੀਆਂ ਕਿਸਮਾਂ ਆਈਆਂ ਸਨ ਜੋ ਕੁੱਲੂ ਦੇ ਇਲਾਕੇ ਵਿਚ ਲੋਕਾਂ ਦੇ ਬਾਗ਼ਾਂ ਵਿਚ ਲਗਵਾ ਦਿੱਤੀਆਂ ਗਈਆਂ। ਇਹ ਕਿਸਮਾਂ ਕਾਮਯਾਬ ਹੋਈਆਂ ਭਾਵੇਂ ਤਾਸੀਰ ਉਹੋ ਜਿਹੀ ਨਹੀਂ ਸੀ।

ਫਰਾਂਸ ਤੋਂ ਚੈਰੀ ਦੇ ਬੂਟੇ ਲਿਆ ਕੇ ਮਨਾਲੀ ਵਿਖੇ ਸ੍ਰੀ ਸਤਿਗੁਰੂ ਜੀ ਦੇ ਸੇਬਾਂ ਦੇ ਬਾਗ਼ ਵਿਚ ਅਤੇ ਕੁਝ ਬੂਟੇ ਹੋਰ ਲੋਕਾਂ ਦੇ ਬਾਗ਼ਾਂ ਵਿਚ ਲਗਵਾ ਦਿੱਤੇ।

ਪਿਸਤੇ ਦੇ ਬੂਟੇ ਸਰਦ ਇਲਾਕੇ ਵਿਚ ਲਗਦੇ ਹਨ ਪਰ ਸ੍ਰੀ ਸਤਿਗੁਰੂ ਜੀ ਨੇ ਇਹ ਬੂਟੇ ਅਮਰੀਕਾ ਤੋਂ ਲਿਆ ਕੇ ਮਸਤਾਨਗੜ੍ਹ, ਵਰਗੇ ਗਰਮ ਅਤੇ ਰੇਤਲੇ ਇਲਾਕੇ ਵਿਚ ਲਗਵਾ ਦਿੱਤੇ।

ਖਜੂਰਾਂ ਦੇ ਬੂਟੇ ਡੁਬਈ ਤੋਂ ਮੰਗਵਾ ਕੇ ਮਸਤਾਨਗੜ੍ਹ ਲਗਾਏ ਗਏ।

ਮੈਕਾਡਾਮਿਆਂ ਦੇ ਬੂਟੇ, ਥਾਈਲੈਂਡ ਤੇ ਕੀਨੀਆਂ ਆਦਿ ਤੋਂ ਲਿਆ ਕੇ ਭਾਰਤ ਵਿਚ ਬਾਗਾਂ ਵਿਚ ਲਗਵਾਏ ਹਨ। ਇਸ ਦੇ ਕੁਝ ਬੂਟੇ ਡਾ.ਚੰਦਰ ਸ਼ੇਖਰ ਦੇ ਘਰ ਵੀ ਲਗਵਾਏ ਗਏ। ਡਾ. ਚੰਦਰ ਸ਼ੇਖਰ ਦੇ ਚਾਹ ਦੇ ਬਾਗ, ਊਟੀ ਤੋਂ ਅੱਗੇ ਹਨ।

'ਕਿਵੀ' ਨਾਂ ਦਾ ਫ਼ਲ ਮੰਡੀ ਅਤੇ ਕੁੱਲੂ ਵਿਖੇ ਲਗਵਾਇਆ ।

ਬੈਕੌਂਕ (ਥਾਈਲੈਂਡ) ਵਿਖੇ ਪੈਦਾ ਹੋਣ ਵਾਲੇ ਕਈ ਵਿਸ਼ੇਸ਼ ਕਿਸਮ ਦੇ ਫ਼ਲਾਂ – ਦਰਯਾਨ, ਮਘਾਂ, ਲਮਜਾਏ ਆਦਿ ਦੀਆਂ ਸੁਧਰੀਆਂ ਕਿਸਮਾਂ, ਸ੍ਰੀ ਸਤਿਗੁਰੂ ਜੀ ਨੇ ਭਾਰਤ ਵਿਚ ਲਿਆ ਕੇ ਤਾਮਲਨਾਡੂ ਕਰਨਾਟਕ, ਬਾਗ਼ਬਾਨੀ ਦੇ ਮਹਿਕਮੇ ਨੂੰ ਦੇ ਦਿੱਤੀਆਂ।

ਇਜਰਾਇਲ ਕਿਸਮ ਦੇ ਸੇਬ ਨੂੰ ਰਾਈਆਂ (ਪੰਜਾਬ) ਵਿਖੇ ਲਗਾ ਕੇ ਕਾਮਯਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੇਬ ਨੂੰ ਚਿਲਿੰਗ ਰੀਕੁਆਰਿਮੈਂਟਸ ਦੀ ਲੋੜ ਹੁੰਦੀ ਹੈ। ਜਿਸਦਾ ਮਤਲਬ ਹੈ ਸਾਰੇ ਸਾਲ ਵਿਚ ਸੇਬ ਨੂੰ 2000 ਘੰਟੇ ਵਿਚ 40 ਡਿਗਰੀ ਫਾਰਨਹੀਟ ਤੋਂ ਘੱਟ ਤਾਪਮਾਨ ਦੀ ਜਰੂਰਤ ਹੁੰਦੀ ਹੈ। ਚਿਲੀਇੰਗ ਰੀਕੁਆਇਰਮੈਂਟ ਪੂਰੀ ਹੋਣ 'ਤੇ ਹੀ ਇਹ ਫ਼ਲ ਦਿੰਦੇ ਹਨ ਨਹੀਂ ਤਾਂ ਫ਼ਲ ਨਹੀਂ ਦਿੰਦੇ ਪਰ ਇਸਰਾਇਲ ਕਿਸਮ ਦੇ ਸੇਬ, ਲੋਅ ਚਿਲੀਇੰਗ

ਵਰਾਇਟੀ ਦੇ ਹਨ ਮਤਲਬ ਕਿ ਉਨ੍ਹਾਂ ਨੂੰ ਇਤਨੀ ਠੰਡ ਨਹੀਂ ਚਾਹੀਦੀ, ਫ਼ਲ ਆ ਜਾਂਦਾ ਹੈ।( ਸੇਬਾਂ ਦੀ ਇਕ ਖਾਸ ਕਿਸਮ ਵਿੰਟਰ ਡਿਲੀਸ਼ਿਅਸ ਸ੍ਰੀ ਸਤਿਗੁਰੂ ਜੀ ਨੂੰ ਬਹੁਤ ਪਸੰਦ ਹੈ। ਸਰਦੀਆਂ ਵਿਚ ਇਹ ਸੇਬ ਹਰ ਸਾਲ ਕੁੱਲੂ ਤੋਂ ਸ੍ਰੀ ਸਤਿਗੁਰੂ ਜੀ ਦੇ ਸ਼ਰਧਾਲੂ ਸ੍ਰੀ ਮੁਨੀਸ਼ਵਰ ਸੂਰੀ ਰਾਏਸਨ ਹੋਰੀਂ ਸ੍ਰੀ ਸਤਿਗੁਰੂ ਜੀ ਲਈ ਭੇਜਦੇ ਰਹੇ ਹਨ )

ਬੇ-ਮੌਸਮੇ ਅੰਬ ਵੀ ਸ੍ਰੀ ਸਤਿਗੁਰੂ ਜੀ ਨੇ ਕੋਠੀ ਵਿਚ ਲਗਵਾਏ ਸਨ। ਸ. ਹਰਨਾਮ ਸਿੰਘ ਦੱਸਦੇ ਹਨ ਕਿ ਹੁਸ਼ਿਆਰਪੁਰ ਵੱਲ ਇਕ ਖਾਸ ਤਰ੍ਹਾਂ ਦੇ ਅੰਬ ਦੀ ਲੇਟ ਕਿਸਮ 'ਕੂਕਾਛੱਲੀ' ਲਗੀ ਹੋਈ ਹੈ। ਇਹ ਅੰਬ ਅਗਸਤ ਸਤੰਬਰ ਵਿਚ ਪਕਦੇ ਹਨ ।ਸੱਚੇ ਪਾਤਸ਼ਾਹ ਜੀ ਨੇ ਇਸ ਦੇ ਬੂਟੇ ਤਿਆਰ ਕਰਨ ਦਾ ਹੁਕਮ ਕੀਤਾ ਸੀ।

ਬੰਗਲੌਰ ਦੇ 'ਨਾਮਧਾਰੀ ਫਾਰਮ' ਵਿਖੇ ਵੀ ਅਨੇਕ ਕਿਸਮ ਦੇ ਫ਼ਲਾਂ ਦੇ ਬੂਟੇ ਸ੍ਰੀ ਸਤਿਗੁਰੂ ਜੀ ਨੇ ਵਿਦੇਸ਼ਾਂ ਤੋਂ ਮੰਗਵਾ ਕੇ ਬੜੀ ਰੀਝ ਨਾਲ ਲਗਵਾਏ ਹੋਏ ਹਨ।

ਵਰਿਆਮ ਦੇ ਨਵੰਬਰ ਸੰਨ 2010 ਦੇ ਅੰਕ ਦੇ ਪੰਨਾ ਨੰ. 6 ਤੇ ਛਪੇ ਲੇਖ 'ਸੱਚੇ ਪਾਤਸ਼ਾਹ...ਇਕ ਪਹਿਲੂ ਇਹ ਵੀ' ਵਿਚ ਸ੍ਰੀ ਉਦਯ ਸਿੰਘ ਜੀ ਦੱਸਦੇ ਹਨ,

" ਕਿਸੇ ਵੇਲੇ ਉਹਨਾਂ ਕਿਰਪਾ ਕਰ ਕੇ ਮੈਨੂੰ ਇਸ ਪਾਸੇ ਵੱਲ ਲਾਇਆ ਹੈ ਅਤੇ ਮੈਂ ਵੇਖਿਆ ਹੈ ਕਿ ਆਪ ਜੀ ਦੀ ਇਸ ਪਾਸੇ ਵੱਲ ਦਿਲਚਸਪੀ ਅਤੇ ਧਿਆਨ ਬੇਮਿਸਾਲ ਹੈ। ਦੁਨੀਆਂ ਵਿਚ ਕਿਤੇ ਵੀ ਕੋਈ ਫਲ ਆਪ ਦੇ ਧਿਆਨ ਵਿਚ ਆਇਆ ਤਾਂ ਆਪ ਨੇ ਹੁਕਮ ਕਰਨਾ,

'ਕਾਕਾ ਉਹ ਅੰਗੂਰ ਬੜੇ ਚੰਗੇ ਹਨ। ਉਸ ਦਾ ਪਤਾ ਕਰੋ, ਜਾਤੀ ਪਰਜਾਤੀ ਦਾ ਪਤਾ ਲਾਓ ਕਿਵੇਂ ਆਪਣੇ ਦੇਸ ਵਿਚ ਲਿਆਕੇ ਪੈਦਾ ਕੀਤੇ ਜਾ ਸਕਦੇ ਹਨ.....।'

ਬੜੀ ਵਾਰੀ ਏਦਾਂ ਹੋਇਆ ।ਇਕ ਵਾਰ ਥਾਈਲੈਂਡ ਵਿਚ ਅਨਾਰ ਛਕੇ। ਛਕ ਕੇ ਹੁਕਮ ਹੋਇਆ,

ਕਾਕੇ, ਬੰਗਲੌਰ ਵਿਚ ਵੀ ਇਹ ਬੀਜ ਬੀਜਿਆ ਜਾਵੇ।'

ਭੈਣੀ ਸਾਹਿਬ, ਬੰਗਲੌਰ ਆਦਿ ਥਾਵਾਂ 'ਤੇ ਇਹ ਕੁਲੈਕਸ਼ਨ ਹੈ ਅਜਿਹੇ ਅਨੇਕ ਬੀਜਾਂ, ਬੂਟਿਆਂ ਦੀ.... ਜਿਵੇਂ ਥਾਈਲੈਂਡ ਤੋਂ ਅੰਬ, ਦਰਿਆਨ, ਅਮਰੀਕਾ ਚੋਂ ਅੰਗੂਰ ਚੈਰੀ ਦੇ ਬੂਟੇ ਹਨ।

ਆਪ ਜੀ ਨੇ ਪੁੱਛਿਆ ਕਿ ਚੈਰੀ ਆਪਣੇ ਦੇਸ਼ 'ਚ ਕਿਉਂ ਨਹੀਂ ਹੁੰਦੀ.....।

ਕਾਲੇ ਰੰਗ ਦੀ ਚੈਰੀ ਦੇ ਬੂਟੇ ਲੈ ਕੇ ਆਂਦੇ। ਚੈਰੀ ਦੇ ਬੂਟੇ ਹਿਮਾਚਲ 'ਚ ਲਾਏ ਹਨ। ਰਜ਼ਾ ਸੀ ਉਹ ਬੂਟੇ ਵੀ ਆ ਗਏ। ਫੁੱਲ ਵੀ ਆ ਗਏ ਹਨ।"

ਸੰਤ ਪ੍ਰੀਤਮ ਸਿੰਘ ਜੀ ਕਵੀ ਦੀ ਪੁਸਤਕ 'ਬੀਤੇ ਦੀਆ ਪੈੜਾਂ ' ਅਨੁਸਾਰ,

" ਸ੍ਰੀ ਸਤਿਗੁਰੂ ਜੀ ਨੇ ਸੰਤ ਕਿਰਪਾਲ ਸਿੰਘ ਨੂੰ ਹੁਕਮ ਕੀਤਾ ਕਿ 800 ਬੂਟੇ ਕੇਲੇ ਦੇ ਲਿਆਂਦੇ ਜਾਣ। ਕੁਝ ਗੋਲੇ ( ਯੂ. ਪੀ.) ਫਾਰਮ ਭੇਜਣੇ ਹਨ ਅਤੇ ਕੁਝ ਮਸਤਾਨਗੜ੍ਹ ਲਈ ਮੰਗਵਾ ਲਏ ਜਾਣਗੇ। ਇੰਜ ਹੀ ਅੱਧਾ ਏਕੜ ਪੋਨੇ ਕਮਾਦ ਦਾ ਬੀਜ ਗੋਲੇ ਭੇਜਣਾ ਹੈ। "

– ਪੁਸਤਕ ਬੀਤੇ ਦੀਆਂ ਪੈੜਾਂ ਭਾਗ ਦੂਜਾ ਪੰਨਾ-31
(19 ਜਨਵਰੀ ਸੰਨ 1978 ਦੀ ਡਾਇਰੀ ਵਿਚੋਂ)

"ਸੰਤ ਹਰਬੰਸ ਸਿੰਘ ਨੇ ਦੱਸਿਆ, "33 ਏਕੜ ਗੰਨਾ ਨਵੇਂ ਸਿਰਿਓਂ ਲਾਇਆ ਹੈ, 17 ਏਕੜ ਪਹਿਲਾਂ ਦਾ ਲੱਗਾ ਹੀ ਰੱਖ ਲਿਆ ਹੈ। ਸਤਿਗੁਰੂ ਜੀ ਜੀਪ ਚੋਂ ਉਤਰ ਗੰਨੇ ਦਾ ਉਗਾਅ ਵੇਖਣ ਲੱਗੇ।"

ਸਤਿਗੁਰੂ ਜੀ ਨੇ ਬਚਨ ਕੀਤਾ, " ਗੰਨੇ ਦੇ ਜਾੜ ਏਨੇ ਫਸਵੇਂ ਤੇ ਭਾਰੀ ਹੋਣੇ ਚਾਹੀਦੇ ਹਨ ਕਿ ਮਨੁੱਖ ਲਾਈਨਾਂ ਨਾ ਕ੍ਰਾਸ ਕਰ ਸਕੇ।"

– ਪੁਸਤਕ ਬੀਤੇ ਦੀਆਂ ਪੈੜਾਂ ਭਾਗ ਦੂਜਾ ਪੰਨਾ-141-143
(28 ਜਨਵਰੀ ਸੰਨ 1979 ਦੀ ਡਾਇਰੀ, ਨਾਮਧਾਰੀ ਫਾਰਮ ਗੋਲਾ , ਯੂ.ਪੀ. ਵਿਖੇ)

ਸ. ਹਰਨਾਮ ਸਿੰਘ ਦੇ ਦੱਸਣ ਮੁਤਾਬਕ, ਸਾਰੇ ਸੰਸਾਰ ਵਿਚ ਦੋ ਸੌ ਤੋਂ ਵੱਧ ਕਿਸਮਾਂ ਅੰਗੂਰਾਂ ਦੀਆਂ ਹਨ ਅਤੇ ਇਨ੍ਹਾਂ ਬਾਰੇ ਬਹੁਤ ਗਿਆਨ ਤੇ ਜਾਣਕਾਰੀ ਸ੍ਰੀ ਸਤਿਗੁਰੂ ਜੀ ਨੂੰ ਹੈ।

ਅੰਗੂਰਾਂ ਦੀਆਂ ਛੇਤੀ ਲੱਗਣ ਵਾਲੀਆਂ ਕਿਸਮਾਂ ਇਥੇ ਉਪਲਬਧ ਹਨ, ਜੋ ਪਰਲੇਟ ਤੇ ਥਾਮਸਨ ਸੀਡਲੈਸ ਤੋਂ ਪਹਿਲਾਂ ਪਕਦੀਆਂ ਹਨ ਜਿਵੇਂ ਕਿ ਫਲੇਮ ਸੀਡਲੈਸ, ਸੁਪੀਰੀਅਰ ਸੀਡਲੈਸ, ਰੂਬੀ, ਕਰਿਸਮਸ, ਰੋਸ ਇਤਿਆਦ। ਅੱਜ ਕਲ ਦੀਆਂ ਖੋਜਾਂ ਅਨੁਸਾਰ ਫਲੇਮ ਸੀਡਲੈਸ ਨੂੰ ਪਰਨਿੰਗ ਟੈਕਨੀਕ ਨਾਲ ਜਲਦੀ ਵੀ ਪਕਾਇਆ ਜਾ ਸਕਦਾ ਹੈ ਅਤੇ ਪੱਕਣ ਸਮੇਂ ਤੋਂ ਲੇਟ ਵੀ ਕੀਤਾ ਜਾ ਸਕਦਾ ਹੈ।

ਉੱਤਰੀ ਭਾਰਤ ਵਿਚ ਸਰਦੀਆਂ ਵਿਚ ਅੰਗੂਰ ਪੈਦਾ ਕਰਨੇ ਅਤੇ ਖੇਤੀ-ਮਾਹਿਰਾਂ ਦੇ ਮਿੱਟੀ ਚੈਕ ਕਰਕੇ ਦਿੱਤੇ ਫੈਸਲੇ ਦੇ ਉਲਟ ਰੇਤਲੀ ਜ਼ਮੀਨ ਵਿਚੋਂ ਸਿਟਰਸ (ਖੱਟੇ ਫ਼ਲ) ਪੈਦਾ ਕਰਨੇ, ਸ੍ਰੀ ਸਤਿਗੁਰੂ ਜੀ ਦੀ ਆਪਣੀ ਕਾਢ ਹੈ, ਜਿਸ ਨੇ ਬਾਗ਼ਬਾਨੀ ਦੇ ਖੇਤਰ ਵਿਚ ਇਕ ਕ੍ਰਾਂਤੀ ਲੈ ਆਂਦੀ ਹੈ।

ਜਿਥੇ ਰੇਤ ਦੇ ਟਿਬੇ 'ਤੇ ਕਿੱਕਰ ਅਤੇ ਝਾੜ ਆਦਿ ਹੋਇਆ ਕਰਦੇ ਸਨ, ਉਥੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਅੰਗੂਰਾਂ ਦੇ ਬਾਗ ਲੱਗੇ ਹੋਏ ਹਨ, ਕਿੰਨੂਆਂ ਦੀ ਭਰਪੂਰ ਫਸਲ ਹੋਈ ਹੈ ਤੇ ਚੰਗੀ ਕਿਸਮ ਦੇ ਬੇਰ ਲੱਗੇ ਹੋਏ ਹਨ।

ਹਿੰਦੁਸਤਾਨ ਦੇ ਵੱਖੋ ਵੱਖ ਪ੍ਰਾਂਤਾਂ ਵਿਚ ਪੈਦਾ ਕੀਤੇ ਗਏ ਫ਼ਲ ਭਾਵੇਂ ਉਹ ਦੱਖਣ ਦਾ ਸੀਤਾਫ਼ਲ ਜਾਂ ਰਾਮਫ਼ਲ ਹੋਵੇ, ਉੱਤਰ ਪ੍ਰਦੇਸ਼ ਦਾ ਅੰਬ ਅਤੇ ਜਾਂ ਫਿਰ ਪਹਾੜੀ ਇਲਾਕਿਆਂ ਦਾ ਸੇਬ ਹੋਵੇ, ਸਾਰੇ ਮਹੱਤਵਪੂਰਨ ਫ਼ਲਾਂ ਬਾਰੇ ਬਹੁਤ ਗਿਆਨ ਰੱਖਦਿਆਂ ਵੀ, ਇਹ ਸ੍ਰੀ ਸਤਿਗੁਰੂ ਜੀ ਦੀ ਵਡਿਆਈ ਹੈ ਕਿ ਫ਼ਲਾਂ, ਫੁੱਲਾਂ ਤੇ ਬੀਜਾਂ ਬਾਰੇ ਸਮੇਂ ਸਮੇਂ ਸਿਰ ਖੇਤੀ ਬਾੜੀ ਵਿਭਾਗ ਦੇ ਮਾਹਿਰਾਂ ਦੀ ਰਾਏ ਲੈਂਦੇ ਅਤੇ ਉਨ੍ਹਾਂ ਨੂੰ ਸਨਮਾਨਤ ਕਰਦੇ ਰਹਿੰਦੇ ਹਨ। ਬੀਜ ਉਤਪਾਦਨ ਅਤੇ ਹੋਰ ਕਾਰਜਾਂ ਬਾਰੇ ਸਾਰੀਆਂ ਖੇਤੀਬਾੜੀ ਯੂਨੀਵਰਸਿਟੀਆਂ ਦਾ ਸਮੇਂ ਸਮੇਂ ਸਿਰ ਲੋੜ ਪੈਣ 'ਤੇ ਸਹਿਯੋਗ ਲਿਆ ਜਾਂਦਾ ਹੈ ਤੇ ਮਾਹਿਰ ਸਾਇੰਸਦਾਨਾਂ ਨੂੰ ਆਪਣੇ ਬਾਗ਼ਾਂ ਵਿਚ ਖਾਸ ਤੌਰ 'ਤੇ ਬੁਲਾ ਕੇ ਉਨ੍ਹਾਂ ਦੇ ਵਿਚਾਰ ਜਾਣੇ ਜਾਂਦੇ ਹਨ।

PHONES : { Off. 31794, 31960/206
Resi. 32795, 51960/312
Grams : AGRIVARSITY
Telex : 386-473 COAE IN

PUNJAB AGRICULTURAL UNIVERSITY
LUDHIANA-141 004 (INDIA)

**Dr Khem Singh Gill**
*Vice-Chancellor*

D. O. No. VC/.93/..........
Dated the : 22. April. 1993

Respected His Holiness Satguru Ji Maharaj,

I am very grateful to you for sending me a sample of banana fruits of Variety Robusta grown at your farm. I had an opportunity to talk about this variety on telephone also with your goodself. The fruits supplied were of very high quality, had good texture, flavour and appropriate sweetness. The efforts being made by you in promoting horticulture also inspire us to look for new avenues of research in this University as well.

With my kind regards,

Yours sincerely,

(Khem Singh Gill)

His Holiness Satguru
Baba Jagjit Singh Ji Maharaj
Gurdwara, Bhaini Sahib
(Ludhiana)

# ਹਰਿਆਣਾ ਵਿਖੇ ਬਾਗ਼

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਨ 1947 ਵਿਚ ਹੋਏ ਦੇਸ਼ ਦੇ ਵੰਡਾਰੇ ਤੋਂ ਪਹਿਲੋਂ ਹੀ ਸਰਸਾ ਦੇ ਲਾਗੇ (ਹਰਿਆਣਾ ਵਿਖੇ) ਕੁਝ ਪਿੰਡਾਂ ਦੇ ਰੇਤਲੇ ਟਿੱਬਿਆਂ ਵਾਲੀ ਗੈਰ ਅਬਾਦ ਜ਼ਮੀਨ ਕ੍ਰੀਬ 500 ਮੁਰੱਬੇ ਖ੍ਰੀਦ ਲਈ ਸੀ। ਦੇਸ਼ ਦੇ ਵੰਡਾਰੇ ਮਗਰੋਂ ਸ੍ਰੀ ਸਤਿਗੁਰੂ ਨੇ ਇਨ੍ਹਾਂ ਪਿੰਡਾਂ (ਸ੍ਰੀ ਜੀਵਨ ਨਗਰ ਦੇ ਇਲਾਕੇ) ਵਿਚ ਆਪਣੇ ਸਿੱਖ ਵਸਾਏ। ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸਿੱਖਾਂ ਨੇ ਇਸ ਜ਼ਮੀਨ ਨੂੰ ਬੜੀ ਮਿਹਨਤ ਨਾਲ ਅਬਾਦ ਕੀਤਾ।

'ਸਾ ਧਰਿਤ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੂ ਬੈਠਾ ਆਇ' ਦੇ ਵਾਕ ਅਨੁਸਾਰ ਸਤਿਗੁਰਾਂ ਦੀ ਚਰਨ ਛੁਹ ਪ੍ਰਾਪਤ ਕਰਦੇ ਹੀ ਬੰਜਰ ਦੀ ਕੁੱਖ 'ਚੋਂ ਹਰਿਆਵਲ ਝਾਕਣ ਲੱਗੀ। ਟਿਊਬਵੈਲ ਲਗ ਗਏ। ਹਰਿਆਵਲ ਤੇ ਖੁਸ਼ਹਾਲੀ ਵੱਧਣ ਲਗੀ ਪਰ ਅਜੇ ਵੀ ਇਸ ਇਲਾਕੇ ਵਿਚ ਬਹੁਤ ਜ਼ਮੀਨ ਪੱਧਰੀ ਕਰ ਕੇ ਤਿਆਰ ਕਰਨ ਲਈ ਮਿਹਨਤ ਮੰਗਦੀ ਸੀ।

"ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੱਦੀਨਸ਼ੀਨ ਹੋਏ ਆਪ ਜੀ ਨੇ ਉਸਾਰੂ ਕਾਰਜਾਂ ਵਿਚ ਸਭ ਤੋਂ ਪਹਿਲੋਂ ਸ੍ਰੀ ਜੀਵਨ ਨਗਰ ਦੇ ਇਲਾਕੇ ਨੂੰ ਆਪਣੀ ਕਰਮ-ਭੂਮੀ ਬਣਾਇਆ। ਸ੍ਰੀ ਸਤਿਗੁਰੂ ਜੀ ਨੇ ਸਿੱਖਾਂ ਨੂੰ ਨਾਲ ਲੈ ਕੇ ਕੁਝ ਮਹੀਨਿਆਂ ਵਿਚ ਮਸਤਾਣਗੜ੍ਹ ਦੀ 400 ਏਕੜ ਦਲਦਲ ਜ਼ਮੀਨ ਨੂੰ ਅਬਾਦ ਕਰ ਲਿਆ। ਬਿਨਾ ਕਿਸੇ ਖਾਦ ਅਤੇ ਸਪਰ੍ਹੇ ਤੋਂ ਪ੍ਰਤੀ ਏਕੜ 66 ਮਣ ਕਣਕ ਪੈਦਾ ਕੀਤੀ। ਇਹ ਮਾਡਲ ਫਾਰਮ ਬਣ ਗਿਆ। ਅਣਥੱਕ ਮਿਹਨਤ ਦੀ ਪਰਤੱਖ ਕਰਾਮਾਤ ਵੇਖ ਕੇ ਸਾਰੇ ਇਲਾਕੇ ਵਿਚ ਲੋਕਾਂ ਨੇ ਰਹਿੰਦੀਆਂ ਜ਼ਮੀਨਾਂ ਵੀ ਆਬਾਦ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਇਸ ਇਲਾਕੇ ਵਿਚ ਮਲ੍ਹਿਆਂ ਦੇ ਬੇਰ, ਵਣਾਂ ਦੀਆਂ ਪੀਲ੍ਹਾਂ ਅਤੇ ਚਿੱਬੜ ਹੀ ਮੁੱਖ ਫਲ ਹੁੰਦੇ ਸਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਾਗ ਲਾਉਣ ਵਾਸਤੇ ਖੇਤੀ ਬਾੜੀ ਮਹਿਕਮੇਂ ਵਾਲਿਆਂ ਤੋਂ ਮਿੱਟੀ ਟੈਸਟ ਕਰਵਾਈ ਗਈ। ਉਨ੍ਹਾਂ ਰਿਪੋਰਟ ਦਿੱਤੀ ਕਿ ਇਸ ਜ਼ਮੀਨ ਵਿਚ ਸੀਟਰੈੱਸ ਫੈਮਿਲੀ ਦੇ ਫਲ ਨਿੰਬੂ, ਸੰਤਰਾ, ਮਾਲਟਾ ਆਦਿ ਨਹੀਂ ਹੋ ਸਕਦੇ। ਅਸੰਭਵ ਨੂੰ ਸੰਭਵ ਕਰਨਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮਨ ਭਾਉਂਦਾ ਸ਼ੌਕ ਹੈ। ਆਪ ਜੀ ਨੇ ਪਹਿਲੋਂ ਆਪਣੇ ਖੇਤਾਂ ਵਿਚ ਸ੍ਰੀ ਜੀਵਨ ਨਗਰ ਅੰਗੂਰ, ਅਮਰੂਦ, ਕਿੰਨੂ, ਸੰਤਰੇ, ਮਾਲਟੇ ਅਤੇ ਚਕੋਦਰਿਆਂ ਦੇ ਬਾਗ ਲਗਵਾਏ। ਫੇਰ ਸਾਰੇ ਇਲਾਕੇ ਵਿਚ ਸਿੱਖਾਂ ਨੂੰ ਉਚੇਚਾ ਹੁਕਮ ਕਰਕੇ ਅੰਗੂਰਾਂ ਦੇ ਬਾਗ ਲਵਾਏ।"

–'ਸਰਬ ਕਲਾ ਸਮਰੱਥ ' ਪੰਨਾ 11 ( ਲੇਖਕ-ਸੇਵਕ ਹਰਪਾਲ ਸਿੰਘ)

ਸ੍ਰੀ ਜੀਵਨ ਨਗਰ ਅਤੇ ਮਸਤਾਨਗੜ੍ਹ ਵਿਖੇ ਬਾਗ ਲਗਵਾਏ।

ਸ੍ਰੀ ਜੀਵਨ ਨਗਰ ਵਿਖੇ, ਸਰਸਾ ਰੋਡ 'ਤੇ ਛੇ ਏਕੜ ਵਿਚ ਅੰਗੂਰਾਂ ਦਾ ਬਾਗ਼ ਲਗਾਇਆ ਗਿਆ। ਇਸ ਵਿਚ ਡੇਢ ਏਕੜ ਵਿਚ ਥਾਮਸਨ ਸੀਡਲੈਸ ਦੀਆਂ ਕਿਸਮਾਂ, ਡੇਢ ਏਕੜ ਵਿਚ ਪਰਲਟ, ਡੇਢ ਏਕੜ ਵਿਚ ਤਾਸ਼-ਏ-ਗਣੇਸ਼ ਅਤੇ ਡੇਢ ਏਕੜ ਵਿਚ ਮਾਨਕ-ਚਮਨ ਅੰਗੂਰ ਲਗਾਏ ਗਏ।

ਮਸਤਾਨਗੜ੍ਹ ਦੀ ਜ਼ਮੀਨ ਵਿਚ ਲਗਿਆ ਹੋਇਆ ਕਿੰਨੂ, ਮਾਲਟਾ ਅਤੇ ਮੌਸਮੀਆਂ ਦਾ ਖੂਬਸੂਰਤ ਬਾਗ਼, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਨ 1986 ਵਿਚ ਭਾਦੋਂ ਦੀ ਕਹਿਰ ਵਾਲੀ ਗਰਮੀ ਵਿਚ ਆਪ ਸਾਹਮਣੇ ਬੈਠ ਕੇ ਲਗਵਾਇਆ। ਇਹ ਬਾਗ਼ ਆਪਣੇ ਆਪ ਵਿਚ ਇਕ ਮਿਸਾਲ ਬਣਿਆ। ਸੋਲਾਂ ਏਕੜ ਵਿਚ ਘਣੇਂ ਸੰਘਣੇ ਕਿੰਨੂਆਂ, ਦੋ ਏਕੜ ਵਿਚ ਮਾਲਟੇ ਤੇ ਮੌਸਮੀਆਂ ਅਤੇ ਅੱਧਾ ਏਕੜ ਵਿਚ ਸੁਮਿਤਰਾ ਕਿਸਮ ਦੇ ਸੰਤਰਿਆ ਦਾ

ਬਾਗ਼ ਲਗਾਇਆ ਗਿਆ। ਇਹ ਬਾਗ਼ ਡਾ. ਜੀ. ਐਸ. ਰੰਧਾਵਾ ਦੀ ਥੋੜ੍ਹੀ ਜਗ੍ਹਾ ਵਿਚ ਜ਼ਿਆਦਾ ਬੂਟੇ (ਹਾਈ ਡੈਨੀਸਿਟੀ ਪਲਾਂਟੇਸ਼ਨ) ਦੀ ਸਕੀਮ ਅਨੁਸਾਰ ਲਗਾਇਆ ਗਿਆ। ਡਾ. ਰੰਧਾਵਾ ਸੰਨ 1980-81 ਵਿਚ ਬੰਗਲੌਰ ਵਿਖੇ ਇੰਡੀਅਨ ਇਨਸਟੀਚਿਯੂਟ ਆਫ਼ ਹਾਰਟੀਕਲਚਰ (ਭਾਰਤੀ ਬਾਗ਼ਬਾਨੀ ਸੰਸਥਾ) ਦੇ ਪਹਿਲੇ ਡਾਇਰੈਕਟਰ ਸਨ ਤੇ ਲੰਮੇ ਸਮੇਂ ਤੀਕ ਇਸ ਅਹੁਦੇ 'ਤੇ ਰਹੇ।

ਡਾ. ਰੰਧਾਵਾ ਨੂੰ ਹਿੰਦੁਸਤਾਨ ਦੀ ਅਜੋਕੀ ਲੈਂਡਸਕੇਪਿੰਗ ਦੇ ਪਿਤਾਮਾ ਕਿਹਾ ਜਾਂਦਾ ਹੈ। ਉਹ ਆਪਣੀ ਸਾਰੀ ਨੌਕਰੀ ਦੌਰਾਨ ਜਿਥੇ ਜਿਥੇ ਵੀ ਰਹੇ ਆਪਣੇ ਅਸਰ ਰਸੂਖ਼ ਨਾਲ ਫੁੱਲ-ਬੂਟਿਆਂ ਦੇ ਅਨਮੋਲ ਖਜ਼ਾਨੇ ਦਾ ਪ੍ਰਚਾਰ, ਬੜੋਤਰੀ ਅਤੇ ਪ੍ਰਯੋਗ ਕਰਦੇ ਕਰਵਾਉਂਦੇ ਰਹੇ। ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਬਿਊਟੀਫਿਕੇਸ਼ਨ ਕਮੇਟੀ ਦੇ ਪ੍ਰਧਾਨ ਰਹੇ ਅਤੇ ਪੰਜਾਬ ਯਾਤਰਾ ਵਿਕਾਸ ਨਿਗਮ ਵਿਚ ਵੀ ਕੰਮ ਕਰਦੇ ਰਹੇ।

ਜਦੋਂ ਡਾ. ਰੰਧਾਵਾ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵੀ. ਸੀ. ਸਨ ਤਾਂ ਉਨ੍ਹਾਂ, ਨਾ ਕੇਵਲ ਬਾਗ਼-ਬਗ਼ੀਚਿਆਂ ਉੱਪਰ ਕਈ ਕਿਤਾਬਾਂ ਹੀ ਲਿਖੀਆਂ ਬਲਕਿ ਅਨੇਕ ਸ਼ਹਿਰਾਂ ਵਿਚ ਸੁੰਦਰ ਬਗ਼ੀਚੇ ਬਣਵਾਏ ਅਤੇ ਮਾਹੌਲ ਨੂੰ ਸੁੰਦਰ, ਦਿਲਖਿੱਚਵਾਂ ਅਤੇ ਸੁਖਾਵਾਂ ਬਣਾਉਣ 'ਚ ਕੋਈ ਕਸਰ ਨਹੀਂ ਛੱਡੀ।

ਯੂਰਪ ਵਿਚ ਈਸਟ ਮਾਲਿੰਗ ਸਟੇਸ਼ਨ ਇੰਗਲੈਂਡ ਵਿਖੇ ਸੇਬ ਦੀਆਂ ਬੌਨੀਆਂ ਕਿਸਮਾਂ ਵਾਸਤੇ ਅਤੇ ਅਮਰੀਕਾ ਦੇ ਫਲੋਰੀਡਾ ਰਾਜ ਵਿਚ ਕਿੰਨੂ ਅਤੇ ਹੈਜ ਸਿਸਟਮ 'ਤੇ ਕੀਤਾ ਗਿਆ ਹਾਈ ਡੈਨਸਿਟੀ ਪਲਾਂਟੇਸ਼ਨ ਦਾ ਪ੍ਰਯੋਗ, ਭਾਰਤ ਵਿਚ ਮਸਤਾਨਗੜ੍ਹ ਵਿਚ ਪਹਿਲੀ ਵਾਰ ਕੀਤਾ ਗਿਆ। ਇਸ ਤਰੀਕੇ ਨਾਲ ਥੋੜ੍ਹੀ ਜ਼ਮੀਨ ਤੋਂ ਜ਼ਿਆਦਾ ਲਾਭ ਲਿਆ ਜਾਂਦਾ ਹੈ। ਇਸ ਨਾਲ ਪੌਦਿਆਂ ਦੀ ਗਿਣਤੀ ਪ੍ਰਤੀ ਏਕੜ ਦੋ ਗੁਣਾ ਹੋ ਜਾਂਦੀ ਹੈ।

ਮਸਤਾਨਗੜ੍ਹ ਵਿਖੇ, ਕਿੰਨੂਆਂ ਦੇ ਬਾਗ਼ ਵਿਚ ਬੂਟੇ ਇਤਨੇ ਸੰਘਣੇ ਲਗਾਏ ਗਏ ਕਿ ਵਿਚੋਂ ਦੀ ਲੰਘਣ ਦੀ ਜਗ੍ਹਾ ਵੀ ਮੁਸ਼ਕਿਲ ਨਾਲ ਬਚਦੀ ਸੀ। ਵੈਸੇ ਇਕ ਏਕੜ ਵਿਚ ਸੌ ਬੂਟੇ ਲਗਦੇ ਹਨ, ਪਰ ਇਥੇ ਇਕ ਏਕੜ ਵਿਚ ਇਕ ਸੌ ਅੱਸੀ ਬੂਟੇ ਲਗਾਏ ਗਏ। ਫ਼ਲਾਂ ਨਾਲ ਲੱਦੇ ਹੋਏ ਰਸ-ਭਰੇ ਕਿੰਨੂਆਂ ਦੇ ਬਾਗ਼ ਦਾ ਨਜ਼ਾਰਾ ਵੇਖਿਆਂ ਹੀ ਬਣਦਾ ਸੀ। ਉਸ ਵੇਲੇ ਸ. ਹਰਨਾਮ ਸਿੰਘ ਮੋਹਾਲੀ (ਇਨ੍ਹਾਂ ਦਾ ਜ਼ਿਕਰ ਹਿਮਾਚਲ ਵਿਖੇ ਬਾਗ ਚੈਪਟਰ ਵਿਚ ਅੱਗੇ ਆਵੇਗਾ) ਨੂੰ ਸ੍ਰੀ ਸਤਿਗੁਰੂ ਜੀ ਵਲੋਂ ਇਥੇ ਇੰਨਚਾਰਜ ਲਗਵਾਇਆ ਗਿਆ ਸੀ।

ਮਸਤਾਨਗੜ੍ਹ ਦੇ ਕਿੰਨੂ ਸੰਨ 1991-92 ਵਿਚ ਹਰਿਆਣਾ ਦੀ ਫ਼ਲ ਪ੍ਰਦਰਸ਼ਨੀ ਵਿਚੋਂ ਪਹਿਲੇ ਨੰਬਰ 'ਤੇ ਆਏ। ਖੇਤੀਬਾੜੀ ਅਤੇ ਬਾਗ਼ਬਾਨੀ ਮੰਤਰੀ ਸ੍ਰ ਹਰਪਾਲ ਸਿੰਘ ਜੀ ਨੇ ਇਹ ਇਨਾਮ ਦਿੱਤਾ।

ਮਸਤਾਨਗੜ੍ਹ ਵਿਚ ਲਗੇ ਬਾਗ਼ ਦੇ ਜਿਹੜੇ ਕਿੰਨੂ ਮੰਡੀ ਵਿਚ ਪੁੱਜਦੇ ਸਨ, ਖਰੀਦਾਰ ਬਾਕੀ ਸਾਰੇ ਪਾਸੇ ਦੇ ਫ਼ਲਾਂ ਨੂੰ ਛੱਡ ਕੇ ਇਨ੍ਹਾਂ ਕਿੰਨੂਆਂ ਨੂੰ ਖਰੀਦਣ ਲਈ ਉਤਸਾਹ ਵਿਖਾਉਂਦੇ ਸਨ। ਕਿੰਨੂ ਤਾਂ ਹੋਰ ਵੀ ਲੋਕਾਂ ਨੇ ਲਗਾਏ ਹੋਏ ਸਨ ਪਰ ਇਥੋਂ ਦੇ ਕਿਨੂੰਆਂ ਦੀ ਮਿਠਾਸ ਤੇ ਗੁਣਵੱਤਾ ( ਕੁਆਲਟੀ) ਹੀ ਅਨੋਖੀ ਸੀ। ਸੱਚੇ ਪਾਤਸ਼ਾਹ ਜੀ ਨੇ ਆਪਣੇ ਕਰ-ਕਮਲਾਂ ਨਾਲ ਇਸ ਬਾਗ਼ ਨੂੰ ਸ਼ੁਰੂ ਕਰ ਕੇ ਇਸ ਵਿਚ ਬਰਕਤ ਪਾਈ। ਇਥੇ ਅਜੇ ਵੀ ਕਿਨੂੰਆਂ ਦਾ ਬਾਗ ਲੱਗਾ ਹੋਇਆ ਹੈ। ( ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕਰ ਲੇਖਿਕਾ ਨੂੰ ਵੀ ਇਹ ਕਿਨੂੰ ਛਕਾਏ ਸਨ)

ਸ੍ਰੀ ਸਤਿਗੁਰੂ ਜੀ ਨੇ ਅੰਗੂਰਾਂ ਦੀ ਐਸੀ ਕਿਸਮ ਵੀ ਤਿਆਰ ਕਰਕੇ ਮਾਹਿਰਾਂ ਨੂੰ ਅਚੰਭੇ ਵਿਚ ਪਾਇਆ ਜੋ ਸਾਲ ਵਿਚ ਦੋ ਵਾਰ ਫਲ ਦੇਵੇ। ਆਪ ਜੀ ਨੇ ਮੌਸਮ ਦੇ ਪਰੰਪਰਾਗਤ ਸਮੇਂ ਨੂੰ ਬਦਲਣ ਦੇ ਯਤਨਾਂ ਵਿਚ ਖਾਸੀ ਦਿਲਚਸਪੀ ਲਈ ਹੈ।

26 ਅਕਤੂਬਰ ਸੰਨ 1991 ਨੂੰ ਲੁਧਿਆਣੇ ਤੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨਾਂ ਦੀ ਇਕ ਟੀਮ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਗਈ। ਇਸ ਟੀਮ ਨੇ ਸ੍ਰੀ ਸਤਿਗੁਰੂ ਜੀ ਦੇ ਨਾਲ ਮਸਤਾਨਗੜ੍ਹ, ਟਿੱਬੇ ਅਤੇ ਸ੍ਰੀ ਜੀਵਨ ਨਗਰ ਦੇ ਬਾਗ਼ਾਂ ਦਾ ਦੌਰਾ ਕੀਤਾ। ਮਸਤਾਨਗੜ੍ਹ ਦਾ ਕਿੰਨੂਆਂ ਦਾ ਬਾਗ਼, ਸ੍ਰੀ ਜੀਵਨ ਨਗਰ-ਰਾਣੀਆਂ ਰੋਡ 'ਤੇ ਸੀਡਲੈਸ ਅੰਗੂਰਾਂ ਦੀ ਫਸਲ, ਜਿਸ ਨੂੰ ਵੱਡੇ ਵੱਡੇ ਅੰਗੂਰਾਂ ਦੇ ਗੁੱਛੇ ਲਗੇ ਹੋਏ ਸਨ ਅਤੇ ਹੋਰ ਸਾਰੇ ਪ੍ਰਕਾਰ ਦੇ ਫ਼ਲਾਂ ਨੂੰ ਵੇਖ ਕੇ ਇਹ ਟੀਮ ਬਹੁਤ ਪ੍ਰਭਾਵਤ ਹੋਈ।

ਸ. ਤਰਲੋਕ ਸਿੰਘ ਮਾਨ (ਸ. ਸਾਹਿਬ ਸਿੰਘ ਦੇ ਸਪੁੱਤਰ ਅਤੇ ਸ. ਕੇਹਰ ਸਿੰਘ ਮਾਨ ਦੇ ਭਤੀਜੇ) ਜੋ ਉਸ ਵੇਲੇ ਜ਼ੇਲ੍ਹ ਸੁਪਰੀਡੈਂਟ ਸਨ, ਨੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਜਦੋਂ ਯੂਨੀਵਰਸਿਟੀ ਵਾਲਿਆਂ ਨੂੰ ਅੰਗੂਰਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ,

"ਅਸੀਂ ਤਾਂ ਇਹ ਸੋਚਦੇ ਹਾਂ ਕਿ ਏਡੇ ਵੱਡੇ ਵੱਡੇ ਗੁੱਛੇ ਪੈਕ ਕਿਵੇਂ ਹੋਣਗੇ ?"

ਇਸ ਯੂਨੀਵਰਸਿਟੀ ਦੀ ਟੀਮ ਵਿੱਚ ਸ਼ਾਮਲ ਸਨ :-

1 ਡਾ. ਅਪਾਰ ਸਿੰਘ ਬਿੰਦਰਾ, ਮੁਖੀ ਬਾਗ਼ਬਾਨੀ ਵਿਭਾਗ।
2 ਡਾ. ਅਜੀਤ ਸਿੰਘ ਢੱਟ, ਪ੍ਰੋਫੈਸਰ ਆਫ ਹਾਰਟੀਕਲਚਰਿਸਟ।
3 ਡਾ. ਅਮਰੀਕ ਸਿੰਘ ਸੰਧੂ, ਸੀਨੀਅਰ ਹਾਰਟੀਕਲਚਰਿਸਟ
4 ਡਾ. ਸੂਰਤ ਸਿੰਘ ਚੀਮਾ, ਹਾਰਟੀਕਲਚਰਿਸਟ।
5 ਡਾ. ਸੁਖਦੇਵ ਸਿੰਘ ਬਰਾੜ, ਹਾਰਟੀਕਲਚਰਿਸਟ।
6 ਡਾ. ਪੀ. ਪੀ. ਐਸ. ਮਿਨਹਾਸ, ਅਸਿਸਟੈਂਟ ਹਾਰਟੀਕਲਚਰਿਸਟ।
7 ਡਾ. ਬਸਾਖਾ ਸਿੰਘ ਢਿੱਲੋਂ, ਅਸਿਸਟੈਂਟ ਹਾਰਟੀਕਲਚਰਿਸਟ।

ਇਸ ਟੀਮ ਦੁਆਰਾ ਪੇਸ਼ ਕੀਤੀ ਰਿਪੋਰਟ ਅਨੁਸਾਰ,

"ਇਹਨਾਂ ਦਾ ਮੁੱਖ ਆਕਰਸ਼ਨ ਪਤਝੜ ਸਮੇਂ ਦੇ ਪੱਕਣ ਵਾਲੇ ਅੰਗੂਰ ਸਨ। ਇਥੋਂ ਦੇ ਕੁਝ ਉੱਦਮੀ ਕਿਰਸਾਨਾਂ ਨੇ ਕੋਸ਼ਿਸ਼ ਕੀਤੀ ਹੈ ਕਿ ਬਾਰਸ਼ਾਂ ਤੋਂ ਬਾਅਦ ਵੀ ਅੰਗੂਰਾਂ ਦੀ ਫਸਲ ਲਈ ਜਾਵੇ। ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਇਹਨਾਂ ਦੀ ਅਗਵਾਈ ਕਰ ਰਹੇ ਹਨ। ਇਹਨਾਂ ਨੂੰ ਵੱਖੋ ਵੱਖ ਪੱਖਾਂ 'ਤੇ ਤਕਨੀਕੀ ਜਾਣਕਾਰੀ ਦਿੰਦੇ ਹਨ ਅਤੇ ਸੁਪਰਵੀਜ਼ਨ ਵੀ ਕਰਦੇ ਹਨ। ਸ੍ਰੀ ਸਤਿਗੁਰੂ ਜੀ ਨੂੰ ਅੱਧੀ ਸਦੀ ਤੋਂ ਜ਼ਿਆਦਾ ਬਾਗ਼ਬਾਨੀ ਦਾ ਤਜਰਬਾ ਹੈ ਅਤੇ ਉਹਨਾਂ ਦੀ ਬਾਗ਼ਬਾਨੀ ਦੇ ਵਿਚ ਸੂਝ ਬੂਝ ਦੀ ਮਿਸਾਲ ਕਿਤੇ ਹੀ ਮਿਲਦੀ ਹੈ।

ਇਨ੍ਹਾਂ ਉਤਸ਼ਾਹਿਤ ਬਾਗ਼ਬਾਨਾਂ ਦੀ ਸਫ਼ਲਤਾ ਦਾ ਭੇਦ, ਉਨ੍ਹਾਂ ਦੀ ਵੇਲਾਂ ਦੀ ਕਾਂਟ ਛਾਂਟ ਲਈ ਯੋਗ ਸਮੇਂ ਦੀ ਚੋਣ ਕਰਨ ਦੀ ਯੋਗਤਾ ਹੈ। ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਪਤਾ ਲਗਦਾ ਹੈ ਕਿ ਉਹ ਵੇਲਾਂ ਦੀ ਉਸ ਸਮੇਂ ਕਾਂਟ ਛਾਂਟ ਕਰਦੇ ਹਨ ਜਦ ਮੌਸਮ ਠੰਡਾ, ਬਾਰਸ਼ ਦੀ ਸੰਭਾਵਨਾ ਤੋਂ ਰਹਿਤ ਅਤੇ ਖੁਸ਼ਕ ਹੋਵੇ। ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨ ਵੀ ਇਸ ਦਾ ਵਿਗਿਆਨਕ ਕਾਰਣ ਲੱਭ ਰਹੇ ਹਨ ਤਾਂ ਕਿ ਬਾਕੀ ਬਾਗ਼ਬਾਨਾਂ ਨੂੰ ਕਾਂਟ ਛਾਂਟ ਕਰਨ ਦੀ ਸਹੀ ਮਿਤੀ ਬਾਰੇ ਜਾਣਕਾਰੀ ਦਿੱਤੀ ਜਾ ਸਕੇ।"

ਲੋਕਾਂ ਨੂੰ ਆਪਣੀ ਜਿਨਸ ਵੇਚਣ ਲਈ ਦੂਰ ਸ਼ਹਿਰਾਂ ਵਿਚ ਜਾਣਾ ਪੈਂਦਾ ਸੀ। ਸ੍ਰੀ ਸਤਿਗੁਰੂ ਜੀ ਨੇ ਆਪਣੇ ਸਮਰੱਥ ਸਿੱਖਾਂ ਨੂੰ ਹੁਕਮ ਕਰਕੇ ਇਲਾਕੇ ਵਿਚ ਕਪਾਹ ਮਿੱਲ ਅਤੇ ਰਾਇਸ ਮਿੱਲਾਂ ਲਵਾਈਆਂ। ਦਾਣਾ ਮੰਡੀ ਅਤੇ ਜਨਰਲ ਮਾਰਕੀਟ ਦਾ ਨਿਰਮਾਣ ਕਰਵਾਇਆ। ਇੱਟਾਂ ਦੇ ਭੱਠੇ ਲਵਾਏ।

ਸੰਨ 1971 ਵਿਚ ਅੱਸੂ ਦੇ ਮੇਲੇ ਤੋਂ ਬਾਅਦ ਮਸਤਾਨਗੜ੍ਹ ਵਾਲਾ ਡੇਰਾ ਅਤੇ ਪ੍ਰਯੋਗ ਵਾਲੇ ਡੇਰੇ ਵਿਚਕਾਰ ਦੋ ਏਕੜ ਜ਼ਮੀਨ ਵਿਚ ਸ੍ਰੀ ਸਤਿਗੁਰੂ ਜੀ ਨੇ ਤਰਤੀਬ ਨਾਲ ਨਿੰਮਾਂ ਲਗਵਾਈਆਂ।

( ਕ੍ਰੀਬ ਸੰਨ 2000 ਵਿਚ ਜਦੋਂ ਨਿੰਮ, ਹਲਦੀ ਅਤੇ ਬਾਸਮਤੀ ਪੇਟੈਂਟ ਕਰਵਾਉਣ ਵਾਸਤੇ ਅਮਰੀਕਾ ਨੇ ਜਤਨ ਕੀਤਾ ਤੇ ਉਹ ਕਾਮਯਾਬ ਨਾਂ ਹੋ ਸਕੇ, ਉਦੋਂ ਤੋਂ ਸਾਡੀ ਸਰਕਾਰ ਵਲੋਂ ਸੜਕਾਂ ਦੇ ਕਿਨਾਰਿਆਂ 'ਤੇ ਨਿੰਮਾਂ ਲਾਉਣੀਆਂ ਸ਼ੁਰੂ ਕੀਤੀਆਂ ਗਈਆਂ। ਅੱਜ ਵੀ ਅਸੀਂ ਜਦੋਂ ਵੇਖਦੇ ਹਾਂ ਸੜਕਾਂ ਦੇ ਕਿਨਾਰਿਆਂ ਤੇ ਜਿਹੜੀਆਂ ਨਿੰਮਾਂ ਸਰਕਾਰ ਦੁਆਰਾ ਲਗਵਾਈਆਂ ਗਈਆਂ ਉਹ ਕ੍ਰੀਬ 10-10 ਸਾਲ ਦੀਆਂ ਹਨ। ਨਿੰਮ ਦੇ 52 ਗੁਣ ਅਮਰੀਕਾ ਵਾਲਿਆਂ ਨੇ ਦੱਸੇ। ਭਾਰਤ ਸਰਕਾਰ ਤੇ ਅਧਿਕਾਰੀਆਂ ਨੇ ਉਦੋਂ ਇਸ ਪਾਸੇ ਵੱਲ ਧਿਆਨ ਦਿਤਾ।)

ਸ੍ਰੀ ਸਤਿਗੁਰੂ ਜੀ ਦੀ ਪਹੁੰਚ ਅਤੇ ਅਣਥੱਕ ਮਿਹਨਤ ਸਦਕਾ ਕੁਝ ਵਰ੍ਹਿਆਂ ਵਿਚ ਹੀ ਸ੍ਰੀ ਜੀਵਨ ਨਗਰ ਦਾ ਪਛੜਿਆ ਇਲਾਕਾ ਸਾਰੇ ਹਰਿਆਣੇ 'ਚੋਂ ਵੱਧ ਉਪਜ ਦੇਣ ਵਾਲਾ ਵਿਕਾਸਸ਼ੀਲ ਅਤੇ ਖੁਸ਼ਹਾਲ ਇਲਾਕਾ ਬਣ

ਗਿਆ। ਪਰ ਅਜੇ ਇਸ ਇਲਾਕੇ ਵਿਚ ਪਹਾੜ ਵਾਲੇ ਪਾਸੇ ਕੁਝ ਬਰਾਨੀ ਜ਼ਮੀਨ ਤੇ ਰੇਤ ਦੇ ਟਿੱਬੇ ਸ੍ਰੀ ਸਤਿਗੁਰੂ ਜੀ ਦੀ ਛੁਹ ਤੋਂ ਵਾਂਝੇ ਸਨ। ਏਥੇ ਨਹਿਰੀ ਪਾਣੀ ਨਹੀਂ ਸੀ ਲਗਦਾ ਅਤੇ ਨਾ ਹੀ ਇਨ੍ਹਾਂ ਟਿਬਿੱਆਂ 'ਤੇ ਬੋਰ ਦਾ ਪਾਣੀ ਪਹੁੰਚ ਸਕਦਾ ਸੀ । ਸਰਕਾਰ ਦੇ ਖੇਤੀ ਵਿਭਾਗ ਨੇ ਸਿਫਾਰਿਸ਼ ਕੀਤੀ ਕਿ ਏਥੇ ਕਿੱਕਰ ਲਗਵਾਓ। ਏਥੇ ਹੋਰ ਕੁਝ ਨਹੀਂ ਹੋ ਸਕਦਾ।

## ਟਿੱਬੇ 'ਤੇ ਫਲ ਉਗਾਏ

ਇਸ ਟਿੱਬੇ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੋ ਵਾਰ ਜਪ-ਪ੍ਰਯੋਗ ਹੋਏ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸੰਨ 1985 ਵਿਚ ਜਪ-ਪ੍ਰਯੋਗ ਹੋਇਆ।

ਇਸ ਰੇਤ ਦੇ ਟਿੱਬੇ ਦੀ ਜ਼ਮੀਨ ਨੂੰ ਇਲਾਕੇ ਦੇ ਸਾਰੇ ਜ਼ਿਮੀਂਦਾਰ ਵੀ ਅਤੇ ਖੇਤੀ ਬਾੜੀ ਦੇ ਮਾਹਰ ਵੀ ਖੇਤੀ ਵਾਸਤੇ ਕਮਜ਼ੋਰ ਸਮਝਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕੀਤਾ,

"ਮੈਂ ਪਹਿਲਾਂ ਜਿਸ ਨੂੰ ਇਹ ਮਾੜੀ ਜ਼ਮੀਨ ਸਮਝਦੇ ਹਨ, ਉਥੇ ਚੰਗਾ ਬਾਗ਼ ਲਗਾ ਕੇ ਵਿਖਾ ਦੇਵਾਂ, ਫਿਰ ਆਪਣੇ ਆਪ ਸਾਰੇ ਬਾਗ਼ ਲਗਵਾਉਣਗੇ।"

ਸੰਨ 1984 ਵਿਚ ਇੱਥੇ ਇਸ ਟਿੱਬੇ 'ਤੇ ਬੂਟੇ ਲਾਉਣੇ ਸ਼ੁਰੂ ਕੀਤੇ ਗਏ। ਸੰਨ 1986 ਵਿਚ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਥੇ ਇਕ ਦਿਨ ਵਿਚ ਕ੍ਰੀਬ ਸਵਾ ਦੋ ਸੌ ਟਰੈਕਟਰ ਲਗਾ ਕੇ ਟਿੱਬੇ ਨੂੰ ਪਲਾਂਟੇਸ਼ਨ ਵਾਸਤੇ ਅਸਾਨ ਕਰਨ ਲਈ ਪਹਿਲੋਂ ਪੱਧਰਾ ਕੀਤਾ ਗਿਆ। ਸੱਚੇ ਪਾਤਸ਼ਾਹ ਜੀ ਨੇ ਟਿੱਬੇ ਵਾਲੀ ਜ਼ਮੀਨ ਨੂੰ ਵਰਤੋਂ ਵਿਚ ਲਿਆਉਣ ਸਮੇਂ ਇਹ ਖਾਸ ਧਿਆਨ ਰੱਖਿਆ ਕਿ ਟਿੱਬੇ ਦੀ ਪ੍ਰਾਚੀਨ ਮਹਾਨਤਾ ਨੂੰ ਨਾ ਕੇਵਲ ਕਾਇਮ ਰਖਿਆ ਜਾਵੇ ਸਗੋਂ ਇਸ ਨੂੰ ਵਧ ਚੜ੍ਹ ਕੇ ਨਵੇਂ ਸਿਰੇ ਤੋਂ ਆਧੁਨਿਕ ਢੰਗ ਦੀ ਲੈਂਡ ਸਕੇਪਿੰਗ ਰਾਹੀਂ ਹੋਰ ਸੁੰਦਰ ਬਣਾਇਆ ਜਾਵੇ।

ਪੰਜਾਬ ਤੇ ਹਰਿਆਣਾ ਖੇਤੀਬਾੜੀ ਯੂਨੀਵਰਸਿਟੀਆਂ ਦੇ ਮਾਹਿਰਾਂ ਨੇ ਟਿੱਬੇ ਦੀ ਧਰਤੀ ਦੀ ਮਿੱਟੀ ਚੈਕ ਕਰ ਕੇ ਆਖਿਆ ਸੀ ਕਿ, "ਇਸ ਵਿਚ ਪੀ. ਐਚ. ਵਧੇਰੇ ਅਤੇ ਟਿਊਬਵੈਲ ਦੇ ਪਾਣੀ 'ਚ ਈ. ਸੀ. ਈ. ਘੱਟ ਹੈ। ਦੋਵੇਂ ਗੱਲਾਂ ਉਲਟ ਹਨ। ਇੱਥੇ ਕੋਈ ਫਸਲ ਕਾਮਯਾਬੀ ਨਾਲ ਪੈਦਾ ਨਹੀਂ ਕੀਤੀ ਜਾ ਸਕਦੀ, ਜੇ ਕੀਤੀ ਵੀ ਗਈ ਤਾਂ ਉਸ ਵਿਚੋਂ ਫ਼ਲ ਨਹੀਂ ਮਿਲ ਸਕਣੇ, ਖਰਚ ਖੇਚਲ ਕਰ ਕੇ ਚੁੱਪ ਕਰਕੇ ਬਹਿ ਜਾਵੋਗੇ। ਅਸੀਂ ਤੁਹਾਨੂੰ ਰਾਇ ਦਿਆਂਗੇ ਕਿ ਚੰਗੀ ਜ਼ਮੀਨ ਵੇਖਕੇ ਉਸ ਵਿਚ ਬਾਗ਼ ਲਗਾਓ। ਸਿਟਰਸ (ਖੱਟੇ ਫ਼ਲ) ਤਾਂ ਇਥੇ ਪੈਦਾ ਹੋ ਹੀ ਨਹੀਂ ਸਕਦੇ।"

ਇਥੇ ਲਖਨਊ ਦੇ ਖੇਤੀ ਬਾੜੀ ਯੂਨੀਵਰਸਿਟੀ ਦੇ ਵੀ.ਸੀ. ਆਪਣੀ ਟੀਮ ਲੈ ਕੇ ਆਏ ਸਨ। ਉਨ੍ਹਾਂ ਵੀ ਇਹੀ ਰਾਇ ਦਿੱਤੀ ਸੀ।

ਕਈ ਵਾਰ ਮਾਹਿਰਾਂ ਦੀ ਗੱਲ ਸੁਣ ਕੇ, ਉਤਸ਼ਾਹ ਹੀਣ ਹੋਏ ਸੇਵਕਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਹੌਂਸਲਾ ਦੇਣਾ ਕਿ,

" ਜੇ ਸਫ਼ਰ ਵਿਚ ਤੁਰਿਆਂ ਰੇਲਵੇ ਫਾਟਕ ਬੰਦ ਮਿਲੇ ਜਾਂ ਟਾਇਰ ਪੈਂਚਰ ਹੋ ਜਾਵੇ, ਤਾਂ ਵਾਪਸ ਨਹੀਂ ਮੁੜੀਦਾ, ਦੋ ਘੰਟੇ ਲੇਟ ਪਹੁੰਚ ਸਕੀਦਾ ਹੈ।"

ਸੱਚੇ ਪਾਤਸ਼ਾਹ ਜੀ ਦੇ ਇਹੋ ਬਚਨ ਸੁਣ ਕੇ ਸੇਵਕਾਂ ਵਿਚ ਉਤਸ਼ਾਹ ਦੀ ਲਹਿਰ ਦੌੜ ਜਾਂਦੀ।

"ਫੁਹਾਰਾ ਸਿੰਚਾਈ ਅਤੇ ਤੁਪਕਾ- ਸਿੰਚਾਈ ਦਾ ਪ੍ਰਬੰਧ ਕਰ ਕੇ ਇਸ ਜ਼ਮੀਨ ਵਿਚ ਸ੍ਰੀ ਸਤਿਗੁਰੂ ਜੀ ਨੇ ਕਿੰਨੂ, ਅੰਗੂਰ, ਅਮਰੂਦ ,ਅਨਾਰ ਅਤੇ ਕਈ ਕਿਸਮ ਦੇ ਬੇਰਾਂ ਦੇ ਬਾਗ ਲਗਵਾ ਦਿੱਤੇ। ਇਹ ਕ੍ਰਿਸ਼ਮਾ ਵੇਖ ਕੇ ਆਸੇ ਪਾਸੇ ਦੇ ਸਭ ਜ਼ਿਮੀਦਾਰਾਂ ਨੇ ਜ਼ਮੀਨਾਂ ਪੱਧਰੀਆਂ ਕਰ ਲਈਆਂ। ਕਿਸੇ ਨੇ ਕਿੱਕਰਾਂ ਨਹੀਂ ਲਾਈਆਂ। ਇਹ ਜ਼ਮੀਨ ਜੋ 15-20 ਹਜ਼ਾਰ ਪ੍ਰਤੀ ਏਕੜ ਤੋਂ ਨਹੀਂ ਸੀ ਕੋਈ ਖ੍ਰੀਦਦਾ, ਦੋ ਲੱਖ ਪ੍ਰਤੀ ਏਕੜ ਹੋ ਗਈ। ਹੁਣ ਇਥੇ ਕੋਈ ਟਿੱਬਾ ਨਹੀਂ ਦਿੱਸਦਾ, ਕੇਵਲ ਵੰਨਗੀ ਮਾਤਰ ਦੋ ਟਿੱਬੇ ਸਾਂਭ ਰੱਖੇ ਹਨ-ਇਕ ਜਿਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ

ਨਾਮ-ਸਿਮਰਨ ਦਾ ਜਪ-ਪ੍ਰਯੋਗ ਕੀਤਾ ਸੀ ਅਤੇ ਦੂਸਰਾ 66 ਫੁੱਟ ਉੱਚਾ ਟਿੱਬਾ ਜਿੱਥੇ ਗਰਮੀਆਂ ਵਿਚ ਰਾਤ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬੈਠ ਕੇ ਨਾਮ-ਸਿਮਰਨ ਕਰਦੇ ਰਹੇ ਹਨ। ਇਹਨਾਂ ਟਿੱਬਿਆਂ 'ਤੇ ਵੀ ਘਾਹ ਲਾਇਆ ਹੋਇਆ ਹੈ। ਅੱਜ ਕਲ੍ਹ ਇਨ੍ਹਾਂ ਹਰੇ ਭਰੇ ਟਿੱਬਿਆਂ ਦੇ ਦੁਆਲੇ ਫੁੱਲਾਂ ਦੀ ਖੇਤੀ ਹੁੰਦੀ ਹੈ। ਇਹ ਜ਼ਮੀਨ ਜਿੱਥੇ ਰਾਹੀਆਂ ਦੇ ਪੈਰਾਂ 'ਚ ਸੂਲਾਂ ਚੁਭਿਆ ਕਰਨੀਆਂ ਸਨ, ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ-ਛੁਹ ਪਾ ਕੇ ਰੰਗ ਬਿਰੰਗੇ ਫੁੱਲਾਂ ਨਾਲ ਸਜੀ ਸੁੰਦਰ ਸੈਰਗਾਹ ਬਣ ਗਈ ਹੈ।"

-ਸਰਬ ਕਲਾ ਸਮਰੱਥ (ਪੰਨਾ 13-14) ਲੇਖਕ ਸੇਵਕ ਹਰਪਾਲ ਸਿੰਘ

ਸ੍ਰੀ ਸਤਿਗੁਰੂ ਜੀ ਦੀ ਕਿਰਪਾ-ਦ੍ਰਿਸ਼ਟੀ ਸਦਕਾ ਕਮਜ਼ੋਰ ਤੇ ਬੇਕਾਰ ਸਮਝੀ ਜਾਂਦੀ ਜ਼ਮੀਨ ਨੂੰ ਭਾਗ ਲੱਗ ਗਏ ਤੇ ਇਹ ਰੇਤ ਦਾ ਟਿੱਬਾ ਅਜ ਹਰਾ-ਭਰਾ ਹੋ ਕੇ ਦੁਨੀਆਂ ਲਈ ਇਕ ਨਮੂਨੇ ਦਾ ਪ੍ਰਦਰਸ਼ਨੀ ਬਾਗ਼ ਬਣ ਗਿਆ, ਜਿਸ ਤੋਂ ਪ੍ਰਭਾਵਤ ਹੋ ਕੇ ਲੋਕ ਕਿੱਕਰਾਂ ਦੀ ਥਾਂ ਬਾਗ਼ ਲਗਾਉਣ ਲਗ ਪਏ। ਸਰਕਾਰ ਨੇ ਇਹੋ ਜਿਹੇ ਰੇਤ ਦੇ ਟਿੱਬਿਆਂ 'ਤੇ ਕਿੱਕਰਾਂ ਦੇ ਬੂਟੇ ਲਗਾਉਣ ਦੀ ਸਕੀਮ ਬਣਾਈ ਸੀ ਪਰ ਇਸ ਟਿੱਬੇ 'ਤੇ ਸ੍ਰੀ ਸਤਿਗੁਰੂ ਜੀ ਵਲੋਂ ਬਹੁਤ ਕਿਸਮ ਦੇ ਲਾਭਦਾਇਕ ਫ਼ਲ ਬਹੁਤ ਕਾਮਯਾਬੀ ਨਾਲ ਪੈਦਾ ਕੀਤੇ ਗਏ। ਦੂਰੋਂ ਦੂਰੋਂ ਲੋਕੀਂ ਆ ਕੇ ਵੇਖਦੇ ਤੇ ਹੈਰਾਨ ਰਹਿ ਜਾਂਦੇ।

ਟਿੱਬੇ 'ਤੇ ਅੰਗੂਰ, ਅਨਾਰ, ਅਮਰੂਦ ਤੇ ਬੇਰ ਆਦਿਕ ਲਗਾਏ ਗਏ। ਟਿੱਬੇ ਦੀ ਕੁਲ ਜ਼ਮੀਨ ਕ੍ਰੀਬ 168 ਏਕੜ ਹੈ। ਇਸ ਅਸਥਾਨ 'ਤੇ ਬਾਗ਼ਬਾਨੀ ਦੀ ਸੇਵਾ ਦਾ ਕੰਮ ਸੰਤ ਸੁਖਦੇਵ ਸਿੰਘ ਜੀ ਟਿੱਬੇ ਵਾਲੇ (ਸੁਹੇਵਾ ਸਾਹਿਬ ਵਾਲੇ) ਕਰਦੇ ਰਹੇ ਜੋ ਬਚਪਨ ਤੋਂ ਹੀ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਆਏ ਹੋਏ ਹਨ। ਆਪ ਅਣਥਕ ਲਗਨ ਤੇ ਮਿਹਨਤ ਨਾਲ ਕੰਮ ਕਰਦੇ ਰਹੇ। ਸੰਤ ਸੁਖਦੇਵ ਸਿੰਘ (ਟਿੱਬੇ ਵਾਲੇ) ਨੂੰ ਖੇਤੀਬਾੜੀ ਤੋਂ ਇਲਾਵਾ ਮਸ਼ੀਨਰੀ ਅਤੇ ਬਿਜਲੀ ਦੇ ਉਪਕਰਣਾਂ ਦਾ ਗੂੜ ਗਿਆਨ ਹੋਣ ਕਾਰਨ, ਰੇਤ ਦਾ ਖੁਸ਼ਕ ਟਿੱਬਾ, ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਹਰਾ ਭਰਾ ਕਰਨ ਵਿਚ ਬਹੁਤ ਮਦਦ ਮਿਲੀ।

ਸੰਤ ਸੁਖਦੇਵ ਸਿੰਘ ਅਨੁਸਾਰ, " ਟਿੱਬੇ ਤੇ ਸ੍ਰੀ ਸਤਿਗੁਰੂ ਜੀ ਨੇ ਜੰਗ ਲੜੀ ਹੈ।"

ਟਿੱਬੇ ਤੇ ਇਮਰਾਨ, ਕਾਠਾਫਲ ਵਗੈਰਾ ਸੱਤ ਕਿਸਮ ਦੀਆਂ ਬੇਰੀਆਂ ਲਗੀਆਂ ਹੋਈਆਂ ਸਨ। ਇਨ੍ਹਾਂ ਬੇਰੀਆਂ ਨੂੰ ਕਈ ਪ੍ਰਤੀਯੋਗਤਾਵਾਂ ਵਿਚੋਂ ਇਨਾਮ ਮਿਲੇ ਸਨ।

ਟਿੱਬੇ 'ਤੇ ਲਗੇ ਇਨ੍ਹਾਂ ਬੇਰਾਂ ਨੂੰ ਛਿੱਲ ਕੇ, ਕੱਟ ਕੇ, ਗੁਠਲੀ ਕੱਢਣ ਉਪਰੰਤ ਛਾਵੇਂ ਸੁਕਾ ਕੇ ਵਧੀਆ ਡਰਾਈ ਫ਼ਰੂਟ ਤਿਆਰ ਕਰ ਲਿਆ ਜਾਂਦਾ ਸੀ। ਜਦੋਂ ਇਹ ਸੁੱਕਾ ਮੇਵਾ, ਸ੍ਰੀ ਸਤਿਗੁਰੂ ਜੀ ਕਿਸੇ ਨੂੰ ਛਕਣ ਲਈ ਦਿੰਦੇ ਸਨ ਤਾਂ ਆਮ ਇਨਸਾਨ ਇਹੀ ਆਖਦਾ ਸੀ ਕਿ ਸੁਆਦ ਬਹੁਤ ਹੈ, ਪਰ ਪਤਾ ਨਹੀਂ ਕੀ ਹੈ ? ਦੱਸਿਆਂ ਹੀ ਪਤਾ ਲਗਦਾ ਸੀ ਕਿ ਇਹ ਬੇਰ ਹਨ (ਬੇਰਾਂ ਦਾ ਇਹ ਸੁੱਕਾ ਮੇਵਾ ਸ੍ਰੀ ਸਤਿਗੁਰੂ ਜੀ ਨੇ ਲੇਖਿਕਾ ਨੂੰ ਵੀ ਛਕਾਇਆ)

ਟਿੱਬੇ 'ਤੇ ਸੱਠ ਏਕੜ ਵਿਚ ਇਮਰਾਨ ਕਿਸਮ ਦੇ ਬੇਰ, ਪੰਜ ਏਕੜ ਵਿਚ ਮਹਾਂਰਾਸ਼ਟਰ ਤੋਂ ਲਿਆਂਦੇ ਗਏ ਗਣੇਸ਼ ਕਿਸਮ ਦੇ ਅਨਾਰ, ਦੋ ਏਕੜ ਵਿਚ ਮਲਿਆਬਾਦੀ ਅਮਰੂਦਾਂ ਦੀ ਲਖਨਊ ਐਲ ਉਨੰਜਾ ਕਿਸਮ, ਛੇ ਏਕੜ ਵਿਚ ਅੰਗੂਰ ਲਗਾਏ ਹੋਏ ਸਨ। ਉੱਤਰੀ ਭਾਰਤ ਵਿਚ ਗਣੇਸ਼ ਕਿਸਮ ਦਾ ਅਨਾਰ ਵਪਾਰਕ ਤੌਰ 'ਤੇ ਪਹਿਲੀ ਵਾਰ ਇਥੇ ਲਗਾਇਆ ਗਿਆ ਸੀ। ਇਥੇ ਕਿੰਨੂ ਤੇ ਮਾਲਟਾ ਵੀ ਲਗਾਇਆ ਗਿਆ ਸੀ। ਬਾਗ਼ਬਾਨੀ ਦੇ ਨਾਲ ਨਾਲ ਇਥੇ ਵਧੀਆ ਕਿਸਮ ਦੇ ਕਾਲੇ ਛੋਲਿਆਂ ਦੀ ਫਸਲ ਲਈ ਗਈ।

ਜਦ ਟਿੱਬੇ ਤੇ ਬਾਗ਼ ਹਰਾ-ਭਰਾ ਹੋ ਗਿਆ ਤਾਂ ਮਿੱਟੀ ਮਾਹਿਰਾਂ ਨੇ ਇਥੇ ਕਈ ਥਾਂ ਤੋਂ ਛੇ-ਛੇ ਇੰਚ ਦੇ ਫਰਕ 'ਤੇ ਛੇ-ਛੇ ਫੁੱਟ ਡੂੰਘੀ ਮਿੱਟੀ ਲੈ ਕੇ ਟੈਸਟ ਕੀਤੀ। ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਨੇ ਆਖਿਆ, "ਜਾਂ ਤਾਂ ਇਸ ਮਿੱਟੀ ਵਿਚ ਏਨੀ ਪੀ. ਐਚ. ਨਹੀਂ ਤੇ ਜਾਂ ਇਸ ਤਰ੍ਹਾਂ ਦਾ ਸਫ਼ਲ ਤੇ ਸੁੰਦਰ ਬਾਗ਼ ਨਹੀਂ ਹੋ ਸਕਦਾ। ਜੇ ਦੋਵੇਂ ਗੱਲਾਂ ਏਸ ਤਰ੍ਹਾਂ ਹਨ ਤਾਂ ਆਪਣੀ ਯੂਨੀਵਰਸਿਟੀ ਦਾ ਰਿਕਾਰਡ ਬਦਲੋ।"

ਕਰਿਸ਼ੀ ਗਿਆਨ ਕੇਂਦਰ ਸਰਸਾ, ਜਿਹੜਾ ਕਿ ਹਰਿਆਣਾ ਯੂਨੀਵਰਸਿਟੀ ਹਿਸਾਰ ਦੀ ਇਕ ਬਰਾਂਚ (ਸ਼ਾਖਾ)

ਹੈ ਦੇ ਇੰਚਾਰਜ ਡਾ ਪ੍ਰਿਥੀਪਾਲ ਸਿੰਘ ਗਿੱਲ, ਸ੍ਰੀ ਸਤਿਗੁਰੂ ਜੀ ਦੇ ਪਰਮ ਸ਼ਰਧਾਲੂ ਹਨ। ਇਸੇ ਸਮੇਂ ਵਿਚ ਇਨ੍ਹਾਂ ਨੇ ਪੇਰੈਂਟ ਸੀਡ 81-ਏ, 81-ਬੀ ਦੇ ਕੇ ਟਿੱਬੇ ਤੇ ਬਾਜਰਾ ਬਿਜਵਾਇਆ, ਜਿਸ ਨਾਲ 20,000 ਰੁ: ਪ੍ਰਤੀ ਏਕੜ ਆਦਮਨ ਹੋਈ। ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ਹਿਸਾਰ ਦੇ ਵਾਇਸ ਚਾਂਸਲਰ ਕਟਾਰੀਯਾ ਸਾਹਿਬ ਤਿੰਨ ਵਾਰ ਡਾ ਪ੍ਰਿਥੀਪਾਲ ਸਿੰਘ ਗਿੱਲ ਨਾਲ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਤੇ ਸੱਚੇ ਪਾਤਸ਼ਾਹ ਜੀ ਦੀ ਬਾਗ਼ਬਾਨੀ ਦੇ ਖੇਤਰ ਵਿਚ ਦੇਣ ਦੀ ਬਹੁਤ ਪ੍ਰਸ਼ੰਸਾ ਕੀਤੀ।

8 ਨਵੰਬਰ 1989 ਨੂੰ, ਸੰਤ ਅਵਤਾਰ ਸਿੰਘ ਪਿੰਡ ਅੰਮ੍ਰਿਤਸਰ ਕਲਾਂ (ਜ਼ਿਲ੍ਹਾ ਸਰਸਾ) ਵਾਲਿਆਂ ਦੇ ਬਾਗ਼ ਵਿਚ ਸਮਾਗਮ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨਾਲ ਖੇਤੀ-ਬਾੜੀ ਮਾਹਿਰਾਂ ਦੀਆਂ, ਸਾਰੇ ਸਮਾਗਮਾਂ ਸਮੇਂ ਦੀਆਂ ਤਸਵੀਰਾਂ ਕਰਿਸ਼ੀ ਕੇਂਦਰ ਸਰਸੇ ਵਿਖੇ ਲੱਗੀਆਂ ਹੋਈਆਂ ਨੇ।

ਪੰਜਾਬੀ ਟ੍ਰਿਬਿਊਨ ਅਤੇ ਇੰਡੀਅਨ ਐਕਸਪ੍ਰੈਸ ਅਖਬਾਰਾਂ ਵਿਚ ਇਸ ਬਾਰੇ ਲੱਗਿਆ ਲੇਖ ਅਗਲੇ ਪੰਨਿਆਂ 'ਤੇ ਹੈ।

ਖੇਤੀਬਾੜੀ ਦੇ ਮਹਿਕਮੇਂ ਵੱਲੋਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਗਈ ਕਿ ਸਾਨੂੰ ਵੀ ਇਥੋਂ ਥੋੜ੍ਹੀ ਜਿਹੀ ਜ਼ਮੀਨ ਦਿੱਤੀ ਜਾਵੇ ਤਾਂ ਕਿ ਅਸੀਂ ਵੀ ਕੋਸ਼ਿਸ਼ ਕਰ ਕੇ ਅੰਗੂਰਾਂ ਦੀ ਫਸਲ ਲੈਣ ਦਾ ਤਜਰਬਾ ਕਰ ਸਕੀਏ। ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਇਨ੍ਹਾਂ ਮਾਹਿਰਾਂ ਨੂੰ ਲੱਗੇ ਹੋਏ ਬਾਗ਼ ਦਾ ਹੀ ਦੋ ਕਨਾਲ ਹਿੱਸਾ ਦੇ ਦਿੱਤਾ ਜਾਵੇ। ਹੁਕਮ ਮੰਨ ਕੇ ਸੰਤ ਅਵਤਾਰ ਸਿੰਘ ਪਿੰਡ ਅੰਮ੍ਰਿਤਸਰ ਕਲਾਂ (ਜ਼ਿਲ੍ਹਾ ਸਰਸਾ) ਵਾਲਿਆਂ ਦੇ ਬਾਗ਼ ਵਿਚੋਂ, ਜਿੱਥੇ ਕਿ ਅੰਗੂਰ ਦਾ ਫ਼ਲ, ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ, ਸਭ ਤੋਂ ਪਹਿਲਾਂ ਕਾਮਯਾਬ ਹੋਇਆ, ਦੋ ਕਨਾਲ ਲੱਗਾ ਲਗਾਇਆ ਬਾਗ਼ ਦਾ ਹਿੱਸਾ ਉਨ੍ਹਾਂ ਮਾਹਿਰਾਂ ਨੂੰ ਦੇ ਦਿੱਤਾ ਗਿਆ। ਪਰ ਅਗਲੇ ਸਾਲ ਜਦੋਂ ਆਫ ਸੀਜ਼ਨ ਆਇਆ ਤਾਂ ਉਨ੍ਹਾਂ ਖੇਤੀਬਾੜੀ ਮਾਹਿਰਾਂ ਦਾ ਦੋ ਕਨਾਲ ਦਾ ਹਿੱਸਾ ਖ਼ਾਲੀ ਰਹਿ ਗਿਆ ਜਦੋਂ ਕਿ ਬਾਕੀ ਬਾਗ਼ ਵਿਚ ਅੰਗੂਰਾਂ ਦੇ ਬਹੁਤ ਹੀ ਵੱਡੇ ਵੱਡੇ ਗੁੱਛੇ ਲਗੇ ਅਤੇ ਭਰਵੀਂ ਫਸਲ ਆਈ। ਹੈਰਾਨ ਹੋਏ ਖੇਤੀ ਬਾੜੀ ਮਾਹਿਰਾਂ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਤੇ ਨਮਸਕਾਰ ਕੀਤੀ।

1 ਦਸੰਬਰ 1989 , ਦਿਨ ਸ਼ੁਕਰਵਾਰ ,ਪੰਜਾਬੀ ਟ੍ਰਿਬਿਊਨ ਦੀ ਖਬਰ-

ਇੰਡੀਅਨ ਐਕਸਪ੍ਰੈਸ ਚੰਡੀਗੜ੍ਹ , ਦਿਨ ਵੀਰਵਾਰ , 12 ਅਕਤੂਬਰ 1989 ਦੀ ਖਬਰ-

ਟਿੱਬੇ ਵਿਖੇ ਪਾਣੀ ਘੱਟ ਹੋਣ ਕਾਰਣ ਇਥੇ ਅੰਗੂਰਾਂ ਨੂੰ ਲੋੜ ਮੁਤਾਬਕ ਤੇ ਸਹੀ ਮਾਤਰਾ ਵਿਚ ਪਾਣੀ ਦੇਣ ਲਈ ਇਰੀਗੇਸ਼ਨ ਡਰਿੱਪ ਸਿਸਟਮ ਲਗਾਇਆ ਗਿਆ ਸੀ, ਜਿਸ ਅਨੁਸਾਰ ਥੱਲੇ ਪਾਈਪ ਵਿਛੇ ਹੋਏ ਸਨ। ਹਰ ਥਾਮਸਨ ਸੀਡਲੈਸ ਬੂਟੇ ਦੀ ਜੜ ਕੋਲ, ਪਾਈਪ ਵਿਚ ਸੁਰਾਖ਼ ਹੁੰਦਾ ਹੈ ਜਿਸ ਵਿਚੋਂ ਜਿੰਨਾਂ ਪਾਣੀ ਬੂਟਿਆਂ ਨੂੰ ਦੇਣਾ ਹੁੰਦਾ ਹੈ, ਉਨ੍ਹਾਂ ਹੀ ਛੱਡਿਆ ਜਾਂਦਾ ਹੈ।

8 ਰੋਜ਼ਾਨਾ ਜਗ ਬਾਣੀ, ਜਲੰਧਰ 4.2.1992

# ਨਾਮਧਾਰੀਆਂ ਦੀ ਅਹਿਮ ਦੇਣ : ਅੰਗੂਰਾਂ ਦੀ ਪੈਦਾਵਾਰ

**ਕਈਆਂ** ਨੇ ਨਾਮਧਾਰੀਆਂ ਦੀ ਹਾਕੀ ਦੀ ਖੇਡ ਬਾਰੇ ਸੁਣਿਆ ਹੋਵੇਗਾ। 1857 ਤੋਂ ਪਹਿਲਾਂ ਨਾਮਧਾਰੀਆਂ ਨੇ ਹੀ ਭਾਰਤ ਵਰਸ਼ ਵਿਚ ਪਹਿਲੀ ਵਾਰ ਅੰਗਰੇਜ਼ੀ ਸਾਮਰਾਜ ਵਿਰੁੱਧ ਬਗਾਵਤ ਦਾ ਝੰਡਾ ਚੁੱਕਿਆ ਸੀ। ਇਸ ਦੇ ਨਤੀਜੇ ਵਜੋਂ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾਉਣਾ, ਜ਼ਿੰਦਾ ਜਲਾ ਦੇਣਾ ਅਤੇ ਫਾਂਸੀ ਦੇਣਾ ਇਤਿਹਾਸ ਦੇ ਪੰਨਿਆਂ ਦਾ ਹਿੱਸਾ ਬਣ ਚੁੱਕਿਆ ਹੈ।

ਹੁਣ ਨਾਮਧਾਰੀਆਂ ਨੇ ਇਕ ਹੋਰ ਪਹਿਲ ਕੀਤੀ ਹੈ। ਉਹ ਉਨ੍ਹਾਂ ਦੇ ਆਪਣੇ ਤਜਰਬੇ ਅਤੇ ਦੇਖ-ਰੇਖ ਤੋਂ ਫਲਾਂ ਦੀ ਪੈਦਾਵਾਰ ਹੈ। ਉਨ੍ਹਾਂ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਵਿਚੋਂ ਬਰਸਾਤਾਂ ਤੋਂ ਅੰਗੂਰਾਂ ਦੀ ਪੈਦਾਵਾਰ ਸਿਰਸਾ (ਜੀਵਨ ਨਗਰ) ਦੇ ਖੁਸ਼ਕ ਇਲਾਕੇ ਵਿਚ ਅਨਾਰ ਦੀ ਵਪਾਰਕ ਪੱਧਰ ਤੇ ਕਾਸ਼ਤ ਅਤੇ ਭੈਣੀ ਸਾਹਿਬ ਲੁਧਿਆਣਾ ਦੁਆਲੇ ਕਿੰਨੋ ਬਾਗ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨਾਂ ਦੀ ਇਕ ਟੀਮ ਨੇ ਬੀਤੀ 26 ਅਕਤੂਬਰ ਨੂੰ ਜੀਵਨ ਨਗਰ ਦਾ ਦੌਰਾ ਕੀਤਾ। ਪਰਲੈਟ, ਮਾਨਕ, ਚਮਨ ਤਾਸ਼-ਗਨੇਸ਼ ਕਿਸਮ ਦੀਆਂ ਵੇਲਾਂ ਫਸਲ ਨਾਲ ਭਰੀਆਂ ਪਈਆਂ ਹਨ। ਪਹਿਲੀ ਕਿਸਮ ਤਾਂ ਕਾਫੀ ਪ੍ਰਚਲਤ ਹੈ ਜਦ ਕਿ ਦੂਸਰੀਆਂ ਦੋ ਕਿਸਮਾਂ ਬਦਾਨਾਂ ਕਿਸਮ ਨਾਲ ਮਿਲਦੀਆਂ-ਜੁਲਦੀਆਂ ਹਨ। ਬਦਾਨਾਂ ਅੰਗੂਰਾਂ ਨੂੰ ਚਮਨ ਦੇ ਅੰਗੂਰ ਜਾਂ ਥਾਮਪਸਨ ਸੀਡਲੈਸ ਵੀ ਕਿਹਾ ਜਾਂਦਾ ਹੈ।

ਬਦਾਨਾਂ ਦੇ ਘਲ ਵਧੀਆ ਦਾਣੇ ਇਕੋ ਜਿਹੇ, ਗੁੱਛੇ ਚੰਗੀ ਤਰ੍ਹਾਂ ਭਰੇ ਹੋਏ, ਦੇਖਣ ਨੂੰ ਸੋਹਣੇ ਅਤੇ ਜ਼ਿਆਦਾ ਮਿਠਾਸ ਵਾਲੇ ਹੁੰਦੇ ਹਨ, ਪਰ ਪਰਲੈਟ ਭਰਪੂਰ ਫਸਲ ਵਾਲੀ ਹੁੰਦੀ ਹੈ। ਅਸਲ ਵਿਚ ਬਾਗਬਾਨ ਪਰਲੈਟ ਤੋਂ ਜੂਨ ਵਿਚ ਪਹਿਲਾਂ ਹੀ ਇਕ ਫਸਲ ਲੈ ਚੁੱਕੇ ਹੁੰਦੇ ਹਨ। ਜਦ ਕਿ ਦੂਸਰਿਆਂ ਲਈ ਇਹ ਸਾਲ ਦੀ ਪਹਿਲੀ ਫਸਲ ਸਾਇੰਸਦਾਨਾਂ ਨੇ ਹਰ ਇਕ ਕਿਸਮ ਤੋਂ 5 ਟਨ ਪ੍ਰਤੀ ਏਕੜ ਫਸਲਾਂ ਪ੍ਰਾਪਤ ਹੋਣ ਦਾ ਅੰਦਾਜ਼ਾ ਲਗਾਇਆ। ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਅਫਗਾਨਿਸਤਾਨ ਤੋਂ ਅੰਗੂਰਾਂ ਦੀ ਬਰਾਮਦ ਨਹੀਂ ਹੋਈ, ਜਿਸ ਕਾਰਣ ਇਨ੍ਹਾਂ ਉਤਪਾਦਕਾਂ ਨੇ ਆਪਣੀ ਫਸਲ ਨੂੰ 25-30 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚਿਆ।

ਪੰਜਾਬ ਦੀਆਂ ਹਾਲਤਾਂ ਅਨੁਸਾਰ ਆਮ ਤੌਰ ਤੇ ਅੰਗੂਰਾਂ ਦੀ ਫਸਲ ਜੂਨ ਵਿਚ ਪਕਦੀ ਹੈ। ਉਨ੍ਹਾਂ ਦਿਨਾਂ ਵਿਚ ਸਹੀ ਮਿਠਾਸ ਪੈਦਾ ਹੋਣ ਲਈ ਮੌਸਮ ਜ਼ਿਆਦਾ ਗਰਮ ਹੋ ਜਾਂਦਾ ਹੈ। ਬਰਸਾਤਾਂ ਤੋਂ ਬਾਅਦ ਅੰਗੂਰਾਂ ਦੇ ਪੱਕਣ ਦੀ ਸਥਿਤੀ ਠੀਕ ਰਫਤਾਰ ਬਲਕਿ ਅਨੁਕੂਲ ਹੁੰਦੀ ਹੈ। ਇਸ ਤਰ੍ਹਾਂ ਅੰਗੂਰਾਂ ਦੀ ਉਪਜ ਵਧੀਆ ਹੁੰਦੀ ਹੈ। ਇਸ ਕਾਰਣ ਹੀ ਮਹਾਰਾਸ਼ਟਰ ਵਿਚ ਬਦਾਨਾਂ ਦੀਆਂ ਕਿਸਮਾਂ ਪੰਜਾਬ ਨਾਲੋਂ ਵੱਧ ਮਿੱਠੀਆਂ ਹੁੰਦੀਆਂ ਹਨ। ਇਨ੍ਹਾਂ ਉਤਸ਼ਾਹਿਤ ਬਾਗਬਾਨਾਂ ਦੀ ਸਫਲਤਾ ਦਾ ਭੇਦ ਉਨ੍ਹਾਂ ਦੀ ਵੇਲਾਂ ਦੀ ਕਾਂਟ-ਛਾਂਟ ਲਈ ਯੋਗ ਸਮੇਂ ਦੀ ਚੋਣ ਕਰਨ ਦੀ ਯੋਗਤਾ ਹੈ। ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਦਾ ਹੈ ਕਿ ਉਹ ਵੇਲਾਂ ਦੀ ਉਸ ਸਮੇਂ ਕਾਂਟ-ਛਾਂਟ ਕਰਦੇ ਹਨ ਜਦ ਮੌਸਮ ਠੰਡਾ, ਬਾਰਸ਼ ਦੀ ਸੰਭਾਵਨਾ ਤੋਂ ਰਹਿਤ ਅਤੇ ਖੁਸ਼ਕ ਹੋਵੇ। ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨ ਵੀ ਇਸ ਦਾ ਵਿਗਿਆਨਕ ਕਾਰਣ ਲਭ ਰਹੇ ਹਨ ਤਾਂ ਕਿ ਬਾਕੀ ਬਾਗਬਾਨਾਂ ਨੂੰ ਵੀ ਕਾਂਟ-ਛਾਂਟ ਕਰਨ ਦੀ ਸਹੀ ਮਿਤੀ ਬਾਰੇ ਜਾਣਕਾਰੀ ਦਿਤੀ ਜਾ ਸਕੇ।

ਇਨ੍ਹਾਂ ਬਾਗਬਾਨਾਂ ਦੀ ਇਕ ਹੋਰ ਮਹੱਤਵਪੂਰਨ ਪ੍ਰਾਪਤੀ ਇਹ ਹੈ ਕਿ ਇਨ੍ਹਾਂ ਨੇ ਦਰ-ਏ ਸਲਾਮ ਤਨਜਾਨੀਆਂ (ਅਫਰੀਕਾ) ਵਿਚ 2000 ਹੈਕਟੇਅਰ ਜ਼ਮੀਨ ਵਿਚ ਇਕ ਅੰਬ ਦਾ ਬਾਗ ਲਗਾਉਣਾ ਸ਼ੁਰ ਕੀਤਾ ਹੈ। ਉਥੋਂ ਦੀਆਂ ਹੀ ਕੁਝ ਕਿਸਮਾਂ ਇਕ ਕਿਲੋ ਪਿਛੇ ਲਗਭਗ 2000-3000 ਕਿਲੋ ਫਲ ਪ੍ਰਾਪਤ ਹੋ ਰਿਹਾ ਹੈ। ਜੋ ਕਿ ਇਕ ਏਕੜ ਵਿਚੋਂ 15 ਟਨ ਤੋਂ ਵੀ ਵੱਧ ਫਲ ਦੀ ਪ੍ਰਾਪਤੀ ਹੈ।

ਜਦ ਕਿ ਭਾਰਤੀ ਅੰਬਾਂ ਦੀ ਸਨਅਤ ਕਈ ਕਿਸਮ ਦੀਆਂ ਝਾੜ ਸੰਬੰਧੀ ਸਮੱਸਿਆਵਾਂ ਨਾਲ ਘਿਰੀ ਹੋਈ ਹੈ। ਯੂਰਪ ਵਿਚ ਇਨ੍ਹਾਂ ਅਫਰੀਕਨ ਅੰਬਾਂ ਦੀ ਮੰਗ ਉਸ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਭਾਰਤ ਦੇ ਚੋਣਵੇਂ ਅੰਬ ਜਿਵੇਂ ਕਿ ਪੱਛਮੀ ਘਾਟ ਦੇ ਅਲਫੋਸੋ।


ਇਨ੍ਹਾਂ ਮਹਾਨ ਪ੍ਰਾਪਤੀਆਂ ਪਿਛੇ ਨਾਮਧਾਰੀ ਗੁਰੂ ਮਹਾਰਾਜ ਜਗਜੀਤ ਸਿੰਘ ਜੀ ਦਾ ਕ੍ਰਿਪਾਲੂ ਹੱਥ ਹੈ। ਖੇਤੀ ਯੂਨੀਵਰਸਿਟੀ ਦੇ ਇਕ ਸੀਨੀਅਰ ਬਾਗਬਾਨੀ ਮਾਹਿਰ ਅਨੁਸਾਰ ਉਨ੍ਹਾਂ ਦੀ ਬਾਗਬਾਨੀ ਵਿਚ ਖਾਸ ਦਿਲਚਸਪੀ, ਉਨ੍ਹਾਂ ਦਾ ਅੱਧੀ ਸਦੀ ਦਾ ਤਜਰਬਾ, ਫਲ ਉਗਾਉਣ ਵਿਚ ਉਨ੍ਹਾਂ ਦੀ ਰੁਚੀ ਨੇ ਉਨ੍ਹਾਂ ਨੂੰ ਇਕ ਜ਼ਿੰਦਾ ਬਾਗਬਾਨੀ ਦੀ ਯੂਨੀਵਰਸਿਟੀ ਬਣਾਇਆ ਹੋਇਆ ਹੈ। ਉਹ ਬਹੁਤ ਸਾਰੇ ਸੀਨੀਅਰ ਸਾਇੰਸਦਾਨਾਂ ਲਈ ਕਸ਼ਸ਼ ਰਖਦੇ ਹਨ। ਜਿਨ੍ਹਾਂ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਭਾਰਤੀ ਬਾਗਬਾਨੀ ਖੋਜ ਸੰਸਥਾ ਅਤੇ ਭਾਰਤੀ ਖੇਤੀਬਾੜੀ ਕੌਂਸਲ ਲੁਧਿਆਣਾ, ਹਰਿਆਣਾ ਖੇਤੀਬਾੜੀ ਯੂਨੀਵਰਸਿਟੀ, ਕਰਨਾਟਕ ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨ ਸ਼ਾਮਲ ਹਨ। ਸਦਾ ਹੀ ਉਹ ਇਨ੍ਹਾਂ ਸਾਇੰਸਦਾਨਾਂ ਨੂੰ ਕੋਈ ਨਾ ਕੋਈ ਹੈਰਾਨੀਜਨਕ ਗੱਲ ਦਸਦੇ ਰਹਿੰਦੇ ਹਨ।

# ਸਾਲ ਵਿਚ ਦੋ ਵਾਰ ਅੰਗੂਰ ਦੀ ਫਸਲ

ਦੋਰਾਹਾ : ਅੱਜ ਕੱਲ੍ਹ ਦੇ ਦਿਨਾਂ ਵਿਚ ਦੇਸ਼ ਤਾਂ ਕੀ, ਕਿਸੇ ਮੁਲਕ ਵਿਚ ਵੀ ਅੰਗੂਰਾਂ ਦੀ ਫਸਲ ਨਹੀਂ ਹੁੰਦੀ। ਉਂਝ ਮਾਰਕੀਟ ਵਿਚ ਸਟੋਰਾਂ ਦੇ ਲੱਗੇ ਅੰਗੂਰ ਮਹਿੰਗੇ ਭਾਅ ਜ਼ਰੂਰ ਮਿਲ ਜਾਂਦੇ ਹਨ। ਇਹ ਹੈਰਾਨੀਜਨਕ ਸੱਚ ਹੈ ਕਿ ਹਰਿਆਣੇ ਦੇ ਸਿਰਸਾ ਇਲਾਕੇ ਦੇ ਪਿੰਡ ਅਮਰਾਸਰ ਵਿਚ ਅੱਜ ਵੀ ਅੰਗੂਰਾਂ ਦੀ ਭਰਪੂਰ ਫਸਲ ਹੈ।

ਇਸ ਸਬੰਧੀ ਉਥੇ ਜਾ ਕੇ ਜਾਣਕਾਰੀ ਕਰਨ 'ਤੇ ਪਤਾ ਲੱਗਾ ਕਿ ਅੰਗੂਰਾਂ ਦੀ ਇਕ ਸਾਲ ਵਿਚ ਇਹ ਦੂਜੀ ਫਸਲ ਲਈ ਜਾ ਰਹੀ ਹੈ। ਨਾਮਧਾਰੀ ਸੰਪਰਦਾ ਦੇ ਮੁਖੀ ਬਾਬਾ ਜਗਜੀਤ ਸਿੰਘ, ਜਿਨ੍ਹਾਂ ਨੇ ਇਹ ਸਫਲ ਤਜਰਬਾ ਕੀਤਾ ਹੈ, ਨੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਨਾਮਧਾਰੀ ਅਵਤਾਰ ਸਿੰਘ ਦੁਆਰਾ ਇਸ ਇਲਾਕੇ ਵਿਚ ਚਾਰ ਸਾਲ ਪਹਿਲਾ ਅੰਗੂਰਾਂ ਦੀ ਚਾਰ ਏਕੜ ਜ਼ਮੀਨ ਵਿਚ ਕਾਸ਼ਤ ਕਰਵਾਈ। ਇਸ ਥਾਂ ਥਾਮਸਨ ਦੀਆਂ ਸੁਧਰੀਆਂ ਦੋ ਕਿਸਮਾਂ ਮਾਣਕ, ਚਮਨ ਅਤੇ ਤਾਸ਼ ਗਨੇਸ਼ ਕਿਸਮ ਦੇ ਬੂਟੇ ਲਗਵਾਏ। ਇਨ੍ਹਾਂ ਤੋਂ ਚੰਗਾ ਝਾੜ ਮਿਲ ਰਿਹਾ ਸੀ। ਇਨ੍ਹਾਂ ਬੂਟਿਆਂ ਤੋਂ ਸੀਜ਼ਨ ਦੇ ਮੌਕੇ 20 ਤੋਂ 25 ਕਿਲੋ ਪ੍ਰਤੀ ਬੂਟੇ ਦਾ ਝਾੜ ਸੀ।

ਇਸ ਵਾਰ ਫੈਸਲਾ ਕੀਤਾ ਗਿਆ ਹੈ ਕਿ ਇਨ੍ਹਾਂ ਬੂਟਿਆਂ ਤੋਂ ਦੂਹਰਾ ਝਾੜ ਲਿਆ ਜਾਵੇ ਅਤੇ ਜਦੋਂ ਇਸ ਸਬੰਧੀ ਖੇਤੀ ਵਿਗਿਆਨੀਆਂ ਨਾਲ ਸਲਾਹ ਮਸ਼ਵਰਾ ਕੀਤਾ ਗਿਆ ਤਾਂ ਉਹ ਇਸ ਸਕੀਮ ਵਿਚ ਸ਼ਾਮਲ ਹੋ ਗਏ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਹਰਿਆਣਾ ਯੂਨੀਵਰਸਿਟੀ ਦੇ ਕਈ ਵਿਗਿਆਨੀ ਡਾ. ਸਰਾਓ, ਡਾ. ਗਿੱਲ, ਡਾ. ਕੈਰੋਂ ਡਾਇਰੈਕਟਰ ਹਿਸਾਰ ਯੂਨੀਵਰਸਿਟੀ ਆਦਿ ਇਥੇ ਆਏ। 24-24 ਬੂਟੇ ਤਿੰਨ ਹਿੱਸਿਆਂ ਵਿਚ ਵੰਡੇ ਗਏ ਤੇ ਇਸ ਵਿਚ ਪੰਜਾਬ, ਹਰਿਆਣਾ ਅਤੇ ਨਾਮਧਾਰੀ ਮੁਖੀ ਨੇ ਆਪਣੇ ਆਪਣੇ ਤਜਰਬੇ ਕੀਤੇ। ਅੰਗੂਰਾਂ ਦੀਆਂ ਵੇਲਾਂ ਤੋਂ 12 ਅੱਖਾਂ ਤੋਂ ਵੱਧ ਦੀ ਵੇਲ ਕੱਟ ਕੇ ਹਰ ਅੱਖ 'ਤੇ ਮਾਮੂਲੀ ਮਰੋੜੀ ਦੇ ਕੇ 15-15 ਦਿਨਾਂ ਪਿੱਛੋਂ ਕਟਾਈ ਕੀਤੀ ਗਈ। ਪੰਜਾਬ ਦੇ ਹਿੱਸੇ ਆਏ ਬੂਟਿਆਂ ਨੂੰ ਕੋਈ ਸਫਲਤਾ ਹਾਸਲ ਨਾ ਹੋਈ ਜਦੋਂ ਕਿ ਹਰਿਆਣਾ ਵਲੋਂ ਕੀਤੇ ਤਜਰਬੇ ਅਨੁਸਾਰ ਬੂਟਿਆਂ ਨੂੰ ਸਿਰਫ ਬੂਰ ਹੀ ਪਿਆ ਤੇ ਝੜ ਗਿਆ। ਦੋਵਾਂ ਯੂਨੀਵਰਸਿਟੀਆਂ ਦੇ ਵਿਅਕਤੀਆਂ ਨੇ ਕਿਹਾ ਕਿ ਦੋਬਾਰਾ ਝਾੜ ਨਹੀਂ ਹੋ ਸਕੇਗਾ ਪ੍ਰੰਤੂ 25 ਦਿਨਾਂ ਦੇ ਫਰਕ ਨਾਲ ਜਦੋਂ ਨਾਮਧਾਰੀ ਮੁਖੀ ਜਗਜੀਤ ਸਿੰਘ ਨੇ ਇਹ ਤਜਰਬਾ ਕੀਤਾ ਤਾਂ ਉਨ੍ਹਾਂ ਵਲੋਂ ਚਾਰ ਕਨਾਲਾਂ ਵਿਚ ਭਾਰੀ ਦੂਹਰੀ ਫਸਲ ਹੋ ਗਈ। ਹਰ ਬੂਟੇ ਤੋਂ 15 ਤੋਂ 18 ਕਿਲੋ ਅੰਗੂਰਾਂ ਦਾ ਝਾੜ ਹੈ। ਇਸ ਸਫਲਤਾ ਦੇ ਵੱਡੇ-ਵੱਡੇ ਖੇਤੀ ਵਿਗਿਆਨੀਆਂ ਨੂੰ ਹੈਰਾਨੀ ਵਿਚ ਪਾ ਦਿੱਤਾ ਹੈ ਅਤੇ ਉਹ ਵਾਰੀ ਵਾਰੀ ਇਸ ਅੰਗੂਰਾਂ ਦੀ ਦੂਹਰੀ ਫਸਲ ਨੂੰ ਵੇਖਣ ਲਈ ਆ ਰਹੇ ਹਨ।



ਨਾਮਧਾਰੀ ਮੁਖੀ ਬਾਬਾ ਜਗਜੀਤ ਸਿੰਘ ਪਿੰਡ ਅਮਰਾਸਰ (ਹਰਿਆਣਾ) ਵਿਚ ਆਪਣੇ ਅੰਗੂਰਾਂ ਦੇ ਬਾਗ ਵਿਚ ਲਗੀ ਅੰਗੂਰਾਂ ਦੀ ਦੂਹਰੀ ਫਸਲ ਨਾਲ। (ਫੋਟੋ: ਜੋਗਿੰਦਰ ਸਿੰਘ ਓਬਰਾਏ)

ਇਸ ਖੇਤਰ ਵਿਚ ਨਾਮਧਾਰੀ ਮੁਖੀ ਵਲੋਂ ਹੋਰ ਵੀ ਕਈ ਸਫਲ ਤਜਰਬੇ ਕੀਤੇ ਗਏ ਜਿਵੇਂ ਕਿ ਰੇਤਲੀ ਟਿੱਬੇ ਵਾਲੀ ਥਾਂ ਤੇ ਜਿਥੇ ਖੇਤੀ ਮਾਹਿਰਾਂ ਦੀ ਇਹ ਰਾਏ ਸੀ ਕਿ ਇਸ ਥਾਂ 'ਤੇ ਅਰਿੰਡ ਅਤੇ ਖਿੱਖਰਾਂ ਤੋਂ ਬਿਨਾਂ ਕੁਝ ਵੀ ਨਹੀਂ ਹੋ ਸਕਦਾ ਉਥੇ 70 ਏਕੜ ਵਿਚ ਸ਼ਾਨਦਾਰ ਪਿਉਂਦੀ ਬੇਰਾਂ ਦੇ 3500 ਬੂਟੇ ਲੱਗੇ ਹਨ ਤੇ ਇਸ ਵਾਰ ਉਨ੍ਹਾਂ ਦੀ ਰਿਕਾਰਡ ਤੋੜ ਫਸਲ ਹੈ। ਇਸੇ ਤਰ੍ਹਾਂ ਇਸੇ ਟਿੱਬੇ 'ਤੇ 20 ਏਕੜ ਵਿਚ 2200 ਬੂਟੇ ਕਿੰਨੂਆਂ ਦੇ, 8 ਏਕੜ ਵਿਚ 1200 ਬੂਟੇ ਅਨਾਰਾਂ ਦੇ (ਗਨੇਸ਼ ਕਿਸਮ), 2 ਏਕੜ ਅੰਬਾਂ ਦੇ ਬੂਟੇ ਅਤੇ ਬਦਾਮਾਂ (ਨਾਨਵੇਰ ਕਿਸਮ) ਦੇ ਬੂਟਿਆਂ ਦੀ ਕਾਸ਼ਤ ਕੀਤੀ ਹੋਈ ਹੈ ਜਿਥੇ ਇਹ ਸਾਰੇ ਫਲਦਾਰ ਬੂਟੇ ਹਨ। ਖੁਦ ਖੇਤੀ ਮਾਹਿਰ ਵੀ ਹੈਰਾਨ ਹਨ ਕਿ ਇਥੇ ਇਹ ਸਫਲ ਫਲਦਾਰ ਬੂਟੇ ਕਿਵੇਂ ਲੱਗੇ? ਹੁਣ ਇਸੇ ਟਿੱਬੇ ਵਾਲੀ ਥਾਂ 'ਤੇ 30 ਏਕੜ ਜ਼ਮੀਨ ਵਿਚ ਅੰਗੂਰਾਂ ਦੇ ਬੂਟੇ ਲਾਏ ਜਾਣ ਦੀ ਸਕੀਮ ਵਿਚਾਰ ਅਧੀਨ ਹੈ।

ਧਾਰਮਿਕ ਆਗੂ ਤੇ ਬਹੁ-ਪੱਖੀ ਸ਼ਖਸੀਅਤ ਬਾਬਾ ਜਗਜੀਤ ਸਿੰਘ ਇਕ ਸਫਲ ਤੇ ਤਜਰਬੇਕਾਰ ਕਿਸਾਨ ਵੀ ਹਨ ਜਿਨ੍ਹਾਂ ਕਈ ਖੇਤੀ ਮਾਹਿਰਾਂ ਨੂੰ ਹੈਰਾਨੀ ਵਿਚ ਪਾ ਦਿੱਤਾ ਹੈ।

**ਜੋਗਿੰਦਰ ਸਿੰਘ ਓਬਰਾਏ**

**ਅੰਗੂਰਾਂ ਬਾਰੇ, ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ,**

" ਜੇ ਗਰਮੀਆਂ ਵਿਚ ਸਾਡਾ ਅੰਗੂਰ ਦਿੱਲੀ ਠੀਕ ਢੰਗ ਨਾਲ ਨਹੀਂ ਪਹੁੰਚਦਾ ਤਾਂ ਇਸ ਤੋਂ ਆਫ ਸੀਜ਼ਨ (ਬੇਮੌਸਮ) ਫਸਲ ਲੈਣ ਦੀ ਕੋਸ਼ਿਸ਼ ਕਰੋ।"

ਇੰਜ ਹੀ ਕੀਤਾ ਗਿਆ ਤੇ ਇਹ ਸਕੀਮ ਕਾਮਯਾਬ ਹੋਈ।

ਹਰਿਆਣਾ ਅਤੇ ਪੰਜਾਬ ਦੇ ਖੇਤੀ-ਬਾੜੀ ਵਿਭਾਗ ਦੇ ਮਾਹਿਰਾਂ ਅਨੁਸਾਰ ਉੱਤਰੀ ਭਾਰਤ ਵਿਚ ਥਾਮਸਨ ਸੀਡਲੈਸ ਦੀਆਂ ਕਿਸਮਾਂ ਕਾਮਯਾਬ ਹੀ ਨਹੀਂ ਹੋ ਸਕਦੀਆਂ, ਜ਼ਿਆਦਾ ਪਰਲਟ ਕਿਸਮ ਹੀ ਬੀਜਿਆ ਜਾਂਦਾ ਹੈ ਪਰ ਅੰਗੂਰਾਂ ਦੀ ਇਹ ਫਸਲ ਇਥੇ ਕੇਵਲ ਸਫ਼ਲ ਹੀ ਨਹੀਂ ਹੋਈ ਸਗੋਂ ਇਸ ਤੋਂ ਆਫ਼ ਸੀਜ਼ਨ (ਸਰਦੀਆਂ ਦਾ ਫ਼ਲ) ਵੀ ਲਿਆ ਗਿਆ ਜੋ ਕਿ ਉੱਤਰੀ ਭਾਰਤ ਵਿਚ ਹੋਰ ਕਿਧਰੇ ਨਹੀਂ ਹੁੰਦਾ।

ਖੇਤੀ ਮਾਹਿਰਾਂ ਨੂੰ ਇਹ ਜਾਣ ਕੇ ਬਹੁਤ ਹੈਰਾਨੀ ਹੋਈ ਕਿ ਸ੍ਰੀ ਸਤਿਗੁਰੂ ਜੀ ਦੇ ਬਾਗ਼ਾਂ ਦੇ ਆਫ ਸੀਜ਼ਨ ਅੰਗੂਰਾਂ ਦੀ ਟੀ ਐਸ. ਐਸ (ਟੋਟਲ ਸਲੋਬਲ ਸੋਲਿਡਸ) ਅਰਥਾਤ ਮਿਠਾਸ 30 ਪ੍ਰਤੀਸ਼ਤ ਮਿਲੀ ਜਦ ਕਿ ਨਾਸਿਕ (ਮਹਾਂਰਾਸ਼ਟਰ), ਜਿਥੋਂ ਕਿ ਇਹ ਨਰਸਰੀ ਲਿਆਂਦੀ ਗਈ, ਵਿਚ ਇਸ ਦੀ ਟੀ. ਐਸ. ਐਸ (ਮਿਠਾਸ) 23 ਪ੍ਰਤੀਸ਼ਤ ਸੀ। ਸ੍ਰੀ ਸਤਿਗੁਰੂ ਜੀ ਨੇ ਜਦੋਂ ਸ੍ਰੀ ਉਦਯ ਸਿੰਘ ਜੀ ਰਾਹੀਂ ਇਹ ਫ਼ਲ ਮਹਾਂਰਾਸ਼ਟਰ ਭੇਜਿਆ ਤਾਂ ਉਨ੍ਹਾਂ ਰੀਫਰੈਕਟੋ ਮੀਟਰ ਨਾਲ ਟੈਸਟ ਕਰ ਕੇ ਵੇਖਿਆ। ਉਥੋਂ ਦੀ ਫ਼ਰੂਟ ਗਰੋਅਰਜ਼ ਐਸੋਸੀਏਸ਼ਨ ਨੇ ਇਸ ਦੀ ਪ੍ਰਸੰਸਾ ਕੀਤੀ ਤੇ ਬਿਆਨ ਦਿੱਤਾ ਕਿ ਜੇ ਸੁਵਿਧਾਵਾਂ ਹੋਣ ਤਾਂ ਇਸ ਅੰਗੂਰ ਦੀ ਵਧੀਆ ਕਿਸਮ ਦੀ ਕਿਸ਼ਮਿਸ਼ ਅਰਥਾਤ ਸੌਗੀ ਬਣਾਈ ਜਾ ਸਕਦੀ ਹੈ।

## ਬੰਗਲੌਰ ਵਿਖੇ ਨਾਮਧਾਰੀ ਫਾਰਮ, ਨਾਮਧਾਰੀ ਸੀਡਜ਼ ਕੰਪਨੀ ਅਤੇ ਨਾਮਧਾਰੀ ਫਰੈਸ਼ ਕੰਪਨੀ

ਦੱਖਣੀ ਭਾਰਤ ਵਿਚ ਕਰਨਾਟਕ ਰਾਜ ਦੇ ਬੰਗਲੌਰ ਸ਼ਹਿਰ ਤੋਂ ਕ੍ਰੀਬ ਚਾਲੀ ਕੁ ਕਿਲੋਮੀਟਰ ਦੀ ਦੂਰੀ ਉਤੇ, ਬੰਗਲੌਰ-ਮੈਸੂਰ ਮੁੱਖ ਮਾਰਗ 'ਤੇ ਬਿੜਦੀ ਨਾਮ ਦਾ ਇਕ ਕਸਬਾ ਹੈ। ਬਿੜਦੀ ਤੋਂ ਅੱਗੇ, ਖੱਬੇ ਹੱਥ ਛੋਟੀ ਸੜਕ ਦਾ ਸੱਤ-ਅੱਠ ਕੁ ਕਿਲੋਮੀਟਰ ਦਾ ਰਸਤਾ ਪਾਰ ਕਰ ਕੇ ਉਰਗਹਾਲੀ ਨਾਮ ਦਾ ਪਿੰਡ ਹੈ। ਇਸ ਪਿੰਡ ਵਿਚ ਸੰਨ 1974 ਵਿਚ ਖ੍ਰੀਦੀ ਗਈ ਜ਼ਮੀਨ ਵਿਚ ਸ੍ਰੀ ਸਤਿਗੁਰੂ ਜੀ ਦਾ ਕ੍ਰੀਬ ਇਕ ਸੌ ਅੱਸੀ ਏਕੜ ਵਿਚ ਫੈਲਿਆ ਹੋਇਆ 'ਨਾਮਧਾਰੀ ਫਾਰਮ' ਹੈ।

ਸੰਨ 1982 ਈ ਤੋਂ ਇਥੋਂ ਦੇ ਸਾਰੇ ਕੰਮਾਂ ਦੀ ਜੁੰਮੇਵਾਰੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਭਤੀਜੇ ਸ੍ਰੀ ਉਦਯ ਸਿੰਘ ( ਸਪੁੱਤਰ ਮਹਾਰਾਜ ਬੀਰ ਸਿੰਘ ਜੀ) ਦੇ ਜਿੰਮੇਂ ਸੌਂਪੀ ਹੋਈ ਹੈ। ਐਸ ਵੇਲੇ ਸ੍ਰੀ ਉਦਯ ਸਿੰਘ ਜੀ ਦੀ ਦੇਖ ਰੇਖ ਹੇਠ ਇਕ ਫਾਰਮ ਅਤੇ ਦੋ ਮੁੱਖ ਕੰਪਨੀਆਂ ਮੌਜੂਦ ਹਨ-

1. ਨਾਮਧਾਰੀ ਫਾਰਮ
2. ਨਾਮਧਾਰੀ ਪ੍ਰਾਈਵੇਟ ਲਿਮਟਿਡ ਸੀਡਜ਼ ਕੰਪਨੀ
3. ਨਾਮਧਾਰੀ ਐਗਰੋ ਫਰੈਸ਼ ਕੰਪਨੀ

## ਨਾਮਧਾਰੀ ਫਾਰਮ

ਵਰਿਆਮ ਦੇ ਨਵੰਬਰ ਸੰਨ 2010 ਦੇ ਪੰਨਾ ਨੰ. 6 'ਤੇ ਲਿਖੇ ਗਏ ਲੇਖ 'ਸੱਚੇ ਪਾਤਸ਼ਾਹ ਇਕ ਪਹਿਲੂ ਇਹ ਵੀ' ਵਿਚ ਸ੍ਰੀ ਉਦਯ ਸਿੰਘ ਜੀ ਅਨੁਸਾਰ,

" ਬੰਗਲੌਰ ਮੈਂ ਸੰਨ 1982 ਵਿਚ ਗਿਆ। ਸੱਚੇ ਪਾਤਸ਼ਾਹ ਜੀ ਮੈਨੂੰ ਹੁਕਮ ਕੀਤਾ, ' ਏਸ ਥਾਂ ਨੂੰ ਅਸਾਂ ਆਬਾਦ ਕਰਨੈ, ਘਬਰਾਣਾ ਨਹੀਂ। ਆਬਾਦ ਕਰਣਾ ਹੀ ਹੈ। '

ਉਹ ਸਮਾਂ ਹੈ ਹੀ ਐਸਾ ਸੀ। ਜਗਹ ਵੀ ਉਜਾੜ ਹੀ ਸੀ। ਅਸੀਂ ਵੀ ਡਰਨਾ। ਸਿੱਖਾਂ ਦੀ ਹਾਲਤ ਵੀ ਇਹੋ

ਜਿਹੀ ਸੀ। ਉਥੇ ਰਹਿਣ ਵਸਣ ਤੋਂ ਡਰਦੇ ਵੀ ਸਨ। ਉਹ ਆਪਣੇ ਥਾਂ ਠੀਕ ਵੀ ਸਨ।

ਸਤਿਗੁਰਾਂ ਕਹਿਣਾ, ' ਅੱਜ ਤੁਸੀਂ ਏਥੇ ਰਹਿੰਦੇ ਨਈਂ। ਤੁਸੀਂ ਤਰਸੋਗੇ ਇਥੇ ਆਉਣ ਨੂੰ। ਤੁਹਾਡਾ ਇਥੇ ਰਹਿਣ ਨੂੰ ਜੀਅ ਕਰੇਗਾ। '

ਆਪ ਦੀ ਰਜ਼ਾ ਸੀ ਮੇਰੇ ਵਰਗੇ ਤੋਂ ਕੰਮ ਲੈਣਾ ਸੀ, ਉਥੋਂ ਦੇ ਲੋਕਾਂ, ਗਰੀਬਾਂ ਲਈ ਰੁਜ਼ਗਾਰ ਦੇਣਾ ਸੀ..... ਆਪ ਜੀ ਨੇ ਉਚੇਚਾ ਫਾਰਮ ਤੇ ਜਾ ਕੇ ਰਹਿਣਾ। ਸੰਗਤਾਂ ਨੂੰ ਨਾਲ ਲੈ ਕੇ ਜਾਣਾ। ਜੰਗਲ ਪਟਾਉਣਾ। ਆਪ ਨਾਲ ਜਾ ਕੇ ਵੀ ਅਗੇ ਲੱਗ ਕੇ ਹੱਥੀਂ ਸੇਵਾ ਕਰਨੀ ਅਤੇ ਕਰਾਉਣੀ....

ਸਤਿਗੁਰੂ ਜੀ ਨੇ ਸਦਾ ਹੀ ਉਤਸ਼ਾਹ ਬਖਸ਼ਣਾ, "ਤਗੜੇ ਹੋ ਕੇ ਕੰਮ ਕਰੋ।"

(ਵਰਿਆਮ ਦਾ ਨਵੰਬਰ 2010 ਦਾ ਅੰਕ)

ਇਸੇ ਫਾਰਮ ਬਾਰੇ ਸ੍ਰੀ ਉਦਯ ਸਿੰਘ ਜੀ ਸਤਿਜੁਗ ਵਿਚ ਛਪੇ ਆਪਣੇ ਲੇਖ 'ਨਾਮਧਾਰੀ ਫਾਰਮ ਦੇ ਰਸੀਲੇ ਅੰਬ' ਵਿਚ ਲਿਖਦੇ ਹਨ,

"ਇਕ ਸੌ ਅੱਸੀ ਏਕੜ ਵਿਚ ਫੈਲਿਆ ਹੋਇਆ ਸਾਡਾ ਇਹ ਨਾਮਧਾਰੀ ਫਾਰਮ ਸਤਿਗੁਰਾਂ ਦੀ ਬਾਗਬਾਨੀ ਦੀ ਰੀਝ ਦਾ ਜਿਉਂਦਾ ਜਾਗਦਾ ਨਮੂਨਾ ਹੈ ਜੋ ਕਿ ਸੰਨ 1974 ਵਿਚ ਖਰੀਦਿਆ ਗਿਆ ਸੀ। ਪਰ ਕਈ ਸਾਲਾਂ ਤਕ ਇਹ ਫਲ ਫੁੱਲ ਤੇ ਸਬਜ਼ੀਆਂ ਦੀ ਉਪਜ ਵੱਲੋਂ ਆਪ ਜੀ ਦੇ ਨਿਸ਼ਾਨੇ ਉੱਪਰ ਪੂਰਾ ਨਹੀਂ ਸੀ ਉਤਰ ਸਕਿਆ। ਇਸੇ ਸਿਲਸਿਲੇ ਵਿਚ ਸੰਨ 1982 ਦੇ ਇਕ ਦਿਨ ਆਪ ਜੀ ਦੀ ਸਵੱਲੀ ਨਜ਼ਰ ਮੇਰੇ ਉੱਪਰ ਆ ਟਿਕੀ ਤੇ ਹੁਕਮ ਹੋਇਆ ਕਿ 'ਬੰਗਲੌਰ ਫਾਰਮ ਦਾ ਕੰਮ ਤੁਸੀਂ ਸੰਭਾਲੋ। ਕੰਮ ਤਗੜੇ ਹੋ ਕੇ ਖੁੱਲ੍ਹੇ ਦਿਲ ਤੇ ਈਮਾਨਦਾਰੀ ਨਾਲ ਕਰੋ, ਬਾਕੀ ਚਿੰਤਾ ਮੇਰੇ ਉੱਤੇ ਛੱਡ ਦਿਓ, ਮੈਂ ਆਪੇ ਸੰਭਾਲ ਲਵਾਂਗਾ। "

–ਸਤਿਜੁਗ ਦਾ ਵਿਸ਼ੇਸ਼ ਅੰਕ ਸੰਨ 2000, ਸੰਮਤ 2056

ਸ੍ਰੀ ਸਤਿਗੁਰੂ ਜੀ ਦੇ ਆਸ਼ੀਰਵਾਦ ਸਦਕਾ ਅੱਜ ਸ੍ਰੀ ਉਦਯ ਸਿੰਘ ਜੀ ਬਾਗਬਾਨੀ ਅਤੇ ਬੀਜ ਉਤਪਾਦਨ ਦੇ ਖੇਤਰ ਵਿਚ ਵਿਸ਼ਵ ਪੱਧਰ ਦਾ ਨਾਮਣਾ ਖੱਟ ਰਹੇ ਹਨ।

ਬੰਗਲੌਰ ਦੇ ਇਸ ਨਾਮਧਾਰੀ ਫਾਰਮ ਵਿਚ ਕਈ ਪ੍ਰਕਾਰ ਦੇ ਫਲ ਅਤੇ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ। ਐਸ ਵੇਲੇ ਇਸ ਫਾਰਮ ਦਾ ਕੰਮ ਬਹੁਤ ਵਿਆਪਕ ਪੱਧਰ ਤੇ ਚਲ ਰਿਹਾ ਹੈ।

ਸ਼ੁਰੂਆਤ ਵਿਚ ਨਾਮਧਾਰੀ ਫਾਰਮ ਬੰਗਲੌਰ ਵਿਖੇ, ਬਹੁਤ ਸਾਰੇ ਭਾਰਤੀ ਅਤੇ ਥਾਈਲੈਂਡ ਤੇ ਸੈਂਟਰਲ ਅਮਰੀਕਾ ਆਦਿਕ ਤੋਂ ਲਿਆਂਦੀਆਂ ਵਿਦੇਸ਼ੀ ਕਿਸਮਾਂ ਦੇ ਅੰਬ, ਤਕਰੀਬਨ 40 ਕੁ ਏਕੜ ਵਿਚ ਲਗਾਏ ਗਏ। ਪੰਜਾਹ ਕੁ ਕਿਸਮਾਂ ਦੇ ਅੰਬ ਇਥੇ ਲੱਗੇ ਹੋਏ ਹਨ। ਸਾਰੀਆਂ ਦੇਸੀ ਅਤੇ ਵਿਦੇਸ਼ੀ ਕਿਸਮਾਂ ਦੇ ਅੰਬ ਜਿਵੇਂ ਕਿ ਦੁਸਹਿਰੀ, ਲੰਗੜਾ, ਚੌਸਾ, ਤੋਤਾਪੁਰੀ, ਸਹਾਰਨਪੁਰੀ, ਕੇਸਰ, ਮੱਲਿਕਾ, ਅਲਫੈਂਸੋ, ਅਮਰਪਾਲੀ, ਸੰਧੂਰਾ, ਸਵਰਨਰੇਖਾ, ਬੈਂਗਨਪਲੀ , ਸਫੈਦਾ, ਟੌਮੀ ਐਟਕਿਨ, ਨਾਟਾ, ਨਮਡੁਕਮਾਏ, ਥੁਆਏ, ਕੈਂਟ, ਕੀਟ, ਪਾਮਰ, ਪਦਾਰਸਮ, ਮਲਗੋਆ ਅਤੇ ਲਖਨਊ ਸਫੈਦਾ ਆਦਿ ਕਿਸਮਾਂ ਦੇ ਅੰਬ ਇਥੇ ਲਗਾਏ ਹੋਏ ਹਨ। ਐਲਫੈਂਸੋ ਕਿਸਮ ਦੇ ਅੰਬ, ਜੋ ਕਿ ਬੜੇ ਮਿੱਠੇ ਹੁੰਦੇ ਹਨ ਅਤੇ ਆਪਣੀ ਇਕ ਅਲੱਗ ਕਿਸਮ ਦੀ ਖੁਸ਼ਬੂ ਕਾਰਣ ਜਾਣੇ ਜਾਂਦੇ ਹਨ, ਬਹੁਤ ਲੋਕਪ੍ਰਿਯ ਹੋ ਗਏ ਹਨ।

ਇਸ ਫਾਰਮ ਦੇ ਪੱਕੇ ਅੰਬ ਤਾਂ ਬਹੁਤ ਸੁਆਦ ਅਤੇ ਮਿੱਠੇ ਹੁੰਦੇ ਹਨ ਪਰ ਖਾਸ ਕਿਸਮ ਦੇ ਕੱਚੇ ਅੰਬ ਵੀ ਅਤਿਅੰਤ ਮਿੱਠੇ ਹੁੰਦੇ ਹਨ। ਕੱਚੇ ਅੰਬਾਂ ਦੀ ਇਹ ਕਿਸਮ ਥਾਈਲੈਂਡ ਤੋਂ ਲਿਆਂਦੀ ਗਈ ਸੀ।

ਕ੍ਰੀਬ 40 ਕੁ ਏਕੜ ਵਿਚ ਨਾਰੀਅਲ ਤੇ 4 ਕੁ ਏਕੜ ਵਿਚ ਅੰਗੂਰ ਲਗਾਏ ਹੋਏ ਸਨ।

ਨਾਮਧਾਰੀ ਫਾਰਮ ਦੇ ਨਾਰੀਅਲ ਦੇ ਬਿਰਛ ਫਲਾਂ ਨਾਲ ਲੱਦੇ ਹੁੰਦੇ ਹਨ। ਇਥੋਂ ਦੇ ਨਾਰੀਅਲ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਵੀ ਭੇਜੇ ਜਾਂਦੇ ਰਹੇ ਹਨ। ਸ਼ੁਰੂਆਤ ਵਿਚ ਅੰਗੂਰਾਂ ਦੀਆਂ ਕਈ ਕਿਸਮਾਂ ਇਥੇ ਲਗਾਈਆਂ ਗਈਆਂ। ਆਸਟਰੇਲੀਆ, ਅਮਰੀਕਾ (ਕੈਲੀਫੋਰਨੀਆਂ) ਆਦਿਕ ਦੇਸ਼ਾਂ ਤੋਂ ਲਿਆਦੀਆਂ ਗਈਆਂ ਅੰਗੂਰਾਂ ਦੀਆਂ ਕਈ ਨਵੀਆਂ ਕਿਸਮਾਂ ਵੀ ਲਗਾਈਆਂ ਗਈਆਂ ।

(ਐਸ ਵੇਲੇ ਨਾਸਿਕ ਵਿਚ ਅਤੇ ਆਈ.ਡੀ. ਹਾਲੀ ਵਿਚ ਅੰਗੂਰਾਂ ਦੀ ਜ਼ਿਆਦਾ ਪੈਦਾਵਾਰ ਕੀਤੀ ਜਾ ਰਹੀ ਹੈ। ਇਥੇ ਫਲੇਮ ਸੀਡਲੈਸ, ਰੈਡ ਗਲੋਬ, ਸ਼ਰਦ ਸੀਡਲੈਸ, ਥਾਮਸਨ ਸੀਡਲੈਸ, ਮਾਣਕ ਚਮਨ, ਸੁਪਰੀਅਰ ਸੀਡਲੈਸ ਆਦਿਕ ਕਿਸਮਾਂ ਲਗਾਈਆਂ ਹੋਈਆਂ ਹਨ।)

ਮੱਕੀ ਵੀ ਬੀਜੀ ਜਾਂਦੀ ਰਹੀ ਹੈ। ਕਾਲੀ ਮਿਰਚ ਦੇ ਬੂਟੇ ਵੀ ਲਗੇ ਹੋਏ ਸਨ, ਜਿਨ੍ਹਾਂ ਦੇ ਪੱਤਿਆਂ 'ਚੋਂ ਵੀ ਕਾਲੀ ਮਿਰਚ ਦਾ ਪੂਰਾ ਸੁਆਦ ਆਉਂਦਾ ਸੀ। ਇਸ ਤੋਂ ਇਲਾਵਾ ਖਰਬੂਜੇ, ਤਰਬੂਜ ਤੇ ਕੁਝ ਸਬਜ਼ੀਆਂ -ਕੱਦੂ, ਖੀਰਾ, ਟਮਾਟਰ, ਮੂਲੀ, ਪਾਲਕ, ਧਨੀਆ, ਸਾਗ ਆਦਿ ਲਗਾਏ ਜਾਂਦੇ ਰਹੇ ਹਨ। ਹੁਣ ਵੀ ਲਾਏ ਜਾਂਦੇ ਹਨ।

ਸ੍ਰੀ ਸਤਿਗੁਰੂ ਜੀ ਨੇ ਮੈਕਾਡਾਮਿਆ ਤੋਂ ਇਲਾਵਾ ਲੌਂਗਨ, ਚਕੋਤਰਾ, ਅੰਬਰ, ਮਿੱਠੀ ਇਮਲੀ ਅਤੇ ਦਰਿਯਾਨ ਜਿਹੇ ਫ਼ਲਾਂ ਦੇ ਬੂਟੇ, ਥਾਈਲੈਂਡ, ਕੀਨੀਆ ਆਦਿ ਤੋਂ ਲਿਆ ਕੇ ਇਥੇ ਲਗਵਾਏ ਹੋਏ ਹਨ। ਸ੍ਰੀ ਸਤਿਗੁਰੂ ਜੀ ਵਿਦੇਸ਼ਾਂ ਵਿਚੋਂ ਵੀ ਵਧੀਆ, ਵਿਸ਼ੇਸ਼ ਤੇ ਨਵੀਂ ਕਿਸਮ ਦੇ ਫ਼ਲ, ਫੁੱਲ ਤੇ ਸਬਜ਼ੀਆਂ ਦੇ ਬੀਜ, ਬੂਟੇ, ਜਾਂ ਪਨੀਰੀ, ਬੰਗਲੌਰ ਦੇ ਨਾਮਧਾਰੀ ਫਾਰਮ ਅਤੇ ਭਾਰਤ ਦੇ ਹੋਰ ਇਲਾਕਿਆਂ ਵਿਚ ਉਪਜਾਉਣ ਲਈ ਲਿਆਉਂਦੇ ਰਹੇ ਹਨ।

ਸ੍ਰੀ ਸਤਿਗੁਰੂ ਜੀ ਸਾਧ-ਸੰਗਤ ਸਮੇਤ ਬੰਗਲੌਰ ਦੇ ਨਾਮਧਾਰੀ ਫਾਰਮ ਦਾ ਦੌਰਾ, ਉਥੋਂ ਦੇ ਫ਼ਲ ਪੱਕਣ ਸਮੇਂ ਕਰਦੇ ਹਨ ਅਤੇ ਬਾਗ਼ਬਾਨੀ ਦੇ ਕਦਰਦਾਨਾਂ ਨੂੰ ਵੀ ਨਿਮੰਤਰਣ ਦੇ ਕੇ ਸਮੇਂ ਸਮੇਂ 'ਤੇ ਉਥੇ ਬੁਲਾ ਕੇ ਸ੍ਰੀ ਉਦਯ ਸਿੰਘ ਜੀ ਦੀ ਨਿਗਰਾਨੀ ਵਿਚ ਚਲ ਰਿਹਾ ਕੰਮ-ਕਾਰ ਵਿਖਾਉਂਦੇ ਰਹੇ ਹਨ। ਨਾਮਧਾਰੀ ਫਾਰਮ ਵਿਚ ਪੈਦਾ ਕੀਤੇ ਫਲਾਂ ਦਾ ਕੁਝ ਹਿੱਸਾ ਇਥੇ ਆਉਣ ਵਾਲੀ ਸੰਗਤ ਨੂੰ ਛਕਾ ਦਿੱਤਾ ਜਾਂਦਾ ਹੈ।

ਇੰਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬੰਗਲੌਰ ਦਾ ਇਹ ਨਾਮਧਾਰੀ ਫਾਰਮ, ਬਾਗ਼ਬਾਨੀ ਦੇ ਪ੍ਰੇਮੀਆਂ ਲਈ ਇਕ ਆਕਰਸ਼ਣ ਦਾ ਕੇਂਦਰ ਬਣਿਆ ਹੋਇਆ ਹੈ।

ਸੰਨ 2005 ਵਿਚ ਬੰਗਲੌਰ ਸ਼ਹਿਰ ਤੋਂ ਕ੍ਰੀਬ 185 ਕਿਲੋਮੀਟਰ ਦੀ ਦੂਰੀ 'ਤੇ ਜ਼ਿਲ੍ਹਾ ਟਮਕੂਰ ਦੀ ਤਹਿਸੀਲ ਮਧਗਿਰੀ ਦੇ ਪਿੰਡ ਆਈ.ਡੀ.ਹਾਲੀ ਵਿਖੇ ਕ੍ਰੀਬ 1500 ਏਕੜ ਵਿਚ ਨਾਮਧਾਰੀ ਫਾਰਮ ਬਣਾਇਆ ਗਿਆ। ਇਸ ਵਿਚ ਅੰਬ, ਅਨਾਰ, ਚੀਕੂ, ਅੰਜੀਰ, ਔਲਾ, ਪਪੀਤਾ, ਸੀਤਾਫਲ, ਅੰਗੂਰ, ਚੰਦਨ, ਖਰਬੂਜੇ, ਤਰਬੂਜ, ਹਾਈ ਬਰੀਡ ਜਾਮਣਾਂ ਅਤੇ ਮਿੱਠੀ ਇਮਲੀ ਆਦਿ ਲਗਾਏ ਗਏ ਹਨ।

ਕਰਨਾਟਕ ਦੀ ਧਰਤੀ 'ਤੇ ਹਰਿਆਲੀ ਭਰੇ ਲਹਿਰਾਂਦੇ ਹੋਏ ਭਾਂਤ ਭਾਂਤ ਦੇ ਬਾਗ ਬਗੀਚੇ ਲਗਵਾਉਣੇਂ ਸ੍ਰੀ ਸਤਿਗੁਰੂ ਜੀ ਵਲੋਂ ਕੀਤਾ ਗਿਆ ਇਕ ਅਲੌਕਿਕ ਕ੍ਰਿਸ਼ਮਾ ਹੀ ਹੈ।

ਸ੍ਰੀ ਸਤਿਗੁਰੂ ਜੀ ਆਪਣੀ ਰਜ਼ਾ ਅਨੁਸਾਰ ਅਕਸਰ ਨਾਮਧਾਰੀ ਫਾਰਮ ਬੰਗਲੌਰ ਵਿਚ ਕੁਝ ਦਿਨ ਰਹਿੰਦੇ ਅਤੇ ਬਾਗਾਂ ਵਿਖੇ ਦਰਸ਼ਨ ਦਿੰਦੇ ਰਹੇ ਹਨ। ਆਪ ਬੜੇ ਧਿਆਨ ਤੇ ਦਿਲਚਸਪੀ ਨਾਲ ਫੁੱਲ, ਬੂਟਿਆਂ ਨੂੰ ਵੇਖਦੇ ਅਤੇ ਪੁੱਛ-ਤਾਛ ਕਰਦੇ ਹਨ। ਜਿਵੇਂ ਕਿ ਜਦੋਂ 8 ਜੁਲਾਈ ਸੰਨ 2008 ਨੂੰ ਨਾਮਧਾਰੀ ਫਾਰਮ ਆਈ.ਡੀ.ਹਾਲੀ ਵਿਖੇ ਸ੍ਰੀ ਸਤਿਗੁਰੂ ਜੀ ਨੇ ਸਿੱਖਾਂ ਸੇਵਕਾਂ ਸਮੇਤ ਆਪਣੇ ਪਾਵਨ ਪਵਿੱਤਰ ਚਰਨ ਪਾਏ, ਹਜ਼ੂਰੀ ਸੇਵਕ ਰਛਪਾਲ ਸਿੰਘ ਜੀ ਦੀ ਡਾਇਰੀ ਦੀ ਲਿਖਤ ਅਨੁਸਾਰ,

" ਗੱਡੀ ਵਿਚ ਸਵਾਰ ਸ੍ਰੀ ਸਤਿਗੁਰੂ ਜੀ ਹਰ ਇਕ ਬਗੀਚੇ ਵਿਚ ਜਾ ਕੇ ਫਲਦਾਰ ਬੂਟਿਆਂ ਦੇ ਮਾਹਿਰਾਂ ਪਾਸੋਂ ਅਤੇ ਸ੍ਰੀ ਉਦਯ ਸਿੰਘ ਜੀ ਪਾਸੋਂ ਜਾਣਕਾਰੀ ਲੈਂਦੇ ਰਹੇ।

ਚੰਦਨ ਦੇ ਬੂਟੇ ਬਾਰੇ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ,' ਇਹ ਬੂਟੇ ਕਿੰਨੀ ਕੁ ਉਮਰ ਦੇ ਹਨ ? ਪੂਰਾ ਦਰਖਤ ਬਣਨ ਨੂੰ ਕਿੰਨਾ ਚਿਰ ਲਗਦਾ ਹੈ ਅਤੇ ਪੂਰੇ ਬੂਟੇ ਦੀ ਕੀ ਕੀਮਤ ਹੁੰਦੀ ਹੈ ?"

ਸ੍ਰੀ ਉਦਯ ਸਿੰਘ ਜੀ ਆਪਣੇ ਲੇਖ 'ਨਾਮਧਾਰੀ ਫਾਰਮ ਦੇ ਰਸੀਲੇ ਅੰਬ' ਵਿਚ ਲਿਖਦੇ ਹਨ,

"ਸ੍ਰੀ ਸਤਿਗੁਰੂ ਜੀ ਦਾ ਬਾਗਬਾਨੀ ਦਾ ਸ਼ੌਕ ਹੱਦਾਂ ਬੰਨਿਆ ਤੋਂ ਪਰ੍ਹੇ ਦਾ ਹੈ। ਸੱਚੇ ਪਾਤਸ਼ਾਹ ਜੀ ਦਾ ਧਿਆਨ ਬਾਗਬਾਨੀ ਵੱਲ ਬਹੁਤ ਰਿਹਾ ਹੈ। ਉਹ ਦੇਸ਼ ਵਿਦੇਸ਼ ਕਿਤੇ ਵੀ ਜਾਂਦੇ ਹਨ, ਜੇ ਕੋਈ ਵਧੀਆ ਫਲ ਵੇਖਣ, ਆ ਕੇ ਪ੍ਰੇਰਦੇ ਹਨ ਕਿ ਆਪਣੇ ਇਥੇ ਪੈਦਾ ਕਰਨ ਦਾ ਯਤਨ ਕਰੋ। ਇਕ ਵਾਰ ਬਾਹਰੋਂ ਆ ਕੇ ਕਹਿਣ ਲੱਗੇ, 'ਮੈਂ ਅੰਗੂਰ

ਦੇਖ ਕੇ ਆਇਆ ਹਾਂ, ਉਹੋ ਜਿਹੇ ਇਥੇ ਲਗਾਈਏ।' ਇਉਂ ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਅਸੀਂ ਅੰਗੂਰ ਸ਼ੁਰੂ ਕੀਤੇ।"

– ਸਤਿਜੁਗ ਦਾ ਵਿਸ਼ੇਸ਼ ਅੰਕ ਸੰਨ 2000, ਸੰਮਤ 2056

## ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਟਿਡ ਕੰਪਨੀ

ਫਲ ਅਤੇ ਸਬਜ਼ੀਆਂ ਉਗਾਉਣ ਤੋਂ ਇਲਾਵਾ ਐਸ ਵੇਲੇ ਨਾਮਧਾਰੀ ਫਾਰਮ ਬੰਗਲੌਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਆਸ਼ੀਰਵਾਦ ਅਤੇ ਪ੍ਰੇਰਨਾ ਅਨੁਸਾਰ ਸ੍ਰੀ ਉਦਯ ਸਿੰਘ ਜੀ ਨੇ ਕਿਸਾਨਾਂ ਨੂੰ ਵਧੀਆ ਬੀਜ ਦੇਣ ਲਈ ਸੰਨ 1985 ਤੋਂ ਬੰਗਲੌਰ ਵਿਖੇ 'ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਟਿਡ ਕੰਪਨੀ' ਨਾਂ ਦੀ ਕੰਪਨੀ ਸਥਾਪਤ ਕੀਤੀ, ਜਿਸ ਦੇ ਅੰਤਰਗਤ ਫ਼ਲਾਂ-ਫੁੱਲਾਂ ਅਤੇ ਸਬਜ਼ੀਆਂ ਦੇ ਬੀਜ ਤਿਆਰ ਕਰ ਕੇ ਦੇਸ਼ ਵਿਦੇਸ਼ਾਂ ਵਿੱਚ ਭੇਜੇ ਜਾਂਦੇ ਹਨ। ਸ੍ਰੀ ਉਦਯ ਸਿੰਘ ਜੀ ਦੀ ਖੇਤੀ ਬਾੜੀ ਵਿਚ ਰੁਚੀ ਅਤੇ ਸਖਤ ਮਿਹਨਤ ਸਦਕਾ ਇਸ ਫਾਰਮ ਦੇ ਫਲ, ਸਬਜ਼ੀਆਂ ਅਤੇ ਬੀਜ ਅੱਜ ਵਿਸ਼ਵ ਪ੍ਰਸਿੱਧ ਹਨ।

ਭਾਂਤ ਸੁਭਾਂਤੇ ਸਜਾਵਟੀ ਅਤੇ ਫੁੱਲਦਾਰ ਬੂਟਿਆਂ ਦੇ ਬੀਜ ਵੱਡੇ ਪੈਮਾਨੇ ਉਤੇ ਤਿਆਰ ਕੀਤੇ ਜਾਦੇ ਹਨ। ਟਮਾਟਰ, ਸ਼ਿਮਲਾ-ਮਿਰਚ, ਤਰਬੂਜ਼, ਖਰਬੂਜ਼ਾ, ਖੀਰਾ, ਭਿੰਡੀ, ਘੀਆ, ਤੋਰੀ, ਗਾਜਰ, ਫੁੱਲ ਗੋਭੀ, ਪੱਤਾ-ਗੋਭੀ ਆਦਿ ਵੰਨ ਸੁਵੰਨੀਆਂ ਸਬਜ਼ੀਆਂ ਦੇ ਬੀਜ ਵੀ ਤਿਆਰ ਕੀਤੇ ਜਾਂਦੇ ਹਨ। ਸਬਜ਼ੀਆਂ ਦੇ ਬੀਜ ਤਿਆਰ ਕਰਨ ਦੀ ਪ੍ਰੇਰਨਾ ਸ੍ਰੀ ਉਦਯ ਸਿੰਘ ਜੀ ਨੂੰ 'ਇੰਡੀਅਨ ਕੌਂਸਲ ਆਫ ਐਗਰੀਕਲਚਰ ਰੀਸਰਚ' ਦੇ ਬੰਗਲੌਰ ਕੇਂਦਰ ਦੇ ਡਾ. ਦੱਤਾ ਜੀ ਨੇ ਦਿਤੀ।

ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਟਿਡ ਕੰਪਨੀ ਦਾ ਮੁੱਖ ਦਫਤਰ ਬੰਗਲੌਰ ਵਿਖੇ ਬਣਾਇਆ ਗਿਆ। ਇਥੇ ਦਫਤਰ ਬਣਾਉਣ ਦਾ ਮਕਸਦ ਇਥੋਂ ਦਾ ਵਾਤਾਵਰਣ ਸਬਜ਼ੀਆਂ ਦੇ ਅਨੁਕੂਲ ਹੋਣਾਂ ਸੀ।

ਸ੍ਰੀ ਉਦਯ ਸਿੰਘ ਜੀ ਅਨੁਸਾਰ,

" ਜਦੋਂ ਅਸੀਂ ਬੀਜਾਂ ਦਾ ਕੰਮ ਆਰੰਭ ਕੀਤਾ ਤੇ ਬਰਾਮਦ (ਐਕਸਪੋਰਟ) ਬਾਰੇ ਸੋਚਿਆ ਤਾਂ ਮਾਇਆ ਦੀ ਕਮੀ ਸਤਿਗੁਰਾਂ ਮਹਿਸੂਸ ਨਹੀਂ ਹੋਣ ਦਿੱਤੀ ।" – ਵਰਿਆਮ ਦਾ ਨਵੰਬਰ 2010 ਦਾ ਅੰਕ

ਸ੍ਰੀ ਉਦਯ ਸਿੰਘ ਜੀ ਸਤਿਜੁਗ ਵਿਚ ਸੰਨ 2010 'ਚ ਛਪੇ ਆਪਣੇ ਲੇਖ 'ਨਾਮਧਾਰੀ ਫਾਰਮ ਦੇ ਰਸੀਲੇ ਅੰਬ' ਵਿਚ ਲਿਖਦੇ ਹਨ,

" ਸਤਿਗੁਰੂ ਜੀ ਦੀ ਫਲਾਂ ਫੁੱਲਾਂ ਵਿਚ ਭਰਪੂਰ ਦਿਲਚਸਪੀ ਦਾ ਫਲ ਸੀ ਕਿ ਸਾਡੇ ਫਾਰਮ ਦੀ ਸ਼ਕਲ ਸੂਰਤ ਦਿਨਾਂ ਵਿਚ ਹੀ ਬਦਲਣ ਲੱਗੀ। ਸੰਨ 1985 ਵਿਚ ਅਸਾਂ ਆਪਣੇ ਇਸ ਕ੍ਰਿਸ਼ੀ ਕੇਂਦਰ ਦਾ ਨਾਮ 'ਨਾਮਧਾਰੀ ਸੀਡਜ਼ ਕੰਪਨੀ' ਰੱਖਣ ਲਈ ਸਤਿਗੁਰਾਂ ਅੱਗੇ ਅਰਜ਼ ਕੀਤੀ ਜੋ ਆਪ ਨੇ ਪਰਵਾਨ ਕਰਕੇ ਸਾਡਾ ਉਤਸ਼ਾਹ ਵਧਾਇਆ।"

ਸ਼ੁਰੂ ਸ਼ੁਰੂ ਵਿਚ ਅਸਾਂ ਆਪਣੇ ਫਾਰਮ ਦੀ ਉਪਜ ਦੇ ਨਿਰਯਾਤ (export) ਵੱਲ ਹੀ ਧਿਆਨ ਦਿੱਤਾ । ਇਸ ਲਈ ਅਸੀਂ ਅਮਰੀਕਾ ਤੇ ਯੂਰਪ ਤੋਂ ਠੇਕੇ ਲੈ ਕੇ ਬੀਜ ਉਪਜਾਉਂਦੇ ਤੇ ਉਹਨਾਂ ਦੇਸ਼ਾਂ ਨੂੰ ਭੇਜਦੇ ਰਹੇ। ਪਹਿਲੋਂ ਦੋ ਤਿੰਨ ਸਾਲ ਤਗੜੀ ਮਿਹਨਤ ਤੇ ਮੁਸ਼ਕਿਲਾਂ ਦੇ ਸਨ ਪਰ ਆਪ ਨੇ ਸਾਨੂੰ ਡੋਲਣ ਨਹੀਂ ਦਿੱਤਾ ਤੇ ਤਗੜੇ ਹੋ ਕੇ ਜੁੱਟੇ ਰਹਿਣ ਲਈ ਪ੍ਰੇਰਿਆ। ਫਾਰਮ ਦੀ ਉਪਜ ਨੂੰ ਵੱਡੀ ਵਪਾਰਕ ਪੱਧਰ ਉਤੇ ਲਿਜਾਣ ਦੇ ਇਰਾਦੇ ਨਾਲ ਮੈਂ ਸੰਨ 1987 ਵਿਚ ਕਈ ਦੇਸ਼ਾਂ ਵਿਚ ਗਿਆ। ਉਸ ਦੌਰੇ ਵਿਚ ਮੈਂ ਮਹਿਸੂਸ ਕੀਤਾ ਕਿ ਸਾਡੇ ਫਾਰਮ ਦੀ ਉਪਜ ਦੀ ਖਪਤ ਲਈ ਅਮਰੀਕਾ ਤੇ ਯੂਰਪੀ ਦੇਸ਼ ਤਾਂ ਠੀਕ ਹਨ ਪਰ ਜਾਪਾਨ ਸਾਨੂੰ ਵਾਰਾ ਨਹੀਂ ਖਾਣ ਲੱਗਾ। ਜਾਪਾਨ ਜਾਣ 'ਤੇ ਖਰਚਾ ਜ਼ਿਆਦਾ ਤੇ ਵਪਾਰ ਘੱਟ ਹੋਣ ਦੀ ਸੰਭਾਵਨਾ ਹੈ।

ਪਰ ਸਤਿਗੁਰੂ ਜੀ ਆਪਣੀ ਦ੍ਰਿਸ਼ਟੀ ਨਾਲ ਉਹ ਕੁਝ ਵੇਖ ਰਹੇ ਸਨ ਜੋ ਸਾਡੇ ਖਾਬੋ ਖਿਆਲ ਵਿਚ ਵੀ ਨਹੀਂ ਸੀ ਆ ਰਿਹਾ। ਆਪ ਜੀ ਨੇ ਫਰਮਾਇਆ, 'ਜਾਪਾਨ ਜ਼ਰੂਰ ਜਾਓ ਤੇ ਯਤਨ ਕਰਦੇ ਰਹੋ, ਸਭ ਠੀਕ ਹੋ ਜਾਏਗਾ।' ਆਪ ਦੇ ਹੁਕਮ ਅਨੁਸਾਰ ਅਸਾਂ ਯਤਨ ਜਾਰੀ ਰੱਖਿਆ, ਜਿਸ ਦਾ ਨਤੀਜਾ ਇਹ ਹੋਇਆ ਕਿ ਅੱਜ 'ਨਾਮਧਾਰੀ ਸੀਡਜ਼ ਕੰਪਨੀ' ਦਾ ਸਭ ਤੋਂ ਵੱਧ ਨਿਰਯਾਤ ਜਾਪਾਨ ਨਾਲ ਹੀ ਹੋ ਰਿਹਾ ਹੈ

ਅੱਜ ਜਾਪਾਨ ਸਾਡੇ ਵੱਡੇ ਗ੍ਰਾਹਕਾਂ ਵਿਚੋਂ ਹੈ। ਐਸਾ ਪ੍ਰੇਮ ਹੈ ਕਿ ਉਹ ਇਹ ਆਖਦੇ ਹਨ ਕਿ ਅਸੀਂ ਨਾਮਧਾਰੀਆਂ ਤੋਂ ਹੀ ਸਮਾਨ ( ਸਬਜ਼ੀਆਂ, ਫਲ ਤੇ ਬੀਜ ) ਲੈਣਾ ਹੈ। ''

– ਸਤਿਜੁਗ ਦਾ ਵਿਸ਼ੇਸ਼ ਅੰਕ ਸੰਨ 2000, ਸੰਮਤ 2056

ਸ੍ਰੀ ਉਦਯ ਸਿੰਘ ਜੀ ਦੱਸਦੇ ਹਨ ਕਿ ਸੰਨ 1992 ਵਿਚ ਅਸੀਂ ਭਾਰਤ ਦੀ ਬੀਜ ਮਾਰਕੀਟ ਵਿਚ ਦਾਖਲ ਹੋਏ। ਇਸ ਖੇਤਰ ਵਿਚ ਸਾਨੂੰ ਐਸੀ ਕਾਮਯਾਬੀ ਮਿਲੀ ਕਿ ਭਾਰਤ ਦੀਆ ਚੋਟੀ ਦੀਆਂ ਦੋ ਤਿੰਨ ਸਬਜੀਆਂ ਦੀਆਂ ਬੀਜ ਕੰਪਨੀਆਂ ਵਿਚੋਂ ਨਾਮਧਾਰੀ ਸੀਡਜ਼ ਕੰਪਨੀ ਬਰਾਬਰ ਦੀ ਮੰਨੀ ਜਾਂਦੀ ਹੈ।

'ਨਾਮਧਾਰੀ ਸੀਡਜ਼ ਕੰਪਨੀ' ਦਾ ਲੋਗੋ ਹੈ – 'ਚੰਗੇ ਭਵਿੱਖ ਲਈ ਬੀਜ'। ਬੀਜਾਂ ਦੇ ਸਟੈਂਡਰਡ, ਕੁਆਲਿਟੀ ਅਤੇ ਉਪਜ ਨੂੰ ਵੱਡੀ ਵਪਾਰਕ ਪੱਧਰ 'ਤੇ ਲਿਆਂਦਾ ਗਿਆ ਹੈ।

ਅੱਜ ਭਾਰਤ ਦੇ ਹਰ ਹਿੱਸੇ ਵਿਚ ਅਤਿ ਆਧੁਨਿਕ ਤਕਨੀਕ ਦੇ ਨਾਮਧਾਰੀ ਸੀਡਜ਼ ਫਾਰਮ ਕਰੋੜਾਂ ਰੁਪਏ ਦੇ ਇਮਪੋਰਟ ਐਕਸਪੋਰਟ ਦਾ ਕੰਮ ਕਰ ਰਹੇ ਹਨ। ਉਦਾਹਰਣ ਵਜੋਂ ਇੱਕਲੇ ਸ੍ਰੀ ਭੈਣੀ ਸਾਹਿਬ ਰਾਈਆਂ ਦੇ ਫਾਰਮ 'ਤੇ ਹੀ 18 ਕਿਸਮਾਂ ਦੇ ਫੁੱਲਾਂ ਤੋਂ 64 ਕਿਸਮਾਂ ਦੇ ਫੁੱਲਾਂ ਤੱਕ ਦੇ ਬੀਜ ਤਿਆਰ ਕੀਤੇ ਜਾ ਰਹੇ ਹਨ। ਹਾਈਬ੍ਰਿਡ ਸਬਜ਼ੀਆਂ ਫੁੱਲਗੋਭੀ, ਟਮਾਟਰ, ਬੈਂਗਣ, ਭਿੰਡੀ, ਤੋਰੀ, ਘੀਆ, ਕਰੇਲਾ ਆਦਿ ਤੋਂ ਇਲਾਵਾ ਸਲਾਦ ਵਾਲੇ ਮਿੱਠੇ ਮਟਰ, ਨਿੱਕੀਆਂ-ਨਿੱਕੀਆਂ ਮੱਕੀ ਦੀਆਂ ਛੱਲੀਆਂ (sweet corn and baby corn) ਆਦਿ ਦੇ ਨਾਲ ਫਰੂਟ ਵੀ ਤਿਆਰ ਕਰਕੇ ਐਕਸਪੋਰਟ ਕੀਤਾ ਜਾ ਰਿਹਾ ਹੈ। ਇਹ ਸਾਮਾਨ ਆਮ ਹੀ ਨਹੀਂ ਵਿਕਦਾ ਬਲਕਿ ਬਾਹਰ ਵਿਦੇਸ਼ਾਂ ਵਿਚ ਵੀ ਐਕਸਪੋਰਟ ਹੁੰਦਾ ਹੈ ਜਾਂ ਫਾਈਵ ਸਟਾਰ ਵਰਗੇ ਉੱਚ ਪੱਧਰੀ ਹੋਟਲਾਂ ਤੱਕ ਪੁੱਜਦਾ ਹੈ।

ਸਲਾਦ ਬਾਰ ਵੀ ਹੈ- ਜਿਸ ਵਿਚ ਚਾਈਨੀਜ਼ ਫੂਡ, ਨਾਮਧਾਰੀ ਪਨੀਰ, ਸਮੋਸੇ, ਫਰਾਈਡ ਰਾਈਸ, ਮੋਮੋਜ਼, ਸੈਂਡਵਿਚ, ਸਵੀਟ ਪਾਸਤਾ, ਜੂਸ ਵਗੈਰਾ ਮਿਲਦੇ ਹਨ।

ਇੰਜ ਅਜੋਕੇ ਸਮੇਂ ਵਿਚ ਨਾਮਧਾਰੀ ਸੀਡਜ਼ ਫਾਰਮ ਬੰਗਲੌਰ ਤੱਕ ਹੀ ਸੀਮਤ ਨਾ ਹੋ ਕੇ ਸ੍ਰੀ ਭੈਣੀ ਸਾਹਿਬ ਰਾਈਆਂ (ਜ਼ਿਲ੍ਹਾ ਲੁਧਿਆਣਾ) ਤੋਂ ਇਲਾਵਾ ਹਿਮਾਚਲ ਪ੍ਰਦੇਸ਼, ਕੁੱਲੂ, , ਪੂਨਾ, ਮੈਸੂਰ, ਤਾਮਿਲਨਾਡੂ, ਸਿਲੀਗੁੜੀ (ਬੰਗਾਲ) ਆਂਧਰਾ ਪ੍ਰਦੇਸ਼, ਹੈਦਰਾਬਾਦ, ਵਾਰਾਣਸੀ, ਇੰਦੌਰ, ਅਹਿਮਦਾਬਾਦ, ਰਾਏਪੁਰ (ਛਤੀਸਗੜ੍ਹ), ਪਟਨਾ, ਜੈਪੁਰ, ਬੈਲਗਾਮ, ਸਰੋਹੀ ( ਰਾਜਸਥਾਨ) ਆਦਿ ਸਥਾਨਾਂ 'ਤੇ ਚਲ ਰਹੇ ਹਨ।

ਬਰਾਮਦ (export) ਲਈ ਭਾਰਤ ਤੋਂ ਇਲਾਵਾ ਬਾਹਰਲੇ ਦੇਸ਼ਾਂ-ਥਾਈਲੈਂਡ, ਵੀਅਤਨਾਮ, ਇੰਡੋਨੇਸ਼ੀਆ, ਬੰਗਲਾ ਦੇਸ਼, ਮਿਸਰ, ਜਾਰਡਨ, ਜਾਪਾਨ, ਯੂ.ਐਸ.ਏ. ਅਤੇ ਹਾਲੈਂਡ ਆਦਿ ਵਿਚ ਵੀ ਆਪਣੇ ਕੇਂਦਰ ਸਥਾਪਤ ਕੀਤੇ ਗਏ ਹਨ।

ਸ੍ਰੀ ਉਦਯ ਸਿੰਘ ਜੀ ਏਸ਼ੀਅਨ ਪੈਸਿਫਿਕ ਸੀਡ ਐਸੋਸੀਏਸ਼ਨ (Asian Pacific Seed Association) ਦੇ ਪ੍ਰਧਾਨ ਰਹੇ ਹਨ। ਆਪ ਇਸ ਐਸੋਸੀਏਸ਼ਨ ਦੇ ਦੂਸਰੇ ਭਾਰਤੀ ਪ੍ਰਧਾਨ (Indian President) ਸਨ। ਆਪ ਜੀ ਨੈਸ਼ਨਲ ਸੀਡ ਐਸੋਸੀਏਸ਼ਨ ਆਫ ਇੰਡੀਆ (national seed association of india) ਦੇ ਪ੍ਰਧਾਨ ਵੀ ਰਹੇ ਹਨ।

ਸ੍ਰੀ ਉਦਯ ਸਿੰਘ ਜੀ ਨੂੰ ਸੰਨ 1996-97 ਅਤੇ 98 ਦਾ Namdhari Seeds ਲਈ Best Exporter Award, ਅਪੀਡਾ ਅਰਥਾਤ Agriculture & Processive Food Export Development Authority ਵਲੋਂ ਮਿਲਿਆ ਹੈ। ਉਦੋਂ ਤੋਂ ਇਨ੍ਹਾਂ ਨੂੰ ਕ੍ਰੀਬ ਹਰ ਸਾਲ ਐਵਾਰਡ ਮਿਲਦੇ ਰਹਿਦੇ ਹਨ। ਕੰਪਨੀ ਦੀ ਕਾਰਗੁਜ਼ਾਰੀ ਨੂੰ ਵੇਖਦਿਆਂ ਇਨ੍ਹਾਂ ਨੂੰ ਹਰ ਸਾਲ ' ਅਪੀਡਾ ਐਕਸਪੋਰਟ ਐਵਾਰਡ' ਅਤੇ ਹੋਰ ਐਵਾਰਡ ਮਿਲਦੇ ਰਹੇ ਹਨ। ਕੰਪਨੀ

ਵਲੋਂ ਸੰਨ 1998 ਤੋਂ ' ਨਾਮਧਾਰੀ ਸਮਾਚਾਰ' ਨਾਮ ਦਾ ਮੈਗਜੀਨ ਵੀ ਕੱਢਿਆ ਜਾ ਰਿਹਾ ਹੈ।

ਸ੍ਰੀ ਉਦਯ ਸਿੰਘ ਜੀ ਕਹਿੰਦੇ ਹਨ ਕਿ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਅਤੇ ਦਿਲਚਸਪੀ ਸਦਕਾ ਹੀ ਇਹ ਸਾਰੀ ਸਫ਼ਲਤਾ ਉਨ੍ਹਾਂ ਨੂੰ ਮਿਲੀ ਹੈ। ਆਪ ਵਿੱਚ ਬਹੁਤ ਉਤਸ਼ਾਹ ਹੈ । ਆਪ 'ਨਾਮਧਾਰੀ ਸੀਡਜ਼ ਫਾਰਮ' ਦੇ ਕੰਮ ਨੂੰ ਬਹੁਤ ਅਗਾਂਹ ਲੈ ਗਏ ਹਨ। ਆਪ ਜੀ ਅਨੁਸਾਰ, " ਸੱਚੇ ਪਾਤਸ਼ਾਹ ਜੀ ਦੀ ਕਿਰਪਾ ਅਤੇ ਇੱਛਾ ਨਾਲ ਬਹੁਤ ਕੁਝ ਹੋਰ ਕਰਨ ਦੀਆਂ ਵਿਉਂਤਾਂ ਹਨ। ਫੁੱਲਾਂ ਦੇ ਬੀਜਾਂ ਦੀ ਪੈਦਾਵਾਰ ਵਧਾਉਣ ਦੀ ਵਿਉਂਤ ਹੈ। ਬਾਹਰਲੇ ਦੇਸ਼ਾਂ ਵਿੱਚ, ਖਾਸ ਕਰਕੇ ਯੂਰਪ ਵਿੱਚ ਜਿਹੜੇ ਫੁੱਲਾਂ ਦੇ ਬੀਜਾਂ ਦੀ ਮੰਗ ਹੈ, ਉਹ ਸਰਦੀ ਲੋੜਦੇ ਹਨ। ਇਸ ਲਈ ਊਟੀ ਦੇ ਠੰਢੇ ਇਲਾਕੇ ਵਿੱਚ ਇਕ ਕੇਂਦਰ ਬਣਾਉਣ ਦੀ ਸਲਾਹ ਹੈ। ਖ਼ੁਦ ਭਾਰਤ ਬੀਜਾਂ ਦੀ ਬਹੁਤ ਵੱਡੀ ਮੰਡੀ ਹੈ। ਇਸ ਮੰਡੀ ਦੀ ਮੰਗ ਪੂਰੀ ਕਰਨ ਲਈ ਅਸੀਂ ਹੋਰ ਵਧੇਰੇ ਤੇਜ਼ੀ ਨਾਲ ਵਿਗਿਆਨਕ ਖੋਜ ਕਰਾਂਗੇ। ਇਥੇ ਸਾਨੂੰ ਯੋਗਤਾ-ਪ੍ਰਾਪਤ ਵਿਗਿਆਨੀ ਵੀ ਮਿਲਦੇ ਹਨ ਅਤੇ ਕਾਮੇ ਵੀ। ਅਸੀਂ ਆਪਣੀ ਖੋਜ ਨੂੰ ਹੋਰ ਤੇਜ ਅਤੇ ਪ੍ਰਬੀਨ ਬਣਾਵਾਂਗੇ। ਰਾਈਆਂ ਵਿਖੇ ਉਪ-ਖੋਜ ਕੇਂਦਰ ਕਾਇਮ ਕਰ ਲਿਆ ਗਿਆ ਹੈ। "

'ਨਾਮਧਾਰੀ ਸੀਡਜ਼ ਕੰਪਨੀ' ਦਾ ਨਾਮ ਰੋਸ਼ਨ ਕਰਨ ਲਈ ਸ੍ਰੀ ਉਦਯ ਸਿੰਘ ਜੀ ਬੜੀ ਲਗਨ ਤੇ ਮਿਹਨਤ ਨਾਲ ਉਤਪਾਦਨ, ਖੋਜ ਕਾਰਜ ਅਤੇ ਨਿਰਯਾਤ ( export) ਤਿੰਨੋਂ ਖੇਤਰਾਂ ਵਿਚ ਕਾਰਜਸ਼ੀਲ ਹਨ। ਉਹਨਾਂ ਨੇ ਦੇਸ਼ ਵਿਦੇਸ਼ਾਂ ਤੋਂ ਹਰ ਫ਼ਲ ਦੇ ਕਈ ਕਿਸਮ ਦੇ ਪੌਦੇ ਅਤੇ ਬੀਜ ਲਿਆ ਕੇ, ਉਨ੍ਹਾਂ ਦੀ ਕਰਾਸ ਬਰੀਡਿੰਗ ਕਰਕੇ, ਨਵੇਂ ਸਵਾਦ ਦੇ ਫ਼ਲਾਂ ਦੇ ਬੂਟੇ ਤਿਆਰ ਕੀਤੇ ਹੋਏ ਹਨ। ਪ੍ਰਯੋਗਸ਼ਾਲਾ ਵਿਚ ਵਿਗਿਆਨੀ, ਥੋਕ ਗਾਹਕਾਂ ਦੀ ਮੰਗ ਅਨੁਸਾਰ ਫੁੱਲਾਂ ਦੇ ਰੰਗ ਤੇ ਆਕਾਰ ਵਿਚ ਅਤੇ ਸਬਜ਼ੀਆਂ ਦੇ ਸਵਾਦ ਤੇ ਸ਼ਕਲ ਵਿਚ ਤਬਦੀਲੀਆਂ ਬਾਰੇ ਵੀ ਪ੍ਰਯੋਗ ਕਰਦੇ ਹਨ ਅਤੇ ਪਹਿਲੋਂ ਤੋਂ ਤਿਆਰ ਨਸਲਾਂ ਦੇ ਸੁਧਾਰ ਬਾਰੇ ਵੀ।

ਬੀਜਾਂ ਨੂੰ ਪਾਲਣ-ਪੋਸਣ, ਸਾਂਭਣ ਅਤੇ ਤਿਆਰ ਕਰਨ ਦਾ ਕੰਮ ਬੜੀ ਬਰੀਕੀ ਦਾ ਹੈ ਜਿਹੜਾ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ, ਸ੍ਰੀ ਉਦਯ ਸਿੰਘ ਜੀ ਦੀ ਦੇਖ ਰੇਖ ਹੇਠ ਬੜੀ ਸਫ਼ਲਤਾ ਪੂਰਵਕ ਚਲ ਰਿਹਾ ਹੈ। ਆਪ ਨੇ ਫਾਰਮ ਦਾ ਸਾਰਾ ਕਾਰ-ਵਿਹਾਰ ਬੜੇ ਸੁਚੱਜੇ, ਅਨੁਸ਼ਾਸ਼ਨ ਬੱਧ ਅਤੇ ਵਿਗਿਆਨਕ ਤਰੀਕੇ ਨਾਲ ਕੀਤਾ ਹੈ।

ਬੂਟਿਆਂ ਨੂੰ ਪਾਣੀ ਦੇਣ ਦਾ ਤਰੀਕਾ ਵੀ ਆਧੁਨਿਕ ਸਿੰਜਾਈ ਪ੍ਰਣਾਲੀ ਅਨੁਸਾਰ ਹੈ। ਡਰਿਪ ਇਰੀਗੇਸ਼ਨ ਅਨੁਸਾਰ ਪਾਣੀ ਪਲਾਸਟਿਕ ਦੀਆਂ ਨਾਲੀਆਂ ਰਾਹੀ ਸਿੱਧਾ ਹਰ ਬੂਟੇ ਦੀਆਂ ਜੜ੍ਹਾਂ ਵਿਚ ਪੁਚਾਇਆ ਜਾਂਦਾ ਹੈ। ਜਿੰਨੀ ਲੋੜ ਹੁੰਦੀ ਹੈ ਉਨ੍ਹਾਂ ਹੀ ਪਾਣੀ ਬੂਟਿਆਂ ਨੂੰ ਮਿਲਦਾ ਹੈ। ਇਕ ਬੂੰਦ ਵੀ ਜਾਇਆ ਨਹੀਂ ਹੁੰਦੀ।

ਜਿੰਨ੍ਹਾਂ ਬੂਟਿਆਂ ਦਾ ਵਾਤਾਵਰਨ ਪ੍ਰਕਿਰਤੀ ਦੇ ਹੱਥ ਛੱਡਣ ਦੀ ਥਾਂ ਫਾਰਮ ਨੇ ਆਪਣੇ ਹੱਥ ਰੱਖਣਾ ਹੋਵੇ, ਉਹ ਗਰੀਨ ਹਾਉਸ ਵਿਚ ਲਾਏ ਜਾਂਦੇ ਹਨ। ਵੱਡੇ ਵੱਡੇ ਢਾਂਚੇ ਉਸਾਰ ਕੇ ਉਹਨਾਂ ਨੂੰ ਪਾਰਦਰਸ਼ੀ ਪਲਾਸਟਿਕ ਜਾਂ ਫਾਇਬਰ ਨਾਲ ਢਕਿਆ ਗਿਆ ਹੈ। ਘਰਾਂ ਵਿਚ ਲਾਏ ਜਾਂਦੇ ਕੂਲਰ ਵਾਂਗ ਇਕ ਪੂਰਾ ਪਾਸਾ ਝਰਦੇ ਪਾਣੀ ਵਾਲਾ ਬਣਿਆ ਹੋਣ ਕਾਰਨ ਤਾਪਮਾਨ ਅਤੇ ਸਿੱਲ੍ਹ ਨੂੰ ਲੋੜ ਅਨੁਸਾਰ ਬਦਲਿਆ ਜਾ ਸਕਦਾ ਹੈ।

ਪਿਛਲੇ ਦੋ-ਤਿੰਨ ਸਾਲ ਤੋਂ ਐਸ ਵੇਲੇ ਬੰਗਲੌਰ ਦੇ ਨਾਮਧਾਰੀ ਫਾਰਮ ਵਿਚ ਦੁਨੀਆਂ ਦੇ ਸਭ ਤੋਂ ਮਹਿੰਗੇ ਤੇ ਵਧੀਆ ਟੈਕਨੀਕ ਵਾਲੇ ਇਸਰਾਇਲੀ ਗਰੀਨ ਹਾਊਸ ਬਣਾਏ ਗਏ ਹਨ ਜੋ ਕਿ ਪੂਰੀ ਤਰ੍ਹਾਂ ਕੰਪਿਯੂਟਰਾਇਜ਼ਡ ਹਨ।

ਤਿਆਰ ਹੋਏ ਬੀਜ ਫਾਰਮ ਦੀ ਪਰਖਸ਼ਾਲਾ ਵਿਚ ਪੁੱਜ ਜਾਂਦੇ ਹਨ। ਇਥੇ ਮਸ਼ੀਨਾਂ ਅਤੇ ਹੱਥਾਂ ਨਾਲ ਉਹਨਾਂ ਦੀ ਸਫਾਈ, ਛਾਂਟੀ ਅਤੇ ਪਰਖ ਕੀਤੀ ਜਾਂਦੀ ਹੈ। ਜੇ ਠੀਕ ਢੰਗ ਨਾਲ ਖੇਤੀ ਕੀਤੀ ਜਾਵੇ ਤਾਂ ਨਾਮਧਾਰੀ ਫਾਰਮ ਦੇ ਬੀਜ ਰੱਜਵੀ ਫਸਲ ਦਿੰਦੇ ਹਨ।

ਨਾਮਧਾਰੀ ਸੀਡਜ਼ ਵਲੋਂ ਜੋ ਵੀ ਖੇਤੀ ਕਰਵਾਈ ਜਾਂਦੀ ਹੈ, ਉਹ ਅੰਤਰਰਾਸ਼ਟਰੀ ਸਟੈਂਡਰਡ ਨੂੰ ਮੁੱਖ ਰੱਖ ਕੇ ਹੀ ਕਰਵਾਈ ਜਾਂਦੀ ਹੈ। ਖੇਤਾਂ ਵਿਚ ਬੀਜੀ ਫਸਲ ਉਤੇ ਕਿਸੇ ਕਿਸਮ ਦੀ ਜ਼ਹਿਰੀਲੀ ਦਵਾਈ ਦਾ ਛਿੜਕਾਅ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਕੋਈ ਪਾਬੰਦੀਸ਼ੁਦਾ ਦਵਾਈ ਦੀ ਵਰਤੋਂ ਕੀਤੀ ਜਾਂਦੀ ਹੈ। ਕੰਪਨੀ ਵਲੋਂ ਫਸਲ ਦੀ ਸਾਂਭ

ਸੰਭਾਲ ਆਪਣੇ ਮਾਹਰਾਂ ਦੁਆਰਾ ਤਿਆਰ ਕੀਤੇ ਤਰੀਕਿਆਂ ਨਾਲ ਹੀ ਕੀਤੀ ਜਾਂਦੀ ਹੈ । ਖੇਤਾਂ ਵਿਚ ਜੋ ਵੀ ਬੀਜ ਬੀਜੇ ਜਾਂਦੇ ਹਨ, ਉਹ ਸਾਰੇ ਹੀ ਕੰਪਨੀ ਦੇ ਮਾਹਿਰ ਡਾਕਟਰਾਂ ਵਲੋਂ ਖੋਜਾਂ ਕਰਨ ਤੋਂ ਬਾਅਦ ਤਿਆਰ ਕੀਤੇ ਜਾਂਦੇ ਹਨ।

## ਸ੍ਰੀ ਉਦਯ ਸਿੰਘ ਜੀ ਅਨੁਸਾਰ,

"ਜਦੋਂ ਸੰਨ 1984 ਵਿਚ ਅਸੀਂ ਕੰਮ ਸ਼ੁਰੂ ਕੀਤਾ, ਉਦੋਂ ਇਥੋਂ ਦੇ ਲੋਕ ਸਾਨੂੰ ਬੜੀਆਂ ਅਜ਼ੀਬ ਨਜ਼ਰਾਂ ਨਾਲ ਵੇਖਦੇ ਸਨ ਕਿ ਇਹ ਸਿੱਖ ਲੋਕ ਇਥੇ ਕਿਥੋਂ ਆਏ, ਕਿਉਂ ਆਏ ਪਰ ਅਜ ਇਥੇ ਕਿਤੇ ਵੀ ਪੁੱਛ ਲਵੋ ਕਿ ਬੀਜਾਂ ਵਾਲੀ ਕਿਹੜੀ ਕੰਪਨੀ ਠੀਕ ਹੈ ਤਾਂ ਸਿਰਫ 'ਨਾਮਧਾਰੀ ਸੀਡਜ਼' ਦਾ ਨਾਂ ਲਿਆ ਜਾਂਦਾ ਹੈ। ਅੱਜ 22-23 ਪਿੰਡਾਂ ਵਿਚ ਸਾਡਾ ਕਾਰੋਬਾਰ ਖਿਲਰਿਆ ਹੋਇਆ ਹੈ। ਹਜ਼ਾਰਾ ਕਿਸਾਨ ਹਨ, ਜਿਨ੍ਹਾਂ ਨੂੰ ਅਸੀਂ ਕੰਮ ਦਿੰਦੇ ਹਾਂ ਤੇ ਇਹ ਖਿਆਲ ਰਖਿਆ ਜਾਂਦਾ ਹੈ ਕਿ ਇਕ ਕੰਮ ਤੋਂ ਬਾਅਦ ਉਹ ਵੇਹਲੇ ਨਾ ਰਹਿਣ, ਉਨ੍ਹਾਂ ਨੂੰ ਦੂਜੀ ਫਸਲ ਦੇ ਦਿੱਤੀ ਜਾਂਦੀ ਹੈ। ਜੇ ਉਨ੍ਹਾਂ ਦੇ ਬੀਜਾਂ ਦੇ ਸਟੈਂਡਰਡ ਜਾਂ ਕੁਆਲਟੀ ਠੀਕ ਹੋਣ ਤਾਂ ਉਨ੍ਹਾਂ ਨੂੰ ਬੋਨਸ ਦਿੱਤਾ ਜਾਂਦਾ ਹੈ। ਜ਼ਿਮੀਂਦਾਰਾਂ ਨੂੰ ਸੀਡ ਪ੍ਰੋਡਕਸ਼ਨ ਦਾ ਕੰਮ ਮਿਲਣ ਨਾਲ ਉਨ੍ਹਾਂ ਦੀ ਮਾਲੀ ਹਾਲਤ ਕਾਫੀ ਚੰਗੀ ਹੋ ਗਈ ਹੈ।"

ਮੌਸਮ ਦੇ ਫਰਕ ਨਾਲ ਚਾਰ ਤੋਂ ਪੰਜ ਹਜ਼ਾਰ ਤੱਕ ਦੀ ਗਿਣਤੀ ਵਿਚ ਇਸਤਰੀਆਂ ਤੇ ਮਰਦ, ਨਾਮਧਾਰੀ ਸੀਡਜ਼ ਫਾਰਮ ਵਿਚ ਕੰਮ ਕਰਦੇ ਹਨ। ਵੱਡੀ ਗਿਣਤੀ ਵਿਚ ਸੁਪਰਵਾਈਜ਼ਰ ਤੇ ਫ਼ੀਲਡ ਅਫ਼ਸਰ ਹਨ। ਸਟਾਫ਼ ਦੀ ਅਵਾਜਾਈ ਲਈ ਸਾਰੀਆਂ ਸੁੱਖ ਸੁਵਿਧਾਵਾਂ ਹਨ। ਫਾਰਮ ਵਿਚ ਖੇਤੀਬਾੜੀ ਦੇ ਮਾਹਰ ਡਾਕਟਰਾਂ ਦਾ ਵੀ ਬੰਦੋਬਸਤ ਕੀਤਾ ਹੋਇਆ ਹੈ। ਫਾਰਮ ਦੇ ਟੈਕਨੀਕਲ ਸਟਾਫ਼ ਵਿਚ ਐਮ. ਐਸ. ਸੀ. ਤੇ ਪੀ. ਐਚ. ਡੀ. ਡਿਗਰੀ ਹੋਲਡਰ ਰੱਖੇ ਹੋਏ ਹਨ। 'ਬੋਟੈਨੀਕਲ ਲੈਬੋਟਰੀ' ਹੈ। ਜਿਮੀਦਾਰਾਂ ਤੋਂ ਖੇਤੀ ਕਰਵਾ ਕੇ ਵੀ ਸਬਜ਼ੀ ਖਰੀਦੀ ਜਾਂਦੀ ਹੈ। ਕਿਸਾਨਾਂ ਦੁਆਰਾ ਬੀਜੀਆਂ ਜਾਂਦੀਆਂ ਸਬਜ਼ੀਆਂ ਦੀ ਦੇਖ ਭਾਲ ਲਈ ਨਿਗਰਾਨ ਰੱਖੇ ਗਏ ਹਨ, ਜੋ ਸਮੇਂ ਸਮੇਂ ਕਿਸਾਨਾਂ ਨੂੰ ਹਰ ਤਰ੍ਹਾਂ ਦੀ ਸਲਾਹ ਦਿੰਦੇ ਹਨ। ਨਾਮਧਾਰੀ ਫਾਰਮ ਬੰਗਲੌਰ ਵਿਖੇ ਅੱਜ ਕੱਲ੍ਹ ਫੁੱਲਾਂ ਅਤੇ ਸਬਜ਼ੀਆਂ ਤੋਂ ਇਲਾਵਾ ਝੋਨੇ ਅਤੇ ਨਰਮੇ ਦੇ ਸੁਲਝੇ ਹੋਏ ਬੀਜ ਲਿਆਂਦੇ ਜਾ ਰਹੇ ਹਨ। ਹੋਰ ਉਚੇਰੀ ਖੋਜ ਵੀ ਚਲ ਰਹੀ ਹੈ।

ਕਿਸਾਨੀ ਕਿੱਤੇ ਨਾਲ ਜੁੜੇ ਕਿਸਾਨਾਂ ਦੀ ਮਦਦ ਤੋਂ ਇਲਾਵਾ ਨਾਮਧਾਰੀ ਸੀਡਜ਼ ਵਲੋਂ ਖੇਡਾਂ ਨੂੰ ਉਤਸ਼ਾਹਤ ਕਰਨ ਦੇ ਮੰਤਵ ਨਾਲ ਖਿਡਾਰੀਆਂ ਦੀ ਹਰ ਪ੍ਰਕਾਰ ਦੀ ਮਦਦ ਕੀਤੀ ਜਾਂਦੀ ਹੈ।

ਸ੍ਰੀ ਉਦਯ ਸਿੰਘ ਜੀ ਫਾਰਮ ਸੰਬੰਧੀ ਛੋਟੇ ਤੋਂ ਛੋਟਾ ਅਤੇ ਵੱਡੇ ਤੋਂ ਵੱਡਾ ਹਰ ਕੰਮ ਆਪਣੀ ਨਜ਼ਰ ਵਿਚ ਰੱਖਦੇ ਹਨ। ਇਥੇ ਕੰਮ ਕਰਦੇ ਨਾਮਧਾਰੀਆਂ ਵਿਚ ਸੰਤ ਬੂਟਾ ਸਿੰਘ ਆਪਣੇ ਦੇਸ਼ ਵਿਚ ਡੋਮੈਸਟਿਕ ਮਾਰਕੀਟਿੰਗ ਦਾ ਕੰਮ ਕਰਦੇ ਹਨ। ਇਸ ਤਰ੍ਹਾਂ ਇਥੇ ਕੰਮ ਕਰਨ ਵਾਲਿਆਂ ਨੂੰ, ਆਪ ਨੇ ਵੱਖੋ ਵੱਖ ਕਾਰਜ ਵੰਡੇ ਹੋਏ ਹਨ।

ਨਾਮਧਾਰੀ ਫਾਰਮ ਬੰਗਲੌਰ ਵਿਖੇ ਪੰਜਾਬ ਤੋਂ ਗਏ ਬਹੁਤ ਸਾਰੇ ਨਾਮਧਾਰੀ ਸੇਵਕ ਕੰਮ ਕਰਦੇ ਹਨ। ਇਨ੍ਹਾਂ ਨੂੰ ਸਾਰੀਆਂ ਸੁੱਖ-ਸੁਵਿਧਾਵਾਂ ਉਪਲਬਧ ਹਨ। ਰਹਿਣ ਲਈ ਘਰ, ਹਰ ਪ੍ਰਕਾਰ ਦੀਆਂ ਲੋੜੀਦੀਆਂ ਸਹੂਲਤਾਂ, ਖਰਚਾ ਤੇ ਤਨਖਾਹਾਂ ਆਦਿ ਸਭ ਨੂੰ ਮਿਲਦੇ ਹਨ। ਦੁੱਧ ਲਈ ਕ੍ਰੀਬ 30-35 ਗਾਵਾਂ ਰਖੀਆਂ ਹੋਈਆਂ ਹਨ।

ਆਪਣੀ ਚੱਕੀ ਲੱਗੀ ਹੋਈ ਹੈ। ਲੋੜ ਅਨੁਸਾਰ ਸਭ ਨੂੰ ਫਾਰਮ ਵਿਚ ਲੱਗੇ ਫ਼ਲ, ਸਬਜ਼ੀਆਂ ਆਦਿ ਮਿਲਦੇ ਹਨ। ਬੱਚਿਆਂ ਲਈ ਉਚਿਤ ਵਿੱਦਿਆ ਦਵਾਉਣ ਦਾ ਅਤੇ ਟੈਨਿਸ ਆਦਿ ਖੇਡਾਂ ਸਿਖਾਉਣ ਲਈ ਕੋਚਾਂ ਦਾ ਵੀ ਪ੍ਰਬੰਧ ਕੀਤਾ ਹੋਇਆ ਹੈ।

ਸਵੇਰੇ ਆਸਾ ਦੀ ਵਾਰ ਦਾ ਕੀਰਤਨ ਰੋਜ਼ਾਨਾ ਹੁੰਦਾ ਹੈ। ਨੌਜਵਾਨ ਬਲਬੀਰ ਸਿੰਘ ਰਾਗੀ ਸਪੁੱਤਰ ਸ੍ਰੀ ਭੈਣੀ ਸਾਹਿਬ ਰਹਿੰਦੇ ਜਥੇਦਾਰ ਪ੍ਰੀਤਮ ਸਿੰਘ ( ਪਿੰਡ ਸ਼ਹਿਣਾ ਦੇ) ਬੰਗਲੌਰ ਫਾਰਮ ਵਿਖੇ ਨਾਮਧਾਰੀ ਬੱਚਿਆਂ ਨੂੰ ਸੰਗੀਤ ਸਿਖਾਉਂਦੇ ਹਨ ਅਤੇ ਵਾਰ ਲਾਉਂਦੇ ਹਨ।

ਨਾਮਧਾਰੀ ਫਾਰਮ ਬੰਗਲੌਰ ਵਿਖੇ ਨੇੜਲੇ ਇਕ ਪਿੰਡ ਕਦਰਾਮੰਡਲਗੀ ਜਿਹੜਾ ਸੀਡ ਪ੍ਰੋਡਕਸ਼ਨ ਦਾ ਪਹਿਲਾ ਪਿੰਡ ਸੀ, ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕਰਕੇ ਲੋਕਾਂ ਵਾਸਤੇ ਆਲ੍ਹਾ ਦਰਜੇ ਦਾ ਇਕ ਸਕੂਲ

ਖੁਲ੍ਹਵਾ ਦਿੱਤਾ ਹੈ। ਇਸ ਵਿਚ ਸੱਚੇ ਪਾਤਸ਼ਾਹ ਜੀ ਨੇ ਆਪ ਖਰਚ ਕਰ ਕੇ ਸਾਇੰਸ ਵਿਭਾਗ ਖੋਲ੍ਹ ਕੇ ਦਿੱਤਾ ਹੈ। ਲੈਬੌਂਟਰੀ ਬਣਾ ਕੇ ਦਿਤੀ ਹੈ ਤਾਂ ਜੋ ਗਰੀਬ ਵਿਦਿਆਰਥੀ ਵੀ ਆਪਣਾ ਰੀਸਰਚ ਵਰਕ (ਖੋਜ ਦਾ ਕੰਮ) ਪੂਰਾ ਕਰ ਸਕਣ।

'ਨਾਮਧਾਰੀ ਸੀਡਜ਼ ਕੰਪਨੀ' ਵਲੋਂ ਸੌ ਕੁ ਗ਼ਰੀਬ ਹਰੀਜਨਾਂ ਨੂੰ ਰਹਿਣ ਲਈ ਘਰ ਬਣਵਾ ਕੇ ਦਿੱਤੇ ਗਏ ਹਨ।

ਸ੍ਰੀ ਸਤਿਗੁਰੂ ਜੀ ਦਾ ਉਪਦੇਸ਼ ਹੈ ਕਿ "ਮੇਹਨਤ ਕਰੋ, ਸੱਚ ਬੋਲੋ, ਈਮਾਨਦਾਰੀ ਰੱਖੋ ਅਤੇ ਮਾੜੇ ਤੇ ਗ਼ਰੀਬ ਦੀ ਮਦਦ ਕਰੋ। ਜਿੱਥੇ ਵੀ ਰਹੋ ਉਸ ਇਲਾਕੇ ਦੇ ਗ਼ਰੀਬ ਤੇ ਕਮਜ਼ੋਰ ਲੋਕਾਂ ਦੀ ਭਲਾਈ ਲਈ ਕੁਛ ਨਾ ਕੁਛ ਜ਼ਰੂਰ ਕਰਦੇ ਰਹੋ।"

## ਨਾਮਧਾਰੀ ਐਗਰੋ ਫਰੈਸ਼ ਕੰਪਨੀ

ਨਾਮਧਾਰੀ ਸੀਡਜ਼ ਕੰਪਨੀ ਤੋਂ ਇਲਾਵਾ ਸ੍ਰੀ ਉਦਯ ਸਿੰਘ ਜੀ ਵਲੋਂ 'ਨਾਮਧਾਰੀ ਐਗਰੋ ਫਰੈਸ਼' ਨਾਂ ਦੀ ਇਕ ਕੰਪਨੀ ਬਣਾਈ ਗਈ ਹੈ, ਜਿਸ ਦਾ ਮਕਸਦ ਕੰਪਨੀ ਵਲੋਂ ਲੋਕਾਂ ਨੂੰ ਸਾਫ ਸੁਥਰੀਆਂ ਤੇ ਸਸਤੇ ਭਾਅ ਦੀਆਂ ਸਬਜ਼ੀਆਂ ਮੁਹੱਈਆ ਕਰਵਾਉਣਾ ਹੈ।

ਇਸ ਕੰਪਨੀ ਦੇ ਤਹਿਤ ਬੰਗਲੌਰ ਵਿਚ ਸਬਜ਼ੀਆਂ ਵੇਚਣ ਦੇ ਕ੍ਰੀਬ 30 ਕੁ ਸ਼ੋਅ ਰੂਮ ਬਣਾਏ ਗਏ ਹਨ। ਕੰਪਨੀ ਵਲੋਂ ਪੰਜਾਬ ਸਮੇਤ ਬਾਕੀ ਰਾਜਾਂ ਵਿਚ ਕਈ ਹੋਰ ਨਾਮਧਾਰੀ ਐਗਰੋ ਫਰੈਸ਼ ਸ਼ੋਅ ਰੂਮ ਖੋਲ੍ਹੇ ਜਾ ਰਹੇ ਹਨ। ਮੈਸੂਰ, ਚੈਨਈ, ਹੈਦਰਾਬਾਦ, ਲੁਧਿਆਣਾ ਤੇ ਦਿੱਲੀ ਵਿਖੇ ਸ਼ੋਅ ਰੂਮ ਖੋਲ੍ਹਣ ਦੀ ਯੋਜਨਾ ਬਣੀ ਹੋਈ ਹੈ। ਕੰਪਨੀ ਆਪਣੇ ਗਾਹਕਾਂ ਨੂੰ ਵਧੀਆ ਕੁਆਲਟੀ ਦੀਆਂ ਸਬਜ਼ੀਆਂ ਦੇਣ ਲਈ ਹਰ ਸੰਭਵ ਯਤਨ ਕਰ ਰਹੀ ਹੈ।

ਸ੍ਰੀ ਭੈਣੀ ਸਾਹਿਬ ਦੇ ਨਜ਼ਦੀਕ ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਖੇ ਕੰਪਨੀ ਵਲੋਂ ਨਾਮਧਾਰੀ ਸੀਡਜ਼ ਦੀ ਬਰਾਂਚ ਸੰਨ 1995 ਅਤੇ ਨਾਮਧਾਰੀ ਐਗਰੋ ਫ੍ਰੈਸ਼ ਦੀ ਬਰਾਂਚ ਸੰਨ 2003 ਵਿਚ ਖੋਲ੍ਹੀ ਗਈ।

ਬਾਗਾਂ ਬਾਰੇ ਸਾਰੇ ਮਹੱਤਵਪੂਰਨ ਫੈਸਲੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹੁੰਦੇ ਹਨ। ਹਜ਼ੂਰੀ ਸੇਵਕ ਰਛਪਾਲ ਸਿੰਘ ਦੁਆਰਾ ਸਤਿਜੁਗ ਵਿਚ ਲਿਖੀ ਗਈ ਰਿਪੋਰਟ ਅਨੁਸਾਰ,

"ਸ੍ਰੀ ਸਤਿਗੁਰੂ ਜੀ ਅਪੋਲੋ ਹਸਪਤਾਲ ਵਿਖੇ ਸਿੱਖਾਂ ਸੇਵਕਾਂ ਨੂੰ ਦਰਸ਼ਨ ਦੇ ਕੇ ਨਦਿਰ ਨਿਹਾਲ ਕਰ ਰਹੇ ਸਨ। ਹਜ਼ੂਰੀ ਵਿਚ ਬੈਠੇ ਸ੍ਰੀ ਉਦਯ ਸਿੰਘ ਜੀ ਨੇ ਆਪ ਜੀ ਦੇ ਚਰਨਾਂ ਵਿਚ ਅਰਜ਼ ਗੁਜ਼ਾਰੀ,

'ਗਰੀਬ ਨਵਾਜ਼ ਜੀ ਐਤਕੀਂ ਖਰਬੂਜੇ ਯੂਰਪ ਭੇਜੇ ਸਨ, ਚੰਗਾ ਰਿਸਪਾਂਸ ਮਿਲਿਆ ਹੈ। ਸੋਚਿਆ ਏ 100 ਏਕੜ ਲਾਈਏ, ਜ਼ਿਆਦਾ ਪੀਲੇ ਵਾਲੇ ਤੇ ਬਾਕੀ ਟ੍ਰਾਇਲ ਵਾਸਤੇ ਨੈਟ ਵਾਲੇ। ਆਪ ਜੀ ਦਾ ਕੀ ਹੁਕਮ ਏ'

ਸ੍ਰੀ ਸਤਿਗੁਰੂ ਜੀ ਹੁਕਮ ਕੀਤਾ, 'ਪਹਿਲਾ 50 ਏਕੜ ਲਾ ਕੇ ਵੇਖੋ।'

ਸ੍ਰੀ ਉਦਯ ਸਿੰਘ ਜੀ ਅਰਜ਼ ਕੀਤੀ, 'ਗਰੀਬ ਨਿਵਾਜ਼ ਜੀ, ਜਿਹੜੇ ਨਵੀਆਂ ਕਿਸਮਾਂ ਦੇ ਅੰਬ ਆਈ.ਡੀ.ਹਾਲੀ ਲਾਏ ਸਨ, ਆਪ ਜੀ ਦੀ ਰਜ਼ਾ ਹੋਵੇ ਤਾਂ ਐਤਕੀਂ ਕਿੰਨੇ ਏਕੜ ਲਾ ਲਈਏ'

ਕੋਲ ਬੈਠੇ ਬਲਵੰਤ ਸਿੰਘ ( ਰਾਗੀ) ਨੇ ਅਰਜ਼ ਕੀਤੀ, ' 50-60 ਏਕੜ ਲਾ ਲੈਣ ਜੀ'

ਗਰੀਬ ਨਿਵਾਜ਼ ਜੀ ਹੁਕਮ ਕੀਤਾ, '10 ਏਕੜ ਲਾਓ।'

ਸਭ ਨੇ ਸਿਰ ਝੁਕਾ ਕੇ ਸਤ ਬਚਨ ਕਿਹਾ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਟਿਡ ਕੰਪਨੀ ਤੇ ਨਾਮਧਾਰੀ ਐਗਰੋ ਫ੍ਰੈਸ਼ ਕੰਪਨੀ ਵਲੋਂ ਕਿਸਾਨੀ ਨੂੰ ਬਚਾਉਣ ਲਈ ਸ੍ਰੀ ਉਦਯ ਸਿੰਘ ਜੀ ਦੀ ਯੋਗ ਅਗਵਾਈ ਵਿੱਚ ਜੋ ਉਪਰਾਲੇ ਕੀਤੇ ਜਾ ਰਹੇ ਹਨ ਉਨ੍ਹਾਂ ਦੀ ਸ਼ਲਾਘਾ ਕਰਨੀ ਬਣਦੀ ਹੈ। ਜਿਥੇ ਕੰਪਨੀ ਖੇਤੀਬਾੜੀ ਦਾ ਧੰਦਾ ਕਰਦੇ ਕਿਸਾਨਾਂ ਨੂੰ ਖੁਸ਼ਹਾਲ ਕਰ ਰਹੀ ਹੈ ਉਥੇ ਬੇਰੁਜ਼ਗਾਰਾਂ ਨੂੰ ਰੋਜ਼ਗਾਰ ਮੁਹੱਈਆਂ ਕਰਵਾ ਕੇ ਇਕ ਉੱਤਮ ਕਾਰਜ

ਕੀਤਾ ਜਾ ਰਿਹਾ ਹੈ। ਭਵਿੱਖ ਵਿਚ ਵੀ ਆਸ ਕਰਨੀ ਬਣਦੀ ਹੈ ਕਿ ਹਿੰਦੁਸਤਾਨ ਦੀਆਂ ਚੋਟੀ ਦੀਆਂ ਕੰਪਨੀਆਂ ਵਿਚੋਂ ਇਕ, ਨਾਮਧਾਰੀ ਸੀਡਜ਼ ਤੇ ਨਾਮਧਾਰੀ ਐਗਰੋ ਫਰੈਸ਼ ਕੰਪਨੀ ਹੋਰ ਵਧੀਆ ਕਾਰਜ ਕਰਦੀ ਹੋਈ ਹੋਰਨਾਂ ਲਈ ਨਵੀਆਂ ਪੈੜਾਂ ਪਾਵੇਗੀ।

ਬੀਜਾਂ ਦੀ ਚੰਗੀ ਕਿਸਮ ਨੂੰ ਤਿਆਰ ਕਰਨਾ ਖੇਤੀ-ਬਾੜੀ ਦੇ ਖੇਤਰ ਵਿਚ ਇਕ ਬਹੁਤ ਵੱਡੀ ਦੇਣ ਹੈ।

ਸ੍ਰੀ ਉਦਯ ਸਿੰਘ ਜੀ ਆਪਣੇ ਲੇਖ ' ਨਾਮਧਾਰੀ ਫਾਰਮ ਦੇ ਰਸੀਲੇ ਅੰਬ' ਵਿਚ ਲਿਖਦੇ ਹਨ,

"ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਵੱਲੋਂ ਅਧਿਆਤਮਕ ਖੇਤਰ ਵਿਚ ਚਲਦੇ ਨਾਮ-ਬਾਣੀ ਦੇ ਪ੍ਰਵਾਹ ਦੇ ਨਾਲ ਨਾਲ ਆਪ ਜੀ ਦੀ ਸੋਚ ਤੇ ਸ਼ੌਕ ਦਾ ਇਹ ਕ੍ਰਿਸ਼ੀ ਫਾਰਮ ਇਕ ਛੋਟਾ ਜਿਹਾ ਨਮੂਨਾ ਹੈ ਜਿਨ੍ਹਾਂ ਦੀ ਬਦੌਲਤ ਅਸੀਂ ਥੋੜ੍ਹੇ ਜਿਹੇ ਸਮੇਂ ਵਿਚ ਹੀ ਏਡੀਆਂ ਵੱਡੀਆਂ ਕਾਮਯਾਬੀਆਂ ਹਾਸਿਲ ਕਰ ਸਕੇ ਹਾਂ। "

– ਸਤਿਜੁਗ ਦਾ ਵਿਸ਼ੇਸ਼ ਅੰਕ ਸੰਨ 2000 ਸੰਮਤ 2056

## ਪੰਜਾਬ ਵਿਖੇ ਬਾਗ਼

ਸ੍ਰੀ ਭੈਣੀ ਸਾਹਿਬ ਵਿਖੇ ਕਟਾਣੀ ਰੋਡ 'ਤੇ ਅਤੇ ਪਿੰਡ ਰਾਈਆਂ ਵਿਖੇ ਸ੍ਰੀ ਸਤਿਗੁਰੂ ਜੀ ਨੇ ਬਾਗ਼ ਲਗਵਾਏ ਹੋਏ ਸਨ। ਇਨ੍ਹਾਂ ਦੋਹਾਂ ਥਾਵਾਂ 'ਤੇ ਕਿੰਨੂ, ਅੰਬ, ਆੜੂ, ਬੇਰ, ਅਨਾਰ, ਆਦਿਕ ਫ਼ਲ ਲਗਾਏ ਹੋਏ ਸਨ। ਕੁਝ ਸਬਜ਼ੀਆਂ ਮਟਰ, ਗਾਜਰਾਂ, ਨਵੀਂ ਕਿਸਮ ਦੀ ਗੋਭੀ ਬਰੋਕਲੀ ਤੇ ਨਵੀਆਂ ਕਿਸਮਾਂ ਦੇ ਸਾਗ ਵੀ ਲਗਵਾਏ। ਇਸ ਤੋਂ ਇਲਾਵਾ ਇਥੇ ਨਿੰਬੂ, ਅਮਰੂਦ ਅਤੇ ਕੁਝ ਨਵੀਂ ਕਿਸਮ ਦੇ ਆਲੂ ਬੁਖ਼ਾਰੇ ਦੇ ਬੂਟੇ ਵੀ ਲਗਾਏ ਗਏ। ਰਾਈਆਂ ਵਿਖੇ 'ਸੈਂਟਰਲ ਇਨਸਟੀਟਿਊਟ ਆਫ ਹਾਰਟੀਕਲਚਰ ਫਾਰ ਨੌਰਦਰਨ ਪਲੇਨਜ਼' ਤੋਂ ਲਿਆਂਦੇ ਗਏ ਅੰਬ ਵੀ ਲਗਾਏ ਗਏ।

ਇੱਥੇ ਸ਼ੁਰੂ ਵਿਚ ਆੜੂਆਂ ਨੂੰ ਫੁੱਲ ਲਗਦਾ ਸੀ ਤੇ ਡਿੱਗ ਪੈਂਦਾ ਸੀ, ਪੂਰੀ ਫਸਲ ਨਹੀਂ ਸੀ ਮਿਲਦੀ। ਲੁਧਿਆਣਾ ਯੂਨੀਵਰਸਿਟੀ ਦੇ ਮਾਹਿਰਾਂ ਦੀ ਰਾਏ ਪੁੱਛੀ ਗਈ। ਉਨ੍ਹਾਂ ਦੱਸਿਆ,

"ਇਥੇ ਦੀ ਜ਼ਮੀਨ ਵਿਚ ਨੇਮੇਟੋਡ ਨਾਂ ਦੇ ਕਿਟਾਣੂੰ ਹੁੰਦੇ ਹਨ ਜਿਹੜੇ ਬੂਟੇ ਦੀ ਜੜ ਨੂੰ ਖਰਾਬ ਕਰ ਦਿੰਦੇ ਹਨ। ਇਹ ਕੀੜਾ ਜ਼ਮੀਨ ਵਿਚ ਹੀ ਜੜ ਦੀਆਂ ਗੱਠਾ ਬਨਾਉਣੀਆਂ ਸ਼ੁਰੂ ਕਰ ਦਿੰਦਾ ਹੈ, ਜਿਸ ਦੇ ਫਲਸਰੂਪ ਜੜਾਂ ਧਰਤੀ ਵਿਚੋਂ ਖੁਰਾਕ ਲੈਣੀ ਬੰਦ ਕਰ ਦਿੰਦੀਆਂ ਹਨ ਅਤੇ ਇੰਜ ਫਸਲ ਫ਼ੇਲ ਹੋ ਜਾਂਦੀ ਹੈ। "

ਮਾਹਿਰਾਂ ਨੇ ਇਹ ਵੀ ਆਖਿਆ, " ਇਸ ਇਲਾਕੇ ਵਿਚ ਕੁਹਾੜੇ ਤੋਂ ਲੈ ਕੇ ਮਾਛੀਵਾੜੇ ਤਕ ਤਾਂ ਮੂੰਗਫ਼ਲੀ ਦੀ ਫਸਲ ਵੀ ਫ਼ੇਲ ਹੋ ਗਈ ਹੈ, ਜੋ ਘਟੀਆਂ ਤੋਂ ਘਟੀਆਂ ਰੇਤਲੀ ਜ਼ਮੀਨ ਵਿਚ ਪੈਦਾ ਹੋ ਜਾਂਦੀ ਹੈ। ਤੁਹਾਡੇ ਆੜੂ ਕੀ ਕਾਮਯਾਬ ਹੋਣਗੇ। ਇਸ ਤਰ੍ਹਾਂ ਲਗਦਾ ਹੈ ਕਿ ਇਹ ਆੜੂ ਤੁਹਾਨੂੰ ਪੁੱਟਣੇ ਪੈਣਗੇ। "

ਸੱਚੇ ਪਾਤਸ਼ਾਹ ਜੀ ਫਰਮਾਇਆ,

"ਬਾਗ਼ ਜਰੂਰ ਕਾਮਯਾਬ ਹੋਵੇਗਾ।"

ਨੇਮੇਟੋਡ ਕੀੜੇ ਦਾ ਇਲਾਜ ਕਰਕੇ, ਦੋਸ਼ ਨੂੰ ਜੜ੍ਹ ਵਿਚੋਂ ਖਤਮ ਕੀਤਾ ਗਿਆ। ਹੁਣ ਇਥੇ ਵਧੀਆ ਕਿਸਮ ਦੇ ਆੜੂ ਹੀ ਨਹੀਂ ਸਗੋਂ ਅੰਬ, ਅਨਾਰ, ਕਿੰਨੂ, ਤੇ ਅੰਗੂਰ ਵੀ ਪੈਦਾ ਹੋ ਰਹੇ ਹਨ। ਇਹ ਕਾਮਯਾਬੀ ਸਤਿਗੁਰਾਂ ਦੇ ਸਿੱਖ ਸੇਵਕਾਂ ਲਈ ਹੌਂਸਲਾ ਅਫਜ਼ਾ ਸਾਬਤ ਹੋਈ।

ਇਕ ਵਾਰ ਇਥੋਂ ਦੇ ਆੜੂ ਦਾ ਫ਼ਲ ਪੰਜਾਬ ਯੂਨੀਵਰਸਿਟੀ ਦੇ ਮਾਹਿਰ ਡਾਕਟਰ ਅਜੇਪਾਲ ਸਿੰਘ ਗਿੱਲ, ਯੂਨੀਵਰਸਿਟੀ ਕੰਪਲੈਕਸ ਵਿਚ ਲੈ ਕੇ ਗਏ ਤੇ ਆਪਣੇ ਸਾਥੀਆਂ ਨੂੰ ਵਿਖਾ ਕੇ ਆਖਿਆ, "ਇਹੋ ਜਿਹਾ ਵੱਡਾ ਅਤੇ ਵਧੀਆ ਆੜੂ ਦਾ ਫ਼ਲ ਤਾਂ ਅਜੇ ਤਕ ਨਹੀਂ ਸੀ ਵੇਖਿਆ। ਸਾਨੂੰ ਵੀ ਇਹੋ ਜਿਹਾ ਤੰਦਰੁਸਤ ਫ਼ਲ ਤਿਆਰ ਕਰਨਾ ਚਾਹੀਦਾ ਹੈ।"

ਰਾਈਆਂ ਦੇ ਨਾਮਧਾਰੀ ਫਾਰਮ ਵਿਚ ਵੀ ਹੁਣ ਸ੍ਰੀ ਉਦਯ ਸਿੰਘ ਜੀ ਫ਼ਲ, ਫੁੱਲਾਂ ਤੇ ਸਬਜ਼ੀਆਂ ਦੇ ਬੀਜ ਤਿਆਰ ਕਰਵਾ ਰਹੇ ਹਨ। ਸੰਨ 2004 ਵਿਚ ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਟਿਡ ਕੰਪਨੀ ਜਿਸ ਦਾ ਮੁੱਖ ਦਫਤਰ ਬੰਗਲੌਰ ਵਿਖੇ ਹੈ ਵਲੋਂ ਨਾਮਧਾਰੀ ਫ੍ਰੈਸ਼ ਕੰਪਨੀ ਦੀ ਬਰਾਂਚ ਰਾਈਆਂ ਵਿਖੇ ਖੋਲ੍ਹੀ ਗਈ ਸੀ। ਇਸ ਦਾ ਮਕਸਦ ਕੰਪਨੀ ਵਲੋਂ ਸਾਫ ਸਬਜ਼ੀਆਂ ਪ੍ਰਾਪਤ ਕਰਵਾਉਣਾ ਹੈ। ਰਾਈਆਂ ਵਿਖੇ ਗਾਹਕਾਂ ਨੂੰ ਰੋਜ਼ ਤਾਜ਼ਾ ਸਬਜੀਆਂ ਦਿੱਤੀਆਂ ਜਾਂਦੀਆਂ ਹਨ। ਲੁਧਿਆਣਾ ਵਿਖੇ ਵੀ ਸਬਜ਼ੀਆਂ ਵੇਚਨ ਲਈ ਇਕ ਸ਼ੋਅ ਰੂਮ ਖੋਲ੍ਹਿਆ ਗਿਆ ਹੈ।

ਰਾਈਆਂ ਦੇ ਫਾਰਮ ਵਿਚ ਇਹ ਸਬਜ਼ੀਆਂ ਲਾਈਆਂ ਜਾਂਦੀਆਂ ਹਨ-ਭਿੰਡੀ, ਮਟਰ, ਬੇਬੀ ਕੌਰਨ, ਬੈਂਗਣ, ਅਰਬੀ, ਆਲੂ, ਟਿੰਡੇ, ਖੀਰਾ, ਨਿੰਬੂ ਅਤੇ ਗੋਭੀ ਆਦਿਕ। ਫਲ- ਆਲੂ ਬੁਖਾਰਾ, ਅਮਰੂਦ, ਬੇਰ, ਨਾਸ਼ਪਤੀ , ਆੜੂ ਆਦਿ ਲਗਾਏ ਜਾਂਦੇ ਹਨ।

ਨਾਮਧਾਰੀ ਫ੍ਰੈਸ਼ ਕੰਪਨੀ ਵਲੋਂ ਹਰ ਸਾਲ ਕ੍ਰੀਬ ਤਿੰਨ ਚਾਰ ਸੌ ਟਨ ਸਲਾਦ ਵਾਲਾ ਮਟਰ (snow peas sugar snap) ਅਤੇ baby corn ਆਦਿ ਪੰਜਾਬ ਤੋਂ ਐਕਸਪੋਰਟ ਕਰ ਕੇ ਭੇਜਿਆ ਜਾਂਦਾ ਹੈ।

ਸ੍ਰੀ ਸਤਿਗੁਰੂ ਜੀ ਜਦੋਂ ਸ੍ਰੀ ਭੈਣੀ ਸਾਹਿਬ ਹੋਣ ਤਾਂ ਰਾਈਆਂ ਫਾਰਮ ਵਿਚ ਦਰਸ਼ਨ ਦਿੰਦੇ ਰਹੇ ਹਨ। ਖੇਤੀ-ਬਾੜੀ, ਬਾਗ ਤੇ ਹੋਰ ਚਲ ਰਹੇ ਕੰਮ ਵੇਖਦੇ ਰਹੇ ਹਨ। ਨਵੀਆਂ ਤਿਆਰ ਕੀਤੀਆਂ ਕਿਸਮਾਂ ਸ੍ਰੀ ਸਤਿਗੁਰੂ ਨੂੰ ਵਿਖਾਈਆਂ ਜਾਂਦੀਆਂ ਹਨ।

ਸ੍ਰੀ ਸਤਿਗੁਰੂ ਜੀ ਬੜੀ ਦਿਲਚਸਪੀ ਅਤੇ ਬਾਰੀਕੀ ਨਾਲ ਹਰ ਗੱਲ ਪੁੱਛਦੇ ਹਨ। ਹਰ ਸਬਜ਼ੀ ਜਾਂ ਫਲ ਬਾਰੇ ਚੰਗੀ ਤਰ੍ਹਾਂ ਪੁੱਛਦੇ ਹਨ ਅਤੇ ਜੇ ਉਗਾਉਣ ਵਿਚ ਕਿਤੇ ਕੋਈ ਗਲਤੀ ਜਾਪਦੀ ਹੋਵੇ ਤਾਂ ਦੱਸ ਦਿੰਦੇ ਹਨ।

ਸ੍ਰੀ ਸਤਿਗੁਰੂ ਜੀ ਦੇ ਨੀਲੋਂ ਨਹਿਰ ਵਾਲੇ ਡੇਰੇ ਵਿਖੇ ਅੰਬਾਂ ਦੇ ਬਹੁਤ ਸਾਰੇ ਦਰਖ਼ਤ ਲਗੇ ਹੋਏ ਹਨ। ਇਸ ਤੋਂ ਇਲਾਵਾ ਹੁਣ ਇਸ ਥਾਂ 'ਤੇ ਭਾਂਤ-ਭਾਂਤ ਦੇ ਸਜਾਵਟੀ ਫੁੱਲ ਪੌਦੇ ਲਗਾ ਕੇ ਆਧੁਨਿਕ ਢੰਗ ਦੀ ਲੈਂਡ ਸਕੇਪਿੰਗ ਕੀਤੀ ਗਈ ਹੈ।

ਰਾਈਆਂ ਵਿਖੇ ਕੋਚ ਰਛਪਾਲ ਸਿੰਘ ਤੇ ਸ. ਗੁਰਚਰਨ ਸਿੰਘ ਗੋਲੀ ਮੁੱਖ ਪ੍ਰਬੰਧਕ ਹਨ। ਸੰਤ ਰਛਪਾਲ ਸਿੰਘ (ਕੋਚ) ਨੌਰਥ ਜੋਨ (ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ , ਯੂ.ਪੀ. ਅਤੇ ਉਤਰਾਂਚਲ) ਵਿਖੇ ਡਿਪਟੀ ਜਨਰਲ ਮੈਨੇਜਰ ਹਨ। ਸ. ਗੁਰਚਰਨ ਸਿੰਘ ਗੋਲੀ ਨੌਰਥ ਜੋਨ ਵਿਖੇ ਰੀਜ਼ਨਲ ਮੈਨੇਜਰ ਹਨ। ਡਾ. ਸੁਰਜਣ ਸਿੰਘ ਰਿਸਰਚ ਅਤੇ ਡਿਵੈਲਪਮੈਂਟ (ਖੋਜ ਅਤੇ ਵਿਕਾਸ) ਵਿਭਾਗ ਵਿਖੇ ਜਨਰਲ ਮੈਨੇਜਰ ਹਨ। ਸ. ਮੁਖਤਿਆਰ ਸਿੰਘ ਪ੍ਰੋਡਕਸ਼ਨ ਮੈਨੇਜਰ, ਸ. ਸ਼ਮਸ਼ੇਰ ਸਿੰਘ ਅਕਾਉਂਟੈਂਟ ਹਨ। ਹਰਿਆਣਾ ਅਤੇ ਪੱਛਮੀ ਯੂ.ਪੀ. ਵਿਖੇ ਨਾਮਧਾਰੀ ਸੀਡਜ਼ ਕੰਪਨੀ ਦੇ ਏਰੀਆ ਮੈਨੇਜਰ ਸੰਤ ਜਗਦੇਵ ਸਿੰਘ ਸਪੁੱਤਰ ਸੰਤ ਨਿਰਵੈਰ ਸਿੰਘ ਸੰਤ ਨਗਰ ਹਨ। ਇਨ੍ਹਾਂ ਦਾ ਹੈਡਕਵਾਟਰ ਜ਼ਿਲ੍ਹਾ ਕਰਨਾਲ ਹੈ।

ਸੰਨ 1995-96 ਤੋਂ ਸ੍ਰੀ ਸਤਿਗੁਰੂ ਜੀ ਤੋਂ ਪ੍ਰਵਾਨਗੀ ਲੈ ਕੇ ਕਈ ਬਾਗ਼ਾਂ ਦੀ ਵਰਤੋਂ ਸ੍ਰੀ ਉਦਯ ਸਿੰਘ ਜੀ 'ਨਾਮਧਾਰੀ ਸੀਡਜ਼ ਕੰਪਨੀ' ਦੇ ਅੰਤਰਗਤ ਫ਼ਲ ਫੁੱਲਾਂ ਤੇ ਸਬਜ਼ੀਆਂ ਦੇ ਬੀਜ ਬਨਾਉਣ ਲਈ ਕਰ ਰਹੇ ਹਨ।

## ਹਿਮਾਚਲ ਵਿਖੇ ਬਾਗ਼

ਹਿਮਾਚਲ ਵਿਖੇ ਕੁੱਲੂ, ਮਨਾਲੀ, ਮੰਡੀ ਆਦਿ ਅਸਥਾਨਾਂ 'ਤੇ ਸ੍ਰੀ ਸਤਿਗੁਰੂ ਜੀ ਦੇ ਫ਼ਲ ਅਤੇ ਸਬਜ਼ੀਆਂ ਦੇ ਬਾਗ਼ ਹਨ। ਅਜੋਕੇ ਸਮੇਂ ਵਿਚ ਇਥੇ ਵੀ ਫ਼ਲ, ਫੁੱਲ ਤੇ ਸਬਜ਼ੀਆਂ ਦੇ ਬੀਜ ਵੀ ਤਿਆਰ ਕੀਤੇ ਜਾ ਰਹੇ ਹਨ।

ਅੱਜ ਕੱਲ ਜਿਹੜੇ ਬਗੀਚੇ ਹਿਮਾਚਲ ਵਿਚ ਲਗਾਏ ਜਾ ਰਹੇ ਹਨ ਉਨ੍ਹਾਂ ਦੀ ਦੇਖ-ਰੇਖ ਤੇ ਲਗਵਾਉਣ ਦਾ ਜਿੰਮਾ ਵੀ ਸ. ਹਰਨਾਮ ਸਿੰਘ ਦਾ ਹੈ। ਬਾਗ਼ਬਾਨੀ ਪ੍ਰਤੀ ਕਾਫੀ ਲਗਨ ਤੇ ਸੂਝ-ਬੂਝ ਰੱਖਣ ਵਾਲੇ ਸ. ਹਰਨਾਮ

ਸਿੰਘ, ਕੁੱਲੂ ਤੇ ਮੰਡੀ ਦੇ ਜ਼ਿਲ੍ਹਾ ਉਦਯਾਨ ਵਿਕਾਸ ਅਧਿਕਾਰੀ ਦੀ ਸਰਕਾਰੀ ਨੌਕਰੀ ਕਰਦੇ ਸਨ । ਇਹ ਨੌਕਰੀ ਛੱਡ ਕੇ ਸੰਨ 1986 ਤੋਂ ਆਪ ਨੇ ਸਤਿਗੁਰੂ ਜੀ ਦੇ ਬਾਗ਼ਾਂ ਦੀ ਨਿਗਰਾਨੀ ਤੇ ਵਿਕਾਸ ਦੀ ਸੇਵਾ (horticulture development) ਦਾ ਕਾਰਜ ਸੰਭਾਲ ਲਿਆ।

ਸ. ਹਰਨਾਮ ਸਿੰਘ ਸੰਨ 1964 ਤੋਂ 1986 ਤੱਕ ਹਾਰਟੀਕਲਚਰ ਡਿਵੈਲਪਮੈਂਟ ਅਫਸਰ (distt. Horticulture development officier) ਰਹੇ।

ਸ੍ਰੀ ਸਤਿਗੁਰੂ ਜੀ ਤੋਂ ਪ੍ਰਭਾਵਤ ਹੋ, ਸਰਕਾਰੀ ਨੌਕਰੀ ਛੱਡ ਕੇ ਹਜ਼ੂਰ ਦੀ ਸੇਵਾ ਵਿੱਚ ਆਉਣ ਬਾਰੇ ਆਪ ਇੰਜ ਦੱਸਦੇ ਹਨ,

" ਸਭ ਤੋਂ ਪਹਿਲਾਂ ਮੈਨੂੰ ਸ੍ਰੀ ਸਤਿਗੁਰੂ ਜੀ ਦੇ ਸਾਧ ਸੰਗਤ ਸਮੇਤ ਦਰਸ਼ਨ ਸੰਨ 1967 ਵਿਚ ਕੁੱਲੂ ਵਿਖੇ ਦੁਸਹਿਰੇ ਦੇ ਮੇਲੇ 'ਤੇ ਹੋਏ। ਸ੍ਰੀ ਸਤਿਗੁਰੂ ਜੀ ਫ਼ਲਾਂ ਦੀ ਪ੍ਰਦਰਸ਼ਨੀ ਵੇਖਣ ਆਏ ਸਨ। ਉਦੋਂ ਮੈਂ ਬਿਲਕੁਲ ਅਨਾੜੀ ਸੀ, ਉਨ੍ਹਾਂ ਬਾਰੇ ਕੁਝ ਨਹੀਂ ਸੀ ਜਾਣਦਾ। ਉਸ ਵੇਲੇ ਲੰਚ ਬਰੇਕ ਸੀ, ਸਾਰੇ ਸਟਾਲ ਬੰਦ ਸਨ ਅਤੇ ਸਾਡਾ ਸਟਾਫ ਛੁੱਟੀ ਕਰ ਕੇ ਖਾਣਾ ਖਾਣ ਗਿਆ ਹੋਇਆ ਸੀ। ਸੱਚੇ ਪਾਤਸ਼ਾਹ ਜੀ ਨੇ ਮੇਰੇ ਕੋਲੋਂ ਸਟਾਲ ਖੁਲ੍ਹਵਾ ਕੇ ਫ਼ਲ ਵੇਖੇ। ਸੇਬਾਂ ਦੀ ਇੱਕਲੀ-ਇੱਕਲੀ ਕਿਸਮ ਬਾਰੇ ਪੁੱਛਿਆ ਕਿ ਕਿੰਨੀ ਫਸਲ ਇਕ ਏਕੜ ਦੀ ਨਿਕਲਦੀ ਹੈ, ਕਿੰਨੀ ਆਮਦਨ ਦਿੰਦੀ ਹੈ, ਵਗੈਰਾ। ਸਾਰਾ ਇਤਿਹਾਸ ਫ਼ਲਾਂ ਦਾ ਪੁੱਛਿਆ।

ਅਗਲੇ ਸਾਲ ਮੈਂ ਗੌਰਮਿੰਟ ਆਫ ਪੰਜਾਬ ਦੇ ਸਟੇਸ਼ਨ ਸੇਉਬਾਗ਼ ਵਿਖੇ ਸੀ। ਕੁੱਲੂ ਦੀ ਬੋਲੀ ਵਿੱਚ ਸੇਉ ਦਾ ਮਤਲਬ ਪੁਲ ਹੁੰਦਾ ਹੈ। ਅਰਥਾਤ ਪੁਲ ਟੱਪ ਕੇ ਜਿਹੜਾ ਬਾਗ਼ ਆਉਂਦਾ ਹੈ। ਜਿਸ ਬਗ਼ੀਚੇ ਦਾ ਮੈਂ ਇੰਚਾਰਜ ਸਾਂ, ਉਹ ਚਾਰ ਕਿਲੋਮੀਟਰ ਚੜ੍ਹਾਈ ਚੜ੍ਹ ਕੇ ਸਿੱਧਾ ਪਹਾੜੀ ਉੱਪਰ ਸੀ। ਇੱਕ ਦਿਨ ਮੈਂ ਸਵੇਰੇ ਸੁੱਤਾ ਉਠ ਕੇ ਟਹਿਲ ਰਿਹਾ ਸੀ ਕਿ ਸ੍ਰੀ ਸਤਿਗੁਰੂ ਜੀ ਨੇ ਸੰਗਤ ਸਮੇਤ ਆ ਦਰਸ਼ਨ ਦਿੱਤੇ। ਮੈਂ ਚਾਹ ਬਣਵਾਈ, ਉਨ੍ਹਾਂ ਪੀਤੀ ਨਹੀਂ। ਮੈਨੂੰ ਪਤਾ ਲੱਗਾ ਕਿ ਨਾਮਧਾਰੀ ਪੰਥ ਵਿੱਚ ਚਾਹ ਨਹੀਂ ਪੀਤੀ ਜਾਂਦੀ। ਮੈਂ ਸੇਬਾਂ ਦੀ ਪੇਟੀ ਸ੍ਰੀ ਸਤਿਗੁਰੂ ਜੀ ਨੂੰ ਭੇਟ ਕਰਨੀ ਚਾਹੀ, ਉਨ੍ਹਾਂ ਸਵੀਕਾਰ ਨਹੀਂ ਕੀਤੀ। ਇਕ ਸਿੰਘ ਤੋਂ ਪੁੱਛਣ ਤੋਂ ਪਤਾ ਲੱਗਿਆ ਕਿ ਜਿਸ ਨੇ ਭਜਨ ਨਾ ਪੁੱਛਿਆ ਹੋਵੇ, ਉਸ ਘਰ ਦਾ ਕੋਈ ਪਦਾਰਥ ਨਹੀਂ ਛਕਿਆ ਜਾਂਦਾ। ਮੈਂ ਕਿਹਾ ਕਿ ਜੇ ਭਜਨ ਆਸਾਨੀ ਨਾਲ ਦਿੱਤਾ ਜਾ ਸਕਦਾ ਹੋਵੇ ਤਾਂ ਭਜਨ ਦੇ ਦਿਓ। ਭਜਨ ਤਾਂ ਮੈਨੂੰ ਦੇ ਦਿੱਤਾ ਗਿਆ ਪਰ ਸੇਬਾਂ ਦੀ ਪੇਟੀ ਉਹ ਖ਼ਰੀਦ ਕੇ ਲੈ ਗਏ।

ਇਸ ਮਗਰੋਂ ਜਦ ਵੀ ਸ੍ਰੀ ਸਤਿਗੁਰੂ ਜੀ ਮੰਡੀ ਆਉਂਦੇ ਅਤੇ ਕੁੱਲੂ ਮਨਾਲੀ ਵੱਲ ਜਾਂਦੇ, ਮੈਨੂੰ ਜਿੱਥੇ ਵੀ ਮੈਂ ਹੁੰਦਾ, ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਦੇ ਰਹੇ। ਮੈਨੂੰ ਉਨ੍ਹਾਂ ਆਪਣੇ ਬਾਗਾਂ ਦੀ ਸੇਵਾ ਵਿੱਚ ਆਉਣ ਲਈ ਪਰੇਰਿਆ ਵੀ, ਪਰ ਮੈਂ ਸਰਕਾਰੀ ਨੌਕਰੀ ਨਹੀਂ ਸੀ ਛੱਡਣਾ ਚਾਹੁੰਦਾ, ਵੈਸੇ ਸ੍ਰੀ ਸਤਿਗੁਰੂ ਜੀ ਪ੍ਰਤੀ ਮੇਰੇ ਦਿਲ ਵਿੱਚ ਲਗਨ ਲੱਗ ਗਈ ਸੀ। ਮੈਂ ਆਪਣੇ ਕੰਮ ਵਿੱਚ ਵਧੇਰੇ ਦਿਲਚਸਪੀ ਲੈਂਦਾ ਅਤੇ ਕਈ ਨਵੇਂ ਕੰਮ ਸੁੱਚਜੇ ਢੰਗ ਨਾਲ ਕਰਕੇ ਉਸ ਘੜੀ ਦੀ ਉਡੀਕ ਕਰਦਾ ਰਹਿੰਦਾ ਸੀ, ਜਦੋਂ ਸੱਚੇ ਪਾਤਸ਼ਾਹ ਜੀ ਆ ਕੇ ਦਰਸ਼ਨ ਦੇਣ ਅਤੇ ਮੇਰੇ ਕੰਮਾਂ ਵੱਲ ਕ੍ਰਿਪਾ ਦੀ ਨਜ਼ਰ ਕਰਨ। ਇਸੇ ਸ਼ੌਕ ਕਾਰਨ ਮੈਂ ਇਤਨੇ ਸੁੱਚਜੇ ਕੰਮ ਮਹਿਕਮੇ ਵਿੱਚ ਕੀਤੇ ਕਿ ਮੈਨੂੰ ਮਹਿਕਮੇ ਤੇ ਸਰਕਾਰ ਵਲੋਂ ਕਈ ਪ੍ਰਸ਼ੰਸਾ ਪੱਤਰ ਪ੍ਰਾਪਤ ਹੋਏ। ਫ਼ਲ ਪ੍ਰਦਰਸ਼ਨੀਆਂ ਵਿਚੋਂ ਵੀ ਇਨਾਮ ਮਿਲੇ।

ਸੰਨ 1982-83 ਵਿੱਚ ਹਿਮਾਚਲ ਵਿੱਚ ਸੇਬ ਦੀ ਇੱਕ ਭਿਆਨਕ ਬੀਮਾਰੀ 'ਐਪਲ ਸਕੈਬ' ਦਾ ਬਹੁਤ ਜ਼ਿਆਦਾ ਪ੍ਰਕੋਪ ਹੋ ਗਿਆ। ਸਾਰੇ ਹਿਮਾਚਲ ਵਿੱਚ, ਕੀ ਸਰਕਾਰੀ ਤੇ ਕੀ ਲੋਕਾਂ ਦੇ, ਰੋਗ-ਗ੍ਰਸਤ ਸੇਬ ਪੁੱਟ-ਪੁੱਟ ਕੇ ਦਰਿਆ ਵਿੱਚ ਰੋੜੇ ਗਏ ਤਾਂ ਜੋ ਕਿਸੇ ਤਰ੍ਹਾਂ, ਬੀਮਾਰੀ ਖਤਮ ਹੋ ਜਾਵੇ। ਉਸ ਸਾਲ, ਮੈਂ ਸਰਕਾਰੀ ਫਾਰਮ ਬਿਜੌਰਾ ਦਾ ਇੰਜਾਰਚ ਸਾਂ ਅਤੇ ਇਸ ਬੀਮਾਰੀ ਵਾਲੇ ਸਮੇਂ ਦੌਰਾਨ ਸ੍ਰੀ ਸਤਿਗੁਰੂ ਜੀ ਨੇ ਸਾਡੇ ਬਾਗ਼ ਵਿਚ ਚਰਨ ਪਾਏ। ਜਿਹੜੀਆਂ ਦੁਆਈਆਂ, ਬਾਕੀ ਦੇ ਲੋਕ ਬਾਗ਼ ਵਿੱਚ ਵਰਤਦੇ ਸਨ, ਉਹੀ ਅਸੀਂ ਆਪਣੇ ਬਾਗ਼ ਵਿੱਚ ਛਿੜਕੀਆਂ। ਸਾਡੇ ਬਾਗ਼ ਵਿੱਚ ਬੀਮਾਰੀ ਕੰਟਰੋਲ ਹੋ ਗਈ, ਹੋਰਨਾਂ ਦੇ ਨਹੀਂ। ਸਾਡੇ ਨਾਲ ਦੇ ਲਾਲੇ ਦੇ ਬਗ਼ੀਚੇ ਦੀਆਂ

ਟਾਹਣੀਆਂ, ਸਾਡੇ ਬਗ਼ੀਚੇ ਦੇ ਸੇਬਾਂ ਦੀਆਂ ਟਾਹਣੀਆਂ ਨਾਲ ਖਹਿੰਦੀਆਂ ਸਨ, ਪਰ ਸਾਡੇ ਬੂਟਿਆਂ ਦੀ ਟਾਹਿਣੀ, ਚਾਹੇ ਉਨ੍ਹਾਂ ਦੇ ਬੂਟਿਆਂ ਦੀ ਟਾਹਿਣੀ ਦੇ ਉੱਪਰ ਸੀ ਜਾਂ ਥੱਲੇ, ਸਾਡੀ ਕਿਸੇ ਟਾਹਿਣੀ ਦੇ ਸੇਬਾਂ ਨੂੰ ਉਹ ਬੀਮਾਰੀ ਨਹੀਂ ਲੱਗੀ, ਜਦੋਂ ਕਿ ਲਾਲਿਆਂ ਦੇ ਸਾਰੇ ਸੇਬਾਂ ਦੇ ਬੂਟੇ ਇਸ ਬੀਮਾਰੀ ਕਾਰਣ ਖਤਮ ਹੋ ਗਏ। ਸਾਡੇ ਬਾਗ਼ਬਾਨੀ ਦੇ ਡਾਇਰੈਕਟਰ ਸ੍ਰੀ ਆਰ. ਐਸ. ਰਾਣਾ ਸਾਹਿਬ ਨੇ ਉਥੇ ਆ ਕੇ ਮੇਰੇ ਕੋਲੋਂ ਇਸ ਦਾ ਕਾਰਣ ਜਾਨਣਾ ਚਾਹਿਆ ਤਾਂ ਮੈਂ ਦੱਸਿਆ ਕਿ ਮੈਂ ਬੀਮਾਰੀ ਹਟਾਉਣ ਲਈ ਕੋਈ ਨਵੀਂ ਚੀਜ਼ ਤਾਂ ਕਰਦਾ ਨਹੀਂ, ਪਰ ਇਕ ਮਹਾਂਪੁਰਸ਼ ਇਥੇ ਸਾਡੇ ਇਸ ਬਗ਼ੀਚੇ ਵਿੱਚ ਚਰਨ ਪਾਉਂਦੇ ਅਤੇ ਦਰਸ਼ਨ ਦਿੰਦੇ ਹਨ, ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਕਿਰਪਾ ਦੁਆਰਾ ਇਹ ਬਗ਼ੀਚਾ ਬੀਮਾਰੀ ਰਹਿਤ ਹੋ ਗਿਆ ਹੈ। ਰਾਣਾ ਸਾਹਿਬ ਨੇ ਆਖਿਆ, 'ਮੈਨੂੰ ਵੀ ਉਨ੍ਹਾਂ ਦੇ ਦਰਸ਼ਨ ਕਰਾਉਣਾ।'

ਸੰਨ 1984 ਦੇ ਦੰਗਿਆਂ ਵਿੱਚ, ਅਪਰਤੱਖ ਰੂਪ ਵਿਚ ਸ੍ਰੀ ਸਤਿਗੁਰੂ ਜੀ ਨੇ ਮੇਰੀ ਤੇ ਮੇਰੇ ਪਰਿਵਾਰ ਦੀ ਜਾਨ ਬਚਾਈ। ਸੱਚੇ ਪਾਤਸ਼ਾਹ ਜੀ ਦੇ ਕੌਤਕ ਵੇਖ ਕੇ ਮੇਰਾ ਸੇਵਾ ਕਰਨ ਦਾ ਮਨ ਬਣ ਗਿਆ, ਪਰ ਮੈਂ ਆਪਣੀ ਸਰਕਾਰੀ ਨੌਕਰੀ ਨਹੀਂ ਛੱਡੀ। ਸ੍ਰੀ ਸਤਿਗੁਰੂ ਜੀ ਦਾ ਜਦ ਕਦੇ ਹੁਕਮ ਹੁੰਦਾ ਸੀ, ਉਦੋਂ ਮੈਂ ਛੁੱਟੀ ਲੈ ਕੇ ਕੁਝ ਦਿਨ ਸੇਵਾ ਕਰ ਜਾਂਦਾ ਸੀ।

ਸੰਨ 1985 ਵਿੱਚ ਮੈਂ ਸ੍ਰੀ ਸਤਿਗੁਰੂ ਜੀ ਦਾ ਇਕ ਹੋਰ ਕੌਤਕ ਵੇਖਿਆ। ਮੈਂ ਅਰਜ਼ ਕਰ ਕੇ ਸੱਚੇ ਪਾਤਸ਼ਾਹ ਜੀ ਨੂੰ ਭੁੰਤਰ ਤੋਂ ਅੱਗੇ ਦਰਿਆ ਦੇ ਕਿਨਾਰੇ, ਆਪਣੇ ਇਕ ਦੋਸਤ, ਸ੍ਰੀ ਐਸ. ਸੀ. ਮੇਹਰਾ ਰਿਟਾਯਡ ਵਿੰਗ ਕਮਾਂਡਰ ਦੇ ਬਦਾਮਾਂ ਦੇ ਬਗ਼ੀਚੇ ਵਿੱਚ ਚਰਨ ਪਾਉਣ ਲੈ ਗਿਆ। ਇਸ ਬਗ਼ੀਚੇ ਵਿੱਚ, ਬੜੀ ਅੱਛੀ ਕਿਸਮ ਦੇ ਖਾਣ ਨੂੰ ਮਿੱਠੇ ਅਤੇ ਤੈਲੀਅ ਤੱਤਾਂ ਨਾਲ ਭਰਪੂਰ, ਨਰਮ ਬਦਾਮ, ਜਿਹੜੇ ਕਿ ਹੱਥਾਂ ਨਾਲ ਹੀ ਟੁੱਟ ਜਾਂਦੇ ਹਨ, ਲਗਦੇ ਸਨ। ਸ੍ਰੀ ਸਤਿਗੁਰੂ ਜੀ ਕਾਰ ਵਿਚੋਂ ਉਤਰੇ, ਉਸ ਬਗ਼ੀਚੇ ਵਿੱਚ ਚਰਨ ਪਾਏ, ਬਦਾਮਾਂ ਨਾਲ ਲੱਦੀਆਂ ਟਾਹਣੀਆਂ ਵੇਖੀਆਂ, ਸਭ ਨੂੰ ਵਿਖਾਇਆ ਕਿ ਕਾਫੀ ਅੱਛਾ ਫ਼ਲ ਹੈ। ਉਸ ਵਕਤ ਮੇਰਾ ਦੋਸਤ (ਉਸ ਬਾਗ਼ ਦਾ ਮਾਲਕ) ਉਥੇ ਨਹੀਂ ਸੀ, ਮੈਂ ਉਸ ਨੂੰ ਬਾਅਦ ਵਿਚ ਦੱਸਿਆ। ਸ੍ਰੀ ਸਤਿਗੁਰੂ ਜੀ ਦੇ ਚਰਨ ਪਾਉਣ ਤੋਂ ਕੁਝ ਸਮਾਂ ਬਾਅਦ ਉਥੇ ਹੜ੍ਹ ਆ ਗਿਆ। ਨੇੜੇ-ਤੇੜੇ ਦੇ ਲੋਕਾਂ ਦੀਆਂ ਜ਼ਮੀਨਾਂ ਪਾਣੀ ਵਿੱਚ ਰੁੜ ਗਈਆਂ, ਪਾਣੀ ਉਸ ਬਾਗ਼ ਵਿਚ ਵੀ ਆਇਆ, ਪਰ ਉਥੇ ਲੱਗੇ ਕਿਸੇ ਬੂਟੇ ਦਾ ਕੋਈ ਨੁਕਸਾਨ ਨਹੀਂ ਹੋਇਆ। ਮੇਹਰਾ ਸਾਹਿਬ ਅਤੇ ਉਨ੍ਹਾਂ ਦੀ ਪਤਨੀ, ਸ੍ਰੀ ਸਤਿਗੁਰੂ ਜੀ ਦੀ ਸ਼ਕਤੀ ਨੂੰ ਮੰਨਣ ਲੱਗੇ ਕਿ 'ਹੜ੍ਹ ਸਾਡੇ ਬਗ਼ੀਚੇ ਵਿਚ ਦੀ ਹੋ ਕੇ ਗਿਆ ਹੈ ਤੇ ਸਾਡਾ ਇਕ ਬੂਟਾ ਨਹੀਂ ਡਿੱਗਿਆ ਜਦੋਂ ਕਿ ਬਾਕੀ ਸਭਨਾਂ ਲੋਕਾਂ ਦਾ ਬੜਾ ਨੁਕਸਾਨ ਹੋਇਆ ਹੈ।' ਇਸ ਤੋਂ ਬਾਅਦ ਉਨ੍ਹਾਂ ਨੇ ਅਰਜ਼ ਕਰ ਸ੍ਰੀ ਸਤਿਗੁਰੂ ਜੀ ਦੇ ਚਰਨ ਮੁੜ ਬਾਗ਼ ਵਿਚ ਪੁਆਏ, ਸੁਆਗਤ ਕੀਤਾ, ਬਦਾਮ ਭੇਟ ਕੀਤੇ, ਸਾਧ ਸੰਗਤ ਨੂੰ ਵੀ ਛਕਾਏ ਅਤੇ ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਅੱਜ ਵੀ ਉਨ੍ਹਾਂ ਦੇ ਬਗ਼ੀਚੇ ਵਿਚ ਇਤਨੇ ਬਦਾਮ ਲਗਦੇ ਹਨ ਕਿ ਸਾਲ ਭਰ ਦਾ ਗੁਜਾਰਾ ਨਿਕਲ ਆਉਂਦਾ ਹੈ। ਹਾਲਾਂ ਕਿ ਉਥੇ ਹੋਰ ਵੀ ਕਈ ਸਥਾਨਾਂ 'ਤੇ ਬਦਾਮਾਂ ਦੇ ਬਗ਼ੀਚੇ ਲੱਗੇ ਹੋਏ ਹਨ, ਪਰ ਇਤਨਾ ਫ਼ਲ ਕਿਧਰੇ ਨਹੀਂ ਆਉਂਦਾ ਹੈ।

ਇਨ੍ਹਾਂ ਕੌਤਕਾਂ ਨੇ ਮੈਨੂੰ ਖਿੱਚ ਪਾਈ ਤੇ ਮੇਰਾ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਆ ਕੇ ਜਨਮ ਸਫ਼ਲ ਕਰਨ ਦਾ ਮਨ ਬਣ ਗਿਆ। ਸੰਨ 1986 ਵਿਚ ਮੈਂ ਆਪਣੀ ਸਰਕਾਰੀ ਨੌਕਰੀ ਛੱਡ ਕੇ ਸਤਿਗੁਰੂ ਜੀ ਦੇ ਬਾਗ਼ਾਂ ਦੀ ਸੇਵਾ ਦੇ ਕਾਰਜ ਵਿਚ ਆ ਗਿਆ। ਇਥੋਂ ਮੈਨੂੰ ਬੜਾ ਕੁਝ ਮਿਲਿਆ ਹੈ। ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਹੋਈਆਂ ਹਨ। ਕਿਸੇ ਚੀਜ਼ ਦਾ ਘਾਟਾ ਨਹੀਂ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਭ ਤੋਂ ਪਹਿਲਾ ਬਗੀਚਾ ਮੈਂ ਕਿਨੂੰਆਂ ਦਾ ਮਸਤਾਨਗੜ੍ਹ ਵਿਖੇ ਲਗਾਇਆ, ਇਸ ਦੇ ਪੌਦੇ ਗੰਗਾਨਗਰ (ਰਾਜਸਥਾਨ) ਤੋਂ ਕ੍ਰਿਸ਼ੀ ਪੰਡਤ ਸ. ਬਲਵੰਤ ਸਿੰਘ ਦੀ ਨਰਸਰੀ ਤੋਂ ਲਿਆਂਦੇ ਗਏ।

ਉਦੋਂ ਸ. ਬਲਵੰਤ ਸਿੰਘ ਮੇਰੇ ਨਾਲ ਹੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਅਤੇ ਮੇਰੇ ਨਾਲ ਕਿਨੂੰਆਂ ਦਾ ਬਾਗ ਲਗਵਾਉਣ ਵਿਚ ਮੇਰੀ ਮਦਦ ਕਰਨ ਮਸਤਾਨਗੜ੍ਹ ਆਏ ਸਨ। ਉਨ੍ਹਾਂ ਨੇ ਰੱਸਾ ਫੜ੍ਹ ਕੇ layout ਕਰਵਾ ਕੇ

ਕਿੱਲੀਆਂ ਗੱਡ ਕੇ ਨਿਸ਼ਾਨੀਆਂ ਲਗਵਾਈਆਂ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਸ ਸ਼ਰਧਾਲੂ ਸਿੱਖ ਸ. ਬਲਵੰਤ ਸਿੰਘ ਨੂੰ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਨੇ ਕ੍ਰਿਸ਼ੀ ਪੰਡਤ ਦੀ ਉਪਾਧੀ ਤੇ ਐਵਾਰਡ ਦਿੱਤਾ ਹੋਇਆ ਸੀ।"

ਸ. ਹਰਨਾਮ ਸਿੰਘ ਦੱਸਦੇ ਹਨ ਕਿ ਇਕ ਵਾਰ ਸ੍ਰੀ ਸਤਿਗੁਰੂ ਜੀ ਨੇ ਚੈਰੀ ਦੇ ਬੂਟੇ ਮਨਾਲੀ ਵਿਖੇ ਲਾਉਣ ਦਾ ਹੁਕਮ ਕੀਤਾ। ਇਨ੍ਹਾਂ ਨੇ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ ਹੁਣ ਤਾਂ ਅਪ੍ਰੈਲ ਮਈ ਦਾ ਮਹੀਨਾ ਚਲ ਰਿਹਾ, ਗਰਮੀ ਬਹੁਤ ਹੈ, ਇਹ ਬੂਟੇ ਤਾਂ ਨਵੰਬਰ ਦਸੰਬਰ ਦੀ ਠੰਡ ਵਿਚ ਲਗਾਏ ਜਾਂਦੇ ਹਨ।

ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਹੁਣੇ ਇਹ ਬੂਟੇ ਮਨਾਲੀ ਲਾਉਣੇ ਹਨ।

ਹੁਕਮ ਮੰਨ ਕੇ ਸ. ਹਰਨਾਮ ਸਿੰਘ ਮਨਾਲੀ ਚਲੇ ਗਏ। ਜਾਂਦਿਆਂ ਹੀ ਉਥੇ ਗਰਮੀ ਦੇ ਮੌਸਮ ਵਿਚ ਬਰਫ ਪੈ ਗਈ। ਸ. ਹਰਨਾਮ ਸਿੰਘ ਦੇ ਨਾਲ ਉਥੋਂ ਦੇ ਮਾਲੀ ਸ. ਜੈ ਸਿੰਘ ਗਏ। ਸ. ਜੈ ਸਿੰਘ ਨੇ ਬਰਫ ਹਟਾ ਕੇ, ਟੋਏ ਪੁੱਟ ਕੇ ਚੈਰੀ ਦੇ ਬੂਟੇ ਲਗਾਏ ਜੋ ਸਫਲ ਹੋਏ।

ਸ੍ਰੀ ਸਤਿਗੁਰੂ ਜੀ ਨੂੰ ਬਾਗਬਾਨੀ ਦਾ ਤੇ ਬਾਗਾਂ ਨੂੰ ਵੇਖਣ ਦਾ ਬਹੁਤ ਸ਼ੌਕ ਹੈ। ਬਿਜੌਰਾ ( ਹਿਮਾਚਲ ਪ੍ਰਦੇਸ਼) ਵਿਚ ਗੱਡੀ ਸੜਕ 'ਤੇ ਖੜੀ ਕਰ ਕੇ ਆਪ ਦੋ ਢਾਈ ਕਿਲੋਮੀਟਰ ਸ. ਹਰਨਾਮ ਸਿੰਘ ਨੂੰ ਨਾਲ ਲੈ ਕੇ ਪੈਦਲ ਤੁਰ ਕੇ ਬਾਗ ਵੇਖਣ ਜਾਇਆ ਕਰਦੇ ਸਨ। ਨਾਲ ਆਈ ਸਾਧ ਸੰਗਤ ਵੀ ਸ੍ਰੀ ਸਤਿਗੁਰੂ ਜੀ ਦੇ ਪਿੱਛੇ ਪਿੱਛੇ ਤੁਰ ਕੇ ਬਾਗ ਵੇਖਣ ਜਾਇਆ ਕਰਦੀ ਸੀ।

ਹਿਮਾਚਲ ਪ੍ਰਦੇਸ਼ ਵਿਚ ਸੰਨ 2004-5 ਵਿਚ ਕੁੱਲੂ ਮਨਾਲੀ ਵਿਚਕਾਰ ਕਟਰਾਈਨ ਨਾਂ ਦੇ ਸਥਾਨ 'ਤੇ ਇਕ ਬਾਗ ਲਗਾਇਆ ਗਿਆ ਹੈ, ਜਿਸ ਵਿਚ ਸੇਬ,ਕਿਵੀ,ਜਪਾਨੀ ਫਲ, ਬਲੂ ਬੇਰੀ ਅਤੇ ਨਵੀਂ ਕਿਸਮ ਦੇ ਆੜੂ ਨੇਕਟਰੀਨ ਲਗਵਾਏ ਹੋਏ ਹਨ। ਫੁੱਲਾਂ ਦੇ ਬੀਜ ਤਿਆਰ ਕਰਨ ਲਈ ਗਰੀਨ ਹਾਊਸ (green house) ਵੀ ਬਣਾਇਆ ਹੋਇਆ ਹੈ।

ਸ. ਹਰਨਾਮ ਸਿੰਘ ਮੁਹਾਲੀ ਵਿਖੇ ਰਹਿੰਦੇ ਹਨ। ਆਪ ਕਹਿੰਦੇ ਹਨ ,

" ਮੇਰਾ ਜੀਅ ਕਰਦਾ ਹੈ ਕਿ ਸ੍ਰੀ ਸਤਿਗੁਰੂ ਜੀ ਦੀ ਇੱਛਾ ਅਨੁਸਾਰ ਤੇ ਕ੍ਰਿਪਾ ਸਦਕਾ ਮੈਂ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦਾ ਇਕ ਅਜਿਹਾ ਪ੍ਰਦਰਸ਼ਨੀ ਬਾਗ ਆਪਣੀ ਸੇਵਾ ਦੇ ਕਾਰਜ-ਕਾਲ ਦੌਰਾਨ ਲਗਾ ਦੇਵਾਂ, ਜਿਸ ਵਿਚ ਹਰ ਕਿਸਮ ਦਾ ਫਲ ਲੱਗਾ ਹੋਵੇ ਅਤੇ ਸਾਰਾ ਸਾਲ ਫਲ ਆਉਂਦਾ ਰਹੇ। ਫਲਾਂ ਦੀਆਂ ਐਸੀਆਂ ਐਸੀਆਂ ਕਿਸਮਾਂ ਲੱਗੀਆਂ ਹੋਣ ਜਿਹੜੀਆਂ ਕਿਧਰੇ ਵਿਰਲੀਆਂ ਹੀ ਮਿਲਦੀਆਂ ਹੋਣ। ਹਰ ਪ੍ਰਕਾਰ ਦੇ ਫਲਾਂ, ਪੌਦਿਆਂ ਅਤੇ ਰੁੱਖਾਂ ਦਾ ਸਮੂਹ ਇਸ ਬਾਗ ਵਿਚ ਹੋਵੇ।"

## ਸਿੰਘਾਂ ਦੇ ਆਪਣੇ ਬਾਗ਼

ਸੰਨ 1968 ਵਿਚ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਨਾਮਧਾਰੀ ਕਿਸਾਨ ਸਿੰਘਾਂ ਨੂੰ ਬਾਗ਼ ਲਗਾਉਣ ਦਾ ਹੁਕਮ ਕੀਤਾ। ਬਹੁਤ ਸਾਰੇ ਕਿਸਾਨ ਸਿੰਘਾਂ ਨੇ ਆਪਣੀ ਸਮਰੱਥਾ ਅਤੇ ਜ਼ਮੀਨ ਦੇ ਰਕਬੇ ਅਨੁਸਾਰ ਬਾਗ਼ ਲਗਾਏ। ਖਾਸ ਤੌਰ 'ਤੇ ਦਮਦਮਾ ਪਿੰਡ ਦੇ ਜ਼ਿਮੀਂਦਾਰਾਂ ਨੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਨੂੰ ਮੰਨਦਿਆਂ ਅੰਗੂਰਾਂ ਦੇ ਬਾਗ਼ ਲਗਵਾਏ। ਕਈਆਂ ਨੂੰ ਸ੍ਰੀ ਸਤਿਗੁਰੂ ਜੀ ਨੇ ਆਪਣੇ ਖਰਚੇ ਤੇ ਸੀਮਿੰਟ ਅਤੇ ਬਜਰੀ ਦੇ ਖੰਬੇ ਬਣਵਾ ਕੇ ਦਿਤੇ।

ਸੰਨ 1974-75 ਵਿਚ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਾਰੇ ਪਿੰਡਾਂ ਵਿੱਚੋਂ ਪੰਜ ਪੰਜ ਵਿਅਕਤੀ ਲੈ ਕੇ ਇਕ ਕਮੇਟੀ ਬਣਾਈ ਗਈ, ਜਿਹੜੀ ਘਰ-ਘਰ ਜਾ ਕੇ ਦੱਸਦੀ ਸੀ ਕਿ ਐਸ ਕਿਸਮ ਦੇ ਬਾਗ਼ 'ਤੇ ਤੁਹਾਡਾ ਇਤਨਾ ਖਰਚ ਹੋਵੇਗਾ ਅਤੇ ਇਤਨੀ ਆਮਦਨ ਹੋਵੇਗੀ।

ਸ੍ਰੀ ਸਤਿਗੁਰੂ ਜੀ ਨੇ ਨਿਜੀ ਦਿਲਚਸਪੀ ਲੈ ਕੇ ਅਨੇਕਾਂ ਸਿੱਖਾਂ ਦੀ ਪੈਲ੍ਹੀ 'ਚ ਬਾਗ਼ ਲਗਵਾਏ ਜਿਵੇਂ ਕਿ ਸੰਤ ਬਲਦੇਵ ਸਿੰਘ ਚੰਦੋਵਾਲੀਆ ਵਾਸੀ ਮਿਰਜਾਪੁਰ ਥੇੜ੍ਹ ਜ਼ਿਲ੍ਹਾ ਸਰਸਾ ਨੇ ਮੈਨੂੰ ( ਇਸ ਪੁਸਤਕ ਦੀ ਲੇਖਿਕਾ ਨੂੰ ) 8 ਜੂਨ ਸੰਨ 1992 ਨੂੰ ਦੱਸਿਆ,

"ਮੈਨੂੰ ਸੰਨ 1991 ਵਿਚ ਸ੍ਰੀ ਸਤਿਗੁਰੂ ਜੀ ਨੇ ਪਿੰਡ ਵਿਚ ਪੰਜ ਏਕੜ ਜ਼ਮੀਨ ਵਿਚ ਬਾਗ਼ ਲਾਉਣ ਦਾ ਹੁਕਮ ਕੀਤਾ।

"ਕਿਹੜੀ ਪੈਲੀ ਵਿਚ ਬਾਗ਼ ਲਾਵਾਂ "ਮੈ ਅਰਜ਼ ਕਰ ਪੁੱਛਿਆ।

"ਮੈਂ ਪਿੰਡ ਆ ਕੇ ਦਸਾਂਗਾਂ" ਹੁਕਮ ਹੋਇਆ।

ਪਿੰਡ ਆਏ ਤੇ ਘਰ ਕੋਲ ਖੜ੍ਹੋ ਕੇ ਸਾਰੀਆਂ ਪੈਲੀਆਂ ਵੇਖੀਆਂ। ਮੇਰੀ ਇਕ ਸੱਤ ਕਿੱਲੇ ਦੀ ਚੌਰਸ ਪੈਲੀ ਹੈ।

"ਇਸ ਵਿਚ ਬਾਗ਼ ਲਾ ਦੇ।" ਹੁਕਮ ਹੋਇਆ।

ਫਿਰ ਮੈਨੂੰ ਨਾਲ ਲੈ ਪੈਲੀ ਵਿਚ ਚਰਨ ਪਾਏ ਤੇ ਵਾਪਸ ਮੁੜਦਿਆ ਮੈਨੂੰ ਘਰ ਕੋਲ ਉਤਾਰ ਕੇ ਆਂਹਦੇ ਨੇ,

"ਜਾ, ਜਾ ਕੇ ਬਾਗ਼ ਲਾ ਦੇ"

ਦਸ ਕੁ ਕਰਮਾਂ ਜਾ ਕੇ ਮੈਂ ਮਨ ਵਿਚ ਸੋਚਿਆ, " ਬਾਗ਼ ਤਾਂ ਇਹਨਾਂ ਆਖਿਆ ਹੈ ਲਾ ਦੇ, ਇਹ ਨਹੀਂ ਦੱਸਿਆ ਕਿ ਹੁਣੇ ਲਾਉਣਾ ਹੈ ਜਾਂ ਫਿਰ ਲਾਉਣਾ ਹੈ।"

ਅਵਾਜ਼ ਮਾਰ ਲਈ ਉੱਥੋਂ ਅਤੇ ਹੁਕਮ ਕੀਤਾ, "ਉਰ੍ਹਾਂ ਆਂ ਗੱਲ ਸੁਣ, ਕੀ ਸੋਚ ਰਿਹਾ ਹੈਂ ਬਈ ਝੋਨਾ ਲਾਵਾਂ ? ਨਾ, ਝੋਨਾ ਨਹੀਂ ਲਾਉਣਾ ਹੈ, ਹੁਣੇ ਬਾਗ਼ ਲਾਉਣਾ ਹੈ।"

" ਬਾਗ਼ ਤਾਂ ਹੁਣੇ ਲਾਉਣਾ ਹੈ, ਨਾ ਮੈਨੂੰ ਖੱਡਿਆਂ ਦਾ ਪਤਾ ਹੈ ਪੁੱਟਣ ਦਾ, ਨਾ ਮੈਨੂੰ ਬੂਟੇ ਲਾਉਣ ਦਾ ਪਤਾ ਹੈ।" ਮੈਂ ਫਿਰ ਮਨ 'ਚ ਸੋਚਿਆ।

"ਉਰ੍ਹਾਂ ਆ ਗੱਲ ਸੁਣ, ਤੂੰ ਮਸਤਾਨਗੜ੍ਹ ਆ" ਅਵਾਜ਼ ਮਾਰ ਫਿਰ ਹੁਕਮ ਕੀਤਾ।

ਮੈਂ ਮਸਤਾਨਗੜ੍ਹ ਪਹੁੰਚਿਆ ਤਾਂ ਸ੍ਰੀ ਸਤਿਗੁਰੂ ਜੀ ਪੁੱਛਿਆ, "ਪੈਸੇ ਹੈ ਨੇ ਬੂਟੇ ਲਿਆਉਣ ਵਾਸਤੇ, ਬਾਗ਼ ਲਾਉਣ ਵਾਸਤੇ ਖਰਚਾ ਹੈ ?"

"ਆਪ ਜੀ ਦੀ ਕਿਰਪਾ ਨਾਲ ਪੈਸੇ ਹੈਗੇ ਮੇਰੇ ਕੋਲ" ਮੈਂ ਅਰਜ ਕੀਤੀ।

"ਚੰਗਾ" ਮੈਂ ਬੈਠਾ ਸੋਚਾਂ ਬਈ ਹੁਣ ਕੀ ਕਰਨਾ ਹੈ ?

"ਸੋਚ ਨਾ, ਜਾ ਕੇ ਫਲਾਣੇ ਮੁੰਡੇ ਨੂੰ ਲਿਆ" ਹੁਕਮ ਹੋਇਆ। ਉਸ ਮੁੰਡੇ ਨੂੰ ਮੈਂ ਸੱਦ ਲਿਆਇਆ। ਉਸ ਨੂੰ ਹੁਕਮ ਕੀਤਾ,

"ਹੁਣੇਂ ਜਾ, ਜਿਸ ਬੰਦੇ ਨੇ ਸਾਡੇ ਬਾਗ਼ ਦੇ ਖੱਡੇ ਪੁੱਟੇ ਸਨ, ਉਸ ਨਾਲ ਗੱਲ ਕਰ ਕੇ ਆ। ਉਸ ਨੂੰ ਆਖ ਕਿ ਖੱਡੇ ਪੁਟਾਉਣੇ ਨੇ, ਮਿਣਤੀ ਕਰ ਲਵੇ, ਬਈ ਕਿੰਨੀ ਕਿੰਨੀ ਦੂਰ ਪੁੱਟਣੇ ਨੇ। ਜਿਹੋ ਜਿਹਾ ਸਾਡਾ ਬਾਗ਼ ਲਗਿਆ ਹੈ, ਉਹੋ ਜਿਹਾ ਬਾਗ਼ ਲਗਾਉਣਾ ਹੈ, ਇਹਦਾ। ਭਲਕੇ ਚਲਾ ਜਾਵੀਂ ਤੇ ਗੰਗਾਨਗਰੋਂ ਬੂਟੇ ਬੁਕ ਕਰ ਆਵੀਂ ਤੇ ਲਿਆ ਕੇ ਦੇਣੇਂ ਨੇ।"

ਗੰਗਾ ਨਗਰ ਤੋਂ ਕ੍ਰਿਸ਼ੀ ਪੰਡਤ ਬਲਵੰਤ ਸਿੰਘ ਤੋਂ ਉਨ੍ਹੀਂ ਦਿਨੀਂ ਕਿੰਨੂਆਂ ਦੇ ਬੂਟੇ ਲਿਆਂਦੇ ਜਾਂਦੇ ਸਨ। ਬੰਗਲੌਰ ਤੋਂ ਡਾ. ਗੋਪਾਲ ਆਉਂਦੇ ਸਨ। ਉਹ ਬੰਗਲੌਰ ਤੋਂ ਸੀਡਲੈਸ ਅੰਗੂਰਾਂ ਦੀਆਂ ਕਲਮਾਂ ਲਿਆ ਕੇ ਬੂਟੇ ਤਿਆਰ ਕਰਦੇ ਸਨ।

ਇੰਜ ਸ੍ਰੀ ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਬਾਗ਼ ਲਗਵਾਉਣ ਦੀ ਪ੍ਰੇਰਨਾ ਦੇ ਕੇ ਕਿਰਪਾ ਕਰਦੇ ਰਹੇ ਹਨ। ਹਜ਼ੂਰ ਨੇ ਆਪ ਨਿਜੀ ਦਿਲਚਸਪੀ ਲੈ ਕੇ, ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ, ਜਿਨ੍ਹਾਂ ਨਾਮਧਾਰੀ ਸਿੰਘਾਂ ਦੇ ਅੰਗੂਰਾਂ ਦੇ, ਕਿੰਨੂਆਂ ਦੇ ਅਤੇ ਹੋਰ ਫ਼ਲਾਂ ਦੇ ਬਾਗ਼ ਲਗਵਾਏ ਉਨ੍ਹਾਂ ਵਿਚੋਂ ਕੁਝ ਕੁ ਦਾ ਵੇਰਵਾ ਪੇਸ਼ ਹੈ ।

ਪਿੰਡ ਸੰਤਨਗਰ ਵਿਖੇ – ਸਰਵ ਸ੍ਰੀ ਗੁਰਦੇਵ ਸਿੰਘ ਨੰਬਰਦਾਰ, ਗੁਰਬਖਸ਼ ਸਿੰਘ, ਸੰਤ ਹਰਬੰਸ ਸਿੰਘ ਮੈਂਬਰ, ਸੂਬਾ ਧਰਮ ਸਿੰਘ, ਸੰਤੋਖ ਸਿੰਘ ਸਮਸਾ।

ਪਿੰਡ ਦਮਦਮਾ ਵਿਖੇ – ਸਰਵ ਸ੍ਰੀ ਦਰਸ਼ਨ ਸਿੰਘ ਦੁਆਬੀਏ, ਨਿਧਾਨ ਸਿੰਘ, ਬਸੰਤ ਸਿੰਘ, ਸੰਤ ਸਿੰਘ, ਕੂਕਾ ਜੀਤ ਸਿੰਘ, ਬਲਬੀਰ ਸਿੰਘ ਮਲੋਟੀਏ, ਜੀਤ ਸਿੰਘ ਨੰਬਰਦਾਰ, ਗੁਰਦੀਪ ਸਿੰਘ ਰੋਡਿਆਂ ਵਾਲੇ, ਰੂਪ ਸਿੰਘ ਤੇ ਪ੍ਰੀਤਮ ਸਿੰਘ ਬਾਜੇਵਾਲੇ।

ਪਿੰਡ ਨਕੌੜਾ ਵਿਖੇ – ਸੰਤ ਮਹਿੰਦਰ ਸਿੰਘ ਬੱਲ

ਪਿੰਡ ਅੰਮ੍ਰਿਤਸਰ ਕਲਾਂ ਵਿਖੇ – ਸੰਤ ਅਵਤਾਰ ਸਿੰਘ, ਇਨ੍ਹਾਂ ਨੇ ਕਿੰਨੂਆਂ ਦੇ ਬਾਗ਼ ਵੀ ਲਗਵਾਏ।

ਪਿੰਡ ਕੰਗਣਪੁਰ ਵਿਖੇ– ਸੰਤ ਬਹਾਦਰ ਸਿੰਘ

ਪਿੰਡ ਜਗਜੀਤ ਨਗਰ ਵਿਖੇ– ਸਰਵ ਸ੍ਰੀ ਨਰੈਣ ਸਿੰਘ ਤੇ ਸ਼ਿੰਗਾਰਾ ਸਿੰਘ

ਸ੍ਰੀ ਜੀਵਨ ਸਿੰਘ ਵਿਖੇ – ਸੰਤ ਮਨੋਹਰ ਸਿੰਘ,

## ਫੁੱਲਾਂ ਦੇ ਬਾਗ਼

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬਚਪਨ ਤੋਂ ਹੀ ਫੁੱਲਾਂ ਦਾ ਸ਼ੌਕ ਰਿਹਾ ਹੈ। ਇਸੇ ਲਈ ਬਾਗ਼ਾਂ ਤੋਂ ਇਲਾਵਾ ਸ੍ਰੀ ਸਤਿਗੁਰੂ ਜੀ ਨੇ ਫੁੱਲਾਂ ਦੇ ਬਗ਼ੀਚਿਆਂ ਵੱਲ ਵੀ ਧਿਆਨ ਦਿੱਤਾ ਹੈ। ਵਧੀਆ ਕਿਸਮ ਦੇ ਖੁਸ਼ਬੂ ਵੰਡਣ ਵਾਲੇ ਫੁੱਲਾਂ ਨੂੰ ਸੱਚੇ ਪਾਤਸ਼ਾਹ ਜੀ ਬਹੁਤ ਪਸੰਦ ਕਰਦੇ ਹਨ। ਸ੍ਰੀ ਸਤਿਗੁਰੂ ਜੀ ਨੂੰ ਫੁੱਲਾਂ ਦੀਆਂ ਕਿਸਮਾਂ ਦੇ ਨਾਵਾਂ ਦੀ, ਮਹਿਕ ਦੀ ਅਤੇ ਗੁਣਾਂ ਦੀ ਬਹੁਤ ਜਾਣਕਾਰੀ ਹੈ।

ਜਿਥੇ ਬਾਗ਼ਾਂ ਵਿਚ ਖੁਸ਼ਬੂ ਵਾਲਾ ਬੂਟਾ ਲੱਗਾ ਹੁੰਦਾ ਹੈ, ਸੱਚੇ ਪਾਤਸ਼ਾਹ ਜੀ ਬੂਟੇ ਦੇ ਕੋਲ ਜਾ ਕੇ ਉਸ ਦੇ ਫੁੱਲ ਦੀ ਖੁਸ਼ਬੂ ਲੈਂਦੇ ਹਨ ਤੇ ਸਾਧ ਸੰਗਤ ਨੂੰ ਹੁਕਮ ਕਰਦੇ ਹਨ ਕਿ

'ਦੇਖੋ ਇਹ ਪੌਦਾ ਦੂਸਰਿਆਂ ਨੂੰ ਖੁਸ਼ਬੂ ਦੇ ਰਿਹਾ ਹੈ। ਕੁੱਝ ਸਿੱਖੋ ਇਸ ਤੋਂ।

ਸ੍ਰੀ ਸਤਿਗੁਰੂ ਜੀ ਦੀ ਕੋਠੀ ਦੀ ਕੰਧ ਨਾਲ ਮੋਤੀਏ ਦੇ ਫੁੱਲਾਂ ਦੀ ਬੇਲ ਲੱਗੀ ਹੋਈ ਸੀ। ਇਕ ਵਾਰ ਸ੍ਰੀ ਸਤਿਗੁਰੂ ਜੀ ਨੇ ਸੁਖਦੇਵ ਸਿੰਘ ( ਫੁੱਲਾਂ ਦੇ ਬਗੀਚੇ ਦੀ ਸੇਵਾ ਕਰਨ ਵਾਲੇ ) ਨੂੰ ਬੁਲਾ ਕੇ ਹੁਕਮ ਕੀਤਾ ਕਿ ਇਨ੍ਹਾਂ ਫੁੱਲਾਂ ਨੇ ਸਾਰੀ ਰਾਤ ਖੁਸ਼ਬੂ ਦੇਣੀ ਹੈ। ਇਸ ਦੇ ਬੂਟੇ ਬਣਾ ਕੇ ਸਾਰੇ ਕਿਤੇ ਲਗਾਓ, ਸਾਰੇ ਸ੍ਰੀ ਭੈਣੀ ਸਾਹਿਬ ਵਿਚ ਇਸ ਦੀ ਖੁਸ਼ਬੂ ਹੋਣੀ ਚਾਹੀਦੀ ਹੈ।

ਸ੍ਰੀ ਸਤਿਗੁਰੂ ਜੀ ਨੇ ਜੂਹੀ ਦੇ ਬੂਟੇ ਵਾਸਤੇ ਹੁਕਮ ਕੀਤਾ ਕਿ ਜੂਹੀ ਦਾ ਇਹ ਬੂਟਾ ਬਹੁਤ ਖੁਸ਼ਬੂ ਦਿੰਦਾ ਹੈ। ਇਸ ਦੇ ਬੂਟੇ ਅੱਗੇ ਵਧਾਉਣੇ ਹਨ। ਇਹ ਬੂਟੇ ਸ੍ਰੀ ਸਤਿਗੁਰੂ ਜੀ ਨੇ ਕਈਆਂ ਦੇ ਘਰਾਂ ਵਿਚ ਭੇਜੇ।

ਸ੍ਰੀ ਸਤਿਗੁਰੂ ਜੀ ਦੀ ਕੋਠੀ ਵਿਚ ਚੰਦਨ ਦੇ ਬੂਟੇ ਲਗਾਏ ਗਏ ਹਨ ਅਤੇ ਇਨ੍ਹਾਂ ਦਾ ਉਚੇਚਾ ਧਿਆਨ ਰੱਖਿਆ ਜਾਂਦਾ ਹੈ। ਐਸ ਵੇਲੇ ਸ੍ਰੀ ਭੈਣੀ ਸਾਹਿਬ ਵਿਖੇ ਗਊਸ਼ਾਲਾ ਦੇ ਸਾਹਮਣੇ ਕ੍ਰੀਬ ਅੱਧਾ ਏਕੜ ਵਿਚ ਚੰਦਨ ਦੇ ਬੂਟੇ ਲਗਾਏ ਹੋਏ ਹਨ।

ਸ੍ਰੀ ਸਤਿਗੁਰੂ ਜੀ ਨੇ ਉਨਾਭ ਦਾ ਬੂਟਾ ਮੰਗਵਾਕੇ ਇਸ ਦੀਆਂ ਬੇਲਾਂ ਕੋਠੀ ਵਿਚ ਲਗਵਾਈਆਂ ਹਨ। ਹਾਰ ਸ਼ਿੰਗਾਰ ਦਾ ਬੂਟਾ ਵੀ ਸ੍ਰੀ ਸਤਿਗੁਰੂ ਜੀ ਦੀ ਕੋਠੀ ਅਤੇ ਹੋਰ ਕਈਆਂ ਥਾਵਾਂ ਤੇ ਲੱਗਿਆ ਹੋਇਆ ਹੈ।

ਭਾਂਤ ਭਾਂਤ ਦੇ ਗੁਲਾਬ ਦੀਆਂ ਕਈ ਵਧੀਆ ਕਿਸਮਾਂ ਲੱਗੀਆਂ ਹੋਈਆਂ ਹਨ। ਕ੍ਰੀਬ ਸੰਨ 1988–89 ਵਿਚ, ਕਟਾਣੀ ਰੋਡ 'ਤੇ ਕ੍ਰੀਬ ਢਾਈ ਏਕੜ ਵਿਚ ਸੁੱਚੇ ਗੁਲਾਬ ਦਾ ਬਾਗ਼ ਲਗਾਇਆ ਗਿਆ ਸੀ। ਸ੍ਰੀ ਭੈਣੀ ਸਾਹਿਬ ਦੇ ਨੇੜੇ ਪੰਜੇਟੇ ਵਿਚ ਵੀ ਕ੍ਰੀਬ 30 ਏਕੜ ਵਿਚ ਬੀਜ ਬਣਾਉਣ ਲਈ ਫੁੱਲ ਲਗਾਏ ਗਏ ਸਨ। ਐਸ ਵੇਲੇ ਰਾਈਆਂ ਫਾਰਮ ਵਿਚ ਕ੍ਰੀਬ ਸੌ ਬੂਟੇ ਗੁਲਾਬ ਦੇ ਲਗਾਏ ਹੋਏ ਹਨ। ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਹਨ ਕਿ ਸੁੱਚਾ

ਗੁਲਾਬ, ਕਵਾਰ ਅਤੇ ਤੁਲਸੀ ਦੇ ਬੂਟੇ ਹਰ ਵਕਤ ਤਿਆਰ ਰੱਖਣੇ ਚਾਹੀਦੇ ਹਨ। ਇਹ ਬੂਟੇ ਦਵਾਈਆਂ ਅਤੇ ਮੈਡੀਟੇਸ਼ਨ ਲਈ ਵੀ ਕੰਮ ਆਉਂਦੇ ਹਨ।

ਸ੍ਰੀ ਭੈਣੀ ਸਾਹਿਬ ਵਿਚ ਕਈ ਭਾਂਤ ਦੇ ਸਜਾਵਟੀ ਪੌਦਿਆਂ, ਬੇਲਾਂ ਅਤੇ ਲਾਭਦਾਇਕ ਰੁੱਖਾਂ ਤੋਂ ਇਲਾਵਾ ਕਈ ਤਰ੍ਹਾਂ ਦੇ ਵੰਨ ਸੁਵੰਨੇ, ਹਰ ਰੁੱਤ ਵਿਚ ਲਗਾਏ ਜਾਣ ਵਾਲੇ ਫੁੱਲ ਲਗੇ ਹੋਏ ਹਨ। ਸ੍ਰੀ ਸਤਿਗੁਰੂ ਜੀ ਦੀ ਕੋਠੀ, ਬਾਗ਼ ਵਾਲੀ ਕੋਠੀ, ਕੋਠੀ ਦੇ ਬਾਹਰਲੇ ਪਾਸੇ, ਹਰੀਮੰਦਰ ਦੇ ਬਾਹਰ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਤਪ-ਅਸਥਾਨ ਵਾਲੇ ਥਾਂ ਦੁਆਲੇ, ਰਾਮ ਸਰੋਵਰ ਦੇ ਨੇੜੇ, ਵਰਨੀਆਂ ਵਾਲੇ ਡੇਰੇ, ਗੋਲ ਮੰਦਰ, ਪ੍ਰਤਾਪ ਮੰਦਰ ਦੁਆਲੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮੰਦਰ ਲਾਗੇ, ਵੱਡੇ ਲੰਗਰ ਕੋਲ, ਅਕਾਲ ਬੁੰਗੇ ਵਿਖੇ, ਮੜ੍ਹੀਆਂ ਵਿਚ, ਨੀਲੋਂ ਨਹਿਰ ਵਾਲੇ ਡੇਰੇ ਵਿਚ, ਕਟਾਣੀ ਵਾਲੇ ਮੋੜ ਤੇ, ਝੁੱਗੀਆਂ ਦੁਆਲੇ, ਗੈਸਟ ਹਾਉਸ ਦੁਆਲੇ, ਰਾਈਆਂ ਵਿਖੇ, ਅਕਾਲ ਬੁੰਗਾ ਦੇ ਪਾਵਨ ਅਸਥਾਨ ਦੇ ਨਾਲ ਨਾਲ, ਗੱਲ ਕੀ ਥਾਂ-ਥਾਂ 'ਤੇ ਫੁੱਲ, ਸਜਾਵਟੀ ਪੌਦੇ ਅਤੇ ਸਜਾਵਟੀ ਝਾੜੀਆਂ ਲਗਾ ਕੇ ਆਧੁਨਿਕ ਢੰਗ ਦੀ ਲੈਂਡ ਸਕੇਪਿੰਗ ਕੀਤੀ ਗਈ ਹੈ।

ਸ੍ਰੀ ਸਤਿਗੁਰੂ ਜੀ ਨੂੰ ਫੁੱਲਾਂ ਦਾ ਇਤਨਾ ਸ਼ੌਕ ਹੈ ਕਿ ਫੁੱਲਾਂ ਦੀਆਂ ਕਈ ਕਿਸਮਾਂ ਵਿਦੇਸ਼ਾਂ ਤੋਂ ਵੀ ਮੰਗਵਾਈਆਂ ਜਾਂਦੀਆਂ ਹਨ। ਗੁਲਦਾਉਦੀ ਫੁੱਲ ਦੀਆਂ ਬਹੁਤ ਕਿਸਮਾਂ ਹੁੰਦੀਆਂ ਹਨ। ਸ੍ਰੀ ਭੈਣੀ ਸਾਹਿਬ ਵਿਚ ਇਸ ਦੀਆਂ ਅਮਰੀਕਾ ਤੋਂ ਮੰਗਵਾਈਆਂ, ਕੁਝ ਕਿਸਮਾਂ ਅਜਿਹੀਆਂ ਹਨ, ਜੋ ਭਾਰਤ ਵਿਚ ਹੋਰ ਕਿਧਰੇ ਨਹੀਂ ਮਿਲਦੀਆਂ।

ਏਥੇ ਕੁਝ ਖੱਟੀਆਂ ਦੇ ਪੌਦੇ ਲੱਗੇ ਹੋਏ ਹਨ ਜਿਨ੍ਹਾਂ ਨੂੰ ਥਾਈਲੈਂਡ ਦੀਆਂ ਖੱਟੀਆਂ ਆਖਿਆ ਜਾਂਦਾ ਹੈ। ਇਸ ਦੇ ਫ਼ਲ ਵਿਚੋਂ ਖੁਸ਼ਬੂ ਆਉਂਦੀ ਹੈ। ਇਸ ਨੂੰ ਸੱਚੇ ਪਾਤਸ਼ਾਹ ਜੀ ਕੇਸ਼ੀ ਇਸ਼ਨਾਨ ਲਈ ਵਰਤਦੇ ਹਨ। ਸੱਚੇ ਪਾਤਸ਼ਾਹ ਜੀ ਨੇ ਖਾਸ ਹੁਕਮ ਕਰਕੇ ਇਨ੍ਹਾਂ ਖੱਟੀਆਂ ਦੇ ਹੋਰ ਕਈ ਪੌਦੇ ਬਾਗਬਾਨੀ ਵਾਲੇ ਸੇਵਕ ਪਾਸੋਂ ਬਣਵਾਏ। ਇਹ ਪੌਦੇ ਹੋਰ ਸਾਧ ਸੰਗਤ ਨੂੰ ਵੀ ਦਿੱਤੇ ਜਾਂਦੇ ਹਨ ਤਾਂ ਜੋ ਇਹ ਇਨ੍ਹਾਂ ਪੌਦਿਆਂ ਨੂੰ ਆਪਣੇ ਘਰ ਜਾਂ ਬਾਗ਼ ਵਿਚ ਲਾਉਣ ਤੇ ਇਨ੍ਹਾਂ ਦੇ ਗੁਣਾਂ ਦਾ ਫਾਇਦਾ ਲੈ ਸਕਣ।

ਸ੍ਰੀ ਸਤਿਗੁਰੂ ਜੀ ਦੀ ਇੱਛਾ ਹੈ ਕਿ ਸਾਧ ਸੰਗਤ ਦੇ ਬੈਠਣ ਵਾਸਤੇ ਕਈ ਘਾਹ ਦੇ ਬਗ਼ੀਚੇ ਹੋਣ ਜਿੰਨ੍ਹਾਂ ਦੁਆਲੇ ਫੁੱਲਾਂ ਦੇ ਬੂਟੇ ਲਗੇ ਹੋਣ। ਹਜ਼ੂਰ ਫ਼ਰਮਾਉਂਦੇ ਹਨ, "ਮੈਨੂੰ ਘਾਹ 'ਤੇ ਬੈਠੇ ਨਾਮ ਸਿਮਰਨ ਕਰਦੇ ਸਰੀਰ ਬੜੇ ਹੀ ਚੰਗੇ ਲਗਦੇ ਹਨ।"

ਸਾਧ ਸੰਗਤ ਦੇ ਬੈਠਣ ਲਈ ਹਰੇ ਮਖ਼ਮਲੀ ਘਾਹ ਅਤੇ ਤਰ੍ਹਾਂ ਤਰ੍ਹਾਂ ਦੇ ਸੋਹਣੇ ਖੁਸ਼ਬੂਦਾਰ ਫੁੱਲਾਂ ਦੇ ਬਗ਼ੀਚੇ, ਵਰਤਮਾਨ ਸ੍ਰੀ ਸਤਿਗੁਰੂ ਜੀ ਦੇ ਕਾਲ ਵਿਚ ਲਗਾਏ ਗਏ ਹਨ। ਇਥੇ ਲਗਾਈ ਗਈ ਘਾਹ ਕਲਕੱਤੀਆਂ ਕਿਸਮ ਦੀ ਹੈ ਅਤੇ ਕਿਤੇ-ਕਿਤੇ ਕੋਰੀਅਨ ਕਿਸਮ ਦੀ ਵੀ।

ਸ੍ਰੀ ਭੈਣੀ ਸਾਹਿਬ ਵਿਖੇ ਫੁੱਲਾਂ, ਸਜਾਵਟੀ ਪੌਦਿਆਂ ਅਤੇ ਬਗ਼ੀਚਿਆਂ ਦੀ ਸੇਵਾ ਦਾ ਕਾਰਜ ਪਿੰਡ ਮਹਿਸਮਪੁਰ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਦੇ ਜੰਮਪਲ ਸੰਤ ਸੁਖਦੇਵ ਸਿੰਘ ਮੱਲ੍ਹੀ ਸਪੁੱਤਰ ਸੰਤ ਦਯਾ ਸਿੰਘ ਸਪੁੱਤਰ ਸੰਤ ਹਜਾਰਾ ਸਿੰਘ ਸੋਧੀ, ਨੇ 26 ਜੁਲਾਈ 1986 ਤੋਂ ਸੰਨ 2009 ਤੀਕ ਕੀਤਾ । ਆਪ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹਾਰਟੀਕਲਚਰ ਸੁਪਰਵਾਇਜ਼ਰ ਦੀ ਸਰਕਾਰੀ ਨੌਕਰੀ ਛੱਡ ਕੇ ਸ੍ਰੀ ਭੈਣੀ ਸਾਹਿਬ ਵਿਖੇ ਸੇਵਾ ਦੇ ਕਾਰਜ ਵਿਚ ਆਏ।

ਸੰਤ ਸੁਖਦੇਵ ਸਿੰਘ ਦੇ ਜਾਣ ਮਗਰੋਂ, ਫਰਵਰੀ ਸੰਨ 2009 ਤੋਂ ਸੰਤ ਗੁਰਬਖਸ਼ ਸਿੰਘ ਸਪੁੱਤਰ ਸੰਤ ਰਤਨ ਸਿੰਘ ਸ੍ਰੀ ਭੈਣੀ ਸਾਹਿਬ ਵਿਖੇ ਫੁੱਲ-ਬੂਟੇ ਲਵਾਉਣ ਤੇ ਲੈਂਡ ਸਕੇਪਿੰਗ ਕਰਨ ਦੇ ਇੰਚਾਰਜ ਹਨ। ਆਪ ਐਸ ਵੇਲੇ ਨਾਮਧਾਰੀ ਜੂਨੀਅਰ ਹਾਕੀ ਟੀਮ ਦੇ ਮੈਨੇਜਰ ਵੀ ਹਨ। ਆਪ ਸੀਨੀਅਰ ਹਾਕੀ ਟੀਮ ਦੇ ਪਹਿਲੇ ਖਿਡਾਰੀਆਂ ਵਿਚੋਂ ਹਨ।

ਰਾਈਆਂ ਦੇ ਫਾਰਮ ਵਿਚ ਭਾਂਤ ਭਾਂਤ ਦੇ ਸਜਾਵਟੀ ਪੌਦੇ, ਖੁਸ਼ਬੂ ਵਾਲੇ ਫੁੱਲਾਂ ਦੇ ਪੌਦਿਆਂ ਦੀ ਇਕ ਨਰਸਰੀ ਬਣਾਈ ਹੋਈ ਹੈ। ਡਾ. ਏ. ਪੀ.ਐਸ. ਸਿੰਘ ( ਰਿਟਾਯਰਡ ਹੈਡ ਆਫ ਡਿਪਾਰਟਮੈਂਟ, ਐਗਰੀ ਕਲਚਰ ਯੂਨੀਵਰਸਿਟੀ

ਲੁਧਿਆਣਾ) ਇਥੇ ਸਲਾਹਕਾਰ ਹਨ। ਸੰਨ 2005 ਤੋਂ ਸ. ਰਣਜੀਤ ਸਿੰਘ ਰਾਈਆਂ ਵਿਖੇ ਫੁੱਲਾਂ ਦੀ ਨਰਸਰੀ ਦੇ ਇੰਚਾਰਜ ਹਨ।

ਸ. ਰਣਜੀਤ ਸਿੰਘ ਦੱਸਦੇ ਹਨ ਕਿ ਸੰਨ 2009 ਵਿਚ ਸਰਦੀਆਂ ਦੇ ਦਿਨਾਂ ਵਿਚ ਉਹ ਟਿਊਬਰੋਸ (ਰਜਨੀਗੰਧਾ) ਦੇ ਫੁੱਲਾਂ ਦਾ ਗੁਲਦਸਤਾ ਬਣਾ ਕੇ, ਸੱਚੇ ਪਾਤਸ਼ਾਹ ਜੀ ਕੋਲ ਰੱਖ ਕੇ ਮੱਥਾ ਟੇਕਿਆ ਕਰਦੇ ਸਨ। ਸੱਚੇ ਪਾਤਸ਼ਾਹ ਜੀ ਨੂੰ ਫੁੱਲ ਬਹੁਤ ਪਸੰਦ ਆਉਂਦੇ ਸਨ। ਇਕ ਦਿਨ ਹਜ਼ੂਰ ਜੀ ਨੇ ਬਚਨ ਕੀਤਾ ਕਿ ਬਹੁਤ ਸੁਹਣੇ ਫੁੱਲ ਰਾਈਆਂ ਵਿਖੇ ਤਿਆਰ ਕੀਤੇ ਜਾਂਦੇ ਹਨ।

ਸ੍ਰੀ ਭੈਣੀ ਸਾਹਿਬ ਅਤੇ ਰਾਈਆਂ ਵਿਖੇ ਸਰਦੀਆਂ 'ਚ ਲਗਾਏ ਜਾਣ ਵਾਲੇ ਫੁੱਲਾਂ ਦੇ ਪੌਦਿਆਂ ਦੀਆਂ ਕੁਝ ਇਹ ਕਿਸਮ ਲਗਵਾਈਆਂ ਜਾਂਦੀਆਂ ਹਨ–

ਪੈਟੋਨੀਆਂ, ਪੈਂਜੀ, ਡਾਈਨਥਸ, ਫੈਲੌਕਸ, ਐਂਟਰੇਨੀਅਮ, ਸਾਈਕਲਮੈਨ, ਮੈਰੀ ਗੋਲਡ (ਫਰੈਂਚ ਤੇ ਅਮਰੀਕਨ), ਡੇਲੀਆ, ਆਪੇਸ਼ਨ, ਗਿਲਦੌਦੀ, ਬੈਗੋਨੀਆਂ, ਸਾਲਵੀਆ, ਜ਼ਰੇਨੀਅਮ, ਜਰਬਰਾ, ਬਰਜ਼ੀਨਾਂ, ਨਰਗਿਸ ਅਤੇ ਐਜ਼ੀਰੇਟਮ ਆਦਿਕ।

ਗਰਮੀਆਂ 'ਚ ਲਗਾਏ ਜਾਣ ਵਾਲੇ ਫੁੱਲਾਂ ਦੇ ਪੌਦਿਆਂ ਦੀਆਂ ਕਿਸਮਾਂ ਹਨ– ਵਿੰਕਾ, ਸਲੋਸੀਆ, ਵਾਲਸਮ, ਜ਼ੀਨੀਆਂ, ਮੈਰੀ ਗੋਲਡ, ਟਰੇਨੀਆਂ, ਪਰਚੂਲੇਕਾ (ਦੁਪਿਹਰ ਖਿੜੀ), ਕੋਲੀਅਸ, ਹੌਲੀਹੌਕ, ਕੰਫਰੀਨਾ, ਆਈਪੋਮੀਆ, ਕੌਸਮੌਸ, ਟਾਈਟੋਨੀਆਂ ਅਤੇ ਗਲਾਰਡੀਆ ਆਦਿਕ।

ਫੁੱਲਾਂ ਦੇ ਬੀਜ ਰਾਈਆਂ ਤੋਂ ਇਲਾਵਾ ਬੰਗਲੌਰ, ਕੁੱਲੂ ਤੇ ਊਟੀ ਵਿਖੇ ਵੀ ਤਿਆਰ ਕੀਤੇ ਜਾਂਦੇ ਹਨ।

ਸ੍ਰੀ ਭੈਣੀ ਸਾਹਿਬ ਤੋਂ ਇਲਾਵਾ ,ਸ੍ਰੀ ਸਤਿਗੁਰੂ ਜੀ ਦੀ ਮਸਤਾਨਗੜ੍ਹ ਅਤੇ ਸ੍ਰੀ ਜੀਵਨ ਨਗਰ ਦੀ ਕੋਠੀ ਵਿਖੇ, ਸ੍ਰੀ ਜੀਵਨ ਨਗਰ ਚੌਂਕ ਵਿਖੇ , ਮਲੇਰਕੋਟਲਾ, ਲੁਧਿਆਣਾ, ਅੰਮ੍ਰਿਤਸਰ ਦੇ ਸ਼ਹੀਦੀ ਅਸਥਾਨਾਂ 'ਤੇ ਫੁੱਲ ਬੂਟੇ ਲਾ ਕੇ ਵੱਡੇ ਦਾਇਰੇ 'ਤੇ ਲੈਂਡ ਸਕੇਪਿੰਗ ਕੀਤੀ ਗਈ ਹੈ। ਸਾਰਾ ਮਾਹੌਲ ਵੀ ਸੁੰਦਰ, ਦਿਲਖਿੱਚਵਾਂ ਤੇ ਸੁਖਾਵਾਂ ਬਣਾਇਆ ਗਿਆ ਹੈ।

" ਸ੍ਰੀ ਸਤਿਗੁਰੂ ਜੀ ਨੇ ਸੰਨ 1970–71 ਵਿਚ ਮਸਤਾਨਗੜ੍ਹ ਵਿਚ ਕ੍ਰੀਬ ਚਾਰ ਏਕੜ ਚਾਰ ਦੀਵਾਰੀ ਵਿਚ ਵਧੀਆ ਲੈਂਡ ਸਕੇਪਿੰਗ ਕਰਵਾਈ, ਛੋਟੀਆਂ ਛੋਟੀਆਂ ਪਹਾੜੀਆਂ, ਫੁਹਾਰੇ, ਝੀਲ, ਤਰ੍ਹਾਂ ਤਰ੍ਹਾਂ ਦੇ ਰੁੱਖ, ਫੁੱਲ, ਹਰੇ ਘਾਹ ਦੇ ਪਾਰਕ ਅਤੇ ਵਿਚਾਲੇ ਸੁੰਦਰ ਕੋਠੀ ਤਿਆਰ ਕਰਵਾਈ। "

–ਸਬਰ ਕਲਾ ਸਮਰੱਥ (ਪੰਨਾ 14) ਲੇਖਕ ਸੇਵਕ ਹਰਪਾਲ ਸਿੰਘ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਗ਼ਾਂ ਦਾ ਵਿਕਾਸ ਕਰ ਕੇ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਵਿਚ ਮਹਤੱਵਪੂਰਨ ਯੋਗਦਾਨ ਪਾ ਰਹੇ ਹਨ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਇਸ ਪਾਸੇ ਵੱਲ ਧਿਆਨ ਦੇਵੇ। ਸ੍ਰੀ ਸਤਿਗੁਰੂ ਜੀ ਫ਼ਰਮਾਉਂਦੇ ਹਨ, "ਇਤਨੇ ਬਾਗ਼ ਲਗਾਉਣ ਦੇ ਬਾਵਜੂਦ ਵੀ ਮਾਰਕੀਟਿੰਗ ਦੀਆਂ ਸੁਵਿਧਾਵਾਂ ਨਹੀਂ ਹਨ। ਵਿਵਸਥਿਤ (ਔਰਗੇਨਾਇਜ਼ਡ) ਮੰਡੀਆਂ ਚਾਹੀਦੀਆਂ ਹਨ ਤਾਂ ਜੋ ਇਤਨੀ ਮਿਹਨਤ ਨਾਲ ਲਗਾਏ ਸਾਰੇ ਬਾਗ਼ ਘਾਟੇ ਵਿੱਚ ਨਾ ਜਾਣ, ਸਗੋਂ ਬਾਗ਼ਾਂ ਦਾ ਵਿਕਾਸ ਹੋਵੇ ਅਤੇ ਦੇਸ਼ ਵਿਚ ਖੁਸ਼ਹਾਲੀ ਆਵੇ।"

ਫ਼ਲ, ਫੁੱਲਾਂ ਅਤੇ ਸਬਜ਼ੀਆਂ ਦੇ ਵਧੀਆ ਬੀਜ ਤਿਆਰ ਕਰਵਾਉਣਾਂ ਵੀ ਸ੍ਰੀ ਸਤਿਗੁਰੂ ਜੀ ਦੀ ਖੇਤੀ–ਬਾੜੀ ਦੇ ਖੇਤਰ ਵਿਚ ਬਹੁਤ ਵੱਡੀ ਦੇਣ ਹੈ।

ਸ੍ਰੀ ਸਤਿਗੁਰੂ ਜੀ ਦਾ ਬਾਗ਼ਬਾਨੀ ਦਾ ਸ਼ੌਕ ਹੱਦਾਂ ਬੰਨਿਆਂ ਤੋਂ ਪਰ੍ਹੇ ਦਾ ਹੈ, ਆਪ ਇਸ ਨੂੰ ਕੇਵਲ ਜਾਰੀ ਹੀ ਨਹੀਂ ਰੱਖ ਰਹੇ ਬਲਕਿ ਬਾਗ਼ਬਾਨੀ ਦੇ ਵਿਕਾਸ ਨੂੰ ਬਹੁਤ ਅਗਾਂਹ ਲੈ ਗਏ ਹਨ।

## 3. ਗਊ-ਪਾਲਣ

- ਸ੍ਰੀ ਸਤਿਗੁਰੂ ਜੀ ਦੇ ਗਊਆਂ ਬਾਰੇ ਪ੍ਰਵਚਨ
- ਗਊ ਦੀ ਮਹੱਤਤਾ
- ਭਾਰਤੀ ਸੰਸਕ੍ਰਿਤੀ 'ਚ ਗਊ ਦਾ ਸਥਾਨ
- ਸਿੱਖ ਧਰਮ ਦੀ ਪਰੰਪਰਾ
- ਅੰਗ੍ਰੇਜ਼ਾਂ ਦੇ ਰਾਜ ਸਮੇਂ
- ਅਜ਼ਾਦੀ ਸਮੇਂ
- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ
- ਗੋਪਾਲ ਰਤਨ ਪੁਰਸਕਾਰ
- ਚੰਡੀ ਦੀ ਵਾਰ ਦੇ ਪਾਠਾਂ ਦੇ ਹਵਨ-ਯੱਗ
- ਗਊਸ਼ਾਲਾਵਾਂ
- ਨਾਮਧਾਰੀਆਂ ਤੋਂ ਪ੍ਰੇਰਨਾ
- ਮਾਤਾ ਚੰਦ ਕੌਰ ਜੀ
- ਪ੍ਰਬੰਧਕ ਵਰਗ ਤੇ ਸੇਵਾਦਾਰ
- ਗਊਆਂ ਦੇ ਦੁੱਧ ਤੇ ਘਿਓ ਦੇ ਰਿਕਾਰਡ
- ਪ੍ਰਤੀਯੋਗਿਤਾਵਾਂ ਵਿਚੋਂ ਜਿੱਤੇ ਇਨਾਮਾਂ ਦਾ ਵੇਰਵਾ
- ਨਾਥ ਡੇਅਰੀ ਫਾਰਮ ਦੀਆਂ ਪ੍ਰਾਪਤੀਆਂ
- ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ ਨੂੰ ਸ੍ਰੀ ਸਤਿਗੁਰੂ ਜੀ ਦਾ ਆਸ਼ੀਰਵਾਦ
- ਦਿੱਲੀ ਵਿਖੇ ਹਸਤਾਖਰ ਸਮਰਪਣ ਸਮਾਰੋਹ
- ਗਊ ਮਾਸ ਨਿਸ਼ੇਧ ਅਭਿਯਾਨ ਕਮੇਟੀ

## (ਪ੍ਰਵਚਨਾਂ ਵਿਚੋਂ)

**"ਨਾਨਕ ਆਖੇ ਰੁਕਨਦੀਨ ਲਿਖਿਆ ਵਿਚ ਕਿਤਾਬ।**
**ਗਊ-ਸੂਰ ਨੂੰ ਮਾਰਿਆਂ ਲਗਨ ਬਹੁਤ ਅਜ਼ਾਬ।**
**ਗਊ-ਚੌਧਵਾਂ ਰਤਨ ਹੈ, ਕਾਮਧੇਨ ਤਿਹ ਨਾਮੁ।**
**ਪੂਜਨ ਸਭ ਅਵਤਾਰ ਤਿਹ ਕਰਕੇ ਮਾਤ ਸਮਾਨ।**
**ਸ਼ੀਰ ਜਿਨਾਂ ਦਾ ਪੀਵੀਐ ਤਿਸ ਮਾਰਿਆਂ ਬਹੁਤ ਗੁਨਾਹ।"**

**-22ਵਾਂ ਜਵਾਬ, ਪੰਨਾ 156, ਕਰਨੀਨਾਮਾ**

**"ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।**
**ਗਊ-ਘਾਤ ਕਾ ਦੋਖ ਜਗ ਸਿਉਂ ਮਿਟਾਊਂ।"** **(ਛੰਦ ਪੰਜਵਾਂ)**
**"ਯਹੀ ਆਸ ਪੂਰਨ ਕਰਹੁ ਤੁਮ ਹਮਾਰੀ।**
**ਮਿਟੈ ਕਸ਼ਟ ਗਊਅਨ ਛੁਟੈ ਖੇਦ ਭਾਰੀ।"** **(ਛੰਦ ਪੰਜਵਾਂ)**
**"ਯਹੀ ਬੇਨਤੀ ਖਾਸ ਹਮਰੀ ਸੁਣੀਜੈ।**
**ਅਸੁਰ ਮਾਰ ਕਰ ਰੱਛਾ ਗਊਅਨ ਕਰੀਜੈ।"**

**-ਉਗ੍ਰਦੰਤੀ ਸ੍ਰੀ ਮੁਖਵਾਕ ਪਾ: ਦਸਵੀਂ**

"ਸਾਨੂੰ ਗਊਆਂ ਮਾਰਨ ਦਾ ਬਹੁਤ ਦੁੱਖ ਹੈ, ਕਿਉਂਕਿ ਗਊਆਂ ਵਿਚ ਗੁਣ ਬਹੁਤ ਹਨ, ਅਉਗੁਣ ਕੋਈ ਵੀ ਨਹੀਂ।"

" ਇਕ ਗਾਈਂ ਦਾ ਤਰਸ ਠੀਕ ਆਉਂਦਾ ਹੈ ਹੁਣ ਭੀ, ਜੋ ਗਾਈਂ ਮੈਂ ਬਹੁਤ ਗੁਣ ਹੈਨ ਔਗੁਣ ਕੋਈ ਬੀ ਨਹੀਂ। ਬਿਚਾਰ ਲੇਹੁ। "

**-ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿੱਚੋਂ**

"ਗਊਆਂ ਦੀ ਕੇਵਲ ਪੂਜਾ ਹੀ ਨਹੀਂ ਸੇਵਾ ਵੀ ਕਰਨੀ ਚਾਹੀਦੀ ਹੈ। ਗਊਆਂ ਦੀ ਸੇਵਾ ਨਾਲ ਗਊ ਰੱਖਿਆ ਆਪੇ ਹੋ ਜਾਵੇਗੀ। "

"ਸਿਰਫ ਗਊ-ਪੂਜਕ ਨਾ ਬਣੋ, ਗਊ ਪਾਲਕ ਬਣੋ। ਗਊ ਦੀ ਨਸਲ ਸੁਧਾਰੋ ਤੇ ਅੰਦਰੋਂ ਹੋ ਕੇ ਪਿਆਰੋ ਗਊ ਨੂੰ। "

" ਗਊਆਂ ਦੀ ਨਸਲ ਸੁਧਾਰ ਲਈ ਉਚੇਚੇ ਯਤਨ ਕੀਤੇ ਜਾਣ ਤਾਂ ਕਿ ਗਊ-ਧਨ ਸਾਡੇ ਦੇਸ਼ ਦੇ ਆਰਥਿਕ ਵਿਕਾਸ ਦਾ ਆਧਾਰ ਬਣ ਸਕੇ। "

**-ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ**

" ਸਾਡੇ ਵਿਚ ਧਰਮ ਤੇ ਸਿਆਸਤ ਨੂੰ ਵੱਖਰਾ ਨਹੀਂ ਸਮਝਿਆ ਜਾਂਦਾ, ਸਾਡਾ ਧਰਮ ਹੈ-ਗਊ ਤੇ ਗ੍ਰੀਬ ਦੀ ਰੱਖਿਆ।"

" ਗਊ ਪਾਲਣ ਲਈ ਧਰਤੀ ਤੇ ਨਹੀਂ, ਦਿਲ ਵਿਚ ਜਗ੍ਹਾ ਚਾਹੀਦੀ ਹੈ। "

" ਮੈਂ ਗਊ ਨਾਲ ਹਿਸਾਬ ਨਹੀਂ ਕਰਦਾ, ਕਿਉਂਕਿ ਗਊ ਮੇਰੇ ਨਾਲ ਹਿਸਾਬ ਨਹੀਂ ਕਰਦੀ "

" ਗਊ ਦੀ ਪੂਜਾ ਅਤੇ ਗਊ ਦੀ ਰੱਖਿਆ ਦੀਆਂ ਸਿਰਫ ਗੱਲਾਂ ਹੀ ਨਾ ਕੀਤੀਆਂ ਜਾਣ ਬਲਕਿ ਅਮਲੀ ਤੌਰ 'ਤੇ ਗਊ ਦੀ ਸੇਵਾ-ਸੰਭਾਲ ਅਤੇ ਪਾਲਣਾ ਵੀ ਕੀਤੀ ਜਾਵੇ। ਹਰ ਨਾਮਧਾਰੀ ਗਊ ਰੱਖੇ। "

" ਦੁੱਧ ਘਿਓ ਦੀਆਂ ਨਦੀਆਂ ਵਗਣ ਵਾਲੇ ਦੇਸ਼ ਵਿਚ ਦੁਧਾਰੂ ਪਸ਼ੂਆਂ ਦੇ ਲਹੂ ਨਾ ਵਗਣ ਦਿਓ। ਬੁੱਚੜਖਾਨਿਆਂ ਵਿਚ ਆਪਣੇ ਪਸ਼ੂ ਭੇਜੇ ਹੀ ਨਾ ਜਾਣ। ਕੀ ਜੇ ਸਾਨੂੰ ਕੋਈ ਪੈਸੇ ਦੇਵੇ, ਅਸੀਂ ਮਾਰਣ ਵਾਸਤੇ ਆਪਣੇ ਬੱਚੇ ਦੇ ਦਿਆਂਗੇ।"

" ਭਾਰਤਵਾਸੀ ਭੁੱਖੇ ਤਾਂ ਹੀ ਮਰ ਰਹੇ ਹਨ ਜੇ ਗਊ ਭੁੱਖੀ ਮਰ ਰਹੀ ਹੈ। ਜੇ ਗਊ ਨੂੰ ਬਚਾਇਆ ਜਾਵੇ ਤਾਂ ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਕੋਈ ਵਜ੍ਹਾ ਨਹੀਂ ਭਾਰਤ ਵਿਚ ਭੁੱਖ ਨੰਗ ਰਹੇ। "

" ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬਖਸ਼ਿਸ਼ ਅਤੇ ਪ੍ਰੇਰਨਾ ਸਦਕਾ ਨਾਮਧਾਰੀ ਸਿੱਖਾਂ ਨੇ ਗਊਆਂ ਦੀ ਰੱਖਿਆ ਅਤੇ ਦੇਸ਼ ਦੀ ਅਜ਼ਾਦੀ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ, ਫਾਂਸੀਆਂ ਤੇ ਚੜ੍ਹੇ, ਤੋਪਾਂ ਨਾਲ ਉਡਾਏ ਗਏ, ਕਾਲੇ ਪਾਣੀ ਦੀਆਂ ਸਜ਼ਾਵਾਂ ਭੁਗਤੀਆਂ। ਜੋ ਵੀ ਸੰਸਥਾਵਾਂ ਗਊ ਧਨ ਦੀ ਰੱਖਿਆ ਅਤੇ ਸੇਵਾ ਲਈ ਤਤਪਰ ਹਨ ਸਾਡਾ ਸਾਥ ਹਮੇਸ਼ਾਂ ਉਹਨਾਂ ਦੇ ਨਾਲ ਹੈ। "

**– ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ**

" ਉਹ ਧਰਤੀ ਪਵਿੱਤਰ ਹੁੰਦੀ ਹੈ ਜਿਥੇ ਭਗਵਾਨ ਦੀ ਸ਼ਕਤੀ ਹੁੰਦੀ ਹੈ। ਨਾਮਧਾਰੀਆਂ ਨੇ ਆਪਣੀਆਂ ਕੁਰਬਾਨੀਆਂ ਨਾਲ ਦੇਸ਼ ਦੀ ਸੰਸਕ੍ਰਿਤੀ ਤੇ ਪਰੰਪਰਾ ਨੂੰ ਬਚਾ ਕੇ ਰੱਖਿਆ ਹੈ। ਇਥੇ ਗੁਰੂਆਂ ਦਾ ਭਾਰਤੀ ਸੰਸਕ੍ਰਿਤੀ ਲਈ ਸ਼ਰਧਾ ਸਨਮਾਨ ਹੈ। ਗਊ ਮਾਤਾ ਲਈ ਅਗਾਧ ਪ੍ਰੇਮ ਹੈ। ਮੈਂ ਗਊਆਂ ਦੀ ਸੇਵਾ ਕਰਦਾ ਰਿਹਾ ਹਾਂ, ਗਹਿਰਾ ਭਾਵ ਹੈ ਗਊਆਂ ਲਈ ਮੇਰੇ ਮਨ 'ਚ। ਜਦੋਂ ਇਥੋਂ ਬਾਰੇ ਪਤਾ ਲਗਾ ਤਾਂ ਮੈਂ ਬਿਨਾਂ ਕਿਸੇ ਪ੍ਰੋਗ੍ਰਾਮ ਦੇ ਇਥੇ ਅਚਾਨਕ ਆ ਗਿਆ। "

**– 7 ਅਪ੍ਰੈਲ 2004 ਨੂੰ ਸੁਆਮੀ ਰਾਮਦੇਵ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਕਿਹਾ**

" ਸ੍ਰੀ ਰਾਮ, ਸ੍ਰੀ ਕ੍ਰਿਸ਼ਨ ਨੇ ਗਊ ਰੱਖਿਆ ਕਰਦਿਆ ਗਊ ਨੂੰ ਮਾਤਾ ਵਾਂਗ ਹੀ ਮੰਨਿਆਂ ਹੈ। ਉਨ੍ਹਾਂ ਦੀ ਇਹ ਪ੍ਰੰਪਰਾ ਨਾਮਧਾਰੀ ਕੂਕਿਆਂ ਨੇ ਜਿਸ ਤਰ੍ਹਾਂ ਅੱਗੇ ਵਧਾਈ, ਉਸ ਉਤੇ ਭਾਰਤ ਨੂੰ ਨਾਜ਼ ਹੈ।"

**– ਸ੍ਰੀ ਅਸ਼ਵਨੀ ਕੁਮਾਰ ਜੀ**

(ਰੋਜ਼ਾਨਾ ਅਖਬਾਰ ਜਗਬਾਣੀ ਵਿਚ ਛਪੇ ਸੰਪਾਦਕੀ ਲੇਖ 'ਰਾਮ ਕ੍ਰਿਸ਼ਨ ਦੇ ਦੇਸ਼ ਚ ਗਊ ਮਾਤਾ ਤੇ ਅਤਿਆਚਾਰ'–5 ਵਿਚੋਂ)

"ਕੂਕਾ ਨਾਮਧਾਰੀ ਸਿੱਖੋਂ ਨੇ ਗੋਰਕਸ਼ਾ ਕੋ ਨਾਮਧਾਰੀ ਸੰਪਰਦਾਇ ਕਾ ਪ੍ਰਮੁਖ ਸੂਤਰ ਬਨਾਇਆ"

–ਸਰਵਦੇਵਮਈ ਗਊ ਮਾਤਾ ਦੀ ਪੁਕਾਰ (ਸੱਤਵਾਂ ਸੰਸਕਰਣ) ਵਿੱਚੋਂ, ਵਲੋਂ ਚੌਧਰੀ ਦੇਸ਼ਰਾਮ ਮੈਮੋਰੀਅਲ ਗਊ ਸੇਵਾ ਟਰੱਸਟ (ਰਜਿ.) ਦਿੱਲੀ, (ਪੰਨਾ ਨੰ. 20 ਤੋਂ)

# ਗਊ ਦੀ ਮਹੱਤਤਾ

**ਭਾਰਤੀ** ਜਨਜੀਵਨ ਵਿਚ ਗਾਂ ਨੂੰ ਇਕ ਵਿਸ਼ੇਸ਼ ਥਾਂ ਪ੍ਰਾਪਤ ਹੈ।

**ਪ੍ਰਾਚੀਨ** ਭਾਰਤ ਦੁੱਧ ਘਿਓ ਦੀਆਂ ਨਦੀਆਂ ਵਾਲਾ ਦੇਸ਼ ਕਹਾਉਂਦਾ ਸੀ। ਗਊ–ਧਨ ਨੂੰ ਦੇਸ਼ ਦੀ ਦੌਲਤ ਅਤੇ ਸੰਪਤੀ ਸਮਝਿਆ ਜਾਂਦਾ ਰਿਹਾ ਹੈ। ਉਸ ਵੇਲੇ ਖੇਤੀ ਬਾੜੀ ਵਿਵਸਥਾ ਗਊ ਵੰਸ਼ 'ਤੇ ਆਧਾਰਿਤ ਸੀ। ਬਲਦਾਂ ਨਾਲ ਖੇਤੀ ਕੀਤੀ ਜਾਂਦੀ ਸੀ। ਗੋਹੇ ਦੀ ਖਾਦ ਜੋ ਧਰਤੀ ਦਾ ਕੁਦਰਤੀ ਭੋਜਨ ਹੈ, ਨਾਲ ਅਨਾਜ ਦੀ ਪੈਦਾਵਾਰ ਹੁੰਦੀ ਸੀ। ਸਿੱਟੇ ਵਜੋਂ ਦੇਸ਼ ਅਤੇ ਦੇਸ਼ ਦੇ ਕਿਸਾਨ ਖੁਸ਼ਹਾਲ ਸਨ।

ਉਂਜ ਤਾਂ ਦੁੱਧ ਸਾਰੇ ਹੀ ਪਸ਼ੂਆਂ ਦਾ ਉੱਤਮ ਹੈ, ਪਰ ਗਊਆਂ ਦਾ ਦੁੱਧ ਸਰਵੋਤਮ ਮੰਨਿਆ ਜਾਂਦਾ ਹੈ। ਬਚਪਨ ਵਿਚ ਅਸੀਂ ਗਊ ਦਾ ਦੁੱਧ ਪੀਂਦੇ ਹਾਂ, ਸੋ ਗਊ ਮਾਤਾ ਸਮਾਨ ਸਾਡੀ ਪਾਲਣਾ ਕਰਦੀ ਹੈ। ਇਸ ਲਈ

ਪੁਰਾਤਨ ਕਾਲ ਤੋਂ ਹੀ ਭਾਰਤ ਵਿਚ ਗਊ ਨੂੰ ਮਾਤਾ ਕਰਕੇ ਪੂਜਿਆ, ਸਤਿਕਾਰਿਆ ਅਤੇ ਸੇਵਿਆ ਜਾਂਦਾ ਰਿਹਾ ਹੈ।

ਵਿਸ਼ਵ ਸਵਾਸਥ ਸੰਗਠਨ ਅਨੁਸਾਰ ਮਾਂ ਦੇ ਦੁੱਧ ਮਗਰੋਂ, ਗਾਂ ਦਾ ਦੁੱਧ ਹੀ ਮਨੁੱਖ ਲਈ ਸਭ ਤੋਂ ਵੱਧ ਉਪਯੋਗੀ ਹੈ। ਜਿਸ ਛੋਟੇ ਬੱਚੇ ਦੀ ਮਾਂ ਦੀ ਮੌਤ ਹੋ ਜਾਂਦੀ ਹੈ, ਉਸ ਨੂੰ ਗਾਂ ਦੇ ਦੁੱਧ ਨਾਲ ਹੀ ਪਾਲਿਆ ਜਾਂਦਾ ਹੈ। ਗਾਂ ਦਾ ਦੁੱਧ ਪਤਲਾ ਹੁੰਦਾ ਹੈ ਅਤੇ ਜਲਦੀ ਹਜ਼ਮ ਹੋ ਜਾਦਾ ਹੈ। ਬੀਮਾਰ ਵਿਅਕਤੀ ਨੂੰ ਵੀ ਗਊ ਦਾ ਦੁੱਧ ਦਿਤਾ ਜਾਂਦਾ ਹੈ।

ਗਊ ਮਾਤਾ ਵਲੋਂ ਦਿੱਤੇ ਉਤਪਾਦ ਅੰਮ੍ਰਿਤ ਸਮਾਨ ਹਨ। ਇਨ੍ਹਾਂ ਦੇ ਸੇਵਨ ਨਾਲ ਵੱਖ ਵੱਖ ਤਰ੍ਹਾਂ ਦੇ ਰੋਗਾਂ ਦਾ ਨਾਸ਼ ਹੁੰਦਾ ਹੈ ਅਤੇ ਮਾਨਸਿਕ ਵਿਕਾਸ ਹੁੰਦਾ ਹੈ। ਗਊ ਦਾ ਦੁੱਧ ਬੇਹਦ ਤਾਕਤਵਰ ਅਤੇ ਬੁੱਧੀ ਦੇ ਵਿਕਾਸ 'ਚ ਵਾਧਾ ਕਰਨ ਵਾਲਾ ਹੁੰਦਾ ਹੈ।

ਸੰਨ 2009-10 ਨੂੰ ਕੀਤੀ ਗਈ ਵਿਸ਼ਵ ਮੰਗਲ ਗੌ ਗ੍ਰਾਮ ਯਾਤਰਾ ਸਮੇਂ ਛਪਾ ਕੇ ਵੰਡੇ ਗਏ ਪੈਂਫਲਟਾਂ ਦੇ ਪੰਨਾ ਨੰ. 5 'ਤੇ ਲਿਖੇ ਗਏ ਲੇਖ ' ਦੇਸੀ ਗਊ ਦੇ ਗੁਣ ਅਨੇਕ' ਅਨੁਸਾਰ-

ਗਊ ਦੇ ਦੁੱਧ ਵਿੱਚ ਵਿਗਿਆਨਿਕਾਂ ਦੇ ਮੁਤਾਬਕ 8 ਤਰ੍ਹਾਂ ਦੇ ਪ੍ਰੋਟੀਨ, 6 ਤਰ੍ਹਾਂ ਦੇ ਵਿਟਾਮਿਨ, 21 ਤਰ੍ਹਾਂ ਦੇ ਅਮਿਨੋ ਏਸਿਡ,11 ਤਰ੍ਹਾਂ ਦੇ ਚਰਬੀਯੁਕਤ ਏਸਿਡ, 25 ਤਰ੍ਹਾਂ ਦੇ ਖਣਿਜ ਤੱਤ,16 ਤਰ੍ਹਾਂ ਦੇ ਨਾਇਟ੍ਰੋਜਨ,4 ਤਰ੍ਹਾਂ ਦੇ ਫਾਸਫੋਰਸ ਯੋਗਿਕ, 2 ਤਰ੍ਹਾਂ ਦੀ ਸ਼ਰਕਰਾ ਹੁੰਦੀ ਹੈ।

- ਕਾਰਨੇਲ ਵਿ.ਵਿ. ਦੇ ਪਸ਼ੂ ਵਿਗਿਆਨਕ ਪ੍ਰੋ. ਰੋਨਾਲਡੋ ਗੋਰਸਟੇ

4 ਮਾਰਚ ਸੰਨ 2009 ਨੂੰ ਰੋਜ਼ਾਨਾ ਅਖਬਾਰ ਜਗਬਾਣੀ ਵਿਚ ਛਪੇ ਲੇਖ 'ਪੰਜਾਬ ਸਰਕਾਰ ਵੀ ਗਊ ਰੱਖਿਆ ਲਈ ਸਖਤ ਕਾਨੂੰਨ ਬਣਾਵੇ' (ਲੇਖਕ ਸ੍ਰੀ ਕੀਮਤੀ ਭਗਤ) ਅਨੁਸਾਰ-

" ਗਊ ਦੇ ਦੁੱਧ ਅਤੇ ਘਿਓ ਨਾਲ ਕੈਲੇਸਟ੍ਰੋਲ ਨਹੀਂ ਬਣਦਾ। ਇਸ ਵਿਚ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਦੀ ਸਮਰੱਥਾ ਹੁੰਦੀ ਹੈ। ਗਊ ਦੇ ਘਿਓ ਅਤੇ ਚਾਵਲਾਂ ਦੇ ਹਵਨ ਨਾਲ ਚੌਗਿਰਦਾ ਸ਼ੁੱਧ ਹੁੰਦਾ ਹੈ।

" ਗਊ ਦੇ ਮੂਤਰ ਵਿਚ 24 ਰਸਾਇਣ ਅਤੇ ਗੋਹੇ 'ਚ 16 ਖਣਿਜ ਤੱਤ ਹੁੰਦੇ ਹਨ। ਗਊ ਅਤੇ ਗਊਵੰਸ਼ ਦੇ ਗੋਹੇ ਅਤੇ ਗਊ ਮੂਤਰ ਨਾਲ ਬਨਣ ਵਾਲੀ ਖਾਦ ਦਾ ਇਸਤੇਮਾਲ ਕਰਨ ਨਾਲ ਧਰਤੀ ਦੀ ਉਪਜਾਊ ਸ਼ਕਤੀ ਵੱਧ ਜਾਂਦੀ ਹੈ ਅਤੇ ਧਰਤੀ ਅੰਨ ਤੇ ਧਨ ਨਾਲ ਭਰ ਜਾਂਦੀ ਹੈ। ਗਊ ਦੇ ਗੋਹੇ ਵਿਚ ਜਲਣਸ਼ੀਲ ਮਿਥੇਨ ਗੈਸ ਹੁੰਦੀ ਹੈ, ਜੋ ਉਰਜਾ ਦਾ ਉੱਤਮ ਬਦਲ ਹੈ। ਗਾਂ ਦੇ ਗੋਹੇ ਨਾਲ ਗੋਬਰ ਗੈਸ ਅਤੇ ਧਰਤੀ ਨੂੰ ਲੋੜੀਂਦੀ ਅਨੇਕ ਤਰ੍ਹਾਂ ਦੀ ਖਾਦ ਮਿਲਦੀ ਹੈ।

" ਗਊ ਦਾ ਗੋਬਰ ਅਤੇ ਮੂਤਰ ਬੇਹੱਦ ਸਸਤੇ ਤੇ ਹਾਨੀ ਕਾਰਕ ਕੀਟ-ਨਾਸ਼ਕ ਹਨ। ਇਸ ਨੂੰ ਦੇਸ਼ ਦੀ ਬਦਕਿਸਮਤੀ ਹੀ ਕਿਹਾ ਜਾਵੇਗਾ ਕਿ ਗਊਵੰਸ਼ ਦੀ ਖਾਦ ਨੂੰ ਛੱਡ ਕੇ ਅਸੀਂ ਰਸਾਇਣਕ ਖਾਦਾਂ ਅਤੇ ਰਸਾਇਣਕ ਕੀੜੇਕਾਰ ਦਵਾਈਆਂ ਦੇ ਇਸਤੇਮਾਲ ਨੂੰ ਤਰਜੀਹ ਦਿੰਦੇ ਹਾਂ, ਜਿਸ ਦੇ ਬੁਰੇ ਨਤੀਜੇ ਸਾਡੇ ਸਾਹਮਣੇ ਹਨ। ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਗਈ, ਪਾਣੀ ਦਾ ਪੱਧਰ ਹੇਠਾਂ ਚਲਾ ਗਿਆ, ਪ੍ਰਦੂਸ਼ਣ ਦੀਆਂ ਸਮੱਸਿਆਵਾਂ ਵਧ ਗਈਆਂ, ਜਿਸ ਕਾਰਨ ਅਨਾਜ, ਸਬਜ਼ੀਆਂ, ਫਲ, ਦੁੱਧ ਅਤੇ ਪਾਣੀ ਤੋਂ ਮਨੁੱਖ ਅਤੇ ਪਸ਼ੂਆਂ ਦੀ ਸਿਹਤ ਨੂੰ ਖਤਰਾ ਵਧ ਗਿਆ।

" ਗਊ ਹੀ ਇਕ ਅਜਿਹਾ ਪ੍ਰਾਣੀ ਹੈ, ਜਿਸ ਦੀ ਵੱਡੀ ਅੰਤੜੀ 180 ਫੁੱਟ ਲੰਮੀ ਹੁੰਦੀ ਹੈ। ਇਸ ਦੀ ਖਾਸਿਅਤ ਇਹ ਹੈ ਕਿ ਇਸ ਦੇ ਦੁੱਧ ਚ ਕੈਰੋਟੀਨ ਨਾਮੀ ਪਦਾਰਥ ਬਣਦਾ ਹੈ, ਜੋ ਸਰੀਰ 'ਚ ਪਹੁੰਚ ਕੇ ਵਿਟਾਮਿਨ-ਏ ਤਿਆਰ ਕਰਦਾ ਹੈ। ਇਹ ਅੱਖਾਂ ਦੀ ਰੋਸ਼ਨੀ ਲਈ ਬਹੁਤ ਜ਼ਰੂਰੀ ਹੈ।

" ਗਊ ਦੀ ਰੀੜ੍ਹ ਦੀ ਹੱਡੀ ਚ ਸੂਰਜਕੇਤੂ ਨਾਂ ਦੀ ਨਾੜੀ ਹੁੰਦੀ ਹੈ, ਜੋ ਸੂਰਜ ਦੀ ਰੌਸ਼ਨੀ ਚ ਕਿਰਿਆਸ਼ੀਲ ਹੁੰਦੀ ਹੈ ਤੇ ਪੀਲੇ ਰੰਗ ਦਾ ਪਦਾਰਥ ਛੱਡਦੀ ਹੈ, ਇਸ ਲਈ ਗਊ ਦਾ ਦੁੱਧ, ਮੱਖਣ ਅਤੇ ਘਿਓ ਪੀਲੇ ਰੰਗ ਦਾ ਹੁੰਦਾ

ਹੈ। ਇਹ ਤੱਤ ਸਰਵ-ਰੋਗ ਨਾਸ਼ਕ ਅਤੇ ਜ਼ਹਿਰ ਨਾਸ਼ਕ ਹੈ।

" ਗਊ ਨੂੰ ਹਰੇਕ ਨਜ਼ਰੀਏ ਤੋਂ, ਚਾਹੇ ਉਹ ਆਯੁਰਵੇਦ ਹੋਵੇ ਜਾਂ ਵਿਗਿਆਨਕ, ਅਧਿਆਤਮਕ, ਸਮਾਜਿਕ ਜਾਂ ਆਰਥਿਕ, ਸੰਸਾਰ ਦਾ ਸਰਵਉੱਤਮ ਪ੍ਰਾਣੀ ਮੰਨਿਆ ਜਾਂਦਾ ਹੈ।

"ਭਾਰਤ ਦੀਆਂ ਸਾਰੀਆਂ ਨਸਲਾਂ ਦੀਆਂ ਗਊਆਂ ਦਾ ਦੁੱਧ ਯੂਰਪੀਅਨ ਗਊਆਂ ਦੇ ਦੁੱਧ ਨਾਲੋਂ ਉੱਤਮ ਮੰਨਿਆ ਜਾਂਦਾ ਹੈ। "

– ਲੇਖਕ ਸ੍ਰੀ ਕੀਮਤੀ ਭਗਤ

ਦੇਸੀ ਗਾਂ ਦੇ ਦੁੱਧ ਵਿਚ ਥੰਦਿਆਈ ਦੀ ਮਾਤਰਾ, ਅਮਰੀਕਨ ਗਾਂ ਦੇ ਦੁੱਧ ਨਾਲੋਂ ਕ੍ਰੀਬ ਦੁਗਣੀ ਹੁੰਦੀ ਹੈ ਅਤੇ ਦੁੱਧ, ਦਹੀਂ,ਲੱਸੀ, ਮੱਖਣ ਅਤੇ ਘਿਓ ਵੀ ਜ਼ਿਆਦਾ ਸਵਾਦ ਹੁੰਦਾ ਹੈ।

ਗਊ ਦੇ ਗੋਹੇ ਦੀ ਖਾਦ ਨਾਲ ਧਰਤੀ ਤੋਂ ਪੈਦਾ ਕੀਤਾ ਗਿਆ ਅੰਨ ਅਤੇ ਹੋਰ ਪਦਾਰਥ ਸਵਾਦਲੇ, ਪੌਸ਼ਟਿਕ ਅਤੇ ਸਿਹਤ ਵਰਧਕ ਹੁੰਦੇ ਹਨ।

ਪੁਰਾਣੇ ਸਮੇਂ ਵਿਚ ਘਰਾਂ ਵਿੱਚ ਪਵਿੱਤਰ ਸਥਾਨ-ਰਸੋਈ ਘਰ, ਚੁੱਲਾ, ਯੱਗ ਵੇਦੀ, ਪੂਜਾ ਸਥਾਨ ਆਦਿ ਪਵਿੱਤਰ ਅਤੇ ਕਿਟਾਣੂੰ ਰਹਿਤ ਬਨਾਉਣ ਲਈ ਗਾਂ ਦੇ ਗੋਹੇ ਨਾਲ ਲਿਪੇ ਜਾਂਦੇ ਸਨ। ਇਹ ਲਿਪਾਈ ਫਿਨਾਇਲ ਦਾ ਕੰਮ ਕਰਦੀ ਸੀ। ਦੁਨੀਆਂ ਵਿਚ ਗੰਗਾਜਲ ਤੋਂ ਬਾਅਦ ਗਊ ਮੂਤਰ ਹੀ ਹੈ ਜਿਸ ਵਿਚ ਕੀੜੇ ਨਹੀਂ ਪੈਂਦੇ ਅਤੇ ਲੰਮੇ ਸਮੇਂ ਤੀਕ ਇਹ ਖਰਾਬ ਨਹੀਂ ਹੁੰਦਾ।

ਅੱਜ ਕੱਲ੍ਹ ਇਹ ਵੀ ਕਿਹਾ ਜਾਂਦਾ ਹੈ ਕਿ ਜੇ ਕਿਸੇ ਵਿਅਕਤੀ ਨੂੰ ਬਲੱਡ ਪ੍ਰੈਸ਼ਰ ਘੱਟ ਹੋਵੇ ਤਾਂ ਗਊ ਨੂੰ ਆਪਣੇ ਦੋਵੇਂ ਹੱਥ ਚਟਾਉਣ ਨਾਲ ਤਾਂ ਬੀ.ਪੀ. ਠੀਕ ਹੋ ਜਾਂਦਾ ਹੈ, ਜੇ ਬਲੱਡ ਪ੍ਰੈਸ਼ਰ ਵੱਧ ਹੋਵੇ ਤਾਂ ਗਊ ਦੇ ਸਿਰ ਅਤੇ ਪਿੱਠ 'ਤੇ ਹੱਥ ਫੇਰਨ ਨਾਲ ਬੀ.ਪੀ. ਠੀਕ ਹੋ ਜਾਂਦਾ ਹੈ।

ਗਊਆਂ ਦੇ ਦੁੱਧ, ਘਿਓ ਤੇ ਗੋਹੇ ਦੀ ਖਾਦ ਨਾਲ ਹੀ ਗਊਆਂ ਅਤੇ ਗਊਆਂ ਰੱਖਣ ਵਾਲੇ ਦੇ ਪਰਿਵਾਰ ਨੂੰ ਪਾਲਣ ਦਾ ਖਰਚਾ ਨਿਕਲ ਆਉਂਦਾ ਹੈ ।

'ਸਰਵਦੇਵਮਯੀ ਗਊ ਮਾਤਾ ਦੀ ਪੁਕਾਰ' ਸੱਤਵਾਂ ਸੰਸਕਰਣ,ਵਲੋਂ ਚੌਧਰੀ ਦੇਸ਼ਰਾਮ ਮੈਮੋਰੀਅਲ ਗਊ ਸੇਵਾ ਟਰੱਸਟ (ਰਜਿ.) ਦਿੱਲੀ ਅਨੁਸਾਰ-

"ਗਊ ਯਦੀ ਦੂੱਧ ਔਰ ਬੱਚੇ ਨਾ ਭੀ ਦੇ ਤੋ, ਉਸ ਕੇ ਗੋਬਰ-ਗੋਮੂਤਰ ਸੇ ਹੀ ਇਤਨੀ ਆਮਦਨੀ ਹੋ ਸਕਤੀ ਹੈ ਕਿ ਉਤਨੇ ਪੈਸੋਂ ਕਾ ਚਾਰਾ ਵਹ ਖਾ ਹੀ ਨਹੀਂ ਸਕਤੀ। -(ਪੰਨਾ 25)

"ਆਮ ਆਦਮੀ ਜਿਸ ਦਿਨ ਯਹ ਬਾਤ ਜਾਨ ਜਾਏਗਾ ਕਿ ਗਊ ਮਾਤਾ ਧਰਤੀ ਕੇ ਲਿਏ ਵਰਦਾਨ ਹੈ, ਤੋ ਉਸਕੀ ਰਕਸ਼ਾ ਮੇਂ ਵਹ ਸਵਯਮ ਖੜਾ ਹੋ ਜਾਏਗਾ। (ਪੰਨਾ 31)

"ਕੂਕਾ ਨਾਮਧਾਰੀ ਸਿੱਖੋਂ ਨੇ ਗੋਰਕਸ਼ਾ ਕੋ ਨਾਮਧਾਰੀ ਸੰਪਰਦਾਇ ਕਾ ਪ੍ਰਮੁੱਖ ਸੂਤਰ ਬਨਾਇਆ। -(ਪੰਨਾ 20)

## ਭਾਰਤੀ ਸੰਸਕ੍ਰਿਤੀ ਵਿਚ ਗਊ ਦਾ ਸਥਾਨ

**ਗਊ** ਨੂੰ ਭਾਰਤੀ ਸੰਸਕ੍ਰਿਤੀ ਦਾ ਮੂਲ ਅਧਾਰ ਸਮਝਿਆ ਜਾਂਦਾ ਹੈ।

**ਸਾਰੇ** ਧਰਮਾਂ 'ਚ ਗਊ ਪ੍ਰਤੀ ਆਸਥਾ ਪ੍ਰਗਟਾਈ ਗਈ ਹੈ।

ਵੈਦਿਕ ਧਰਮ 'ਚ ਗਊ ਨੂੰ ਸਰਵ-ਦੇਵਮਈ, ਸਰਵ-ਤੀਰਥ ਮਈ ਅਤੇ ਪਰਮ ਪਵਿੱਤਰ ਕਿਹਾ ਗਿਆ ਹੈ।

ਹਿੰਦੂ ਧਰਮ ਦੇ ਚਾਰ ਵੇਦ- ਰਿਗਵੇਦ, ਸਾਮ ਵੇਦ, ਯਜੁਰਵੇਦ ਤੇ ਅਥਰਵ ਵੇਦ ਅਤੇ ਉਪਨਿਸ਼ਦਾਂ ਤੇ ਸਿੰਮ੍ਰਤੀਆਂ ਅਤੇ ਭਾਗਵਤ ਗੀਤਾ ਆਦਿ ਵਿਚ, ਗਊ ਦੀ ਮਹੱਤਤਾ ਬਾਰੇ ਲਿਖਿਆ ਹੋਇਆ ਹੈ। ਰਿਗ ਵੇਦ ਵਿਚ ਰਾਜੇ ਨੂੰ ਹੁਕਮ ਹੈ ਕਿ ਉਹ ਗਊ-ਘਾਤਕਾਂ ਨੂੰ, ਜੋ ਲੋਕਾਂ ਨੂੰ ਦੁੱਧ ਰੂਪੀ ਅੰਮ੍ਰਿਤ ਤੋਂ ਸੱਖਣੇ ਕਰਦੇ ਹਨ, ਦੰਡ ਦੇਵੇ।

ਸਾਰੀਆਂ ਇੱਛਾਵਾਂ ਦੀ ਪੂਰਤੀ ਕਰਨ ਵਾਲੀ 'ਕਾਮਧੇਨੂ ਗਊ' ਦਾ ਜ਼ਿਕਰ ਵੀ ਹਿੰਦੂ ਗ੍ਰੰਥਾਂ ਵਿਚ ਆਉਂਦਾ ਹੈ।

ਕਿਹਾ ਜਾਂਦਾ ਹੈ ਕਿ ਭਗਵਾਨ ਦੇ ਅਵਤਾਰ ਦਾ ਮੂਲ ਕਾਰਨ ਗਊ ਦੀ ਰੱਖਿਆ ਹੈ। ਸਰਵਹਿੱਤਕਾਰੀ ਧਨ ਗਊ ਹੈ। ਗਊ ਵਰਗਾ ਉਪਯੋਗੀ ਪ੍ਰਾਣੀ ਇਕ ਕੁਦਰਤੀ ਜਾਇਦਾਦ ਹੈ।

ਭਗਵਾਨ ਸ਼੍ਰੀ ਕ੍ਰਿਸ਼ਨ ਦੀ ਗੱਲ ਕਰੀਏ ਤਾਂ ਗਊ ਮਾਤਾ ਦੀ ਚਰਚਾ ਸੁਭਾਵਿਕ ਹੈ। ਗਊਆਂ ਦੀ ਰੱਖਿਆ ਕਰਨ ਅਤੇ ਪ੍ਰੇਮ ਨਾਲ ਪਾਲਣ ਕਰਨ ਕਰ ਕੇ ਹੀ ਭਗਵਾਨ ਸ਼੍ਰੀ ਕ੍ਰਿਸ਼ਨ ਨੂੰ 'ਗੋਪਾਲ' ਆਖਿਆ ਜਾਂਦਾ ਹੈ। ਜਦੋਂ ਭਗਵਾਨ ਬੰਸਰੀ ਵਜਾਉਂਦੇ ਤਾਂ ਗਊਆਂ, ਵੱਛੇ ਉਨ੍ਹਾਂ ਨੂੰ ਘੇਰ ਲੈਂਦੇ ਸਨ। ਉਹ ਇਕ-ਇਕ ਗਊ ਨੂੰ ਉਸ ਦੇ ਨਾਂ ਨਾਲ ਬੁਲਾਉਂਦੇ ਸਨ, ਤਾਂ ਹੀ ਕਿਹਾ ਜਾਂਦਾ ਹੈ ਕਿ ਗਾਂ ਦੀ ਸੇਵਾ ਕਰਨ ਵਾਲੇ ਤੋਂ ਗੋਪਾਲ ਖੁਸ਼ ਹੁੰਦੇ ਹਨ ਤੇ ਸੇਵਾ ਕਰਨ ਵਾਲੇ ਨੂੰ ਲੋਕ ਪਰਲੋਕ ਦੇ ਸਾਰੇ ਸੁਖ ਮਿਲਦੇ ਹਨ।

ਗੋਪੀਆਂ ਦੇ ਬ੍ਰਿਹਾ-ਨਾਟਕ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਭਗਵਾਨ ਕ੍ਰਿਸ਼ਨ ਨੂੰ ' ਗਊਅਨ ਕੇ ਰਖਵਾਰੇ ' ਕਹਿ ਕੇ ਲਿਖਦੇ ਹਨ- ਗੋਪੀਆਂ ਵਿਰਲਾਪ ਕਰਦੀਆਂ ਭਗਵਾਨ ਸ੍ਰੀ ਕ੍ਰਿਸ਼ਨ ਨੂੰ ਆਖਦੀਆਂ ਹਨ-

**" ਹੇ ਸਭ ਗਊਅਨ ਕੇ ਰਖਵਾਰੇ,**
**ਕਬ ਘਰ ਆਵਹੁਗੇ ਹਮ ਹਾਰੇ। "**

ਪੁਰਾਤਨ ਸਮੇਂ ਵਿਚ ਰਿਸ਼ੀ-ਮੁਨੀ ਵੀ ਆਪਣੇ ਆਸ਼ਰਮਾਂ ਵਿਚ ਗਊਆਂ ਰਖਦੇ ਸਨ। ਘਰਾਂ ਵਿਚ ਵੀ ਤਕਰੀਬਨ ਹਰ ਪਰਿਵਾਰ, ਘੱਟੋ-ਘੱਟ ਇਕ ਗਊ ਜ਼ਰੂਰ ਪਾਲਦਾ ਸੀ। ਜਿਸ ਪਰਿਵਾਰ ਵਿਚ ਗਊਆਂ ਦੀ ਗਿਣਤੀ ਵਧੇਰੇ ਹੁੰਦੀ ਸੀ, ਉਹੀ ਧਨੀ ਮੰਨਿਆ ਜਾਂਦਾ ਸੀ। ਰਾਜੇ ਮਹਾਰਾਜੇ ਹਰ ਸ਼ੁੱਭ ਅਵਸਰ ' ਤੇ ਗਊਆਂ ਦਾਨ ਕਰਿਆ ਕਰਦੇ ਸਨ। ਹਿੰਦੂ ਲੋਕ ਲੜਕੀ ਦੇ ਵਿਆਹ ਸਮੇਂ ਕੰਨਿਆਂ ਦਾਨ ਦੇ ਨਾਲ ਗਊ ਵੀ ਦਾਨ ਕਰਦੇ ਸਨ।

ਭਗਵਾਨ ਸ਼੍ਰੀ ਰਾਮ, ਗਊ ਧਨ ਨੂੰ ਸਭ ਤੋਂ ਜ਼ਿਆਦਾ ਮਹੱਤਵ ਦਿੰਦੇ ਸਨ ਅਤੇ ਗਊ ਦਾਨ ਨੂੰ ਸਭ ਤੋਂ ਸ੍ਰੇਸ਼ਟ ਮੰਨਦੇ ਸਨ।

" ਭਗਵਾਨ ਸ਼੍ਰੀ ਰਾਮ ਨੂੰ ਬਣਵਾਸ ਮਿਲਣ ਮਗਰੋਂ ਸ਼੍ਰੀ ਭਰਤ ਨੇ ਆਪਣੇ ਬਾਰੇ ਮਾਤਾ ਕੌਸ਼ਲਿਆ ਦੇ ਮਨ ਵਿਚ ਪਏ ਭੁਲੇਖੇ ਨੂੰ ਦੂਰ ਕਰਨ ਲਈ ਕਿਹਾ,

' ਹੇ ਮਾਤਾ, ਜੇ ਰਾਮ-ਬਣਵਾਸ ਵਿਚ ਮੇਰਾ ਜ਼ਰਾ ਜਿੰਨਾ ਵੀ ਹੱਥ ਹੋਵੇ ਤਾਂ ਮੈਨੂੰ ਉਹ ਪਾਪ ਲੱਗੇ ਜੋ ਇਕ ਗਊ ਘਾਤਕ ਨੂੰ ਲਗਦਾ ਹੈ। "

-ਸਤਿਜੁਗ ਦਾ ਗਊ ਅੰਕ (9 ਚੇਤਰ 2024)
ਪੰਨਾ-24, ਲੇਖਕ ਸ੍ਰੀ ਰਾਜਿੰਦਰ ਸਿੰਘ ਜੀ ਗੁਰੂਸਰ

ਇੰਜ ਆਪਣੀ ਗੱਲ ਦੀ ਸੱਚਾਈ ਦਾ ਸਬੂਤ ਦੇਣ ਲਈ ਪੁਰਾਣੇ ਸਮਿਆਂ ਵਿਚ ਗਊ ਦੀ ਸਹੁੰ ਵੀ ਖਾਧੀ ਜਾਂਦੀ ਸੀ।

" ਵੈਦਿਕ ਕਾਲ ਤੋਂ ਹੁਣ ਤਕ ਗਊ ਭਾਰਤੀ ਸੰਸਕ੍ਰਿਤੀ ਦੀ ਨਿਸ਼ਾਨੀ ਮੰਨੀ ਗਈ ਹੈ। ਭਾਰਤ 'ਚ ਕੇਵਲ ਹਿੰਦੂ ਜਨਤਾ ਨੇ ਹੀ ਨਹੀਂ, ਸਗੋਂ ਸਿੱਖ, ਪਾਰਸੀ, ਜੈਨ, ਇਸਾਈ ਆਦਿ ਸਾਰੇ ਧਰਮ ਵਾਲਿਆਂ ਨੇ ਵੀ ਗਾਂ ਦਾ ਸਨਮਾਨ ਕੀਤਾ ਹੈ। ਧਾਰਮਿਕ, ਸਾਂਸਕ੍ਰਿਤ, ਆਰਥਿਕ, ਰਾਸ਼ਟਰੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੋਣ ਦੇ ਕਾਰਨ ਹੀ ਗਾਂ ਨੂੰ ਕਤਲ ਦੀ ਆਗਿਆ ਨਹੀਂ ਦਿੱਤੀ ਗਈ। ਮੁਸਲਮ ਸ਼ਾਸਨ- ਕਾਲ ਵਿਚ ਵੀ ਗਾਂ ਦੀ ਇੱਜ਼ਤ ਕੀਤੀ ਜਾਂਦੀ ਸੀ।"

-ਸਤਿਜੁਗ ਦਾ ਗਊ ਅੰਕ (9 ਚੇਤਰ 2024) ਪੰਨਾ-129

" ਸੱਚ ਤਾਂ ਇਹ ਹੈ ਕਿ ਕਿਸੇ ਵੀ ਧਰਮ ਇਥੋਂ ਤਕ ਕਿ ਇਸਲਾਮ ਵਿਚ ਵੀ ਗਊ-ਹੱਤਿਆ ਨੂੰ ਧਾਰਮਿਕ ਅਧਿਕਾਰ ਨਹੀਂ ਦੱਸਿਆ ਗਿਆ।

"ਇਸਲਾਮ ਧਰਮ 'ਚ ਹਜ਼ਰਤ ਮੁਹੰਮਦ ਸਾਹਿਬ ਨੇ ਕਿਹਾ ਕਿ ਗਊ ਦਾ ਦੁੱਧ ਅਤੇ ਘਿਓ ਸਰੀਰਕ ਤੰਦਰੁਸਤੀ ਲਈ ਬਹੁਤ ਜ਼ਰੂਰੀ ਹੈ। ਇਸ ਦਾ ਮਾਸ ਨੁਕਸਾਨਦੇਹ ਅਤੇ ਬੀਮਾਰੀ ਪੈਦਾ ਕਰਦਾ ਹੈ। ਗਊ ਨੂੰ 'ਦੌਲਤ ਦੀ ਰਾਣੀ' ਦੱਸਿਆ ਗਿਆ ਹੈ।

– ਸ੍ਰੀ ਕੀਮਤੀ ਭਗਤ

ਬੁੱਧ ਧਰਮ ਵਿਚ ਵੀ ਗਊ ਨੂੰ ਮਾਤਾ-ਪਿਤਾ ਵਾਂਗ ਉਪਕਾਰੀ ਦੱਸਿਆ ਗਿਆ ਹੈ।

"ਗਊ-ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕਰਦਿਆਂ ਮਹਾਤਮਾ ਬੁੱਧ ਨੇ ਕਿਹਾ ਸੀ,

" ਜਿਵੇਂ ਮਾਤਾ, ਪਿਤਾ, ਭੈਣ, ਭਰਾ ਸਾਡੇ ਹਨ, ਉਸੇ ਤਰ੍ਹਾਂ ਹੀ ਗਊਆਂ ਵੀ ਸਾਡੀਆਂ ਪਰਮ ਮਿੱਤਰ ਹਨ ਜਿਨ੍ਹਾਂ ਤੋਂ ਔਸ਼ਧੀ, ਦੁੱਧ, ਘਿਉ, ਮੱਖਣ, ਖੋਆ ਤੇ ਪਨੀਰ ਆਦਿ ਪੈਦਾ ਹੁੰਦਾ ਹੈ। ਅੰਨ ਦਾਤਾ, ਬਲਦਾਤਾ ਤੇ ਸੁਖ ਦਾਤਾ ਹੋਣ ਕਾਰਨ ਗਊ ਕਤਲ ਕਰਨੀ ਯੋਗ ਨਹੀਂ। "

" ਨੇਪਾਲ ਵਿਚ ਗਊ-ਹੱਤਿਆ ਨੂੰ ਨਰ ਹੱਤਿਆ ਦੇ ਬਰਾਬਰ ਸਮਝ ਕੇ ਹੱਤਿਆਰੇ ਨੂੰ ਸਜ਼ਾ ਦਿਤੀ ਜਾਂਦੀ ਸੀ।

" ਇਨ੍ਹਾਂ ਲਿਖਤਾਂ ਤੋਂ ਸਪਸ਼ਟ ਹੈ ਕਿ ਪੁਰਾਤਨ ਸਮੇਂ ਵਿਚ ਗਊ ਮਾਰਨ ਦਾ ਵਿਧਾਨ ਨਹੀਂ ਹੁੰਦਾ ਸੀ, ਇਹ ਰੀਤ ਅੰਗਰੇਜ਼ ਰਾਜ ਲਾਗੂ ਹੋਣ ਤੱਕ ਚਲਦੀ ਰਹੀ ਹੈ।"

– ਗਊ ਅੰਕ ਪੰਨਾ 24

ਭਾਰਤ ਦੇ ਬਹੁਤੇ ਮੁਸਲਮ ਸ਼ਾਸਕਾਂ ਨੇ ਆਪਣੇ ਰਾਜ ਵਿਚ ਗਊ-ਹੱਤਿਆ 'ਤੇ ਰੋਕ ਲਾ ਰੱਖੀ ਸੀ।

" ਬਾਬਰ ਨੇ ਵੀ ਆਪਣੀ ਮੌਤ ਸਮੇਂ ਹਮਾਯੂੰ ਨੂੰ, ਹਿੰਦੂਆਂ ਦੀਆਂ ਗਊ ਲਈ ਸ਼ਰਧਾ ਭਾਵਨਾਵਾਂ ਦਾ ਸਤਿਕਾਰ ਕਰਨ ਤੇ ਗਊ-ਰੱਖਿਆ ਲਈ ਕੋਈ ਵੀ ਕਸਰ ਬਾਕੀ ਨਾ ਰੱਖਣ ਦਾ ਉਪਦੇਸ਼ ਦਿਤਾ ਸੀ। ਅਕਬਰ ਬਾਦਸ਼ਾਹ ਦਾ ਵਿਸ਼ੇਸ਼ ਹੁਕਮ ਸੀ ਕਿ ਗਊ ਨੂੰ ਕਤਲ ਕਰਨ ਵਾਲੀ ਨਿਗ੍ਹਾ ਨਾਲ ਵੇਖਣ ਵਾਲੇ ਦੇ ਹੱਥ ਵੱਢ ਦਿੱਤੇ ਜਾਣ।"

–ਗਊ ਅੰਕ ਪੰਨਾ 24

" ਮੁਸਲਮਾਨ ਬਾਦਸ਼ਾਹ ਔਰੰਗਜੇਬ ਆਪਣੀ ਕਲਮ ਨਾਲ ਲਿਖਦਾ ਹੈ :-

" ਗਊ ਘਾਤਕ ਹਿੰਦੁਸਤਾਨ 'ਤੇ ਰਾਜ ਨਹੀਂ ਕਰ ਸਕਦਾ। " ਭਾਵ ਉਸ ਦਾ ਰਾਜ ਜਲਦੀ ਨਸ਼ਟ ਹੋਵੇਗਾ।"

–ਗਊ ਅੰਕ ਪੰਨਾ 108

ਭਾਰਤ ਵਾਸੀਆਂ ਦੇ ਧਰਮ ਦਾ ਇਕ ਵਿਸ਼ੇਸ਼ ਅੰਗ ਹੈ-ਗਊ ਗ੍ਰੀਬ ਦੀ ਰੱਖਿਆ ਕਰਨਾ।

" ਨਜ਼ਾਮ ਹੈਦਰਬਾਦ ਨੇ ਗਊ-ਬੱਧ ਪੂਰਨ ਤੌਰ 'ਤੇ ਬੰਦ ਕੀਤਾ ਹੋਇਆ ਸੀ। ਮਹਾਤਮਾ ਗਾਂਧੀ ਜੀ ਨੇ ਵੀ ਲਿਖਿਆ ਸੀ : " ਮੈਂ ਗਊ-ਰੱਖਿਆ ਨੂੰ ਸੁ-ਰਾਜ ਨਾਲੋਂ ਵੀ ਵਧੇਰੇ ਮਹੱਤਵਪੂਰਨ ਸਮਝਦਾ ਹਾਂ। "

"ਨਹਿਰੂ ਜੀ ਨੇ ਆਪਣੀ ਸਵੈ-ਜੀਵਨੀ ਵਿਚ ਇਹ ਮੰਨਿਆ ਹੈ ਕਿ "ਗਊ ਹਿੰਦੂਆਂ ਦੀ ਮਾਂ-ਸਮਾਨ ਪਸ਼ੂ ਹੈ ਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਹਿੰਦੂ ਅਹਿੰਸਕ ਤੇ ਸ਼ਾਂਤੀ ਪ੍ਰੇਮੀ ਹਨ। ਗਊ ਨੂੰ ਮੈਂ ਸੰਪੰਨਤਾ ਅਤੇ ਸੁਭਾਗ ਦੀ ਜਣਨੀ ਮੰਨਦਾ ਹਾਂ।"

–ਗਊ ਅੰਕ ਪੰਨਾ 24

ਗੁਰੂ ਗੋਲਵਲਕਰ ਜੀ ਨੇ ਕਿਹਾ,

" ਅਵਸਥਾ ਦਾ ਵਿਚਾਰ ਕੀਤੇ ਬਿਨਾਂ ਗਊਵੰਸ਼ ਦੀ ਹੱਤਿਆ ਜਦੋਂ ਤਕ ਅਸੀਂ ਪੂਰੀ ਤਰ੍ਹਾਂ ਬੰਦ ਨਹੀਂ ਕਰਦੇ, ਉਦੋਂ ਤਕ ਸਾਡਾ ਸਵਰਾਜ ਅਧੂਰਾ ਹੈ।

" ਸ੍ਰੀ ਮਾਲਵੀਆ ਜੀ ਨੇ ਕਿਹਾ ਹੈ ਕਿ ਗਊ ਵੰਸ਼ ਦੀ ਰੱਖਿਆ 'ਚ ਹੀ ਦੇਸ਼ ਦੀ ਰੱਖਿਆ ਸਮਾਈ ਹੋਈ ਹੈ। ਸਿੱਖ ਧਰਮ ਵੀ ਗਊ ਰੱਖਿਆ ਨਾਲ ਵਚਨਬੱਧ ਹੈ।"

– ਸ੍ਰੀ ਕੀਮਤੀ ਭਗਤ

" ਸਾਰੇ ਹੀ ਕਾਰਜ ਸਵਾਰ ਦੇਣ ਵਾਲੀ ਗਊ ਦੀ ਮਹਾਨਤਾ ਨੂੰ ਭਾਰਤ ਤੇ ਹੋਰ ਦੂਜੇ ਦੇਸ਼ਾਂ ਦੇ ਸਿਆਣਿਆਂ ਨੇ ਭੀ ਅਨੁਭਵ ਕੀਤਾ ਹੈ। ਅਮਰੀਕਾ ਦੇ ਇਕ ਗਵਰਨਰ ਮੇਲ-ਕਮ-ਆਰ-ਵੈਟਰਸਨ ਦੇ ਅਨੁਸਾਰ –

'ਗਊ ਬਿਨਾਂ ਤਾਜ ਦੇ ਮਹਾਰਾਣੀ ਏ। ਉਸ ਦਾ ਰਾਜ ਸਾਰੀ ਪ੍ਰਿਥਵੀ 'ਤੇ ਹੈ। ਸੇਵਾ ਉਸ ਦਾ ਵਿਰਦ ਹੈ ਤੇ

ਉਹ ਜੋ ਕੁਝ ਲੈਂਦੀ ਹੈ, ਸੌ ਗੁਣਾ ਕਰਕੇ ਦੇਂਦੀ ਹੈ।'

-ਗਊ ਅੰਕ ਪੰਨਾ 138, ਸ੍ਰੀ ਮਿਹਰ ਸਿੰਘ ਜੀ ਕਾਨ੍ਹਪੁਰ

ਸਿੱਖ ਗੁਰੂਆਂ ਦੇ ਜੀਵਨ ਅਤੇ ਸਿੱਖ ਧਰਮ ਦੀ ਪਰੰਪਰਾ ਵਿਚ ਗਊ-ਗ੍ਰੀਬ ਦੀ ਰੱਖਿਆ ਦਾ ਵਿਸ਼ੇਸ਼ ਵਰਣਨ ਹੈ। **ਸ੍ਰੀ ਗੁਰੂ ਨਾਨਕ ਦੇਵ ਜੀ** ਨੇ ਹਰ ਪ੍ਰਕਾਰ ਦੇ ਜੀਵਾਂ ਦੀ ਹਿੰਸਾ ਕਰਨ ਤੋਂ ਮਨ੍ਹਾਂ ਕੀਤਾ ਅਤੇ ਗਊ-ਰੱਖਿਆ ਨੂੰ ਸਿੱਖੀ ਧਰਮ ਦਾ ਇਕ ਖਾਸ ਕਰਤੱਵਯ ਦੱਸਿਆ।

ਮੱਕੇ ਮਦੀਨੇ ਦੀ ਗੋਸ਼ਟ ਸਮੇਂ ਜਦ ਕਾਜੀ ਰੁਕਨਦੀਨ ਨੇ ਗਊ-ਸੂਰ ਦੀ ਮਹੱਤਤਾ ਜਾਨਣੀ ਚਾਹੀ ਤਾਂ **ਸ੍ਰੀ ਗੁਰੂ ਨਾਨਕ ਦੇਵ ਜੀ** ਨੇ ਫਰਮਾਇਆ,

**" ਨਾਨਕ ਆਖੇ ਰੁਕਨਦੀਨ ਲਿਖਿਆ ਵਿਚ ਕਿਤਾਬ।**
**ਗਊ-ਸੂਰ ਨੂੰ ਮਾਰਿਆਂ ਲਗਨ ਬਹੁਤ ਅਜ਼ਾਬ।**
**ਗਊ-ਚੌਧਵਾਂ ਰਤਨ ਹੈ, ਕਾਮਧੇਨ ਤਿਹ ਨਾਮੁ।**
**ਪੂਜਨ ਸਭ ਅਵਤਾਰ ਤਿਹ ਕਰਕੇ ਮਾਤ ਸਮਾਨ।**
**ਸ਼ੀਰ ਜਿਨਾਂ ਦਾ ਪੀਵੀਐ ਤਿਸ ਮਾਰਿਆਂ ਬਹੁਤ ਗੁਨਾਹ।"**

(22 ਜਵਾਬ ਪੰਨਾ 156 ਕਰਨੀ ਨਾਮਾ)

ਵਰਤਮਾਨ ਯੁਗ 'ਚ, ਸਾਰੇ ਮਹਾਂਪੁਰਖਾਂ ਦੀ ਇਹੋ ਸੋਚ ਹੈ ਕਿ ਪਿੰਡ-ਪਿੰਡ, ਸ਼ਹਿਰ- ਸ਼ਹਿਰ ਗਊਸ਼ਾਲਾਵਾਂ ਦਾ ਨਿਰਮਾਣ ਕੀਤਾ ਜਾਣਾਂ ਚਾਹੀਦਾ ਹੈ ਤੇ ਗਊਆਂ ਨੂੰ ਸੜਕਾਂ 'ਤੇ ਭਟਕਣ ਲਈ ਮਜਬੂਰ ਨਹੀਂ ਹੋਣ ਦੇਣਾ ਚਾਹੀਦਾ।

ਅੱਜ ਗੁਰੂਆਂ,ਪੀਰਾਂ, ਰਿਸ਼ੀਆਂ-ਮੁਨੀਆਂ ਦੀ ਧਰਤੀ ਭਾਰਤ 'ਚ ਜਗ੍ਹਾ-ਜਗ੍ਹਾ ਗਊ ਹੱਤਿਆ ਹੋ ਰਹੀ ਹੈ।

ਸਮੁੱਚੀ ਮਨੁੱਖਤਾ ਦੀਆਂ ਭਾਵਨਾਵਾਂ ਦਾ ਸਨਮਾਨ ਕਰਦਿਆਂ ਭਾਰਤ 'ਚ ਗਊ ਹੱਤਿਆ 'ਤੇ ਰੋਕ ਲਗਾਉਣ ਲਈ ਸਖਤ ਕਾਨੂੰਨ ਬਣਾਇਆ ਜਾਣਾਂ ਚਾਹੀਦਾ ਹੈ। ਸੰਨ 1857 ਦੇ ਜੰਗੇ-ਅਜ਼ਾਦੀ ਮੋਰਚੇ ਵਿਚ ਭਾਵੇਂ ਸਾਰੇ ਦੇਸ਼ ਵਿਚ ਹੀ ਆਜ਼ਾਦੀ ਦੀ ਚੰਗਿਆੜੀ ਸੁਲਗ ਰਹੀ ਸੀ ਫਿਰ ਵੀ ਭਾਂਬੜ ਇਥੋਂ ਹੀ ਮੱਚੇ ਸਨ ਕਿ ਸੰਗੀਨਾਂ ਦੇ ਚਲਾਉਣ ਲਈ ਕਾਰਤੂਸਾਂ 'ਤੇ ਗਊ ਤੇ ਸੂਰ ਦੀ ਚਰਬੀ ਲੱਗੀ ਹੋਈ ਸੀ।

ਜਿਸ ਦੇਸ਼ ਵਿਚ ਸਦੀਆਂ ਤੋਂ ਗਊ ਪੂਜਾ ਹੁੰਦੀ ਚਲੀ ਆ ਰਹੀ ਹੈ, ਉਸ ਦੇਸ਼ ਵਿਚ ਗਊਆਂ ਦੇ ਗਲ 'ਤੇ ਛੁਰੀ ਨਹੀਂ ਸਹਾਰੀ ਜਾਣੀਂ ਚਾਹੀਦੀ।

## ਸਿੱਖ ਧਰਮ ਦੀ ਪਰੰਪਰਾ

ਸਾਰੇ ਗੁਰੂ ਸਹਿਬਾਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਥਾਪਤ ਕੀਤੇ ਗਊ ਗ੍ਰੀਬ ਦੀ ਰੱਖਿਆ ਤੇ ਸੇਵਾ ਦੇ ਅਸੂਲ ਨੂੰ ਨਿਭਾਇਆ।

**ਸ੍ਰੀ ਗੁਰੂ ਅਮਰਦਾਸ ਜੀ** ਨੇ ਗਊ-ਘਾਤਕ ਮਨੁੱਖ ਨੂੰ ਕੋਹੜੀ ਤੇ ਫਿਟਕਿਆ ਹੋਇਆ ਪਾਪੀ ਪੁਰਸ਼ ਦੱਸਿਆ।

**ਸ੍ਰੀ ਗੁਰੂ ਅਰਜਨ ਦੇਵ ਜੀ** ਨੇ ਤੱਤੀ ਲੋਹ, ਤੱਤੇ ਰੇਤੇ ਅਤੇ ਉਬਲਦੀ ਦੇਗ ਦੇ ਕਸ਼ਟ ਸਹੇ ਪਰ ਜਦੋਂ ਉਨ੍ਹਾਂ ਨੂੰ ਪਤਾ ਲਗਿਆ ਕਿ ਹੁਣ ਉਨ੍ਹਾਂ ਨੂੰ ਗਊ ਦੇ ਗਿੱਲੇ ਤੇ ਕੱਚੇ ਚਮੜੇ ਵਿਚ ਮੜ੍ਹਾ ਦਿਤੇ ਜਾਣ ਦੀ ਮੁਗਲ ਹਕੂਮਤ ਵਲੋਂ ਵਿਉਂਤ ਬਣ ਰਹੀ ਹੈ ਤਾਂ ਸੱਚੇ ਪਾਤਸ਼ਾਹ ਜੀ, ਰਾਵੀ ਵਿਚ ਇਸ਼ਨਾਨ ਕਰਨ ਦੇ ਬਹਾਨੇ, ਦਰਿਆ ਵਿਚ ਅਲੋਪ ਹੋ ਗਏ ਪਰ ਗਊ-ਧਰਮ ਦੀ ਪਾਲਣਾ ਨੂੰ ਠੇਸ ਨਾ ਲਗਣ ਦਿਤੀ।

**ਸ੍ਰੀ ਗੁਰੂ ਹਰਿਗੋਬਿੰਦ ਜੀ** ਨੂੰ ਇਕ ਵਾਰ, ਇਕ ਗਊ ਮਾਰੇ ਜਾਣ ਦੀ ਖਬਰ ਉਸ ਵੇਲੇ ਮਿਲੀ, ਜਦ ਆਪ

ਪ੍ਰਸ਼ਾਦਾ ਛਕਣ ਲੱਗੇ ਸਨ। ਆਪ ਜੀ ਨੇ ਪ੍ਰਸ਼ਾਦਾ ਨਹੀਂ ਛਕਿਆ, ਉਸੇ ਵੇਲੇ ਜਾ ਕੇ ਗਊ ਦੇ ਕਾਤਲਾਂ ਨੂੰ ਕਰੜਾ ਡੰਨ ਦਿਤਾ ਅਤੇ ਫਿਰ ਵਾਪਸ ਆਏ।

**ਸ੍ਰੀ ਗੁਰੂ ਹਰਿਗੋਬਿੰਦ ਜੀ** ਨੇ, ਗੁਰੂ ਘਰ ਦੇ ਸੱਚੇ ਸੇਵਕ ਬਾਬਾ ਬੁੱਢਾ ਜੀ ਦੇ ਸਸਕਾਰ ਸਮੇਂ ਅਲਾਹਣੀਆਂ ਦਾ ਪਾਠ ਵਿੱਚੇ ਹੀ ਛੱਡ ਕੇ ਤੁਰਕਾਂ ਤੋਂ ਗਊ ਕਤਲ ਹੁੰਦੀ ਜਾ ਛੁਡਾਈ। ਸਿੱਖਾਂ ਦੇ ਪੁੱਛਣ 'ਤੇ ਸ੍ਰੀ ਸਤਿਗੁਰੂ ਜੀ ਨੇ ਫਰਮਾਇਆ ਕਿ **ਪਾਠ ਜਾਂ ਸਸਕਾਰ ਦੇ ਪੁੰਨ ਨਾਲੋਂ ਗਊ ਦਾ ਮਾਰਿਆ ਜਾਣਾ ਵੱਡਾ ਪਾਪ ਹੈ।**

**ਸ੍ਰੀ ਗੁਰੂ ਗੋਬਿੰਦ ਸਿੰਘ ਜੀ** ਨੇ ਨੈਣਾਂ ਦੇਵੀ ਦੀ ਪਹਾੜੀ 'ਤੇ ਹਵਨ ਕਰਨ ਉਪ੍ਰੰਤ ਸ਼ਕਤੀ ਤੋਂ ਤੁਰਕਾਂ ਦਾ ਨਾਸ਼ ਕਰਨ ਦੀ ਆਗਿਆ, ਇਸ ਕਰਕੇ ਮੰਗੀ ਸੀ ਕਿਉਂਕਿ ਤੁਰਕ ਗਊ ਘਾਤਕ ਸਨ ਅਤੇ ਸ੍ਰੀ ਦਸਮੇਸ਼ ਜੀ ਗਊ ਰੱਖਿਅਕ ਸਨ। ਦੁਸ਼ਟ ਦਮਨ ਸਾਹਿਬ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਆਪਣੀ ਬਾਣੀ ਵਿਚ ਅਕਾਲ ਪੁਰਖ ਅੱਗੇ ਸਾਰੀ ਪ੍ਰਿਥਵੀ ਤੋਂ ਗਊ ਘਾਤ ਖਤਮ ਕਰਨ ਲਈ ਬੇਨਤੀ ਕਰਦੇ ਹੋਏ ਇਸ ਪ੍ਰਕਾਰ ਅਰਦਾਸ ਕਰਦੇ ਹਨ–

**" ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।**
**ਗਊ–ਘਾਤ ਕਾ ਦੋਖ ਜਗ ਸਿਉਂ ਮਿਟਾਊਂ।"** **(ਛੰਦ ਪੰਜਵਾਂ)**
**" ਯਹੀ ਆਸ ਪੂਰਨ ਕਰਹੁ ਤੁਮ ਹਮਾਰੀ।**
**ਮਿਟੈ ਕਸ਼ਟ ਗਊਅਨ ਛੁਟੈ ਖੇਦ ਭਾਰੀ।"** **(ਛੰਦ ਪੰਜਵਾਂ)**
**" ਯਹੀ ਬੇਨਤੀ ਖਾਸ ਹਮਰੀ ਸੁਣੀਜੈ।**
**ਅਸੁਰ ਮਾਰ ਕਰ ਰੱਛਾ ਗਊਅਨ ਕਰੀਜੈ।"**

**–ਉਗ੍ਰਦੰਤੀ ਸ੍ਰੀ ਮੁਖਵਾਕ ਪਾ: 10**

ਜਦੋਂ ਅਨੰਦਪੁਰ ਸਾਹਿਬ ਦੇ ਕਿਲੇ ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਘੇਰਾ ਪਾਇਆ ਹੋਇਆ ਸੀ, ਸਿੱਖਾਂ ਅਤੇ ਮਾਤਾ ਜੀ ਦੇ ਕਹਿਣ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਲਾ ਨਹੀਂ ਸੀ ਛੱਡਿਆ। ਦੁਸ਼ਮਣ ਪਹਾੜੀ ਰਾਜੇ ਚਾਹੁੰਦੇ ਸਨ ਕਿ ਕਿਵੇਂ ਨਾ ਕਿਵੇਂ ਗੁਰੂ ਜੀ ਬਾਹਰ ਨਿਕਲਣ। ਰਾਜਿਆਂ ਨੇ ਚਾਲ ਚਲੀ, ਆਟੇ ਦੀ ਗਊ ਬਣਾ ਕੇ ਕਿਲੇ ਦੇ ਦਰਵਾਜੇ ਅਗੇ ਲਿਆ ਧਰੀ ਅਤੇ ਗਊ ਦਾ ਵਾਸਤਾ ਪਾ ਕੇ ਗੁਰੂ ਜੀ ਨੂੰ ਬਾਹਰ ਨਿਕਲਣ ਲਈ ਮਜ਼ਬੂਰ ਕਰ ਦਿਤਾ। ਦੁਸ਼ਮਣਾਂ ਦੀ ਕਪਟ ਨੀਤੀ ਜਾਣਦਿਆਂ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗਊ ਦੀ ਆਣ ਬਦਲੇ ਆਪਣਾ ਸਰਬੰਸ ਵਾਰ ਦਿਤਾ। ਦਸਮ ਪਾਤਸ਼ਾਹ ਜੀ ਨੇ ਉਨਾਂ ਦੀ ਝੂਠੀ ਗਊ ਦੀ ਕਸਮ 'ਤੇ ਇਤਬਾਰ ਕਰ ਕੇ ਅਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ ਤਾਂ ਪਹਾੜੀ ਰਾਜਿਆਂ ਨੇ ਝੂਠੀ ਕਸਮ ਦਾ ਤਿਆਗ ਕਰ ਕੇ ਗੁਰੂ ਜੀ ਦੀਆਂ ਫੌਜਾਂ 'ਤੇ ਹਮਲਾ ਕਰ ਦਿੱਤਾ ਸੀ। 'ਸੂਰਜ ਪ੍ਰਕਾਸ਼' ਵਿਚ ਇਸ ਦਾ ਵਰਣਨ ਇਸ ਪ੍ਰਕਾਰ ਕੀਤਾ ਗਿਆ ਹੈ,

**" ਆਨ ਗਊ ਸਹਿ ਨ ਸਕੇ ਪ੍ਰਭ,**
**ਤਤ ਛਿਨ ਕੀਨਸ ਤਯਾਰੀ**
**ਕੂਚ ਕਰਨ ਕੋ ਬਜਯੋ ਤਮਾਮਾ,**
**ਸਭ ਕੇ ਸੁਰਤ ਧੁਨ ਡਾਰੀ।**(34)

**ਹੋਇ ਰੰਕ ਸਮ ਦਈ ਸਪਥ 'ਗਊ'**
**ਹੈਫ ਫੌਜੁ ਰਾਜ ਸਮਾਜਾ।**
**ਮਮ ਜੈਸੇ ਛਤ੍ਰੀ ਨਹੀ ਮਾਨੈ,**
**ਤੋ ਭੀ ਨੀਕ ਨ ਕਾਜਾ।**(43)

**ਜੇ ਹਮ ਧੇਨ ਸੱਪਥ ਨਹਿ ਮਾਨੈ,**
**ਆਨ ਕੌਨ ਤਬ ਮਾਨੇ।**
**ਦਯਾ ਸਿੰਘ ਦਿਤ ਸਮਝ ਬਿਚਾਰਹੁ**
**ਰਿਪ ਜੀਵਤ ਹਤ ਜਾਨੇ।" (45)**

**-ਗੁਰ ਪ੍ਰਤਾਪ ਸੂਰਜ 234 ਅੰਸੂ 37**

**ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਲਿਖਿਆ ਹੈ :-**
**"ਗਾਂਈ ਰੰਗ ਬਰੰਗ ਬਹੁ ਦੁਧ ਉਜਲ ਵਰਨਾ।**
**ਦੁਧੋਂ ਦਹੀਂ ਜਮਾਈਏ ਕਰ ਨਿਹਚਲ ਧਰਨਾ।**
**ਦਹੀਂ ਵਿਲੋਇ ਅਲੋਏ ਕੇਛਾਹ ਮਖਨ ਕਰਨਾ।**
**ਮਖਨ ਤਾਏ ਔਟਾਏਕੇ ਘਿਓ ਨਿਰਮਲ ਕਰਨਾ।**
**ਘਿਓ ਤੇ ਹੋਵਨ ਹੋਮ ਜੱਗ ਸਭ ਕਾਰਜ ਸਰਨਾ।"**

ਇਤਿਹਾਸ ਅਨੁਸਾਰ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਵਾਜੇ ਬਾਬਾ ਬੰਦਾ ਬਹਾਦਰ ਦੁਸ਼ਟਾਂ ਦਾ ਸੰਘਾਰ ਕਰਨ ਪੰਜਾਬ ਆਏ ਤਾਂ ਉਹ ਜਿਸ ਵੀ ਜ਼ਾਲਮ ਨਵਾਬ ਨੂੰ ਮਾਰ ਕੇ ਉਸ ਦੇ ਇਲਾਕੇ 'ਤੇ ਕਬਜ਼ਾ ਕਰਦੇ ਤਾਂ ਸ੍ਰੀ ਦਸਮੇਸ਼ ਜੀ ਦੇ ਸਿਧਾਂਤ ਅਨੁਸਾਰ ਸਭ ਤੋਂ ਪਹਿਲੋਂ ਉੱਥੇ ਗਊ-ਹੱਤਿਆ ਬੰਦ ਕਰਵਾਉਂਦੇ ਸਨ। ਬੰਦਾ ਬਹਾਦਰ ਨੇ ਸਮੁੱਚੇ ਪੰਜਾਬ 'ਤੇ ਖਾਲਸਾਈ ਝੰਡਾ ਝੁਲਾ ਦਿੱਤਾ ਅਤੇ ਕੁਝ ਸਮੇਂ ਲਈ ਪੰਜਾਬ ਵਿਚੋਂ ਪੂਰੀ ਤਰ੍ਹਾਂ ਮੁਗਲ ਰਾਜ ਖਤਮ ਕਰ ਦਿੱਤਾ। ਉਪਰੰਤ ਪੰਜਾਬ ਵਿਚ ਸਿੱਖ ਮਿਸਲਾਂ ਦਾ ਰਾਜ ਸਥਾਪਤ ਹੋ ਗਿਆ। ਸਿੱਖ ਮਿਸਲਾਂ ਦੇ ਰਾਜ ਤੋਂ ਬਾਅਦ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਦੇਖ ਰੇਖ ਹੇਠ ਖਾਲਸਾ ਰਾਜ ਕਾਇਮ ਹੋਇਆ ਜਿਸਨੇ ਵਿਦੇਸ਼ੀ ਧਾੜਵੀਆਂ ਤੇ ਹਮਲਾਵਰਾਂ ਨੂੰ ਦੱਰਾ ਖੈਬਰ ਵਲੋਂ ਆਉਣ ਲਈ ਉਹਨਾਂ ਦਾ ਰਸਤਾ ਹਮੇਸ਼ਾਂ ਲਈ ਬੰਦ ਕਰ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਸਾਰੇ ਪੰਜਾਬ ਵਿਚ ਗਊ-ਹੱਤਿਆ ਉਤੇ ਸਖਤ ਪਾਬੰਦੀ ਤੋਂ ਇਲਾਵਾ ਇਹ ਵੀ ਹੁਕਮ ਜਾਰੀ ਸੀ ਕਿ ਪੰਜਾਬ ਦੇ ਰਸਤੇ ਏਧਰ ਉਧਰ ਜਾਂਦਾ ਕੋਈ ਸੈਲਾਨੀ ਜਾਂ ਹੁਕਮਰਾਨ 'ਗਊ ਮਾਸ' ਦਾ ਪ੍ਰਯੋਗ ਕਿਸੇ ਵੀ ਹਾਲਤ ਵਿਚ ਨਾ ਕਰੇ। ਇਨ੍ਹਾਂ ਹੁਕਮਾਂ ਉਤੇ ਸਖਤੀ ਨਾਲ ਅਮਲ ਕਰਵਾਇਆ ਜਾਂਦਾ ਸੀ। ਇਸ ਰਾਜ ਵਿਚ ਗਊ ਮਾਰਨ ਵਾਲੇ ਨੂੰ ਮੌਤ ਦੀ ਸਜ਼ਾ ਦਾ ਸਿੱਧਾ ਹੁਕਮ ਸੀ। ਇਸ ਬਾਰੇ ਜੇ. ਡਬਲਿਊ ਮੈਕਨਬ ਕਮਿਸ਼ਨਰ ਅੰਬਾਲਾ 9 ਫਰਵਰੀ 1872 ਈ. ਨੂੰ ਟਾਈਮਜ਼ ਅਖਬਾਰ ਨੂੰ ਲਿਖਦਾ ਹੈ—

"Your readers will be aware that the killing of kine is an abomination to all Hindus of whom the Sikhs are an off shoot. When the Sikhs were in power, penality for killing kine was death." ਅਰਥਾਤ

"ਤੁਹਾਡੇ ਪਾਠਕ ਇਹ ਜਾਣਦੇ ਹੋਣਗੇ ਕਿ ਸਿੱਖ ਜੋ ਹਿੰਦੂਆਂ ਵਿਚੋਂ ਹੀ ਹਨ ਅਤੇ ਸਾਰੇ ਹਿੰਦੂ ਗਊ ਮਾਰਨ ਵਾਲਿਆਂ ਤੋਂ ਬੜੀ ਘਿਰਣਾ ਕਰਦੇ ਹਨ। ਸਿੱਖ ਰਾਜ ਸਮੇਂ ਗਊ ਮਾਰਨ ਵਾਲੇ ਨੂੰ ਮੌਤ ਦੀ ਸਜ਼ਾ ਦਾ ਹੁਕਮ ਸੀ।"

"ਚੇਲਿਆਂ ਵਾਲੇ ਯੁੱਧ ਵਿਚ ਗੋਰੇ ਭੇਡਾਂ ਵਾਂਗ ਸਿੱਖਾਂ ਅੱਗੇ ਭੱਜੇ ਜਾਂਦੇ ਮੂੰਹ ਵਿਚ ਘਾਹ ਲੈ ਕੇ ਡਊ ਡਊ (ਗਊ ਗਊ) ਕਰਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਸਿੱਖ ਗਊ ਆਖਿਆਂ ਛੱਡ ਦੇਣਗੇ, ਮਾਰਨਗੇ ਨਹੀਂ।"

-ਗਊਅਨ ਕੇ ਰਖਵਾਰੇ, ਪੰਨਾ 5, ਲੇਖਕ ਸੰਤ ਹਰਪਾਲ ਸਿੰਘ 'ਸੇਵਕ'

ਮਹਾਰਾਜਾ ਰਣਜੀਤ ਸਿੰਘ ਸੰਨ 1839 ਈ. ਵਿਚ ਸਵਰਗਵਾਸ ਹੋ ਗਏ । ਸਿੱਖ ਸਰਦਾਰਾਂ ਅਤੇ ਡੋਗਰੇ ਹਾਕਮਾਂ ਦੀਆਂ ਗੱਦਾਰੀਆਂ ਕਾਰਨ ਸਿੱਖ ਰਾਜ ਦਾ ਪਤਨ ਹੋ ਗਿਆ। ਦਸ ਸਾਲ ਬਾਅਦ ਹੀ ਸਮੁੱਚਾ ਖਾਲਸਾ

ਰਾਜ ਅੰਗਰੇਜ਼ ਹਾਕਮਾਂ ਕੋਲ ਚਲਾ ਗਿਆ ਅਤੇ ਲਾਹੌਰ ਦੇ ਕਿਲੇ 'ਤੇ ਕੇਸਰੀ ਨਿਸ਼ਾਨ ਦੀ ਥਾਂ ਯੂਨੀਅਨ ਜੈਕ ਝੂਲਣ ਲੱਗਾ।

## ਅੰਗ੍ਰੇਜ਼ਾਂ ਦੇ ਰਾਜ ਸਮੇਂ

ਅੰਗਰੇਜ਼ ਹਾਕਮ ਭਲੀਭਾਂਤ ਜਾਣਦੇ ਸਨ ਕਿ ਭਾਰਤ ਦੇ ਹਿੰਦੂ-ਸਿੱਖ ਲੋਕ ਗਊ ਹੱਤਿਆ ਦੇ ਵਿਰੁੱਧ ਹਨ, ਇਸ ਲਈ 25 ਮਾਰਚ ਸੰਨ 1847 ਨੂੰ ਲਾਹੌਰ ਦੇ ਰੈਜ਼ੀਡੈਂਟ ਸਰ ਹੈਨਰੀ ਐਮ. ਲਾਰੰਸ ਨੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਤਾਂਬੇ ਦੀ ਪਲੇਟ 'ਤੇ ਹੇਠ ਵਿਖੇ ਸ਼ਬਦ ਲਿਖਵਾ ਕੇ ਬੋਰਡ ਟੰਗਵਾ ਦਿੱਤਾ ਸੀ---

'kine are not to be killed at Amritsar'

20 ਮਾਰਚ 1849 ਈ. ਨੂੰ ਲਾਰਡ ਡਲਹੌਜੀ ਨੇ ਪੰਜਾਬ ਨੂੰ ਇਕ ਤਰ੍ਹਾਂ ਨਾਲ ਬਰਤਾਨਵੀ ਸਾਮਰਾਜ ਵਿਚ ਹੀ ਮਿਲਾ ਲਿਆ। ਸਿੱਖ ਪਲਟਨਾਂ ਤੋੜ ਦਿੱਤੀਆਂ ਗਈਆਂ। ਪੰਜਾਬ ਅੰਗਰੇਜ਼ਾਂ ਦਾ ਗੁਲਾਮ ਹੋ ਗਿਆ। ਜਦੋਂ ਅੰਗਰੇਜ਼ ਹਾਕਮ ਪੂਰੀ ਤਰ੍ਹਾਂ ਪੰਜਾਬ ਤੇ ਕਾਬਜ਼ ਹੋ ਗਏ ਅਤੇ ਸਿਰ ਕੱਢ ਪੰਜਾਬੀ ਸਰਦਾਰ, ਜਗੀਰਦਾਰ ਅਤੇ ਗੁਰਦੁਆਰਿਆਂ ਦੇ ਮਹੰਤ ਅੰਗਰੇਜ਼ਾਂ ਦੇ ਗੁਣ ਗਾਉਣ ਲੱਗੇ, ਤਾਂ ਅੰਗਰੇਜ਼ ਹਾਕਮਾਂ ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿਤਾ।

ਲੋਕਾਂ ਦਾ ਧਿਆਨ ਆਪਣੀ ਜ਼ਿਆਦਤੀ ਦੀ ਥਾਂ ਹੋਰ ਪਾਸੇ ਕਰਨ ਲਈ ਅੰਗਰੇਜ਼ਾਂ ਨੇ ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੂੰ ਪਾੜਨ ਦੀ ਵਿਉਂਤ ਘੜੀ। ਪੰਜਾਬ ਦੇ ਪ੍ਰਸ਼ਾਸਨਕ ਬੋਰਡ ਨੇ ਆਪਣੀ ਚਿੱਠੀ ਨੰਬਰ 2 ਅਨੁਸਾਰ 3 ਮਈ 1849 ਈ. ਨੂੰ ਪੰਜਾਬ ਵਿਚ ਗਊ ਮਾਸ ਖਾਣ ਅਤੇ ਗਊ ਬਧ ਕਰਨ ਦੀ ਖੁੱਲ੍ਹ ਦੇ ਦਿੱਤੀ। ਇਹ ਹੁਕਮ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਲੋਕਾਂ ਤਕ ਪਹੁੰਚਾਇਆ ਗਿਆ। ਪਰ ਨਾਲ ਹੀ ਇਹ ਹਦਾਇਤ ਕੀਤੀ ਗਈ ਕਿ ਬੁਚੜਖਾਨੇ ਸ਼ਹਿਰਾਂ ਤੋਂ ਬਾਹਰ ਖੋਹਲੇ ਜਾਣ।

20 ਮਈ 1849 ਨੂੰ ਇਕ ਹੋਰ ਗਸ਼ਤੀ ਚਿੱਠੀ ਰਾਹੀਂ ਗਵਰਨਰ ਜਨਰਲ ਨੇ ਇਕ ਸਰਕਾਰੀ ਫਰਮਾਨ ਜਾਰੀ ਕੀਤਾ-

"No one should be allowed to interfere with the practice, by his neighbour of customs which that neighbour's religion permits."

" ਕਿਸੇ ਵਿਅਕਤੀ ਨੂੰ ਆਪਣੇ ਗੁਆਂਢੀ ਦੀ ਧਾਰਮਿਕ ਮਰਿਆਦਾ, ਰਹੁ ਰੀਤਾਂ ਅਤੇ ਜੀਵਨ ਢੰਗ ਵਿਚ ਰੁਕਾਵਟ ਪਾਉਣ ਜਾਂ ਦਖਲ ਅੰਦਾਜ਼ੀ ਕਰਨ ਦੀ ਇਜ਼ਾਜ਼ਤ ਨਹੀਂ ਦਿੱਤੀ ਜਾਵੇਗੀ। "

ਬਰਤਾਨਵੀ ਹਾਕਮਾਂ ਨੇ ਇਹ ਆਖ ਕੇ ਕਿ ਹਰ ਕਿਸੇ ਨੂੰ ਆਪਣੇ ਧਰਮ ਵਿਚ ਰਹਿਣ ਦੀ ਖੁੱਲ੍ਹ ਹੈ, ਸਾਰੇ ਪੰਜਾਬ ਵਿਚ ਬੁਚੜਖ਼ਾਨੇ ਖੋਲ੍ਹਣ ਦੀ ਇਜਾਜਤ ਦੇ ਦਿੱਤੀ। ਮੁਸਲਮਾਨ ਅਤੇ ਇਸਾਈਆਂ ਨੂੰ ਗਊ-ਬੱਧ ਦੀ ਪੂਰੀ ਅਜ਼ਾਦੀ ਹੋ ਗਈ।

ਅੰਗ੍ਰੇਜ਼ ਆਪ ਗਾਂ ਦਾ ਮਾਸ ਖਾਂਦੇ ਸਨ, ਇਸ ਲਈ ਉਨ੍ਹਾਂ ਨੇ ਮੁਸਲਮਾਨਾਂ ਨੂੰ ਹੱਲਾ- ਸ਼ੇਰੀ ਦੇ ਕੇ ਉਕਸਾਇਆ ਅਤੇ ਥਾਂ ਥਾਂ 'ਤੇ ਬੁੱਚੜਖਾਨੇ ਖੋਲ੍ਹਣ ਦੀ ਖੁੱਲ੍ਹ ਦੇ ਦਿਤੀ। ਅੰਮ੍ਰਿਤਸਰ, ਰਾਏਕੋਟ ਤੇ ਮਲੇਰਕੋਟਲਾ ਵਿਖੇ ਖੋਲ੍ਹੇ ਗਏ ਬੁੱਚੜਖਾਨਿਆਂ ਦਾ ਮੁੱਖ ਮੰਤਵ ਸੀ-ਗਊ ਹੱਤਿਆ ਦੁਆਰਾ ਹਿੰਦੂ ਤੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਕੇ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣਾ। ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਘੰਟਾ ਘਰ ਵਾਲੇ ਪਾਸੇ, ਰਾਏਕੋਟ ਵਿਖੇ ਦਸਵੇਂ ਪਾਤਸ਼ਾਹ ਜੀ ਦੇ ਗੁਰਦਵਾਰੇ ਦੇ ਨੇੜੇ, ਬੁੱਚੜਖਾਨੇ ਖੋਲ੍ਹੇ ਗਏ। ਗਊ-ਬਧ ਕਰਕੇ, ਗਊ ਮਾਸ ਵੇਚਿਆ ਹੀ ਨਹੀਂ ਜਾਣ ਲੱਗਾ ਸਗੋਂ ਸਿੱਖਾਂ ਅਤੇ ਹਿੰਦੂਆਂ ਦੇ ਪੂਜਨੀਕ ਧਾਰਮਿਕ ਅਸਥਾਨਾਂ ਨੂੰ ਮਾਸ ਤੇ ਹੱਡੀਆਂ ਸੁੱਟ ਕੇ ਅਪਵਿੱਤਰ ਕੀਤਾ ਜਾਣ ਲੱਗਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ

ਤੋਂ ਇਹ ਸਹਿਣ ਨਹੀਂ ਹੋਇਆ। ਬੁੱਚੜਖਾਨਿਆਂ 'ਤੇ ਹਮਲਾ ਕਰ ਕੇ ਗਊਆਂ ਨੂੰ ਅਜ਼ਾਦ ਕਰਵਾ ਕੇ ਨਾਮਧਾਰੀਆਂ ਨੇ ਅੰਗ੍ਰੇਜ਼ਾਂ ਨਾਲ ਸਿੱਧੀ ਟੱਕਰ ਲਈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰਾਜਸੀ, ਸਮਾਜਿਕ ਅਤੇ ਧਾਰਮਿਕ ਪ੍ਰੋਗ੍ਰਾਮ ਵਿਚ ਗਊ-ਰੱਖਿਆ ਦਾ ਮਸਲਾ ਵੀ ਸ਼ਾਮਲ ਸੀ। ਸ੍ਰੀ ਸਤਿਗੁਰੂ ਜੀ ਨੇ ਅੰਗ੍ਰੇਜ਼ ਰਾਜ ਦੀ ਦਹਿਸ਼ਤ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਧਰਮ ਯੁੱਧ ਲਈ ਨਾਮਧਾਰੀਆਂ ਨੂੰ ਸੰਗਠਤ ਕੀਤਾ।

ਸ੍ਰੀ ਸਤਿਗੁਰੂ ਜੀ ਦੀ ਸਰਪ੍ਰਸਤੀ ਹੇਠ ਨਾਮਧਾਰੀ ਸਿੱਖਾਂ ਨੇ ਗਊ-ਰੱਖਿਆ ਲਈ ਅਨੇਕ ਕੁਰਬਾਨੀਆਂ ਦਿੱਤੀਆਂ, ਕਸ਼ਟ ਤੇ ਤਸੀਹੇ ਝੱਲੇ ਅਤੇ ਅੰਗ੍ਰੇਜ਼ਾਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ, ਸੂਰਬੀਰਤਾ ਅਤੇ ਅਣਖ ਅਜੇ ਜ਼ਿੰਦਾ ਹੈ ਅਤੇ ਨਾਮਧਾਰੀ ਉਨ੍ਹਾਂ ਚਿਰ ਦਮ ਨਹੀਂ ਲੈਣਗੇ, ਜਿਨ੍ਹਾਂ ਚਿਰ ਗਊ ਘਾਤਕਾਂ ਨੂੰ ਕੱਢ ਕੇ ਦੇਸ਼ ਨੂੰ ਅਜ਼ਾਦ ਨਹੀਂ ਕਰਵਾ ਲੈਂਦੇ।

ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੇ ਨੇੜੇ ਖੋਲ੍ਹੇ ਬੁਚੜਖਾਨੇ 'ਚੋਂ ਇੱਲਾਂ ਤੇ ਕਾਂ, ਗਊਆਂ ਦੀਆਂ ਛੋਟੀਆਂ ਹੱਡੀਆਂ ਤੇ ਬੋਟੀਆਂ ਚੁੱਕ ਕੇ ਸਰੋਵਰ ਵਿਚ ਸੁੱਟਣ ਲੱਗੇ ਤਾਂ ਇਹ ਅੰਗ੍ਰੇਜ਼ ਹਾਕਮਾਂ ਵੱਲੋਂ ਹਿੰਦੂ ਸਿੱਖਾਂ ਨੂੰ ਇਕ ਵੰਗਾਰ ਸੀ। ਇਕ ਉਦੇਸ਼ ਉਨ੍ਹਾਂ ਦਾ ਇਹ ਵੀ ਸੀ ਕਿ ਜੇ ਕਿਤੇ ਅਜੇ ਵੀ ਅਣਖ ਦਾ ਬੀਜ ਬਚਿਆ ਹੋਵੇ ਤਾਂ ਭੜਕ ਕੇ ਉੱਗ ਪਵੇ, ਅਸੀਂ ਉਸ ਨੂੰ ਮਸਲ ਦੇਈਏ, ਫਿਰ ਨਿਸ਼ਚਿੰਤ ਹੋ ਕੇ ਰਾਜ ਕਰੀਏ।

ਅੰਗ੍ਰੇਜ਼ ਹਾਕਮਾਂ ਦੀ ਇਸ ਵੰਗਾਰ ਨੂੰ ਕਬੂਲਿਆ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਿਵਾਜੇ ਨਾਮਧਾਰੀ ਸਿੱਖਾਂ ਨੇ । ਸਭ ਤੋਂ ਪਹਿਲਾਂ ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਖੋਲ੍ਹੇ ਗਏ ਬੁੱਚੜਖਾਨੇ ਉੱਤੇ ਹਮਲਾ ਕਰ ਕੇ ਗਊਆਂ ਨੂੰ ਆਜ਼ਾਦ ਕਰਵਾਇਆ। ਬਾਅਦ ਵਿਚ ਆਪ ਅਦਾਲਤ ਵਿਚ ਪੇਸ਼ ਹੋਏ, ਸ਼ਬਦ ਪੜ੍ਹਦਿਆਂ ਸ਼ਹਾਦਤ ਦਾ ਜਾਮ ਪੀਣ ਵਾਸਤੇ ਰਾਮ ਬਾਗ ਬੋਹੜ ਵੱਲ ਕੂਚ ਕੀਤਾ।

ਗਊਆਂ ਨੂੰ ਬੁੱਚੜਖਾਨਿਆਂ ਵਿਚੋਂ ਛੁਡਾਉਣ ਦੇ ਜੁਰਮ ਵਿਚ, ਅੰਗ੍ਰੇਜ਼ ਹਕੂਮਤ ਵਲੋਂ, ਸੰਨ 1871 ਨੂੰ ਅੰਮ੍ਰਿਤਸਰ ਵਿਖੇ ਚਾਰ, ਰਾਏਕੋਟ ਵਿਖੇ ਤਿੰਨ ਅਤੇ ਲੁਧਿਆਣਾ ਵਿਖੇ ਦੋ ਨਾਮਧਾਰੀ ਸਿੱਖਾਂ ਨੂੰ, ਸਿਰਫ ਭਾਰਤੀ ਲੋਕਾਂ ਦੇ ਮਨਾਂ ਵਿਚ ਦਹਿਸ਼ਤ ਪੈਦਾ ਕਰਨ ਲਈ, ਸ਼ਰੇਆਮ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਇਹਨਾਂ ਸਿੱਖਾਂ ਨੇ ਮੂੰਹ ਨਹੀਂ ਢਕਿਆ, ਟੋਪ ਨਹੀਂ ਪਾਇਆ। ਇਸ਼ਨਾਨ ਕਰ ਅਰਦਾਸ ਕੀਤੀ, ਜਿੱਤ ਦਾ ਜੈਕਾਰਾ ਗਜਾਇਆ। ਫਾਂਸੀ ਦੇ ਰੇਸ਼ਮੀ ਫੰਦੇ ਆਪ ਆਪਣੇ ਗਲਾਂ 'ਚ ਪਾਏ ਤੇ ਸ਼ਹੀਦ ਹੋ ਗਏ। ਅੰਮ੍ਰਿਤਸਰ ਸਾਕੇ ਵਿਚ ਸ਼ਾਮਲ ਭਗੌੜਾ ਹੋਏ ਸੰਤ ਝੰਡਾ ਸਿੰਘ ਨੂੰ ਅੰਗ੍ਰੇਜ਼ ਹਾਕਮਾਂ ਨੇ ਸੰਨ 1873 ਵਿਚ ਫੜ ਕੇ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਮਲੇਰਕੋਟਲਾ ਵਿਖੇ 17-18 ਜਨਵਰੀ ਸੰਨ 1872 (6-7 ਮਾਘ, ਸੰਮਤ 1928) ਨੂੰ ਇਸੇ ਦੋਸ਼ ਅਧੀਨ ਬਿਨਾਂ ਮੁਕੱਦਮਾ ਚਲਾਏ 66 ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। 17 ਜਨਵਰੀ ਸੰਨ 1872 ਨੂੰ, ਮਲੇਰਕੋਟਲਾ ਦੇ ਰੱਕੜ ਵਿਚ ਸੱਤ ਤੋਪਾਂ ਸੱਤ ਵਾਰ ਚਲੀਆਂ ਅਤੇ 49 ਸਿੱਖ ਨੱਸ-ਨੱਸ ਕੇ ਆਪ ਤੋਪਾਂ ਅੱਗੇ ਆ ਕੇ, ਦੇਸ਼ ਦੀ ਅਜ਼ਾਦੀ ਲਈ ਆਪਣੇ ਸਰੀਰ ਦਾ ਤੂੰਬਾ-ਤੂੰਬਾ ਉੱਡਵਾ ਕੇ ਸ਼ਹੀਦ ਹੋ ਗਏ। 50ਵਾਂ ਸ਼ਹੀਦ ਹੋਇਆ ਸਿੱਖ ਇਕ 12 ਸਾਲ ਦਾ ਬਾਲਕ ਬਿਸ਼ਨ ਸਿੰਘ ਸੀ। ਇਸ ਨੂੰ ਤਲਵਾਰਾਂ ਨਾਲ ਕੱਟ ਕੇ ਸ਼ਹੀਦ ਕੀਤਾ ਗਿਆ ਸੀ ਕਿਉਂਕਿ ਇਸ ਨੇ ਗੁੱਸੇ ਵਿਚ ਅੰਗ੍ਰੇਜ਼ ਅਫਸਰ ਕਾਵਨ ਦੀ ਦਾੜ੍ਹੀ ਨੂੰ ਜਾ ਹੱਥ ਪਾਇਆ ਸੀ। ਕਾਵਨ ਨੇ ਇਸ ਨੂੰ ਆਖਿਆ ਸੀ ਕਿ ਤੂੰ ਕਹਿ ਦੇ ਕਿ ਮੈਂ ਸ੍ਰੀ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ, ਤੇਰੀ ਜਾਨ ਬਖਸ਼ ਦਿਆਂਗੇ । ਬਾਕੀ ਦੇ 16 ਸਿੱਖਾਂ ਨੂੰ 18 ਜਨਵਰੀ 1872 ਨੂੰ ਤੋਪਾਂ ਨਾਲ ਸ਼ਹੀਦ ਕੀਤਾ ਗਿਆ। ਅੰਗ੍ਰੇਜ਼ਾਂ ਨੇ, ਨਾਮਧਾਰੀ ਸਿੱਖਾਂ ਨੂੰ ਅਨੇਕ ਪ੍ਰਕਾਰ ਦੇ ਤਸੀਹੇ ਦੇ ਕੇ, ਸਮੁੰਦਰਾਂ 'ਚ ਡੋਬ ਕੇ, ਕਾਲੇ ਪਾਣੀ ਕੈਦ ਕਰਕੇ ਅਤੇ ਹੋਰ ਕਈ ਪ੍ਰਕਾਰ ਨਾਲ ਸ਼ਹੀਦ ਕੀਤਾ।

ਅੰਗ੍ਰੇਜ਼ ਹਾਕਮ ਸੋਚਦੇ ਸਨ ਕਿ ਇਨ੍ਹਾਂ ਕੂਕਿਆਂ ਨੂੰ ਸ਼ਰੇਆਮ ਫਾਂਸੀਆਂ 'ਤੇ ਚੜ੍ਹਾਉਣ, ਤੋਪਾਂ ਨਾਲ ਉਡਾਉਣ ਨਾਲ, ਲੋਕਾਂ ਵਿਚ ਸਹਿਮ ਛਾ ਜਾਵੇਗਾ। ਫਿਰ ਕੋਈ ਸਾਡੇ ਵਿਰੁੱਧ ਉੱਚੀ ਸਾਹ ਵੀ ਨਹੀਂ ਲਵੇਗਾ, ਪਰ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿੱਖਾਂ ਅੰਦਰੋਂ ਮੌਤ ਦਾ ਡਰ ਖਤਮ ਕਰ ਕੇ ਸੂਰਬੀਰਤਾ ਅਤੇ ਕੁਰਬਾਨੀ ਦਾ ਜਜ਼ਬਾ ਭਰ ਦਿੱਤਾ ਸੀ। ਕੂਕਿਆਂ ਦੀ ਇਸ ਜੋਸ਼ੀਲੀ ਭਾਵਨਾ ਤੋਂ ਹੋਰ ਦੇਸ਼ ਭਗਤ ਲਹਿਰਾਂ ਨੇ ਪ੍ਰੇਰਨਾ ਲਈ।

ਅੰਮ੍ਰਿਤਸਰ, ਰਾਏਕੋਟ, ਲੁਧਿਆਣੇ ਅਤੇ ਮਲੇਰਕੋਟਲਾ ਵਿਖੇ ਗਊਆਂ ਬਦਲੇ ਸ਼ਹੀਦ ਹੋਣ ਵਾਲੇ ਸਿੰਘਾਂ ਦਾ ਹਾਲ ਲਿਖਦੇ ਹੋਏ ਭਾਈ ਚੰਦਾ ਸਿੰਘ ਲਿਖਦੇ ਹਨ:-

ਇਹ ਮਲੇਛ ਨੰਦਣੋ ਆਏ।
ਏਨ੍ਹਾਂ ਬੁੱਚੜਖਾਨੇ ਲਾਏ।
ਸਾਨੂੰ ਦੁੱਖ ਗਊਆਂ ਦਾ ਖਾਏ।
ਸਿੰਘੋਂ ਸਿਰ ਦੇਣੇ ਹੁਣ ਆਏ।
ਨਾਮ ਅਕਾਲ ਦੇ।

ਸੰਤ ਧਿਆਨ ਸਿੰਘ 'ਕਾਦਰਾਬਾਦੀ' ਰਚਿਤ ਸਤਿਗੁਰੂ ਬਿਲਾਸ ਦੇ ਸਵੈਯੇ ਅਨੁਸਾਰ-

**" ਸੀਸ ਦੀਯੇ ਅਰ ਸੀ ਨਾ ਕਰੀ ਜਿਨ,**
**ਸਿਖਨ ਤਾਹਿ ਕੋ ਮੈ ਬਲਿਹਾਰੀ।**
**ਗੋ-ਹਿਤ ਗੋ ਇਤਨੀ ਸਹਿ ਕਰ ਜਿਨ,**
**ਬੁਚੜ ਮਾਰ ਕੇ ਧੇਨ ਉਭਾਰੀ।**
**ਤੇ ਸਿਖ ਵਾ ਗੁਰ ਕੇਹਰ ਰਾਮ ਕੋ,**
**ਧਿਆਨ ਮਰਗਿੰਦ ਕਰੋਰ ਜੁਹਾਰੀ।**
**ਗੋਇ ਗਰੀਬਨ ਪਾਲਨ ਕੇ ਹਿਤ,**
**ਰਾਮ ਮਰਗਿੰਦ ਆਯੋ ਤਨ ਧਾਰੀ।"**

ਮਲੇਰਕੋਟਲਾ ਸਾਕੇ ਦੇ ਸ਼ਹੀਦੀ ਕਾਂਡ ਤੋਂ ਫੌਰਨ ਬਾਅਦ, 18 ਜਨਵਰੀ ਸੰਨ 1872 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ 1818 ਦੇ ਰੈਗੂਲੇਸ਼ਨ III ਐਕਟ ਤਹਿਤ ਉਨ੍ਹਾਂ ਦੇ ਨਿਜੀ ਸੇਵਕ ਭਾਈ ਨਾਨੂੰ ਸਿੰਘ ਅਤੇ ਪ੍ਰਮੁੱਖ ਸੂਬੇ ਸਾਹਿਬਾਨ ਸਮੇਤ ਕੈਦ ਕਰਕੇ ਅਲਾਹਾਬਾਦ ਦੇ ਕਿਲ੍ਹੇ ਵਿਚ ਨਜ਼ਰਬੰਦ ਕੀਤਾ ਗਿਆ। *ਉਥੋਂ,* 16 ਮਾਰਚ 1872 ਨੂੰ, ਸ੍ਰੀ ਸਤਿਗੁਰੂ ਜੀ ਨੂੰ ਉਨ੍ਹਾਂ ਦੇ ਨਿਜੀ ਸੇਵਕ ਸਮੇਤ, ਕਲਕੱਤੇ ਤੋਂ ਰੰਗੂਨ (ਬਰਮਾ) ਵਿਖੇ ਭੇਜ ਦਿਤਾ ਗਿਆ। ਉਥੋਂ ਵੀ ਕ੍ਰੀਬ ਸਾਢੇ 8 ਸਾਲ ਬਾਅਦ ਸ੍ਰੀ ਸਤਿਗੁਰੂ ਜੀ ਨੂੰ,ਦੇਸ਼ ਨਾਲੋਂ ਹੁਕਮਨਾਮਿਆਂ ਰਾਹੀਂ ਨਾਤਾ ਤੋੜਨ ਲਈ, ਮਰਗੋਈ ਟਾਪੂ (ਬਰਮਾ) ਵਿਖੇ ਰਖਿਆ ਗਿਆ। ਸੂਬਿਆਂ ਨੂੰ ਵੱਖੋ ਵੱਖ ਥਾਵਾਂ 'ਤੇ ਭੇਜ ਕੇ ਕੈਦ ਰੱਖਿਆ ਗਿਆ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰੰਗੂਨ ਤੋਂ ਭੇਜੇ ਆਪਣੇ ਹੁਕਮਨਾਮਿਆਂ ਵਿਚ ਲਿਖ ਕੇ ਭੇਜਦੇ ਰਹੇ,

" **ਸਾਨੂੰ ਗਊਆਂ ਮਾਰਨ ਦਾ ਬਹੁਤ ਦੁੱਖ ਹੈ, ਕਿਉਂਕਿ ਗਊਆਂ ਵਿਚ ਗੁਣ ਬਹੁਤ ਹਨ, ਅਉਗੁਣ ਕੋਈ ਵੀ ਨਹੀਂ।** "

**" ਇਕ ਗਾਈਂ ਦਾ ਤਰਸ ਠੀਕ ਆਉਂਦਾ ਹੈ ਹੁਣ ਭੀ, ਜੋ ਗਾਈਂ ਮੇਂ ਬਹੁਤ ਗੁਣ ਹੈਨ ਔਗੁਣ ਕੋਈ ਬੀ ਨਹੀਂ। ਬਿਚਾਰ ਲੇਹੁ।"**

ਸ੍ਰੀ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਪਿਛੋਂ, ਸ੍ਰੀ ਭੈਣੀ ਸਾਹਿਬ ਦੀ ਡਿਉੜੀ ਅੱਗੇ ਪੁਲਿਸ ਚੌਂਕੀ ਬਿਠਾ ਦਿਤੀ ਗਈ, ਜਿਹੜੀ ਕਰੀਬ 50 ਸਾਲ (ਸੰਨ 1872 ਤੋਂ 1923 ਤੀਕ) ਰਹੀ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਜਿਵੇਂ ਅੰਗ੍ਰੇਜ਼ ਸਰਕਾਰ ਨੇ ਨਾਮਧਾਰੀ ਪੰਥ 'ਤੇ ਸਖਤੀਆਂ ਅਤੇ ਜ਼ੁਲਮ ਕੀਤੇ, ਇਹ ਇਕ ਰੌਂਗਟੇ ਖੜੇ ਕਰਨ ਵਾਲਾ ਗੌਰਵਮਈ ਇਤਿਹਾਸ ਹੈ। ਭਾਰੀ ਕਠਿਨਾਈਆਂ ਸਹਿਣ ਕਰਦਿਆਂ ਵੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸਦਾ ਵਰਤ ਲੰਗਰ ਦੇ ਨਾਲ ਨਾਲ ਗਊਸ਼ਾਲਾ ਕਾਇਮ ਰੱਖੀ

ਅਤੇ ਗਊ-ਸੇਵਾ ਵਿਚ ਫਰਕ ਨਾ ਪੈਣ ਦਿੱਤਾ। ਆਪ ਸਵੇਰੇ ਆਪਣੇ ਨਿਤਨੇਮ ਤੋਂ ਬਾਅਦ ਸਭ ਤੋਂ ਪਹਿਲਾਂ ਤਬੇਲੇ ਵਿਚ ਆ ਕੇ ਗਊਆਂ ਦੇਖਦੇ ਹੁੰਦੇ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਸਿੱਖਾਂ 'ਤੇ ਪਾਬੰਦੀਆਂ ਤੇ ਸਖਤੀਆਂ ਕੁਝ ਨਰਮ ਹੋਈਆਂ ਤਾਂ ਸਤਿਗੁਰਾਂ ਨੇ ਪ੍ਰਚਾਰ ਦੌਰੇ ਪੰਜਾਬ ਤੋਂ ਬਾਹਰ ਕਰਨੇ ਸ਼ੁਰੂ ਕੀਤੇ। ਸ੍ਰੀ ਭੈਣੀ ਸਾਹਿਬ ਵਿਚ ਸੰਗਤਾਂ ਦੀਆਂ ਹੋਰ ਜ਼ਿਆਦਾ ਰੌਣਕਾਂ ਲੱਗਣ ਲੱਗੀਆਂ। ਹੋਲਾ ਅਤੇ ਜਪ ਪ੍ਰਯੋਗ ਤੋਂ ਬਿਨਾਂ ਹੋਰ ਕਾਨਫਰੰਸਾਂ ਅਤੇ ਸਮਾਗਮਾਂ ਦੇ ਮੇਲੇ,ਅੰਤਰ ਰਾਸ਼ਟਰੀ ਪੱਧਰ 'ਤੇ ਮਨਾਏ ਜਾਣ ਲੱਗੇ। ਸੋ ਲੋੜ ਮੁਤਾਬਿਕ ਸਤਿਗੁਰੂ ਜੀ ਨੇ ਗਊਸ਼ਾਲਾ ਦਾ ਵਿਆਪਕ ਪੱਧਰ 'ਤੇ ਵਿਕਾਸ ਕੀਤਾ। ਭਾਰਤੀ ਸ਼ੁੱਧ ਨਸਲ ਦੀਆਂ ਖਾਸ ਕਰਕੇ ਸਾਹੀਵਾਲ ਅਤੇ ਹਰਿਆਣਾ ਨਸਲ ਦੀਆਂ ਗਊਆਂ, ਗਊਸ਼ਾਲਾ ਵਿਚ ਰੱਖੀਆਂ। ਕਿਹੜੀ ਗਊ ਕਿੰਨਾਂ ਦੁੱਧ ਦਿੰਦੀ ਹੈ ਤੇ ਕਿੰਨਾ ਸਮਾਂ ਦੁੱਧ ਦਿੱਦੀ ਹੈ,ਉਹਨਾਂ ਦਾ ਪੂਰਾ ਰਿਕਾਰਡ ਸਤਿਗੁਰੂ ਜੀ ਵਲੋਂ ਰੱਖਿਆ ਜਾਂਦਾ ਸੀ।

ਸ੍ਰੀ ਸਤਿਗੁਰੂ ਜੀ ਵਲੋਂ ਨਾਮਧਾਰੀ ਜਗਤ ਨੂੰ ਸਖਤ ਹੁਕਮ ਸੀ ਕਿ ਕੋਈ ਵੀ ਨਾਮਧਾਰੀ ਕਿਸੇ ਬੁੱਚੜ ਨੂੰ ਗਊ ਨਾ ਵੇਚੇ। ਉਹਨਾਂ ਨੇ ਭਾਰਤ ਦੀ ਵੰਡ ਤੋਂ ਬਾਅਦ ਹਰਿਆਣਾ ਪ੍ਰਦੇਸ਼ ਦੀ ਧਰਤੀ 'ਤੇ ਉਜੜ ਕੇ ਆਏ ਨਾਮਧਾਰੀਆਂ ਨੂੰ ਵਸਾਉਣ ਲਈ ਜ਼ਿਲ੍ਹਾ ਹਿਸਾਰ (ਹੁਣ ਜ਼ਿਲ੍ਹਾ ਸਰਸਾ) ਵਿਖੇ ਸ੍ਰੀ ਜੀਵਨ ਨਗਰ, ਸੰਤ ਨਗਰ ਆਦਿ ਬਹੁਤ ਸਾਰੇ ਨਵੇਂ ਪਿੰਡ ਵਸਾਏ ਅਤੇ ਨਾਮਧਾਰੀਆਂ ਨੂੰ ਅਨੇਕ ਬਿੱਘੇ ਜ਼ਮੀਨ ਮੁਫਤ ਵੰਡੀ ਅਤੇ ਨਾਲ ਹੀ ਗਊਆਂ ਵੀ ਦਿਤੀਆਂ।

" ਸਤਿਗੁਰੂ ਜੀ 2-3 ਜੇਠ ( ਸੰਮਤ 2011 ਬਿ.) ਦਿੱਲੀ ਗਊ ਬੱਧ ਬੰਦ ਕਰਨ ਦੇ ਸੰਬੰਧ ਵਿਚ ਹੋਏ ਸੰਮੇਲਨ 'ਤੇ ਦਰਸ਼ਨ ਦਿੱਤੇ ਤੇ ਬੋਲੇ ਭੀ ਕਿ ਸਿਰਫ **ਗਊ-ਪੂਜਕ ਨਾ ਬਣੋ, ਗਊ ਪਾਲਕ ਬਣੋ। ਗਊ ਦੀ ਨਸਲ ਸੁਧਾਰੋ ਤੇ ਅੰਦਰੋਂ ਹੋ ਕੇ ਪਿਆਰੋ ਗਊ ਨੂੰ।** ਬਹੁਤ ਦੂਰ ਦੂਰ ਤੋਂ ਹਿੰਦੂ ਗਊ ਧਰਮੀ ਲੋਕ ਆਏ ਸੀ ਤੇ ਬੋਲੇ ਭੀ ਸੀ।"

– ਜੱਸ ਜੀਵਨ ਭਾਗ-6 ਪੰਨਾ 33 ਰਚਿਤ ਸੰਤ ਤਰਨ ਸਿੰਘ ਵਹਿਮੀ

## ਅਜ਼ਾਦੀ ਸਮੇਂ

ਨਾਮਧਾਰੀ ਪੰਥ ਨੇ ਦੇਸ਼ ਦੇ ਸੁਤੰਤਰਤਾ ਸੰਗ੍ਰਾਮ ਵਿਚ ਅਹਿਮ ਯੋਗਦਾਨ ਪਾਇਆ। ਅਨੇਕ ਕੁਰਬਾਨੀਆਂ ਦਿਤੀਆਂ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਸ਼ ਦੀ ਅਜ਼ਾਦੀ ਤੋਂ ਬਾਅਦ ਕੋਈ ਮੰਗ ਨਹੀਂ ਰੱਖੀ।

ਸੰਨ 1945 ਈ ਵਿਚ ਸ਼ਿਮਲੇ ਵਿਚ ਵੇਵਲ ਕਾਨਫਰੰਸ ਹੋਈ। ਉੱਥੇ ਗਏ ਹੋਏ ਪੰ ਜਵਾਹਰ ਲਾਲ ਨਹਿਰੂ, ਮੌਲਾਨਾ ਆਜ਼ਾਦ ਆਦਿਕ ਦੀ ਮੁਲਾਕਾਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਹੋਈ। ਗੱਲ-ਬਾਤ ਦੌਰਾਨ ਸ੍ਰੀ ਸਤਿਗੁਰੂ ਜੀ ਨੂੰ ਪੁੱਛਿਆ ਗਿਆ ਕਿ ' ਕਾਨਫਰੰਸ ਵਿਚ ਵੱਖੋ-ਵੱਖ ਸ਼੍ਰੇਣੀਆਂ ਅਤੇ ਪਾਰਟੀਆਂ ਆਪੋ ਆਪਣੀਆਂ ਮੰਗਾਂ ਲੈ ਕੇ ਪਹੁੰਚੀਆਂ ਹਨ, ਆਪ ਕੀ ਚਾਹੁੰਦੇ ਹੋ ? ਕੀ ਆਪ ਜੀ ਦੀ ਵੀ ਕੋਈ ਉਚੇਚੀ ਮੰਗ ਹੈ ? ' ਸ੍ਰੀ ਸਤਿਗੁਰੂ ਜੀ ਨੇ ਉੱਤਰ ਦਿਤਾ ਕਿ ਉਨ੍ਹਾਂ ਦੀ ਕੋਈ ਮੰਗ ਨਹੀਂ ਹੈ। ਸਿਰਫ ਇਕੋ ਹਾਰਦਿਕ ਇੱਛਾ ਹੈ ਕਿ ਭਾਰਤ ਅਜ਼ਾਦ ਹੋਵੇ ਅਤੇ ਰਿਸ਼ੀਆਂ ਮੁਨੀਆਂ ਦੇ ਇਸ ਦੇਸ਼ ਵਿਚ ਗਊ-ਗ੍ਰੀਬ ਦੀ ਰੱਖਿਆ ਹੋਵੇ। ਆਜ਼ਾਦ ਭਾਰਤ ਵਿਚ ਗਊ-ਬੱਧ ਪੂਰਨ ਤੌਰ 'ਤੇ ਬੰਦ ਹੋਵੇ।

ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ, ਅਜ਼ਾਦ ਭਾਰਤ ਵਿਚ ਗਊ ਦੇ ਮਸਲੇ ਨੇ ਇਕ ਵੱਖਰੀ ਸ਼ਕਲ ਅਖਤਿਆਰ ਕਰ ਲਈ। ਜਿਸ ਹਿੰਦੂ ਧਰਮ ਦੀ ਪ੍ਰਤੀਕ ਕੇਵਲ ਗਊ ਹੀ ਸੀ, ਉਸ ਵਿਚ ਏਨਾ ਪਰਿਵਰਤਨ ਆ ਗਿਆ ਕਿ ਰਾਜਸੀ ਪ੍ਰਤੀਨਿਧਾਂ ਨੇ ਕਾਨੂੰਨੀ ਤੌਰ 'ਤੇ, ਨਕਾਰਾ ਗਊਆਂ ਦਾ ਕਤਲ ਹੋਣਾਂ ਮੰਨ ਲਿਆ। ਕੁਝ ਹਿੰਦੂ ਦੁਕਾਨਦਾਰਾਂ ਨੇ ਖੱਲਾਂ ਦਾ ਵਪਾਰ ਸ਼ੁਰੂ ਕਰ ਦਿਤਾ ਅਤੇ ਅਣਜੰਮੇ ਵੱਛੇ ਵੱਛੀਆਂ ਦਾ ਕੂਲਾ ਬੂਰਦਾਰ ਚਮੜਾ ਪ੍ਰਾਪਤ ਕਰਨ ਲਈ ਗੱਭਣ ਗਊਆਂ ਦਾ ਖਾਤਮਾ ਕਰਵਾਉਣਾ ਵੀ ਵਿਉਪਾਰ ਵਿਚ ਸ਼ਾਮਲ ਕਰ ਲਿਆ।

ਅੰਗ੍ਰੇਜ਼ਾਂ ਦੇ ਰਾਜ ਸਮੇਂ ਨਾਮਧਾਰੀਆਂ ਨੇ ਮਲੇਰਕੋਟਲੇ, ਰਾਏਕੋਟ ਅਤੇ ਅੰਮ੍ਰਿਤਸਰ ਵਿਚ ਖੋਲ੍ਹੇ ਗਏ ਬੁੱਚੜਖਾਨਿਆਂ ਦਾ ਵਿਰੋਧ ਕੀਤਾ ਅਤੇ ਬੁੱਚੜਾਂ 'ਤੇ ਹਮਲਾ ਕਰ ਕੇ ਗਊਆਂ ਦੇ ਰੱਸੇ ਖੋਲਣ ਬਦਲੇ ਫਾਂਸੀਆਂ 'ਤੇ ਲਟਕੇ, ਤਲਵਾਰਾਂ ਨਾਲ ਸ਼ਹੀਦ ਹੋਏ, ਤੋਪਾਂ ਅਗੇ ਪੁਰਜਾ ਪੁਰਜਾ ਹੋ ਉੱਡੇ। ਉਸੇ ਦੇਸ਼ ਭਾਰਤ ਦੇ ਅਜ਼ਾਦ ਹੋਣ ਮਗਰੋਂ, ਅਜ਼ਾਦ ਭਾਰਤ ਵਿਚ ਅਨੇਕ ਬੁੱਚੜਖ਼ਾਨੇ ਖੋਲ੍ਹੇ ਗਏ।

ਜਦੋਂ ਰਾਜਸੀ ਅਖਾੜੇ ਵਿਚ ਏਹ ਨਾਅਰਾ ਉਠਿਆ ਕਿ ਕਿਉਂਕਿ ਭਾਰਤੀ ਗਊਆਂ ਦੁੱਧ ਥੋੜ੍ਹਾ ਦਿੰਦੀਆਂ ਤੇ ਖਾਣਾ ਬਹੁਤਾ ਖਾਂਦੀਆਂ ਹਨ, ਇਸ ਲਈ ਵਧੀਆ ਨਸਲ ਦੀਆਂ ਗਊਆਂ ਬਾਹਰੋਂ ਲਿਆ ਕੇ ਪਾਲਣੀਆਂ ਚਾਹੀਦੀਆਂ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਗਲਤ ਧਾਰਣਾਂ ਨੂੰ ਰੱਦਣ ਲਈ ਭਾਰਤੀ ਗਊਆਂ ਦੀ ਨਸਲ ਸੁਧਾਰ ਵਾਸਤੇ ਅਨੇਕ ਸਫਲ ਯਤਨ ਕੀਤੇ।

ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਵਿਖੇ ਗਊਸ਼ਾਲਾਵਾਂ ਕਾਇਮ ਕੀਤੀਆਂ। ਇਨ੍ਹਾਂ ਵਿਚ ਸਾਹੀਵਾਲ, ਹਰਿਆਣਾ ਤੇ ਦੇਸੀ ਨਸਲ ਦੀਆਂ ਗਊਆਂ ਰੱਖੀਆ। ਸ੍ਰੀ ਜੀਵਨ ਨਗਰ (ਉਦੋਂ ਜ਼ਿਲ੍ਹਾ ਹਿਸਾਰ, ਹੁਣ ਸਰਸਾ) ਵਿਖੇ ਸ੍ਰੀ ਸਤਿਗੁਰੂ ਹਰੀ ਸਿੰਘ ਪਸ਼ੂ ਪਾਲਕ ਫਾਰਮ ਖੁਲ੍ਹਵਾਇਆ।

ਇਸ ਫਾਰਮ ਦੀਆਂ ਗਊਆਂ ਹਰ ਵਰ੍ਹੇ ਭਾਰਤ ਭਰ ਦੇ ਦੁੱਧ ਮੁਕਾਬਲੇ ਵਿਚੋਂ ਪਹਿਲੇ ਨੰਬਰ ਪ੍ਰਾਪਤ ਕਰਦੀਆਂ ਰਹੀਆਂ। ਆਮ ਗਊ ਆਪਣੇ ਜੀਵਨ ਕਾਲ ਵਿਚ 19400 ਪੌਂਡ ਦੁੱਧ ਦਿੰਦੀ ਹੈ ਜਦ ਕਿ ਸ੍ਰੀ ਜੀਵਨ ਨਗਰ ਦੇ ਉਪਰੋਕਤ ਫਾਰਮ ਦੀ ਇਕ ਗਊ ਨੌਂਲੱਖੀ ਨੇ ਇਕੋ ਸੂਏ ਵਿਚ ਹੀ 14150 ਪੌਂਡ ਤੋਂ ਵੱਧ ਦੁੱਧ ਦਿਤਾ ਸੀ।

" ਨੌਂ ਲੱਖੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਘਰ ਪੈਦਾ ਹੋਈ ਸਾਹੀਵਾਲ ਨਸਲ ਦੀ ਗਊ ਜਿਸਨੇ 300 ਦਿਨ 14150 ਪਾਊਂਡ, 1 ਦਿਨ ਵਿਚ ਵੱਧ ਤੋਂ ਵੱਧ 74¾ ਪਾਊਂਡ ਅਤੇ ਸਾਰੇ ਸੂਏ ਵਿਚ ਸਵਾ 24 ਪਾਊਂਡ ਰੋਜ਼ਾਨਾ ਔਸਤ ਦੁੱਧ ਦਿੱਤਾ। ਇਕ ਦਿਨ ਵਿਚ 2 ਸੇਰ ਮੱਖਣ (ਕ਼ਰੀਬ 1 ਸੇਰ 10 ਛਟਾਂਕ ਘਿਓ) ਵੀ ਇਸ ਨੇ ਦਿੱਤਾ।

" ਹੁਕਮੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਘਰ ਪੈਦਾ ਕੀਤੀ ਹੋਈ ਉਹ ਗਊ ਜਿਸ ਨੇ ਸੁੰਦਰਤਾ ਵਿਚ ਅਤੇ ਦੁੱਧ ਦੇਣ ਵਿਚ ਭਾਰੀ ਸੋਭਾ ਪ੍ਰਾਪਤ ਕੀਤੀ। ਇਸ ਨੇ ਉੱਤਰੀ-ਖੇਤਰ ਪਸ਼ੂ ਪ੍ਰਦਰਸ਼ਨੀ ਵਿਚ ਸਰਵੋਤਮ ਪਸ਼ੂ ਹੋਣ ਕਾਰਨ 1000 ਰੁਪਏ ਨਕਦ ਅਤੇ 5 ਕੱਪ ਇਨਾਮ ਵਿਚ ਜਿਤੇ। 306 ਦਿਨਾਂ ਵਿਚ 9502 ਪਾਊਂਡ ਦੁੱਧ ਅਤੇ ਸਾਰੇ ਸੂਏ ਵਿਚ 16 ਪਾਊਂਡ ਰੋਜ਼ਾਨਾ ਔਸਤ ਦੁੱਧ ਦਿਤਾ।

- ਸਤਿਜੁਗ ਦਾ ਗਊ-ਅੰਕ

ਸ੍ਰੀ ਸਤਿਗੁਰੂ ਜੀ ਦਿਨ ਵਿਚ ਇਕ ਵਾਰ ਗਊਆਂ ਨੂੰ ਜ਼ਰੂਰ ਵੇਖਦੇ। ਹਰ ਇਕ ਗਊ ਦਾ ਉਚੇਚਿਆਂ ਧਿਆਨ ਰੱਖਦੇ। ਆਪ **ਬਚਨ ਕਰਿਆ ਕਰਦੇ ਸਨ, "ਗਊਆਂ ਨੂੰ ਵੇਖ ਮੇਰਾ ਮਨ ਖੇੜੇ ਵਿਚ ਰਹਿੰਦਾ ਹੈ।"**

ਸੇਵਾ ਸਦਕਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਗਊਆਂ ਨੇ ਦੇਸ਼ ਭਰ ਵਿਚ ਹੋਈਆਂ ਪ੍ਰਤਿਯੋਗਿਤਾਵਾਂ ਵਿਚੋਂ ਇਨਾਮ ਜਿੱਤੇ ਅਤੇ ਦੁੱਧ ਤੇ ਘਿਓ ਦੇ ਨਵੇਂ ਰਿਕਾਰਡ ਕਾਇਮ ਕੀਤੇ।

ਹਰਿਆਣਾ ਨਸਲ ਦੀ ਗਊ ਭੋਡੀ ਅਤੇ ਇਸੇ ਨਸਲ ਦੀ ਗਊ ਚੰਦਰਮਣੀ ਨੇ ਪਸ਼ੂ ਪ੍ਰਦਰਸ਼ਨੀਆਂ ਵਿਚੋਂ ਸਰਵੋਤਮ ਇਨਾਮ ਜਿੱਤੇ। ਅਜਿਹੀਆਂ ਅਨੇਕ ਮਿਸਾਲਾਂ ਹਨ।

ਬੁੱਚੜਖਾਨੇ ਨੂੰ ਜਾ ਰਹੀਆਂ ਗਊਆਂ ਨੂੰ ਖ਼ਰੀਦ ਕੇ ਅਤੇ ਉਨ੍ਹਾਂ ਦੀ ਉਚੇਚੀ ਸੇਵਾ ਕਰਕੇ, ਸ੍ਰੀ ਸਤਿਗੁਰੂ ਜੀ ਨੇ ਇਹਨਾਂ ਗਊਆਂ ਤੋਂ ਆਮ ਨਾਲੋਂ ਕਿਤੇ ਵੱਧ ਮਾਤਰਾ ਵਿਚ ਦੁੱਧ ਤੇ ਘਿਓ ਪ੍ਰਾਪਤ ਕੀਤਾ। ਇਕ ਹਰਿਆਣਾ ਨਸਲ ਦੀ ਗਊ 'ਨਿਸ਼ਾਨੀ' ਨੂੰ ਲੁਧਿਆਣੇ ਤੋਂ ਬੁੱਚੜਾਂ ਪਾਸੋਂ, ਸ੍ਰੀ ਸਤਿਗੁਰੂ ਜੀ ਨੇ ਛੁਡਵਾਇਆ ਸੀ। ਬਾਅਦ 'ਚ ਸ੍ਰੀ ਭੈਣੀ ਸਾਹਿਬ ਪਸ਼ੂ ਪ੍ਰਦਰਸ਼ਨੀ ਵਿਚ ਇਹ ਗਊ 'ਨਿਸ਼ਾਨੀ' ਸਰਵੋਤਮ ਪਸ਼ੂ ਕਰਾਰ ਦਿਤੀ ਗਈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਰਦੇ ਸਨ ਕਿ,

**" ਗਊਆਂ ਦੀ ਸੇਵਾ ਐਵੇਂ ਨਹੀਂ ਜਾਂਦੀ, ਇਨ੍ਹਾਂ ਦਾ ਗੋਹਾ ਹੀ ਸੇਵਾ ਦਾ ਮੁੱਲ ਮੋੜ ਜਾਂਦਾ ਹੈ।"**

ਸ੍ਰੀ ਸਤਿਗੁਰੂ ਜੀ ਖੇਤਾਂ ਵਿਚ ਗੋਹੇ ਦੀ ਖਾਦ ਨੂੰ ਵਿਸ਼ੇਸ਼ਤਾ ਦਿੰਦੇ ਸਨ।

ਸੰਮਤ 2009 ਦੀ 'ਸਰਬ ਹਿੰਦ ਪਸ਼ੂ ਪ੍ਰਦਰਸ਼ਨੀ' ਹਿਸਾਰ ਵਿਖੇ ਹੋਈ। ਇਸ ਵਿਚ ਸਭ ਤੋਂ ਵੱਧ ਇਨਾਮ ਜਿੱਤਣ ਵਾਲੀਆਂ ਗਊਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਸਨ। ਜੇਤੂ ਪਸ਼ੂਆਂ ਦੇ ਮਾਲਕਾਂ ਨੂੰ ਪੁਰਸਕਾਰ ਦੇਣ ਉਪ੍ਰੰਤ ਉਸ ਵੇਲੇ ਦੇ ਰਾਸ਼ਟਰਪਤੀ **ਡਾ ਰਾਜਿੰਦਰ ਪ੍ਰਸ਼ਾਦ ਜੀ ਨੇ ਕਿਹਾ,**

**" ਜੋ ਲੋਗ ਗਊ ਮਾਰਤੇ ਹੈਂ, ਉਨ ਮੇਂ ਬਲ ਤੋ ਹੈ, ਬੁੱਧੀ ਨਹੀਂ ਹੈ।"**

**ਰਾਸ਼ਟਰਪਤੀ ਜੀ ਨੇ ਇਹ ਵੀ ਆਖਿਆ, "ਜਿਸ ਨੇ ਗਊ-ਪਾਲਣ ਸੀਖਨਾ ਹੈ ਵਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੇ ਪਾਸ ਜਾ ਕੇ ਸੀਖੇਂ।"**

**ਸ. ਪ੍ਰਤਾਪ ਸਿੰਘ ਕੈਰੋ ਨੇ ਕਿਹਾ, "ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਘੋੜੇ ਪਾਲੇ ਹਨ ਤਾਂ ਦੇਸ਼ ਵਿਦੇਸ਼ 'ਚ ਅੱਵਲ ਦਰਜਾ ਪ੍ਰਾਪਤ ਕੀਤਾ ਹੈ। ਗਊਆਂ ਮੱਝਾਂ ਦੀ ਨਸਲ ਬਣਾਈ ਹੈ ਤਾਂ ਸਭ ਨੂੰ ਮਾਤ ਕਰ ਦਿਤਾ।"**

**ਸ੍ਰੀ** ਸਤਿਗੁਰੂ ਜੀ ਗਊਸ਼ਾਲਾ ਵਿਚ ਸੇਵਾ ਕਰਨ ਲਈ 3-4 ਗਊਆਂ, ਇਕ ਇਕ ਸੇਵਕ ਨੂੰ ਦਿਆ ਕਰਦੇ ਹਨ।

ਸੰਤ ਮੱਘਰ ਸਿੰਘ (ਸੈਦੋ ਵਾਲੇ) ਨੇ ਮੈਨੂੰ ਦੱਸਿਆ,

"ਮੈ ਨਿੱਕੇ ਹੁੰਦਿਆਂ ਤੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਗਊਆਂ ਚਾਰਨ, ਪੱਠੇ ਪਾਉਣ ਅਤੇ ਦੁੱਧ ਚੋਣ ਦੀ ਸੇਵਾ ਕਰਿਆ ਕਰਦਾ ਸੀ। ਸ੍ਰੀ ਸਤਿਗੁਰੂ ਜੀ ਨੇ ਦਿੱਲੀ ਕਾਬਲੀ ਸ਼ਾਹ ਦੀ ਡੇਅਰੀ ਤੋਂ 600 ਰੁਪਏ ਵਿਚ ਇਕ ਗਊ ਮੁੱਲ ਲਈ ਸੀ। ਇਸ ਗਊ ਦਾ ਨਾਂ ਸ੍ਰੀ ਸਤਿਗੁਰੂ ਜੀ ਨੇ 'ਪੁਤਲੀ' ਰੱਖਿਆ। ਪੁਤਲੀ ਗਊ ਨੇ ਪਹਿਲੇ ਸੂਏ 14 ਸੇਰ ਦੁੱਧ ਦਿੱਤਾ। ਹਰੇਕ ਸੂਏ ਉਸ ਦਾ ਦੁੱਧ 4-5 ਸੇਰ ਵਧਦਾ ਗਿਆ। ਜਦੋਂ ਤੋਂ ਇਹ ਗਊ ਲਿਆਂਦੀ, ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ, ਮੈਂ ਹੋਰ ਗਊਆਂ ਨਾਲ ਇਸ ਦੀ ਸੇਵਾ ਸੰਭਾਲ ਕਰਦਾ ਸੀ। ਪੁਤਲੀ ਗਊ ਦੇ ਹਵਾਨੇ ਦੇ ਉੱਤੇ ਥਣਾਂ ਕੋਲ ਬੱਗੀਆਂ (ਚਿੱਟੀਆਂ) ਲਾਲ ਫਿੰਸੀਆਂ ਹੋਈਆਂ ਸਨ।"

ਇਕ ਦਿਨ ਗਊਸ਼ਾਲਾ ਦੇ ਪ੍ਰਬੰਧਕ ਸੂਬਾ ਵਰਿਆਮ ਸਿੰਘ ਨੇ ਗਊ ਨੂੰ ਵੇਖਦਿਆਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ,

"ਸੱਚੇ ਪਾਤਸ਼ਾਹ ਜੀ ਗਊ ਤਾਂ ਵਧੀਆ ਹੈ ਪਰ ਫਿੰਸੀਆਂ ਹੋ ਗਈਆਂ ਹਨ।"

ਸ੍ਰੀ ਸਤਿਗੁਰੂ ਜੀ ਬਚਨ ਕੀਤਾ,

"ਵਰਿਆਮ ਸਿਆਂ, ਦੁੱਧ ਬੜਾ ਦੇਊਗੀ ਇਹ"

ਸੰਤ ਮੱਘਰ ਸਿੰਘ ਨੇ ਦੱਸਿਆ, " ਮੈਂ ਉਸ ਵੇਲੇ ਕੋਲ ਹੀ ਖੜਾ ਸੀ। ਬਾਅਦ ਵਿਚ ਇਹ ਗਊ 'ਪੁਤਲੀ' ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਕਤ ਲਗਾਤਾਰ ਤਿੰਨ ਸਾਲ 'ਸਰਬ ਭਾਰਤੀ ਦੁੱਧ ਮੁਕਾਬਲੇ ਵਿਚੋਂ ਪਹਿਲੇ ਨੰਬਰ 'ਤੇ ਆਉਂਦੀ ਰਹੀ ਅਤੇ ਸੰਨ 1964 'ਚ ਮੁਕਾਬਲੇ ਵਿਚੋਂ 63 ਪੌਂਡ ਦੁੱਧ ਦੇਣ ਕਰ ਕੇ ਪਹਿਲੇ ਨੰਬਰ 'ਤੇ ਆਉਣ ਕਾਰਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ 'ਗੋਪਾਲ ਰਤਨ' ਪੁਰਸਕਾਰ ਮਿਲਿਆ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੇਂਡੂ ਖੇਤਰਾਂ ਵਿਚ ਪਸ਼ੂ ਪ੍ਰਦਰਸ਼ਨੀਆਂ ਕਰਵਾ ਕੇ ਤੇ ਇਨਾਮ ਦੇ ਕੇ, ਲੋਕਾਂ ਨੂੰ ਪਸ਼ੂਆਂ ਦੀ ਸੇਵਾ ਸੰਭਾਲ ਲਈ ਉਤਸਾਹਿਤ ਕੀਤਾ। ਗਊ ਰੱਖਿਆ ਲਈ ਉਚੇਚੇ ਉਪਰਾਲੇ ਕੀਤੇ।

ਭਾਰਤ ਸਰਕਾਰ ਨੇ ਸ੍ਰੀ ਸਤਿਗੁਰੂ ਜੀ ਨੂੰ ਪਸ਼ੂ ਧਨ ਦੀ ਉੱਨਤੀ ਲਈ ਬਣਾਈ ਗਈ ਕਮੇਟੀ ਵਿਚ ਉਚੇਚੇ ਤੌਰ 'ਤੇ ਸ਼ਾਮਲ ਕੀਤਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਦੇ ਸਨ,

**" ਗਊਆਂ ਦੀ ਕੇਵਲ ਪੂਜਾ ਹੀ ਨਹੀਂ, ਸੇਵਾ ਵੀ ਕਰਨੀ ਚਾਹੀਦੀ ਹੈ। ਗਊਆਂ ਦੀ ਸੇਵਾ ਨਾਲ ਗਊ ਰੱਖਿਆ ਆਪੇ ਹੋ ਜਾਵੇਗੀ।"**

**" ਗਊਆਂ ਦੀ ਨਸਲ ਸੁਧਾਰ ਲਈ ਉਚੇਚੇ ਯਤਨ ਕੀਤੇ ਜਾਣ ਤਾਂ ਕਿ ਗਊ-ਧਨ ਸਾਡੇ ਦੇਸ਼ ਦੇ ਆਰਥਿਕ ਵਿਕਾਸ ਦਾ ਆਧਾਰ ਬਣ ਸਕੇ।"**

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ

ਸੰਨ 1959 ਈ. ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ ਤਾਂ ਪੰਥ ਦੀ ਵਾਗਡੋਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੋਲ ਆ ਗਈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੋਰ ਸਾਰੇ ਖੇਤਰਾਂ ਵਿਚ ਵਿਕਾਸ ਦੇ ਕਾਰਜ ਕਰਨ ਤੋਂ ਇਲਾਵਾ ਗਊ ਪਾਲਣ ਦੇ ਗੁਰੂ ਸ਼ਗਿਰਦ ਵਿਰਸੇ ਨੂੰ ਹੋਰ ਬਹੁਤ ਵਧਾਇਆ ਹੈ।

ਗਊ-ਗ੍ਰੀਬ ਦੀ ਰੱਖਿਆ ਸਾਰੇ ਅਧਿਆਤਮਕ ਗੁਰੂ ਕਰਦੇ ਆਏ ਹਨ।

**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਨੁਸਾਰ,**

**"ਸਾਡੇ ਵਿਚ ਧਰਮ ਤੇ ਸਿਆਸਤ ਨੂੰ ਵੱਖਰਾ ਨਹੀਂ ਸਮਝਿਆ ਜਾਂਦਾ, ਸਾਡਾ ਧਰਮ ਹੈ—ਗਊ ਤੇ ਗ੍ਰੀਬ ਦੀ ਰੱਖਿਆ।"**

ਆਪ ਜੀ ਦੇ ਵਿਚਾਰ ਹਨ ਕਿ ਗਊ ਦੀ ਪੂਜਾ ਅਤੇ ਗਊ ਦੀ ਰੱਖਿਆ ਦੀਆਂ ਸਿਰਫ ਗੱਲਾਂ ਹੀ ਨਾ ਕੀਤੀਆਂ ਜਾਣ ਬਲਕਿ ਅਮਲੀ ਤੌਰ 'ਤੇ ਗਊ ਦੀ ਸੇਵਾ-ਸੰਭਾਲ ਅਤੇ ਪਾਲਣਾ ਵੀ ਕੀਤੀ ਜਾਵੇ। ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਹਨ ਕਿ ਹਰ ਨਾਮਧਾਰੀ ਗਊ ਰੱਖੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਖੁਦ ਵੀ ਆਪਣੇ ਹੱਥੀਂ ਗਊਆਂ ਦੀ ਸੇਵਾ ਕਰਦੇ ਰਹੇ ਹਨ। ਗਊਆਂ ਦਾ ਦੁੱਧ ਚੋਣਾਂ, ਚਾਰਾ ਦੇਣਾ, ਦਵਾਈ ਦੇਣੀਂ, ਸਭ ਕੰਮ ਆਪ ਕਰਦੇ ਰਹੇ ਹਨ। ਗੱਦੀ 'ਤੇ ਬੈਠਣ ਉਪ੍ਰੰਤ ਵੀ ਸ੍ਰੀ ਸਤਿਗੁਰੂ ਜੀ ਸਵੇਰੇ ਬਹੁਤ ਸੁਵਖਤੇ ਗਊਆਂ ਥੱਲਿਓਂ ਝਾੜੂ ਫੇਰ ਕੇ, ਸੇਵਾ ਕਰਦੇ ਰਹੇ ਹਨ। ਆਪ ਜੀ ਦਾ ਕ੍ਰੀਬ ਰੋਜ਼ਾਨਾ ਗਊਸ਼ਾਲਾ ਵਿਚ ਗਊਆਂ ਨੂੰ ਵੇਖਣ ਜਾਣ ਦਾ ਨਿਤ ਕਰਮ ਰਿਹਾ ਹੈ। ਆਪਣੇ ਕਰ ਕਮਲਾਂ ਨਾਲ ਗਊਆਂ ਨੂੰ ਗੁੜ ਜਾਂ ਚਾਰਾ ਖਵਾ ਕੇ ਕੰਢ ਥਾਪੜ ਪਿਆਰ ਦਿੰਦੇ ਹਨ। ਗਊਆਂ ਦੀ ਸਾਂਭ-ਸੰਭਾਲ ਵਿਚ ਕੋਈ ਕਮੀ ਨਾ ਰਹਿ ਜਾਵੇ, ਇਸ ਗੱਲ ਦੀ ਆਪ ਨਿਗਰਾਨੀ ਰਖਦੇ ਹਨ।

ਜਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗਊਆਂ ਦਾ ਦੁੱਖ ਸਹਿ ਨਹੀਂ ਸਕਦੇ ਸਨ, ਉਵੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਹੀ ਪਾਸੋਂ ਗਊਆਂ ਦੇ ਦੁੱਖ ਜ਼ਰੇ ਨਹੀਂ ਜਾਂਦੇ। ਗਊਆਂ ਪ੍ਰਤੀ ਇਸ ਸੋਚ ਨੂੰ ਆਪ ਹਮੇਸ਼ਾ ਪ੍ਰਮੁੱਖ ਰੱਖਦੇ ਹਨ।

ਸੱਚੇ ਪਾਤਸ਼ਾਹ ਜੀ ਕੱਲੀ-ਕੱਲੀ ਗਾਂ ਦਾ ਕਿੰਨਾ ਫਿਕਰ ਕਰਦੇ ਰਹੇ ਹਨ, ਇਸ ਬਾਰੇ ਮੈਨੂੰ ਸੰਤ ਸੁਖਦੇਵ ਸਿੰਘ ਟਿੱਬੇ ਵਾਲਿਆਂ ਨੇ ਦੱਸਿਆ ਕਿ ਸੰਨ 1990-91 ਦੀ ਗੱਲ ਹੈ:- ਇੱਕ ਦਿਨ ਅੰਮ੍ਰਿਤ ਵੇਲੇ ਸਵੇਰੇ 2 ਵਜੇ ਮੈਨੂੰ ਸ੍ਰੀ ਸਤਿਗੁਰੂ ਜੀ ਦਾ ਫੋਨ ਆਇਆ ਕਿ ਸ੍ਰੀ ਜੀਵਨ ਨਗਰ ਦੀ ਇੱਕ ਸਾਹੀਵਾਲ ਗਾਂ (ਜਿਸਦੇ ਇੱਕ ਸਿੰਗ 'ਤੇ ਕੈਂਸਰ ਦੀ ਤਕਲੀਫ ਸੀ), ਬਾਰੇ ਕਿ ਹੁਣੇ ਫੌਰਨ ਜਾ ਅਤੇ ਉਸ ਗਾਂ ਦਾ ਹਾਲ ਪਤਾ ਕਰ ਕੇ ਮੈਨੂੰ ਫੋਨ 'ਤੇ ਦੱਸੀਂ।

ਸ੍ਰੀ ਜੀਵਨ ਨਗਰ ਵਿਖੇ ਇੱਕ ਲਾਵਾਰਿਸ ਗਾਂ, ਜਿਸਨੂੰ ਬਹੁਤ ਜ਼ਿਆਦਾ ਤਕਲੀਫ ਸੀ, ਸ੍ਰੀ ਸਤਿਗੁਰੂ ਜੀ ਦੀ ਦ੍ਰਿਸ਼ਟੀ ਵਿੱਚ ਆਈ ਤਾਂ ਉਨ੍ਹਾਂ ਨੇ ਉਸੇ ਵੇਲੇ ਨੰਬਰਦਾਰ ਅਮਰ ਸਿੰਘ ਨੂੰ ਹੁਕਮ ਕੀਤਾ ਕਿ "ਇਸ ਗਊ ਦਾ ਜਲਦੀ ਇਲਾਜ ਕਰਵਾਓ, ਜਿੰਨੇ ਪੈਸੇ ਲੱਗਣਗੇ, ਮੈਂ ਦਿਆਂਗਾ।"

ਸੰਤ ਸੁਖਦੇਵ ਸਿੰਘ (ਟਿੱਬਾ) ਨੇ ਮੈਨੂੰ ਦੱਸਿਆ ਕਿ ਮੈਂ ਸ੍ਰੀ ਸਤਿਗੁਰੂ ਜੀ ਦੀ ਰਸਨਾ ਤੋਂ ਇਹ ਗੱਲ ਖੁਦ ਸੁਣੀ ਹੈ ਕਿ ਇੱਕ ਵਾਰ ਹਜੂਰ ਚੰਡੀਗੜ੍ਹ ਤੋਂ ਸ੍ਰੀ ਭੈਣੀ ਸਾਹਿਬ ਬੱਸ ਤੇ ਆ ਰਹੇ ਸਨ, (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਕਤ ਜਦੋਂ ਉਹ ਬਾਬਾ ਜੀ ਦੇ ਰੂਪ ਵਿੱਚ ਸਨ) ਤਾਂ ਨੇੜੇ ਬੈਠੇ ਇੱਕ ਬੰਦੇ ਨੇ ਕਿਹਾ ਕਿ ਗਊਆਂ ਪਾਲਣ ਵਾਸਤੇ ਬਹੁਤ ਥਾਂ ਚਾਹੀਦੀ ਹੈ। ਸ੍ਰੀ ਸਤਿਗੁਰੂ ਜੀ ਨੇ ਫਰਮਾਇਆ,

**"ਗਊ ਪਾਲਣ ਲਈ ਧਰਤੀ 'ਤੇ ਨਹੀਂ, ਦਿਲ ਵਿੱਚ ਜਗ੍ਹਾ ਚਾਹੀਦੀ ਹੈ।"**

ਇੱਕ ਵਾਰ ਇੱਕ ਡੈਲੀਗੇਸ਼ਨ ਦੇ ਮੈਂਬਰ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਜਿਹੜੀ ਗਊ ਏਨਾ ਦੁੱਧ ਦਿੰਦੀ ਹੈ, ਉਸ ਦੇ ਖਰਚ ਕਿੰਨਾ ਆਉਂਦਾ ਹੋਵੇਗਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਫਰਮਾਇਆ,

**"ਮੈਂ ਗਊ ਨਾਲ ਹਿਸਾਬ ਨਹੀਂ ਕਰਦਾ**
**ਕਿਉਂਕਿ ਗਊ ਮੇਰੇ ਨਾਲ ਹਿਸਾਬ ਨਹੀਂ ਕਰਦੀ"**

ਸ੍ਰੀ ਸਤਿਗੁਰੂ ਜੀ ਸਮੇਂ ਸਮੇਂ 'ਤੇ ਸੇਵਕਾਂ ਨੂੰ ਪੁੱਛਦੇ ਰਹਿੰਦੇ ਹਨ ਕਿ ਕਿਹੜੀ ਕਿਹੜੀ ਗਾਂ, ਕਿੰਨਾਂ ਕਿੰਨਾਂ ਦੁੱਧ ਦਿੰਦੀ ਹੈ। ਜੇ ਗਊਆਂ ਦਾ ਦੁੱਧ ਘੱਟ ਹੋਵੇ ਤਾਂ ਆਪ ਸੇਵਕਾਂ ਨੂੰ ਹੁਕਮ ਕਰਦੇ ਹਨ ਕਿ ਮੈਨੂੰ ਦੱਸੋ ਜਿਸ ਚੀਜ਼ ਦੀ ਲੋੜ ਹੈ, ਗਊਆਂ ਦਾ ਦੁੱਧ ਵਧਾਓ। ਜੇ ਗਊਸ਼ਾਲਾ 'ਚ ਕੋਈ ਗਾਂ ਲਿੱਸੀ ਵਿਖਾਈ ਦੇਵੇ ਤਾਂ ਸੇਵਕਾਂ ਨੂੰ ਧਿਆਨ ਰੱਖਣ ਦੀ ਖਾਸ ਹਿਦਾਇਤ ਦਿੰਦੇ ਹਨ। ਸ੍ਰੀ ਸਤਿਗੁਰੂ ਜੀ ਗਊਆਂ ਦੇ ਦੁੱਧ ਤੇ ਘਿਓ ਦਾ ਰਿਕਾਰਡ ਸੇਵਕਾਂ ਕੋਲੋਂ ਲਿਖਵਾਉਂਦੇ ਰਹੇ ਹਨ ਤੇ ਸਮੇਂ ਸਮੇਂ 'ਤੇ ਖ਼ੁਦ ਆਪ ਵੀ ਇਹ ਲਿਖਤੀ ਰਿਕਾਰਡ ਧਿਆਨ ਨਾਲ ਵੇਖ ਚੈੱਕ ਕਰਦੇ ਰਹੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੀਆਂ ਗਊਸ਼ਾਲਾਵਾਂ ਵਿਚ ਸੈਂਕੜੇ ਗਊਆਂ ਦੀ ਪਾਲਣਾ-ਪੋਸ਼ਣਾ ਕਰ ਰਹੇ ਹਨ। (ਇਨ੍ਹਾਂ ਦਾ ਜ਼ਿਕਰ ਚੈਪਟਰ ਗਊਸ਼ਾਲਾਵਾਂ ਅਤੇ ਪ੍ਰਬੰਧਕ ਵਰਗ ਵਿਚ ਲਿਖਿਆ ਗਿਆ ਹੈ)

ਗਊਧਨ ਦੀ ਰੱਖਿਆ, ਸਾਂਭ-ਸੰਭਾਲ ਅਤੇ ਨਸਲ ਸੁਧਾਰ ਨੂੰ ਮੱਦੇ ਨਜ਼ਰ ਰੱਖਦਿਆਂ ਸ੍ਰੀ ਸਤਿਗੁਰੂ ਜੀ ਨੂੰ ਸੰਨ 1964 ਵਿਚ ਹੈਦਰਾਬਾਦ ਵਿਖੇ ਗੋਸੰਵਰਧਨ ਸਮਿਤੀ ਵਲੋਂ 'ਗੋਪਾਲ-ਰਤਨ ' ਦੇ ਖਿਤਾਬ ਨਾਲ ਸਨਮਾਨਤ ਕੀਤਾ ਗਿਆ ਸੀ। 'ਗੋਪਾਲ ਰਤਨ' ਦਾ ਖਿਤਾਬ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਨਾਂ 'ਤੇ ਸ਼ੁਰੂ ਕੀਤਾ ਗਿਆ ਹੈ ਅਰਥਾਤ-ਗਊਪਾਲਕ, ਗਊਆਂ ਦੀ ਪਾਲਣਾ ਅਤੇ ਰੱਖਿਆ ਕਰਨ ਵਾਲਾ।

ਸਿਰਫ ਦੁਧਾਰੂ ਗਊਆਂ ਦੀ ਹੀ ਨਹੀਂ, ਬਲਕਿ ਦੁੱਧੋਂ ਹਟੀਆਂ, ਲਾਵਾਰਸ ਗਊਆਂ ਦੀ ਸਾਂਭ-ਸੰਭਾਲ ਵੀ ਸ੍ਰੀ ਸਤਿਗੁਰੂ ਜੀ ਕਰਦੇ ਹਨ ਤੇ ਕਰਨ ਦੀ ਪ੍ਰੇਰਨਾ ਦਿੰਦੇ ਹਨ। ਸ੍ਰੀ ਸਤਿਗੁਰੂ ਜੀ ਨੇ ਬੁੱਚੜਖਾਨੇ ਨੂੰ ਜਾ ਰਹੀਆਂ ਅਨੇਕ ਗਊਆਂ ਛੁਡਵਾਈਆਂ। ਜਦੋਂ ਸ੍ਰੀ ਸਤਿਗੁਰੂ ਜੀ ਨੂੰ 'ਗੋਪਾਲ ਰਤਨ' ਦੀ ਉਪਾਧੀ ਅਤੇ ਪੰਜ ਹਜ਼ਾਰ ਰੁਪਏ ਨਾਲ ਸਨਮਾਨਤ ਕੀਤਾ ਗਿਆ ਉਦੋਂ ਆਪ ਜੀ ਦੇ ਭੇਜੇ ਸੇਵਕਾਂ ਨੇ 8 ਗਊਆਂ ਕਲਕੱਤੇ ਤੋਂ ਬੁੱਚੜਾਂ ਪਾਸੋਂ ਛੁਡਵਾ ਕੇ ਲਿਆਂਦੀਆਂ ਸਨ। ਸ੍ਰੀ ਸਤਿਗੁਰੂ ਜੀ ਨੇ ਫਰਮਾਇਆ ਕਿ ਗਊਆਂ ਨੂੰ ਬੁੱਚੜਾਂ ਤੋਂ ਛੁਡਵਾਇਆ ਹੈ ਤਾਂ ਹੀ ਇਹ ਪੁਰਸਕਾਰ ਤੇ ਉਪਾਧੀ ਮਿਲੇ ਹਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਲਕੱਤੇ ਤੋਂ ਇਕ ਵਾਰ 8 ਤੇ ਇਕ ਵਾਰ 47 ਗਊਆਂ ਬੁੱਚੜਾਂ ਪਾਸੋਂ ਛੁਡਵਾ ਕੇ ਲਿਆਂਦੀਆਂ ਗਈਆਂ, ਉਹ ਵਧੀਆ ਸਿੱਧ ਹੋਈਆਂ। ਸਾਰੀਆਂ ਗਊਆਂ ਜੋ ਬੁੱਚੜਾਂ ਤੋਂ ਖਰੀਦ ਕੇ ਲਿਆਂਦੀਆਂ ਗਈਆਂ, ਉਹ ਬਹੁਤ ਦੁੱਧ ਦਿੰਦੀਆਂ ਰਹੀਆਂ। ਸ੍ਰੀ ਸਤਿਗੁਰੂ ਜੀ ਦਾ ਆਪਣੇ ਸਿੱਖਾਂ ਨੂੰ ਹੁਕਮ ਹੈ ਕਿ ਕਿਸੇ ਐਸੇ ਵਿਅਕਤੀ ਕੋਲ ਗਾਂ ਨਾ ਵੇਚੀ ਜਾਵੇ, ਜਿਹੜਾ ਅੱਗੋਂ ਉਸਨੂੰ ਗਊਆਂ ਮਾਰਣ ਵਾਲਿਆਂ ਕੋਲ ਵੇਚਣ ਦਾ ਇਰਾਦਾ ਰੱਖਦਾ ਹੋਵੇ।

ਇਸੇ ਤਰ੍ਹਾਂ ਪਿੰਡਾਂ ਵਿਚ ਲਾਵਾਰਿਸ ਤੁਰੇ ਫਿਰਦੇ ਮਾਰਖੁੰਡੇ ਸਾਨ੍ਹਾਂ ਨੂੰ ਮਾਰਣ ਦੀ ਬਜਾਏ, ਸ੍ਰੀ ਭੈਣੀ ਸਾਹਿਬ ਮੰਗਵਾ ਲਿਆ ਜਾਂਦਾ ਰਿਹਾ ਹੈ। ਪਿੰਡਾਂ ਦੀਆਂ ਪੰਚਾਇਤਾਂ ਦੇ ਸਰਪੰਚਾਂ ਵੱਲੋਂ ਬਕਾਇਦਾ ਚਿੱਠੀ ਲਿਖ ਕੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਜਾਂਦੀ ਸੀ ਕਿ 'ਅਸੀਂ ਆਪਣੇ ਪਿੰਡ ਦੇ ਮਾਰਖੁੰਡੇ ਸਾਨ੍ਹ ਲੈ ਕੇ ਆਉਂਦੇ ਹਾਂ, ਉਨ੍ਹਾਂ ਨੂੰ ਆਪ ਜੀ ਇਥੇ ਰਖ ਲਵੋ। ' ਉਹੀ ਸਾਨ੍ਹ ਜਿਹੜੇ ਟਰਾਲੀਆਂ ਵਿਚ ਕਈ ਕਈ ਰੱਸੇ ਪਾ ਕੇ ਬੰਨ ਕੇ ਸ੍ਰੀ ਭੈਣੀ ਸਾਹਿਬ ਲਿਆਂਦੇ ਜਾਂਦੇ ਸਨ, ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਲੰਗਰ ਦੇ ਪ੍ਰਸ਼ਾਦੇ ਛੱਕ ਕੇ ਸ਼ਾਂਤ ਹੋ ਮਾਰਨੋਂ ਹਟ ਜਾਂਦੇ ਸਨ।

ਅੰਗ੍ਰੇਜ਼ਾਂ ਦੇ ਸਮੇਂ ਤੋਂ ਹੀ ਭਾਰਤ ਵਿਚ ਬੁੱਚੜਖਾਨੇ ਖੋਲ੍ਹੇ ਗਏ। ਹੁਣ ਸਾਡਾ ਦੇਸ਼ ਅਜ਼ਾਦ ਹੈ, ਸਾਡੀ ਆਪਣੀ ਸਰਕਾਰ ਹੈ, ਫਿਰ ਵੀ ਭਾਰਤ ਵਿਚ ਵੱਡੀ ਗਿਣਤੀ ਵਿਚ ਛੋਟੇ-ਵੱਡੇ ਬੁੱਚੜਖਾਨੇ ਹਨ, ਜਿਥੇ ਰੋਜ਼ਾਨਾ ਲੱਖਾਂ ਪਸ਼ੂ ਕਤਲ ਕੀਤੇ ਜਾਂਦੇ ਹਨ, ਇਨ੍ਹਾਂ ਵਿਚੋਂ ਹਜ਼ਾਰਾਂ ਗਊਆਂ ਹੁੰਦੀਆਂ ਹਨ।

**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਹਨ -**

**" ਦੁੱਧ ਘਿਓ ਦੀਆਂ ਨਦੀਆਂ ਵਗਣ ਵਾਲੇ ਦੇਸ਼ ਵਿਚ ਦੁਧਾਰੂ ਪਸ਼ੂਆਂ ਦੇ ਲਹੂ ਨਾ ਵਗਣ ਦਿਓ।**

**ਬੁੱਚੜਖਾਨਿਆਂ ਵਿਚ ਆਪਣੇ ਪਸ਼ੂ ਭੇਜੇ ਹੀ ਨਾ ਜਾਣ। ਕੀ ਜੇ ਸਾਨੂੰ ਕੋਈ ਪੈਸੇ ਦੇਵੇ, ਅਸੀਂ ਮਾਰਣ ਵਾਸਤੇ ਆਪਣੇ ਬੱਚੇ ਦੇ ਦਿਆਂਗੇ।"**

ਸ੍ਰੀ ਸਤਿਗੁਰੂ ਜੀ, ਬੇਜੁਬਾਨ ਪਸ਼ੂਆਂ ਨੂੰ ਬੇਰਹਿਮੀ ਨਾਲ ਕਤਲ ਕਰਨ ਲਈ ਭਾਰਤ ਵਿਚ ਖੁੱਲ੍ਹਦੇ ਜਾ ਰਹੇ ਇਨ੍ਹਾਂ ਬੁੱਚੜਖਾਨਿਆਂ ਨੂੰ ਬੰਦ ਕਰਵਾਉਣ ਦੇ ਸਮਰਥਕ ਹਨ। ਆਪ ਪ੍ਰਯਤਨਸ਼ੀਲ ਹਨ ਕਿ ਭਾਰਤ ਵਿਚ ਗਊ ਧਨ ਤੇ ਹੋਰ ਪਸ਼ੂ-ਧਨ ਦੀ ਰੱਖਿਆ ਹੋਵੇ।

ਜਦੋਂ ਸੰਨ 1995 ਵਿਚ ਡੇਰਾ ਬਸੀ ਵਿਖੇ 'ਮੈਸਰਜ਼ ਪੰਜਾਬ ਮੀਟਜ਼ ਲਿਮਟਿਡ' ਦੇ ਨਾਂ ਨਾਲ ਬੁੱਚੜਖਾਨਾ ਖੋਲ੍ਹਿਆ ਗਿਆ ਤਾਂ ਜੀਵ ਦਇਆ ਦਾ ਸਿਧਾਂਤ ਅਪਨਾਉਣ ਵਾਲੀਆਂ ਸਾਰੀਆਂ ਸੰਸਥਾਵਾਂ ਸਮੇਤ, ਇਸ ਦਾ ਪੂਰਾ ਵਿਰੋਧ ਨਾਮਧਾਰੀਆਂ ਨੇ ਕੀਤਾ ਤਾਂ ਜੋ ਇਹ ਬੁੱਚੜਖਾਨਾ ਕਿਸੇ ਵੀ ਹਾਲਤ 'ਚ ਚੱਲਣ ਨਾ ਦਿੱਤਾ ਜਾਵੇ।

ਵਿਸ਼ਵ- ਸ਼ਾਂਤੀ ਅਤੇ ਬੁੱਚੜਖਾਨੇ ਬੰਦ ਹੋ ਜਾਣ, ਵਾਸਤੇ ਸ੍ਰੀ ਸਤਿਗੁਰੂ ਜੀ, ਸ੍ਰੀ ਭੈਣੀ ਸਾਹਿਬ ਵਿਖੇ ਸਵਾ ਸਵਾ ਲੱਖ ਚੰਡੀ ਦੀ ਵਾਰ ਦੇ ਪਾਠਾਂ ਦਾ ਹਵਨਯੱਗ ਕਰਵਾਉਂਦੇ ਰਹਿੰਦੇ ਹਨ।

ਇੰਜ ਗੋਪਾਲ ਰਤਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗਊ-ਪਾਲਣ ਅਤੇ ਗਊ ਰੱਖਿਆ ਲਈ ਸਾਰਥਕ ਯਤਨ ਕੀਤੇ ਹਨ। ਗਊ ਬਧ ਬੰਦ ਕਰਾਉਣ ਦੇ ਨਾਲ ਨਾਲ ਗਊ ਦੀ ਨਸਲ ਸੁਧਾਰਨ ਵਾਸਤੇ, ਉਸ ਦੀ ਉਚਿਤ ਸੇਵਾ ਕਰਨ ਵਾਸਤੇ ਬੜੇ ਜੋਰਦਾਰ ਢੰਗਾਂ ਨਾਲ ਆਪ ਕੁਲ ਵਿਸ਼ਵ ਦੇ ਲੋਕਾਂ ਨੂੰ ਪ੍ਰੇਰਨਾ ਦੇ ਰਹੇ ਹਨ। ਸ੍ਰੀ ਸਤਿਗੁਰੂ ਜੀ ਖੁਦ ਗਊਆਂ ਦੀ ਸੇਵਾ ਕਰਦੇ ਰਹੇ ਹਨ ਤੇ ਆਪ ਜੀ ਨੂੰ ਗਊਆਂ ਬਾਰੇ ਬਹੁਤ ਗਿਆਨ ਅਤੇ ਜਾਣਕਾਰੀ ਹੈ।

ਜਿਥੇ ਸ੍ਰੀ ਸਤਿਗੁਰੂ ਜੀ ਹਿੰਦੁਸਤਾਨ ਦੀਆਂ ਵੱਖੋ ਵੱਖ ਥਾਵਾਂ 'ਤੇ ਪਸ਼ੂ ਪ੍ਰਦਰਸ਼ਨੀਆਂ ਕਰਦੇ ਅਤੇ ਉਹਨਾਂ ਵਿਚ ਸ਼ਾਮਲ ਹੁੰਦੇ ਹਨ, ਉਥੇ ਆਪ ਜੀ ਅੰਤਰ ਰਾਸ਼ਟਰੀ ਦੁਧਾਰੂ ਗਊਆਂ ਦੀਆਂ ਪ੍ਰਦਰਸ਼ਨੀਆਂ ਵਿਚ ਵੀ ਸ਼ਾਮਲ ਹੁੰਦੇ ਰਹੇ ਹਨ।

ਅਗਸਤ ਸੰਨ 1967 ਵਿਚ ਸ੍ਰੀ ਸਤਿਗੁਰੂ ਜੀ ਇੰਗਲੈਂਡ ਦੇ ਦੌਰੇ 'ਤੇ ਗਏ ਹੋਏ ਸਨ। ਉਥੋਂ ਆਪ ਪੱਛਮੀ ਜਰਮਨੀ ਵਿਚ ਲੱਗੀ ਪਸ਼ੂ ਪ੍ਰਦਰਸ਼ਨੀ ਦੇਖਣ ਗਏ। ਪ੍ਰਬੰਧਕਾਂ ਨੇ ਆਪ ਨਾਲ ਹੋ ਕੇ ਸਾਰੀ ਪ੍ਰਦਰਸ਼ਨੀ ਦਿਖਾਈ। ਇੱਕ ਗਊ ਨੂੰ ਦੇਖ ਕੇ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇਸ ਗਊ ਦਾ ਇੰਨਾ ਦੁੱਧ ਹੋਣਾ ਚਾਹੀਦਾ ਹੈ। ਪ੍ਰਬੰਧਕਾਂ ਨੇ ਰਿਕਾਰਡ ਦੇਖਿਆ ਤਾਂ ਉਹ ਗਊ ਠੀਕ ਓਨਾਂ ਹੀ ਦੁੱਧ ਦੇ ਰਹੀ ਸੀ। ਪ੍ਰਬੰਧਕਾਂ ਨੇ ਹੈਰਾਨ ਹੋ ਕੇ ਪੁੱਛਿਆ ਕਿ ਆਪ ਜੀ ਨੂੰ ਕਿਸ ਤਰ੍ਹਾਂ ਪਤਾ ਲੱਗ ਜਾਂਦਾ ਹੈ। ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ, 'ਅਸੀਂ ਪਹਿਲਾਂ ਗਊ ਦੀ ਪੂਛ ਵੱਲ ਵੇਖਦੇ ਹਾਂ, ਫਿਰ ਥਣਾਂ ਵਲ ਦੇਖਦੇ ਹਾਂ, ਇਕ ਮਿਲਕ ਵੇਨ (Milk Vein) ਭਾਵ ਦੁੱਧ ਵਾਲੀ ਨਾੜੀ ਹੁੰਦੀ ਹੈ ਇਹਨਾਂ ਦੇ ਸਰੀਰ ਵਿਚ, ਅਸੀਂ ਉਸ ਵੱਲ ਧਿਆਨ ਮਾਰ ਕੇ ਸਾਰਾ ਅਨੁਮਾਨ ਲਗਾ ਲੈਂਦੇ ਹਾਂ।' ਸ੍ਰੀ ਸਤਿਗੁਰੂ ਜੀ ਦੇ ਗਿਆਨ ਅਤੇ ਤਜਰਬੇ ਬਾਰੇ ਜਾਣ ਕੇ ਪ੍ਰਬੰਧਕ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੂੰ ਜਾਪਿਆ ਕਿ ਸ੍ਰੀ ਸਤਿਗੁਰੂ ਜੀ ਕਿਸੇ ਯੂਨੀਵਰਸਿਟੀ ਵਿਚੋਂ ਪੜ੍ਹੇ ਹੋਏ ਹਨ।

ਉਸੇ ਦੌਰੇ ਸਮੇਂ ਜਰਮਨੀ ਵਿਖੇ 'ਓਲਡਨ ਬਰਗ ਪਸ਼ੂ ਪ੍ਰਦਰਸ਼ਨੀ' ਵੇਖਣ ਗਿਆਂ **ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤੇ,**

**"ਜੇ ਤੁਸੀਂ ਏਨੀਆ ਦੁੱਧ ਦੇਣ ਵਾਲੀਆਂ ਗਊਆਂ ਪਾਲਦੇ ਹੋ ਉਥੇ ਇਕ ਉੱਦਮ ਹੋਰ ਵੀ ਕਰੋ, ਜਿਨ੍ਹਾਂ ਗਊਆਂ ਦਾ ਦੁੱਧ ਪੀਂਦੇ ਹੋ ਉਹਨਾਂ ਨੂੰ ਮਾਰਿਆ ਨਾ ਕਰੋ ਉਨ੍ਹਾਂ ਦਾ ਦੁੱਧ ਪੀਓ, ਮਾਸ ਨਾ ਖਾਓ।"**

ਇਸੇ ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਡਾ. ਡਗਲਸ ਕੈਂਪਬੈਲ ਦੇ ਰਿਸਰਚ ਫਾਰਮ 'ਤੇ ਵੀ ਗਏ ਅਤੇ ਉਹਨਾਂ ਨੂੰ ਅਤੇ ਸਰ ਰੋਨਾਲਡ ਗਾਰਵੇ ਜੋ ਕਿ Soil Association ਦੇ ਸਕੱਤਰ ਸਨ, ਨੂੰ ਮਿਲੇ। ਖੇਤੀ ਬਾੜੀ ਅਤੇ ਗਊਆਂ ਦੀ ਨਸਲ ਬਾਰੇ, ਬਹੁਤ ਸਾਰੀਆਂ ਜਾਣਕਾਰੀਆਂ ਦਾ ਆਦਾਨ ਪ੍ਰਦਾਨ ਹੋਇਆ।

ਸੰਨ 1993 'ਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਡੈਨਮਾਰਕ ਦੇ ਦੌਰੇ ਸਮੇਂ ਗਊਆਂ ਦਾ ਡੇਅਰੀ ਫਾਰਮ ਵੇਖਣ ਗਏ। ਇਹ ਫਾਰਮ ਡੈਨਮਾਰਕ ਦੇ ਪਿੰਡ lillskenvet village, distt. Koge, state Roskilde

amt.ਵਿਖੇ ਹੈ। ਡੈਨਮਾਰਕ ਵਾਸੀ ਸ.ਸੁਖਦੇਵ ਸਿੰਘ ਸੰਧੂ ਅਤੇ ਸ. ਮਨਜੀਤ ਸਿੰਘ ਸੰਧੂ ਸਪੁੱਤਰ ਸੰਤ ਗੁਰਬਚਨ ਸਿੰਘ ਦਿੱਲੀ ਨੇ ਮੈਨੂੰ ਸ੍ਰੀ ਭੈਣੀ ਸਾਹਿਬ ਵਿਖੇ ਜਨਵਰੀ ਸੰਨ 2009 ਨੂੰ ਦੱਸਿਆ ਕਿ ਉਸ ਫਾਰਮ ਵਿਚ ਬਣਵਾਈ ਗਊਸ਼ਾਲਾ ਵਿਚ ਸ੍ਰੀ ਸਤਿਗੁਰੂ ਜੀ ਨੇ ਬੜੀ ਰੀਝ ਨਾਲ 40-50 ਗਊਆਂ ਨੂੰ ਵੇਖਿਆ। ਕੁਝ ਗਊਆਂ ਨੂੰ ਵੇਖਦਿਆਂ ਹੀ ਸ੍ਰੀ ਸਤਿਗੁਰੂ ਜੀ ਨੇ ਦੱਸ ਦਿੱਤਾ ਕਿ ਆਹ ਗਊ ਏਨਾ ਦੁੱਧ ਦਿੰਦੀ ਹੈ, ਐਹ ਗਊ ਏਨਾ ਦੁੱਧ ਦਿੰਦੀ ਹੈ, ਸੁਣਕੇ ਗਊਸ਼ਾਲਾ ਦੇ ਇੰਨਚਾਰਜ ਨੇ ਆਦਰ ਤੇ ਹੈਰਾਨੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬਿਲਕੁਲ ਠੀਕ ਹੈ।

"ਇਕ ਵਾਰ ਸ੍ਰੀ ਸਤਿਗੁਰੂ ਜੀ ਨੂੰ ਪਟਿਆਲੇ ਦੇ ਇਕ ਬਜ਼ਾਰ ਵਿਚ ਸ੍ਰ ਅਮਰ ਸਿੰਘ ਐਮ. ਏ. ਨਾਮੀ ਇਕ ਸੱਜਣ ਮਿਲੇ ਤੇ ਆਖਣ ਲੱਗੇ, "ਤੁਸੀਂ ਗਊ ਰੱਖਿਆ 'ਤੇ ਜੋਰ ਦਿੰਦੇ ਹੋ ਪਰ ਭਾਰਤ ਵਿਚ ਅੱਗੇ ਹੀ ਬੜੇ ਲੋਕ ਭੁੱਖੇ ਮਰ ਰਹੇ ਹਨ। ਉਹਨਾਂ ਦੀ ਜ਼ਿੰਦਗੀ ਨਾਲੋਂ ਗਾਂ ਦੀ ਜ਼ਿੰਦਗੀ ਕੀਮਤੀ ਹੈ, ਜੋ ਅਵਾਰਾ ਗਊਆਂ ਨੂੰ ਬੁੱਚੜਖਾਨਿਆਂ ਦੀ ਥਾਂ ਦਾਣਾ ਪੱਠਾ ਪਾਇਆ ਜਾਵੇ।"

**ਸ੍ਰੀ ਸਤਿਗੁਰੂ ਜੀ ਨੇ ਫਰਮਾਇਆ,**

**"ਭਾਰਤਵਾਸੀ ਭੁੱਖੇ ਤਾਂ ਹੀ ਮਰ ਰਹੇ ਹਨ ਜੇ ਗਊ ਭੁੱਖੀ ਮਰ ਰਹੀ ਹੈ। ਜੇ ਗਊ ਨੂੰ ਬਚਾਇਆ ਜਾਵੇ ਤਾਂ ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਕੋਈ ਵਜ੍ਹਾ ਨਹੀਂ ਭਾਰਤ ਵਿਚ ਭੁੱਖ ਨੰਗ ਰਹੇ।"**

**- ਸਤਿਜੁਗ ਦਾ ਗਊ ਅੰਕ ਪੰਨਾ 75, ਸ. ਸਵਰਨ ਸਿੰਘ ਵਿਰਕ ਦੇ ਲੇਖ 'ਗਊ ਦੀ ਮਹਾਨਤਾ' ਵਿਚੋਂ**

ਅੱਜ ਕੱਲ ਤਾਂ ਸਾਡੇ ਦੇਸ਼ ਵਿਚ ਬਹੁਤ ਸਾਰੇ ਮੁਸਲਮਾਨ ਵੀ ਗਊ ਰੱਖਿਆ ਕਰਨ ਲਗ ਪਏ ਹਨ। ਗਊ ਬਿਪਤਾ ਪੈਣ ਸਮੇਂ ਪਾਲਣਹਾਰ ਦੀ ਮਦਦ ਕਰਦੀ ਹੈ। ਪਿੰਡ ਤਪਾ (ਨੇੜੇ ਬਰਨਾਲਾ)ਦੇ ਇਕ ਮੁਸਲਮਾਨ ਖੈਰਦੀਨ ਨੇ ਸੰਨ 1964-65 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦੱਸਿਆ ਕਿ ਗਊ-ਰਖਸ਼ਾ ਕਰਨ 'ਤੇ ਹੀ ਉਸਦੀ ਜਾਨ ਸੰਨ 1947 ਦੇ ਫਸਾਦਾਂ ਸਮੇਂ ਬਚੀ ਸੀ। ਇਸ ਬਾਰੇ ਸ੍ਰੀ ਸਤਿਗੁਰੂ ਜੀ ਆਪਣੇ ਪ੍ਰਵਚਨਾਂ ਵਿਚ ਇੰਜ ਫਰਮਾਉਂਦੇ ਹਨ-

" ਇਕ ਖੈਰਦੀਨ ਨਾਮ ਦਾ ਮੁਸਲਮਾਨ ਸੀ। ਪਾਕਿਸਤਾਨ ਬਣਨ ਤੋਂ ਕਈ ਸਾਲ ਪਹਿਲਾਂ ਉਸਨੇ ਤਿੰਨ ਗਊਆਂ ਜਿਹੜੀਆਂ ਮੁਸਲਮਾਨ ਮਾਰਨ ਵਾਸਤੇ ਲਿਆਏ ਸਨ, ਉਹਨਾਂ ਨੂੰ ਛੁਡਾਉਣ ਵਾਸਤੇ ਉੱਦਮ ਕੀਤਾ। ਉਹਨ੍ਹਾਂ ਮੁਸਲਮਾਨਾਂ ਨੇ ਕਿਹਾ ਕਿ ਤੂੰ ਪੈਸੇ ਦੇ ਕੇ ਖਰੀਦ ਲੈ। ਉਸਨੇ ਕਿਹਾ ਮੈਂ ਪੈਸਿਆਂ ਦਾ ਪ੍ਰਬੰਧ ਕਰਦਾ ਹਾਂ ਪਰ ਉਸ ਕੋਲ ਪੈਸੇ ਨਹੀਂ ਸਨ। ਫਿਰ ਉਸਨੇ ਆਪਣੀ ਭਰਜਾਈ ਦਾ ਹੱਸ (ਗਹਿਣਾ) ਲੈ ਕੇ, 22 ਰੁਪਏ ਦਾ ਵੇਚ ਕੇ ਉਹਦੇ ਨਾਲ ਇਕ ਗਾਂ ਖਰੀਦੀ। ਉਹ ਇਕ ਦੋ ਸੂਏ ਉਸ ਕੋਲ ਸੂਈ ਤੇ ਫਿਰ ਉਸ ਨੇ ਉਹ ਗਾਂ ਗਉਸ਼ਾਲਾ ਨੂੰ ਦੇ ਦਿੱਤੀ। ਉਸ ਤੋਂ ਬਾਅਦ ਪਾਕਿਸਤਾਨ ਬਣਨਾ ਸ਼ੁਰੂ ਹੋ ਗਿਆ। ਜਿਸ ਵੇਲੇ ਪਾਕਿਸਤਾਨ ਬਣਨਾ ਸ਼ੁਰੂ ਹੋਇਆ ਤਾਂ ਉਹ ਮੁਸਲਮਾਨ ਜੋ ਕੁਝ ਹੋਰ ਮੁਸਲਮਾਨਾਂ ਦੇ ਨਾਲ ਸੀ, ਨੂੰ ਹਿੰਦੂਆਂ ਨੇ ਜਾਂ ਸਿੱਖਾਂ ਨੇ ਘੇਰ ਕੇ ਸਲਾਹ ਕੀਤੀ ਕਿ ਇਹਨਾਂ ਨੂੰ ਅੰਦਰ ਦੇ ਕੇ ਸਾੜ ਕੇ ਮਾਰ ਦੇਈਏ। ਸਾਰੇ ਮੁਸਲਮਾਨ ਕਿਸੇ ਤਰ੍ਹਾਂ ਅੱਗ ਵਿਚੋਂ ਨਿਕਲ ਕੇ ਭੱਜ ਗਏ। ਖੈਰਦੀਨ ਕੱਲਾ ਰਹਿ ਗਿਆ। ਅੰਦਰ ਜਿਥੇ ਖੈਰਦੀਨ ਬੈਠਾ ਸੀ ਉਥੇ ਉਸਦੇ ਉਪਰ ਬਹੁਤ ਵੱਡਾ ਸ਼ਤੀਰ ਸੀ। ਐਸੀ ਕੁਦਰਤ ਵਰਤਾਈ ਸਤਿਗੁਰਾਂ ਨੇ ਉਹ ਸ਼ਤੀਰ ਉਸਦੇ ਸਿਰ ਵਲੋਂ ਨਹੀਂ ਸੜਿਆ। ਦੂਸਰੇ ਪਾਸਿਓਂ ਸੜ ਕੇ ਥੱਲੇ ਡਿੱਗ ਪਿਆ। ਖੈਰਦੀਨ ਨੂੰ ਕੋਈ ਆਂਚ ਨਹੀਂ ਆਈ। ਜਿੰਨਾਂ ਚਿਰ ਉਹ ਅੰਦਰ ਰਿਹਾ ਉਸ ਦੇ ਸਾਹਮਣੇ ਗਊ ਦੀ ਪੂਛ ਹਿਲਦੀ ਰਹੀ ਤੇ ਸੇਕ ਨਹੀਂ ਲੱਗਣ ਦਿੱਤਾ। ਇੰਜ ਗਾਂ ਦੀ ਰੱਖਿਆ ਮੁਸਲਮਾਨ ਨੇ ਕੀਤੀ ਤੇ ਗਊ ਨੇ ਮੁਸਲਮਾਨ ਦੀ ਰੱਖਿਆ ਕਰ ਦਿੱਤੀ।"

ਰੋਜ਼ਾਨਾ ਅਖਬਾਰ ਜਗਬਾਣੀ ਵਿਚ ਆਪਣੇ ਸੰਪਾਦਕੀ ਲੇਖ 'ਰਾਮ ਕ੍ਰਿਸ਼ਨ ਦੇ ਦੇਸ਼ ਚ ਗਊ ਮਾਤਾ ਤੇ ਅਤਿਆਚਾਰ ' (5) ਵਿਚ ਸ੍ਰੀ ਅਸ਼ਵਨੀ ਕੁਮਾਰ ਜੀ ਨੇ ਲਿਖਿਆ ਹੈ-

**" ਸ੍ਰੀ ਰਾਮ, ਸ੍ਰੀ ਕ੍ਰਿਸ਼ਨ ਨੇ ਗਊ ਰੱਖਿਆ ਕਰਦਿਆ ਗਊ ਨੂੰ ਮਾਤਾ ਵਾਂਗ ਹੀ ਮੰਨਿਆਂ ਹੈ। ਉਨ੍ਹਾਂ ਦੀ ਇਹ**

**ਪ੍ਰੰਪਰਾ ਨਾਮਧਾਰੀ ਕੂਕਿਆਂ ਨੇ ਜਿਸ ਤਰ੍ਹਾਂ ਅੱਗੇ ਵਧਾਈ, ਉਸ ਉਤੇ ਭਾਰਤ ਨੂੰ ਨਾਜ਼ ਹੈ।"**

**ਜਿਹੜੀ** ਵੀ ਸੰਸਥਾ ਗਊ ਰੱਖਿਆ ਦੇ ਸੰਬੰਧ ਵਿਚ ਯਤਨ ਕਰਦੀ ਹੈ, ਸ੍ਰੀ ਸਤਿਗੁਰੂ ਜੀ ਉਸਨੂੰ ਪੂਰਾ ਸਹਿਯੋਗ ਦਿੰਦੇ ਹਨ। ਆਪ ਆਪਣੇ ਜ਼ਰੂਰੀ ਰੁਝੇਵੇਂ ਛੱਡ ਕੇ ਵੀ ਇਸ ਸੰਬੰਧੀ ਕੀਤੇ ਸਮਾਗਮ 'ਤੇ ਦਰਸ਼ਨ ਦਿੰਦੇ ਰਹੇ ਹਨ।

ਗਊ ਪਾਲਣਾ ਅਤੇ ਗਊ ਦੁੱਧ ਦੇ ਸੇਵਨ ਦੇ ਗੁਣਾਂ ਬਾਰੇ ਵਿਸ਼ੇਸ਼ ਤੌਰ 'ਤੇ ਨਾਮਧਾਰੀ ਜਗਤ ਵਲੋਂ ਸਮੇਂ ਸਮੇਂ ਸਾਹਿਤ ਪ੍ਰਕਾਸ਼ਨ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਸਤਿਜੁਗ ਅਖਬਾਰ ਦਾ ਸੰਮਤ 2024 ਵਿਚ ਗਊ ਅੰਕ ਪ੍ਰਕਾਸ਼ਿਤ ਹੋਇਆ ਸੀ ਜੋ ਲਾ-ਮਿਸਾਲ ਅੰਕ ਹੈ। ਇਸ ਤੋਂ ਬਿਨਾਂ ਸਤਿਜੁਗ ਅਤੇ ਹੋਰ ਅਖਬਾਰ, ਰਿਸਾਲਿਆਂ ਵਿਚ ਸਮੇਂ ਸਮੇਂ ਗਊ ਪਾਲਣਾ ਅਤੇ ਗਊ ਦੇ ਦੁੱਧ ਦੇ ਗੁਣਾਂ ਬਾਰੇ ਲੇਖ ਛਪਦੇ ਰਹਿੰਦੇ ਹਨ।

ਸ੍ਰੀ ਸਤਿਗੁਰੂ ਜੀ ਗਊ ਪਾਲਣ ਦੇ ਬਾਰੇ ਪ੍ਰਕਾਸ਼ਿਤ ਸਾਹਿਤ ਵਿਚ ਵੀ ਯੋਗਦਾਨ ਪਾਉਂਦੇ ਹਨ। ਜਿਵੇਂ ਕਿ ਸਤੰਬਰ ਸੰਨ 2001 ਵਿਚ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਹੁੰਦੇ ਮਾਸਿਕ ਰਸਾਲੇ 'ਸੇਵਾ ਸੰਸਕਾਰ' ਨੇ ਗਊ ਸੇਵਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਸੀ। ਉਸ ਰਸਾਲੇ ਦੇ ਪ੍ਰਬੰਧਕਾਂ ਨੂੰ ਅਸ਼ੀਰਵਾਦ ਦਿੰਦੇ ਹੋਏ ਸ੍ਰੀ ਸਤਿਗੁਰੂ ਜੀ ਦੇ ਬਚਨ ਇਸ ਪ੍ਰਕਾਰ ਅੰਕਿਤ ਹਨ,

"ਆਦਿ ਕਾਲ ਤੋਂ ਹੀ ਗਊ ਜਿਥੇ ਭਾਰਤ ਵਰਸ਼ ਦੀ ਆਰਥਿਕਤਾ ਦਾ ਆਧਾਰ ਰਹੀ ਹੈ, ਉਥੇ ਭਾਰਤੀਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਪ੍ਰਤੀਕ ਹੈ। ਬੱਚੇ ਵਾਸਤੇ ਮਾਂ ਤੋਂ ਬਾਅਦ ਗਊ ਦਾ ਦੁੱਧ ਹੀ ਸੰਤੁਲਿਤ ਖੁਰਾਕ ਹੈ। ਇਸੇ ਕਰਕੇ ਸਾਡੇ ਸਮਾਜ ਵਿਚ ਗਊ ਨੂੰ ਗਊਮਾਤਾ ਕਹਿ ਕੇ ਸਤਿਕਾਰਿਆ ਜਾਂਦਾ ਹੈ। ਗਊ ਗਰੀਬ ਦੀ ਰੱਖਿਆ ਅਤੇ ਸੇਵਾ, ਸਿੱਖ ਧਰਮ ਦਾ ਮੁੱਖ ਉਦੇਸ਼ ਹੈ। ਇਹੋ ਸਾਡਾ ਧਰਮ ਹੈ, ਇਹੋ ਸਾਡੀ ਸਿਆਸਤ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬਖਸ਼ਿਸ਼ ਅਤੇ ਪ੍ਰੇਰਨਾ ਸਦਕਾ ਨਾਮਧਾਰੀ ਸਿੱਖਾਂ ਨੇ ਗਊਆਂ ਦੀ ਰੱਖਿਆ ਅਤੇ ਦੇਸ਼ ਦੀ ਅਜ਼ਾਦੀ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ, ਫਾਂਸੀਆਂ ਤੇ ਚੜ੍ਹੇ, ਤੋਪਾਂ ਨਾਲ ਉਡਾਏ ਗਏ, ਕਾਲੇ ਪਾਣੀ ਦੀਆਂ ਸਜ਼ਾਵਾਂ ਭੁਗਤੀਆਂ।

"ਜੋ ਵੀ ਸੰਸਥਾਵਾਂ ਗਊ ਧਨ ਦੀ ਰੱਖਿਆ ਅਤੇ ਸੇਵਾ ਲਈ ਤਤਪਰ ਹਨ ਸਾਡਾ ਸਾਥ ਹਮੇਸ਼ਾਂ ਉਹਨਾਂ ਦੇ ਨਾਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ,

ਯਹੀ ਆਸ ਪੂਰਨ ਤੁਮ ਕਰਹੁ ਹਮਾਰੀ॥
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ॥"

ਰਾਸ਼ਟਰੀ ਸੇਵਕ ਸੰਘ ਦੇ ਪ੍ਰਧਾਨ ਸ੍ਰੀ ਸੁਦਰਸ਼ਨ ਜੀ ਅਤੇ ਵਿਸ਼ਵ ਹਿੰਦੂ ਪਰਿਸ਼ਦ ਦੇ ਪ੍ਰਧਾਨ ਸ਼੍ਰੀ ਅਸ਼ੋਕ ਸਿੰਘਲ ਜੀ ਅਤੇ ਹੋਰ ਗਊ-ਪ੍ਰੇਮ ਰੱਖਣ ਵਾਲੀਆਂ ਜੱਥੇਬੰਦੀਆਂ ਦੇ ਨੁਮਾਇੰਦੇ ਸਮੇਂ ਸਮੇਂ 'ਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ, ਗਊਸ਼ਾਲਾ ਵੇਖਣ ਅਤੇ ਅਤੇ ਗਊ ਰੱਖਿਆ ਸੰਬੰਧੀ ਵਿਚਾਰ-ਵਟਾਂਦਰਾ ਕਰਨ ਸ੍ਰੀ ਭੈਣੀ ਸਾਹਿਬ ਆਉਂਦੇ ਰਹਿੰਦੇ ਹਨ।

ਆਰਟ ਆਫ ਲਿਵਿੰਗ ਵਾਲੇ ਸ੍ਰੀ ਸ੍ਰੀ ਰਵੀਸ਼ੰਕਰ ਜੀ ਵੀ ਸ੍ਰੀ ਭੈਣੀ ਸਾਹਿਬ ਆਏ ਤੇ ਉਨ੍ਹਾਂ ਨੇ ਉਚੇਚਿਆਂ ਗਊਸ਼ਾਲਾ ਵੇਖੀ। ਉਨ੍ਹਾਂ ਵੇਖਿਆ ਕਿ ਜਿਸ ਗਊ ਦਾ ਨਾਂ ਲੈ ਕੇ ਅਵਾਜ਼ ਮਾਰੀ ਜਾਵੇ ਉਸ ਗਊ ਦਾ ਵੱਛਾਂ ਜਾਂ ਵੱਛੀ ਬਾੜੇ ਵਿਚੋਂ ਨਿਕਲ ਕੇ ਭੱਜ ਕੇ ਆਪਣੀ ਮਾਂ ਕੋਲ ਦੁੱਧ ਪੀਣ ਚਲੇ ਜਾਂਦਾ ਹੈ। ਉਹ ਬਹੁਤ ਪ੍ਰਭਾਵਿਤ ਹੋਏ ਤੇ ਕਿਹਾ,'ਤੁਸੀਂ ਤਾਂ ਜਾਨਵਰਾਂ ਨੂੰ ਵੀ ਇਨਸਾਨ ਬਣਾ ਦਿੱਤਾ ਹੈ।'

5 ਤੋਂ 11 ਅਪ੍ਰੈਲ ਸੰਨ 2004 ਵਿਚ ਸਵਾਮੀ ਰਾਮ ਦੇਵ ਜੀ ਨੇ ਲੁਧਿਆਣਾ ਵਿਖੇ ਯੋਗ ਕੈਂਪ ਲਗਾਇਆ। ਪੰਜ ਅਪ੍ਰੈਲ ਨੂੰ ਯੋਗੀ ਜੀ ਸ੍ਰੀ ਭੈਣੀ ਸਾਹਿਬ ਪਹੁੰਚੇ। ਉਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਬਾਰੇ ਸੁਣਿਆ ਹੋਇਆ ਸੀ ਕਿ ਇਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗਊਆਂ ਨਾਲ ਪ੍ਰੇਮ ਕਰਦੇ ਹਨ ਅਤੇ ਗਊਸ਼ਾਲਾ ਵਿਚ ਚੰਗੀ ਨਸਲ

ਦੀਆਂ ਗਊਆਂ ਰਖਦੇ ਹਨ। ਸੋ ਸੁਆਮੀ ਜੀ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਅਤੇ ਗਊਆਂ ਵੇਖਣ ਅਚਾਨਕ ਆ ਗਏ। ਮੈਂ ਤੇ ਮੇਰੇ ਪਤੀ ਸੰਤ ਭਗਵੰਤ ਸਿੰਘ, ਉਨ੍ਹਾਂ ਨੂੰ ਅਚਾਨਕ ਆਇਆਂ ਵੇਖ ਕੇ ਉਨ੍ਹਾਂ ਦੇ ਸਵਾਗਤ ਲਈ ਸੰਗਤ ਵਿਚ ਸ਼ਾਮਲ ਹੋਏ ਅਤੇ ਉਨਾਂ ਨੂੰ ਸ੍ਰੀ ਸਤਿਗੁਰੂ ਜੀ ਕੋਲ ਲੈ ਕੇ ਗਏ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਅਤੇ ਗਊਸ਼ਾਲਾ ਵਿਖੇ ਗਊਆਂ ਵੇਖ ਕੇ ਸੁਆਮੀ ਜੀ ਬਹੁਤ ਖੁਸ਼ ਹੋਏ।

**7 ਅਪ੍ਰੈਲ 2004 ਨੂੰ ਸੁਆਮੀ ਰਾਮਦੇਵ ਜੀ ਨੇ** ਸ੍ਰੀ **ਭੈਣੀ ਸਾਹਿਬ ਵਿਖੇ** ਪ੍ਰਤਾਪ ਮੰਦਰ ਵਿਚ ਯੋਗ ਦੀ ਕਲਾਸ ਲਗਾਈ । ਇਸ ਮਗਰੋਂ ਉਨ੍ਹਾਂ ਸਟੇਜ **ਤੋਂ ਆਖਿਆ,**

**"ਉਹ ਧਰਤੀ ਪਵਿੱਤਰ ਹੁੰਦੀ ਹੈ ਜਿਥੇ ਭਗਵਾਨ ਦੀ ਸ਼ਕਤੀ ਹੁੰਦੀ ਹੈ। ਨਾਮਧਾਰੀਆਂ ਨੇ ਆਪਣੀਆਂ ਕੁਰਬਾਨੀਆਂ ਨਾਲ ਦੇਸ਼ ਦੀ ਸੰਸਕ੍ਰਿਤੀ ਤੇ ਪਰੰਪਰਾ ਨੂੰ ਬਚਾ ਕੇ ਰੱਖਿਆ ਹੈ। ਇਥੇ ਗੁਰੂਆਂ ਦਾ ਭਾਰਤੀ ਸੰਸਕ੍ਰਿਤੀ ਲਈ ਸ਼ਰਧਾ ਸਨਮਾਨ ਹੈ। ਗਊ ਮਾਤਾ ਲਈ ਅਗਾਧ ਪ੍ਰੇਮ ਹੈ। ਮੈਂ ਗਊਆਂ ਦੀ ਸੇਵਾ ਕਰਦਾ ਰਿਹਾ ਹਾਂ, ਗਹਿਰਾ ਭਾਵ ਹੈ ਗਊਆਂ ਲਈ ਮੇਰੇ ਮਨ 'ਚ। ਜਦੋਂ ਇਥੋਂ ਬਾਰੇ ਪਤਾ ਲਗਾ ਤਾਂ ਮੈਂ ਬਿਨਾਂ ਕਿਸੇ ਪ੍ਰੋਗ੍ਰਾਮ ਦੇ ਇਥੇ ਅਚਾਨਕ ਆ ਗਿਆ।"**

**ਸ੍ਰੀ** ਸਤਿਗੁਰੂ ਜਗਜੀਤ ਸਿੰਘ ਜੀ ਨੇ ਪਤੰਜਲੀ ਯੋਗ ਪੀਠ ਹਰਦੁਆਰ ਵਿਖੇ **ਸੁਆਮੀ ਰਾਮਦੇਵ ਜੀ** ਦੁਆਰਾ ਬਣਾਈ ਜਾ ਰਹੀ ਗਊਸ਼ਾਲਾ ਲਈ ਸ੍ਰੀ ਭੈਣੀ ਸਾਹਿਬ ਤੋਂ ਗਊਆਂ-ਵੱਛੀਆਂ ਭੇਜੀਆਂ।

**ਸ. ਪ੍ਰਕਾਸ਼ ਸਿੰਘ ਬਾਦਲ** ਜਦੋਂ ਉਹ ਅਕਾਲੀ ਦਲ ਦੇ ਪ੍ਰਧਾਨ ਸਨ (ਐਸ ਵੇਲੇ ਪੰਜਾਬ ਦੇ ਮੁੱਖ ਮੰਤਰੀ) ਨੂੰ ਵੀ ਗਊਆਂ ਭੇਜੀਆਂ ਗਈਆਂ ਸਨ॥

**ਕੇਂਦਰੀ ਕ੍ਰਿਸ਼ੀ ਮੰਤਰੀ ਸ੍ਰੀ ਸੋਮਪਾਲ ਜੀ** ਨੂੰ ਵੀ ਇਕ ਸਾਹੀਵਾਲ ਗਾਂ ਤੇ ਵੱਛਾ ਦਿੱਤੇ ਗਿਆ।

**ਫਿਲਮੀ ਐਕਟਰ ਧਰਮਿੰਦਰ** ਨੂੰ ਸੰਨ 2009 ਵਿਚ ਇਕ ਗਾਂ ਤੇ ਇਕ ਵੱਛੀ, ਸੱਚੇ ਪਾਤਸ਼ਾਹ ਜੀ ਵਲੋਂ ਦਿੱਤੀ ਗਈ। ਅਜਿਹੀਆਂ ਅਨੇਕ ਮਿਸਾਲਾਂ ਹਨ।

ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਏਨੀ ਮਸ਼ਹੂਰ ਹੋ ਗਈ ਹੈ ਕਿ ਗੁਜਰਾਤ ਤੋਂ ਇਕ ਸਵਾਮੀ ਜੀ ਦਾ ਫੋਨ ਆਇਆ ਕਿ ਉਨ੍ਹਾਂ ਨੂੰ ਆਪਣੀ ਗਊਸ਼ਾਲਾ ਲਈ ਇਥੋਂ ਗਾਂ ਤੇ ਵੱਛੇ ਵੱਛੀਆਂ ਚਾਹੀਦੀਆਂ ਹਨ। ਉਸ ਨੇ ਹਰਿਆਣਾ ਦੇ ਮੁੱਖ ਮੰਤਰੀ ਤੋਂ ਸਿਫਾਰਿਸ਼ ਵੀ ਪਵਾਈ। ਸੂਬਾ ਜਾਗੀਰ ਸਿੰਘ ਨੇ ਮੈਨੂੰ ਦੱਸਿਆ ਕਿ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਅਤੇ ਗਊਸ਼ਾਲਾ ਵਿਖੇ ਗਊਆਂ ਵੇਖਣ ਕਰੀਬ ਹਰ ਰੋਜ਼ ਹੀ ਧਾਰਮਿਕ ਅਦਾਰਿਆਂ ਦੇ ਪ੍ਰਮੁੱਖ, ਕਈ ਥਾਵਾਂ ਤੋਂ ਆਏ ਸੁਆਮੀ ਜੀ, ਦੇਸ਼ ਵਿਦੇਸ਼ ਦੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਆਮ ਲੋਕ ਆਉਂਦੇ ਰਹਿੰਦੇ ਹਨ।

18 ਸਤੰਬਰ ਸੰਨ 2011 ਨੂੰ ਇਹ ਪੰਜ ਜਣੇਂ ਸ੍ਰੀ ਭੈਣੀ ਸਾਹਿਬ ਵਿਖੇ ਗਊਸ਼ਾਲਾ ਵੇਖਣ ਆਏ-

1. ਸ੍ਰੀ ਐਸ. ਅਯੱਪਨ (ਡੀ.ਜੀ., ਇੰਡੀਅਨ ਕੌਂਸਲ ਆਫ ਐਗਰੀਕਲਚਰ ਰਿਸਰਚ)

2. ਸ੍ਰੀ ਸੋਮਪਾਲ ਜੀ (ਸਾਬਕਾ ਕੇਂਦਰੀ ਕ੍ਰਿਸ਼ੀ ਮੰਤਰੀ, ਇਹ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਵੀ ਰਹੇ ਹਨ)

3. ਪ੍ਰੋ. ਕੇ.ਐਮ.ਐਲ. ਪਾਠਕ (ਡਿਪਟੀ ਡਾਇਰੈਕਟਰ ਜਨਰਲ, ਇੰਡੀਅਨ ਕੌਂਸਲ ਆਫ ਐਗਰੀਕਲਚਰ, ਰਿਸਰਚ ਐਨੀਮਲ ਡਿਵੀਜ਼ਨ ਨਵੀਂ ਦਿੱਲੀ)

4. ਡਾ. ਅਰਜਵਾ ਸ਼ਰਮਾ (ਇਹ ਮਨਿਸਟਰੀ ਆਫ ਐਗਰੀਕਲਚਰ, ਇੰਡੀਅਨ ਕੌਂਸਲ ਆਫ ਐਗਰੀਕਲਚਰ ਰਿਚਰਚ ਕ੍ਰਿਸ਼ੀ ਭਵਨ ਦਿੱਲੀ ਵਿਖੇ ਡਾਇਰੈਕਟਰ ਹਨ। ਇਹ ਮੇਰਠ ਤੋਂ ਆਏ ਸਨ।)

5. ਐਡਵੋਕੇਟ ਗੌਰਵ (ਸਪੁੱਤਰ ਸ. ਗੁਰਚਰਨ ਸਿੰਘ ਰਾਏ ਦੱਦਾਹੂਰ), ਇਹ ਚੰਡੀਗੜ੍ਹ ਤੋਂ ਆਏ ਸਨ। ਇਹ ਸੀਮਨ ਦੇਣ ਆਏ ਸਨ। ਇਨ੍ਹਾਂ ਨੇ ਗਊਸ਼ਾਲਾ ਵੇਖੀ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਇਹ ਸ੍ਰੀ ਭੈਣੀ ਸਾਹਿਬ ਵਿਖੇ ਸੀਮਨ ਬੈਂਕ ਬਣਾਉਣਾ ਪਾਸ ਕਰ ਗਏ ਹਨ।

22 ਸਤੰਬਰ ਸੰਨ 2011 ਨੂੰ ਇਹ ਤਿੰਨ ਜਣੇਂ ਸ੍ਰੀ ਭੈਣੀ ਸਾਹਿਬ ਵਿਖੇ ਗਊਸ਼ਾਲਾ ਵੇਖਣ ਆਏ ਤੇ ਬਹੁਤ ਪ੍ਰਭਾਵਿਤ ਹੋਏ-

1. ਸ੍ਰੀ ਰਾਜਿੰਦਰ ਸਿੰਘ ਰਾਜਪਰੋਹਿਤ (ਸਰਕਾਰ ਵਲੋਂ ਬਣਾਏ ਗਏ ਬੋਰਡ- ਗੋ ਸੇਵਾ ਆਯੋਗ ਰਾਜਸਥਾਨ ਦੇ ਚੇਅਰਮੈਨ)

2. ਸ੍ਰੀ ਸੁੰਦਰ ਦਾਸ ਧਮੀਜਾ (ਸ੍ਰੀ ਗੋਬਿੰਦ ਧਾਮ ਵਰਿੰਦਾਵਨ ਦੇ ਲੁਧਿਆਣਾ ਵਿਖੇ ਚੇਅਰਮੈਨ)

3. ਸ੍ਰੀ ਸਤੀਸ਼ ਗੁਪਤਾ (ਸ੍ਰੀ ਗੋਬਿੰਦ ਧਾਮ ਵਰਿੰਦਾਵਨ ਦੇ ਲੁਧਿਆਣਾ ਵਿਖੇ ਪ੍ਰਧਾਨ)

ਬੀਤੇ ਦੀਆਂ ਪੈੜਾਂ ਭਾਗ-1 ਵਿਚ 30 ਅਕਤੂਬਰ ਸੰਨ 1958 ਦੀ ਆਪਣੀ ਡਾਇਰੀ ਵਿਚ ਸੰਤ ਪ੍ਰੀਤਮ ਸਿੰਘ ਕਵੀ 'ਉਦਾਰਤਾ' ਸਿਰਲੇਖ ਹੇਠ ਲਿਖਦੇ ਹਨ-

"ਸਤਿਗੁਰਾਂ ਨੂੰ ਮੈਂ ਅਜ ਸਵੇਰ ਵੇਲੇ ਕਿਹਾ ਕਿ ਸੱਸੀ (ਗਊ ਦਾ ਨਾਂ) ਦਾ ਵੱਛਾ ਲਿਆਣਾ ਚਾਹੁੰਦੇ ਹਾਂ। ਜਿਹੜਾ ਗਊ ਦੇ ਨਾਲ ਹੀ ਆਪਦੇ ਪਾਸੋਂ ਲੈ ਗਏ ਸਾਂ। ਸਤਿਗੁਰਾਂ ਕਿਹਾ ਸੀ ਕਿ ਦੋ ਸਾਲਾ ਇਸ ਵੱਛੇ ਦਾ 500 ਰੁਪੈ ਦਿਆਂਗੇ। ਪਰ ਸਤਿਗੁਰਾਂ ਨੇ ਹੀ ਇਹਦੀ ਮਾਂ, ਸਣੇ ਇਸਦੇ ਮੁਫਤ ਦਿੱਤੀ ਸੀ ਤੇ ਹੁਣ ਉਹ ਚਰਾਈ ਲਈ ਵੀ ਦੋ ਮਹੀਨਿਆਂ ਦੀ ਏਥੇ ਆਈ ਹੋਈ ਹੈ।"

ਬਹੁਤ ਸਾਰੇ ਲੋਕ ਬੜੀ ਸ਼ਰਧਾ ਨਾਲ ਸ੍ਰੀ ਸਤਿਗੁਰੂ ਜੀ ਨੂੰ ਆਪਣੀ ਗਊ ਜਾਂ ਮੱਝ ਮੱਥਾ ਟੇਕ ਦਿੰਦੇ ਹਨ। ਸ੍ਰੀ ਸਤਿਗੁਰੂ ਜੀ ਵੀ ਅਰਜ਼ ਕਰਨ ਵਾਲਿਆਂ ਤੇ ਲੋੜਵੰਦਾਂ ਨੂੰ ਰਜ਼ਾ ਮੁਤਾਬਕ ਗਊਆਂ ਮੱਝਾਂ ਦਾਨ ਕਰ ਦਿੰਦੇ ਹਨ।

ਉਦਾਹਰਣ ਦੇ ਤੌਰ 'ਤੇ,15 ਮਈ ਸੰਨ 2010 ਨੂੰ, ਸੂਬਾ ਜਗੀਰ ਸਿੰਘ ਨੇ ਮੈਨੂੰ (ਇਸ ਪੁਸਤਕ ਦੀ ਲੇਖਿਕਾ) ਨੂੰ ਦੱਸਿਆ ਕਿ ਖੰਨੇ ਕੋਲ ਇੱਕ ਪਿੰਡ ਗਲਵੱਢੀ ਹੈ। ਇਥੋਂ ਦੀ ਮਾਤਾ ਜੋਗਿੰਦਰ ਕੌਰ ਸਪੁੱਤਰੀ ਸਵ ਸ. ਅਮੀਰ ਸਿੰਘ ਸਰਪੰਚ,ਨੇ ਸਾਨੂੰ 15 ਵੱਛੀਆਂ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਲਈ ਦਿੱਤੀਆਂ ਹਨ। ਅਸੀਂ ਅੱਜ ਹੀ ਲੈ ਕੇ ਆਏ ਹਾਂ। ਉਸ ਨੇ ਦੁੱਧ ਦੀ ਡਾਇਰੀ ਬੰਦ ਕਰਨੀ ਸੀ। ਉਸ ਨੇ ਸੋਚਿਆ ਕਿ ਗਾਈਆਂ ਵੇਚਣੀਆਂ ਨਹੀਂ, ਦਾਨ ਕਰਨੀਆਂ ਹਨ। ਉਸ ਨੇ, ਸ੍ਰੀ ਸਤਿਗੁਰੂ ਜੀ ਦੀ ਉਪਮਾ ਸੁਣੀ ਹੋਈ ਸੀ ਕਿ ਸ੍ਰੀ ਭੈਣੀ ਸਾਹਿਬ ਵਿਖੇ ਗਊਸ਼ਾਲਾ ਵਿਚ ਗਊਆਂ ਦੀ ਸੇਵਾ ਹੁੰਦੀ ਹੈ ਤਾਂ ਹੀ ਉਸ ਨੇ ਗਊਆਂ ਤੇ ਵੱਛੀਆਂ ਮੱਥਾ ਟੇਕੀਆਂ।

**ਪੇਸ਼ ਹੈ ਗੋਪਾਲ ਰਤਨ ਪੁਰਸਕਾਰ ਦੀ ਲਿਖਤ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ-**

# ਕੇਂਦਰੀ ਗੋਸੰਵਰਧਨ ਪਰਿਸ਼ਦ ਵਲੋਂ
# ਸੰਨ 1963-64 ਦਾ
# 'ਗੋਪਾਲ ਰਤਨ' ਪੁਰਸਕਾਰ
# ਪ੍ਰਾਪਤਕਰਤਾ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਕੇਂਦਰੀ ਗੋਸੰਵਰਧਨ ਪਰਿਸ਼ਦ, ਸ੍ਰੀ ਸਤਿਗੁਰੂ ਹਰੀ ਸਿੰਘ ਪਸ਼ੂ-ਪਾਲਣ ਅਤੇ ਖੇਤੀ ਫਾਰਮ ਸ੍ਰੀ ਜੀਵਨ ਨਗਰ, ਜ਼ਿਲ੍ਹਾ ਹਿਸਾਰ ( ਪੰਜਾਬ) ਨੂੰ ਉੱਚ ਕੋਟੀ ਦਾ ਗਊ ਪਾਲਣ ਕਰਨ ਕਾਰਣ ਖੁਸ਼ੀ ਸਹਿਤ 'ਗੋਪਾਲ ਰਤਨ' ਪੁਰਸਕਾਰ ਅਤੇ ਪ੍ਰਮਾਣ-ਪੱਤਰ ਪ੍ਰਦਾਨ ਕਰਦੀ ਹੈ।

ਇਹ ਫਾਰਮ ਨਾਮਧਾਰੀ ਸਿੱਖ ਸੰਪਰਦਾਇ ਦੇ ਅਧਿਆਤਮਕ ਗੁਰੂ ਦੁਆਰਾ ਚਲਾਇਆ ਜਾਂਦਾ ਹੈ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਸ ਦੇ ਵਰਤਮਾਨ ਗੁਰੂ ਹਨ। ਇਸ ਫਾਰਮ ਵਿਚ ਪਿਛਲੇ ਪੰਦਰਾਂ ਸਾਲਾਂ ਤੋਂ ਹਰਿਆਣਾ ਅਤੇ ਸਾਹੀਵਾਲ ਗਊਆਂ ਅਤੇ ਨੀਲੀ ਰਾਵੀ ਮੱਝਾਂ ਦੇ ਉੱਚ ਵੰਸ਼ ਪ੍ਰਾਪਤ ਅਤੇ ਵਿਕਸਿਤ ਕੀਤੇ ਗਏ ਹਨ।

ਫਾਰਮ ਨੇ ਕੇਂਦਰੀ ਗੋਸੰਵਰਧਨ ਪਰਿਸ਼ਦ ਦੁਆਰਾ ਆਯੋਜਿਤ ਸਰਵ ਭਾਰਤੀ ਦੁੱਧ ਉਤਪਾਦਨ ਪ੍ਰਤੀਯੋਗਤਾਵਾਂ ਵਿਚੋਂ ਅਨੇਕ ਪੁਰਸਕਾਰ ਪ੍ਰਾਪਤ ਕੀਤੇ ਹਨ। ਇਸ ਫਾਰਮ ਨੂੰ ਸੰਨ 1956 ਤੋਂ 58 ਤਕ ਅਤੇ ਉਸ ਦੇ ਮਗਰੋਂ ਸੰਨ 1960-61 ਅਤੇ ਸੰਨ 1963-64 ਤਕ ਹਰ ਸਾਲ ਹਰਿਆਣਾ ਨਸਲ ਦਾ ਪਹਿਲਾ ਪੁਰਸਕਾਰ ਦਿੱਤਾ ਗਿਆ। ਫਾਰਮ ਨੇ ਸੰਨ 1962-63 ਅਤੇ ਸੰਨ 1963-64 ਵਿਚ ਸਾਹੀਵਾਲ ਨਸਲ ਦਾ ਵੀ ਪਹਿਲਾ ਪੁਰਸਕਾਰ ਪ੍ਰਾਪਤ ਕੀਤਾ। ਸੰਨ 1963-64 ਵਿਚ ਇਸ ਫਾਰਮ ਦੀ ਹਰਿਆਣਾ ਨਸਲ ਦੀ 'ਪੁਤਲੀ ਗਾਂ' ਅਤੇ ਸਾਹੀਵਾਲ ਨਸਲ ਦੀ 'ਮੀਰਾਂ' ਗਾਂ ਨੇ 24 ਘੰਟਿਆਂ ਵਿਚ ਕਰਮਵਾਰ 28.576 ਕਿਲੋ ਗ੍ਰਾਮ ਅਤੇ 25. 705 ਕਿਲੋਗ੍ਰਾਮ ਦੁੱਧ ਦਾ ਉਤਪਾਦਨ ਕੀਤਾ ਹੈ। ਇਸ ਫਾਰਮ ਨੇ ਸਰਵ ਭਾਰਤੀ ਪਸ਼ੂ-ਪ੍ਰਦਰਸ਼ਨੀਆਂ ਵਿਚ ਵੀ ਆਪਣੀਆਂ ਗਊਆਂ ਅਤੇ ਮੱਝਾਂ ਕਾਰਣ ਅਨੇਕ ਪੁਰਸਕਾਰ ਪ੍ਰਾਪਤ ਕੀਤੇ ਹਨ।

ਫਾਰਮ ਨੇ ਗਊਆਂ ਦੇ ਪਾਲਣ ਅਤੇ ਪ੍ਰਬੰਧ ਵਿਚ ਸੁਧਰੀਆਂ ਹੋਈਆਂ ਵਿਧੀਆਂ ਅਪਨਾਈਆਂ ਹਨ। ਇਹ ਫਾਰਮ ਹਰਿਆਣਾ ਅਤੇ ਸਾਹੀਵਾਲ ਨਸਲ ਦੀ ਵੰਸ਼ ਵਿਚੋਂ ਸਾਨ੍ਹ ਉਪਲਭਦ ਕਰਵਾ ਕੇ, ਪੰਜਾਬ ਵਿਚ ਇਨ੍ਹਾਂ ਨਸਲਾਂ ਦੀਆਂ ਗਊਆਂ ਦੇ ਵਿਕਾਸ ਵਿਚ ਆਪਣਾ ਯੋਗਦਾਨ ਦਿੰਦਾ ਰਿਹਾ ਹੈ।

**- ਕੇਂਦਰੀ ਗੋਸੰਵਰਧਨ ਪਰਿਸ਼ਦ ਦੇ ਪ੍ਰਧਾਨ**
**ਅਤੇ ਹੋਰ ਸਮੂਹ ਮੈਂਬਰ।**

# ਚੰਡੀ ਦੀ ਵਾਰ ਦੇ ਪਾਠਾਂ ਦੇ ਹਵਨ ਯੱਗ

ਨਾਮਧਾਰੀਆਂ ਨੇ ਗਊ ਹੱਤਿਆ ਦਾ ਵਿਰੋਧ ਹਮੇਸ਼ਾ ਜਾਰੀ ਰੱਖਿਆ। ਅੱਜ ਵੀ ਨਾਮਧਾਰੀ ਹਰ ਰੋਜ਼ ਅਰਦਾਸ ਕਰਦਿਆਂ ਆਖਦੇ ਹਨ,

**" ਹੇ ਗ੍ਰੀਬ ਨਿਵਾਜ਼, ਗਊ ਗ੍ਰੀਬ ਦੀ ਰਖਿਆ ਕਰੋ, ਧਰਤੀ 'ਤੇ ਧਰਮ ਵਰਤਾਵੋ !"**

**ਸ੍ਰੀ** ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਮੁਤਾਬਕ 'ਚੰਡੀ ਦੀ ਵਾਰ ' ਦੇ ਪਾਠ ਦੇ ਆਰੰਭ 'ਤੇ ਸਮਾਪਤੀ ਸਮੇਂ ਵੀ ਨਾਮਧਾਰੀ ਇਹੋ ਅਰਦਾਸ ਕਰਦੇ ਹਨ,

**" ਹੇ ਭਗਵਤੀ ਮਾਤਾ, ਗਊ ਬੱਧ ਕਰਨ ਤੇ ਭੱਛਨ ਕਰਨ ਵਾਲਿਆਂ ਦਾ ਨਾਸ ਕਰ। "**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਗਊਆਂ ਨਾਲ ਬਹੁਤ ਪਿਆਰ ਸੀ। ਆਪ ਜੀ ਦੀ ਹਾਰਦਿਕ ਇੱਛਾ ਸੀ ਕਿ ਰਿਸ਼ੀਆਂ-ਮੁਨੀਆਂ ਦੇ ਇਸ ਦੇਸ਼ ਵਿਚ ਗਊ-ਬੱਧ ਪੂਰਨ ਤੌਰ 'ਤੇ ਬੰਦ ਹੋ ਜਾਵੇ। ਇਸ ਲਈ ਆਪ ਉਪਰਾਲੇ ਕਰਦੇ ਹੀ ਰਹਿੰਦੇ।

1. ਸੰਨ 1937 ਈ ਵਿਚ ਜਦੋਂ ਅੰਗ੍ਰੇਜ਼ ਹਕੂਮਤ ਨੇ ਲਾਹੌਰ ਵਿਚ ਮਾਡਰਨ ਮਸ਼ੀਨਰੀ ਨਾਲ ਲੈਸ ਇਕ ਬੁੱਚੜਖਾਨ੍ਹਾ ਖੋਲ੍ਹਣ ਦਾ ਫੈਸਲਾ ਕੀਤਾ, ਸ੍ਰੀ ਸਤਿਗੁਰੂ ਜੀ ਨੇ ਇਸ ਨੂੰ ਰੋਕਣ ਲਈ, ਸ੍ਰੀ ਭੈਣੀ ਸਾਹਿਬ ਵਿਖੇ ਚੰਡੀ ਦੀ ਵਾਰ ਦੇ ਪਾਠਾਂ ਦਾ ਹਵਨ-ਯੱਗ ਆਰੰਭ ਕਰਵਾ ਦਿੱਤਾ। ਜਿੰਨਾ ਚਿਰ ਸਰਕਾਰ ਵਲੋਂ ਬੁੱਚੜਖਾਨ੍ਹੇ ਦੀ ਤਜਵੀਜ਼ ਰੱਦ ਨਹੀਂ ਕੀਤੀ ਗਈ ਓਨਾਂ ਚਿਰ ਪਾਠਾਂ ਨੂੰ ਜਾਰੀ ਰੱਖਿਆ ਗਿਆ। ਜਦੋਂ ਬੁਚੜਖਾਨੇ ਦੀ ਤਜ਼ਵੀਜ ਰੱਦ ਹੋਈ ਉਦੋਂ ਤੀਕ ਚੰਡੀ ਦੀ ਵਾਰ ਦੇ 3 ਲੱਖ 15 ਹਜ਼ਾਰ 507- ਪਾਠ ਹੋ ਗਏ ਸਨ। ਨਾਮਧਾਰੀ ਜਗਤ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਅਨੇਕ ਹਿੰਦੂ ਜਥੇਬੰਦੀਆਂ ਨੇ ਸ੍ਰੀ ਸਤਿਗੁਰੂ ਜੀ ਦਾ ਕੋਟਾਨਕੋਟ ਧੰਨਵਾਦ ਕੀਤਾ।

(ਪਾਠਾਂ ਦੀ ਇਹ ਗਿਣਤੀ ਹਜੂਰੀ ਡਰਾਈਵਰ ਸੰਤ ਗੁਰਦੇਵ ਸਿੰਘ ਜੀ ਦੀ ਡਾਇਰੀ ਵਿੱਚੋਂ ਲੈ ਕੇ ਹਜੂਰੀ ਸੇਵਕ ਹਰਪਾਲ ਸਿੰਘ ਨੇ ਆਪਣੀ ਪੁਸਤਿਕਾ 'ਗਊਅਨ ਕੇ ਰਖਵਾਰੇ' ਵਿੱਚ ਛਾਪੀ)

ਹੇਠ ਲਿਖੇ ਅਗਲੇ ਚੰਡੀ ਦੀ ਵਾਰ ਦੇ ਪਾਠਾਂ ਦਾ ਵੇਰਵਾ ਸਪਤਾਹਿਕ ਸਤਿਜੁਗ 25 ਚੇਤਰ ਤੋਂ ਇੱਕ ਵਿਸਾਖ 2067 ਮੁਤਾਬਕ 8 ਤੋਂ 14 ਅਪ੍ਰੈਲ ਸੰਨ 2010 ਵਿੱਚੋਂ ਲਿਆ ਗਿਆ ਹੈ।

2. ਦੂਸਰੀ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ, ਮੱਘਰ ਦੀ ਸੰਗਰਾਂਦ ਸੰਮਤ 1994 ਤੋਂ ਚੰਡੀ ਦੀ ਵਾਰ ਦਾ ਅਖੰਡ ਹਵਨ ਯੱਗ ਕਰਨ ਦਾ ਹੁਕਮ ਹੋਇਆ। ਇਸ ਯੱਗ ਦਾ ਭੋਗ ਸਾਵਣ ਦੀ ਸੰਗਰਾਂਦ 1995 ਬਿ: (1938 ਈ:) ਨੂੰ ਪਾਇਆ ਗਿਆ। ਇਸ ਹਵਨ ਯੱਗ ਵਿੱਚ ਚੰਡੀ ਦੀ ਵਾਰ ਦੇ 2,12,234 ਪਾਠ ਹੋਏ।

3. ਇਸ ਉਪਰੰਤ 7 ਮਾਘ 2013 ਬਿ: (19 ਜਨਵਰੀ ਸੰਨ 1957) ਨੂੰ ਫਿਰ ਚੰਡੀ ਦੀ ਵਾਰ ਦੇ ਪਾਠਾਂ ਦਾ ਆਰੰਭ ਹੋਇਆ। ਇਹਨਾਂ ਪਾਠਾਂ ਦਾ ਭੋਗ ਹੋਲੇ ਤੋਂ ਪਿੱਛੋਂ ਪਿਆ।

4. ਸੰਨ 1959 ਈ: ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ ਤੇ ਸੁਭਾਏਮਾਨ ਹੋਏ। ਆਪ ਜੀ ਨੇ 23 ਸਾਵਣ 2021 ਬਿ: (6 ਅਗਸਤ 1964 ਈ:) ਨੂੰ ਸ੍ਰੀ ਭੈਣੀ ਸਾਹਿਬ ਵਿਖੇ ਚੰਡੀ ਦੀ ਵਾਰ ਦਾ ਅਖੰਡ ਹਵਨ ਯੱਗ ਸ਼ੁਰੂ ਕਰਵਾਇਆ ਜਿਸਦਾ ਭੋਗ 26 ਭਾਦਰੋਂ 2021 ਬਿ: (1964 ਈ:) ਨੂੰ ਪਿਆ। ਇਸ ਵਿੱਚ 1,84,300 ਪਾਠ ਹੋਏ।

5. ਇਸ ਤੋਂ ਅਗਲੇ ਸਾਲ 26 ਭਾਦਰੋਂ 2022 ਬਿ: (1965 ਈ:) ਨੂੰ ਨਿਰਵਿਘਨ ਸਮਾਪਤ ਹੋਏ ਇਸ ਹਵਨ ਯੱਗ ਵਿੱਚ 1,25,470 ਚੰਡੀ ਦੀ ਵਾਰ ਦੇ ਪਾਠ ਕੀਤੇ ਗਏ।

6. 2027 ਬਿ: (1970 ਈ:) ਦਾ ਨਿਮਾਣੀ ਇਕਾਦਸ਼ੀ ਦਾ ਤਿੰਨ ਦਿਨਾਂ ਮੇਲਾ ਜੀਵਨ ਨਗਰ ਕੀਤਾ ਗਿਆ। ਇਸ ਮੇਲੇ ਦੌਰਾਨ ਚੰਡੀ ਦੀ ਵਾਰ ਦੇ ਪਾਠਾਂ ਦੇ ਅਖੰਡ ਹਵਨ ਹੋਏ। ਇਸ ਵਿੱਚ ਹੋਏ ਪਾਠਾਂ ਦੀ ਗਿਣਤੀ ਬਾਰੇ ਜਾਣਕਾਰੀ ਅਜੇ ਮੌਜੂਦ ਨਹੀਂ ਹੈ।

7. ਏਸੇ ਸਾਲ ਅੱਸੂ ਦਾ ਮੇਲਾ ਮਸਤਾਨਗੜ੍ਹ ਹੋਇਆ ਅਤੇ 1 ਅੱਸੂ 2027 ਤੋਂ 30 ਅੱਸੂ 2027 ਬਿ: (1970 ਈ:) ਤੱਕ ਚੰਡੀ ਦੀ ਵਾਰ ਦਾ ਹਵਨ ਯੱਗ ਕੀਤਾ ਗਿਆ। ਇਸ ਦੀ ਗਿਣਤੀ ਵੀ ਅਜੇ ਉਪਲੱਭਧ ਨਹੀਂ ਹੈ।

8. ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ 1982 ਈ: ਦੇ ਵਰ੍ਹੇ ਸ੍ਰੀ ਭੈਣੀ ਸਾਹਿਬ ਵਿਖੇ ਫੇਰ ਚੰਡੀ ਦੀ ਵਾਰ ਦਾ ਹਵਨ ਯੱਗ 20 ਅਗਸਤ ਤੋਂ ਸ਼ੁਰੂ ਕਰਕੇ 10 ਅਕਤੂਬਰ ਤਕ ਨਿਰੰਤਰ ਚਲਿਆ। ਇਸ ਪ੍ਰਯੋਗ ਵਿੱਚ 1,34,962 ਚੰਡੀ ਦੀ ਵਾਰ ਦੇ ਪਾਠ ਹੋਏ।

9. 1999 ਈ: ਵਿੱਚ ਚੰਡੀ ਦੀ ਵਾਰ ਦੇ ਪਾਠ 11 ਨਵੰਬਰ 1999 ਈ: ਤੋਂ 25 ਨਵੰਬਰ 1999 ਈ: ਤਕ ਕੀਤੇ ਗਏ। ਪਾਠਾਂ ਦੀ ਗਿਣਤੀ 1,44,353 ਸੀ।

10. 2 ਫਰਵਰੀ 2010 ਈ: ਤੋਂ 28 ਫਰਵਰੀ 2010 ਈ: ਤਕ ਚੰਡੀ ਦੀ ਵਾਰ ਦੇ ਪਾਠ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਹ ਅਰੋਗਤਾ ਲਈ ਕੀਤੇ ਗਏ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ 2,12,500 ਪਾਠਾਂ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ।

## ਗਊਸ਼ਾਲਾਵਾਂ

ਨਾਮਧਾਰੀ ਗਊਸ਼ਾਲਾਵਾਂ ਦੀਆਂ ਗਊਆਂ ਅਨੇਕ ਵਰ੍ਹਿਆਂ ਤੋਂ ਭਾਰਤ ਲਈ ਇਕ ਮਿਸਾਲ ਕਾਇਮ ਕਰਦੀਆਂ ਆ ਰਹੀਆਂ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਬਣਾਈਆਂ ਗਈਆਂ ਗਊਸ਼ਾਲਾਵਾਂ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ, ਮਸਤਾਨਗੜ੍ਹ, ਟਿੱਬੇ ਤੇ ਨਾਮਧਾਰੀ ਫਾਰਮ ਬੰਗਲੌਰ (ਬਿੜਦੀ) ਆਦਿਕ ਵਿਖੇ ਖੁੱਲ੍ਹੀ ਅਤੇ ਸਾਫ ਜਗ੍ਹਾ 'ਤੇ ਬਣੀਆਂ ਹੋਈਆਂ ਹਨ। ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਨਾਮਧਾਰੀ ਸਿੱਖਾਂ ਦੀਆਂ ਆਪੋ ਆਪਣੀਆਂ ਨਿੱਜੀ ਗਊਸ਼ਾਲਾਵਾਂ ਵੀ ਹਨ ਜਿੱਥੇ ਗਊਆਂ ਦੀ ਸੇਵਾ ਕੀਤੀ ਜਾਂਦੀ ਹੈ। ਡੇਰਾ ਹਿੰਮਤਪੁਰਾ ਜ਼ਿਲ੍ਹਾ ਮੋਗਾ, ਡੇਰਾ ਝੱਲਾਂ ਜ਼ਿਲ੍ਹਾ ਸੰਗਰੂਰ , ਡੇਰਾ ਟਿੱਬਾ ਜ਼ਿਲ੍ਹਾ ਸਰਸਾ ( ਹਰਿਆਣਾ) ਆਦਿ ਵਿਖੇ ਵੀ ਗਊਸ਼ਾਲਾਵਾਂ ਬਣੀਆਂ ਹੋਈਆਂ ਹਨ।

ਚੰਗੇਰੀ ਨਸਲ ਦੀਆਂ ਗਊਆਂ ਪਾਲ ਕੇ ਸ੍ਰੀ ਸਤਿਗੁਰੂ ਜੀ ਨੇ ਇਕ ਰਿਕਾਰਡ ਕਾਇਮ ਕਰ ਦਿੱਤਾ ਹੈ। ਗਊਆਂ ਦੀ ਸਾਂਭ ਸੰਭਾਲ ਲਈ ਕਈ ਕਈ ਸੇਵਾਦਾਰ ਨਿਯੁਕਤ ਕੀਤੇ ਹਨ। ਗਰਮੀ, ਸਰਦੀ ਵਿਚ ਗਊਆਂ ਦੀ ਸੰਭਾਲ ਲਈ ਉਚੇਚੇ ਪ੍ਰਬੰਧ ਕੀਤੇ ਹੋਏ ਹਨ। ਦੁਧਾਰੂ ਗਊਆਂ ਦੇ ਦੁੱਧ ਦੀ ਅਤੇ ਦੁੱਧ ਵਿਚਲੀ ਥੰਦਿਆਈ ਦੀ ਮਾਤਰਾ ਦਾ ਹਰ ਰੋਜ ਰਿਕਾਰਡ ਰੱਖਿਆ ਜਾਂਦਾ ਹੈ।

ਸਾਰੀਆਂ ਗਊਆਂ ਦੇ ਵੱਖੋ ਵੱਖ ਨਾਂ ਰੱਖੇ ਹੋਏ ਹਨ। ਸਾਰੇ ਵੱਛੇ-ਵੱਛੀਆਂ ਇਕੱਠੇ ਇਕ ਥਾਂ ਵੱਖਰੇ ਵਾੜੇ ਵਿਚ ਹੁੰਦੇ ਹਨ। ਜਦੋਂ ਗਾਵਾਂ ਦੇ ਦੁੱਧ ਚੋਣ ਦਾ ਵਕਤ ਹੁੰਦਾ ਹੈ, ਜਿਸ ਗਾਂ ਦਾ ਨਾਂ ਲੈ ਕੇ ਅਵਾਜ਼ ਮਾਰੀ ਜਾਂਦੀ ਹੈ, ਉਸ ਗਾਂ ਦਾ ਵੱਛਾ ਜਾਂ ਵੱਛੀ ਆਪਣੇ ਆਪ ਵਾੜੇ ਵਿਚੋਂ ਨਿਕਲ ਕੇ ਸਿੱਧਾ ਆਪਣੀ ਮਾਂ ਕੋਲ ਦੁੱਧ ਪੀਣ ਚਲੇ ਜਾਂਦਾ ਹੈ। ਹਰ ਬੱਚੇ ਨੂੰ ਆਪਣੀ ਮਾਂ ਦਾ ਪਤਾ ਹੁੰਦਾ ਹੈ। ਸੇਵਾਦਾਰ ਵਲੋਂ ਉੱਚੀ ਅਵਾਜ ਵਿਚ 'ਨੂਰੀ ਦਾ ਉਏ' ਕਹਿਣ 'ਤੇ ਨੂਰੀ ਦਾ ਵੱਛਾ ਜਾਂ ਵੱਛੀ ਆਪਣੇ ਵਾੜੇ ਵਿਚੋਂ ਨਿਕਲ ਕੇ ਆਪਦੀ ਮਾਂ ਨੂਰੀ ਕੋਲ ਦੁੱਧ ਪੀਣ ਲਈ ਭੱਜਾ ਆਉਂਦਾ ਹੈ ।

ਰੋਜ਼ਾਨਾ ਅਖਬਾਰ 'ਜਗ ਬਾਣੀ' ਵਿਚ ਮਿਤੀ 29 ਜਨਵਰੀ 2009 ਨੂੰ "ਗਊ ਨੂੰ ਪਿਆਰਾ ਜਿਹਾ ਨਾਂ

ਦਿਓ,ਤਾਂ ਦੇਵੇਗੀ ਜ਼ਿਆਦਾ ਦੁੱਧ” ਦੇ ਸਿਰਲੇਖ ਹੇਠ ਛਪੀ ਖਬਰ ਇਸ ਤਰ੍ਹਾਂ ਹੈ–

'ਇਹ ਗੱਲ ਸੁਣਨ ਵਿਚ ਕਾਫੀ ਅਜੀਬ ਲੱਗ ਸਕਦੀ ਹੈ ਪਰ ਇਕ ਨਵੇਂ ਅਧਿਐਨ ਨਾਲ ਇਹ ਗੱਲ ਸਾਹਮਣੇ ਆਈ ਹੈ ਕਿ ਗਊਆਂ ਨੂੰ ਵੀ ਜੇਕਰ ਕੋਈ ਨਾਂ ਦਿੱਤਾ ਜਾਵੇ, ਉਨ੍ਹਾਂ ਨੂੰ ਉਸ ਨਾਂ ਨਾਲ ਪਿਆਰ ਨਾਲ ਪੁਕਾਰਿਆ ਜਾਵੇ ਤਾਂ ਉਹ ਹੋਰ ਗਊਆਂ ਦੇ ਮੁਕਾਬਲੇ ਜ਼ਿਆਦਾ ਦੁੱਧ ਦੇ ਸਕਦੀਆਂ ਹਨ।'

ਸ੍ਰੀ ਸਤਿਗੁਰੂ ਜੀ ਨੇ ਗਊਆਂ ਦੀ ਨਸਲ ਸੁਧਾਰਣ ਵੱਲ ਵਿਸ਼ੇਸ਼ ਯੋਗਦਾਨ ਦਿਤਾ ਹੈ। ਹਰਿਆਣਾ, ਸਾਹੀਵਾਲ, ਥਾਰਪਾਰਕਰ ਅਤੇ ਦੇਸੀ ਨਸਲ ਦੀਆਂ ਗਊਆਂ, ਸ੍ਰੀ ਸਤਿਗੁਰੂ ਜੀ ਨੇ ਆਪਣੀਆਂ ਗਊਸ਼ਾਲਾਵਾਂ ਵਿਚ ਰੱਖੀਆਂ ਹੋਈਆਂ ਹਨ।

## ਸ੍ਰੀ ਗੁਰੂ ਹਰੀ ਸਿੰਘ ਗਊਸ਼ਾਲਾ, ਸ੍ਰੀ ਭੈਣੀ ਸਾਹਿਬ

ਇਹ ਗਊਸ਼ਾਲਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਵੇਲੇ ਦੀ ਬਣੀ ਹੋਈ ਹੈ। ਇਸ ਦਾ ਨਾਂ ਸ੍ਰੀ ਗੁਰੂ ਹਰੀ ਸਿੰਘ ਪਸ਼ੂ–ਪਾਲਣ ਫਾਰਮ ਅਥਵਾ ਗਊਸ਼ਾਲਾ ਹੈ।

ਵਰਤਮਾਨ ਸਮੇਂ ਵਿਚ ਇਸ ਗਊਸ਼ਾਲਾ ਵਿਚ ਵੱਡੀ ਗਿਣਤੀ ਵਿੱਚ ਗਊਆਂ ਅਤੇ ਪਸ਼ੂਧਨ ਹੈ। ਇਥੇ ਸਾਹੀਵਾਲ, ਹਰਿਆਣਾ ਅਤੇ ਥਾਰਪਾਰਕਰ ਨਸਲ ਦੀਆਂ ਗਊਆਂ ਅਤੇ ਵੱਛੇ –ਵੱਛੀਆਂ, ਸਾਨ੍ਹ ਆਦਿ ਹਨ। ਅਲੱਗ ਅਲੱਗ ਨਸਲ ਦੀਆਂ ਗਊਆਂ ਨੂੰ ਅੱਡੋ–ਅੱਡ ਰੱਖਿਆ ਜਾਂਦਾ ਹੈ। ਉਨ੍ਹਾਂ ਦੇ ਵੱਛੇ –ਵੱਛੀਆਂ ਨੂੰ ਵੀ ਅੱਡੋ–ਅੱਡ ਵਾੜਿਆਂ ਵਿਚ ਰੱਖਿਆ ਜਾਂਦਾ ਹੈ।

ਦੁੱਧੋਂ ਹਟੀਆਂ, ਵਡੇਰੀ ਉਮਰ ਦੀਆਂ ਅਤੇ ਕਸ਼ਟ–ਗ੍ਰਸਤ ਬੀਮਾਰ ਗਊਆਂ ਵਾਸਤੇ ਇਕ ਵੱਖਰਾ ਸ਼ੈੱਡ ਬਣਾਇਆ ਗਿਆ ਹੈ। ਇਨ੍ਹਾਂ ਦੀ ਵੀ ਚੰਗੀ ਤਰ੍ਹਾਂ ਦੇਖ–ਭਾਲ ਅਤੇ ਸੇਵਾ ਕੀਤੀ ਜਾਂਦੀ ਹੈ। ਉਦਾਹਰਣ ਦੇ ਤੌਰ 'ਤੇ ਹਰਿਆਣਾ ਨਸਲ ਦੀ ਇਕ ਗਾਂ ਦੀ ਲੱਤ ਵੱਢੀ ਗਈ ਸੀ, ਲੱਤ ਗਲ ਗਈ ਸੀ, ਕੈਂਸਰ ਹੋ ਗਿਆ ਸੀ। ਸੇਵਾ ਕਰਨ ਨਾਲ ਇਹ ਠੀਕ ਹੋ ਗਈ, ਇਸ ਦੀ ਇਕ ਵੱਛੀ ਗਊਸ਼ਾਲਾ ਵਿਚ ਹੈ।

ਪੰਜਾਬ ਸਰਕਾਰ ਵਲੋਂ ਮੰਗੇ ਜਾਣ 'ਤੇ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਵਿਚੋਂ , ਸਰਕਾਰ ਨੂੰ ਕੁਝ ਵੱਛੇ ਨਸਲ–ਸੁਧਾਰ ਲਈ ਦਿਤੇ ਗਏ। ਨਾਭੇ, ਖੰਨਾ, ਲੁਧਿਆਣਾ,ਫਗਵਾੜਾ ਅਤੇ ਹੁਸ਼ਿਆਰਪੁਰ ਆਦਿ ਦੀਆਂ ਗਊਸ਼ਾਲਾਵਾਂ ਵਿਚ ਵੀ, ਸ੍ਰੀ ਭੈਣੀ ਸਾਹਿਬ ਤੋਂ ਨਸਲ ਸੁਧਾਰ ਲਈ ਵੱਛੇ ਭੇਜੇ ਗਏ। ਕਈ ਲੋਕ ਨਿੱਜੀ ਤੌਰ 'ਤੇ ਵੀ ਗਊਸ਼ਾਲਾ ਵਿਚੋਂ ਵੱਛੇ ਮੁੱਲ ਲੈ ਜਾਂਦੇ ਹਨ।

ਸ੍ਰੀ ਸਤਿਗੁਰੂ ਜੀ ਵਲੋਂ ਵੀ ਸਮੇਂ ਸਮੇਂ ਨਸਲ ਸੁਧਾਰ ਲਈ ਵਧੀਆ ਵੱਛੇ ਲੱਭ ਕੇ ਖ੍ਰੀਦ ਲਏ ਜਾਂਦੇ ਹਨ ਜਿਵੇਂ ਕਿ ਪਿੱਛੇ ਜਿਹੇ ਕੁਝ ਵੱਛੇ ਮੁੱਲ ਲਏ ਗਏ ਹਨ।

ਸਮਰਾਲਾ ਦੇ ਡਾ. ਅਸ਼ੋਕ ਸ਼ਰਮਾ (ਪ੍ਰਧਾਨ ਵੈਟਰਨਰੀ ਡਾਕਟਰ ਐਸੋਸੀਏਸ਼ਨ, ਪੰਜਾਬ) ਦੀ ਅਗਵਾਈ ਹੇਠ, ਪਸ਼ੂ ਧਨ ਦੇ ਜ਼ੋਨ ਪੱਧਰੀ ਮੁਕਾਬਲੇ ਸ੍ਰੀ ਭੈਣੀ ਸਾਹਿਬ ਵਿਖੇ ਕਰਵਾਏ ਜਾਣ ਦੀ ਸਕੀਮ ਹੈ। ਖਰਚੇ ਦਾ ਸਾਰਾ ਪ੍ਰਬੰਧ ਸਰਕਾਰ ਵਲੋਂ ਕੀਤਾ ਜਾਣਾ ਹੈ, ਸਿਰਫ ਪ੍ਰਤੀਯੋਗਿਤਾ ਕਰਵਾਉਣ ਵਾਲੇ ਨੂੰ 15 ਕਿੱਲੇ ਜ਼ਮੀਨ ਦੇਣੀ ਪੈਂਦੀ ਹੈ। 4–5 ਸ਼ੈੱਡ ਬਨਾਉਣ ਦਾ ਪ੍ਰਬੰਧ ਸਰਕਾਰ ਨੇ ਕਰਨਾ ਹੈ। Breeding Farm ਅਤੇ ਦੇਸੀ ਗਊਆਂ ਦੇ Products ਦੀ Plantation ਲਗਾਈ ਜਾਵੇਗੀ।

ਡਾ.ਐਚ. ਐਸ. ਸੰਧਾ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਚੰਡੀਗੜ੍ਹ ਵਲੋਂ ਮਨਜ਼ੂਰੀ ਮਿਲ ਗਈ ਹੈ, ਫੰਡ ਮੁਹੱਈਆਂ ਕਰਵਾਏ ਜਾਣੇ ਹਨ। ਕੇਂਦਰੀ ਸਰਕਾਰ ਵਲੋਂ ਗ੍ਰਾਂਟ ਮਿਲਣੀ ਹੈ। ਸਰਕਾਰ ਵਲੋਂ ਸਾਹੀਵਾਲ ਨਸਲ ਦੀਆਂ ਗਾਵਾਂ ਨੂੰ ਵਧਾਏ ਜਾਣ ਦੀ ਸਕੀਮ ਹੈ।

ਡਾ. ਐਸ. ਐਚ. ਸੰਧਾ ਜਦੋਂ Joint Director ਸਨ, ਉਦੋਂ ਉਹ ਉਨ੍ਹਾਂ 15 ਵੱਛਿਆਂ, ਜੋ ਪੰਜਾਬ ਸਰਕਾਰ

ਨੇ ਸ੍ਰੀ ਭੈਣੀ ਸਾਹਿਬ ਤੋਂ ਖ੍ਰੀਦੇ ਸਨ, ਦਾ ਚੈੱਕ ਦੇਣ ਆਏ ਸਨ। ਜਦੋਂ ਉਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਹਜ਼ੂਰੀ ਸੇਵਕ ਰਛਪਾਲ ਸਿੰਘ ਨੇ ਅਰਜ਼ ਕੀਤੀ,

'ਸੱਚੇ ਪਾਤਸ਼ਾਹ ਜੀ ਪਸ਼ੂ ਪਾਲਣ ਵਿਭਾਗ ਪੰਜਾਬ ਦੇ Joint Director ਚੰਡੀਗੜ੍ਹ ਤੋਂ ਦਰਸ਼ਨ ਕਰਨ ਆਏ ਹਨ। '

ਸ੍ਰੀ ਸਤਿਗੁਰੂ ਜੀ ਨੇ ਫਰਮਾਇਆ, 'ਡਾਇਰੈਕਟਰ।'

ਸੇਵਕ ਰਛਪਾਲ ਜੀ ਨੇ ਮੁੜ ਅਰਜ ਕੀਤੀ, 'ਨਹੀਂ ਸੱਚੇ ਪਾਤਸ਼ਾਹ ਜੀ , ਇਹ ਜੋਆਇੰਟ ਡਾਇਰੈਕਟਰ ਹਨ।'

ਹਜ਼ੂਰ ਨੇ ਫਿਰ ਬਚਨ ਕੀਤਾ, 'ਡਾਇਰੈਕਟਰ।'

ਉਸ ਤੋਂ ਪੰਜ ਦਿਨਾਂ ਬਾਅਦ ਡਾ. ਐਚ. ਐਸ. ਸੰਧਾ ਡਾਇਰੈਕਟਰ ਬਣ ਗਏ।

ਐਸ ਵੇਲੇ ਸੂਬਾ ਜਗੀਰ ਸਿੰਘ ਛਾਪਿਆਂ ਵਾਲੀ ( ਮੁਕਤਸਰ) ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦੀ ਬੜੇ ਧਿਆਨ ਨਾਲ ਦੇਖ ਭਾਲ ਕਰ ਰਹੇ ਹਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਤੇ ਪ੍ਰਵਾਨਗੀ ਅਨੁਸਾਰ ਸਮੇਂ ਸਮੇਂ 'ਤੇ ਗਊਆਂ ਅਤੇ ਹੋਰ ਪਸ਼ੂ ਧਨ ਨੂੰ ਪੰਜਾਬ ਰਾਜ ਵਿਚ ਹੁੰਦੀਆਂ ਪ੍ਰਤੀਯੋਗਤਾਵਾਂ ਵਿਚ ਭੇਜਿਆ ਜਾ ਰਿਹਾ ਹੈ, ਜਿਸ ਦੇ ਬਹੁਤ ਵਧੀਆ ਨਤੀਜੇ ਸਾਹਮਣੇ ਆਏ ਹਨ।

ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਅਤੇ ਮਸਤਾਨਗੜ੍ਹ ਦੀਆਂ ਗਊਸ਼ਾਲਾਵਾਂ ਦੇ ਪ੍ਰਬੰਧਕ ਵਰਗ ਅਤੇ ਵਿਸ਼ੇਸ਼ ਸੇਵਾਦਾਰਾਂ ਬਾਰੇ ਅਗਲੇ ਅਧਿਆਏ ਵਿਚ ਲਿਖਿਆ ਗਿਆ ਹੈ।

## 'ਸ੍ਰੀ ਗੁਰੂ ਹਰੀ ਸਿੰਘ ਪਸ਼ੂ-ਪਾਲਣ ਅਤੇ ਖੇਤੀ ਫਾਰਮ'(ਗਊਸ਼ਾਲਾ) ਸ੍ਰੀ ਜੀਵਨ ਨਗਰ, ਜ਼ਿਲ੍ਹਾ ਸਰਸਾ, ਹਰਿਆਣਾ

ਸ੍ਰੀ ਜੀਵਨ ਨਗਰ ਦੀ ਇਹ ਗਊਸ਼ਾਲਾ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਨ 1947 ਵਿਚ, ਦੇਸ਼ ਦੀ ਵੰਡ ਮਗਰੋਂ ਕਾਇਮ ਕੀਤੀ। ਇਸ ਦਾ ਨਾਂ ' ਸ੍ਰੀ ਗੁਰੂ ਹਰੀ ਸਿੰਘ ਪਸ਼ੂ ਪਾਲਣ ਅਤੇ ਖੇਤੀ ਫਾਰਮ ' ਰੱਖਿਆ ਗਿਆ।

ਇਥੇ ਸਮੇਂ ਸਮੇਂ 'ਤੇ ਵੱਡੀ ਗਿਣਤੀ ਵਿਚ ਵਧੀਆ ਨਸਲ ਦੀਆਂ ਗਊਆਂ ਵੱਛੇ, ਵੱਛੀਆਂ ਅਤੇ ਸਾਨ੍ਹ ਵਗੈਰਾ ਰਖੇ ਜਾਂਦੇ ਰਹੇ ਹਨ ਅਤੇ ਇਸ ਵੇਲੇ ਵੀ ਹਨ।

ਇਥੇ ਘੋੜਿਆ ਦਾ ਫਾਰਮ ਵੀ ਸੀ, ਜਿਸ ਵਿਚ ਕ੍ਰੀਬ 35-40 ਘੋੜੇ ਰਖੇ ਹੋਏ ਸਨ। ਸਮੇਂ ਸਮੇਂ 'ਤੇ ਇਥੇ ਘੋੜੇ ਰੱਖੇ ਜਾਂਦੇ ਰਹੇ।

## ਨਾਮਧਾਰੀ ਗਊਸ਼ਾਲਾ ਮਸਤਾਨਗੜ੍ਹ, ਜ਼ਿਲ੍ਹਾ ਸਰਸਾ ਹਰਿਆਣਾ

ਕ੍ਰੀਬ 1964-65 'ਚ ਜਦੋਂ ਮਸਤਾਨਗੜ੍ਹ ਦਾ ਡੇਰਾ ਅਬਾਦ ਕੀਤਾ ਗਿਆ ਉਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਥੇ ਗਊਸ਼ਾਲਾ ਬਣਵਾਈ। ਐਸ ਵੇਲੇ ਇਸ ਗਊਸ਼ਾਲਾ ਵਿਖੇ ਵੱਡੀ ਗਿਣਤੀ ਵਿੱਚ ਗਊਆਂ ਅਤੇ ਗਊ-ਧਨ ਹੈ। ਇਥੇ ਹਰਿਆਣਾ ਨਸਲ ਦੀਆਂ ਬਹੁਤ ਵਧੀਆ ਗਊਆਂ ਹਨ।

ਮਸਤਾਨਗੜ੍ਹ ਅਤੇ ਟਿੱਬੇ ਦੇ ਇਲਾਕੇ ਵਿਚ ਇੰਚਾਰਜ ਐਸ ਵੇਲੇ ਸ. ਗੁਰਚਰਨ ਸਿੰਘ ਪੱਪੂ (ਸਪੁੱਤਰ ਸੰਤ ਮੱਘਰ ਸਿੰਘ ਸੈਦੋ ਵਾਲੇ) ਹਨ। ਇਨ੍ਹਾਂ ਬਾਰੇ ਪ੍ਰਬੰਧਕ ਅਤੇ ਸੇਵਕ ਅਧਿਆਏ ਵਿਚ ਲਿਖਿਆ ਹੋਇਆ ਹੈ।

## ਨਾਮਧਾਰੀ ਫਾਰਮ ਬਿੜਦੀ ਬੰਗਲੌਰ

ਬੰਗਲੌਰ ਦੇ ਨਾਮਧਾਰੀ ਫਾਰਮ ਵਿਚ ਠਾਕੁਰ ਉਦੈ ਸਿੰਘ ਜੀ ਨੇ ਗਊਆਂ ਰੱਖੀਆਂ ਹੋਈਆਂ ਹਨ।

ਇਥੇ ਜਿਆਦਾਤਰ ਸਾਹੀਵਾਲ ਨਸਲ ਦੀਆਂ ਗਾਵਾਂ ਹਨ।

ਇਸ ਗਊਸ਼ਾਲਾ ਦੇ ਮੁਖ ਪ੍ਰਬੰਧਕ ਸਮੇਂ ਸਮੇਂ 'ਤੇ ਸਰਵ ਸ੍ਰੀ ਅਵਤਾਰ ਸਿੰਘ, ਸਵਿੰਦਰ ਸਿੰਘ ਅਤੇ ਗੁਰਦਿਆਲ ਸਿੰਘ ਰਹੇ। ਅੱਜ ਕਲ੍ਹ ਮੁਖ ਪ੍ਰਬੰਧਕ ਸੰਤ ਗੁਰਦੇਵ ਸਿੰਘ ਹਨ।

## ਡੇਰਾ ਪਿੰਡ ਹਿੰਮਤਪੁਰਾ ਜ਼ਿਲ੍ਹਾ ਮੋਗਾ ਦੀ ਗਊਸ਼ਾਲਾ

ਇਹ ਗਊਸ਼ਾਲਾ ਐਸ ਵੇਲੇ ਡੇਰੇ ਦੇ ਪ੍ਰਮੁੱਖ ਸੰਤ ਜ਼ੋਰਾ ਸਿੰਘ ਦੀ ਨਿਗਰਾਨੀ ਅਤੇ ਪ੍ਰਬੰਧ ਹੇਠ ਚਲ ਰਹੀ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਪਿੰਡ ਹਿੰਮਤਪੁਰੇ ਦਾ ਡੇਰਾ ਸੰਤ ਕਰਮ ਸਿੰਘ ਚਲਾ ਰਹੇ ਸਨ। ਸ੍ਰੀ ਸਤਿਗੁਰੂ ਜੀ ਦੀ ਸੰਤਾਂ 'ਤੇ ਬਹੁਤ ਬਖ਼ਸ਼ਿਸ਼ ਸੀ। ਜਿੰਨਾਂ ਦੇ ਘਰ ਪੁੱਤਰ ਨਹੀਂ ਸੀ ਹੁੰਦਾ, ਉਹ ਇਸ ਡੇਰੇ ਵਿਚ ਆ ਕੇ ਸੰਤਾਂ ਨੂੰ ਅਰਜ਼ ਕਰਦੇ ਸਨ ਅਤੇ ਸੰਤਾਂ ਦੇ ਬਚਨਾਂ ਨਾਲ ਪੁੱਤਰ ਦੀ ਦਾਤ ਪ੍ਰਾਪਤ ਹੁੰਦੀ ਸੀ । ਸੰਤ ਕਰਮ ਸਿੰਘ ਤੋਂ ਬਾਅਦ ਇਥੇ ਸੰਤ ਹਰਨਾਮ ਸਿੰਘ ਲੋਹਗੜ੍ਹ ਅਤੇ ਉਨ੍ਹਾਂ ਦੋਂ ਬਾਅਦ ਸੰਤ ਗੁਰਮੁਖ ਸਿੰਘ ਫਰਵਾਹੀ, ਇਸ ਡੇਰੇ ਦੇ ਪ੍ਰੱਮੁਖ ਬਣੇ। ਸੰਤ ਗੁਰਮੁਖ ਸਿੰਘ ਸੰਨ 1991 ਨੂੰ 26 ਅੱਸੂ ਵਾਲੇ ਦਿਨ ਚੜ੍ਹਾਈ ਕੀਤੇ। ਉਦੋਂ ਤੋਂ ਇਹ ਡੇਰਾ ਸੰਤ ਜ਼ੋਰਾ ਸਿੰਘ ਚਲਾ ਰਹੇ ਹਨ। ਉਸ ਵੇਲੇ ਪਿੰਡ ਦੀ ਪੰਚਾਇਤ ਗਊਸ਼ਾਲਾ ਚਲਾ ਰਹੀ ਸੀ।

ਪੰਚਾਇਤ ਤੋਂ ਕਿਸੇ ਕਾਰਣ ਇਹ ਗਊਸ਼ਾਲਾ ਚਲ ਨਹੀਂ ਸੀ ਰਹੀ। ਉਨ੍ਹਾਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ ਕਿ ਸੰਤ ਜ਼ੋਰਾ ਸਿੰਘ ਗਊਸ਼ਾਲਾ ਸੰਭਾਲ ਲੈਣ। ਸ੍ਰੀ ਸਤਿਗੁਰੂ ਜੀ ਦੀ ਪ੍ਰਵਾਨਗੀ ਨਾਲ ਉਦੋਂ ਤੋਂ ਗਊਸ਼ਾਲਾ ਸੰਤ ਜ਼ੋਰਾ ਸਿੰਘ ਚਲਾ ਰਹੇ ਹਨ। ਐਸ ਵੇਲੇ ਵੱਡੀ ਗਿਣਤੀ ਵਿੱਚ ਗਊਆਂ ਅਤੇ ਗਊ-ਧਨ ਇਸ ਗਊਸ਼ਾਲਾ ਵਿਚ ਹੈ।

ਕ੍ਰੀਬ 15 ਕੁ ਦੁੱਧ ਦੇਣ ਵਾਲੀਆ ਗਊਆਂ ਨੂੰ ਛੱਡ ਕੇ ਇਸ ਗਊਸ਼ਾਲਾ ਵਿਚ ਬਾਕੀ ਸਾਰੀਆਂ ਨੇੜੇ ਤੇੜੇ ਦੇ ਪਿੰਡਾਂ ਦੀਆਂ ਦੁੱਧੋ ਹਟੀਆਂ, ਬੇਸਹਾਰਾ ਅਤੇ ਬਿਰਧ ਗਊਆਂ ਅਤੇ ਰਾਮ ਗਊਆਂ ਸ਼ਾਮਲ ਹਨ। ਲੋਕ ਵੀ ਦਾਨ ਵਜੋਂ ਇਸ ਗਊਸ਼ਾਲਾ ਲਈ ਤੂੜੀ ਅਤੇ ਚਾਰਾ ਵਗੈਰਾ ਦੇ ਜਾਂਦੇ ਹਨ।

## ਡੇਰਾ ਪਿੰਡ ਝੱਲ, ਜ਼ਿਲ੍ਹਾ ਸੰਗਰੂਰ ਦੀ ਗਊਸ਼ਾਲਾ

ਇਹ ਗਊਸ਼ਾਲਾ ਪਿੰਡ ਝੱਲ, ਜ਼ਿਲ੍ਹਾ ਸੰਗਰੂਰ ਦੇ ਨਾਮਧਾਰੀ ਡੇਰੇ ਵਿਚ ਸਥਿਤ ਹੈ। ਇਸ ਡੇਰੇ ਨੂੰ ਉੱਘੇ ਨਾਮਧਾਰੀ ਸੰਤ ਜਗਤ ਸਿੰਘ ਖੰਡੂਵਾਲੀ ਚਲਾ ਰਹੇ ਸਨ। ਉਨ੍ਹਾਂ ਤੋਂ ਬਾਅਦ ਇਸ ਨੂੰ ਨਾਮਧਾਰੀ ਪੰਥ ਦੇ ਪ੍ਰਸਿੱਧ ਵਿਦਵਾਨ ਅਤੇ ਕਥਾਵਾਚਕ ਪੰ. ਹਰਭਜਨ ਸਿੰਘ ਖੰਡੂਵਾਲੀ ਚਲਾ ਰਹੇ ਹਨ।

ਇਨ੍ਹਾਂ ਨੇ ਇਸ ਡੇਰੇ ਦੀ ਜ਼ਮੀਨ ਵਿਚ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਤੇ ਪ੍ਰਵਾਨਗੀ ਅਨੁਸਾਰ ਗਊਸ਼ਾਲਾ ਸ਼ੁਰੂ ਕੀਤੀ ਹੈ। ਇਸ ਦਾ ਉਦਘਾਟਨ 21 ਫਰਵਰੀ ਸੰਨ 2009 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤਾ।

ਕੁਝ ਹਿੰਦੂ ਸਿੱਖ ਜੱਥੇਬੰਦੀਆਂ ਵਲੋਂ ਮਿਲ ਕੇ ਗਊਸ਼ਾਲਾ ਦਾ ਨੀਂਹ ਪੱਥਰ ਕੁਝ ਸਾਲ ਪਹਿਲੋਂ ਅਮਰਗੜ੍ਹ ਵਿਖੇ ਰੱਖਿਆ ਗਿਆ ਸੀ ਪਰ ਕਿਸੇ ਵਜ੍ਹਾ ਨਾਲ ਗਊਸ਼ਾਲਾ ਬਣ ਨਹੀਂ ਸੀ ਸਕੀ। ਪੰ. ਹਰਭਜਨ ਸਿੰਘ ਖੰਡੂਵਾਲੀ ਨੇ

ਉਹੀ ਨੀਂਹ ਪੱਥਰ ਅਮਰਗੜ੍ਹ ਤੋਂ ਕ੍ਰੀਬ ਡੇਢ ਕਿਲੋਮੀਟਰ ਦੀ ਦੂਰੀ ਤੇ ਪਿੰਡ ਝੱਲ ਦੇ ਇਸ ਨਾਮਧਾਰੀ ਡੇਰੇ ਦੀ ਜ਼ਮੀਨ ਵਿਚ ( ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕਰ ) ਲਿਆ ਕੇ ਲਾ ਦਿੱਤਾ ਅਤੇ ਗਊਸ਼ਾਲਾ ਬਣਾ ਲਈ। ਇਸ ਗਊਸ਼ਾਲਾ ਵਿਚ ਜ਼ਿਆਦਾਤਰ ਦੁੱਧੋ ਹਟੀਆਂ, ਬੇਸਹਾਰਾ,ਬਿਰਧ ਅਤੇ ਬੀਮਾਰ ਗਊਆਂ ਅਤੇ ਪਸ਼ੂ ਧਨ ਸ਼ਾਮਲ ਹੈ। ਅਜੇ ਤਾਂ ਸ਼ੁਰੂਆਤ ਹੈ, ਅਗੋਂ ਇਸ ਨੂੰ ਵਿਆਪਕ ਪੱਧਰ ਤੇ ਵਧਾਏ ਜਾਣ ਦੀ ਸਕੀਮ ਹੈ। ਅਜੇ ਇਮਾਰਤ ਬਣ ਰਹੀ ਹੈ।

ਪੰ. ਜੀ ਅਤੇ ਉਨ੍ਹਾਂ ਦੇ ਦੋਵੇਂ ਸਪੁੱਤਰ ਵੱਡੇ ਸੰਤ ਹਰਵਿੰਦਰ ਸਿੰਘ ਅਤੇ ਛੋਟੇ ਸੰਤ ਯਾਦਵਿੰਦਰ ਸਿੰਘ, ਇਸ ਗਊਸ਼ਾਲਾ ਵਿਚ ਪ੍ਰਬੰਧਕ ਵਜੋਂ ਸੇਵਾ ਕਰਦੇ ਹਨ। ਇਹ ਆਲੇ ਦੁਆਲੇ ਦੇ ਪਿਡਾਂ ਵਿਚੋਂ ਜ਼ਖਮੀ ਅਤੇ ਬੀਮਾਰ ਪਸ਼ੂਆਂ ਨੂੰ ਆਪਣੀ ਗਊਸ਼ਾਲਾ 'ਚ ਲਿਆ ਕੇ ਸੇਵਾ ਕਰਦੇ ਹਨ।

ਅਜਿਹੇ ਪਸ਼ੂਆਂ ਨੂੰ ਲੋਕ ਵੀ ਇਸ ਗਊਸ਼ਾਲਾ ਚ ਛੱਡ ਜਾਂਦੇ ਹਨ। ਕਿਸੇ ਗਊ ਦੀ ਲੱਤ ਟੁੱਟੀ ਹੈ, ਕਿਸੇ ਦੇ ਪੈਰ ਖਰਾਬ ਹਨ। ਇਕ ਵੱਛੇ ਦੀਆਂ ਚਾਰੋਂ ਲੱਤਾਂ ਖਰਾਬ ਹਨ। ਇੱਥੇ ਤਨ-ਦੇਹੀ ਨਾਲ ਸਭ ਪਸ਼ੂਆਂ ਦੀ ਸੇਵਾ ਕੀਤੀ ਜਾਂਦੀ ਹੈ।

ਸੰਤ ਯਾਦਵਿੰਦਰ ਸਿੰਘ ਨੇ ਵਾਰਾਣਸੀ ਤੋਂ ਸ਼ਾਸ਼ਤਰੀਚਾਰੀਆ ਕੀਤਾ ਹੈ ਅਤੇ ਅੱਜ ਕੱਲ ' ਗ੍ਰੰਥ ਸਾਹਿਬ ਵਿਚ ਅਦਵੈਤ ਤੱਤ ਦੀ ਨਿਰਮਾਣਤਾ ' ਵਿਸ਼ੇ 'ਤੇ ਪੀ.ਐਚ. ਡੀ. ਕਰ ਰਹੇ ਹਨ।

## ਨਾਮਧਾਰੀ ਗਊਸ਼ਾਲਾ ਟਿੱਬਾ ਫਾਰਮ (ਰਜਿ.) ਸੰਤਨਗਰ ਜਿਲ੍ਹਾ ਸਰਸਾ, ਹਰਿਆਣਾ

ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕਰ ਕੇ ਅਤੇ ਪ੍ਰਵਾਨਗੀ ਲੈ ਕੇ ਸੰਨ 2003 ਵਿਚ ਇਹ ਗਊਸ਼ਾਲਾ ਟਿੱਬੇ ਦੀ ਡੇਰੇ ਵਾਲੀ ਜ਼ਮੀਨ ਵਿਚ, ਸੰਤ ਪੂਰਨ ਸਿੰਘ ਮੁਕਤਾ ਸੰਤਨਗਰ ਸਪੁੱਤਰ ਸੰਤ ਹਜ਼ਾਰਾ ਸਿੰਘ ਮੁਕਤਾ ਨੇ ਉੱਦਮ ਕਰਕੇ ਬਣਵਾਈ। ਉਦੋਂ ਤੋਂ ਮੁਕਤਾ ਜੀ ਹੀ ਇਥੇ ਮੁੱਖ-ਪ੍ਰਬੰਧਕ ਹਨ। ਇਹ ਅਤੇ ਇਨ੍ਹਾਂ ਦੀ ਸਿੰਘਣੀ ਬੀਬੀ ਬਲਬੀਰ ਕੌਰ ਸਪੁੱਤਰੀ ਸੰਤ ਬੰਤਾ ਸਿੰਘ ਸੰਤਨਗਰ, ਇਥੇ ਗਊਆਂ ਅਤੇ ਵੱਛੇ ਵੱਛੀਆਂ ਦੀ ਸੇਵਾ ਕਰ ਰਹੇ ਹਨ। ਸੇਵਕ ਵੀ ਰੱਖੇ ਹੋਏ ਹਨ।

ਇਸ ਗਊਸ਼ਾਲਾ ਵਿਚ ਵੱਡੀ ਗਿਣਤੀ ਵਿੱਚ ਗਊਆਂ ਅਤੇ ਪਸ਼ੂ-ਧਨ ਹੈ। ਇਥੇ ਬਿਰਧ, ਬੇਸਹਾਰਾ ਅਤੇ ਦੁੱਧੋਂ ਹਟੀਆਂ ਗਊਆਂ ਨੂੰ ਸੰਭਾਲਿਆ ਜਾਂਦਾ ਹੈ। ਜਿੰਨਾਂ ਗਊਆਂ ਦਾ ਦੁੱਧ ਪੀ ਕੇ, ਦੁੱਧੋਂ ਹਟਣ 'ਤੇ, ਲੋਕ ਰੱਸੇ ਖੋਲ੍ਹ ਕੇ ਬਾਹਰ ਭਟਕਣ ਲਈ ਛੱਡ ਦਿੰਦੇ ਹਨ, ਉਨ੍ਹਾਂ ਨੂੰ ਇਸ ਗਊਸ਼ਾਲਾ 'ਚ ਲਿਆ ਕੇ ਸੇਵਾ ਕੀਤੀ ਜਾਂਦੀ ਹੈ। ਕਈ ਲੋਕ ਅਜਿਹੀਆਂ ਗਊਆਂ ਨੂੰ ਆਪ ਇੱਥੇ ਛੱਡ ਜਾਂਦੇ ਹਨ। ਕਈ ਬੀਮਾਰ ਜਾਂ ਜ਼ਖਮੀ ਹੋ ਕੇ ਰੁਲ ਰਹੇ ਵੱਛੇ, ਜਿੰਨਾਂ ਨੂੰ ਕੋਈ ਸਾਂਭਦਾ ਨਹੀਂ ਸੀ, ਉਨ੍ਹਾਂ ਨੂੰ ਵੀ ਇਥੇ ਲਿਆ ਕੇ ਸੰਭਾਲਿਆ ਜਾਂਦਾ ਹੈ।

ਇਸ ਇਲਾਕੇ ਦੇ ਪਿੰਡ ਦੀ ਸਾਧ-ਸੰਗਤ ਅਤੇ ਲੋਕਾਂ ਵਲੋਂ ਇਸ ਗਊਸ਼ਾਲਾ ਨੂੰ ਯਥਾ ਸੰਭਵ ਸਹਿਯੋਗ ਦਿੱਤਾ ਜਾਂਦਾ ਹੈ। ਕੇਂਦਰੀ ਸਰਕਾਰ ਦੇ ਜੀਵ-ਜੰਤੂ ਕਲਿਆਣ ਵਿਭਾਗ ਦਿੱਲੀ ਵਲੋਂ ਵੀ ਗਊਸ਼ਾਲਾ ਦੀ ਮਦਦ ਕੀਤੀ ਜਾਂਦੀ ਹੈ।

ਗਊਸ਼ਾਲਾ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਇਕ ਕਮੇਟੀ ਬਣਾਈ ਗਈ ਹੈ। ਇਸ ਵਿਚ ਸੰਤ ਪੂਰਨ ਸਿੰਘ ਮੁਕਤਾ ਤੋਂ ਇਲਾਵਾ ਸੂਬਾ ਬਲਕਾਰ ਸਿੰਘ ਸੰਤਨਗਰ, ਸਰਵ-ਸੰਤ ਹਰਮੀਤ ਸਿੰਘ ਚੇਅਰਮੈਨ, ਸੁਖਦੇਵ ਸਿੰਘ ਪੈਟਰੋਲ ਪੰਪ ਵਾਲੇ, ਨਾਨਕ ਸਿੰਘ ਸਪੁੱਤਰ ਸੰਤ ਬੀਬਾ ਸਿੰਘ ਅਤੇ ਬਲਵਿੰਦਰ ਸਿੰਘ ਆਦਿ ਸ਼ਾਮਲ ਹਨ।

# ਬੱਲ ਗਊਸ਼ਾਲਾ ਸ੍ਰੀ ਜੀਵਨ ਨਗਰ

ਇਹ ਗਊਸ਼ਾਲਾ ਸੰਨ 2006 ਵਿਚ ਸ੍ਰੀ ਸਤਿਗੁਰੂ ਜੀ ਤੋਂ ਪ੍ਰਵਾਨਗੀ ਲੈ ਕੇ ਸੰਤ ਇਕਬਾਲ ਸਿੰਘ ਬੱਲ (ਨਕੌੜਾ) ਸਪੁੱਤਰ ਸੰਤ ਮਹਿੰਦਰ ਸਿੰਘ ਬੱਲ ਦੁਆਰਾ ਸਥਾਪਿਤ ਕੀਤੀ ਗਈ।

ਸੰਤ ਇਕਬਾਲ ਸਿੰਘ ਦੀ ਸੁਪਤਨੀ ਬੀਬੀ ਸੁਖਬੀਰ ਕੌਰ (ਸਪੁੱਤਰੀ ਸੰਤ ਗੁਰਬਚਨ ਸਿੰਘ ਭੰਗੂ ਸ੍ਰੀ ਜੀਵਨ ਨਗਰ), ਗਊਸ਼ਾਲਾ ਦੇ ਮੈਨਜਰ ਹਨ ਅਤੇ ਗਊਆਂ ਦੀ ਬਹੁਤ ਸੇਵਾ ਕਰਦੇ ਹਨ। ਇਨ੍ਹਾਂ ਦੇ ਦੋ ਸਪੁੱਤਰ ਸੁਰਜੀਤ ਸਿੰਘ ਤੇ ਇੰਦਰ ਸਿੰਘ ਆਪਣੇ ਕੰਮ ਕਾਰਾਂ ਤੋਂ ਇਲਾਵਾ ਗਊਸ਼ਾਲਾ ਦੀ ਦੇਖ ਰੇਖ ਵਲ ਵੀ ਧਿਆਨ ਦਿੰਦੇ ਹਨ।

ਘਰ ਜੋਗੀਆਂ 5-6 ਦੁੱਧ ਦੇਣ ਵਾਲੀਆਂ ਗਾਵਾਂ ਨੂੰ ਛੱਡ ਕੇ ਇਥੇ ਐਸ ਵੇਲੇ ਵੱਡੀ ਗਿਣਤੀ ਵਿਚ ਬੇਸਹਾਰਾ, ਬਿਰਧ ਅਤੇ ਬੀਮਾਰ ਗਊਆਂ ਦੀ ਸੇਵਾ ਕੀਤੀ ਜਾ ਰਹੀ ਹੈ। ਇਨ੍ਹਾਂ ਗਊਆਂ ਦੀ ਸੇਵਾ ਸੰਭਾਲ ਕਰਨ ਦੇ ਉਦੇਸ਼ ਨਾਲ ਹੀ ਇਹ ਗਊਸ਼ਾਲਾ ਬਣਾਈ ਗਈ ਹੈ।

ਸੰਨ 2000 ਵਿਚ ਓਟੂ ਹੈੱਡ 'ਤੇ ਗਊਆਂ ਦਾ ਭਰਿਆ ਟਰੱਕ ਚੋਰੀ -ਛੁਪੇ ਬੁੱਚੜਖਾਨੇ ਲਿਜਾਇਆ ਜਾ ਰਿਹਾ ਸੀ। ਪੁਲਿਸ ਦੁਆਰਾ ਟਰੱਕ ਰੋਕ ਕੇ ਪੁੱਛੇ ਜਾਣ 'ਤੇ ਟਰੱਕ ਵਲਿਆਂ ਕਿਹਾ ਕਿ ਟਰੱਕ ਖਾਲੀ ਹੈ, ਇਕ ਗਾਂ ਬੋਲ ਪਈ ਤਾਂ ਉਹ ਫੜੇ ਗਏ। ਟੈਂਪੂ ਥਾਣੇ ਲਿਆਂਦਾ ਗਿਆ ਤੇ ਗਊਆਂ ਛੁਡਵਾਈਆਂ ਗਈਆਂ।

ਇਸ ਘਟਨਾ ਤੋਂ ਪ੍ਰਭਾਵਿਤ ਹੋ ਕੇ ਸੰਤ ਇਕਬਾਲ ਸਿੰਘ ਬੱਲ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ।

'ਅਸੀਂ ਨਾਮਧਾਰੀਆਂ ਨੇ ਗਊ ਗ਼ੀਬ ਦੀ ਰੱਖਿਆ ਲਈ ਕਿੰਨੀਆਂ ਕੁਰਬਾਨੀਆਂ ਦਿੱਤੀਆਂ, ਹੁਣ ਵੀ ਸਾਨੂੰ ਗਊਆਂ ਦੀ ਰੱਖਿਆ ਅਤੇ ਸਾਂਭ-ਸੰਭਾਲ ਕਰਨੀ ਚਾਹੀਦੀ ਹੈ। ਗਊਆਂ ਨੂੰ ਬੁੱਚੜਖਾਨਿਆਂ ਵਿਚ ਜਾਣ ਤੋਂ ਰੋਕੀਏ ਅਤੇ ਗਊਸ਼ਾਲਾਵਾਂ ਬਣਾ ਕੇ ਇਨ੍ਹਾਂ ਦੀ ਸੇਵਾ ਕਰੀਏ।'

ਸ੍ਰੀ ਸਤਿਗੁਰੂ ਜੀ ਨੇ ਫਰਮਾਇਆ,

' ਬਹੁਤ ਚੰਗੀ ਸੋਚ ਹੈ। ਚੰਗੇ ਕੰਮ ਲਈ ਸੋਚਣਾ ਨਹੀਂ ਚਾਹੀਦਾ, ਕਰ ਲੈਣਾ ਚਾਹੀਦਾ ਹੈ। ਜ਼ਮੀਨ ਤੁਹਾਡੇ ਕੋਲ ਬਹੁਤ ਹੈ। '

ਸਤਿਗੁਰਾਂ ਦਾ ਬਚਨ ਹੋਇਆ ਅਤੇ ਜ਼ਮੀਨ ਬਹੁਤ ਹੋ ਗਈ। ਕਾਰੋਬਾਰ ਵੀ ਵਧੀਆ ਹੈ। ਆਪ ਦੱਸਦੇ ਹਨ ਕਿ ਗਊਆਂ 'ਤੇ ਜੋ ਖਰਚਾ ਹੁੰਦਾ ਹੈ, ਉਸ ਤੋਂ ਕਈ ਗੁਣਾਂ ਵੱਧ ਸਾਨੂੰ ਮੁਨਾਫਾ ਹੋ ਜਾਂਦਾ ਹੈ।

ਸੰਤ ਇਕਬਾਲ ਸਿੰਘ ਦੀ 'ਨਾਮਧਾਰੀ ਫੂਡ ਇੰਟਰ ਨੈਸ਼ਨਲ' ਅਤੇ ਇ੍ਹਨਾਂ ਦੇ ਛੋਟੇ ਭਰਾਵਾਂ ਸ. ਦਲਜੀਤ ਸਿੰਘ ਅਤੇ ਸ.ਜਸਪਾਲ ਸਿੰਘ ਦੀ 'ਨਾਮਧਾਰੀ ਰਾਇਸ ਐਂਡ ਜਨਰਲ ਮਿੱਲ' ਹੈ। ਰਾਇਸ ਮਿੱਲ ਵਿਚ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਭਜਨ ਦੀ ਵਰਨੀ ਚਲਾਈ ਜਾ ਰਹੀ ਹੈ।

ਬੱਲ ਪਰਿਵਾਰ ਨੇ ਆਲੇ ਦੁਆਲੇ ਦੇ ਕ੍ਰੀਬ 10 ਪਿੰਡਾਂ ਦੀਆਂ ਬੇਸਹਾਰਾ ਗਊਆਂ ਟਰਾਲੀਆਂ 'ਚ ਚੜ੍ਹਾ ਕੇ ਲਿਆਂਦੀਆਂ ਅਤੇ ਗਊਸ਼ਾਲਾ ਵਿਚ ਰੱਖ ਕੇ ਸੇਵਾ ਕਰਨ ਲੱਗੇ। ਇਸ ਤੋਂ ਬਾਅਦ ਲੋਕ ਆਪ ਵੀ ਬੇਸਹਾਰਾ ਗਊਆਂ ਲਿਆ ਕੇ ਇਥੇ ਛੱਡਣ ਲੱਗੇ। ਬੱਲ ਪਰਿਵਾਰ ਵਲੋਂ ਨਾਮਧਾਰੀ ਚੈਰੀਟੇਬਲ ਟਰੱਸਟ ਬਣਾ ਕੇ ਗਊਸ਼ਾਲਾ ਨੂੰ ਹੋਰ ਵੀ ਵਧੀਆ ਢੰਗ ਨਾਲ ਚਲਾਉਣ ਦੀ ਸਕੀਮ ਹੈ।

ਚੌਧਰੀ ਮਹਿੰਦਰ ਸਿੰਘ ਟੋਕਸ (ਪ੍ਰਧਾਨ) ਭਾਰਤੀ ਜੀਵ ਜੰਤੂ ਕਲਿਆਣ ਬੋਰਡ ਪਿੰਡ ਮੁਨੀਰਕਾ, ਨਵੀਂ ਦਿੱਲੀ ਵਾਲੇ ਵੀ ਇਨ੍ਹਾਂ ਨੂੰ ਉਤਸ਼ਾਹ ਦਿੰਦੇ ਹਨ। ਚੌਧਰੀ ਜੀ ਦਾ ਬਹੁਤ ਵੱਡਾ ਉਪਰਾਲਾ ਹੈ ਕਿ ਆਪ ਨੇ ਬੁੱਚੜਖਾਨੇ ਲਿਜਾਂਦੀਆਂ ਗਊਆਂ ਨੂੰ ਰੋਕਣ ਲਈ ਟੀਮਾਂ ਬਣਾਈਆਂ ਹੋਈਆਂ ਹਨ। ਭਾਵੇਂ ਇਸ ਕੰਮ ਵਿਚ ਕਾਫੀ ਮੁਸ਼ਕਿਲਾਂ

ਆਉਂਦੀਆਂ ਹਨ ਪਰ ਆਪ ਦੁਆਰਾ ਨਿਯੁਕਮ ਟੀਮਾਂ ਦੇ ਵਿਅਕਤੀ ਪਹਿਲਾਂ ਪਿਆਰ ਨਾਲ ਸਮਝਾਉਂਦੇ ਹਨ, ਜੇ ਕੋਈ ਨਾ ਮੰਨੇ ਤਾਂ ਬਲ ਦਾ ਪ੍ਰਯੋਗ ਵੀ ਕਰਨਾ ਪੈਂਦਾ ਹੈ। ਆਪ ਅਜਿਹੀਆਂ ਗਊਆ ਨੂੰ ਖਰੀਦ ਕੇ ਵੀ ਉਨ੍ਹਾਂ ਦੀ ਜਾਨ ਬਚਾਉਂਦੇ ਹਨ।

ਚੌਧਰੀ ਜੀ ਗਊ ਰੱਖਿਆ ਲਈ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਸਾਰੇ ਭਾਰਤ ਦੀਆਂ ਗਊਸ਼ਾਲਾਵਾਂ ਨਾਲ ਆਪ ਨੇ ਸੰਪਰਕ ਰੱਖਿਆ ਹੋਇਆ ਹੈ। ਇਨ੍ਹਾਂ ਦੀ ਸੋਚ ਹੈ ਕਿ ਸਾਰੀਆਂ ਗਊਸ਼ਾਲਾਵਾਂ ਵਾਲੇ ਇੱਕਠੇ ਹੋ ਕੇ ਗਊ ਰੱਖਿਆ ਬਾਰੇ ਵਿਚਾਰ ਵਟਾਂਦਰਾ ਕਰ ਕੇ ਅਮਲੀ ਕਾਰਵਾਈ ਕਰਨ। ਇਸ ਸੰਬੰਧੀ ਆਪ ਮੀਟਿੰਗਾਂ ਕਰਦੇ ਰਹਿੰਦੇ ਹਨ। ਆਪ ਗਊ ਰੱਖਿਆ ਸੰਬਧੀ ਪੁਸਤਕਾਂ ਛਪਵਾਕੇ ਮੁਫਤ ਵੰਡਦੇ ਰਹਿੰਦੇ ਹਨ।

25 ਜਨਵਰੀ ਸੰਨ 2010 ਨੂੰ ਫੋਨ ਤੇ ਹੋਈ ਗੱਲ ਮੁਤਾਬਿਕ ਚੌਧਰੀ ਜੀ ਨੇ ਮੈਨੂੰ (ਲੇਖਿਕਾ ਨੂੰ) ਕਿਹਾ ਕਿ "ਸਵਾਰਥ ਤੋਂ ਬਿਨਾਂ ਕੋਈ ਕੰਮ ਨਹੀਂ ਕਰਦਾ, ਉਦਯੋਗ ਦੇ ਰੂਪ ਵਿਚ ਗਊ ਮਾਤਾ ਬਚੇਗੀ। ਗਊ ਦੇ ਦੁੱਧ ਤੋਂ ਇਲਾਵਾ ਗਊ ਮੂਤਰ ਤੇ ਗਊ ਗੋਬਰ ਵੀ ਚੰਗੇ ਮੁੱਲ ਤੇ ਵਿਕਦਾ ਹੈ। ਗਊ ਮਾਤਾ ਤੋਂ ਵੱਡਾ ਕੋਈ ਉਦਯੋਗ ਨਹੀਂ। ਸੁੱਕਾ ਘਾਹ ਖਾ ਕੇ ਵੀ ਗਊ ਵਧੀਆ ਦੁੱਧ ਦਿੰਦੀ ਹੈ, ਨਾਲੀ ਦਾ ਪਾਣੀ ਪੀ ਕੇ ਵੀ ਇਸ ਦਾ ਮੂਤਰ ਪਵਿੱਤਰ ਹੁੰਦਾ ਹੈ। ਸਵਾਮੀ ਰਾਮ ਦੇਵ, ਦਵਾਈਆਂ ਬਣਾਉਣ ਲਈ, 25 ਰੁ. ਕਿਲੋ ਗਊ ਮੂਤਰ ਖ਼੍ਰੀਦਦੇ ਹਨ।"

## ਨਾਥ ਡੇਅਰੀ ਫਾਰਮ ਸੰਤ ਨਗਰ

ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਨਾਮਧਾਰੀ ਸਿੱਖ ਗਊਆਂ ਰੱਖਦੇ ਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਦੇ ਹਨ। ਬਹੁਤ ਸਾਰੇ ਸਿੱਖਾਂ ਦੀਆਂ ਨਿੱਜੀ ਗਊਸ਼ਾਲਾਵਾਂ ਹਨ। ਸਾਰਿਆਂ ਦਾ ਜ਼ਿਕਰ ਤਾਂ ਨਹੀਂ ਕੀਤਾ ਜਾ ਸਕਦਾ। ਉਦਾਹਰਣ ਦੇ ਤੌਰ 'ਤੇ ਸੰਤ ਪਿਆਰਾ ਸਿੰਘ ਨਾਥ ਦੇ ਪਰਿਵਾਰ ਨੇ ਆਪਣੀ ਗਊਸ਼ਾਲਾ ਬਣਾਈ ਹੋਈ ਹੈ, ਇਨ੍ਹਾਂ ਦੀਆਂ ਗਊਆਂ ਪ੍ਰਤੀਯੋਗਤਾਵਾਂ ਵਿਚੋਂ ਇਨਾਮ ਜਿੱਤਦੀਆਂ ਰਹਿੰਦੀਆਂ ਹਨ। ਇਨ੍ਹਾਂ ਦਾ ਜ਼ਿਕਰ ਅਗਲੇ ਅਧਿਆਏ ਵਿਚ ਹੈ।

ਕਈ ਨਾਮਧਾਰੀ ਪਰਿਵਾਰ ਤਾਂ ਬਾਹਰ ਸੜਕਾਂ 'ਤੇ ਜ਼ਖਮੀ ਹਾਲਤ ਵਿਚ ਰੁਲ ਰਹੀਆਂ ਗਊਆਂ ਨੂੰ ਆਪਣੇ ਘਰੀਂ ਲਿਆਕੇ ਉਨ੍ਹਾਂ ਦਾ ਇਲਾਜ ਕਰਵਾਕੇ ਉਨ੍ਹਾਂ ਨੂੰ ਆਪਣੇ ਕੋਲ ਹੀ ਰੱਖ ਲੈਂਦੇ ਹਨ।

ਉਦਾਹਰਣ ਦੇ ਤੌਰ 'ਤੇ ਨੌਸ਼ਹਿਰਾ ਪੰਨੂਆਂ ਜ਼ਿਲ੍ਹਾ ਤਰਨਤਾਰਨ ਦੇ ਬੀਬੀ ਨਰਿੰਦਰ ਕੌਰ ਤੇ ਸੰਤ ਬਲਵਿੰਦਰ ਸਿੰਘ ਜੋੜੀ ਨੇ ਪੰਜ ਛੇ ਜ਼ਖਮੀ ਗਊਆਂ ਜੋ ਲਾਵਾਰਿਸ ਸਨ, ਨੂੰ ਵਾਰੋ ਵਾਰੀ ਆਪਣੇ ਘਰ ਲਿਆ ਕੇ ਇਲਾਜ ਕਰਵਾਇਆ ਅਤੇ ਕਾਫੀ ਸਮਾਂ ਸੇਵਾ ਸੰਭਾਲ ਕੀਤੀ। ਫਿਰ ਇਨ੍ਹਾਂ ਨੇ ਦੋ ਗਊਆਂ ਨੌਸ਼ਹਿਰੇ ਗਊਸ਼ਾਲਾਂ 'ਚ ਭੇਜ ਦਿੱਤੀਆ। ਦੋ ਗਾਵਾਂ, ਇਨ੍ਹਾਂ ਕੋਲੋਂ ਸੇਵਾ ਕਰਨ ਲਈ ਕੋਈ ਲੈ ਗਿਆ ਅਤੇ ਇਕ ਗਾਂ ਤੇ ਉਸ ਦੀਆਂ ਵੱਛੀਆਂ ਆਸ਼ੂ ਤੇ ਵਿਸ਼ੂ ਇਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਵਿਚ ਭੇਜ ਦਿੱਤੀਆਂ। ਬੀਬੀ ਨਰਿੰਦਰ ਕੌਰ ਦੇ ਦੱਸਣ ਮੁਤਾਬਕ ਇਨ੍ਹਾਂ ਦੇ ਘਰ ਲੱਗੀ ਅੱਗ ਵਿਚ ਇਹ ਘਿਰ ਗਏ ਸਨ ਪਰ ਸਤਿਗੁਰਾਂ ਦੀ ਕਿਰਪਾ ਅਤੇ ਗਊਆਂ ਦੀ ਸੇਵਾ ਕਰਨ ਕਾਰਣ ਇਹ ਬਚ ਗਏ। ਇਨ੍ਹਾਂ ਦਾ ਵੱਡਾ ਸਪੁੱਤਰ ਬੰਤਾ ਸਿੰਘ (ਫੋਟੋਗ੍ਰਾਫਰ) ਸ੍ਰੀ ਭੈਣੀ ਸਾਹਿਬ ਵਿਖੇ ਸੇਵਾ ਕਰ ਰਿਹਾ ਹੈ।

# ਨਾਮਧਾਰੀਆਂ ਤੋਂ ਪ੍ਰੇਰਨਾ

ਨਾਮਧਾਰੀਆਂ ਦੀਆਂ ਗਊਆਂ ਲਈ ਕੀਤੀਆਂ ਗਈਆਂ ਕੁਰਬਾਨੀਆਂ ਤੋਂ ਅਤੇ ਗਊ-ਪਾਲਣ ਲਈ ਖੋਲ੍ਹੀਆਂ ਗਈਆਂ ਗਊਸ਼ਾਲਵਾਂ ਤੋਂ ਬਹੁਤ ਸਾਰੀਆਂ ਸੰਸਥਾਵਾਂ ਨੂੰ ਪ੍ਰੇਰਨਾ ਮਿਲੀ ਹੈ।

2 ਜਨਵਰੀ ਸੰਨ 2011 ਨੂੰ ਮੈਨੂੰ (ਇਸ ਪੁਸਤਕ ਦੀ ਲੇਖਿਕਾ) ਆਪਣੇ ਪਤੀ ਸੰਤ ਭਗਵੰਤ ਸਿੰਘ ਅਤੇ ਬੇਦੀ ਰੁਪਿੰਦਰ ਕੌਰ ਸਮੇਤ ਰਾਜਪੁਰਾ ਦੀ ਗਊਸ਼ਾਲਾ ਵਿਖੇ ਜਾਣ ਦਾ ਮੌਕਾ ਮਿਲਿਆ। ਮੈਨੂੰ ਸ੍ਰੀ ਭੈਣੀ ਸਾਹਿਬ ਤੋਂ ਫੋਨ ਆਇਆ ਸੀ ਕਿ ਖੰਨੇ ਦੀ ਗਊਸ਼ਾਲਾ ਵਿਖੇ ਸਮਾਗਮ ਹੈ, ਤੁਸੀਂ ਉਥੇ ਜਾਵੋ। ਉਥੋਂ ਦੀ ਗਊਸ਼ਾਲਾ ਕਮੇਟੀ ਦੇ ਪ੍ਰਧਾਨ ਸਤੀਸ਼ ਜੀ ਨਾਲ ਫੋਨ 'ਤੇ ਸੰਪਰਕ ਕਰ ਲੈਣਾ। ਅਸੀਂ ਰਾਜਪੁਰਾ ਗਏ। ਹਿੰਦੁਸਤਾਨ ਦੀ ਗਊ-ਰਕਸ਼ਾ ਦਲ ਸੰਗਠਨ ਦੇ ਪ੍ਰਧਾਲ ਸਤੀਸ਼ ਜੀ ਨੇ ਸਾਨੂੰ ਦੱਸਿਆ ਕਿ ਪੂਰੇ ਹਿੰਦੁਸਤਾਨ ਵਿੱਚ ਗਊ ਰਕਸ਼ਾ ਦਲ ਦੀਆਂ ਟੀਮਾਂ ਤਿਆਰ ਕੀਤੀਆਂ ਹੋਈਆਂ ਹਨ। ਸਾਰੇ ਰਾਜਾਂ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਇਹ ਟੀਮਾਂ, ਚੋਰੀ ਛੁਪੇ ਗਊਆਂ ਨੂੰ ਬੁੱਚੜਖਾਨੇ ਲਿਜਾ ਰਹੇ ਟਰੱਕਾਂ/ਗੱਡੀਆਂ ਨੂੰ ਫੜ ਕੇ ਗਊਆਂ ਨੂੰ ਛੁਡਵਾ ਕੇ ਉਨ੍ਹਾਂ ਦੀ ਰੱਖਿਆ ਕਰਦੀਆਂ ਹਨ। ਇਨ੍ਹਾਂ ਗਊਆਂ ਨੂੰ ਗਊਸ਼ਾਲਾਵਾਂ ਵਿੱਚ ਭੇਜ ਦਿੱਤਾ ਜਾਂਦਾ ਹੈ।

ਸਤੀਸ਼ ਜੀ ਨੇ ਦੱਸਿਆ ਕਿ ਅਸੀਂ ਗਊ-ਰੱਖਿਆ ਕਰਨ ਦੀ ਇਹ ਪ੍ਰੇਰਨਾ ਅੰਮ੍ਰਿਤਸਰ, ਰਾਏਕੋਟ, ਲੁਧਿਆਣਾ ਅਤੇ ਮਲੇਰਕੋਟਲਾ ਵਿਖੇ ਫਾਂਸੀਆਂ ਤੇ ਲਟਕਾਏ ਗਏ, ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤੇ ਗਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਸਿੱਖਾਂ ਤੋਂ ਲਈ ਹੈ।

ਰਾਜਪੁਰੇ ਦੀ ਗਊਸ਼ਾਲਾ ਬਹੁਤ ਵੱਡੀ ਹੈ, ਇਥੇ ਵੱਡੀ ਗਿਣਤੀ ਵਿਚ ਗਊਆਂ ਦੀ ਸਾਂਭ-ਸੰਭਾਲ ਕੀਤੀ ਜਾਦੀ ਹੈ। ਇਹ ਸਾਰੀਆਂ ਗਊਆਂ ਬੁੱਚੜਾਂ ਕੋਲੋਂ ਛੁਡਵਾ ਕੇ ਲਿਆਂਦੀਆਂ ਗਊਆਂ ਹਨ। ਦੋ ਕਪਿਲਾ ਗਊਆਂ, ਜੋ ਬੁੱਚੜਾਂ ਕੋਲੋਂ ਬਚਾਈਆਂ ਗਈਆਂ, ਵੀ ਏਥੇ ਹਨ। ਲੋਕੀਂ ਇਨ੍ਹਾਂ ਨੂੰ ਵੇਖਣ ਆਉਂਦੇ ਹਨ।

ਇੰਜ ਭਾਰਤ ਵਿਚ ਨਾਮਧਾਰੀਆਂ ਤੋਂ ਪ੍ਰੇਰਨਾ ਲੈ ਕੇ ਬਹੁਤ ਥਾਵਾਂ 'ਤੇ ਗਊਸ਼ਾਲਾਵਾਂ ਖੋਲ੍ਹ ਕੇ ਗਊਆਂ ਅਤੇ ਗਊ-ਧਨ ਦੀ ਸੰਭਾਲ ਕੀਤੀ ਜਾ ਰਹੀ ਹੈ।

# ਮਾਤਾ ਚੰਦ ਕੌਰ ਜੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਿਲ ਮਾਤਾ ਚੰਦ ਕੌਰ ਜੀ ਖ਼ੁਦ ਹੱਥੀਂ ਸੇਵਾ ਕਰਦੇ ਰਹੇ ਹਨ।

ਗਊਸ਼ਾਲਾ ਵਿਖੇ ਗਊਆਂ ਦਾ ਗੋਹਾ ਆਪ ਚੁੱਕਣਾ, ਸਫਾਈ ਕਰਨੀ, ਦੁੱਧ ਚੋਣਾ, ਲੰਗਰ ਵਿੱਚ ਮਾਈਆਂ-ਬੀਬੀਆਂ ਨੂੰ ਨਾਲ ਲਾ, ਦਾਲਾਂ ਚੁਗਣੀਆਂ, ਭਾਜੇ ਕੱਟਣ ਦੀ ਸੇਵਾ ਕਰਨੀ, ਭਾਂਡੇ ਮਾਂਜਣੇ, ਹਰ ਤਰਾਂ ਨਾਲ ਸੇਵਾ ਦੇ ਖੇਤਰ ਵਿੱਚ ਰੁੱਝੇ ਰਹਿੰਦੇ ਰਹੇ ਹਨ। ਮਾਤਾ ਜੀ ਕ੍ਰੀਬ ਤਿੰਨ-ਚਾਰ ਕਵਿੰਟਲ ਦੁੱਧ, ਹਰ ਰੋਜ਼ ਰਿੜਕਦੇ ਰਹੇ ਹਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਪ ਸਾਰੇ ਡੇਰੇ ਵਿੱਚ ਰਹਿਣ ਵਾਲੇ ਸੇਵਾਦਾਰਾਂ ਨੂੰ ਕੱਪੜੇ, ਦੁੱਧ ਅਤੇ ਹੋਰ ਲੋੜੀਂਦੀਆਂ ਵਸਤਾਂ ਪ੍ਰਦਾਨ ਕਰਦੇ ਹਨ। ਬਿਰਧਸ਼ਾਲਾ ਵਿੱਚ ਬਿਰਧਾਂ ਅਤੇ ਬੀਮਾਰਾਂ ਦਾ ਵੀ ਆਪ ਖਾਸ ਧਿਆਨ ਰੱਖਦੇ ਹਨ। ਡੇਰੇ ਵਿੱਚ ਰਹਿਣ ਵਾਲੇ ਸਰੀਰਾਂ ਦਾ ਧਿਆਨ ਰੱਖਣ ਦੇ ਨਾਲ-ਨਾਲ ਮਾਤਾ ਜੀ ਬਾਹਰੋਂ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਈ ਸਾਧ-ਸੰਗਤ ਦੀਆਂ ਸੁਖ-ਸੁਵਿਧਾਵਾਂ ਦਾ ਵੀ ਉਚਿਤ ਪ੍ਰਬੰਧ ਕਰਦੇ ਹਨ।

ਸ੍ਰੀ ਭੈਣੀ ਸਾਹਿਬ ਜਾਂ ਹੋਰ ਕਿਧਰੇ ਵੀ ਜਦੋਂ ਕੋਈ ਵੱਡਾ ਸਮਾਗਮ ਹੋਵੇ, ਮਾਤਾ ਜੀ ਲੰਗਰ ਵਿੱਚ ਮੋਹਰੀ ਹੁੰਦੇ ਹਨ। ਰੋਜ਼ਾਨਾ ਚੱਲਦੇ ਲੰਗਰ ਤਿਆਰ ਕਰਨ ਵਾਲੇ ਪਾਸੇ ਵੀ ਆਪ ਵਿਸ਼ੇਸ਼ ਦੇਖ-ਰੇਖ ਅਤੇ ਧਿਆਨ ਰੱਖਦੇ ਹਨ। ਹਰ ਮੇਲੇ ਸਮੇਂ ਆਪ ਚਾਹਟਾ, ਦੁੱਧ ਵਰਤਾਉਣ ਦੀ ਸੇਵਾ ਵੀ ਕਰਦੇ ਰਹੇ ਹਨ।

ਸ੍ਰੀ ਸਤਿਗੁਰੂ ਜੀ ਵਲੋਂ ਜਿਥੇ ਕਿਧਰੇ ਵੀ ਉਸਾਰੀ ਦਾ ਕੰਮ ਚਲ ਰਿਹਾ ਹੋਵੇ, ਚਾਹੇ ਉਹ ਰਾਮਸਰੋਵਰ ਬਣਿਆ, ਸਿਮ੍ਰਤੀ ਮੰਦਰ ਤੇ ਜਾਂ ਸਾਧ-ਸੰਗਤ ਤੇ ਸੇਵਕਾਂ ਲਈ ਰਿਹਾਇਸ਼ੀ ਡੇਰੇ ਤੇ ਜਾਂ ਕੋਈ ਹੋਰ ਉਸਾਰੀ ਦਾ ਕੰਮ, ਮਾਤਾ ਜੀ ਮੂਹਰੇ ਹੋ ਕੇ ਵੱਧ ਚੜ੍ਹ ਕੇ ਸੇਵਾ ਕਰਨ ਦਾ ਆਪਣਾ ਯੋਗਦਾਨ ਪਾਉਂਦੇ ਹਨ ਤੇ ਹੋਰਨਾਂ ਨੂੰ ਵੀ ਸੇਵਾ ਕਰਨ ਦੀ ਪ੍ਰੇਰਨਾ ਦੇ ਕੇ ਉਤਸ਼ਾਹਿਤ ਕਰਦੇ ਹਨ।

# ਪ੍ਰਬੰਧਕ ਅਤੇ ਸੇਵਾਦਾਰ

**ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ** ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਕਤ ਵਿਚ ਮੁੱਖ ਪ੍ਰਬੰਧਕ ਸਮੇਂ ਸਮੇਂ 'ਤੇ ਇਸ ਪ੍ਰਕਾਰ ਰਹੇ ਹਨ –

ਸੂਬਾ ਵਰਿਆਮ ਸਿੰਘ , ਸਰਵ ਸੰਤ ਦਿਲਬਾਗ ਸਿੰਘ, ਮਹਿੰਦਰ ਸਿੰਘ ਬੀਂਡਾ, ਗੁਰਨਾਮ ਸਿੰਘ, ਸਾਧੂ ਸਿੰਘ ਭੰਗੂਰ, ਅਮਰ ਸਿੰਘ ਗਰੇਟਾ ਅਤੇ ਬਲਦੇਵ ਸਿੰਘ ਗਹਿਲਾਂ। ਸਵ. ਸੰਤ ਬਲਵੰਤ ਸਿੰਘ ਗਊਸ਼ਾਲਾ ਵਿਚ ਲੰਮਾ ਸਮਾਂ ਸੇਵਾ ਕਰਨ ਵਾਲੇ ਸੇਵਾਦਾਰ ਸਨ।

ਸ੍ਰੀ **ਜੀਵਨ ਨਗਰ ਦੀ ਗਊਸ਼ਾਲਾ** ਵਿਖੇ ਮੁੱਖ ਪ੍ਰਬੰਧਕ ਸਮੇਂ ਸਮੇਂ 'ਤੇ ਇਸ ਪ੍ਰਕਾਰ ਰਹੇ ਹਨ –

ਸੂਬਾ ਵਰਿਆਮ ਸਿੰਘ, ਸਰਵ ਸੰਤ ਮਹਿੰਦਰ ਸਿੰਘ ਬੀਂਡਾ, ਬਲਦੇਵ ਸਿੰਘ ਬਲੀਆ,ਸਾਧੂ ਸਿੰਘ ਭੰਗੂਰ, ਰੌਣਕ ਸਿੰਘ ਤੇ ਦਿਲਬਾਗ ਸਿੰਘ। ਸੰਤ ਕਰਮ ਸਿੰਘ, ਸੰਤ ਕਪੂਰ ਸਿੰਘ ਆਦਿਕ ਲੰਮਾ ਸਮਾਂ ਦੁੱਧ ਦਾ ਰਿਕਾਰਡ ਲਿਖਦੇ ਰਹੇ। ਸੰਤ ਮੱਘਰ ਸਿੰਘ (ਸੈਦੋ) ਪੁਤਲੀ ਗਊ ਨੂੰ ਉਸ ਵਕਤ ਸਾਂਭਦੇ ਸਨ, ਜਦੋਂ 'ਗੋਪਾਲ ਰਤਨ' ਪੁਰਸਕਾਰ ਮਿਲਿਆ ਸੀ।

ਸੰਤ ਰਣਜੀਤ ਸਿੰਘ ਬਾਜਵਾ ਕੋਲ ਪਸ਼ੂਆਂ ਨੂੰ ਦਾਣੇ ਦੇਣ ਦਾ ਪ੍ਰਬੰਧ ਹੁੰਦਾ ਸੀ, ਰੋਜ਼ਾਨਾ ਦੁੱਧ ਦਾ ਰਿਕਾਰਡ ਵੀ ਇਨ੍ਹਾਂ ਕੋਲ ਹੁੰਦਾ ਸੀ। ਕਿੰਨਾਂ ਕਿਸੇ ਗਊ ਨੂੰ ਦਾਣਾ ਦੇਣਾ ਹੈ, ਇਹ ਹਿਸਾਬ ਉਹ ਰੱਖਦੇ ਸਨ। ਗੱਲੇ ਦੇ ਇੰਚਾਰਜ ਵੀ ਇਹੀ ਹੁੰਦੇ ਸਨ।

ਸੰਤ ਸੁਰਜਣ ਸਿੰਘ (ਸਪੁੱਤਰ ਸੰਤ ਸਾਧੂ ਸਿੰਘ ਢੋਟੀਆਂ ਦੇ) ਗਊਆਂ, ਬਲਦਾਂ ਅਤੇ ਹੋਰ ਪਸ਼ੂਆਂ ਦੀ ਖ੍ਰੀਦਾਰੀ ਕਰਿਆ ਕਰਦੇ ਸਨ।

**ਮਸਤਾਨਗੜ੍ਹ ਦੀ ਗਊਸ਼ਾਲਾ** ਵਿਖੇ ਮੁੱਖ ਪ੍ਰਬੰਧਕ ਸਮੇਂ ਸਮੇਂ 'ਤੇ ਇਸ ਪ੍ਰਕਾਰ ਰਹੇ ਹਨ–

ਸਰਵ ਸੰਤ ਮੇਜਰ ਸਿੰਘ ਮਧੇਅ , ਨਿਰਮਲ ਸਿੰਘ ਖੂਹ ਅੰਮ੍ਰਿਤਸਰ ਦੇ (ਭਗਵਾਨ ਸਿੰਘ ਡਰਾਈਵਰ ਦੇ ਪਿਤਾ ਜੀ) ਗੁਰਚਰਨ ਸਿੰਘ ਚੰਨ (ਗਰੇਟਾ), ਮੁਖਤਿਆਰ ਸਿੰਘ ਖਾਰੇ ਵਾਲਾ, ਕੁੰਡਾ ਸਿੰਘ, ਅਮਰ ਸਿੰਘ ਗਰੇਟਾ, ਮਹਿੰਦਰ ਸਿੰਘ ਬੀਂਡਾ ਅਤੇ ਬਲਵਿੰਦਰ ਸਿੰਘ (ਸਪੁੱਤਰ ਸੰਤ ਨਿਰਮਲ ਸਿੰਘ ਖੂਹ ਅੰਮ੍ਰਿਤਸਰ)।

**ਐਸ ਵੇਲੇ ਸੰਨ 2010 ਵਿਚ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਵਿਚ ਇਹ ਸੇਵਾਦਾਰ ਸੇਵਾ ਕਰ ਰਹੇ ਹਨ –** ਸਰਵ ਸ੍ਰੀ ਬਲਦੇਵ ਸਿੰਘ ਭੁੱਲਰ ਪਿੰਡ ਗਹਿਲਾਂ ਜ਼ਿਲ੍ਹਾ ਬਰਨਾਲਾ, ਸਾਧੂ ਸਿੰਘ ਭੰਗੂਰ ਸ੍ਰੀ ਭੈਣੀ ਸਾਹਿਬ, ਕਾਬਲ ਸਿੰਘ ਅਤੇ ਕੁਲਵੰਤ ਸਿੰਘ ਪਿੰਡ ਨਾਰਲੀ ਜ਼ਿਲ੍ਹਾ ਅੰਮ੍ਰਿਤਸਰ (ਸ਼ਹੀਦ ਬੀਹਲਾ ਸਿੰਘ ਸੰਧੂ ਦੇ ਪਰਿਵਾਰ ਵਿਚੋਂ), ਬਲਵਿੰਦਰ ਸਿੰਘ ਡਰਾਈਵਰ, ਘੁੱਲਾ ਸਿੰਘ ਪਿੰਡ ਪੱਧਰੀ ਜ਼ਿਲ੍ਹਾ ਅੰਮ੍ਰਿਤਸਰ, ਅਵਤਾਰ ਸਿੰਘ ਲਾਲੀ, ਹਰਦੇਵ ਸਿੰਘ ਦੇਬਾ ਅਤੇ ਜਗੀਰ ਸਿੰਘ ਪਿੰਡ ਕੱਕੜਾਂ ਜ਼ਿਲ੍ਹਾ ਅੰਮ੍ਰਿਤਸਰ, ਬਲਬੀਰ ਸਿੰਘ ਬਟਾਲਾ ਜ਼ਿਲ੍ਹਾ ਗੁਰਦਾਸਪੁਰ, ਜਗਤਾਰ ਸਿੰਘ ਬਿੱਟੂ ਸ੍ਰੀ ਭੈਣੀ ਸਾਹਿਬ, ਅਮਰੀਕ ਸਿੰਘ ਪਿੰਡ ਮੁਕਾਮ ਜ਼ਿਲ੍ਹਾ ਗੁਰਦਾਸਪੁਰ, ਸੁਖਦੇਵ ਸਿੰਘ ਯੂ.ਪੀ., ਸੁਖਦੇਵ ਸਿੰਘ ਪਿੰਡ ਵਰਿਆਂਹ ਜ਼ਿਲ੍ਹਾ ਤਰਨਤਾਰਨ, ਕੁਲਜੀਤ ਸਿੰਘ ਰਾਮਪੁਰ, ਗੁਰਨਾਮ ਸਿੰਘ ਸ੍ਰੀ ਜੀਵਨ ਨਗਰ, ਛਬੇਗ ਸਿੰਘ ਕੱਕੜ, ਬਲਵਿੰਦਰ ਸਿੰਘ ਪਿੰਡ ਸਮਾਘ ਜ਼ਿਲਾ ਮੁਕਤਸਰ, ਜੱਸਾ ਸਿੰਘ ਬਟਾਲਾ ਅਤੇ ਸੁਖਦੇਵ ਸਿੰਘ ਪਿੰਡ ਗੰਡੀਵਿੰਡ ਜ਼ਿਲਾ ਤਰਨਤਾਰਨ ਆਦਿਕ।

ਵੈਸੇ ਵੀ ਕਈ ਮਾਈਆਂ–ਬੀਬੀਆਂ ਅਤੇ ਸਿੰਘ ਗੋਹੇ ਕੂੜੇ ਦੀ ਸ਼ਰਧਾ–ਭਾਵਨਾ ਨਾਲ ਸੇਵਾ ਕਰਨ ਰੋਜ਼ਾਨਾ ਆਉਂਦੇ ਹਨ।

**ਸ੍ਰੀ ਜੀਵਨ ਨਗਰ ਅਤੇ ਮਸਤਾਨਗੜ੍ਹ ਦੀਆਂ ਗਊਸ਼ਾਲਾਵਾਂ ਵਿਚ ਸਮੇਂ ਸਮੇਂ 'ਤੇ ਇਹ ਸੇਵਾਦਾਰ ਸੇਵਾ ਕਰਦੇ**

**ਰਹੇ ਹਨ–** ਬਾਬਾ ਗੰਡਾ ਸਿੰਘ ਸੁਨਿਆਰਾ ਸਪੁੱਤਰ ਸੰਤ ਗੁਰਦਿੱਤ ਸਿੰਘ, ਸਰਵ ਸ੍ਰੀ ਬੂਟਾ ਸਿੰਘ, ਬਲਵਿੰਦਰ ਸਿੰਘ ਮਹੰਤ, ਜਗੀਰ ਸਿੰਘ ਸ੍ਰੀ ਜੀਵਨ ਨਗਰ, ਗੁਰਦੇਵ ਸਿੰਘ ਕੋਇਲ, ਗੁਰਮੁਖ ਸਿੰਘ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਬਕਾ ਹਜ਼ੂਰੀ ਡਰਾਈਵਰ) ਮਹਿੰਦਰ ਸਿੰਘ (ਸਪੁੱਤਰ ਸੂਬਾ ਵਰਿਆਮ ਸਿੰਘ), ਗੁਰਮੇਲ ਸਿੰਘ, ਸੁਖਦੇਵ ਸਿੰਘ, ਹਰਦਿਆਲ ਸਿੰਘ ਮੋਨਾ, ਗੁਰਮੀਤ ਸਿੰਘ ਅਤੇ ਗੁਰਦੀਪ ਸਿੰਘ (ਦੋਵੇਂ ਭਰਾ) ਸਪੁੱਤਰ ਸੰਤ ਬਹਾਲ ਸਿੰਘ, ਡਰਾਈਵਰ ਪ੍ਰੀਤਮ ਸਿੰਘ,ਗੁਰਚਰਨ ਸਿੰਘ ਗਰੇਟਾ, ਮੱਖਣ ਸਿੰਘ, ਰਣਧੀਰ ਸਿੰਘ ਧੀਰਾ, ਬੂਟਾ ਸਿੰਘ ਤੇ ਇੰਦਰ ਸਿੰਘ ਦੋਵੇਂ ਭਰਾ ਸਪੁੱਤਰ ਸੰਤ ਪ੍ਰੀਤਮ ਸਿੰਘ ਰੰਗਲੁੱਟ, ਹਰਨਾਮ ਸਿੰਘ ਨਾਮੂ ਤੇ ਮਹਿੰਦਰ ਸਿੰਘ ਮਿੰਦੂ (ਦੋਵੇਂ ਭਰਾ) ਪ੍ਰੇਮ ਸਿੰਘ ਪ੍ਰੇਮੀ (ਝੋਕਾ) ਬਲਦੇਵ ਸਿੰਘ, ਅਮਰਜੀਤ ਸਿੰਘ, ਬਲਵਿੰਦਰ ਸਿੰਘ, ਲਾਭ ਸਿੰਘ ਜਟਾਊਂ ਅਤੇ ਅਜੀਤ ਸਿੰਘ, ਟਹਿਲ ਸਿੰਘ (ਪਿਛਲਾ ਪਿੰਡ ਘਣੀਆਂ, ਅੱਜ ਕੱਲ੍ਹ ਇਹ ਮੱਧ ਪ੍ਰਦੇਸ਼ ਰਹਿੰਦੇ ਹਨ), ਚੰਨਣ ਸਿੰਘ ਤੇ ਗੁਰਮੀਤ ਸਿੰਘ ਸਪੁੱਤਰ ਸੰਤ ਉਜਾਗਰ ਸਿੰਘ ਆਦਿ।

ਸਭ ਦਾ ਜ਼ਿਕਰ ਨਹੀਂ ਹੋ ਸਕਦਾ, ਅਨੇਕ ਸੇਵਕ ਗਊਆਂ ਸਾਂਭਦੇ ਰਹੇ।

### ਘੋੜਿਆਂ ਦੀ ਸੇਵਾ ਦੇ ਮੁਖ ਪ੍ਰਬੰਧਕ ਰਹੇ –

ਸਰਵ ਸ੍ਰੀ ਦਰੋਗਾ ਸਿੰਘ ਦੁੰਮਣ,ਸਰਦਾਰ ਭਗਤ ਸਿੰਘ, ਕਰਮ ਸਿੰਘ ਮੁਨੀਮ ਅਤੇ ਸ਼ੇਰ ਸਿੰਘ ਜਾਕੀ ਆਦਿਕ। ਘੋੜਿਆਂ ਦੇ ਕੁਝ ਸੇਵਾਦਾਰ ਰਹੇ–ਸਰਵ ਸ੍ਰੀ ਸ਼ਿੰਗਾਰਾ ਸਿੰਘ ਲਾੜਾ, ਤਾਰਾ ਸਿੰਘ ਚੀਮਾ, ਦਿਆਲ ਸਿੰਘ ਪੱਖੋਕੇ, ਸਾਧੂ ਸਿੰਘ ਭੰਗੂਰ, ਨਿੰਰਜਨ ਸਿੰਘ, ਜਗਤਾਰ ਸਿੰਘ ਸਪੁੱਤਰ ਨਰੰਜਣ ਸਿੰਘ, ਜਸਪਾਲ ਸਿੰਘ ਸੁਨਿਆਰਾ, ਕਰਤਾਰ ਸਿੰਘ, ਗੁਰਬਚਨ ਸਿੰਘ ਦੇਸੀ, ਨਾਰਾਇਣ ਸਿੰਘ ਖਸਰਾ, ਰੌਣਕ ਸਿੰਘ, ਮਸਤਾਨਾ ਬੰਤਾ ਸਿੰਘ, ਮੁਖਤਿਆਰ ਸਿੰਘ ਟੂਸਾ, ਮੇਜਰ ਸਿੰਘ ਮਧੇਅ, ਪ੍ਰੀਤਮ ਸਿੰਘ ਬਿੱਲੀ, ਦਰਬਾਰਾ ਸਿੰਘ ਗੋਡਲ, ਬੁਲਾਕਾ ਸਿੰਘ, ਕਰਤਾਰ ਸਿੰਘ ਆਦੋ, ਜਗਤ ਸਿੰਘ ਸਪੁੱਤਰ ਸੰਤਾ ਸਿੰਘ, ਨਰਿੰਦਰ ਸਿੰਘ ਸਪੁੱਤਰ ਸੰਤ ਆਸਾ ਸਿੰਘ ਕਾਲੇ ਖਤਾਈਆਂ, ਕਰਤਾਰ ਸਿੰਘ ਕਾਲਾ ਅਤੇ ਸੁਰਜੀਤ ਸਿੰਘ ਖੈਮੂਆਣਾ (ਮਸਤਾਨੇ ਹਰਦੇਵ ਸਿੰਘ ਦਾ ਭਰਾ) ਆਦਿਕ।

ਐਸ ਵੇਲੇ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਵੱਲ ਵਿਸ਼ੇਸ਼ ਧਿਆਨ ਸੂਬਾ ਜਗੀਰ ਸਿੰਘ ਜੀ ਦੇ ਰਹੇ ਹਨ।

### ਸੂਬਾ ਜਗੀਰ ਸਿੰਘ ਛਾਪਿਆਂਵਾਲੀ

ਸੂਬਾ ਜਗੀਰ ਸਿੰਘ ਸਪੁੱਤਰ ਸੰਤ ਜੈਮਲ ਸਿੰਘ ਪਿੰਡ ਛਾਪਿਆਂ ਵਾਲੀ, ਤਹਿਸੀਲ ਮਲੋਟ ਜ਼ਿਲ੍ਹਾ ਮੁਕਤਸਰ ਸੰਨ 2007 ਵਿਚ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੇਵਾ ਕਰਨ ਸ੍ਰੀ ਭੈਣੀ ਸਾਹਿਬ ਆਏ ਤੇ ਉਦੋਂ ਤੋਂ ਇਥੇ ਹੀ ਸੇਵਾ ਕਰ ਰਹੇ ਹਨ।

ਪਿੰਡ ਛਾਪਿਆਂ ਵਾਲੀ ਵਿਖੇ ਚਾਰ ਕਾਲਜ–ਗੁਰੂ ਤੇਗ ਬਹਾਦਰ ਖਾਲਸਾ ਇੰਜਨੀਅਰਿੰਗ ਐਂਡ ਟੈਕਨੌਲੋਜੀ ਕਾਲਜ ਅਤੇ ਗੁਰੂ ਤੇਗ ਬਹਾਦਰ ਖਾਲਸਾ ਪੌਲੀਟੈਕਨੀਕ ਕਾਲਜ ਹਨ। ਇਨ੍ਹਾਂ ਵਿਚ ਪੌਲੀਟੈਕਨੀਕ, ਇੰਜਨੀਅਰਿੰਗ, ਫਾਰਮੇਸੀ ਅਤੇ ਐਮ.ਬੀ.ਏ. ਕਰਵਾਈ ਜਾਂਦੀ ਹੈ। ਇਹ ਕਾਲਜ 35 ਏਕੜ ਜ਼ਮੀਨ ਵਿਚ ਹੈ। ਕ੍ਰੀਬ 3500 ਵਿਦਿਆਰਥੀ ਇਥੇ ਪੜ੍ਹਦੇ ਹਨ। ਸੂਬਾ ਜਗੀਰ ਸਿੰਘ ਜੀ ਇਨ੍ਹਾਂ ਕਾਲਜਾਂ ਦੇ ਸੰਨ 1996 ਤੋਂ 1999 ਤੀਕ ਸੀਨੀਅਰ ਵਾਇਸ ਚੇਅਰਮੈਨ, ਸੰਨ 1999 ਤੋਂ 2010 ਤੱਕ ਜੋਆਇੰਟ ਸੈਕਟਰੀ ਰਹੇ ਹਨ। ਸੰਨ 2011 ਤੋਂ ਆਪ ਵਾਇਸ ਚੇਅਰਮੈਨ ਬਣ ਗਏ ਹਨ। ਆਪ ਕ੍ਰੀਬ 14 ਸਾਲ ਆਪਣੇ ਪਿੰਡ ਛਾਪਿਆਂਵਾਲੀ ਦੇ ਸਰਪੰਚ ਰਹੇ ਹਨ। ਇਨ੍ਹਾਂ ਦੇ ਕਾਰਜਕਾਲ ਦਰਮਿਆਨ ਹੀ ਉਪਰੋਕਤ ਕਾਲਜਾਂ ਦੀ ਜ਼ਮੀਨ ਦਾਨ ਵਜੋਂ ਦਿੱਤੀ ਗਈ।

ਸੰਨ 2007 ਵਿਚ ਸ੍ਰੀ ਭੈਣੀ ਸਾਹਿਬ ਆਉਣ ਮਗਰੋਂ ਸੁਚਾਰੂ ਰੂਪ ਵਿਚ ਦਸਵੰਧ ਸੰਭਾਲਣ ਦੀ ਸੇਵਾ ਕਰਨ ਦੇ ਨਾਲ ਨਾਲ, ਸੂਬਾ ਜੀ ਇਥੋਂ ਦੀ ਗਊਸ਼ਾਲਾ ਦੇ ਵਿਸ਼ੇਸ਼ ਪ੍ਰਬੰਧਕ ਹਨ। ਆਪ ਗਊਆਂ ਵੱਲ ਬੜੇ ਉਤਸ਼ਾਹ ਨਾਲ ਵਿਸ਼ੇਸ਼ ਧਿਆਨ ਦਿੰਦੇ ਹਨ। ਜਦੋਂ ਆਪ ਨੇ ਗਊਸ਼ਾਲਾ ਦੀ ਜ਼ੁੰਮੇਵਾਰੀ ਸੰਭਾਲੀ ਸੀ, ਉਦੋਂ ਗਊਆਂ ਦਾ ਦੁੱਧ 2½

ਕਵਿੰਟਲ ਸੀ ਜੋ ਹੁਣ ਵਧ ਕੇ 6 ਕਵਿੰਟਲ ਹੋ ਗਿਆ ਹੈ। ਹੁਣ ਡੇਰੇ ਲਈ ਦੁੱਧ ਬਾਹਰੋਂ ਨਹੀਂ ਲੈਣਾ ਪੈਂਦਾ ਸਗੋਂ ਜ਼ਰੂਰਤ ਨਾਲੋਂ ਵਾਧੂ ਹੋ ਗਿਆ ਹੈ।

ਸੰਨ 2010 ਵਿਚ ਸੂਬਾ ਜੀ ਨੂੰ ਇੰਡੀਅਨ ਕੌਂਸਲ ਆਫ ਐਗਰੀਕਲਚਰ ਰਿਸਰਚ, ਕ੍ਰਿਸੀ ਭਵਨ ਨਵੀਂ ਦਿੱਲੀ ਵਲੋਂ ਨੈਸ਼ਨਲ ਬਿਊਰੋ ਆਫ ਜਨੈਟਿਕ ਰਿਸੋਰਸਿਜ਼ ਕਰਨਾਲ ਦੀ ਇੰਸਟੀਚਿਊਟ ਮੈਨੇਜਮੈਂਟ ਕਮੇਟੀ ਦੇ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਇਸ ਦੇ ਡਾਇਰੈਕਟਰ ਜੋਸ਼ੀ ਜੀ ਹਨ। 4 ਸਤੰਬਰ 2010 ਨੂੰ ਕਰਨਾਲ ਵਿਖੇ ਇਸ ਕਮੇਟੀ ਦੀ ਪਹਿਲੀ ਮੀਟਿੰਗ ਹੋਈ। ਇਸ ਵਿਚ ਦੁੱਧ ਦੇਣ ਵਾਲੇ ਪਸ਼ੂਆਂ ਦੀ ਨਸਲ ਸੁਧਾਰ ਕਰਨ ਵਾਸਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਮੈਨੇਜਮੈਂਟ ਕਮੇਟੀ ਵਲੋਂ ਇਕ ਬਰਾਂਚ ਸ੍ਰੀ ਭੈਣੀ ਸਾਹਿਬ ਲਿਆਂਦੇ ਜਾਣ ਦੀ ਸਕੀਮ ਹੈ। ਕੇਂਦਰੀ ਸਰਕਾਰ ਦੇ ਇਸ ਅਦਾਰੇ ਵਲੋਂ ਸਾਹੀਵਾਲ ਨਸਲ ਦੀਆਂ 500 ਗਊਆਂ ਇਥੇ ਰੱਖੀਆਂ ਜਾਣਗੀਆ। ਸਾਹੀਵਾਲ ਨਸਲ ਦਾ ਇਥੇ ਵਿਕਾਸ ਕੀਤੇ ਜਾਣ ਦੀ ਸਕੀਮ ਹੈ। ਪੰਜਾਬ ਵਿਚ ਕਈ ਥਾਵਾਂ 'ਤੇ ਇਸ ਦੀਆਂ ਹੋਰ ਸ਼ਾਖਾਵਾਂ ਵੀ ਬਣਾਈਆਂ ਜਾਣਗੀਆਂ ਤਾਂ ਜੋ ਗਊਆਂ ਦੀ ਸਾਹੀਵਾਲ ਨਸਲ ਦਾ ਸੁਧਾਰ ਅਤੇ ਵਿਕਾਸ ਹੋ ਸਕੇ।

ਸੂਬਾ ਜਗੀਰ ਸਿੰਘ ਨੇ ਉੱਦਮ ਕੀਤਾ, ਸ੍ਰੀ ਸਤਿਗੁਰੂ ਜੀ ਦੀ ਪ੍ਰਵਾਨਗੀ ਅਤੇ ਆਸ਼ੀਰਵਾਦ ਲੈ ਕੇ, ਸ੍ਰੀ ਭੈਣੀ ਸਾਹਿਬ ਗਊਸ਼ਾਲਾ ਦੀਆਂ ਗਊਆਂ ਅਤੇ ਗਊਧਨ ਨੂੰ ਪ੍ਰਤੀਯੋਗਿਤਾਵਾਂ ਵਿਚ ਲੈ ਕੇ ਗਏ। ਉਥੋਂ ਪ੍ਰਤੀਯੋਗਿਤਾਵਾਂ ਵਿਚੋਂ ਜਿੱਤੇ ਇਨਾਮਾਂ ਦਾ ਵੇਰਵਾ ਅਗਲੇ ਅਧਿਆਏ ਵਿਚ ਹੈ। ਅਗਲੀਆਂ ਪ੍ਰਤੀਯੋਗਿਤਾਵਾਂ ਵਿਚ ਵੀ ਭਾਗ ਲੈਣ ਲਈ ਆਪ ਤਿਆਰੀ ਕਰਵਾ ਰਹੇ ਹਨ।

ਸੂਬਾ ਜੀ ਦੱਸਦੇ ਹਨ ਕਿ ਦੇਸੀ ਗਾਂ ਦੇ ਦੁੱਧ ਵਿਚ ਅਮਰੀਕਨ ਗਾਂ ਦੇ ਦੁੱਧ ਨਾਲੋਂ ਥੰਦਿਆਈ ਕ੍ਰੀਬ ਦੁੱਗਣੀ ਹੁੰਦੀ ਹੈ। ਦੁੱਧ , ਦਹੀ, ਲੱਸੀ ਅਤੇ ਮੱਖਣ ਦਾ ਸੁਆਦ ਵੀ ਜ਼ਿਆਦਾ ਵਧੀਆ ਹੁੰਦਾ ਹੈ। ਐਸ ਵੇਲੇ ਸ੍ਰੀ ਸਤਿਗੁਰੂ ਜੀ ਨੂੰ ਕਈ ਮੱਥਾ ਟਿਕੀਆਂ ਅਮਰੀਕਨ ਗਊਆਂ ਅਤੇ ਵੱਛੀਆਂ ਗਊਸ਼ਾਲਾ ਵਿਚ ਹਨ। ਅਸੀਂ ਸੋਚ ਰਹੇ ਹਾਂ ਕਿ ਜਾਂ ਤਾਂ ਇਨ੍ਹਾਂ ਨੂੰ ਵੇਚ ਕੇ ਸਾਹੀਵਾਲ ਜਾਂ ਹਰਿਆਣਾ ਨਸਲ ਦੀਆਂ ਹੋਰ ਵਧੀਆ ਗਊਆਂ ਖਰੀਦ ਲਈਏ ਅਤੇ ਜਾਂ ਇਨ੍ਹਾਂ ਨੂੰ ਸਾਹੀਵਾਲ ਨਾਲ ਕਰਾਸ ਕਰ ਕੇ, ਦੋ-ਤਿੰਨ ਵਾਰ 'ਚ ਸਾਹੀਵਾਲ ਹੀ ਬਣਾ ਲਈਏ। ਗਊਸ਼ਾਲਾ ਵਿਚ ਗਊਆਂ ਵਧੀਆ ਨਸਲ ਦੀਆਂ ਦੇਸੀ ਅਤੇ ਜ਼ਿਆਦਾ ਦੁੱਧ ਦੇਣ ਵਾਲੀਆਂ ਹਨ।

ਆਪ ਅਨੁਸਾਰ, ਗਊਆਂ ਵਾਸਤੇ ਅਜੇ ਹੋਰ ਸ਼ੈੱਡ ਬਣਾਉਣੇ ਹਨ। ਗਊਸ਼ਾਲਾ ਦਾ ਵਧੀਆ ਦਫਤਰ ਬਣਾਉਣਾ ਹੈ। ਇਕ ਵਿਸ਼ੇਸ਼ ਡਾਕਟਰ (ਪਸ਼ੂਆਂ ਦਾ) ਗਊਸ਼ਾਲਾ ਵਿਚ ਰੱਖਣਾ ਹੈ, ਜੋ ਰਾਤ ਨੂੰ ਵੀ ਉਥੇ ਰਹੇ।

ਗਊਆਂ ਦੀ ਸਾਹੀਵਾਲ ਨਸਲ ਸੁਧਾਰਨ ਦਾ ਉਪਰਾਲਾ ਵੀ ਸੂਬਾ ਜੀ ਕਰ ਰਹੇ ਹਨ। ਦੁੱਧੋ ਹਟੀਆਂ ਗਊਆਂ ਦੀ ਸੇਵਾ ਸੰਭਾਲ ਕਰਨ ਵਲ ਵੀ ਆਪ ਧਿਆਨ ਦਿੰਦੇ ਹਨ। ਬਿਰਧ ਗਾਂ ਨੂੰ ਆਪ ਨਾਂ ਬਾਹਰ ਕੱਢਣ ਅਤੇ ਨਾ ਵੇਚਣ ਦੇ ਹੱਕ ਵਿਚ ਹਨ। ਜ਼ਖਮੀ ਜਾਂ ਬੇਸਹਾਰਾ ਗਊਆਂ ਨੂੰ ਆਪ ਗਊਸ਼ਾਲਾ ਦੇ ਵਾੜੇ ਵਿਚ ਵਾੜ ਲੈਂਦੇ ਹਨ ਤਾਂ ਜੋ ਇਨ੍ਹਾਂ ਦੀ ਸੇਵਾ ਸੰਭਾਲ ਕੀਤੀ ਜਾ ਸਕੇ। ਅਜਿਹੀਆਂ ਗਊਆਂ ਵਿਚੋਂ ਕਈ ਸੂਅ ਵੀ ਪੈਂਦੀਆਂ ਹਨ ਤੇ ਦੁੱਧ ਦਿੰਦੀਆਂ ਹਨ।

ਗਊਸ਼ਾਲਾ ਸੰਭਾਲਣ ਤੋਂ ਇਲਾਵਾਂ ਸੰਨ 2008 ਤੋਂ ਸੂਬਾ ਜਗੀਰ ਸਿੰਘ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਵੀ ਸੰਭਾਲ ਰਹੇ ਹਨ। ਆਪ ਇਸ ਅਕੈਡਮੀ ਦੇ ਚੇਅਰਮੈਨ ਹਨ। ਸੰਨ 2011 ਤੀਕ ਅਕੈਡਮੀ ਦੇ ਵਿਦਿਆਰਥੀ ਕਰੀਬ ਦੁੱਗਣੇ ਹੋ ਗਏ ਹਨ। ਅਕੈਡਮੀ ਲਈ 28 ਕਮਰੇ ਹੋਰ ਬਣਾ ਦਿਤੇ ਗਏ ਹਨ। ਬੋਰਡ ਦਾ ਨਤੀਜਾ 100% ਆਉਣ ਲੱਗਾ ਹੈ। ਕਈ ਬੱਚੇ ਪੰਜਾਬ ਰਾਜ ਵਿਚੋਂ ਮੈਰਿਟ 'ਤੇ ਆਏ ਹਨ।

ਸੂਬਾ ਜੀ ਦੀ ਸੁਪਤਨੀ ਬੀਬੀ ਸੰਤੋਖ ਕੌਰ ਸਪੁੱਤਰੀ ਸ.ਜੀਤ ਸਿੰਘ ਪਿੰਡ ਗੁੰਮਟੀ ਜ਼ਿਲ੍ਹਾ ਬਠਿੰਡਾ, ਸੰਨ 1998 ਵਿਚ ਚੜ੍ਹਾਈ ਕਰ ਗਏ। ਸੂਬਾ ਜੀ ਦੇ ਦੋ ਸਪੁੱਤਰ ਤੇ ਇਕ ਧੀ ਹਨ।

ਸੂਬਾ ਜੀ ਦੇ ਵੱਡੇ ਸਪੁੱਤਰ ਸ.ਜਸਬੀਰ ਸਿੰਘ, ਗੁਰੂ ਤੇਗ ਬਹਾਦਰ ਖਾਲਸਾ ਇੰਜੀਨੀਅਰਿੰਗ ਐਂਡ ਟੈਕਨਾਲਜੀ

ਕਾਲਜ ਛਾਪਿਆਂ ਵਾਲੀ ਵਿਖੇ ਡਿਪਟੀ ਰਜਿਸਟਰਾਰ ਫਾਰ ਐਡਮਨੀਸਟਰੇਸ਼ਨ ਹਨ। ਇਨ੍ਹਾਂ ਦੇ ਪੁੱਤਰ ਅਰਸ਼ਦੀਪ ਸਿੰਘ ਨੇ ਐਮ. ਬੀ.ਏ ਕੀਤੀ ਹੈ। ਬੇਟੀ ਵਿਸ਼ਵਦੀਪ ਕੌਰ ਨੇ ਸੰਨ 2010 ਵਿੱਚ ਇਲੈਕਟ੍ਰੋਨਿਕ ਅਤੇ ਕਮਿਊਨੀਕੇਸ਼ਨ ਵਿੱਚ ਬੀ.ਟੈਕ. ਕੀਤੀ ਹੈ। ਅਜਕਲ ਇਹ ਗੁਰੂ ਤੇਗ ਬਹਾਦਰ ਖਾਲਸਾ ਇੰਸਟੀਟਿਊਟ ਆਫ ਇੰਜਨੀਅਰਿੰਗ ਐਂਡ ਟੈਕਨਾਲਿਜੀ ਕਾਲਜ ਛਾਪਿਆਂ ਵਾਲੀ, ਤਹਿਸੀਲ ਮਲੋਟ ਜ਼ਿਲ੍ਹਾ ਮੁਕਤਸਰ ਵਿਖੇ ਅਸਿਸਟੈਂਟ ਪ੍ਰੋਫੈਸਰ ਹੈ।

ਸੂਬਾ ਜੀ ਦੇ ਛੋਟੇ ਸਪੁੱਤਰ ਸ. ਰਘੁਬੀਰ ਸਿੰਘ, ਪਿੰਡ ਛਾਪਿਆਂ ਵਾਲੀ ਵਿਖੇ ਖੇਤੀ ਬਾੜੀ ਦਾ ਕੰਮ ਕਰਦੇ ਹਨ। ਇਨ੍ਹਾਂ ਦਾ ਇਕੋ ਪੁੱਤਰ ਕਰਨਦੀਪ ਸਿੰਘ ਹੈ ਜੋ ਇੰਜੀਨੀਅਰਿੰਗ ਕਰ ਰਿਹਾ ਹੈ।

ਸੂਬਾ ਜੀ ਦੀ ਸਪੁੱਤਰੀ ਬੀਬੀ ਕੁਲਬੀਰ ਕੌਰ ਸੁਪਤਨੀ ਸ. ਜਗਤਾਰ ਸਿੰਘ ਸਿੱਧੂ ਬਰਾੜ (ਪਿੰਡ ਉਦੇਕਰਨ ਜ਼ਿਲ੍ਹਾ ਮੁਕਤਸਰ) ਦੀਆਂ ਦੋ ਲੜਕੀਆਂ ਨਵਦੀਪ ਕੌਰ, ਸੰਦੀਪ ਕੌਰ ਅਤੇ ਇਕ ਪੁੱਤਰ ਦਵਿੰਦਰ ਸਿੰਘ ਹੈ।

## ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਅਤੇ ਮਸਤਾਨਗੜ੍ਹ ਦੀਆਂ ਗਊਸ਼ਾਲਾਵਾਂ ਦੇ ਸਮੇਂ ਸਮੇਂ 'ਤੇ ਰਹੇ ਮੁਖ ਪ੍ਰਬੰਧਕ ਅਤੇ ਖਾਸ ਸੇਵਾਦਾਰਾਂ ਦੇ ਕੁਝ ਵੇਰਵੇ ਇਸ ਪ੍ਰਕਾਰ ਹਨ –

### ਸੂਬਾ ਵਰਿਆਮ ਸਿੰਘ –

ਸੂਬਾ ਵਰਿਆਮ ਸਿੰਘ (ਸਪੁੱਤਰ ਸੰਤ ਚੂੜ ਸਿੰਘ ਪਿਛਲਾ ਪਿੰਡ ਜਮਸ਼ੇਰ, ਪਾਕਿਸਤਾਨ) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਸੰਨ 1947 ਤੋਂ ਪਹਿਲੋਂ ਸ੍ਰੀ ਭੈਣੀ ਸਾਹਿਬ ਵਿਖੇ ਗਊਸ਼ਾਲਾ ਦੇ ਮੁੱਖ ਪ੍ਰਬੰਧਕ ਵਜੋਂ ਸੇਵਾ ਕਰਦੇ ਰਹੇ। ਜਦੋਂ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਜੀਵਨ ਨਗਰ ਦਾ ਇਲਾਕਾ ਅਬਾਦ ਕੀਤਾ, ਉਦੋਂ ਆਪ ਹੁਕਮ ਅਨੁਸਾਰ ਉਥੇ ਗਊਸ਼ਾਲਾ ਵਿਚ ਸੇਵਾ ਕਰਨ ਚਲੇ ਗਏ। ਸਾਰੀ ਉਮਰ ਆਪ ਨੇ ਸੇਵਾ ਕੀਤੀ ਅਤੇ ਸੰਨ 1975 ਚ ਆਪ ਸ੍ਰੀ ਭੈਣੀ ਸਾਹਿਬ ਆ ਗਏ ਅਤੇ ਇਥੇ ਹੀ ਚੜ੍ਹਾਈ ਕੀਤੇ।

ਸੂਬਾ ਜੀ ਸਾਰੀਆਂ ਪਸ਼ੂ ਪ੍ਰਦਰਸ਼ਨੀਆਂ ਵਿਚ ਗਊਆਂ ਤੇ ਹੋਰ ਪਸ਼ੂ ਧਨ ਲੈ ਕੇ ਜਾਇਆ ਕਰਦੇ ਸਨ । ਸ੍ਰੀ ਸਤਿਗੁਰੂ ਜੀ ਦੀਆਂ ਆਪ 'ਤੇ ਬਹੁਤ ਖੁਸ਼ੀਆਂ ਸਨ। ਸੰਤ ਗੁਰਬਖਸ਼ ਸਿੰਘ ਸ੍ਰੀ ਭੈਣੀ ਸਾਹਿਬੀਆ ਸਪੁੱਤਰ ਸੰਤ ਝੰਡਾ ਸਿੰਘ ਅਤੇ ਸੰਤ ਪੂਰਨ ਸਿੰਘ ਸਪੁੱਤਰ ਸੰਤ ਸੇਵਾ ਸਿੰਘ, ਸੰਤ ਬਖਤੌਰ ਸਿੰਘ ਸਪੁੱਤਰ ਸੰਤ ਜੋਧ ਸਿੰਘ, ਸੂਬਾ ਵਰਿਆਮ ਸਿੰਘ ਸਹਾਇਕ ਵਜੋਂ ਨਾਲ ਸੇਵਾ ਕਰਿਆ ਕਰਦੇ ਸਨ।

ਸੂਬਾ ਜੀ ਦਾ ਪਰਿਵਾਰ ਸ੍ਰੀ ਜੀਵਨ ਨਗਰ ਰਹਿੰਦਾ ਹੈ। ਉਥੇ ਇਨ੍ਹਾਂ ਦੇ ਤਿੰਨ ਪੁੱਤਰ ਸਰਵ ਸ੍ਰੀ ਮਹਿੰਦਰ ਸਿੰਘ, ਸੁਖਚੈਨ ਸਿੰਘ ਗਾਂਧੀ ਅਤੇ ਬਖਸ਼ੀਸ਼ ਸਿੰਘ ਰਹਿੰਦੇ ਹਨ।

### ਸੰਤ ਦਿਲਬਾਗ ਸਿੰਘ –

ਇਹ ਪਿੰਡ ਰਾਣੀਆਂ ਜ਼ਿਲ੍ਹਾ ਸਰਸਾ ਦੇ ਹਨ, ਇਹ ਸੰਤ ਹਰੀ ਸਿੰਘ ਅਤੇ ਮਾਤਾ ਰਾਮ ਕੌਰ ਦੇ ਪੁੱਤਰ ਹਨ। ਇਨ੍ਹਾਂ ਦੇ ਨਾਨਾ ਜੀ ਸੰਤ ਸੇਵਾ ਸਿੰਘ (ਕੱਕੜਾਂ ਵਾਲੇ) ਨੇ ਇਨ੍ਹਾਂ ਨੂੰ ਬਚਪਨ ਤੋਂ ਹੀ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕ ਦਿੱਤਾ ਸੀ। ਇਹ ਦਸ ਜਮਾਤਾਂ ਆਪਣੇ ਪਿੰਡ ਵਿੱਚ ਪੜ੍ਹਨ ਮਗਰੋਂ ਸੇਵਾ ਕਰਨ ਸ੍ਰੀ ਭੈਣੀ ਸਾਹਿਬ ਆ ਗਏ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਹੀ ਇਹ ਸ੍ਰੀ ਭੈਣੀ ਸਾਹਿਬ ਦੀ ਇਸ ਗਊਸ਼ਾਲਾ ਦੇ ਪ੍ਰਬੰਧਕ ਵਜੋਂ ਸੇਵਾ ਕਰਦੇ ਰਹੇ। ਇਨ੍ਹਾਂ ਨੇ ਸੰਨ 1950 ਤੋਂ ਸੰਨ 1993 ਤੀਕ ਕ੍ਰੀਬ 43 ਸਾਲ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਦੇ ਪਹਿਲੋਂ ਸੇਵਾਦਾਰ ਅਤੇ ਫਿਰ ਪ੍ਰਬੰਧਕ ਵਜੋਂ ਸੇਵਾ ਕੀਤੀ। ਫਿਰ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਜੀਵਨ ਨਗਰ ਗਊਸ਼ਾਲਾ ਵਿਖੇ ਸੇਵਾ ਕਰਨ ਚਲੇ ਗਏ। ਡਾ. ਇਕਬਾਲ ਸਿੰਘ ਸ੍ਰੀ ਭੈਣੀ ਸਾਹਿਬ ਇਨ੍ਹਾਂ ਦੇ ਛੋਟੇ ਭਰਾ ਹਨ।

ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਵਿਖੇ ਪ੍ਰਬੰਧਕ ਵਜੋਂ ਸੇਵਾ ਕਰਦਿਆਂ ਸੰਤ ਦਿਲਬਾਗ ਸਿੰਘ ਦੀ ਦੇਖ-ਰੇਖ ਹੇਠ ਬਹੁਤ ਕੰਮ ਹੋਇਆ। ਗਊਆਂ ਬਾਰੇ ਇਨ੍ਹਾਂ ਨੂੰ ਬਹੁਤ ਜਾਣਕਾਰੀ ਹੈ। ਬੀਮਾਰ ਗਊਆਂ ਨੂੰ ਠੀਕ ਕਰਨ ਦੇ ਨੁਸਖੇ ਅਤੇ ਦਵਾਈਆਂ ਦੀ ਇਨ੍ਹਾਂ ਨੂੰ ਭਰਪੂਰ ਜਾਣਕਾਰੀ ਹੈ। ਨਸਲ ਸੁਧਾਰ ਦਾ ਕੰਮ ਵੀ ਇਨ੍ਹਾਂ ਨੇ ਕੀਤਾ।

ਇਨ੍ਹਾਂ ਵਲੋਂ ਵਧੀਆ ਸੰਭਾਲ ਕੀਤੇ ਜਾਣ ਕਾਰਣ, ਇਨ੍ਹਾਂ ਵੇਲੇ ਗਊਆਂ ਨੇ ਬਹੁਤ ਦੁੱਧ ਦਿੱਤਾ। ਇਹ ਦੱਸਦੇ ਹਨ ਕਿ ਸਮੁੰਦਰੀ ਗਾਂ ਹਰ ਰੋਜ 40 ਪੌਂਡ ਦੁੱਧ ਦਿੰਦੀ ਰਹੀ। ਜਿਸ ਕਾਰਣ 'ਗੋਪਾਲ ਰਤਨ' ਪੁਰਸਕਾਰ ਪ੍ਰਾਪਤ ਹੋਇਆ, ਉਸ ਪੁਤਲੀ ਗਾਂ ਨੇ 300 ਦਿਨਾਂ 'ਚ ਸੱਤ ਹਜਾਰ 625 ਪੌਂਡ ਦੁੱਧ ਦਿੱਤਾ ਅਤੇ ਲਗਾਤਾਰ ਚਾਰ ਸਾਲ ਭਾਰਤ ਸਰਕਾਰ ਵਲੋਂ ਇਨਾਮ ਜਿੱਤਦੀ ਰਹੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਹੁਤ ਕਿਰਪਾ ਬਖ਼ਸ਼ਿਸ਼ ਅਤੇ ਖੁਸ਼ੀਆਂ ਇਨ੍ਹਾਂ 'ਤੇ ਰਹੀਆਂ। ਸ੍ਰੀ ਸਤਿਗੁਰੂ ਜੀ ਨੇ ਸਮੇਂ ਸਮੇਂ 'ਤੇ ਹੁਕਮ ਕਰ ਕਈ ਵਰ ਇਨ੍ਹਾਂ ਨੂੰ ਦਿੱਤੇ, ਜਿਵੇਂ ਕਿ:-

"ਦਿਲਬਾਗ ਸਿੰਘ ਉਨ੍ਹਾਂ ਬੱਚਿਆਂ 'ਚੋਂ ਹੈ ਜਿਹੜੇ ਪਿੱਛੋਂ ਦੌੜ ਕੇ ਸਭ ਤੋਂ ਅੱਗੇ ਲੰਘ ਜਾਂਦੇ ਹਨ।"

"ਜਿੰਨੀ ਤੂੰ ਗਊਸ਼ਾਲਾ 'ਚ ਤਨੋਂ ਮਨੋਂ ਸੇਵਾ ਕਰਦਾ ਹੈ, ਕੋਈ ਵਿਰਲਾ ਹੀ ਸਿੱਖ ਕਰਦਾ ਹੈ।"

"ਗਊਸ਼ਾਲਾ 'ਚ ਸਭ ਤੋਂ ਲੰਮਾ ਸਮਾਂ ਸੇਵਾ, ਦਿਲਬਾਗ ਸਿੰਘ ਦੀ ਰਹੇਗੀ।"

"ਇਹ ਗਊਆਂ ਦੀ ਸੇਵਾ ਤਨੋਂ ਮਨੋਂ, ਨਿਸ਼ਕਾਮ ਹੋ ਕੇ ਕਰਦਾ ਹੈ। ਦਰਗਾਹ ਵਿੱਚ ਇਸ ਲਈ ਦਰਵਾਜੇ ਖੁੱਲ੍ਹੇ ਰਹਿਣਗੇ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਵੀ ਬਹੁਤ ਖੁਸ਼ੀਆਂ ਇਨ੍ਹਾਂ 'ਤੇ ਰਹੀਆਂ।

ਸੰਨ 1993 ਤੋਂ ਸੰਤ ਦਿਲਬਾਗ ਸਿੰਘ, ਸ੍ਰੀ ਜੀਵਨ ਨਗਰ ਦੀ ਗਊਸ਼ਾਲਾ ਵਿਖੇ ਪ੍ਰਬੰਧਕ ਵਜੋਂ ਸੇਵਾ ਕਰ ਰਹੇ ਹਨ। ਇਹ ਆਪਣੀ ਦੇਖ-ਰੇਖ ਹੇਠ ਸੇਵਕਾਂ ਤੋਂ ਕੰਮ ਕਰਵਾਉਂਦੇ ਹਨ। ਇਨ੍ਹਾਂ ਦੀ ਉਮਰ ਕ੍ਰੀਬ 76 ਸਾਲ ਦੀ ਹੈ। ਇਨ੍ਹਾਂ ਦਾ ਜਨਮ ਪਿੰਡ ਜਗਦਿਓ, ਜ਼ਿਲਾ ਲਾਇਲਪੁਰ ਪਾਕਿਸਤਾਨ ਵਿਖੇ ਹੋਇਆ ਸੀ।

ਸੰਤ ਦਿਲਬਾਗ ਸਿੰਘ ਹੋਰੀਂ ਚਾਰ ਭਰਾ ਹਨ:-

ਸੰਤ ਦਿਲਦਾਰ ਸਿੰਘ ਰਾਣੀਆਂ ( ਰੋਡਵੇਜ਼ 'ਚ ਡਰਾਈਵਰ ਰਹੇ)

ਫੌਜੀ ਪਾਲ ਸਿੰਘ ਰਾਣੀਆਂ

ਡਾ: ਇਕਬਾਲ ਸਿੰਘ: ਇਹ ਸੰਨ 1986 ਤੋਂ ਪਹਿਲੋਂ ਸੰਤ ਨਗਰ ਅਤੇ ਫਿਰ ਸੰਨ 1997 ਤੋਂ ਸ੍ਰੀ ਭੈਣੀ ਸਾਹਿਬ ਵਿਖੇ ਕੁਦਰਤੀ ਇਲਾਜ ਅਤੇ ਯੋਗ ਕਰਵਾਉਣ ਦੀ ਨਿਸ਼ਕਾਮ ਸੇਵਾ ਕਰ ਰਹੇ ਹਨ। ਸ੍ਰੀ ਭੈਣੀ ਸਾਹਿਬ ਵਿਖੇ ਰੋਜ਼ਾਨਾ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਮਗਰੋਂ ਇਹ ਸਾਧ-ਸੰਗਤ ਨੂੰ ਯੋਗ ਸਿਖਾਉਂਦੇ ਹਨ।

ਸੰਤ ਦਿਲਬਾਗ ਸਿੰਘ ਦੀ ਸੁਪਤਨੀ ਸਵ. ਸੀਤੋ ਸਨ। ਇਨ੍ਹਾਂ ਦੇ ਘਰ ਇਕੋ ਧੀ ਗੋਗੀ ਹੈ ਜੋ ਸੰਤ ਜਗਰਾਜ ਸਿੰਘ ਦੀ ਸੁਪਤਨੀ ਅਤੇ ਸੰਤ ਸਾਧੂ ਸਿੰਘ ਰਾਏਸਰ ਦੇ ਢੋਲਕੀ ਵਾਲਿਆਂ ਦੀ ਨੂੰਹ ਹੈ।

**ਸੰਤ ਮਹਿੰਦਰ ਸਿੰਘ ਬੀਂਡਾ –**

ਸੂਬਾ ਵਰਿਆਮ ਸਿੰਘ ਤੋਂ ਮਗਰੋਂ ਸੰਤ ਮਹਿੰਦਰ ਸਿੰਘ ਬੀਂਡਾ ਸਪੁੱਤਰ ਸੰਤ ਧਿਆਨ ਸਿੰਘ ਗਿੱਲ ( ਪਿਛੋਂ ਗਿੱਲਾਂ, ਜ਼ਿਲ੍ਹਾ ਲਾਇਲਪੁਰ ਦੇ) ਕਈ ਸਾਲ ਸ੍ਰੀ ਜੀਵਨ ਨਗਰ ਗਊਸ਼ਾਲਾ ਦੇ ਪ੍ਰਬੰਧਕ ਵਜੋਂ ਸੇਵਾ ਕਰਦੇ ਰਹੇ। ਫਿਰ ਹੁਕਮ ਅਨੁਸਾਰ ਆਪ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਵਿੱਚ ਪ੍ਰਬੰਧਕ ਵਜੋਂ ਸੇਵਾ ਕਰਨ ਆਏ। ਇਸ ਤੋਂ ਬਾਅਦ ਸੰਨ 2009 ਤੀਕ ਆਪ ਨੇ ਮਸਤਾਨਗੜ੍ਹ ਦੀ ਗਊਸ਼ਾਲਾ ਵਿਚ ਸੇਵਾ ਕੀਤੀ। ਸੰਨ 2010 ਵਿਚ ਸੰਤ ਬਲਵਿੰਦਰ ਸਿੰਘ (ਖੂਹ ਅੰਮ੍ਰਿਤਸਰ) ਮਸਤਾਨਗੜ੍ਹ ਦੀ ਗਊਸ਼ਾਲਾ ਦੇ ਪ੍ਰਬੰਧਕ ਬਣੇ।

ਸੰਤ ਮਹਿੰਦਰ ਸਿੰਘ ਬੀਂਡਾ ਦੱਸਦੇ ਹਨ ਕਿ ਸੰਨ 1947 ਨੂੰ ਉਹ ਛੋਟੀ ਉਮਰ ਦੇ ਸਨ, ਜਦੋਂ ਆਪਣੇ ਪਰਿਵਾਰ ਨਾਲ ਪਾਕਿਸਤਾਨ ਤੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿੱਚ ਆਏ ਸਨ।

ਬਚਪਨ ਤੋਂ ਹੀ ਆਪ ਸ੍ਰੀ ਜੀਵਨ ਨਗਰ ਗਊਸ਼ਾਲਾ ਵਿੱਚ ਗਊਆਂ ਨੂੰ ਚਾਰਨ, ਪੱਠੇ ਪਾਉਣ, ਧਾਰਾਂ ਕੱਢਣ ਆਦਿ ਦੀ ਸੇਵਾ ਕਰਨ ਲੱਗ ਪਏ ਸਨ। ਇਨ੍ਹਾਂ ਤੇ ਇਨ੍ਹਾਂ ਦੇ ਭਰਾ ਸੰਤੋਖ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਦੇ ਪਿੰਡ ਰਾਣੀਆਂ ਤੋਂ ਗਊਸ਼ਾਲਾ ਦੀ ਸੰਭਾਲ ਕਰਨ ਲਈ ਸ੍ਰੀ ਜੀਵਨ ਨਗਰ ਬੁਲਾ ਲਿਆ ਸੀ। ਸ੍ਰੀ ਸਤਿਗੁਰੂ ਜੀ ਨੇ

ਇਨ੍ਹਾਂ ਨੂੰ ਪਹਿਲੋਂ ਸ੍ਰੀ ਜੀਵਨ ਨਗਰ ਦੀ ਗਊਸ਼ਾਲਾ ਦਾ ਪ੍ਰਬੰਧਕ ਬਣਾਇਆ। ਫਿਰ ਹੁਕਮ ਅਨੁਸਾਰ ਆਪ ਨੇ 15 ਸਾਲ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਅਤੇ ਕ੍ਰੀਬ 13 ਸਾਲ ਮਸਤਾਨਗੜ੍ਹ ਦੀ ਗਊਸ਼ਾਲਾ ਵਿੱਚ ਪ੍ਰਬੰਧਕ ਵਜੋਂ ਸੇਵਾ ਕੀਤੀ।

ਸ੍ਰੀ ਸਤਿਗੁਰੂ ਜਗਜੀਤ ਜੀ ਦੀਆਂ ਇਨ੍ਹਾਂ 'ਤੇ ਬਹੁਤ ਖੁਸ਼ੀਆਂ ਰਹੀਆਂ। ਇਨ੍ਹਾਂ ਦੇ ਪ੍ਰਬੰਧਕ ਵਜੋਂ ਸੇਵਾ ਕਰਨ ਸਮੇਂ ਦੌਰਾਨ ਕਈ ਗਊਆਂ ਪਸ਼ੂ ਪ੍ਰਦਰਸ਼ਨੀਆਂ ਅਤੇ ਪ੍ਰਤੀਯੋਗਿਤਾਵਾਂ ਵਿੱਚੋਂ ਇਨਾਮ ਜਿੱਤਦੀਆਂ ਰਹੀਆਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਨ੍ਹਾਂ ਤੋਂ ਸ਼ਬਦ ਸੁਣਿਆ ਕਰਦੇ ਸਨ। ਸ਼ਬਦ ਸੁਣਦਿਆਂ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇਹ ਤਾਂ ਬੀਂਡੇ ਵਾਂਗ ਬੋਲਦਾ ਹੈ। ਉਦੋਂ ਤੋਂ ਹੀ ਇਨ੍ਹਾਂ ਦਾ ਨਾਮ ਬੀਂਡਾ ਪੈ ਗਿਆ।

ਸੰਤ ਮਹਿੰਦਰ ਸਿੰਘ ਬੀਂਡਾ ਦੀ ਸੁਪਤਨੀ ਬੀਬੀ ਬਲਵਿੰਦਰ ਕੌਰ, ਮਹੰਤ ਬਖਤੌਰ ਸਿੰਘ ਪਿੰਡ ਸੈਦੋ (ਜ਼ਿਲ੍ਹਾ ਮੋਗਾ) ਦੀ ਬੇਟੀ ਹੈ।

ਸੰਤ ਮਹਿੰਦਰ ਸਿੰਘ ਦੇ ਦੋ ਸਪੁੱਤਰ ਅਤੇ ਚਾਰ ਧੀਆਂ ਹਨ। ਇਨ੍ਹਾਂ ਦਾ ਵੱਡਾ ਸਪੁੱਤਰ ਗੁਰਬਚਨ ਸਿੰਘ ਬਿੱਲਾ, ਜਿਹੜਾ ਕਈ ਸਾਲ ਪਹਿਲੋਂ ਸ੍ਰੀ ਭੈਣੀ ਸਾਹਿਬ ਵਿਖੇ ਪ੍ਰਯੋਗ ਵਿੱਚ ਅੰਮ੍ਰਿਤ ਵੇਲੇ ਪੀਪਾ ਵਜਾ ਕੇ ਸਾਧ-ਸੰਗਤ ਨੂੰ ਜਗਾਉਣ ਦੀ ਸੇਵਾ ਕਰਿਆ ਕਰਦਾ ਸੀ, ਅਜਕਲ ਕੈਨੇਡਾ ਵਿਖੇ ਰਹਿੰਦਾ ਹੈ। ਇਸਦੀ ਪਤਨੀ ਉੱਤਮ ਕੌਰ ਹੈ।

ਛੋਟਾ ਸਪੁੱਤਰ ਗੁਰਦੇਵ ਸਿੰਘ ਆਪਣੇ ਪਿਤਾ ਨਾਲ ਸ੍ਰੀ ਜੀਵਨ ਨਗਰ ਰਹਿੰਦਾ ਹੈ। ਸਪੁੱਤਰੀਆਂ ਵਿੱਚੋਂ ਵੱਡੀ ਧੀ ਸੁਖਪਾਲ ਕੌਰ, ਸੰਤ ਗੁਰਮੀਤ ਸਿੰਘ ਰਾਹੋਂ ਦੀ ਸੁਪਤਨੀ ਹੈ। ਇਸ ਤੋਂ ਛੋਟੀ ਧੀ ਰਾਣੀ ਸੰਤ ਸਰਮੇਸ਼ ਸਿੰਘ ਅੰਮ੍ਰਿਤਸਰ ਦੀ ਸੁਪਤਨੀ ਹੈ। ਧੀ ਵੀਰਾਂ ਸੁਪਤਨੀ ਸੰਤ ਧਿਆਨ ਸ੍ਰੀ ਭੈਣੀ ਸਾਹਿਬ ਅਤੇ ਧੀ ਗੁਰਮੀਤ ਕੌਰ ਸੁਪਤਨੀ ਸੰਤ ਰਾਜਾ ਸਿੰਘ ਸ੍ਰੀ ਭੈਣੀ ਸਾਹਿਬ ਹੈ।

**ਸੰਤ ਬਲਦੇਵ ਸਿੰਘ ਬਲੀਆ –**

ਜਦੋਂ ਸੰਤ ਮਹਿੰਦਰ ਸਿੰਘ ਬੀਂਡਾ ਸ੍ਰੀ ਜੀਵਨ ਨਗਰ ਤੋਂ ਸ੍ਰੀ ਭੈਣੀ ਸਾਹਿਬ ਆ ਗਏ ਉਦੋਂ ਸੰਤ ਬਲਦੇਵ ਸਿੰਘ (ਸਪੁੱਤਰ ਸੰਤ ਜੈ ਸਿੰਘ ਸੈਦੋ ਵਾਲੇ) ਸ੍ਰੀ ਜੀਵਨ ਨਗਰ ਵਿਖੇ, ਉਨ੍ਹਾਂ ਦੇ ਥਾਂ ਸੇਵਾ ਕਰਦੇ ਰਹੇ। ਆਪ ਚੜ੍ਹਾਈ ਕਰ ਗਏ ਹਨ, ਇਨ੍ਹਾਂ ਦਾ ਇਕ ਪੁੱਤਰ ਸਵ. ਹਰਦੀਪ ਸਿੰਘ ਸ੍ਰੀ ਜੀਵਨ ਨਗਰ ਰਹਿੰਦਾ ਸੀ।

**ਸੰਤ ਗੁਰਨਾਮ ਸਿੰਘ –**

ਜਦੋਂ ਸੰਤ ਮਹਿੰਦਰ ਸਿੰਘ ਬੀਂਡਾ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਤੋਂ ਮਸਤਾਨਗੜ੍ਹ ਦੀ ਗਊਸ਼ਾਲਾ ਵਿਚ ਪ੍ਰਬੰਧਕ ਵਜੋਂ ਚਲੇ ਗਏ, ਉਦੋਂ ਸੰਤ ਗੁਰਨਾਮ ਸਿੰਘ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਦੇ ਇੰਚਾਰਜ ਬਣੇ ਅਤੇ ਕ੍ਰੀਬ ਸੱਤ ਸਾਲ ਸੇਵਾ ਕੀਤੀ। ਅੱਜ ਕੱਲ ਇਹ ਸ੍ਰੀ ਭੈਣੀ ਸਾਹਿਬ ਹੀ ਰਹਿੰਦੇ ਹਨ। ਇਨ੍ਹਾਂ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਵਿਚ ਸੰਤ ਸਾਧੂ ਸਿੰਘ ਭੰਗੂਰ ਤੇ ਸੰਤ ਅਮਰ ਸਿੰਘ ਗਰੇਟਾ ਨੇ ਸੇਵਾ ਸੰਭਾਲੀ।

ਸੰਤ ਗੁਰਨਾਮ ਸਿੰਘ ( ਜਠੌਲ), ਸਾਬਕਾ ਹਜ਼ੂਰੀ ਲਾਂਗਰੀ ਸੰਤ ਸਤਨਾਮ ਸਿੰਘ ਦੇ ਛੋਟੇ ਭਰਾ ਹਨ। ਇਹ ਸੰਤ ਸੁੱਚਾ ਸਿੰਘ (ਪਿੰਡ ਬੁੱਢਣਪੁਰ ਜ਼ਿਲ੍ਹਾ ਕਰਨਾਲ) ਦੇ ਸਪੁੱਤਰ ਹਨ। ਸੰਤ ਗੁਰਨਾਮ ਸਿੰਘ ਸੰਨ 1984 'ਚ ਸ੍ਰੀ ਭੈਣੀ ਸਾਹਿਬ ਵਿਖੇ ਗਊਸ਼ਾਲਾ ਵਿੱਚ ਸੇਵਾ ਕਰਨ ਆਏ। ਇੱਕ ਸਾਲ ਇੱਥੇ ਇਨ੍ਹਾਂ ਨੇ ਸੇਵਾ ਕੀਤੀ। ਇਸ ਮਗਰੋਂ ਕੁਝ ਸਮਾਂ ਆਪ ਨੇ ਟਰੈਕਟਰ ਦੇ ਡਰਾਈਵਰ ਵਜੋਂ ਸੇਵਾ ਕੀਤੀ। ਫਿਰ ਕ੍ਰੀਬ ਸੱਤ ਸਾਲ ਆਪ ਨੇ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦੇ ਪ੍ਰਬੰਧਕ ਵਜੋਂ ਸੇਵਾ ਕਰ ਕੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸ੍ਰੀ ਸਤਿਗੁਰੂ ਜੀ ਨੇ ਗਊਸ਼ਾਲਾ 'ਚ ਜਾ ਕੇ ਸੇਵਕਾਂ ਨੂੰ ਹੁਕਮ ਕੀਤਾ ਸੀ, "ਜਿਵੇਂ ਤੁਸੀਂ ਸੂਬਾ ਵਰਿਆਮ ਸਿੰਘ ਦਾ ਆਖ ਮੰਨਦੇ ਹੋ, ਇਵੇਂ ਗੁਰਨਾਮ ਸਿੰਘ ਦਾ ਕਹਿਣਾ ਮੰਨਣਾ ਹੈ।"

ਸੰਤ ਗੁਰਨਾਮ ਸਿੰਘ ਦੀ ਸੁਪਤਨੀ ਬੀਬੀ ਗੁਰਦੇਵ ਕੌਰ(ਸਪੁੱਤਰੀ ਸੰਤ ਸੁਲੱਖਣ ਸਿੰਘ ਖੰਘੂੜਾ ਪਿੰਡ

ਕਿਰਪਾਲ ਪੱਟੀ, ਜ਼ਿਲ੍ਹਾ ਸਰਸਾ) ਹੈ। ਇਨ੍ਹਾਂ ਦੇ ਦੋ ਸਪੁੱਤਰ ਗੁਰਦਿਆਲ ਸਿੰਘ (ਆਸਟਰੇਲੀਆ) ਅਤੇ ਗੰਗਾ ਸਿੰਘ ਹਨ। ਬੇਟੀ ਗਿਆਨ ਕੌਰ ਹੈ। ਇਹ ਮੁਹਾਲੀ ਤੋਂ ਨਰਸਿੰਗ ਦਾ ਕੋਰਸ ਕਰ ਰਹੀ ਹੈ।

ਸੰਤ ਗੁਰਨਾਮ ਸਿੰਘ ਦੱਸਦੇ ਹਨ ਕਿ ਸ੍ਰੀ ਸਤਿਗੁਰੂ ਜੀ ਪਾਸੋਂ ਉਨ੍ਹਾਂ ਨੂੰ ਬਹੁਤ ਖੁਸ਼ੀਆਂ ਪ੍ਰਾਪਤ ਹੋਈਆਂ ਹਨ ਅਤੇ ਉਹ ਅਰਦਾਸ ਕਰਦੇ ਹਨ ਕਿ ਸਤਿਗੁਰੂ ਚਰਨਾਂ ਨਾਲ ਉਨ੍ਹਾਂ ਦੀ ਪ੍ਰੀਤ ਇਸੇ ਤਰ੍ਹਾਂ ਨਿਭੇ।

ਜਦੋਂ ਸੰਤ ਗੁਰਨਾਮ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਦਾ ਹੁਕਮ ਹੋਇਆ ਕਿ ਸ੍ਰੀ ਭੈਣੀ ਸਾਹਿਬ ਰਹਿ ਕੇ ਸੇਵਾ ਕਰਨੀ ਹੈ, ਉਦੋਂ ਤੋਂ ਆਪ ਨੇ ਹੁਕਮ ਦੀ ਪਾਲਣਾ ਕੀਤੀ। ਇਨ੍ਹਾਂ ਨੇ ਆਪਣੇ ਕਾਰਜ-ਕਾਲ ਦਰਮਿਆਨ ਗਊਸ਼ਾਲਾ ਦੀਆਂ ਗਊਆਂ ਦੀ ਖੁਰਾਕ ਅਤੇ ਸੇਵਾ ਵੱਲ ਵਿਸ਼ੇਸ਼ ਧਿਆਨ ਦਿੱਤਾ, ਜਿਸ ਦੇ ਫਲਸਰੂਪ ਗਊਆਂ ਦਾ ਰੋਜ਼ਾਨਾ ਦੁੱਧ 25 ਕਿਲੋ ਤੀਕ ਪਹੁੰਚ ਗਿਆ ਸੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਰੇ ਸੇਵਕਾਂ ਦਾ ਬਹੁਤ ਧਿਆਨ ਰੱਖਦੇ ਹਨ। ਇੱਕ ਵਾਰ ਸੰਤ ਗੁਰਨਾਮ ਸਿੰਘ ਨੇ ਅਰਜ਼ ਕੀਤੀ ਸੀ ਕਿ ਮੈਂ ਆਪਣੇ ਪਿੰਡ ਫਸਲ ਸਾਂਭਣ ਜਾਣਾ ਹੈ ਤਾਂ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ ਮੈਂ ਤੇਰੇ ਪਿੰਡ ਫਸਲ ਸਾਂਭਣ ਲਈ ਬੰਦੇ ਭੇਜ ਦਿਆਂਗਾ ਜਿਹੜਾ ਕਿਸੇ ਨਾਲ ਲੈਣ-ਦੇਣ ਦਾ ਹਿਸਾਬ ਹੈ ਉਹ ਵੀ ਮੁਕਾ ਦਿਆਂਗੇ, ਤੂੰ ਫਿਕਰ ਨਾ ਕਰ ਇਥੇ ਰਹਿ ਕੇ ਸੇਵਾ ਕਰ।

**ਸੰਤ ਸਾਧੂ ਸਿੰਘ ਭੰਗੂਰ –**

ਸੰਤ ਬਲਦੇਵ ਸਿੰਘ ਬਲੀਆ ਤੋਂ ਬਾਅਦ ਸੰਤ ਸਾਧੂ ਸਿੰਘ ਸਪੁੱਤਰ ਸੰਤ ਸੋਹਣ ਸਿੰਘ ਖਤਰਾਈਆਂ ਸੰਨ 1985 ਤੋਂ ਸ੍ਰੀ ਜੀਵਨ ਨਗਰ ਗਊਸ਼ਾਲਾ ਦੇ ਪ੍ਰਬੰਧਕ ਰਹੇ। ਉਸ ਤੋਂ ਪਹਿਲੋਂ ਆਪ ਬਚਪਨ ਤੋਂ ਹੀ ਸ੍ਰੀ ਜੀਵਨ ਨਗਰ ਵਿਖੇ ਘੋੜਿਆਂ ਦੀ ਸੇਵਾ ਕਰਦੇ ਰਹੇ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਨ 1993 ਤੋਂ ਆਪ ਸ੍ਰੀ ਭੈਣੀ ਸਾਹਿਬ ਆ ਗਏ। ਉਦੋਂ ਤੋਂ ਆਪ ਸਮੇਂ ਸਮੇਂ 'ਤੇ ਲੰਗਰ 'ਚ ਸੇਵਾ ਕਰਦੇ ਰਹੇ, ਵਰਨੀਆਂ ਵਿਚ ਵੀ ਲੱਗੇ ਤੇ ਗਊਸ਼ਾਲਾ 'ਚ ਵੀ ਸੇਵਾ ਕਰਦੇ ਰਹੇ। ਸੰਨ 2008 ਤੋਂ ਸੰਨ 2009 ਤੀਕ ਆਪ ਬਿਰਧਸ਼ਾਲਾ 'ਚ ਇੰਚਾਰਜ ਰਹੇ। ਸੰਨ 2009 ਤੋਂ ਬਾਅਦ ਹੁਕਮ ਅਨੁਸਾਰ ਆਪ ਗਊਸ਼ਾਲਾ ਵਿਚ ਸੇਵਾ ਕਰ ਰਹੇ ਹਨ।

ਇਨ੍ਹਾਂ ਦਾ ਸਾਰਾ ਪਰਿਵਾਰ ਸ੍ਰੀ ਭੈਣੀ ਸਾਹਿਬ ਰਹਿੰਦਾ ਹੈ। ਇਨ੍ਹਾਂ ਦੇ ਪੁੱਤਰ ਸਰਵ ਸ੍ਰੀ ਜਸਵੰਤ ਸਿੰਘ, ਮਲਕੀਤ ਸਿੰਘ, ਕੁਲਵੰਤ ਸਿੰਘ ਅਤੇ ਸ਼ਾਮ ਸਿੰਘ ਹਨ।

**ਸੰਤ ਰੌਣਕ ਸਿੰਘ –**

ਸੰਤ ਰੌਣਕ ਸਿੰਘ ਸਪੁੱਤਰ ਸੰਤ ਦੀਵਾਨ ਸਿੰਘ ਧਰਨੇ (ਪਿਛਲਾ ਪਿੰਡ ਮਿਰਜਾ ਜਾਨ, ਗੁਜਰਾਂਵਾਲਾ, ਪਾਕਿਸਤਾਨ), ਘੋੜੇ ਘੋੜੀਆਂ ਵੀ ਸਾਂਭਦੇ ਰਹੇ ਅਤੇ ਲੰਮਾ ਸਮਾਂ ਸ੍ਰੀ ਜੀਵਨ ਨਗਰ ਗਊਸ਼ਾਲਾ ਦੇ ਪ੍ਰਬੰਧਕ ਵਜੋਂ ਵੀ ਰਹੇ। ਹਾਕੀ ਵਾਲੇ ਸੁਖਦੇਵ ਸਿੰਘ ਇਨ੍ਹਾਂ ਦੇ ਪੁੱਤਰ ਹਨ।

ਸੰਤ ਰੌਣਕ ਸਿੰਘ ਦੱਸਦੇ ਹਨ ਕਿ ਵੈਸੇ ਤਾਂ ਉਹ ਛੋਟੀ ਉਮਰ ਤੋਂ ਹੀ ਗਊਆਂ ਚਾਰਨ ਦੀ ਸੇਵਾ ਵਿੱਚ ਆ ਗਏ ਸਨ ਪਰ ਸ੍ਰੀ ਜੀਵਨ ਨਗਰ ਦੀ ਗਊਸ਼ਾਲਾ ਦੇ ਪ੍ਰਬੰਧਕ ਵਜੋਂ ਸੂਬਾ ਵਰਿਆਮ ਸਿੰਘ ਅਤੇ ਸੰਤ ਬਲੀ ਸਿੰਘ ਬਲੀਆ ਤੋਂ ਬਾਅਦ ਸੇਵਾ ਵਿੱਚ ਆਏ ਸਨ।

ਜਦ ਸੰਤ ਰੌਣਕ ਸਿੰਘ ਬਹੁਤ ਛੋਟੀ ਉਮਰ ਦੇ ਸਨ, ਇਨ੍ਹਾਂ ਦੇ ਮਾਂ-ਬਾਪ ਚੜ੍ਹਾਈ ਕਰ ਗਏ ਸਨ। ਸੰਨ 1947 ਵਿੱਚ ਇਹ ਕ੍ਰੀਬ ਅੱਠ ਸਾਲ ਦੀ ਉਮਰ ਵਿੱਚ ਪਾਕਿਸਤਾਨ ਤੋਂ, ਸਰੀਕੇ ਵਿੱਚੋਂ ਲਗਦੇ ਆਪਣੇ ਚਾਚਾ ਸੰਤ ਕਿਰਪਾਲ ਸਿੰਘ ਨਾਲ, ਸ੍ਰੀ ਜੀਵਨ ਨਗਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਆ ਗਏ ਸਨ। ਆਪ ਅਨੁਸਾਰ ਸ੍ਰੀ ਸਤਿਗੁਰੂ ਜੀ ਨੇ ਆਪ ਨੂੰ ਸੰਭਾਲਿਆ ਅਤੇ ਇਤਨਾ ਪਿਆਰ ਤੇ ਸਨੇਹ ਦਿੱਤਾ ਕਿ ਮਾਂ-ਬਾਪ ਜਾਂ ਭੈਣ-ਭਰਾ ਵੀ ਇਤਨਾ ਨਹੀਂ ਕਰ ਸਕਦੇ। ਸ੍ਰੀ ਸਤਿਗੁਰੂ ਜੀ ਨੇ ਆਪਣੇ ਲਾਂਗਰੀ ਸੰਤ ਆਤਮਾ ਸਿੰਘ( ਜੋ ਕਿ ਸੰਤ ਰਤਨ

ਸਿੰਘ ਹਜ਼ੂਰੀ ਲਾਂਗਰੀ ਨਾਲ ਰਲ ਕੇ ਸੇਵਾ ਕਰਦੇ ਸਨ) ਕੋਲ ਇਨ੍ਹਾਂ ਨੂੰ ਪੜ੍ਹਨ ਲਗਾ ਦਿੱਤਾ।

ਜਦੋਂ ਇਹ ਨੌਜਵਾਨ ਅਵਸਥਾ ਵਿੱਚ ਪਹੁੰਚੇ ਤਾਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਨ੍ਹਾਂ ਦਾ ਵਿਆਹ ਬੀਬੀ ਸੁਰਜੀਤ ਕੌਰ (ਸਪੁੱਤਰੀ ਸ: ਬਾਬੂ ਸਿੰਘ ਮਾਨਸਾ ਮੰਡੀ) ਨਾਲ ਹੋਇਆ। ਇਨ੍ਹਾਂ ਦੇ ਦੋ ਸਪੁੱਤਰ ਅਤੇ ਚਾਰ ਧੀਆਂ ਹਨ।

ਸਪੁੱਤਰਾਂ ਵਿੱਚੋਂ ਵੱਡਾ ਸੁਖਦੇਵ ਸਿੰਘ ਘੁੱਦ ਸ੍ਰੀ ਭੈਣੀ ਸਾਹਿਬ ਰਹਿੰਦਾ ਹੈ ਅਤੇ ਨਾਮਧਾਰੀ ਹਾਕੀ ਇਲੈਵਨ ਦੀ ਪਹਿਲੀ ਟੀਮ ਦਾ ਖਿਡਾਰੀ ਰਿਹਾ ਹੈ ਅਤੇ ਬਹੁਤ ਪ੍ਰਾਪਤੀਆਂ ਕੀਤੀਆਂ ਹਨ। ਜਿੰਨੇ ਵੀ ਟੂਰਨਾਮੈਂਟ ਵਿਚ ਮੈਚ ਖੇਡਣ ਗਏ ਹਮੇਸ਼ਾਂ ਜਿੱਤਾਂ ਪ੍ਰਾਪਤ ਕੀਤੀਆਂ। ਇਸ ਬਾਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕਰਦੇ ਹਨ:

"ਇਹ ਸੁਖਦੇਵ ਸਿੰਘ ਘੁੱਦ ਹਾਕੀ ਖੇਡਦਾ ਹੈ, ਕੱਦ ਛੋਟਾ ਹੈ ਪਰ ਚੀਨ ਦੀ ਕੰਧ ਵਾਂਗੂੰ ਬਾਲ ਨੂੰ ਆਪਣੇ ਸਰਕਲ ਵਿੱਚੋਂ ਲੰਘਣ ਨਹੀਂ ਦਿੰਦਾ। ਇਹ ਉਸ ਸੰਤ ਰੌਣਕ ਸਿੰਘ ਦਾ ਪੁੱਤਰ ਹੈ ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਗੋਦ ਵਿੱਚ ਪਾਲਿਆ ਹੈ।"

ਸੰਤ ਸੁਖਦੇਵ ਸਿੰਘ ਹਾਕੀ ਦੀ ਟੀਮ ਨਾਲ ਦੁਨੀਆਂ ਦੇ ਬਹੁਤ ਦੇਸ਼ਾਂ-ਥਾਈਲੈਂਡ, ਇੰਗਲੈਂਡ, ਅਮਰੀਕਾ, ਤਨਜਾਨੀਆ, ਸਪੇਨ, ਬੈਲਜੀਅਮ ਆਦਿ ਵਿਚ ਗਏ।

ਸੰਤ ਸੁਖਦੇਵ ਸਿੰਘ ਘੁੱਦ ਦੀ ਸੁਪਤਨੀ ਰਾਜ ਕੌਰ, ਸੰਤ ਪਿਆਰਾ ਸਿੰਘ ਸੰਤਨਗਰ ਦੀ ਬੇਟੀ ਹੈ। ਇਸਦੇ ਦਾਦਾ ਜੀ ਸੰਤ ਸੰਤਾ ਸਿੰਘ ਸਨ। ਪੜਦਾਦਾ ਜੀ ਸੰਤ ਬਿਸ਼ਨ ਸਿੰਘ ਸੁਨਿਆਰਾ ਸਨ, ਜਿਹੜੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਹਿਲੇ ਹੁਕਮਨਾਮੇ ਬਰਮਾ ਤੋਂ ਲੈ ਕੇ ਆਏ ਸਨ। ਸੰਤ ਸੁਖਦੇਵ ਸਿੰਘ ਦੀ ਇੱਕ ਬੇਟੀ ਗੁਰਪ੍ਰੀਤ ਕੌਰ ਤੇ ਦੋ ਬੇਟੇ ਹਨ। ਦੋਵੇਂ ਬੇਟੇ ਸਵਰਨ ਸਿੰਘ ਤੇ ਗੁਲਜਾਰ ਸਿੰਘ ਮੱਸਲ ਵੀਕਨੈਸ ਦੀ ਬੀਮਾਰੀ ਨਾਲ ਪੀੜਤ ਹਨ, ਸ੍ਰੀ ਸਤਿਗੁਰੂ ਦੀ ਕਿਰਪਾ ਨਾਲ ਅੱਗੇ ਨਾਲੋਂ ਠੀਕ ਹਨ। ਇਹ ਜਪ-ਪ੍ਰਯੋਗ ਸਮੇਂ ਰਾਤ ਇੱਕ ਵਜੇ ਤੋਂ ਉਠ ਕੇ ਭਜਨ ਕਰਦੇ ਹਨ।

ਸੰਤ ਰੌਣਕ ਸਿੰਘ ਦੀਆਂ ਚਾਰ ਧੀਆਂ ਹਨ:-

1. ਬੀਬੀ ਰਾਜ ਕੌਰ ਸੁਪਤਨੀ ਸੰਤ ਜੋਗਿੰਦਰ ਸਿੰਘ ਲੁਧਿਆਣਾ।
2. ਬੀਬੀ ਜਸਵੀਰ ਕੌਰ ਸੁਪਤਨੀ ਸੰਤ ਜੋਗਿੰਦਰ ਸਿੰਘ ਰਾਣੀਆਂ
3. ਬੀਬੀ ਹਰਜਿੰਦਰ ਕੌਰ ਸੁਪਤਨੀ ਸੰਤ ਦੀਦਾਰ ਸਿੰਘ ਸਰਸਾ
4. ਬੀਬੀ ਬਲਵਿੰਦਰ ਕੌਰ ਸੁਪਤਨੀ ਸੰਤ ਸਤਪਾਲ ਸਿੰਘ ਦਿੱਲੀ

ਸੰਤ ਰੌਣਕ ਸਿੰਘ ਦੱਸਦੇ ਹਨ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਮੈਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਂਗ ਹੀ ਪਿਆਰ ਨਾਲ ਨਿਵਾਜਦੇ ਰਹੇ ਹਨ।

**ਸੰਤ ਕਪੂਰ ਸਿੰਘ -**

ਸੰਤ ਕਪੂਰ ਸਿੰਘ ਸੈਣੀ (ਪਿੰਡ ਰੰਗੀਲਪੁਰ ਜ਼ਿਲ੍ਹਾ ਰੋਪੜ) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ, ਸੰਨ 1957 ਤੋਂ ਕ੍ਰੀਬ 40 ਸਾਲ ਗਊਸ਼ਾਲਾ ਵਿਚ ਰਿਕਾਰਡ ਤਿਆਰ ਕਰਨ ਦੀ ਸੇਵਾ ਕਰਦੇ ਰਹੇ। ਉਦੋਂ ਤੋਂ ਗਊਆਂ ਦਾ ਸਾਰਾ ਰਿਕਾਰਡ ਇਨ੍ਹਾਂ ਦਾ ਬਣਾਇਆ ਹੋਇਆ ਹੈ।

ਸੰਤ ਕਪੂਰ ਸਿੰਘ ਦਾ ਜਨਮ ਸੰਨ 1920 ਵਿਚ ਪਿੰਡ ਮੌਲੀ ਬਾਦਵਾਨ ਤਹਿਸੀਲ ਖਰੜ ਜ਼ਿਲ੍ਹਾ ਰੋਪੜ ਵਿਖੇ ਪਿਤਾ ਸ. ਸੁੰਦਰ ਸਿੰਘ ਅਤੇ ਮਾਤਾ ਰਾਜ ਕੌਰ ਦੇ ਗ੍ਰਹਿ ਵਿਖੇ ਹੋਇਆ। ਪਰਿਵਾਰ ਵਿਚ ਸਭ ਤੋਂ ਪਹਿਲਾਂ ਇਨ੍ਹਾਂ ਦੇ ਛੋਟੇ ਭਰਾ ਸੰਤ ਜੰਗ ਸਿੰਘ ਜੀ ਨਾਮਧਾਰੀ ਸਜੇ।

ਸ. ਕਪੂਰ ਸਿੰਘ ਨੂੰ ਸ਼ੁਰੂ ਤੋਂ ਹੀ ਖੇਤੀ ਬਾੜੀ ਅਤੇ ਗਾਵਾਂ ਮੱਝਾਂ ਪਾਲਣ ਦਾ ਬਹੁਤ ਸ਼ੌਕ ਸੀ। ਮੈਟ੍ਰਿਕ ਦੀ ਪੜ੍ਹਾਈ ਪੂਰੀ ਕਰਨ ਉਪ੍ਰੰਤ ਆਪ ਸੰਨ 1938 ਵਿਚ ਸਰਕਾਰੀ ਡੇਅਰੀ ਲਾਹੌਰ ਵਿਖੇ ਮਿਲਕ ਰਿਕਾਰਡਰ ਦੀ

ਨੌਕਰੀ ਕਰਨ ਲੱਗ ਪਏ। ਦੇਸ਼ ਦੀ ਵੰਡ ਤੋਂ ਬਾਅਦ ਆਪ ਪਾਕਿਸਤਾਨ ਤੋਂ ਵਾਪਸ ਆ ਕੇ 'ਐਡਵਰਡ ਕਵਾਟਿੰਡ ਡੇਅਰੀ ਦਿੱਲੀ' ਵਿਖੇ ਨੌਕਰੀ ਕਰਨ ਲੱਗੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਮਹਾਰਾਜ ਬੀਰ ਸਿੰਘ, ਸ.ਕਪੂਰ ਸਿੰਘ ਨੂੰ ਦਿੱਲੀ ਤੋਂ ਸ੍ਰੀ ਜੀਵਨ ਨਗਰ ਵਿਖੇ ਲੈ ਆਏ ਅਤੇ ਉਨ੍ਹਾਂ ਨੂੰ ਉਥੇ ਡੇਰੇ ਦੀ ਗਊਸ਼ਾਲਾ ਵਿਚ ਗਾਵਾਂ-ਮੱਝਾਂ ਦੇ ਦੁੱਧ ਘਿਓ ਦੇ ਨਾਪ ਤੋਲ ਅਤੇ ਉਨ੍ਹਾਂ ਦੀ ਪੈਡਾਗਿਰੀ ਬਣਾਉਣ ਦਾ ਕੰਮ ਸੌਂਪ ਦਿਤਾ। ਇਥੇ ਉਨ੍ਹਾਂ ਨੇ ਇਹ ਸੇਵਾ ਤਕਰੀਬਨ 25 ਸਾਲ ਨਿਭਾਈ। ਇਸ ਸਮੇਂ ਦੌਰਾਨ ਉਨ੍ਹਾਂ ਨੇ ਸ੍ਰੀ ਜੀਵਨ ਨਗਰ ਵਿਖੇ ਹਰ ਇਕ ਗਾਂ-ਮੱਝ ਦੇ ਦੁੱਧ ਦਾ ਸਲਾਨਾ ਰਿਕਾਰਡ ਬਣਾਇਆ।

ਇਸ ਉਪ੍ਰੰਤ ਉਹ ਕ੍ਰੀਬ ਸੰਨ 1975 ਵਿਚ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਖੇ ਆ ਗਏ। ਇਥੇ ਉਨ੍ਹਾਂ ਨੂੰ ਸ੍ਰੀ ਭੈਣੀ ਸਾਹਿਬ ਡੇਰੇ ਵਿਚ ਗਊਆਂ ਦੇ ਦੁੱਧ ਘਿਓ ਦਾ ਰਿਕਾਰਡ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ।

ਸੰਤ ਕਪੂਰ ਸਿੰਘ ਨੇ ਸ੍ਰੀ ਭੈਣੀ ਸਾਹਿਬ ਵਿਖੇ ਮੱਝਾਂ ਤੇ ਗਾਵਾਂ ਦਾ ਰਿਕਾਰਡ ਇਸ ਤਰੀਕੇ ਨਾਲ ਤਿਆਰ ਕੀਤਾ ਕਿ ਉਸ ਨੂੰ ਵੇਖ ਕੇ ਬਾਹਰੋਂ ਗਾਵਾਂ ਮੱਝਾਂ ਖਰੀਦਣ ਵਾਲੇ ਅਧਿਕਾਰੀ ਅਤੇ ਵਪਾਰੀ ਲੋਕ ਦੰਗ ਰਹਿ ਜਾਂਦੇ ਸਨ। ਸ੍ਰੀ ਭੈਣੀ ਸਾਹਿਬ ਵਿਖੇ ਉਨ੍ਹਾਂ ਇਹ ਸੇਵਾ ਤਕਰੀਬਨ 20 ਸਾਲ ਆਪਣੇ ਮਨ ਤਨ ਤੇ ਧਨ ਨਾਲ ਨਿਭਾਈ। ਸੰਨ 1993 ਵਿਚ ਉਹ ਸਿਹਤ ਠੀਕ ਨਾ ਹੋਣ ਕਾਰਨ ਸਤਿਗੁਰਾਂ ਦੀ ਆਗਿਆ ਨਾਲ ਆਪਣੇ ਪਿੰਡ ਰੰਗੀਲਪੁਰ ਜ਼ਿਲ੍ਹਾ ਰੋਪੜ ਵਿਖੇ ਆ ਗਏ ਅਤੇ ਇਥੇ ਹੀ ਉਹ ਅਕਤੂਬਰ ਸੰਨ 1998 ਵਿਚ ਚੜ੍ਹਾਈ ਕਰ ਗਏ। ਸ੍ਰੀ ਭੈਣੀ ਸਾਹਿਬ ਵਿਖੇ ਉਨ੍ਹਾਂ ਵਲੋਂ ਤਿਆਰ ਕੀਤਾ ਗਿਆ ਰਿਕਾਰਡ ਅੱਜ ਤਕ ਵੀ ਮੌਜੂਦ ਹੈ।

ਸੰਤ ਕਪੂਰ ਸਿੰਘ ਦਾ ਪਹਿਲਾ ਵਿਆਹ ਬੀਬੀ ਕੁਲਦੀਪ ਕੌਰ ਸਪੁੱਤਰੀ ਸ. ਆਤਮਾ ਸਿੰਘ ਲੌਂਦੀ ਮਾਜਰਾ ਨਾਲ ਹੋਇਆ। ਇਨ੍ਹਾਂ ਦੇ ਚੜ੍ਹਾਈ ਕਰਨ ਉਪ੍ਰੰਤ ਦੂਜਾ ਵਿਆਹ ਬੀਬੀ ਅੰਮ੍ਰਿਤ ਕੌਰ ਸਪੁੱਤਰੀ ਡਾ. ਤ੍ਰਿਲੋਕ ਸਿੰਘ ਨਾਲ ਹੋਇਆ।

ਸੰਤ ਕਪੂਰ ਸਿੰਘ ਦੇ ਤਿੰਨ ਸਪੁੱਤਰ ਹਨ- ਸ. ਜਸਵੰਤ ਸਿੰਘ, ਸ. ਅਮਰੀਕ ਸਿੰਘ ਪਿੰਡ ਮੌਲੀ ਅਤੇ ਡਾ. ਸੁਖਬੀਰ ਸਿੰਘ ਪਿੰਡ ਰੰਗੀਲਪੁਰ ਜ਼ਿਲ੍ਹਾ ਰੋਪੜ ।

ਸ. ਜਸਵੰਤ ਸਿੰਘ, ਐਡਵੋਕੇਟ ਜਨਰਲ ਪੰਜਾਬ ਤੋਂ ਸੁਪਰਡੈਂਟ ਰਿਟਾਯਰ ਹੋਏ ਹਨ। ਇਨ੍ਹਾਂ ਦੀ ਸੁਪਤਨੀ ਬੀਬੀ ਸਵਰਨ ਕੌਰ ਸਪੁੱਤਰੀ ਸ. ਅਜੀਤ ਸਿੰਘ ਦੇਸੂ-ਮਾਜਰੇ ਤੋਂ ਹਨ। ਇਨਾਂ ਦੇ ਦੋ ਪੁੱਤਰ ਹਨ- ਹਰਿੰਦਰਪਾਲ ਸਿੰਘ ਤੇ ਬਲਵਿੰਦਰ ਸਿੰਘ। ਹਰਿੰਦਰਪਾਲ ਸਿੰਘ ਪੀ. ਜੀ. ਆਈ. ਚੰਡੀਗੜ੍ਹ ਵਿਚ ਇਲੈਕਟ੍ਰੀਸ਼ੀਅਨ ਹਨ।

ਸ. ਅਮਰੀਕ ਸਿੰਘ, ਪੰਜਾਬ ਸੈਕਟਰੀਏਟ ਚੰਡੀਗੜ੍ਹ ਵਿਚ ਚੌਥਾ ਪੰਜਾਬ ਵਿੱਤ ਕਮਿਸ਼ਨਰ ਵਿਭਾਗ ਵਿਚ ਸੁਪਰਡੈਂਟ ਹਨ। ਇਨ੍ਹਾਂ ਦਾ ਦਫਤਰ 17 ਸੈਕਟਰ, ਉਦਯੋਗ ਭਵਨ ਚੰਡੀਗੜ੍ਹ ਵਿਖੇ ਹੈ। ਇਹ ਮੁੱਖ ਮੰਤਰੀ ਪੰਜਾਬ ਦੇ ਦਫਤਰ ਵਿਚ ਵੀ ਕੰਮ ਕਰਦੇ ਰਹੇ ਹਨ। ਇਨ੍ਹਾਂ ਦੇ ਤਿੰਨ ਪੁੱਤਰ ਹਨ-ਕੁਲਵਿੰਦਰ ਸਿੰਘ ਤੇ ਪਰਮਜੀਤ ਸਿੰਘ ਜੋ ਸੈਕਟਰੀਏਟ 'ਚ ਨੌਕਰੀ ਕਰਦੇ ਹਨ ਅਤੇ ਹਰਜਿੰਦਰ ਸਿੰਘ ਫੂਡ ਸਪਲਾਈ ਇੰਸਪੈਕਟਰ ਹੈ।

ਡਾ. ਸੁਖਬੀਰ ਸਿੰਘ ਪਿੰਡ ਰੰਗੀਲਪੁਰ (ਰੋਪੜ) ਵਿਖੇ ਡਾਕਟਰ ਹਨ। ਇਨ੍ਹਾਂ ਦਾ ਇੱਕ ਪੁੱਤਰ ਵਰਿੰਦਰਪਾਲ ਸਿੰਘ ਅਤੇ ਦੋ ਧੀਆਂ ਸਿਮਰਨਜੀਤ ਕੌਰ ਤੇ ਰਮਿੰਦਰ ਕੌਰ ਹਨ।

**ਸੰਤ ਅਤਰ ਸਿੰਘ ਗਰੇਟਾ -**

ਸੰਤ ਕਪੂਰ ਸਿੰਘ ਤੋਂ ਬਾਅਦ, ਸ੍ਰੀ ਜੀਵਨ ਨਗਰ ਵਿਖੇ ਦੁੱਧ ਦਾ ਸਾਰਾ ਰਿਕਾਰਡ, ਸੰਤ ਅਤਰ ਸਿੰਘ ਗਰੇਟਾ ਸਪੁੱਤਰ ਸੰਤ ਸ਼ਿੰਗਾਰਾ ਸਿੰਘ ਗਰੇਟਾ ਨੇ ਸੰਨ 1976-78 ਤੀਕ ਦੋ ਸਾਲ ਸੰਭਾਲਿਆ ਅਤੇ ਨਾਲ ਹੀ ਗਊਆਂ ਦੀ ਸੇਵਾ ਵੀ ਕਰਦੇ ਸਨ।

**ਸੰਤ ਅਮਰ ਸਿੰਘ ਗਰੇਟਾ –**

ਸੰਤ ਅਮਰ ਸਿੰਘ ਗਰੇਟਾ ਸਪੁੱਤਰ ਸੰਤ ਪਿਆਰਾ ਸਿੰਘ ਗਰੇਟਾ ਸ੍ਰੀ ਜੀਵਨ ਨਗਰ ਨੇ ਚਾਚੇ ਦੇ ਪੁੱਤਰ ਜਗੀਰ ਸਿੰਘ, ਜੋਗਾ ਸਿੰਘ ਰੱਬ ਤੇ ਬਲਵਿੰਦਰ ਸਿੰਘ ਮਹੰਤ ਤਿੰਨੋਂ ਭਰਾ ਸਪੁੱਤਰ ਸੰਤ ਪੂਰਨ ਸਿੰਘ, ਅਤਰ ਸਿੰਘ ਸਪੁੱਤਰ ਸੰਤ ਸ਼ਿੰਗਾਰਾ ਸਿੰਘ ਨੂੰ ਗਊਆ ਦੀ ਸੇਵਾ ਕਰਨ ਜਾਂਦਿਆਂ ਦੇਖ, ਸੰਨ 1975 'ਚ 9ਵੀਂ ਕਲਾਸ ਵਿਚੋਂ ਪੜ੍ਹਾਈ ਛੱਡ ਕੇ ਸ੍ਰੀ ਜੀਵਨ ਨਗਰ ਦੀ ਗਊਸ਼ਾਲਾ ਵਿਖੇ ਸੇਵਾ ਕਰਨੀ ਸ਼ੁਰੂ ਕੀਤੀ।

ਸੰਤ ਮਹਿੰਦਰ ਸਿੰਘ ਬੀੰਡਾ ਨੇ ਅਰਜ਼ ਕਰ, ਸੰਤ ਅਮਰ ਸਿੰਘ ਨੂੰ ਦੁੱਧ ਦਾ ਰਿਕਾਰਡ ਲਿਖਣ ਲਾ ਦਿੱਤਾ।

ਸੰਤ ਅਮਰ ਸਿੰਘ ਸੰਨ 1987-88 ਤੋਂ ਸੰਨ 2009 ਤੀਕ ਸ੍ਰੀ ਜੀਵਨ ਨਗਰ, ਮਸਤਾਨਗੜ੍ਹ ਅਤੇ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਦੇ ਪ੍ਰਬੰਧਕ ਵੀ ਰਹੇ ਅਤੇ ਰਿਕਾਰਡ ਵੀ ਲਿਖਦੇ ਰਹੇ। ਇਨ੍ਹਾਂ ਨੇ 16 ਨਵੰਬਰ ਸੰਨ 1996 ਤੋਂ ਸੰਨ 2009 ਤਕ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਦਾ ਰਿਕਾਰਡ ਰੱਖਿਆ।

ਆਪ ਦੱਸਦੇ ਹਨ ਕਿ ਸ੍ਰੀ ਭੈਣੀ ਸਾਹਿਬ ਵਿਖੇ ਜਦੋਂ ਗਊਸ਼ਾਲਾ ਵੱਡੇ ਲੰਗਰ ਵਾਲੇ ਪਾਸੇ ਸੀ, ਰੋਜ਼ ਵਾਂਗ ਸ੍ਰੀ ਸਤਿਗੁਰੂ ਜੀ ਇਕ ਦਿਨ ਗਊਸ਼ਾਲਾ ਵਿਚ ਦਰਸ਼ਨ ਦੇਣ ਆਏ। ਉਦੋਂ ਉਥੇ ਮੁੱਖ ਪ੍ਰਬੰਧਕ ਸੰਤ ਗੁਰਨਾਮ ਸਿੰਘ ਅਤੇ ਰਿਕਾਰਡ ਰੱਖਣ ਵਾਲੇ ਸੰਤ ਅਮਰ ਸਿੰਘ ਗਰੇਟਾ ਸਨ।

ਸਤਿਗੁਰੂ ਜੀ ਹੁਕਮ ਕਰ ਕੇ ਪੁੱਛਿਆ, 'ਵੱਧ ਤੋਂ ਵੱਧ ਕਿੰਨਾ ਦੁੱਧ ਹੈ ਗਊਆਂ ਦਾ।'

ਸੰਤ ਅਮਰ ਸਿੰਘ ਨੇ ਅਰਜ਼ ਕੀਤੀ, 'ਵੱਧ ਤੋਂ ਵੱਧ ਦੁੱਧ 15 ਤੋਂ 16 ਕਿਲੋ ਚਲ ਰਿਹੈ।'

ਸ੍ਰੀ ਸਤਿਗੁਰੂ ਜੀ ਫਰਮਾਇਆ, ' 20 ਕਿਲੋ ਤੋਂ ਉੱਪਰ ਹੋਣਾ ਚਾਹੀਦਾ ਹੈ, ਜਿਸ ਚੀਜ਼ ਦੀ ਲੋੜ ਹੈ, ਮੈਨੂੰ ਦੱਸੋ।'

ਸੰਤ ਅਮਰ ਸਿੰਘ ਨੇ ਅਰਜ਼ ਕੀਤੀ, 'ਸੱਚੇ ਪਾਤਸ਼ਾਹ ਜੀ, ਆਪ ਜੀ ਦੀ ਬਖਸ਼ਿਸ਼ ਨਾਲ ਹੋ ਜਾਵੇਗਾ।'

ਗਊਆਂ ਵੱਲ ਹੋਰ ਜ਼ਿਆਦਾ ਧਿਆਨ ਦਿੱਤਾ ਗਿਆ ਅਤੇ ਗਊਸ਼ਾਲਾ ਦੀਆਂ ਸਾਰੀਆਂ ਗਊਆਂ ਦਾ ਦੁੱਧ ਨਵਾਂ ਸੂਆ ਪੈਣ ਦੇ ਹਿਸਾਬ ਨਾਲ ਵਧਦਾ ਗਿਆ ਅਤੇ 25 ਕਿਲੋ ਤਕ ਪਹੁੰਚ ਗਿਆ। ਸੰਤ ਅਮਰ ਸਿੰਘ ਗਰੇਟਾ ਦੇ ਦੋ ਬੇਟੇ ਗੁਲਜਾਰ ਸਿੰਘ ਤੇ ਅਵਤਾਰ ਸਿੰਘ ਹਨ ਅਤੇ ਬੇਟੀ ਅਵਤਾਰ ਕੌਰ ਹੈ।

**ਸੰਤ ਬਲਦੇਵ ਸਿੰਘ ਗਹਿਲਾਂ –**

ਸੰਤ ਬਲਦੇਵ ਸਿੰਘ, ਜੂਨ 2008 ਵਿਚ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਵਿਚ ਸੇਵਾ ਕਰਨ ਆਏ। ਸੰਤ ਅਮਰ ਸਿੰਘ ਗਰੇਟਾ ਮਗਰੋਂ ਹੁਣ ਤੀਕ ਇਹ ਗਊਸ਼ਾਲਾ ਵਿਖੇ ਪ੍ਰਬੰਧਕ ਹਨ ਅਤੇ ਗਊਆਂ ਦਾ ਸਾਰਾ ਰਿਕਾਰਡ ਵੀ ਰੱਖਦੇ ਹਨ। ਸੰਤ ਬਲਦੇਵ ਸਿੰਘ ਸਪੁੱਤਰ ਸੰਤ ਸੇਵਾ ਸਿੰਘ ਪਿੰਡ ਗਹਿਲਾਂ ਜ਼ਿਲ੍ਹਾ ਬਰਨਾਲਾ ਦੇ ਹਨ। ਇਨ੍ਹਾਂ ਦੇ ਚਾਚਾ ਜੀ ਸੰਤ ਕਾਲਾ ਸਿੰਘ ਕਣਕ ਝੋਨੇ ਦੀ ਉਗਰਾਹੀ ਕਰਨ ਦੀ ਸੇਵਾ ਕਰਦੇ ਹਨ। ਇਨ੍ਹਾਂ ਦੇ ਦਾਦਾ ਜੀ ਸੰਤ ਸਖਦੇਵ ਸਿੰਘ ਅਤੇ ਪੜਦਾਦਾ ਜੀ ਸੂਬਾ ਵਰਿਆਮ ਸਿੰਘ ਜੀ ਗਹਿਲਾਂ ਵਾਲੇ ਸਨ।

**ਸੰਤ ਨਿਰਮਲ ਸਿੰਘ ਖੂਹ ਅੰਮ੍ਰਿਤਸਰ –**

ਸੰਤ ਨਿਰਮਲ ਸਿੰਘ ਢਿਲੋਂ, ਪਿੰਡ ਖੂਹ ਅੰਮ੍ਰਿਤਸਰ ਜ਼ਿਲ੍ਹਾ ਸਰਸਾ ਹਰਿਆਣਾ ਦੇ ਹਨ। ਆਪ ਕ੍ਰੀਬ 8 ਸਾਲ ਮਸਤਾਨਗੜ੍ਹ ਦੀ ਗਊਸ਼ਾਲਾ ਵਿਖੇ ਪ੍ਰਬੰਧਕ ਰਹੇ।

ਸੰਤ ਸੁਖਦੇਵ ਸਿੰਘ ਸਪੁੱਤਰ ਸੰਤ ਉਮਰਾਓ ਸਿੰਘ (ਪਿੰਡ ਕੱਕੜ ਜ਼ਿਲ੍ਹਾ ਅੰਮ੍ਰਿਤਸਰ ਦੇ) ਅਤੇ ਸੰਤ ਪੂਰਨ ਸਿੰਘ (ਸੰਤ ਅਵਤਾਰ ਸਿੰਘ ਅੰਮ੍ਰਿਤਸਰ ਕਲਾਂ ਵਾਲਿਆਂ ਦੇ ਪਿਤਾ ), ਨਾਲ ਹੱਟੀ ਤੇ ਵਰਨੀਆਂ ਵਿਚ ਵੀ ਆਪ ਸੇਵਾ ਕਰਦੇ ਰਹੇ।

ਸੰਤ ਨਿਰਮਲ ਸਿੰਘ ਦੇ ਪੰਜ ਪੁੱਤਰ ਹਨ। ਮਹਿੰਦਰ ਸਿੰਘ ਤੇ ਭਗਵਾਨ ਸਿੰਘ ਨਾਮਧਾਰੀ ਰੱਸਾਕਸ਼ੀ ਦੀ ਟੀਮ ਦੇ ਮੋਢੀ ਮੈਂਬਰ ਰਹੇ ਹਨ। ਮਹਿੰਦਰ ਸਿੰਘ ਅਤੇ ਸਵਿੰਦਰ ਸਿੰਘ ਛਿੰਦਾ ਅਤੇ ਜੋਗਿੰਦਰ ਸਿੰਘ (ਰਾਮ) ਪਿੰਡ ਖੂਹ ਅੰਮ੍ਰਿਤਸਰ

ਵਿਖੇ ਰਹਿੰਦੇ ਹਨ। ਬਲਵਿੰਦਰ ਸਿੰਘ ਸੰਨ 2010 ਤੋਂ ਮਸਤਾਨਗੜ੍ਹ ਦੀ ਗਊਸ਼ਾਲਾ ਵਿਖੇ ਮੁਖ ਪ੍ਰਬੰਧਕ ਹਨ। ਪਹਿਲੋਂ ਆਪ ਕਈ ਸਾਲਾਂ ਤੋਂ ਇਥੇ ਸੇਵਾਦਾਰ ਸਨ। ਭਗਵਾਨ ਸਿੰਘ,ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦੇ ਡਰਾਈਵਰ ਹਨ ਅਤੇ ਸ੍ਰੀ ਭੈਣੀ ਸਾਹਿਬ ਰਹਿੰਦੇ ਹਨ।

ਸੰਤ ਨਿਰਮਲ ਸਿੰਘ ਦੱਸਦੇ ਹਨ ਕਿ ਮੱਘਰ ਵਿਚ ਉਨ੍ਹਾਂ ਨੇ ਗਊਸ਼ਾਲਾ ਦਾ ਚਾਰਜ ਲਿਆ ਸੀ। ਇਕ ਦਿਨ ਸੱਚੇ ਪਾਤਸ਼ਾਹ ਜੀ ਆਏ ਤੇ ਫਰਮਾਇਆ ਕਿ ਗਊਆਂ ਲਿੱਸੀਆਂ ਹਨ। ਸੰਤ ਨਿਰਮਲ ਸਿੰਘ ਨੇ ਤਨ ਮਨ ਨਾਲ ਗਊਆਂ ਦੀ ਸੇਵਾ ਕੀਤੀ। ਜਦੋਂ ਸੱਚੇ ਪਾਤਸ਼ਾਹ ਜੀ ਚੇਤਰ ਵਿਚ ਦਰਸ਼ਨ ਦੇਣ ਆਏ ਤਾਂ ਮਾਲ ਦੀ ਹਾਲਤ ਵਧੀਆ ਹੋ ਗਈ ਸੀ। ਸੱਚੇ ਪਾਤਸ਼ਾਹ ਜੀ ਬਚਨ ਕੀਤਾ,

'ਨਿਰਮਲ ਸਿੰਘ ਆਪ ਤਾਂ ਲਿੱਸੇ ਹੋ ਗਏ, ਪਰ ਮਾਲ ਰਾਜ਼ੀ ਕਰ ਦਿੱਤਾ ਜਿਵੇਂ ਦਾ ਚਾਹੀਦਾ ਸੀ।'

ਗਊਸ਼ਾਲਾ ਦੀ ਸੇਵਾ ਮਗਰੋਂ ਆਪ ਹੱਟੀ ਦੇ ਇੰਚਾਰਜ ਰਹੇ।

**ਸੰਤ ਮੇਜਰ ਸਿੰਘ ਮਧੇਅ ਵਾਲਾ –**

ਸੰਤ ਮੇਜਰ ਸਿੰਘ ਮਧੇਅ ਵਾਲਾ ਜ਼ਿਲ੍ਹਾ ਮੋਗਾ, ਪਹਿਲੋਂ ਸ੍ਰੀ ਜੀਵਨ ਨਗਰ ਗਊਸ਼ਾਲਾ 'ਚ ਸੇਵਾ ਕਰਦੇ ਰਹੇ। ਫਿਰ ਮਸਤਾਨਗੜ੍ਹ ਦੀ ਗਊਸ਼ਾਲਾ ਵਿਖੇ ਕ੍ਰੀਬ ਪੰਦਰਾਂ ਸਾਲ ਆਪ ਮੁੱਖ ਪ੍ਰਬੰਧਕ ਵਜੋਂ ਸੇਵਾ ਕਰਦੇ ਰਹੇ। ਪਿੰਡ ਰਾਣੀਆਂ ਵਿਖੇ ਇਨ੍ਹਾਂ ਦੇ ਸਪੁੱਤਰ ਗੁਰਮੇਲ ਸਿੰਘ ਤੇ ਗੁਰਦਿਆਲ ਸਿੰਘ ਰਹਿੰਦੇ ਹਨ।

**ਸੰਤ ਮੱਘਰ ਸਿੰਘ –**

**ਸੰਤ** ਮੱਘਰ ਸਿੰਘ ਸੈਦੋ ਕ੍ਰੀਬ ਪੰਜਾਹ ਸਾਲ , ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਕਤ ਵਿਚ ਸ੍ਰੀ ਜੀਵਨ ਨਗਰ ਅਤੇ ਮਸਤਾਨਗੜ੍ਹ ਗਊਸ਼ਾਲਾ ਵਿਖੇ ਨਿਸ਼ਕਾਮ ਸੇਵਾ ਕਰਦੇ ਰਹੇ। ਇਨ੍ਹਾਂ ਦੇ ਵੱਡੇ ਭਰਾ ਸੰਤ ਜੈ ਸਿੰਘ ਸੈਦੋ , ਸ੍ਰੀ ਜੀਵਨ ਨਗਰ ਵਿਖੇ ਲੰਮਾ ਸਮਾਂ ਹੱਟੀ ਦੇ ਇੰਚਾਰਜ ਰਹੇ।

ਸੰਤ ਮਘੱਰ ਸਿੰਘ (ਸਪੁੱਤਰ ਸੰਤ ਸੁਹਾਵਾ ਸਿੰਘ ਅਤੇ ਮਾਤਾ ਰਾਜ ਕੌਰ) ਦਾ ਜਨਮ ਪਿੰਡ ਸੈਦੋ ਹੁਣ ਜ਼ਿਲ੍ਹਾ ਮੋਗਾ ਵਿਖੇ ਹੋਇਆ। ਇਨ੍ਹਾਂ ਦੇ ਦਾਦਾ ਜੀ ਸੰਤ ਪਾਖਰ ਸਿੰਘ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਵਿਚ ਹੋਏ ਸੂਬਾ ਮਾਨ ਸਿੰਘ ਸੈਦੋ ਵਾਲਿਆ ਦੇ ਸਰੀਕੇ ਪਰਿਵਾਰ ਵਿਚੋਂ ਸਨ। ਸੰਤ ਮੱਘਰ ਸਿੰਘ ਦਾ ਪਰਿਵਾਰ ਸੰਨ 1947 ਵਿਚ ਪਿੰਡ ਸੈਦੋ ਤੋਂ ਸ੍ਰੀ ਜੀਵਨ ਨਗਰ ਆ ਗਿਆ। ਉਦੋਂ ਸੰਤ ਮੱਘਰ ਸਿੰਘ ਕ੍ਰੀਬ 9–10 ਸਾਲ ਦੀ ਉਮਰ ਦੇ ਸਨ। ਆਪ ਗਊਸ਼ਾਲਾ ਦੀਆਂ ਗਊਆਂ ਚਾਰਨ ਦੀ ਸੇਵਾ ਕਰਨ ਲੱਗ ਪਏ। ਉਦੋਂ ਤੋਂ ਹੀ ਆਪ ਗਊਆਂ ਦੀ ਸੇਵਾ ਵਿਚ ਹਨ। ਪੁਤਲੀ ਅਤੇ ਝੁੰਗੋ ਆਦਿਕ ਇਨਾਮ ਪ੍ਰਾਪਤ ਹਰਿਆਣਾ ਨਸਲ ਦੀਆਂ ਗਊਆਂ ਨੂੰ ਵੀ ਇਹੀ ਸਾਂਭਿਆ ਕਰਦੇ ਸਨ।

ਪੁਤਲੀ ਗਊ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਖਰੀਦੀ ਸੀ। ਇਸ ਨੇ ਇਨਾਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਪ੍ਰਾਪਤ ਕੀਤੇ। ਪੁਤਲੀ ਨੂੰ 'ਆਲ ਇੰਡੀਆ ਦੁੱਧ ਮੁਕਾਬਲੇ' ਵਿਚੋਂ ਪਹਿਲੇ ਨੰਬਰ 'ਤੇ ਆਉਣ ਕਾਰਨ ਲਗਾਤਾਰ ਤਿੰਨ ਸਾਲ ਦੋ,ਦੋ ਹਜ਼ਾਰ ਰੁ. ਦਾ ਨਕਦ ਇਨਾਮ, ਚੌਥੇ ਸਾਲ ਚਾਰ ਹਜ਼ਾਰ ਰੁ. ਇਨਾਮ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ 'ਗੋਪਾਲ ਰਤਨ' ਦਾ ਪੁਰਸਕਾਰ ਪ੍ਰਾਪਤ ਹੋਇਆ। ਜਦੋਂ ਸੱਚੇ ਪਾਤਸ਼ਾਹ ਜੀ ਨੂੰ ਇਹ ਇਨਾਮ ਮਿਲਿਆ ਤਾਂ ਆਪ ਨੇ ਸੰਤ ਮੱਘਰ ਸਿੰਘ ਨੂੰ ਇਕ ਪੀਪਾ ਦੇਸੀ ਘਿਓ ਦਾ ਅਤੇ ਇਕ ਦਸਤਾਰ ਦੇ ਕੇ ਖੁਸ਼ੀਆਂ ਬਖ਼ਸ਼ੀਆਂ।

ਮਹਾਰਾਜ ਬੀਰ ਸਿੰਘ ਨੇ ਚਾਰ ਸੀਟਾਂ ਵਾਲੇ ਆਪਣੇ ਪ੍ਰਾਈਵੇਟ ਹਵਾਈ ਜ਼ਹਾਜ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸੰਤ ਰਿਸ਼ੀ ਸਿੰਘ ਨਾਲ ਸੰਤ ਮੱਘਰ ਸਿੰਘ ਨੂੰ ਵੀ ਬਿਠਾ ਕੇ ਝੂਟੇ ਦਿਤੇ ਅਤੇ ਅਸਮਾਨ ਦੀ ਸੈਰ ਕਰਨ ਦਾ ਆਨੰਦ ਦਿੱਤਾ।

ਜਦੋਂ ਗਊ ਪੁਤਲੀ ਚੜ੍ਹਾਈ ਕੀਤੀ ਤਾਂ ਸੰਤ ਮੱਘਰ ਸਿੰਘ ਕਈ ਦਿਨ ਬਹੁਤ ਉਦਾਸ ਰਹੇ। ਪਤਾ ਲੱਗਣ ਤੇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਨੂੰ ਦਿਲਾਸਾ ਦਿੱਤਾ।

ਗਊ ਝੁੰਗੋ ਨੇ ਵੀ ਸੁਹੱਪਣ ਅਤੇ ਦੁੱਧ ਵਿਚ, ਕੁਲ ਹਿੰਦੋਸਤਾਨ ਦੇ ਮੁਕਾਬਲੇ ਵਿਚੋਂ ਇਨਾਮ ਪ੍ਰਾਪਤ ਕੀਤੇ। ਇਹ ਦਿਨ ਦਾ ਕ੍ਰੀਬ 28 ਕਿਲੋਂ ਦੁੱਧ ਦਿੰਦੀ ਰਹੀ। ਸੰਤ ਮੱਘਰ ਸਿੰਘ ਦੱਸਦੇ ਹਨ ਕਿ ਝੁੰਗੋ ਦੇ ਵੱਛੇ ਝੰਡਾ, ਭੋਲੂ ਤੇ ਉਗਰਸੈਨ, ਬੜੇ ਉੱਚੇ ਲੰਮੇ ਅਤੇ ਸੋਹਣੇ ਸਨ। ਸਭ ਗਊਆਂ, ਵੱਛੇ, ਵੱਛੀਆਂ ਦੇ ਨਾਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੱਖੇ ਹੋਏ ਹਨ।

ਸੰਤ ਮੱਘਰ ਸਿੰਘ ਸ਼ਰਧਾ, ਸੇਵਾ ਤੇ ਸੰਜਮ ਵਿਚ ਜੀਵਨ ਬਤੀਤ ਕਰਦੇ ਰਹੇ ਹਨ। ਹੁਕਮ ਅਨੁਸਾਰ ਸੰਨ 1990 ਤੀਕ ਆਪ ਸ੍ਰੀ ਜੀਵਨ ਨਗਰ ਅਤੇ ਉਸ ਤੋਂ ਬਾਅਦ ਮਸਤਾਨਗੜ੍ਹ ਗਊਸ਼ਾਲਾ ਵਿਚ ਸੇਵਾ ਕਰਦੇ ਰਹੇ। ਅੱਜ ਕੱਲ੍ਹ ਮਸਤਾਨਗੜ੍ਹ ਡੇਰੇ ਵਿਖੇ ਰੋਜ਼ਾਨਾ ਆਸਾ ਦੀ ਵਾਰ ਤੇ ਨਿਤਨੇਮ ਇਨ੍ਹਾਂ ਦੇ ਦੇਖ ਰੇਖ ਹੇਠ ਚਲ ਰਿਹਾ ਹੈ। ਸ੍ਰੀ ਸਤਿਗੁਰੂ ਜੀ ਨੇ ਆਪ ਨੂੰ ਹੁਕਮ ਕੀਤਾ ਹੈ ਕਿ, ਤੂੰ ਵਾਰ ਤੇ ਨਿਤਨੇਮ ਵਿਚ ਜ਼ਰੂਰ ਆਉਣਾ ਹੈ ਭਾਵੇਂ ਕੋਈ ਆਵੇ ਨਾ ਆਵੇ। ਹੁਕਮ ਮੁਤਾਬਕ ਆਪ ਰੋਜ਼ਾਨਾ ਇਸ ਨਿਯਮ ਦਾ ਪਾਲਨ ਕਰਦੇ ਹਨ।

ਸੰਤ ਮੱਘਰ ਸਿੰਘ ਦੀ ਸਿੰਘਣੀ ਬੀਬੀ ਗੁਰਦੇਵ ਕੌਰ ਕ੍ਰੀਬ 34-35 ਸਾਲ ਦੀ ਉਮਰ ਵਿਚ ਚੜ੍ਹਾਈ ਕਰ ਗਏ ਸਨ। ਇਨ੍ਹਾਂ ਦੇ ਦੋ ਧੀਆਂ ਸਵਰਨ ਕੌਰ ਤੇ ਜਸਬੀਰ ਕੌਰ ਅਤੇ ਇਕ ਪੁੱਤਰ ਗੁਰਚਰਨ ਸਿੰਘ ਪੱਪੂ ਹੈ। ਸੰਤ ਗੁਰਚਰਨ ਸਿੰਘ ਪੱਪੂ ਸੰਨ 2007 ਤੋਂ ਮਸਤਾਨਗੜ੍ਹ ਅਤੇ ਟਿੱਬੇ ਦੇ ਇਲਾਕੇ ਵਿਚ- ਗਊਸ਼ਾਲਾ, ਖੇਤੀ ਬਾੜੀ, ਲੰਗਰ, ਵਰਨੀ ਅਤੇ ਵਿਦਿਅਕ ਅਦਾਰਿਆ ਆਦਿ ਦੇ ਇੰਚਾਰਜ ਹਨ। ਇਹ ਸ੍ਰੀ ਗੁਰੂ ਹਰੀ ਸਿੰਘ ਵਿਦਿਅਕ ਸੋਸਾਇਟੀ ਦੇ ਖਜ਼ਾਨਚੀ ਹਨ। ਇਸ ਸੋਸਾਇਟੀ ਵਿਚ ਸ੍ਰੀ ਗੁਰੂ ਹਰੀ ਸਿੰਘ ਕਾਲਜ ਅਤੇ ਤਿੰਨ ਸਕੂਲ- ਸ੍ਰੀ ਗੁਰੂ ਹਰੀ ਸਿੰਘ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਜੀਵਨ ਨਗਰ, ਅਟੱਲ ਪ੍ਰਤਾਪੀ ਕੰਨਿਆ ਪਾਠਸ਼ਾਲਾ ਸ੍ਰੀ ਜੀਵਨ ਨਗਰ, ਅਤੇ ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ ਸ੍ਰੀ ਜੀਵਨ ਨਗਰ ਅਉਂਦੇ ਹਨ।

ਸੰਤ ਗੁਰਚਰਨ ਸਿੰਘ ਸੰਨ 1979 ਤੋਂ 1992 ਤੀਕ ਨਾਮਧਾਰੀ ਹਾਕੀ ਇਲੈਵਨ ਦੀ ਪਹਿਲੀ ਟੀਮ ਦੇ ਮੈਂਬਰ ਰਹੇ। ਹਾਕੀ ਦੀ ਟੀਮ ਨਾਲ ਆਪ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ- ਥਾਈਲੈਂਡ, ਤਨਜ਼ਾਨੀਆ, ਅਮਰੀਕਾ, ਇੰਗਲੈਂਡ, ਸਪੇਨ, ਬੈਲਜ਼ੀਅਮ ਆਦਿ ਘੁੰਮੇ। ਸੰਨ 1996 ਤੋਂ 98 ਤੀਕ ਆਪ ਅਮਰੀਕਾ ਰਹਿ ਕੇ ਆਏ। ਆਪਣੇ ਪਿਤਾ ਦੇ ਪੂਰਨਿਆ ਤੇ ਚਲਦਿਆਂ, ਅੱਜ ਕੱਲ੍ਹ ਆਪ ਮਸਤਾਨਗੜ੍ਹ ਦੇ ਇਲਾਕੇ ਵਿਚ ਸੇਵਾ ਕਾਰਜਾਂ ਵਿਚ ਲੱਗੇ ਹੋਏ ਹਨ।

**ਸੰਤ ਕਰਮ ਸਿੰਘ -**

**ਸ੍ਰੀ** ਜੀਵਨ ਨਗਰ ਵਿਖੇ ਮਿਸਤਰੀ ਸੰਤ ਕਰਮ ਸਿੰਘ ਸਪੁੱਤਰ ਸੰਤ ਝੰਡਾ ਸਿੰਘ ਰੀਹਲ ਲੰਮਾ ਸਮਾਂ ਗਊਸ਼ਾਲਾ ਵਿਚ ਗਊਆਂ ਦੇ ਦੁੱਧ ਅਤੇ ਘਿਓ ਦਾ ਰਿਕਾਰਡ ਲਿਖਦੇ ਰਹੇ। ਆਪ ਗਊਸ਼ਾਲਾ, ਘੋੜਸ਼ਾਲਾ ਤੇ ਲੰਗਰ ਦੇ ਇੰਚਾਰਜ ਰਹੇ।

ਜਦੋਂ ਬੰਗਲੌਰ ਦਾ ਨਾਮਧਾਰੀ ਫਾਰਮ ਸੰਨ 1974 ਵਿਚ ਖਰੀਦਿਆ ਗਿਆ ਉਦੋਂ ਸੰਤ ਕਰਮ ਸਿੰਘ ਸੇਵਾ 'ਚ ਆਏ ਅਤੇ ਸੰਨ 1993 ਤੀਕ ( ਜਦੋਂ ਚੜ੍ਹਾਈ ਕੀਤੇ) ਸੇਵਾ ਵਿਚ ਰਹੇ।

ਸੰਤ ਕਰਮ ਸਿੰਘ 20 ਸਾਲ ਬਿਨਾਂ ਵੋਟਾਂ ਤੋਂ ਪਿੰਡ ਸੰਤ ਨਗਰ ਜ਼ਿਲ੍ਹਾ ਸਰਸਾ ਦੇ ਸਰਪੰਚ ਰਹੇ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਤ ਨਗਰ ਘਰ ਆ ਕੇ ਇਨ੍ਹਾਂ ਨੂੰ ਸੇਵਾ ਕਰਨ ਲਈ ਸ੍ਰੀ ਜੀਵਨ ਨਗਰ ਨਾਲ ਲੈ ਗਏ ਸਨ। ਹੁਕਮ ਕੀਤਾ, 'ਸਰਪੰਚ ਜੀ, ਤੁਹਾਡੇ ਬੱਚੇ ਵੱਡੇ ਹੋ ਗਏ ਹਨ, ਹੁਣ ਤੁਸੀਂ ਮੇਰੇ ਕੋਲ ਚਲੋ।'

ਸੰਤ ਕਰਮ ਸਿੰਘ ਨੇ ਤਨ-ਮਨ ਨਾਲ ਸੇਵਾ ਕੀਤੀ। ਸ੍ਰੀ ਸਤਿਗੁਰੂ ਜੀ ਦੀਆਂ ਆਪ ਜੀ 'ਤੇ ਬਹੁਤ ਖੁਸ਼ੀਆਂ ਸਨ।

ਸੰਤ ਕਰਮ ਸਿੰਘ 1 ਜੂਨ ਸੰਨ 1993 ਨੂੰ ਸੰਤ ਨਗਰ ਵਿਖੇ ਆਪਣੇ ਘਰ ਚੜ੍ਹਾਈ ਕੀਤੇ। ਆਪ ਨਮਿਤ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ 13 ਜੂਨ ਨੂੰ ਪਿਆ।

ਸੰਤ ਕਰਮ ਸਿੰਘ ਦਾ ਇਕੋ ਪੁੱਤਰ ਸਵ. ਹਰਚਰਨ ਸਿੰਘ ਅਤੇ ਚਾਰ ਧੀਆਂ ਗੁਰਮੀਤ ਕੌਰ, (ਸੰਤਨਗਰ) ਸਵ.ਗੁਰਦੇਵ ਕੌਰ (ਰਾਣੀਆਂ), ਸੁਰਜੀਤ ਕੌਰ (ਮੰਡੀ) ਅਤੇ ਬੇਅੰਤ ਕੌਰ (ਸਰਸਾ) ਹੋਏ।

ਸੰਤ ਹਰਚਰਨ ਸਿੰਘ ਦੇ ਤਿੰਨ ਪੁੱਤਰ ਜੋਧ ਸਿੰਘ, ਸਿਮਰ ਸਿੰਘ ਅਤੇ ਸ਼ਮਸ਼ੇਰ ਸਿੰਘ ਹਨ। ਪੰਜ ਧੀਆਂ ਬਲਜੀਤ ਕੌਰ (ਸ੍ਰੀ ਭੈਣੀ ਸਾਹਿਬ), ਸੁਰਿੰਦਰ ਕੌਰ (ਸ੍ਰੀ ਭੈਣੀ ਸਾਹਿਬ), ਹਰਮੀਤ ਕੌਰ( ਮੁੱਲਾਂਪੁਰ ਖੇੜੀ, ਜ਼ਿਲ੍ਹਾ ਫਤਿਹਗੜ੍ਹ ਸਾਹਿਬ), ਬਲਵਿੰਦਰ ਕੌਰ (ਐਲਨਾਬਾਦ) ਅਤੇ ਰਣਜੀਤ ਕੌਰ (ਬਟਾਲਾ) ਹਨ।

**ਸੰਤ ਕੁਲਵੰਤ ਸਿੰਘ ਨਾਰਲੀ**

ਸੰਤ ਕੁਲਵੰਤ ਸਿੰਘ ਨਾਰਲੀ ਸਪੁੱਤਰ ਸ: ਸੱਜਣ ਸਿੰਘ ਸੰਧੂ, ਪਿੰਡ ਨਾਰਲੀ, ਜ਼ਿਲ੍ਹਾ ਤਰਨਤਾਰਨ, ਅੰਮ੍ਰਿਤਸਰ ਸਾਕੇ ਦੇ ਸ਼ਹੀਦ ਬੀਹਲਾ ਸਿੰਘ ਦੇ ਪਰਿਵਾਰ ਵਿੱਚੋਂ ਹਨ। ਇਹ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਵਿਖੇ ਪ੍ਰਬੰਧਕ ਸੰਤ ਬਲਦੇਵ ਸਿੰਘ ਗਹਿਲਾਂ ਦੀ ਦੇਖ-ਰੇਖ ਹੇਠ ਸੇਵਾਦਾਰ ਹਨ। ਇਸ ਵੇਲੇ ਜ਼ਿਆਦਾ ਦੁੱਧ ਦੇਣ ਵਾਲੀਆਂ ਅਤੇ ਇਨਾਮ ਪ੍ਰਾਪਤ ਜਿੰਨੀਆਂ ਗਊਆਂ ਹਨ, ਕ੍ਰੀਬ ਉਨ੍ਹਾਂ ਸਾਰੀਆਂ ਦੀ ਸੇਵਾ-ਸੰਭਾਲ ਇਹੀ ਕਰ ਰਹੇ ਹਨ। ਨਾਗਪੁਸ਼ਪੀ, ਜਗਤ, ਬਾਣੀ, ਗੁਲਾਬ, ਪੁਕਾਰ, ਕਿਰਪਾ, ਨਿਰੰਤਰ, ਨਿਸ਼ਕਾਮ ਅਤੇ ਰੰਗਲੀ ਗਊਆਂ ਨੂੰ ਸੰਤ ਕੁਲਵੰਤ ਸਿੰਘ ਅਤੇ ਨਸੀਬ, ਨਿਰਜੀਵ, ਪਟਨਾ ਗਊਆਂ ਨੂੰ ਸੰਤ ਬਲਬੀਰ ਸਿੰਘ (ਬਟਾਲੇ ਦੇ) ਅਤੇ ਨਿਧਾਨੀ ਗਾਂ ਨੂੰ ਸੰਤ ਦਲਜੀਤ ਸਿੰਘ ਸਾਂਭਦੇ ਹਨ।

## ਗਊਆਂ ਦੇ ਦੁੱਧ ਤੇ ਘਿਓ ਦੇ ਰਿਕਾਰਡ

ਗਊਆਂ ਦੀ ਚੰਗੀ ਸੇਵਾ ਸੰਭਾਲ ਹੋਣ ਕਾਰਣ ਸ੍ਰੀ ਸਤਿਗੁਰੂ ਜਗਜੀਤ ਜੀ ਦੇ ਸਮੇਂ ਗਊਆਂ ਨੇ ਦੁੱਧ ਅਤੇ ਘਿਓ ਦੇ ਨਵੇਂ ਰਿਕਾਰਡ ਸਥਾਪਤ ਕੀਤੇ ਹਨ।ਅਨੇਕ ਗਾਵਾਂ 'ਆਲ ਇੰਡੀਆਂ ਮਿਲਕ ਕੰਪੀਟੀਸ਼ਨ' ਵਿਚੋਂ ਪਹਿਲੇ ਦਰਜੇ 'ਤੇ ਆਉਂਦੀਆਂ ਰਹੀਆਂ ਹਨ। ਹਰਿਆਣਾ ਨਸਲ ਦੀ 'ਪੁਤਲੀ' ਨਾਂ ਦੀ ਗਊ ਇਸ ਮੁਕਾਬਲੇ ਵਿਚੋਂ ਲਗਾਤਾਰ ਤਿੰਨ ਸਾਲ 63 ਪੌਂਡ ਦੁੱਧ ਦੇ ਕੇ ਪਹਿਲੇ ਨੰਬਰ 'ਤੇ ਆਉਂਦੀ ਰਹੀ ਜਿਸ ਕਾਰਨ ਸੰਨ 1964 ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ' ਗੋਪਾਲ ਰਤਨ ' ਐਵਾਰਡ ਮਿਲਿਆ। ਗੋਸੰਵਰਧਨ ਦੇ ਇਕ ਪ੍ਰਤੀਨਿਧੀ ਨੇ 'ਪੁਤਲੀ' ਨੂੰ ਭਾਰਤ ਦੀ ਦੁੱਧ ਦੀ ਮਲਕਾ ਦੱਸ ਕੇ ਇਕ ਲੇਖ ਲਿਖਿਆ।

ਇਸੇ ਤਰ੍ਹਾਂ ਹਰਿਆਣਾ ਨਸਲ ਦੀ 'ਝੰਗੋ ' ਨਾਮਕ ਗਾਂ 64 ਪੌਂਡ ਦੁੱਧ ਰੋਜ਼ਾਨਾ ਦੇ ਕੇ ਅਤੇ ਸਾਹੀਵਾਲ ਨਸਲ ਦੀ 'ਨੌਲੱਖੀ ' ਗਾਂ 74 ਪੌਂਡ ਦੁੱਧ ਰੋਜ਼ਾਨਾ ਦੇ ਕੇ ਭਾਰਤ ਭਰ ਵਿਚੋਂ ਪਹਿਲੇ ਦਰਜੇ 'ਤੇ ਆਈਆਂ। ਸਾਹੀਵਾਲ ਨਸਲ ਦੀ 'ਸੁਰਹਾ' ਨਾਂ ਦੀ ਇਕ ਗਾਂ ਬਿਨ੍ਹਾਂ ਸੂਣ ਤੋਂ ਦੁੱਧ ਦਿੰਦੀ ਰਹੀ। ਸਾਹੀਵਾਲ ਨਸਲ ਦੀ ਇਕ ਗਾਂ 'ਨੌਕਰਨ', ਚੌਧਰੀ ਬੰਸੀ ਲਾਲ ਦੇ ਵਕਤ, 'ਆਲ ਇੰਡੀਆਂ ਕੈਟਲ ਸ਼ੋ' ਵਿਚੋਂ ਪਹਿਲੇ ਨੰਬਰ 'ਤੇ ਆਈ।'ਸਹੇਲੀ ' ਨਾਂ ਦੀ ਗਊ ਨੇ ਵੀ ਆਪਣੇ ਵਕਤ ਵਿਚ 21 ਕਿਲੋ 700 ਗ੍ਰਾਮ ਦੁੱਧ ਰੋਜ਼ਾਨਾ ਦਿਤਾ। ਇਸ ਦੇ 14 ਕਿਲੋ 700 ਗ੍ਰਾਮ ਦੁੱਧ ਵਿਚੋਂ ਤਿੰਨ ਪਾ ਘਿਓ ਬਣਦਾ ਰਿਹਾ (ਇਹ ਗੱਲ ਸ੍ਰੀ ਸਤਿਗੁਰੂ ਜੀ ਨੇ ਮੈਨੂੰ ਆਪ ਦੱਸੀ)।

ਸੰਨ 1965 ਵਿਚ ਹਿਸਾਰ ਵਿਚ 'ਕੈਟਲ ਸ਼ੋ ਕੰਪੀਟੀਸ਼ਨ' ਹੋਇਆ। ਸ੍ਰੀ ਸਤਿਗੁਰੂ ਜੀ ਦੀਆਂ ਗਊਆਂ ਦੇ ਇਤਨੇ ਇਨਾਮ ਹੋ ਗਏ ਸਨ ਕਿ ਰੱਖਣ ਨੂੰ ਜਗ੍ਹਾ ਨਹੀਂ ਸੀ। ਉਸ ਵੇਲੇ ਮਾਲ-ਡੰਗਰ ਦੇ ਪ੍ਰਬੰਧਕ ਸੂਬਾ ਵਰਿਆਮ ਸਿੰਘ ਸਨ। ਇਨਾਮ ਦੇਣ ਆਏ ਭਾਰਤ ਦੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸ਼ਤਰੀ ਨੇ ਕਿਹਾ,

" ਸਭੀ ਇਨਾਮ ਆਪ ਕੇ ਹੈਂ, ਬਾਰ ਬਾਰ ਆਤੇ ਹੈਂ ਜਾਤੇ ਹੈਂ ਆਪ ਯਹੀਂ ਬੈਠ ਜਾਏਂ। "

ਸ੍ਰੀ ਸਤਿਗੁਰੂ ਜੀ ਨੇ ਗਊ ਪਾਲਣ ਨੂੰ ਉਤਸ਼ਾਹਿਤ ਕਰਨ ਲਈ ਸਮੇਂ ਸਮੇਂ ਜਗ੍ਹਾ ਜਗ੍ਹਾ ਪਸ਼ੂ ਪ੍ਰਦਰਸ਼ਨੀਆਂ

ਲਗਵਾਈਆਂ। ਸਤਿਗੁਰੂ ਜੀ ਵਲੋਂ ਸਰਵ ਪ੍ਰਥਮ ਪਸ਼ੂ ਪ੍ਰਦਰਸ਼ਨੀ ਸੰਨ 1960 ਵਿਚ ਸ੍ਰੀ ਜੀਵਨ ਨਗਰ ਵਿਖੇ ਲਗਾਈ ਗਈ ਸੀ। ਇਸ ਵਿਚ ਨਾਮਧਾਰੀ ਪੰਥ ਦੀਆਂ ਪੈਦਾ ਕੀਤੀਆਂ ਤੇ ਸਾਂਭੀਆਂ ਹੋਈਆਂ ਗਊਆਂ ਨੂੰ ਇਨਾਮ ਦੇਣ ਲਈ ਪਸ਼ੂ ਪਾਲਣ ਅਤੇ ਖੇਤੀਬਾੜੀ ਮੰਤਰੀ ਚੌਧਰੀ ਸੂਰਜਮੱਲ, ਸ੍ਰੀ ਜੀਵਨ ਨਗਰ ਆਏ ਸਨ। ਪਸ਼ੂ ਪ੍ਰਦਰਸ਼ਨੀ ਸਮੇਂ ਉਚੇਚੇ ਤੌਰ 'ਤੇ ਭਾਰਤ ਸਰਕਾਰ ਦੇ ਖੇਤੀ ਬਾੜੀ ਅਤੇ ਖੁਰਾਕ ਮੰਤਰੀ ਡਾ. ਰਾਮ ਸੁਭਾਗ ਸਿੰਘ, ਪੰਜਾਬ ਦੇ ਪਸ਼ੂ ਪਾਲਣ ਡਾਇਰੈਕਟਰ ਸ. ਪ੍ਰੀਤਮ ਸਿੰਘ ਬਰਾੜ ਅਤੇ ਹਿਸਾਰ ਦੇ ਡਿਪਟੀ ਕਮਿਸ਼ਨਰ ਸ. ਇਕਬਾਲ ਸਿੰਘ ਆਦਿਕ ਪੁਤਲੀ ਗਊ ਨੂੰ ਵੇਖਣ ਆਏ ਸਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਜਿਹੜੀਆਂ ਗਊਆਂ ਨੇ ਦੁੱਧ ਤੇ ਘਿਓ ਦੇ ਰਿਕਾਰਡ ਸਥਾਪਤ ਕੀਤੇ ਅਤੇ ਪਸ਼ੂ ਮੁਕਾਬਲਿਆਂ ਵਿਚੋਂ ਇਨਾਮ ਜਿੱਤੇ ਦਾ ਵੇਰਵਾ ਪੇਸ਼ ਹੈ :-

## ਪਹਿਲਾ ਰਿਕਾਰਡ

ਸੰਨ 1982 ਤੋਂ 85 ਦਰਮਿਆਨ ਲਿਖੇ ਹੋਏ ਸੰਤ ਕਪੂਰ ਸਿੰਘ ਦੇ ਰਿਕਾਰਡ ਅਨੁਸਾਰ ਕੁਝ ਕੁ ਗਾਈਆਂ ਦੇ ਰੋਜਾਨਾ ਦੁੱਧ ਦਾ ਰਿਕਾਰਡ ਇਸ ਪ੍ਰਕਾਰ ਹੈ:

| | | |
|---|---|---|
| ਝੰਕਾਰ | - | 18 |
| ਊਖਾ | - | 18 ਕਿਲੋ 800 ਗ੍ਰਾਮ |
| ਕਿੱਕਣੀ | - | 21 ਕਿਲੋ 300 ਗ੍ਰਾਮ |
| ਨੈਣਾਂ ਦੇਵੀ | - | 20 ਕਿਲੋ 400 ਗ੍ਰਾਮ |
| ਕੌਲ | - | 15 ਕਿਲੋ |

## ਦੂਜਾ ਰਿਕਾਰਡ

ਸੰਨ 1991 ਨੂੰ ਸ੍ਰੀ ਸਤਿਗੁਰੂ ਜੀ ਦੇ ਸ੍ਰੀ ਜੀਵਨ ਨਗਰ ਦੌਰੇ ਸਮੇਂ ਮੈਂ ਤੇ ਮੇਰੇ ਪਤੀ ਸੰਤ ਭਗਵੰਤ ਸਿੰਘ ਹੁਕਮ ਅਨੁਸਾਰ ਨਾਲ ਗਏ। ਉਸ ਦੌਰੇ ਸਮੇਂ ਸਤਿਗੁਰੂ ਹਰੀ ਸਿੰਘ ਪਸ਼ੂ ਪਾਲਕ ਫਾਰਮ ਸ੍ਰੀ ਜੀਵਲ ਨਗਰ ਦੀ ਗਊਸ਼ਾਲਾ ਵਿਖੇ 26 ਅਕਤੂਬਰ ਸੰਨ 1991 ਨੂੰ ਅਸੀਂ ਗਏ। ਗਊਸ਼ਾਲਾ ਵਿਚ ਉਸ ਸਮੇਂ ਮੌਜੂਦ ਸਰਪੰਚ ਸੰਤ ਕਰਮ ਸਿੰਘ (ਪਿਛਲਾ ਪਿੰਡ 35 ਚੱਕ ਜ਼ਿਲ੍ਹਾ ਲਾਇਲਪੁਰ, ਹੁਣ ਨਨਕਾਣਾ, ਪਾਕਿਸਤਾਨ) ਨੇ ਮੈਨੂੰ ਇਹ ਰਿਕਾਰਡ ਵਾਲੇ ਪੰਨੇ ਗਊਸ਼ਾਲਾ ਵਿਚ ਰੋਜ਼ਾਨਾ ਲਿਖੇ ਜਾਂਦੇ ਰਜਿਸਟਰ ਵਿਚੋਂ ਫੋਟੋਸਟੈਟ ਕਰਵਾ ਕੇ ਦਿੱਤੇ। ਇਹ ਇਸ ਕਿਤਾਬ ਵਿਚ ਅੱਗੇ ਲਿਖੇ ਹੋਏ ਹਨ।

## ਤੀਜਾ ਰਿਕਾਰਡ

ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦਾ ਹੈ, ਜਿਹੜਾ ਮੈਨੂੰ ਉਸ ਸਮੇਂ ਦੇ ਗਊਸ਼ਾਲਾ ਦੇ ਪ੍ਰਬੰਧਕ ਸੰਤ ਅਮਰ ਸਿੰਘ ਗਰੇਟਾ ਨੇ 13 ਅਕਤੂਬਰ ਸੰਨ 2009 ਨੂੰ ਦਿਤਾ। ਇਹ ਰਿਕਾਰਡ ਇਸ ਪੁਸਤਕ ਵਿਚ ਅੱਗੇ ਲਿਖਿਆ ਹੋਇਆ ਹੈ।

## ਚੌਥਾ ਰਿਕਾਰਡ

ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦੀਆਂ ਗਊਆਂ ਦੇ ਰੋਜ਼ਾਨਾ ਦੁੱਧ ਦਾ ਇਹ ਰਿਕਾਰਡ ਅਗਸਤ ਸਤੰਬਰ ਸੰਨ 2010 ਦਾ ਹੈ:

| | | |
|---|---|---|
| ਪਟਨਾ | - | 27 ਕਿਲੋ |
| ਬਾਣੀ | - | 25 ਕਿਲੋ |
| ਨਾਗਪੁਸ਼ਪੀ | - | 20½ ਕਿਲੋ |

| | | |
|---|---|---|
| ਨਸੀਬ | – | 20½ ਕਿਲੋ |
| ਨਿਸ਼ਕਾਮ | – | 15 ਕਿਲੋ ਪਹਿਲੇ ਸੂਏ ਦਾ ਹੈ, ਅੱਗੋਂ 20 ਕਿਲੋ ਤੀਕ ਦੀ ਸੰਭਾਵਨਾ ਹੈ। |
| ਜਗਤ | – | 22 ਕਿਲੋ, ਇਸਦਾ ਦੁੱਧ 27 ਕਿਲੋ ਤੀਕ ਵਧਣ ਦੀ ਸੰਭਾਵਨਾ ਹੈ। |
| ਗੁਲਾਬ | – | 18–19 ਕਿਲੋ |
| ਨਿਰਜੀਵ | – | 18 ਕਿਲੋ |
| ਨਿਧਾਨੀ | – | 18 ਕਿਲੋ, 22 ਕਿਲੋ ਤੀਕ ਹੋਣ ਦੀ ਸੰਭਾਵਨਾ ਹੈ। |
| ਨਿਰੰਤਰ | – | 20 ਕਿਲੋ, ਅਜੇ ਹੋਰ ਵਧੇਗੀ। |
| ਕਿਰਪਾ | – | 18 ਕਿਲੋ |
| ਪੁਕਾਰ | – | 17–18 ਕਿਲੋ, ਅਜੇ ਹੋਰ ਵਧੇਗੀ। |

ਇਨ੍ਹਾਂ ਵਿੱਚੋਂ ਨਿਧਾਨੀ ਤੇ ਨਿਰੰਤਰ ਹਰਿਆਣਾ ਨਸਲ ਦੀਆਂ ਅਤੇ ਬਾਕੀ ਸਾਰੀਆਂ ਸਾਹੀਵਾਲ ਨਸਲ ਦੀਆਂ ਗਾਵਾਂ ਹਨ। ਇਨ੍ਹਾਂ ਗਾਵਾਂ ਨੇ ਦੁੱਧ ਚੁਆਈ ਅਤੇ ਨਸਲ ਪ੍ਰਤੀਯੋਗਿਤਾਵਾਂ ਵਿੱਚੋਂ ਇਨਾਮ ਜਿੱਤੇ ਹਨ।

ਸੰਨ 1991 ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦੀਆਂ ਗਊਆਂ ਜਿਨ੍ਹਾਂ ਨੇ ਦੁੱਧ ਉਤਪਾਦਨ ਦੇ ਰਿਕਾਰਡ ਸਥਾਪਤ ਕੀਤੇ ਤੇ
ਪਸ਼ੂ-ਮੁਕਾਬਲਿਆਂ ਵਿਚੋਂ ਇਨਾਮ ਜਿੱਤੇ ੧੯

ਸ੍ਰੀ ਭੈਣੀ ਸਾਹਿਬ ਦਾਲੀ ਗਾਈਆਂ

ਸਾਹੀਵਾਲ

| S.N. | Name of Cow | Highest yeild in a Lactation days | Yeild | Highest yield in a day |
|---|---|---|---|---|
| I | ਨਰੈਗੀ | 325 | 2574—00 kg | 15—00 kg |
| 2 | ਮਾਲਤੀ | 297 | 2770—00 kg | 15—00 " |
| 3 | ਮੈਨਾ | 318 | 2667—00 " | 15—00 " |
| 4 | ਈਗਾਵਤੀ | 436 | 3364—800 " | 19—800 " |
| 5 | ਊਸ਼ਾ | 298 | 2811—00 " | 15—100 " |
| 6 | ਸਕਤਿਰੂਪਾ | 235 | 3266—500 " | 16—00 " |
| 7 | ਕੌਲ | 302 | 3112—500 " | 17—700 " |
| 8 | ਨਕਈ | 242 | 2989—00 " | 18—300 " |
| 9 | ਰਾਣੀ | 324 | 2831—200 " | 18—00 " |
| 10 | ਕੁਮਾਰੀ | 268 | 2400—400 " | 15—300 " |
| 11 | ਕਮਲਾ | 273 | 2367—800 " | 18—200 " |
| 12 | ਸ਼ਾਨਤੀ | 405 | 3236—800 " | 17—00 " |
| 13 | ਮੁਕਤੀ | 400 | 3016—900 " | 15—00 " |
| 14 | ਨਰਾਲੀ | 320 | 2537—300 " | 15—00 " |

| | | | | |
|---|---|---|---|---|
| 15 | ਵਿਗਾਰੀ | 309 | 4125—00 | 16—00 |
| 16 | ਸ਼੍ਰਿਆਮਾ | 359 | 2546—700 | 15—00 |
| 17 | ਮਰੂਤਲਾ | 527 | 3259—200 | 18—800 |
| 18 | ਨਥੀਦਾਸ਼ਾ | 298 | 2545—300 | 15—300 |
| 19 | ਜਮਰੋਧਰੀ | 213 | 2204—800 | 19—00 |
| 20 | ਜਖਨਤੀ | 270 | 1993—500 | 18—300 |
| 21 | ਮਿਧਲਾ | 320 | 3582—400 | 18—200 |
| 22 | ਤਲੌਜੀ | 452 | 3199—100 | 16—100 |
| 23 | ਕਮੰਖਿਆ | 231 | 3410—200 | 19—500 |
| 24 | ਮਤ੍ਰਾਗੀ | 412 | 2513—900 | 15—400 |
| 25 | ਕਮਲਾਵਤੀ | 464 | 3309—100 | 15—800 |
| 26 | ਅਮਰਾਵਤੀ | 270 | 2378—500 | 19—800 |
| 27 | ਮਨੀਤਾ | 374 | 3391—500 | 17—600 |
| 28 | ਨੂਰਨੈਣਾ | 455 | 3847—900 | 17—00 |

੧ਓ

ਸ੍ਰੀ ਭੈਣੀ ਸਾਹਿਬ ਕਾਮਧੇਨੂ ਗਊਆਂ

(ਹਰਿਆਣਾ)

| S.N. | Name of Cow | Highest yield in a Lactation days | yield | Highest yeild in a day |
|---|---|---|---|---|
| 1 | ਨਰਦ | 235 | 3281—00 kg | 17—500 kg |
| 2 | ਪੁਸ਼ਪਾ | 276 | 2581—800 kg | 17—100 kg |
| 3 | ਕਿਣਕਣੀ | 258 | 3266—500 " | 19—400 " |
| 4 | ਸ਼੍ਰਿੰਗਾਰ | 288 | 3459—800 " | 19—300 " |
| 5 | ਸਾਂਜਰ | 269 | 2601—201 " | 16—00 " |
| 6 | ਨੈਣਾਰੇਦੀ | 412 | 4105—300 " | 20—400 " |
| 7 | ਨਿਰਵੈਸ਼ੀ | 248 | 2470—00 " | 18—200 " |
| 8 | ਪ੍ਰਕਿਰਤੀ | 258 | 2044—400 " | 16—300 " |
| 9 | ਊਸ਼ਾ | 284 | 2972—100 " | 18—800 " |
| 10 | ਜਮਨਾ | 383 | 2910—400 " | 15—00 " |
| 11 | ਅਰਾਧਨਾ | 414 | 2585—500 " | 18—900 " |
| 12 | ਸ਼੍ਰਿੰਗਾਰੀ | 325 | 2801—400 " | 17—100 " |
| 13 | ਨਿਮਾਣੀ | 242 | 2307—200 " | 19—300 " |
| 14 | ਝੁਮਕੀ | 155 | 1680—100 " | 17—700 " |
| 15 | ਪਦਮਣੀ | 621 | 3994—00 " | 17—500 " |
| 16 | ਆਰਸੀ | 269 | 2487—300 " | 17—00 " |

ੴ

## ਸਾਹੀਵਾਲ ਗਾਈਆਂ ਦਾ ਪਗਦਾ ਰਿਕਾਰਡ

| S.No | Name | Highest yield in a Lactation (days) | (Yield) | Highest yield in a day |
|---|---|---|---|---|
| I | ਨੌਲਖੀ | 300 | 14150 Lbs | 74.75 Lbs |
| 2 | ਸੁਰਮਤੀ | 329 | 9387.5 Lbs. | 44.40 Lbs |
| 3 | ਨੌਚੰਦੀ | 283 | 6243 " | 26-325 Kg |
| 4 | ਗੁਲਧਾਰ | 336 | 2479-100kg | 17-200 " |
| 5 | ਦੌਧਪਤੀ | 405 | 3343-900 " | 19-00 " |
| 6 | ਰਤਨਪ੍ਰਭਾ | 233 | 2681-200 " | 19-100 " |
| 7 | ਸਹੇਲੀ | 288 | 2965-500 " | 21-600 " |
| 8 | ਮਾਲਤੀ | 291 | 3345-700 " | 19-700 " |
| 9 | ਰੁਕਮੀ | 306 | 12068 Lbs | 60.0-Lbs |
| 10 | ਗੇਂਦੀ | 305 | 9203 Lbs | 44.0 Lbs |
| 11 | ਗੁਲਤਾਰੀ | 445 | 8344-Lbs | 39.5 " |
| 12 | ਟੀਟੀ | 291 | 7190 Lbs | 34.5 " |
| 13 | ਮੀਰਾਬਾਈ | 306 | 8881.5-Lbs | 40.0 " |
| 14 | ਮੀਨਾ | 300 | 12645 Lbs | 49.5 " |
| 15 | ਸੁੰਦਰੀ | 305 | 9797.5 Lbs | 55.0 " |
| 16 | ਹੇਮੀ | 318 | 8847.75 Lbs | 39.5 " |
| 17 | ਚੰਦੀ | 302 | 8643.5 Lbs | 41.5 " |
| 18 | ਨੌਰਗੇਤੀ | 300 | 11044.25 Lbs | 55.0 " |

## ੧੬

## ਹਰਿਆਣਾ ਗਾਈਆਂ ਦਾ ਪਰਾਣਾ ਰਿਕਾਰਡ

| S.N. | Name | Highest Yield in a Lactation | | Highest yield in a day |
|---|---|---|---|---|
| | | days | Yield | |
| 1 | ਭੋੜੀ | 300 | 8000.0 Lbs | 36.0 Lbs |
| 2 | ਟੋੜੀ | 381 | 9026.0 Lbs | 41.5 Lbs |
| 3 | ਹਰਨੀ | 242 | 5835.0 Lbs | 39.0 Lbs |
| 4 | ਪਦਮਣੀ | 300 | 5090.0 Lbs | 34.5 Lbs |
| 5 | ਚੰਦ੍ਰਮਾ | 253 | 4659.5 Lbs | 47.5 Lbs |
| 6 | ਪਿਆਰੀ | 262 | 7624.0 Lbs | 40.0 Lbs |
| 7 | ਚੰਦ੍ਰਮਣੀ | 300 | 7365.0 Lbs | 46.0 Lbs |
| 8 | ਰੂੰਗੀ | 300 | 7887.0 Lbs | 39.0 Lbs |
| 9 | ਜਮਨਾ II | 300 | 5804.0 Lbs | 40.0 Lbs |
| 10 | ਨੀਲੀ | 300 | 6785.0 Lbs | 40.0 Lbs |
| 11 | ਪੁਤਲੀ | 300 | 10139.5 Lbs | 28.594 kg |

ੴ

# Record
## All India Milk Compitition

| | Breed | Name of Cow | Average yield in 24 hours | year | |
|---|---|---|---|---|---|
| 1 | Haryana | PUTLI | 41.37 Lbs | 1961 | |
| 2 | " | " | 54.37 Lbs | 1962 | |
| 3 | " | " | 58.86 Lbs | 1963 | |
| 4 | " | " | 28.594 Kg | 1964 | ਗੁਪਾਲ ਰਤਨ ਜਿੱਤਿਆ |
| 5 | Sahiwal | NAUCHANDI | 25.313 Kg | " | |
| 6 | " | MIRAN | 25.500 Kg | " | |
| 7 | " | NAUKARN | 16.875 " | " | |
| 8 | Haryana | JHUNGI | 14.344 " | " | |
| 9 | " | CHANDANI | 19.463 " | 1965 | |
| 10 | " | CHANDERKALA | 15.300 " | " | |
| 11 | Sahiwal | NAUKARAN | 22.350 " | " | |
| 12 | " | MALKANI | 18.750 " | " | |
| 13 | " | NAUCHANDI | 16.988 " | " | |
| 14 | " | MIRAN | 16.575 " | " | |

| | | | | | |
|---|---|---|---|---|---|
| 15 | Hariana | JHUNGO | 26·737 | " | 1966 |
| 16 | " | MURTI | 17·587 | " | " |
| 17 | " | CHANCHO | 16·871 | " | " |
| 18 | Sahiwal | NAUCHANDI | 26·362 | " | " |
| 19 | " | KISMAT | 20·025 | " | " |
| 20 | " | NAUSHANGAR | 16·871 | " | " |
| 21 | Hariana | JHUNGO | 27·900 | " | 1967 |
| 22 | " | CHANDERKALA | 16·600 | " | " |
| 23 | Sahiwal | NAUCHANDI | 26·325 | " | " |
| 24 | " | GAINDAN | 19·537 | " | " |
| 25 | " | SURASTI | 18·075 | " | " |
| 26 | Tharparkar | CHAMAN | 17·550 | " | " |
| 27 | " | GULBAGH | 16·500 | " | " |

ਗਊਸ਼ਾਲਾ ਸ੍ਰੀ ਭੈਣੀ ਸਾਹਿਬ ਦੀਆਂ ਕੁਝ ਗਊਆਂ ਦੇ ਦੁੱਧ ਦਾ ਰਿਕਾਰਡ

13 ਅਕਤੂਬਰ ੨੦੦੧

| ਸਾਹੀਵਾਲ ਗਊਆਂ ਗਊ ਦਾ ਨਾਮ | ਕਿਨਾ ਦੁੱਧ ਦੇ ਚੁਕੀ ਦਿਨ / ਕਿਲੋ-ਗਰਾਮ | ਇਕ ਦਿਨ ਦਾ ਵੱਧ ਤੋਂ ਵੱਧ ਦੁੱਧ ਕਿਲੋ-ਗਰਾਮ |
|---|---|---|
| ੧ ਗੁਲਬਹਾਰੀ | 301/3028-600 | 16-00 |
| ੨ ਬਲਿਹਾਰੀ | 264/2356-300 | 15-600 |
| 3 ਮੂਰਤੀ | 306/2809-00 | 16-800 |
| ੪ ਗੁਣਵੰਤੀ | 322/2671-600 | 15-600 |
| ੫ ਸੁਖਦੇਵੀ | 248/2233-200 | 15-00 |
| ੬ ਰਚਨਾ | 308/2544-900 | 15-800 |
| ੭ ਕਰੀਮ | 302/2805-300 | 16-700 |
| ੮ ਰੇਸ਼ਮੀ | 305/3861-500 | 18-100 |
| ੯ ਸੁਖਦਾਈ | 304/3554-400 | 18-500 |
| ੧੦ ਆਸ਼ਾ | 280/2267-600 | 16-300 |
| ੧੧ ਪਰਬਤ | 313/2952-900 | 18-300 |
| ੧੨ ਮਨਸਾ ਦੇਵੀ | 308/2961-500 | 16-300 |
| ੧੩ ਗੁਲਸ਼ਨ | 305/3027-700 | 16-700 |
| ੧੪ ਜਗਦੰਬਾ | 306/3875-600 | 17-00 |
| ੧੫ ਸੁਰਖੀ | 305/2666-500 | 15-100 |
| ੧੬ ਗੁਲਾਬ | 305/3399-600 | 17-00 |
| ੧੭ ਪਟਨਾ | 305/4382-200 | 25-00 |
| ੧੮ ਸੀਤਲਾ | 304/3041-00 | 20-300 |
| ੧੯ ਕੁਰਬਾਨੀ | 305/3676-200 | 18-600 |
| ੨੦ ਨੀਲੀ | 305/3238-700 | 16-00 |
| ੨੧ ਨਿਰਾਲੀ | 305/4063-100 | 20-100 |
| ੨੨ ਸਾਯਾਰੀ | 305/3775-600 | 17-200 |
| ੨੩ ਨਸੀਬ | 305/3840-200 | 18-500 |
| ੨੪ ਕਚਨਾਰ | 305/3989-600 | 20-500 |
| ੨੫ ਕਸਤੂਰਬਾ | 305/3005-00 | 18-300 |
| ੨੬ ਸੁਭਦਰਾ | 305/3193-500 | 15-700 |
| ੨੭ ਕਾਮਨੀ | 306/4022-900 | 19-00 |
| ੨੮ ਆਰਤੀ | 305/2961-500 | 17-100 |
| ੨੯ ਸਿਗਾਰੀ | 306/3575-400 | 17-300 |
| ੩੦ ਸਮੂਰੀ | 306/2466-200 | 12-500 |
| ੩੧ ਦਮੌਤੀ ਆਸ਼ਾ | 300/2769-100 | 14-300 |
| 32 ਕੰਚਨ | 305/2938-400 | 15-700 |

13-10-2009

| ਗਊ ਦਾ ਨਾਮ | ਕਿੰਨਾ ਦੁੱਧ ਦੇ ਚੁਕੀ | ਇਕ ਦਿਨ ਦਾ ਘੱਖ ਤੋਂ ਵੱਧ ਦੁੱਧ | |
|---|---|---|---|
| | ਦਿਨ ਕਿੱਲੋ ਗ੍ਰਾਮ | ਕਿੱਲੋ ਗ੍ਰਾਮ | |
| ਸਰੂਪ | 305/4324-200 | 20-400 | |
| ਸੰਸਾਰ | 307/3732-900 | 15-500 | |
| ਨਿਰਮਲੀ | 306/2514-100 | 15-00 | |
| ਮਿਸ਼ਰੀ | 305/4074-900 | 18-800 | |
| ਸਰਧਾ | 305/3131-900 | 15-900 | |
| ਮਾਲਕੰਗਣੀ | 305/3702-100 | 18-200 | |
| ਹਰਨੀ | 305/3145-300 | 14-200 | |
| ਮਾੜੋ | 305/2732-900 | 15-00 | |
| ਮੀਨਾ | 305/2951-300 | 13-500 | |
| ਸੰਧੂਰੀ | 305/3110-400 | 14-700 | |
| ਸੁਨੀਤਾ | 305/2918-00 | 15-00 | |
| ਕਿਸ਼ਤੀ | 306/2405-100 | 14-800 | |
| ਮਲਕਾ | 305/2442-600 | 14-00 | |
| ਅੰਜਣੀ | 305/3147-100 | 14-700 | |

13-10-2009

| | | | |
|---|---|---|---|
| ਪਿਆਰੀ | 307/4799-900 | 20-100 | ਹਰਿਆਣਾ ਨਸਲ |
| ਪਰਨਾਮ | 305/4308-700 | 17-600 | |
| ਨਿਰੰਤਰ | 300/4048-400 | 19-300 | |
| ਕਿਸਮਤ | 305/3585-700 | 16-300 | |
| ਨੂਰੀ | 262/2471-900 | 17-400 | |
| ਨਿਸ਼ਾਨੀ | 302/2564-400 | 17-400 | |
| ਨਿਯਾਨੀ | 301/3231-300 | 18-200 | |
| ਪੂਤਨਾ | 294/2545-300 | 16-100 | |
| ਨੀਰ | 307/3442-600 | 16-300 | |
| ਬਹਾਦਰੀ | 307/2887-500 | 16-400 | |
| ਰੂਪ | 306/2371-100 | 11-00 | |

## ਪ੍ਰਤੀਯੋਗਿਤਾਵਾਂ ਵਿਚੋਂ ਜਿੱਤੇ ਇਨਾਮਾਂ ਦਾ ਵੇਰਵਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਗਊਸ਼ਾਲਾਵਾਂ ਦੀਆਂ ਗਊਆਂ ਅਤੇ ਹੋਰ ਪਸ਼ੂ ਧਨ, ਪ੍ਰਤੀਯੋਗਿਤਾਵਾਂ ਵਿਚੋਂ ਭਾਗ ਲੈ ਕੇ ਇਨਾਮ ਜਿੱਤਦੇ ਰਹਿੰਦੇ ਹਨ। ਇਨ੍ਹਾਂ ਵਿਚੋਂ ਕੁਝ ਕੁ ਦਾ ਜ਼ਿਕਰ ' ਗਊਆਂ ਦੇ ਦੁੱਧ ਅਤੇ ਘਿਓ ਦੇ ਰਿਕਾਰਡ', ਅਧਿਆਏ ਵਿਚ ਕੀਤਾ ਗਿਆ ਹੈ।

ਅਜੋਕੇ ਸਮੇਂ ਵਿਚ ਸੰਨ 2009, ਸੰਨ 2010 ਅਤੇ ਸੰਤ 2011 ਵਿਚ ਪੰਜਾਬ ਸਰਕਾਰ ਦੇ ਪਸ਼ੂ ਪਾਲਣ ਵਿਭਾਗ ਵਲੋਂ ਆਯੋਜਿਤ ਕੀਤੇ ਗਏ ਪਸ਼ੂ ਮੇਲਿਆਂ ਵਿਚ ਹੋਈਆਂ ਪ੍ਰਤੀਯੋਗਿਤਾਵਾਂ ਵਿਚ ਭਾਗ ਲੈਣ ਵਾਲੇ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦੀਆਂ ਗਊਆਂ, ਵੱਛੀਆਂ ਅਤੇ ਸਾਨ੍ਹਾਂ ਆਦਿ ਨੇ ਬਹੁਤ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ।

ਸ੍ਰੀ ਸਤਿਗੁਰੂ ਜੀ ਦੇ ਅਸ਼ੀਰਵਾਦ ਤੇ ਪ੍ਰਵਾਨਗੀ ਅਨੁਸਾਰ ਇਨ੍ਹਾਂ ਨੂੰ, ਸੂਬਾ ਜਗੀਰ ਸਿੰਘ ਛਾਪਿਆਂ ਵਾਲੀ (ਮੁਕਤਸਰ) ਦੀ ਸੁਯੋਗ ਅਗਵਾਈ ਹੇਠ ਗਊਸ਼ਾਲਾ ਦੇ ਪ੍ਰਬੰਧਕਾਂ ਸੰਤ ਦਲਜੀਤ ਸਿੰਘ, ਸੰਤ ਅਮਰ ਸਿੰਘ ਗਰੇਟਾ ਅਤੇ ਸੰਤ ਬਲਦੇਵ ਸਿੰਘ ਆਦਿ ਵਲੋਂ ਪੰਜਾਬ ਰਾਜ ਪਸ਼ੂ ਧਨ ਚੈਂਪੀਅਨਸ਼ਿਪ– 2009 ਮੁਕਤਸਰ, ਪੰਜਾਬ ਪਸ਼ੂ ਧਨ ਚੈਂਪਿਅਨਸ਼ਿਪ– 2009 (ਪੂਰਬੀ ਜ਼ੋਨ ਪੱਧਰੀ ਮੁਕਾਬਲਾ) ਪਸ਼ੂ ਮੰਡੀ ਚੜਿੱਕ ਜਿਲ੍ਹਾ ਮੋਗਾ ਅਤੇ ਉੱਤਰੀ ਭਾਰਤ ਪਸ਼ੂ ਧਨ ਚੈਂਪਿਅਨਸ਼ਿਪ–2010 ਅਤੇ ਸੰਨ 2011 ਵਿਚ ਮੁਕਤਸਰ ਵਿਚ ਲਿਜਾਇਆ ਗਿਆ ਸੀ।

ਇਥੋਂ ਆ ਕੇ ਪ੍ਰਬੰਧਕ ਵਰਗ ਨੇ ਸ੍ਰੀ ਭੈਣੀ ਸਾਹਿਬ ਵਿਖੇ ਇਹ ਸਾਰੇ ਮਾਨ ਸਨਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਭੇਟ ਕਰ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਅਗੋਂ ਲਈ ਵੀ ਇਸੇ ਤਰ੍ਹਾਂ ਦੀਆਂ ਮਾਣ ਮੱਤੀਆਂ ਕਾਮਯਾਬੀਆਂ ਹਾਸਲ ਕਰਨ ਦੀ ਬਖਸ਼ਿਸ਼ ਕਰਨ ਦੀ, ਸ੍ਰੀ ਸਤਿਗੁਰੂ ਜੀ ਤੋਂ ਮੰਗ ਕੀਤੀ। ਪ੍ਰਾਪਤ ਇਨਾਮਾਂ ਦਾ ਵੇਰਵਾ ਪੇਸ਼ ਹੈ –

## ਪੰਜਾਬ ਰਾਜ ਪਸ਼ੂ ਧਨ ਚੈਂਪਿਅਨਸ਼ਿਪ– 2009
## ਗੁਰੂ ਗੋਬਿੰਦ ਸਿੰਘ ਸਟੇਡੀਅਮ ਸਰਕਾਰੀ ਕਾਲਜ ਮੁਕਤਸਰ ਵਿਖੇ
## 8 ਤੋਂ 12 ਜਨਵਰੀ ਸੰਨ 2009

ਪੰਜਾਬ ਦੇ 4 ਵੱਖ ਵੱਖ ਥਾਵਾਂ 'ਤੇ ਮੁਕਾਬਲੇ ਕਰਾ ਕੇ, ਸੈਂਕੜੇ ਚੋਣਵੇਂ ਪਸ਼ੂਆਂ ਦੇ ਫਾਇਨਲ ਮੁਕਾਬਲੇ ਇਸ ਮੇਲੇ 'ਤੇ ਕਰਾਏ ਗਏ । ਇਸ ਪਸ਼ੂ ਮੇਲੇ ਵਿਚ ਸਟੇਡੀਅਮ ਵਿਚ ਨਾਮਧਾਰੀ ਗਊਸ਼ਾਲਾ ਸ੍ਰੀ ਭੈਣੀ ਸਾਹਿਬ ਦੀਆਂ ਗਊਆਂ 'ਤੇ ਹੋਰ ਪਸ਼ੂ ਧਨ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਸਨ। ਇਨ੍ਹਾਂ ਵਲੋਂ ਵੱਖੋ ਵੱਖ ਪ੍ਰਤੀਯੋਗਤਾਵਾਂ ਵਿਚੋਂ 2 ਲੱਖ 89 ਹਜ਼ਾਰ ਦੇ 14 ਇਨਾਮ ਜਿੱਤੇ ਗਏ।

**ਦੁੱਧ ਚੁਆਈ ਵਾਲੀਆਂ ਗਾਵਾਂ ਦੀ ਪ੍ਰਤੀਯੋਗਤਾ**

ਪਹਿਲੇ ਪੰਜ ਇਨਾਮ ਸ੍ਰੀ ਭੈਣੀ ਸਾਹਿਬ ਦੀਆਂ ਗਊਆਂ ਨੂੰ ਪ੍ਰਾਪਤ ਹੋਏ।

| | |
|---|---|
| ਪਹਿਲਾ ਇਨਾਮ – ਨਸੀਬ ਗਾਂ ਨੂੰ | 51,000 ਰੁ. |
| ਦੂਜਾ ਇਨਾਮ – ਸੁਖਦਾਈ ਗਾਂ ਨੂੰ – | 31,000 ਰੁ. |

ਤੀਜਾ ਇਨਾਮ – ਰਹਿਮਤ ਗਾਂ ਨੂੰ – 21,000 ਰੁ.

ਚੌਥਾ ਇਨਾਮ – ਕਾਸ਼ਨੀ ਗਾਂ ਨੂੰ 12,000 ਰੁ

ਪੰਜਵਾ ਇਨਾਮ – ਸਰੂਪ ਗਾਂ ਨੂੰ – 10,000 ਰੁ.

ਪਹਿਲੇ ਨੰਬਰ ਦਾ ਇਨਾਮ ਜਿੱਤਣ ਵਾਲੀ ਗਊ ਨਸੀਬ ਸਾਢੇ 18 ਕਿਲੋ ਦੁੱਧ ਦੇ ਕੇ ਫਸਟ ਆਈ। ਵੈਸੇ ਰੋਜ਼ਾਨਾ ਇਹ ਕ੍ਰੀਬ 22-23 ਕਿਲੋ ਦੁੱਧ ਦਿੰਦੀ ਹੈ।

**ਨਸਲ ਵਾਲੀਆਂ ਸਾਹੀਵਾਲ ਗਾਵਾਂ ਦੀ ਪ੍ਰਤੀਯੋਗਤਾ**

ਚੌਥਾ ਇਨਾਮ – ਨਿਰਜੀਵ ਗਾਂ ਨੂੰ 10,000 ਰੁ.

ਛੇਵਾ ਇਨਾਮ – ਨਸੀਬ ਗਾਂ ਨੂੰ – 5,000 ਰੁ.

ਸੱਤਵਾਂ ਇਨਾਮ – ਰਹਿਮਤ ਗਾਂ ਨੂੰ – 5,000 ਰੁ.

**ਸਾਹੀਵਾਲ ਵੱਛੀਆਂ ਦੀ ਪ੍ਰਤੀਯੋਗਤਾ**

ਪਹਿਲਾ ਇਨਾਮ – ਸੁਰੀਲੀ ਵੱਛੀ ਨੂੰ 31,000 ਰੁ.

ਤੀਜਾ ਇਨਾਮ – ਨਿਸ਼ਕਾਮ ਵੱਛੀ ਨੂੰ 11,000 ਰੁ.

ਚੌਥਾ ਇਨਾਮ – ਕਰਮੀ ਵੱਛੀ ਨੂੰ 10,000 ਰੁ.

**ਸਾਹੀਵਾਲ ਸਾਨ੍ਹ ਪ੍ਰਤੀਯੋਗਤਾ**

ਪਹਿਲਾ ਇਨਾਮ –ਮਸਤਾਨਗੜ੍ਹ ਵਾਲੇ ਸਮੁੰਦਰ ਸਾਨ੍ਹ ਨੂੰ 51,000 ਰੁ.

ਦੂਜਾ ਇਨਾਮ – ਤਾਰਾ ਸਾਨ੍ਹ ਨੂੰ – 31,000 ਰੁ.

ਅੱਠਵਾਂ ਇਨਾਮ – ਮੱਰਹਾ ਨਸਲ ਦੇ ਸਾਨ੍ਹ ਨੂੰ – 10,000 ਰੁ.

ਇਸ ਫਾਇਨਲ ਮੁਕਾਬਲੇ ਵਿਚ ਜੇਤੂ ਪਸ਼ੂਆਂ ਦੀ ਇਨਾਮ ਵੰਡ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੁਆਰਾ ਕੀਤੀ ਗਈ, ਜਿਸ ਵਿਚ ਪੰਜਾਬ ਦੇ ਖੇਤੀ ਬਾੜੀ ਤੇ ਪਸ਼ੂ ਪਾਲਣ ਮੰਤਰੀ ਸ. ਗੁਲਜਾਰ ਸਿੰਘ ਰਣੀਕੇ ਤੇ ਬਹੁਤ ਸਾਰੇ ਪਤਵੰਤੇ ਸੱਜਣ ਤੇ ਮਹਿਕਮਿਆਂ ਦੇ ਸਰਕਾਰੀ ਅਫਸਰ ਸ਼ਾਮਲ ਸਨ। ਹਜ਼ਾਰਾਂ ਦੀ ਗਿਣਤੀ ਵਿਚ ਪਸ਼ੂ ਪ੍ਰੇਮੀ ਤੇ ਪਸ਼ੂ-ਪਾਲਕ ਇਸ ਸਟੇਡੀਅਮ ਵਿਚ ਮੌਜੂਦ ਸਨ।

## ਪੰਜਾਬ ਪਸ਼ੂ ਧਨ ਚੈਂਪਿਅਨਸ਼ਿਪ- 2009
## ਪੂਰਬੀ ਜ਼ੋਨ ਪੱਧਰੀ ਮੁਕਾਬਲਾ
## ਪਸ਼ੂ ਮੰਡੀ ਪਿੰਡ ਚੜਿੱਕ (ਜ਼ਿਲ੍ਹਾ ਮੋਗਾ)
## 26-27-28 ਦਸੰਬਰ 2009 ਨੂੰ

**ਇਸ** ਪੂਰਬੀ ਜੋਨ ਪੱਧਰੀ ਮੁਕਾਬਲੇ ਵਿਚ ਸ੍ਰੀ ਭੈਣੀ ਸਾਹਿਬ ਦੀਆ ਗਊਆਂ ਅਤੇ ਪਸ਼ੂ ਧਨ ਵਲੋਂ 54 ਹਜ਼ਾਰ ਦੇ 12 ਇਨਾਮ ਜਿੱਤੇ ਗਏ।

**ਦੁੱਧ ਚੁਆਈ ਮੁਕਾਬਲਾ-ਸਾਹੀਵਾਲ**

ਪਹਿਲਾ ਇਨਾਮ – ਨਾਗਪੁਸ਼ਪੀ ਗਾਂ ਨੂੰ 10,000 ਰੁ.

| | | |
|---|---|---|
| ਦੂਜਾ ਇਨਾਮ – | ਨਿਸ਼ਕਾਮ ਗਾਂ ਨੂੰ | 8,000 ਰੁ. |
| ਚੌਥਾ ਇਨਾਮ – | ਨਾਥਾਂ ਵਾਲੀ ਨੰ.1 ਗਾਂ ਨੂੰ | 3,000 ਰੁ. |
| ਪੰਜਵਾਂ ਇਨਾਮ – | ਅਰਦਾਸ ਗਾਂ ਨੂੰ | 2,000 ਰੁ. |

ਇਸ ਪ੍ਰਤੀਯੋਗਤਾ ਦੇ 5 ਵਿਚੋਂ ਚਾਰ ਇਨਾਮ ਜਿੱਤ ਲਏ ਗਏ।

**ਸਾਹੀਵਾਲ ਨਸਲ ਵਾਲੀਆਂ ਗਾਵਾਂ ਦੀ ਪ੍ਰਤੀਯੋਗਿਤਾ**

| | | |
|---|---|---|
| ਪਹਿਲਾ ਇਨਾਮ – | ਰਹਿਮਤ ਗਾਂ ਨੂੰ | 10,000 ਰੁ. |
| ਦੂਜਾ ਇਨਾਮ – | ਸੁਰੀਲੀ ਗਾਂ ਨੂੰ | 5,000 ਰੁ. |
| ਚੌਥਾਂ ਇਨਾਮ – | ਮੰਡਲ ਗਾਂ ਨੂੰ | 2,000 ਰੁ. |
| ਪੰਜਵਾਂ ਇਨਾਮ – | ਨਿਸ਼ਕਾਮ ਗਾਂ ਨੂੰ | 2,000 ਰੁ. |

ਇਸ ਪ੍ਰਤੀਯੋਗਿਤਾ ਦੇ 5 ਵਿਚੋਂ ਚਾਰ ਇਨਾਮ ਜਿੱਤ ਲਏ ਗਏ।

**ਸਾਹੀਵਾਲ ਸਾਨ੍ਹ ਦੀ ਪ੍ਰਤੀਯੋਗਿਤਾ**

| | | |
|---|---|---|
| ਪਹਿਲਾ ਇਨਾਮ – | ਮਸਤਾਨ੍ਹਗੜ੍ਹ ਵਾਲੇ ਸਮੁੰਦਰ ਸਾਨ੍ਹ ਨੂੰ | 5,000 ਰੁ. |
| ਤੀਜਾ ਇਨਾਮ – | ਯੁਗ ਸਾਨ੍ਹ ਨੂੰ | 1,000 ਰੁ. |

**ਸਾਹੀਵਾਲ ਵੱਛੀਆ ਦੀ ਪ੍ਰਤੀਯੋਗਤਾ**

| | | |
|---|---|---|
| ਪਹਿਲਾ ਇਨਾਮ– | 4708 ਨੰ.(ਮਾਲਾ ਗਾਂ ਦੀ ਵੱਛੀ) ਨੂੰ | 5,000 ਰੁ. |
| ਤੀਜਾ ਇਨਾਮ– | 4742 ਨੰ. (ਗੁਰਬਾਣੀ ਗਾਂ ਦੀ ਵੱਛੀ) ਨੂੰ | 1,000 ਰੁ. |

## ਉੱਤਰੀ ਭਾਰਤ ਪਸ਼ੂ ਧਨ ਚੈਂਪਿਅਨਸ਼ਿਪ– 2010
## ਗੁਰੂ ਗੋਬਿੰਦ ਸਿੰਘ ਸਟੇਡੀਅਮ ਸਰਕਾਰੀ ਕਾਲਜ ਮੁਕਤਸਰ
## 8 ਤੋਂ 12 ਜਨਵਰੀ ਸੰਨ 2010

ਇਸ ਵਿਚ ਉੱਤਰੀ ਭਾਰਤ ਦੇ ਪਸ਼ੂਆਂ ਦੇ ਵੱਖ ਵੱਖ ਵਰਗਾਂ ਦੇ ਮੁਕਾਬਲੇ ਕਰਵਾਏ ਗਏ। ਕ੍ਰੀਬ ਸਾਰੀਆਂ ਪ੍ਰਤੀਯੋਗਿਤਾਵਾਂ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰ ਕੇ ਸ੍ਰੀ ਭੈਣੀ ਸਾਹਿਬ ਦੀਆਂ ਗਊਆਂ, ਵੱਛੀਆਂ ਤੇ ਸਾਨ੍ਹਾਂ ਨੇ ਉੱਤਰੀ ਭਾਰਤ ਵਿਚ ਚੈਂਪਿਅਨ ਹੋਣ ਦਾ ਮਾਣ ਪ੍ਰਾਪਤ ਕੀਤਾ। ਇਨ੍ਹਾਂ ਨੇ ਕੁੱਲ 23 ਇਨਾਮ ਪ੍ਰਾਪਤ ਕੀਤੇ। 3 ਲੱਖ 76 ਹਜ਼ਾਰ ਦੀ ਰਾਸ਼ੀ ਦੇ 20 ਪੁਰਸਕਾਰ ਨਗਦ ਰਾਸ਼ੀ ਦੇ ਰੂਪ ਵਿਚ ਮਿਲਣ ਤੋਂ ਇਲਾਵਾ, ਸਨਮਾਨ ਚਿੰਨ੍ਹ ਅਤੇ ਪ੍ਰਮਾਣ ਪੱਤਰ ਪ੍ਰਾਪਤ ਹੋਏ। ਤਿੰਨ ਹੌਸਲਾ ਵਧਾਊ ਪੁਰਸਕਾਰ ਦੇ ਰੂਪ ਵਿਚ, ਤਿੰਨ ਪ੍ਰਮਾਣ ਪੱਤਰ ਮਿਲੇ। ਇਨ੍ਹਾਂ ਸਭ ਇਨਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ—

**ਦੁੱਧ ਚੁਆਈ ਵਾਲੀਆਂ ਸਾਹੀਵਾਲ ਗਾਵਾਂ ਦੀ ਪ੍ਰਤੀਯੋਗਿਤਾ**

| | | |
|---|---|---|
| ਪਹਿਲਾ ਇਨਾਮ – | ਨਾਗਪੁਸ਼ਪੀ ਗਾਂ ਨੂੰ | 51,000 ਰੁ. 21000 ਰੁ. |
| ਤੀਜਾ ਇਨਾਮ – | ਕਿਰਪਾ ਗਾਂ ਨੂੰ – | 15,000 ਰੁ. |
| ਅੱਠਵਾਂ ਇਨਾਮ – | ਨਿਸ਼ਕਾਮ ਗਾਂ ਨੂੰ – | 5,000 ਰੁ |

ਨੌਵਾਂ ਇਨਾਮ – ਨਾਥਾਂ ਵਾਲੀ1 ਨੰ. ਗਾਂ ਨੂੰ – 5,000 ਰੁ.

ਗਿਆਰਵਾਂ ਇਨਾਮ – ਨਾਥਾਂ ਵਾਲੀ 2 ਨੰ. ਗਾਂ ਨੂੰ ਹੌਂਸਲਾ ਵਧਾਊ ਇਨਾਮ

ਬਾਰਵਾਂ ਇਨਾਮ – ਗੁਰਮੁਖੀ ਗਾਂ ਨੂੰ ਹੌਂਸਲਾ ਵਧਾਊ ਇਨਾਮ

ਤੇਰਵਾਂ ਇਨਾਮ – ਅਰਦਾਸ ਗਾਂ ਨੂੰ ਹੌਂਸਲਾ ਵਧਾਊ ਇਨਾਮ

ਨਾਗਪੁਸ਼ਪੀ ਗਾਂ ਨੂੰ ਉੱਤਰੀ ਭਾਰਤ ਚੈਂਪਿਅਨਸ਼ਿਪ ਵਿਚ ਦੁੱਧ ਚੁਆਈ ਵਿਚ ਚੈਂਪਿਅਨ ਚੁਣਿਆ ਗਿਆ ਜਿਸ ਦਾ 21,000 ਰੁ. ਦਾ ਇਨਾਮ ਵੀ ਮਿਲਿਆ।

ਗਿਆਰਵਾਂ, ਬਾਰਵਾਂ, ਤੇਰਵਾਂ ਇਹ ਤਿੰਨ ਹੌਸਲਾਂ ਵਧਾਊ ਇਨਾਮ, ਪ੍ਰਮਾਣ ਪੱਤਰਾਂ ਦੇ ਰੂਪ ਵਿਚ ਸ੍ਰੀ ਭੈਣੀ ਸਾਹਿਬ ਦੀਆਂ ਗਊਆਂ ਨੂੰ ਮਿਲੇ।

**ਦੁੱਧ ਚੁਆਈ ਵਾਲੀਆਂ ਹਰਿਆਣਾ ਗਾਵਾਂ ਦੀ ਪ੍ਰਤੀਯੋਗਿਤਾ**

ਪਹਿਲਾ ਇਨਾਮ – ਨਿਧਾਨੀ ਗਊ ਨੂੰ 21,000 ਰੁ.

ਇਸ ਮੁਕਾਬਲੇ ਵਿਚ ਹੋਰ ਕੋਈ ਗਊ ਨਹੀਂ ਆਈ।

**ਨਸਲ ਵਾਲੀਆਂ ਸਾਹੀਵਾਲ ਗਾਵਾਂ ਦੀ ਪ੍ਰਤੀਯੋਗਿਤਾ**

ਪਹਿਲਾ ਇਨਾਮ – ਨਾਥਾਂ ਵਾਲੀ 1 ਨੰ. ਗਾਂ ਨੂੰ 51000 ਰੁ. 21000 ਰੁ.

ਛੇਵਾਂ ਇਨਾਮ – ਨਿਸ਼ਕਾਮ ਗਾਂ ਨੂੰ 7,000 ਰ

ਸੱਤਵਾਂ ਇਨਾਮ – ਮੰਡਲ ਗਾਂ ਨੂੰ 5,000 ਰੁ.

ਦਸਵਾਂ ਇਨਾਮ – ਸੁਰੀਲੀ ਗਾਂ ਨੂੰ 5,000 ਰੁ.

ਨਾਥਾਂ ਵਾਲੀ ਗਾਂ ਨੰ.1 ਨੂੰ, ਸਮੂਹ ਉੱਤਰੀ ਭਾਰਤ ਚੈਂਪਿਅਨਸ਼ਿਪ ਦੇ ਨਸਲ ਮੁਕਾਬਲੇ ਵਿਚ ਚੈਂਪਿਅਨ ਬਣਾਇਆ ਗਿਆ ਜਿਸ ਦਾ ਇਨਾਮ 21,000 ਰੁ. ਵੀ ਮਿਲਿਆ। ਇਹ ਗਾਂ ਸਾਢੇ ਉਨਤਾਲੀ ਹਜ਼ਾਰ ਦੀ ਸੰਤ ਕਰਤਾਰ ਸਿੰਘ ਨਾਥ ਪਿੰਡ ਸੰਤਨਗਰ ਜ਼ਿਲ੍ਹਾ ਸਰਸਾ ਤੋਂ ਖਰੀਦੀ ਸੀ। ਇਹ ਗਾਂ ਮੁਕਤਸਰ ਅਤੇ ਚੜ੍ਹਿਕ ਦੀਆਂ ਪ੍ਰਤੀਯੋਗਤਾਵਾਂ ਵਿਚੋਂ 92 ਹਜ਼ਾਰ ਦੇ ਇਨਾਮ ਜਿੱਤ ਕੇ ਲਿਆਈ।

**ਸਾਹੀਵਾਲ ਸਾਨ੍ਹ ਪ੍ਰਤੀਯੋਗਿਤਾ**

ਪਹਿਲਾ ਇਨਾਮ – ਮਸਤਾਨ੍ਹਗੜ੍ਹ ਵਾਲੇ ਸਮੁੰਦਰ ਸਾਨ੍ਹ ਨੂੰ 51000 ਰੁ: ਅਤੇ 21000 ਰੁ.

ਦੂਜਾ ਇਨਾਮ – ਸਰਪੰਚ ਵਾਲੇ ਸਾਨ੍ਹ ਨੂੰ 31000 ਰੁ.

ਤੀਜਾ ਇਨਾਮ – ਯੁਗ ਸਾਨ੍ਹ ਨੂੰ 21000 ਰੁ.

ਇਸ ਪ੍ਰਤੀਯੋਗਿਤਾ ਦੇ 5 ਵਿਚੋਂ ਤਿੰਨ ਇਨਾਮ ਜਿੱਤ ਲਏ ਗਏ।

ਮਸਤਾਨ੍ਹਗੜ੍ਹ ਵਾਲੇ ਸਮੁੰਦਰ ਸਾਨ੍ਹ ਨੂੰ ਸਮੂਹ ਉੱਤਰੀ ਭਾਰਤ ਚੈਂਪਿਅਨਸ਼ਿਪ ਮੁਕਾਬਲੇ ਵਿਚ ਚੈਂਪਿਅਨ ਬਣਾਇਆ ਗਿਆ ਜਿਸ ਦਾ ਇਨਾਮ 21,000 ਰੁ. ਵੀ ਮਿਲਿਆ।

**ਝੋਟਿਆਂ ਦੀ ਪ੍ਰਤੀਯੋਗਿਤਾ**

13 ਵਾਂ ਇਨਾਮ–ਮਾਲੀ ਨਾਮਕ ਮੁਰੱਹਾ ਨਸਲ ਦੇ ਝੋਟੇ ਨੂੰ ਮਿਲਿਆ 5,000ਰੁ:

**ਸਾਹੀਵਾਲ ਵੱਛੀਆਂ ਦੀ ਪ੍ਰਤੀਯੋਗਤਾ**

ਪਹਿਲਾ ਇਨਾਮ-4708 ਨੰ. (ਮਾਲਾ ਗਾਂ ਦੀ) ਵੱਛੀ ਨੂੰ 31,000 ਰੁ.

ਚੌਥਾ ਇਨਾਮ-4664 ਨੰ. (ਪਰਬਤ ਗਾਂ ਦੀ) ਵੱਛੀ ਨੂੰ 5,000 ਰੁ.

ਨੌਵਾਂ ਇਨਾਮ - 4742 ਨੰ. ( ਗੁਰਬਾਣੀ ਗਾਂ ਦੀ) ਵੱਛੀ ਨੂੰ 2,000 ਰੁ.

ਦਸਵਾਂ ਇਨਾਮ - 4687 ਨੰ. (ਸੁਰਖੀ ਗਾਂ ਦੀ) ਵੱਛੀ ਨੂੰ 2,000 ਰੁ.

ਸਾਰੇ ਸਮਾਗਮ ਦੀ ਪ੍ਰਧਾਨਗੀ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ। ਜੇਤੂਆਂ ਨੂੰ ਇਨਾਮ ਵੰਡਣ ਲਈ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਉਚੇਚੇ ਤੌਰ 'ਤੇ ਸਮਾਗਮ ਵਿਚ ਪਹੁੰਚੇ। ਪਸ਼ੂ ਪਾਲਣ ਮੰਤਰੀ ਸ. ਗੁਲਜਾਰ ਸਿੰਘ ਰਣੀਕੇ ਵੀ ਮੌਜੂਦ ਸਨ।

**ਜ਼ਿਲ੍ਹਾ ਪੱਧਰੀ ਪਸ਼ੂ ਧਨ ਅਤੇ ਦੁੱਧ ਚੁਵਾਈ ਮੁਕਾਬਲੇ 2010 ਪਿੰਡ ਰਾਈਆਂ, ਨੇੜੇ ਸ੍ਰੀ ਭੈਣੀ ਸਹਿਬ ਜਿਲ੍ਹਾ**

## ਲੁਧਿਆਣਾ
## 9-10 ਦਸੰਬਰ ਸੰਨ 2010
## ਦੁਧ ਚਵਾਈ ਮੁਕਾਬਲਾ ਸਾਹੀਵਾਲ ਗਾਵਾਂ

| **ਗਾਂ ਦਾ ਨਾਂ** | **ਇਨਾਮ ਦੇ ਰੁ:** |
|---|---|
| 1. ਜਗਤ | 3000 |
| 2. ਗੁਲਾਬ | 2000 |
| 3. ਪਟਨਾ | 1000 |
| 4. ਗੀਤ | 500 |
| 5. ਮੰਡਲ | 500 |

ਪੰਜੇ ਇਨਾਮ ਸ੍ਰੀ ਭੈਣੀ ਸਾਹਿਬ ਦੀਆਂ ਗਊਆਂ ਦੇ ਸਨ।

**ਨਸਲ ਮੁਕਾਬਲੇ**

| | |
|---|---|
| 1. ਜਗਤ | 3000 |
| 2. ਨਿਰਜੀਵ | 2000 |
| 3. ਬਾਣੀ | 500 |

**ਸਾਹੀਵਾਲ ਸਾਨ੍ਹਾਂ ਦੇ ਮੁਕਾਬਲੇ**

| | |
|---|---|
| 1. ਯੁਗ | 5000 |
| 2. ਸਰਪੰਚ | 3000 |
| 3. ਭੋਲੂ | 2000 |
| 4. 4734 ਨੰ: ਵੱਛਾ | 500 |
| 5 4804 ਨੰ: ਵੱਛਾ | 500 |

ਪਹਿਲੇ ਪੰਜ ਇਨਾਮ ਸ੍ਰੀ ਭੈਣੀ ਸਾਹਿਬ ਦੇ ਸਾਨ੍ਹਾਂ ਨੇ ਜਿੱਤੇ, ਕੁਲ 23 ਹਜਾਰ 550 ਰੁ: ਦੇ ਇਨਾਮ ਜਿੱਤੇ ਗਏ। ਸਰਟੀਫਿਕੇਟ ਵੀ ਮਿਲੇ। ਲੰਗਰ ਸ੍ਰੀ ਭੈਣੀ ਸਾਹਿਬ ਵਲੋਂ ਵਰਤਾਇਆ ਗਿਆ।

## ਪਸ਼ੂ ਪਾਲਣ ਵਿਭਾਗ ਪੰਜਾਬ ਵਲੋਂ ਖੇਤਰੀ ਪਸ਼ੂ ਧਨ ਚੈਂਪੀਅਨਸ਼ਿਪ ਅਤੇ ਦੁੱਧ ਚੁਆਈ ਮੁਕਾਬਲੇ 2010, ਚੜਿੱਕ-ਝੰਡੇਵਾਲਾ (ਜ਼ਿਲ੍ਹਾ ਮੋਗਾ) 29-30 ਨਵੰਬਰ ਸੰਨ 2010

**ਦੁੱਧ ਚੁਆਈ ਵਾਲੀਆਂ ਸਾਹੀਵਾਲ ਗਾਵਾਂ ਦੀ ਪ੍ਰਤੀਯੋਗਤਾ**

| | | |
|---|---|---|
| ਪਹਿਲਾ ਇਨਾਮ – | ਰੰਗਲੀ ਗਾਂ ਨੂੰ | 10,000 ਰੁ. |
| ਦੂਜਾ ਇਨਾਮ – | ਜਗਤ ਗਾਂ ਨੂੰ | 8,000 ਰੁ. |
| ਤੀਜਾ ਇਨਾਮ– | ਮਸਤਾਨਗੜ੍ਹ ਵਾਲੀ ਗਾਂ ਨੂੰ | 5,000 ਰੁ. |
| ਚੌਥਾ ਇਨਾਮ – | ਪਟਨਾ ਗਾਂ ਨੂੰ | 3,000 ਰੁ. |
| ਪੰਜਵਾਂ ਇਨਾਮ – | ਅਰਦਾਸ ਗਾਂ ਨੂੰ | 2,000 ਰੁ. |

**ਨਸਲ ਵਾਲੀਆਂ ਸਾਹੀਵਾਲ ਗਾਵਾਂ ਦੀ ਪ੍ਰਤੀਯੋਗਤਾ**

| | | |
|---|---|---|
| ਪਹਿਲਾ ਇਨਾਮ – | ਮੰਡਲ ਗਾਂ ਨੂੰ | 10,000 ਰੁ. |
| ਦੂਜਾ ਇਨਾਮ – | ਸੁਰੀਲੀ ਗਾਂ ਨੂੰ | 5,000 ਰੁ. |
| ਚੌਥਾਂ ਇਨਾਮ – | ਮਸਤਾਨਗੜ੍ਹ ਵਾਲੀ ਗਾਂ ਨੂੰ | ਹੌਸਲਾ ਵਧਾਊ ਇਨਾਮ |
| ਪੰਜਵਾਂ ਇਨਾਮ – | ਬਾਣੀ ਗਾਂ ਨੂੰ | ਹੌਸਲਾ ਵਧਾਊ ਇਨਾਮ |

**ਸਾਹੀਵਾਲ ਵੱਛੀਆਂ ਦੀ ਪ੍ਰਤੀਯੋਗਿਤਾ**

| | | |
|---|---|---|
| ਦੂਜਾ ਇਨਾਮ – | 4752 ਨੰ. ਵੱਛੀ ਨੂੰ | 2,000 ਰੁ. |
| ਤੀਜਾ ਇਨਾਮ – | 4818 ਨੰ. ਵੱਛੀ ਨੂੰ | 1,000 ਰੁ. |

**ਸਾਹੀਵਾਲ ਸਾਨ੍ਹ ਪ੍ਰਤੀਯੋਗਤਾ**

| | | |
|---|---|---|
| ਦੂਜਾ ਇਨਾਮ – | ਸਰਪੰਚ ਵੱਛੀ ਨੂੰ | 5,000 ਰੁ. |

ਕੁਲ 53,000 ਰੁ. ਦੇ ਇਨਾਮ ਅਤੇ 2 ਹੌਸਲਾ ਵਧਾਊ ਇਨਾਮ ਮਿਲੇ।

## ਉੱਤਰੀ ਭਾਰਤ ਪਸ਼ੂ ਧਨ ਚੈਂਪੀਅਨਸ਼ਿਪ-2011 ਗੁਰੂ ਗੋਬਿੰਦ ਸਿੰਘ ਸਟੇਡੀਅਮ ਸਰਕਾਰੀ ਕਾਲਜ ਮੁਕਤਸਰ (8 ਤੋਂ 12 ਜਨਵਰੀ ਸੰਨ 2011)

ਇਸ ਵਿਚ ਉੱਤਰੀ ਭਾਰਤ ਦੇ ਪਸ਼ੂਆਂ ਦੇ ਵੱਖ-ਵੱਖ ਵਰਗਾਂ ਦੇ ਮੁਕਾਬਲੇ ਕਰਵਾਏ ਗਏ। ਕ੍ਰੀਬ ਸਾਰੀਆਂ ਪ੍ਰਤੀਯੋਗਿਤਾਵਾਂ ਵਿਚੋਂ 3 ਲੱਖ 58 ਹਜ਼ਾਰ ਦੀ ਰਾਸ਼ੀ ਦੇ ਪੁਰਸਕਾਰ ਨਗਦ ਰਾਸ਼ੀ ਦੇ ਰੂਪ ਵਿਚ ਮਿਲਣ ਤੋਂ ਇਲਾਵਾ, ਸਨਮਾਨ ਚਿੰਨ੍ਹ ਅਤੇ ਪ੍ਰਮਾਣ ਪੱਤਰ ਪ੍ਰਾਪਤ ਹੋਏ। ਇਨ੍ਹਾਂ ਸਭ ਇਨਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ-

**ਦੁੱਧ ਚੁਆਈ ਵਾਲੀਆਂ ਸਾਹੀਵਾਲ ਗਾਵਾਂ ਦੀ ਪ੍ਰਤੀਯੋਗਤਾ**

| | | |
|---|---|---|
| ਤੀਜਾ ਇਨਾਮ – | ਸਰੂਪ ਗਾਂ ਨੂੰ | 21,000 ਰੁ. |
| ਪੰਜਵਾਂ ਇਨਾਮ – | ਮਸਤਾਨਗੜ੍ਹ ਵਾਲੀ ਗਾਂ ਨੂੰ | 8,000 ਰੁ. |
| ਅੱਠਵਾਂ ਇਨਾਮ– | ਨਾਗਪੁਸ਼ਪੀ ਗਾਂ ਨੂੰ | 5,000 ਰੁ. |
| ਗਿਆਰਵਾਂ ਇਨਾਮ – | ਰੰਗਲੀ ਗਾਂ ਨੂੰ | 3,000 ਰੁ. |
| ਤੇਰਵਾਂ ਇਨਾਮ – | ਨਿਸ਼ਕਾਮ ਗਾਂ ਨੂੰ | 2,000 ਰੁ. |

ਨਾਗਪੁਸ਼ਪੀ ਗਾਂ ਨੂੰ ਪਹਿਲਾ ਇਨਾਮ ਮਿਲਣਾ ਸੀ ਪਰ ਇਸ ਦੇ ਥਣ 'ਤੇ ਸੱਟ ਵਜਣ ਕਾਰਣ ਇਹ ਅੱਠਵੇਂ ਨੰਬਰ 'ਤੇ ਆਈ। ਪਿਛਲੇ ਸਾਲ ਇਹ ਗਾਂ ਚੈਪਿਅਨ ਰਹੀ। ਸਰੂਪ ਗਾਂ 25 ਕਿਲੋਂ ਚਾਰ ਸੌ ਪੰਜਾਹ ਗ੍ਰਾਮ ਦੁੱਧ ਦੇ ਕੇ ਤੀਜੇ ਨੰਬਰ 'ਤੇ ਆਈ।

**ਨਸਲ ਵਾਲੀਆਂ ਸਾਹੀਵਾਲ ਗਾਵਾਂ ਦੀ ਪ੍ਰਤੀਯੋਗਤਾ**

| | | |
|---|---|---|
| ਪਹਿਲਾ ਇਨਾਮ – | ਨਾਥਾਂ ਵਾਲੀ 2 ਨੰ. ਗਾਂ ਨੂੰ | 51,000 ਰੁ. |
| ਦੂਜਾ ਇਨਾਮ – | ਬਾਣੀ ਗਾਂ ਨੂੰ | 31,000 ਰੁ. |
| ਤੀਜਾ ਇਨਾਮ – | ਜਗਤ ਗਾਂ ਨੂੰ | 21,000 ਰੁ. |
| ਚੌਥਾਂ ਇਨਾਮ – | ਮੰਡਲ ਗਾਂ ਨੂੰ | 15,000 ਰੁ. |
| ਪੰਜਵਾਂ ਇਨਾਮ – | ਨਾਗਪੁਸ਼ਪੀ ਗਾਂ ਨੂੰ | 11,000 ਰੁ. |
| ਛੇਵਾਂ ਇਨਾਮ – | ਨਿਸ਼ਕਾਮ ਗਾਂ ਨੂੰ | 10,000 ਰੁ. |
| ਸੱਤਵਾਂ ਇਨਾਮ– | ਸੁਰੀਲੀ ਗਾਂ ਨੂੰ | 10,000 ਰੁ. |
| ਬਾਰਵਾਂ ਇਨਾਮ – | ਸੰਗੀਤ ਗਾਂ ਨੂੰ | ਹੌਂਸਲਾ ਵਧਾਊ ਇਨਾਮ |

ਬਾਣੀ ਗਾਂ ਨੂੰ ਸਮੂਹ ਉੱਤਰੀ ਭਾਤ ਚੈਂਪਿਅਨਸ਼ਿਪ ਮੁਕਾਬਲੇ ਵਿਚੋਂ ਚੈਂਪਿਅਨ ਬਣਾਇਆ ਗਿਆ ਜਿਸ ਦਾ ਇਨਾਮ 31,000 ਰੁ. ਵੀ ਮਿਲਿਆ।

**ਸਾਹੀਵਾਲ ਸਾਨ੍ਹ ਪ੍ਰਤੀਯੋਗਤਾ**

| | | |
|---|---|---|
| ਦੂਜਾ ਇਨਾਮ – | ਮਸਤਾਨ੍ਹਗੜ੍ਹ ਵਾਲੇ ਸਮੁੰਦਰ ਸਾਨ੍ਹ ਨੂੰ | 31,000 ਰੁ. |
| ਤੀਜਾ ਇਨਾਮ – | ਸਰਪੰਚ ਵਾਲੇ ਸਾਨ੍ਹ ਨੂੰ | 21,000 ਰੁ. |
| ਚੌਥਾ ਇਨਾਮ – | ਯੁੱਗ ਸਾਨ੍ਹ ਨੂੰ | 11,000 ਰੁ. |

**ਸਾਹੀਵਾਲ ਵੱਛੀਆਂ ਦੀ ਪ੍ਰਤੀਯੋਗਿਤਾ**

| | | |
|---|---|---|
| ਚੌਥਾ ਇਨਾਮ – | 4762 ਨੰ. ਵੱਛੀ ਨੂੰ | 11,000 ਰੁ. |
| ਅੱਠਵਾਂ ਇਨਾਮ – | 4818 ਨੰ. ਵੱਛੀ ਨੂੰ | 5,000 ਰੁ. |
| ਨੌਂਵਾ ਇਨਾਮ– | 4816 ਨੰ. ਵੱਛੀ ਨੂੰ | 5,000 ਰੁ. |

ਮਸਤਾਨਗੜ੍ਹ ਵਾਲੀ ਗਊਸ਼ਾਲਾ ਵਿਚੋਂ ਸੰਤ ਬਲਵਿੰਦਰ ਸਿੰਘ ਸੁਪੱਤਰ ਸੰਤ ਨਿਰਮਲ ਸਿੰਘ ਹਰਿਆਣਾ ਨਸਲ ਦੀਆਂ ਗਊਆਂ ਅਤੇ ਗਊਵੰਸ਼ ਲੈ ਕੇ ਆਏ ਜਿੰਨ੍ਹਾਂ ਵਲੋਂ other state ਦੇ ਮੁਕਾਬਲਿਆਂ ਵਿਚੋਂ ਜਿੱਤੇ ਗਏ ਇਨਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ-

ਤੀਜਾ ਇਨਾਮ- ਨਿਰੰਤਰ ਗਾਂ ਨੂੰ ਦੁੱਧ ਚੁਆਈ ਪ੍ਰਤੀਯੋਗਤਾ ਵਿਚੋਂ 10,000ਰੁ.

ਚੌਥਾ ਇਨਾਮ- 4712 ਨੰ. ਮਸਤਾਨਗੜ੍ਹ ਦੀ ਗਾਂ ਨੂੰ ਨਸਲ ਪ੍ਰਤੀਯੋਗਤਾ ਵਿਚੋਂ 10,000 ਰੁ.

ਪੰਜਵਾਂ ਇਨਾਮ- ਸਾਨ੍ਹ ਪ੍ਰਤੀਯੋਗਤਾ ਵਿਚੋਂ 10,000 ਰੁ.

ਤੀਜਾ ਇਨਾਮ - 4822 ਨੰ. ਵੱਛੀ ਨੂੰ ਵੱਛੀਆਂ ਪ੍ਰਤੀਯੋਗਤਾ ਵਿਚੋਂ 8,000 ਰੁ.

ਜੇਤੂਆਂ ਨੂੰ ਇਨਾਮ ਵੰਡਣ ਲਈ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਉਚੇਚੇ ਤੌਰ ’ਤੇ ਸਮਾਗਮ ਵਿਚ ਪਹੁੰਚੇ। ਪਸ਼ੂ ਪਾਲਣ ਮੰਤਰੀ ਸ. ਗੁਲਜਾਰ ਸਿੰਘ ਰਣੀਕੇ ਵੀ ਮੌਜੂਦ ਸਨ।

ਸੂਬਾ ਜਗੀਰ ਸਿੰਘ ਨੇ ਦੱਸਿਆ ਕਿ ਅਗਲੀਆਂ ਪ੍ਰਤੀਯੋਗਿਤਾਵਾਂ ਵਿਚ ਹੋਰ ਵੀ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਅਸੀਂ ਤਿਆਰੀਆਂ ਕਰ ਰਹੇ ਹਾਂ। ਪ੍ਰਤੀਯੋਗਿਤਾਵਾਂ ਵਿਚ ਲਿਜਾਏ ਜਾਣ ਵਾਲੀਆਂ ਗਊਆਂ, ਵੱਛੀਆਂ ਤੇ ਹੋਰ ਗਊ ਧਨ ਦਾ ਵੱਖਰਿਆਂ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ।

ਅਜੋਕੇ ਸਮੇਂ ਵਿਚ 1 ਲੱਖ ਸਾਢੇ 13 ਹਜ਼ਾਰ ਦੀ ਸਾਹੀਵਾਲ ਨਸਲ ਦੀ ਇਕ ਗਾਂ ਪਿੰਡ ਬਾਹੀਆ ਜ਼ਿਲ੍ਹਾ ਸਰਸਾ ਹਰਿਆਣਾ ਤੋਂ ਲਿਆਂਦੀ ਗਈ ਹੈ। ਇਸ ਨੂੰ ਬਹੀਆ ਵਾਲੀ ਗਾਂ ਆਖਦੇ ਹਨ। ਇਸ ਦਾ ਕ੍ਰੀਬ 25 ਕਿਲੋ ਦੁੱਧ ਰੋਜ਼ਾਨਾ ਹੈ ਅਤੇ ਤਬੇਲੇ ਵਿਚ ਐਸ ਵੇਲੇ ਇਹ ਸਭ ਤੋਂ ਵੱਧ ਦੁੱਧ ਦੇ ਰਹੀ ਹੈ।

ਸੂਬਾ ਜਗੀਰ ਸਿੰਘ ਦੱਸਦੇ ਹਨ ਕਿ ਇਹ ਹੋਰ ਨਵੀਂ ਗਾਂ ਹੁਣ ਸੂਈ ਹੈ ਜਿਸ ਤੋਂ 25 ਕਿਲੋ ਤੋਂ ਵੱਧ ਦੁੱਧ ਦੇਣ ਦੀ ਆਸ ਹੈ।

ਗਊਆਂ ਦੀ ਖੁਰਾਕ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਗਊਆਂ ਨੂੰ ਬਰਸੀਮ, ਜਵੀ, ਜਵਾਰ, ਮਕੀ ਆਦਿ Organic ਪੱਠੇ ਚਰਾਏ ਜਾਂਦੇ ਹਨ। ਦੇਸੀ ਖਾਦ ਵਾਲੇ ਬਿਨਾਂ, ਕਿਸੇ ਸਪਰੇ ਦੇ ਪੱਠੇ ਹੀ ਗਊਆਂ ਨੂੰ ਖਾਣ ਲਈ ਦਿਤੇ ਜਾਂਦੇ ਹਨ।

## ਨਿੱਜੀ ਗਊਸ਼ਾਲਾਵਾਂ ਦੀਆਂ ਪ੍ਰਾਪਤੀਆਂ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਸਦਕਾ ਬਹੁਤ ਸਾਰੇ ਨਾਮਧਾਰੀ ਪਰਿਵਾਰ ਗਊ ਪਾਲਣ ਦਾ ਸ਼ੌਕ ਰੱਖਦੇ ਹਨ ਦੇ ਇਨ੍ਹਾਂ ਦੀਆਂ ਆਪਣੀਆਂ ਗਊਸ਼ਾਲਾਵਾਂ ਹਨ। ਇਹ ਨਿੱਜੀ ਤੌਰ ’ਤੇ ਆਪਣੀਆਂ ਗਾਵਾਂ, ਵੱਛੀਆਂ, ਸਾਨ੍ਹ ਪੰਜਾਬ ਅਤੇ ਹਰਿਆਣਾ ਵਿਚ ਹੁੰਦੇ ਪਸ਼ੂ ਮੁਕਾਬਲਿਆਂ ਵਿਚ ਲਿਜਾਂਦੇ ਹਨ, ਜਿਵੇਂ ਕਿ-

ਪਿੰਡ ਸੰਤ ਨਗਰ ਜ਼ਿਲ੍ਹਾ ਸਰਸਾ ਵਿਚ ਸੰਤ ਪਿਆਰਾ ਸਿੰਘ ਜੀ ਨਾਥ ਦਾ ਪਰਿਵਾਰ ਪਸ਼ੂ ਪਾਲਣ ਦਾ ਸ਼ੌਕ ਰੱਖਦਾ ਹੈ ( ਨਾਥ ਜੀ ਸ੍ਰੀ ਭੈਣੀ ਸਾਹਿਬ ਲੰਗਰ ਵਿਖੇ ਹੱਟੀ ਦੇ ਇੰਨਚਾਰਜ ਹੋਇਆ ਕਰਦੇ ਸਨ)। ਇਸ ਪਰਿਵਾਰ ਦੀਆਂ ਸਾਹੀਵਾਲ ਨਸਲ ਦੀਆਂ ਗਾਵਾਂ, ਵੈਹੜਾਂ ਤੇ ਸਾਨ੍ਹਾਂ ਨੇ ਵੀ ਪੰਜਾਬ ਤੇ ਹਰਿਆਣਾ ਦੇ ਪਸ਼ੂ ਧਨ ਮੁਕਾਬਲਿਆਂ ਵਿਚੋਂ ਇਨਾਮ ਜਿੱਤ ਕੇ ਮਾਣਮੱਤੀਆਂ ਪ੍ਰਾਪਤੀਆਂ ਕੀਤੀਆਂ। ਇਸ ਤੋਂ ਇਲਾਵਾ ਇਸ ਪਰਿਵਾਰ ਨੇ ਮੁਹੱਰਾ ਨਸਲ ਦੀਆਂ ਮੱਝਾਂ ਤੇ ਐਚ. ਐਫ. ਗਾਵਾਂ ਵੀ ਰੱਖੀਆਂ ਹੋਈਆਂ ਹਨ। ਇਹਨਾਂ ਪਸ਼ੂਆਂ ਦੀ ਦੇਖ ਰੇਖ ਐਸ ਵੇਲੇ ਸੰਤ ਪਿਆਰਾ ਸਿੰਘ ਜੀ ਦੇ ਤਿੰਨ ਪੋਤਰੇ ਗੁਰੱਮੁਖ ਸਿੰਘ, ਗੁਰਭਜਨ ਸਿੰਘ ਅਤੇ ਗੁਰਸੇਵਕ ਸਿੰਘ ਸਪੁੱਤਰ ਸੰਤ ਕਰਤਾਰ ਸਿੰਘ ਨਾਥ ਕਰਦੇ ਹਨ।

ਸੰਤ ਗੁਰਭਜਨ ਸਿੰਘ ਨਾਥ ਜੋ ਕਿ ਪੇਸ਼ੇ ਵਜੋਂ ਵਕੀਲ ਹਨ ਨੇ ਮੈਨੂੰ 28 ਫਰਵਰੀ ਸੰਨ 2010 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਲੇ ਦੇ ਮੇਲੇ 'ਤੇ ਦੱਸਿਆ ਕਿ ਸਾਡੀ ਨੌਲਖੀ ਨਾਂ ਦੀ ਗਾਂ ਨੇ 40 ਦਿਨਾਂ ਦੀ ਉਮਰ ਤੋਂ ਲੈ ਕੇ ਅੱਜ ਸਵਾ ਤਿੰਨ ਸਾਲ ਦੀ ਉਮਰ ਤੱਕ ਬਹੁਤ ਸਾਰੇ ਇਨਾਮ ਦਿੱਤੇ। ਇਸ ਦੀ ਮਾਂ ਨਕੌੜੇ ਵਾਲੀ ਗਾਂ ਤੇ ਇਸ ਦੀ ਧੀ ਨੂਰੀ ਨੇ ਵੀ ਇਨਾਮ ਜਿੱਤੇ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ –

## ਨਾਥ ਡੇਅਰੀ ਫਾਰਮ ਸੰਤਨਗਰ ਵਲੋਂ ਪ੍ਰਤੀਯੋਗਿਤਾਵਾਂ ਵਿਚੋਂ ਜਿੱਤੇ ਗਏ ਇਨਾਮਾਂ ਦੇ ਵੇਰਵੇ

ਨੌਂ ਲੱਖੀ ਵੱਛੀ ਨੇ 40 ਦਿਨਾਂ ਦੀ ਉਮਰ ਵਿਚ ਪਿੰਡ ਭੜੋਲਿਆ ਵਾਲੀ – ਜ਼ਿਲ੍ਹਾ ਸਰਸਾ ਵਿਚ ਛੋਟੀਆਂ ਵੱਛੀਆਂ ਦੇ ਮੁਕਾਬਲੇ ਵਿਚ 27 ਫਰਵਰੀ ਸੰਨ 2007 ਨੂੰ ਪਹਿਲਾ ਸਥਾਨ ਪ੍ਰਾਪਤ ਕਰਕੇ ਇਕ ਹਜ਼ਾਰ ਰੁਪਏ ਦਾ ਨਕਦ ਇਨਾਮ ਜਿੱਤਿਆ।

ਫਿਰ ਇਸ ਨੌਂ-ਲੱਖੀ ਵੱਛੀ ਨੇ ਫਰਵਰੀ ਸੰਨ 2008 ਵਿਚ ਉੱਧਮ ਸਿੰਘ ਯਾਦਗਾਰੀ ਪਸ਼ੂ ਮੇਲੇ ਪਿੰਡ-ਦਮਦਮਾ ਜ਼ਿਲ੍ਹਾ ਸਰਸਾ ਵਿਖੇ ਵੈਹੜਾਂ ਦੇ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕਰਕੇ 3000 ਹਜ਼ਾਰ ਰੁ.ਦਾ ਇਨਾਮ ਜਿੱਤਿਆ ।

ਫਿਰ ਇਸ ਨੌਂ-ਲੱਖੀ ਗਾਂ ਨੇ ਮਾਰਚ ਸੰਨ 2009 ਨੂੰ ਦਮਦਮਾ ਵਿਚ ਸ੍ਰ. ਉਧਮ ਸਿੰਘ ਯਾਦਗਾਰੀ ਮੇਲੇ ਵਿਚ ਵੈਹੜਾਂ ਦੇ ਮੁਕਾਬਲੇ ਵਿਚ, ਦੂਜਾ ਥਾਂ ਪ੍ਰਾਪਤ ਕੀਤਾ ਤੇ 2000 ਰੁ. ਦਾ ਨਕਦ ਇਨਾਮ ਜਿੱਤਿਆ।

15-16 ਮਾਰਚ ਸੰਨ 2009 ਨੂੰ ਹਰਿਆਣਾ ਸਰਕਾਰ ਨੇ ਪੂਰੇ ਹਰਿਆਣਾ ਦੇ ਮੁਕਾਬਲੇ ਕਰਾਏ। ਇਸ ਵਿਚ ਵੈਹੜਾਂ ਦੇ ਮੁਕਾਬਲੇ ਵਿਚ ਨੌਂ-ਲੱਖੀ ਵੈਹੜ ਨੇ ਪੂਰੇ ਹਰਿਆਣੇ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ।

8-12 ਜਨਵਰੀ ਸੰਨ 2010 ਨੂੰ ਉੱਤਰੀ ਭਾਰਤ ਪਸ਼ੂ -ਧਨ ਚੈਂਪਿਅਨਸ਼ਿਪ ਮੁਕਤਸਰ ਵਿਚ ਇਸ ਨੌਂ-ਲੱਖੀ ਗਾਂ ਨੇ ਪੰਜਾਬ ਤੋਂ ਬਿਨਾਂ ਪੂਰੇ ਉੱਤਰੀ ਭਾਰਤ ਦੇ ਮੁਕਾਬਲੇ ਵਿਚੋਂ ਪੰਜਵਾਂ-ਥਾਂ ਪ੍ਰਾਪਤ ਕਰਕੇ 7,000 ਰੁਪਏ ਦਾ ਨਕਦ ਇਨਾਮ ਪ੍ਰਾਪਤ ਕੀਤਾ।

ਸੰਨ 2011 ਵਿਚ ਇਸ ਨੌਲੱਖੀ ਗਾਂ ਨੇ ਕੁਲ 90,000 ਰੁ. ਦੇ ਇਨਾਮ ਇਕ ਟਰਾਫੀ ਅਤੇ ਮੋਮੈਂਟੋ ਜਿੱਤੇ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

ਮੁਕਤਸਰ ਵਿਖੇ ਹੋਏ ਉੱਤਰੀ ਭਾਰਤ ਪਸ਼ੂ ਧਨ ਚੈਂਪੀਅਨਸ਼ਿਪ ਸੰਨ 2011 ਵਿਚ ਇਹ ਨੌਲੱਖੀ ਗਾਂ ਚੈਪੀਅਨ ਚੁਣੀ ਗਈ ਜਿਸ ਕਾਰਣ 51,000 ਰੁ. ਇਨਾਮ ਮਿਲਿਆ ਇਕ ਟਰਾਫੀ ਵੀ ਮਿਲੀ। ਦੁੱਧ ਚੁਆਈ ਮੁਕਾਬਲੇ ਵਿਚੋਂ ਇਸ ਨੇ 8000 ਰੁ. ਦਾ ਇਨਾਮ ਜਿੱਤਿਆ ਅਤੇ ਦੂਜੇ ਰਾਜਾਂ ਦੇ ਮੁਕਾਬਲੇ ਵਿਚੋਂ ਪਹਿਲੇ ਨੰ. ਤੇ ਆ ਕੇ 31.000 ਰੁ. ਦਾ ਇਨਾਮ ਜਿੱਤਿਆ ਤੇ ਇਕ ਮੋਮੈਂਟੋ ਪ੍ਰਾਪਤ ਕੀਤਾ।

ਇਸ ਨੌਂ-ਲੱਖੀ ਗਾਂ ਦੀ ਮਾਂ ਨਕੌੜੇ-ਵਾਲੀ ਗਾਂ ਨੇ 8-12 ਜਨਵਰੀ ਸੰਨ 2010 ਨੂੰ ਉੱਤਰੀ ਭਾਰਤ ਪਸ਼ੂ-ਧਨ ਚੈਂਪਿਅਨਸ਼ਿਪ ਮੁਕਤਸਰ ਵਿਚ ਪੰਜਾਬ ਤੋਂ ਬਿਨਾਂ ਪੂਰੇ ਉੱਤਰੀ ਭਾਰਤ ਦੇ ਰਾਜਾਂ ਦੇ ਮੁਕਾਬਲੇ ਵਿਚੋਂ ਦੂਜਾ-ਥਾਂ ਪ੍ਰਾਪਤ ਕੀਤਾ ਤੇ 21,000 ਰੁ.ਦਾ ਨਕਦ ਇਨਾਮ ਜਿੱਤਿਆ। ਸੰਨ 2011 ਨੂੰ ਹੋਏ ਮੁਕਾਬਲੇ ਵਿਚੋਂ ਇਸ ਨੇ ਜਰਸੀ ਨਸਲ ਵਿਚੋਂ ਦੁੱਧ ਚੁਆਈ ਮੁਕਾਬਲੇ ਵਿਚੋਂ ਚੌਥੇ ਸਥਾਨ 'ਤੇ ਆ ਕੇ 8000 ਰੁ. ਦਾ ਇਨਾਮ ਜਿੱਤਿਆ।

17 ਫਰਵਰੀ ਸੰਨ 2010 ਨੂੰ ਹਰਿਆਣਾ ਸਰਕਾਰ ਵਲੋਂ ਪਿੰਡ ਅੰਮ੍ਰਿਤਸਰ ਕਲਾਂ ਜ਼ਿਲ੍ਹਾ ਸਿਰਸਾ ਵਿਚ ਛੋਟੀਆਂ ਵੱਛੀਆਂ ਦਾ ਮੁਕਾਬਲਾ ਕਰਵਾਇਆ ਗਿਆ। ਇਸ ਵਿਚ ਨੌਂ-ਲੱਖੀ ਗਾਂ ਦੀ ਧੀ ਨੂਰੀ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 1000 ਰੁ. ਦਾ ਨਕਦ ਇਨਾਮ ਜਿੱਤਿਆ। ਸੰਨ 2011 ਵਿਚ ਇਸ ਨੇ ਦੂਜੇ ਰਾਜਾਂ ਦੇ ਮੁਕਾਬਲੇ

ਵਿਚੋਂ ਪਹਿਲੇ ਸਥਾਨ 'ਤੇ ਆ ਕੇ 21000 ਰੁ. ਦਾ ਇਨਾਮ ਜਿੱਤਿਆ।

ਨਾਥ ਗਊਸ਼ਾਲਾ ਦੇ ਸਾਹੀਵਾਲ ਸਾਨ੍ਹ ਮਨੀ ਨੇ 8-12 ਜਨਵਰੀ ਸੰਨ 2010 ਨੂੰ ਮੁਕਤਸਰ ਵਿਚ ਹੋਈ ਉੱਤਰੀ ਭਾਰਤ ਪਸ਼ੂਧਨ ਚੈਂਪਿਅਨਸ਼ਿਪ ਵਿਚ ਪੰਜਾਬ ਤੋਂ ਬਿਨਾਂ ਉਤਰੀ ਭਾਰਤ ਦੇ ਸਾਰੇ ਰਾਜਾਂ ਦੇ ਮੁਕਾਬਲੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ 31000 ਰੁ. ਦਾ ਨਕਦ ਇਨਾਮ ਜਿੱਤਿਆ।

ਇਸੇ ਮਨੀ ਸਾਨ੍ਹ ਨੇ ਮਾਰਚ 2009 ਨੂੰ ਸ੍ਰ. ਊਧਮ ਸਿੰਘ ਯਾਦਗਾਰੀ ਪਸ਼ੂ ਮੇਲਾ ਪਿੰਡ ਦਮਦਮਾ ਜ਼ਿਲ੍ਹਾ ਸਰਸਾ ਵਿਖੇ ਦੂਜਾ ਸਥਾਨ ਪ੍ਰਾਪਤ ਕਰਕੇ 2000 ਰੁ. ਦਾ ਇਨਾਮ ਜਿੱਤਿਆ।

ਫਿਰ ਇਸ ਮਨੀ ਸਾਨ੍ਹ ਨੇ ਸੰਨ 2010 ਨੂੰ ਸ੍ਰ. ਊਧਮ ਸਿੰਘ ਯਾਦਗਾਰੀ ਪਸ਼ੂ ਮੇਲਾ ਪਿੰਡ ਦਮਦਮਾ ਜ਼ਿਲ੍ਹਾ ਸਰਸਾ ਵਿਚ ਪਹਿਲਾ ਸਥਾਨ ਪ੍ਰਾਪਤ ਕਰਕੇ ਤਿੰਨ ਹਜ਼ਾਰ ਰੁ. ਦਾ ਇਨਾਮ ਜਿੱਤਿਆ। ਇਸ ਮਨੀ ਸਾਨ੍ਹ ਨੇ ਸੰਨ 2011 ਵਿਚ ਦੂਜੇ ਰਾਜਾਂ ਦੇ ਮੁਕਾਬਲੇ ਵਿਚੋਂ ਪਹਿਲੇ ਨੰ. ਤੇ ਆ ਕੇ 51,000ਰੁ. ਅਤੇ ਇਕ ਟਰਾਫੀ ਜਿੱਤੀ। ਮੁਕਤਸਰ ਵਿਖੇ ਹੋਏ ਉੱਤਰੀ ਭਾਰਤ ਚੈਂਪੀਅਨਸ਼ਿਪ ਸੰਨ 2011 ਦੇ ਮੁਕਾਬਲਿਆਂ ਵਿਚੋਂ ਪਹਿਲੇ ਨੰ. 'ਤੇ ਆ ਕੇ 31,000 ਰੁ. ਦਾ ਇਨਾਮ ਤੇ ਇਕ ਟਰਾਫੀ ਜਿੱਤੀ। ਇੰਜ ਸੰਨ 2011 ਵਿਚ ਇਸ ਨੇ ਹੁਣ ਤੀਕ 82,000 ਰੁ. ਦੇ ਇਨਾਮ ਜਿਤੇ।

ਨਾਥ ਗਊਸ਼ਾਲਾ ਦੀ ਮੁਹੱਰਾ ਨਸਲ ਦੀ ਮੱਝ ਨੇ ਹਰਿਆਣਾ ਸਰਕਾਰ ਵਲੋਂ ਪਿੰਡ-ਸੰਤਨਗਰ ਜ਼ਿਲ੍ਹਾ ਸਰਸਾ ਵਿਖੇ ਦਸੰਬਰ ਸੰਨ 2010 ਨੂੰ ਕਰਵਾਏ ਗਏ ਦੁੱਧ-ਚੁਵਾਈ ਮੁਕਾਬਲੇ ਵਿਚ 20 ਲੀਟਰ 700 ਗ੍ਰਾਮ ਦੁੱਧ ਦੇ ਕੇ ਪੰਦਰਾਂ ਹਜ਼ਾਰ ਰੁ. ਰੁਪਏ ਦਾ ਇਨਾਮ ਜਿੱਤਿਆ। ਮੁਕਤਸਰ ਵਿਖੇ ਹੋਏ ਉੱਤਰੀ ਭਾਰਤ ਪਸ਼ੂ ਧਨ ਚੈਪੀਅਨਸਿਪ ਸੰਨ 2011 ਨੂੰ ਹੋਏ ਮੁਕਾਬਲਿਆਂ ਵਿੱਚੋਂ ਦੁੱਧ ਚੁਆਈ ਮੁਕਾਬਲੇ ਵਿਚੋਂ ਇਸ ਨੇ ਚੌਥੇ ਨੰ. ਤੇ ਆ ਕੇ 10,000 ਰੁ. ਦਾ ਇਨਾਮ ਜਿੱਤਿਆ। ਸੰਨ 2011 ਵਿਚ ਹੋਏ ਮੁਕਾਬਲੇ ਵਿਚ ਅਜਮੇਰ ਵਾਲੀ ਐਚ.ਐਫ. ਗਾਂ ਨੇ ਨਸਲੀ ਮੁਕਾਬਲੇ ਵਿਚੋਂ ਚੌਥੇ ਨੰਬਰ 'ਤੇ ਆ ਕੇ 10,000 ਰੁ. ਦਾ ਇਨਾਮ ਜਿੱਤਿਆ।

ਮੁਕਤਸਰ ਤੇ ਚੱੜਿਕ ਵਿਚ ਹੋਈਆਂ ਪ੍ਰਤੀਯੋਗਤਾਵਾਂ ਵਿਚੋਂ ਇਨਾਮ ਲੈਣ ਵਾਲੀਆਂ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦੀਆਂ ਗਊਆਂ ਵਿਚ ਨਾਥ ਵਾਲੀ ਗਾਂ ਨੰ. 1 ਤੇ ਨੰ. 2 ਦਾ ਜ਼ਿਕਰ ਹੈ, ਉਹ ਨਾਥ ਡੇਅਰੀ ਫਾਰਮ ਸੰਤਨਗਰ ਤੋਂ ਖਰੀਦ ਕੇ ਲਿਆਂਦੀਆਂ ਗਊਆਂ ਹਨ।

# ਸ੍ਰੀ ਸਤਿਗੁਰੂ ਜੀ ਦਾ ਆਸ਼ੀਰਵਾਦ ਅਤੇ ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ (ਆਰੰਭ 30 ਸਤੰਬਰ ਸੰਨ 2009 (ਦੁਸਹਿਰਾ) ਸਮਾਪਤੀ 17 ਜਨਵਰੀ ਸੰਨ 2010 (ਮੱਘਰ ਦੀ ਸੰਗ੍ਰਾਂਦ ਨੂੰ)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਚਾਰਧਾਰਾ ਦੇ ਮੁਖ ਮੰਤਵ ਅਨੁਸਾਰ ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ ਦਾ ਉਦੇਸ਼ ਗਊ ਦੇ ਪ੍ਰਤੀ ਸਮਾਜ ਵਿਚ ਸੇਵਾ ਭਾਵ ਜਾਗ੍ਰਤ ਕਰ ਕੇ ਉਸਨੂੰ ਫਿਰ ਸਨਮਾਨਜਨਕ ਸਥਾਨ ਹਾਸਲ ਕਰਵਾਉਣਾ ਸੀ। ਇਹ ਸੋਚ ਵੀ ਕੰਮ ਕਰ ਰਹੀ ਸੀ ਕਿ ਗਊ ਦੇ ਮਹੱਤਵ ਤੇ ਗੁਣਾਂ ਬਾਰੇ ਸਮਾਜ ਨੂੰ ਜਾਣਕਾਰੀ ਦੇਣ ਨਾਲ ਸੇਵਾ ਭਾਵ ਪੈਦਾ ਹੋਵੇਗਾ ਅਤੇ ਗਊ ਨੂੰ ਸੁਰੱਖਿਆ ਮਿਲੇਗੀ। ਇਸ ਯਾਤਰਾ ਦਰਮਿਆਨ ਭਾਰਤ ਦੀ ਵਿਰਾਸਤ, ਪਿੰਡਾਂ ਦੀ ਸੰਸਕ੍ਰਿਤੀ ਅਤੇ ਗਊ ਪ੍ਰਤੀ ਸਨਮਾਨ ਤੇ ਸੇਵਾ-ਭਾਵ ਦੀਆਂ ਭਾਵਨਾਵਾਂ ਨੂੰ ਲੋਕਾਂ 'ਚ ਜਾਗ੍ਰਤ ਕੀਤਾ ਗਿਆ।

ਗਊ ਰੱਖਿਆ ਅੰਦੋਲਨ ਦੇ ਰੂਪ ਵਿਚ ਵਿਸ਼ਵ ਮੰਗਲ ਗਊ ਗਰਾਮ ਯਾਤਰਾ 30 ਸਤੰਬਰ ਸੰਨ 2009 ਤੋਂ ਕੁਰੂਕਸ਼ੇਤਰ ਤੋਂ ਸ਼ੁਰੂ ਹੋਈ। ਕ੍ਰੀਬ 108 ਦਿਨਾਂ ਦੀ 20,000 ਕਿਲੋਮੀਟਰ ਦੀ ਇਹ ਭਾਰਤ ਯਾਤਰਾ, ਵਿਸ਼ਵ ਭਰ ਦੀ ਖੁਸ਼ਹਾਲੀ ਤੇ ਸੁਖ-ਸ਼ਾਂਤੀ ਖਾਤਰ ਹੋਈ। ਇਸ ਇਤਿਹਾਸਕ ਯਾਤਰਾ ਦਾ ਸਮਾਪਨ ਸਮਾਰੋਹ 17 ਜਨਵਰੀ ਸੰਨ 2010 ਨੂੰ ਨਾਗਪੁਰ ਵਿਖੇ ਹੋਇਆ।

ਭਾਰਤ ਦੇ ਸਾਧੂ ਸੰਤਾਂ ਨੇ, ਹਰ ਧਰਮ ਤੇ ਹਰ ਫਿਰਕੇ ਦੇ ਲੋਕਾਂ ਨੇ ਇਸ ਯਾਤਰਾ ਵਿਚ ਸਹਿਯੋਗ ਦਿਤਾ। ਜਦੋਂ ਇਸ ਯਾਤਰਾ ਦੇ ਪ੍ਰਵਰਤਕ ਦੇ ਤੌਰ 'ਤੇ ਆਸ਼ੀਰਵਾਦ ਦੇਣ ਲਈ, ਵਿਸ਼ਵ ਹਿੰਦੂ ਪਰਿਸ਼ਦ ਦੇ ਅੰਤਰ ਰਾਸ਼ਟਰੀ ਅਹੁਦੇਦਾਰ ਸ੍ਰੀ ਦਿਨੇਸ਼ ਚੰਦਰ ਜੀ ਅਤੇ ਪੰਜਾਬ ਪ੍ਰਾਂਤ ਦੇ ਮੁਖੀ ਪ੍ਰਤੀਨਿਧੀ ਆਦਿ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ ਗਈ ਤਾਂ ਹਜ਼ੂਰ ਨੇ ਇਸ ਨੂੰ ਪ੍ਰਵਾਨ ਕੀਤਾ। ਵਿਸ਼ਵ ਸ਼ਾਂਤੀ, ਵਿਸ਼ਵ ਕਲਿਆਣ, ਗਊ-ਗ੍ਰੀਬ ਦੀ ਰੱਖਿਆ ਅਤੇ ਹੋਰ ਭਲੇ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਵਿਅਕਤੀਆਂ ਨਾਲ ਸ੍ਰੀ ਸਤਿਗੁਰੂ ਜੀ ਦਾ ਆਸ਼ੀਰਵਾਦ ਹਮੇਸ਼ਾਂ ਰਹਿੰਦਾ ਹੈ।

ਹਜ਼ੂਰੀ ਸੇਵਕ ਰਛਪਾਲ ਸਿੰਘ ਨੇ ਸੂਬਾ ਸਰਬਜੀਤ ਸਿੰਘ (ਗਵਾਲੀਅਰ) ਨੂੰ ਮੁੱਖ ਪ੍ਰਬੰਧਕ ਬਣਾ ਕੇ ਯਾਤਰਾ ਦੀ ਜਿੰਮੇਵਾਰੀ ਸੌਂਪੀ ਅਤੇ ਸ੍ਰੀ ਭੈਣੀ ਸਾਹਿਬ ਤੋਂ ਇਕ ਬਹੁਤ ਵਧੀਆ ਸਜਾਏ ਗਏ ਰਥ ਨੂੰ ਸ੍ਰੀ ਸਤਿਗੁਰੂ ਜੀ ਦਾ ਆਸ਼ੀਰਵਾਦ ਲੈ ਕੇ ਤੋਰਿਆ। ਸੰਤ ਗੁਰਸੇਵ ਸਿੰਘ ਚੰਨ (ਮੰਡੀ) ਦੀ ਗੱਡੀ ਰਥ ਵਜੋਂ ਸੇਵਾ ਵਿਚ ਰਹੀ।

ਕਰਨਾਟਕ ਗੋਕਰਨਪੀਠ ਦੇ ਪੀਠਾਧੀਸ਼ਵਰ ਜਗਦਗੁਰੂ ਸ਼ੰਕਰਾਚਾਰੀਆ ਸੁਆਮੀ ਰਾਘਵੇਸ਼ਵਰ ਭਾਰਤੀ ਜੀ ਦੀ ਸੁਯੋਗ ਅਗਵਾਈ ਹੇਠ ਵਿਜੈਦਸ਼ਮੀ ਦੇ ਦਿਨ ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ ਸ਼ੁਰੂ ਹੋਈ। ਇਸ ਯਾਤਰਾ ਨੂੰ ਦੇਸ਼ ਦੇ ਮਹਾਂਪੁਰਸ਼ ਸੰਤਾਂ ਅਤੇ ਪੂਜਨੀਕ ਗੁਰੂਆਂ- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਸ੍ਰੀ ਰਵੀਸ਼ੰਕਰ ਜੀ, ਯੋਗਗੁਰੂ ਸੁਆਮੀ ਰਾਮ ਦੇਵ ਜੀ, ਸ੍ਰੀ ਮਾਤਾ ਅਮ੍ਰਿਤਾਨੰਦਮਈ ਜੀ, ਸੁਆਮੀ ਦਯਾਨੰਦ ਜੀ, ਸੁਆਮੀ ਵਿੱਦਿਆਸਾਗਰ ਜੀ, ਦਿਗੰਬਰ ਜੈਨਾਚਾਰੀਆ ਮੁਨਿ ਸ੍ਰੀ ਵਿਜੈ ਰਤਨਸੁੰਦਰ ਜੀ, ਜੈਨਾਚਾਰੀਆ ਮੁਨਿ ਮਹਾਂਪ੍ਰਗਿਆ ਜੀ, ਸ੍ਰੀ ਮੁਰਾਰੀ ਬਾਪੂ ਜੀ, ਸਾਧਵੀ ਰਿਤੰਭਰਾਜੀ, ਡਾ. ਪ੍ਰਣਵ ਪਾਂਡੇ ਜੀ ਅਤੇ ਡਾ.ਐਚ.ਆਰ. ਨਾਗੇਂਦਰ ਆਦਿ ਦਾ ਸਾਥ ਤੇ ਸਹਿਯੋਗ ਪ੍ਰਾਪਤ ਹੋਇਆ।

ਯਾਤਰਾ ਸ਼ੁਰੂ ਕਰਨ ਤੋਂ ਪਹਿਲੋਂ 29 ਸਤੰਬਰ ਸੰਨ 2009 ਨੂੰ ਦੁਸਿਹਰੇ ਵਾਲੇ ਦਿਨ, ਇਕ ਬਹੁਤ ਵੱਡੇ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸਾਰੇ ਧਰਮਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ।

ਨਾਮਧਾਰੀ ਸੰਗਤ ਵੀ ਪਹੁੰਚੀ। ਸ੍ਰੀ ਸਤਿਗੁਰੂ ਜੀ ਦੇ ਪ੍ਰਤੀਨਿਧੀ ਦੇ ਤੌਰ 'ਤੇ ਹਜ਼ੂਰੀ ਸੇਵਕ ਹਰਪਾਲ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਵਲੋਂ ਆਸ਼ੀਰਵਾਦ ਤੇ ਸੰਦੇਸ਼ ਦੇ ਤੌਰ 'ਤੇ ਵਿਚਾਰ ਪੇਸ਼ ਕੀਤੇ।

ਸੇਵਕ ਹਰਪਾਲ ਸਿੰਘ ਦੁਆਰਾ ਲਿਖੀ ਪੁਸਤਿਕਾ, ' ਗਊਅਨ ਕੇ ਰਖਵਾਰੇ ' ( ਹਿੰਦੀ ਤੇ ਪੰਜਾਬੀ) ਵੀ ਯਾਤਰਾ ਦਰਮਿਆਨ ਲੋਕਾਂ ਵਿਚ ਵੰਡੀ ਗਈ। ਇਸ ਪੁਸਤਿਕਾ ਦਾ ਹਿੰਦੀ ਅਨੁਵਾਦ ਸੂਬਾ ਸਰਬਜੀਤ ਸਿੰਘ (ਗਵਾਲੀਅਰ ਵਾਲੇ) ਨੇ ਕੀਤਾ। ਜਿੱਥੇ ਜਿੱਥੇ ਯਾਤਰਾ ਪਹੁੰਚਦੀ ਸੀ, ਕੂਕਾ ਅੰਦੋਲਨ ਨਾਲ ਸੰਬੰਧਤ ਇਤਿਹਾਸਕ ਤਸਵੀਰਾਂ ਦੀ ਪ੍ਰਦਰਸ਼ਨੀ ਉਥੇ ਲਗਾਈ ਜਾਂਦੀ ਰਹੀ।

ਜਦੋਂ 30 ਸਤੰਬਰ ਸੰਨ 2009 ਨੂੰ ਸਵੇਰ ਤੋਂ ਇਹ ਯਾਤਰਾ ਦੇਸ਼ ਦੇ ਹਰ ਰਾਜ ਦੇ ਮੁਖ ਸ਼ਹਿਰਾਂ ਵਿਚ ਜਾਣ ਲਈ ਚਲੀ ਤਾਂ ਇਸ ਦੇ ਅੱਗੇ ਇਕ ਬਹੁਤ ਸੋਹਣਾ ਰੱਥ ਚਲਿਆ ਜਿਸ ਦੇ ਅੱਗੇ ਲਿਖਿਆ ਸੀ-' ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ ' ਉਸ ਪਿਛੇ ਗਊ ਦੀ ਵੱਡ ਅਕਾਰੀ ਮੂਰਤੀ ਅਤੇ ਨਾਲ ਦੁੱਧ ਪੀਂਦੇ ਵੱਛੇ ਦੀ ਤਸਵੀਰ ਸੀ।

ਪਿੰਡਾਂ ਤੇ ਕਸਬਿਆਂ ਵਿੱਚੋਂ ਆ ਕੇ ਕਈ ਉਪ-ਯਾਤਰਾਵਾਂ ਇਸ ਮੁੱਖ ਯਾਤਰਾ ਵਿੱਚ ਮਿਲੀਆਂ।

ਨਾਮਧਾਰੀ ਪੰਥ ਵਲੋਂ ਇਕ ਸੁੰਦਰ ਰਥ ਇਸ ਯਾਤਰਾ ਸਮੇਂ ਨਾਲ ਰਿਹਾ। ਇਸ ਵਿਚਕਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਵੱਡ ਅਕਾਰੀ ਚਿੱਤਰ, ਗਊਆਂ ਦੀ ਰੱਖਿਆ ਲਈ ਅੰਮ੍ਰਿਤਸਰ ਸਾਕੇ ਦੇ ਫਾਂਸੀ ਨਾਲ ਅਤੇ ਮਲੇਰਕੋਟਲੇ ਸਾਕੇ ਦੇ ਤੋਪਾਂ ਨਾਲ ਉਡਾਏ ਗਏ ਨਾਮਧਾਰੀ ਸ਼ਹੀਦਾਂ ਦੀਆਂ ਤਸਵੀਰਾਂ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਗਊਆਂ ਨਾਲ ਤਸਵੀਰਾਂ ਅਤੇ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ, ਮਸਤਾਨਗੜ੍ਹ, ਹਿੰਮਤਪੁਰਾ ਅਤੇ ਬੰਗਲੌਰ ਆਦਿ ਵਿਖੇ ਸਥਾਪਤ ਗਊਸ਼ਾਲਾਵਾਂ ਦੀਆਂ, ਗਊਆਂ ਦੀ ਸੇਵਾ ਅਤੇ ਸੰਭਾਲ ਨਾਲ ਸੰਬੰਧਤ ਇਨਾਮ ਸਨਮਾਨਾਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਸਨ। ਥਾਂ ਥਾਂ 'ਤੇ ਇਸ ਰਥ ਨੂੰ ਲੋਕਾਂ ਨੇ ਦਿਲਚਸਪੀ ਨਾਲ ਵੇਖਿਆ ਅਤੇ ਪ੍ਰਭਾਵਤ ਹੋਏ।

ਇਸ ਯਾਤਰਾ ਦਰਮਿਆਨ ਆਮ ਲੋਕਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਕੂਕਾ ਅੰਦੋਲਨ ਬਾਰੇ ਅਤੇ ਨਾਮਧਾਰੀ ਸਿੱਖਾਂ ਦੁਆਰਾ ਗਊ ਰੱਖਿਆ ਅਤੇ ਦੇਸ਼ ਦੀ ਅਜ਼ਾਦੀ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਮਿਲਿਆ।

ਭਾਰਤ ਦੇ ਰਾਜਾਂ ਹਰਿਆਣਾ, ਪੰਜਾਬ, ਜੰਮੂ, ਰਾਜਸਥਾਨ, ਚੰਡੀਗੜ੍ਹ, ਹਿਮਾਚਲ, ਗੁਜਰਾਤ, ਮੱਧ ਪ੍ਰਦੇਸ਼ ਅਤੇ ਯੂ.ਪੀ. ਆਦਿ ਹਰ ਥਾਂ, ਜਿਸ ਸ਼ਹਿਰ ਵਿਚ ਯਾਤਰਾ ਜਾਂਦੀ ਰਹੀ, ਨਾਮਧਾਰੀ ਪੰਥ ਦੇ ਪ੍ਰਤੀਨਿਧੀ, ਉਥੋਂ ਦੇ ਸੂਬੇ ਸਾਹਿਬਾਨ, ਸੰਗਤ ਦੇ ਪ੍ਰਧਾਨ ਅਤੇ ਸਾਧ-ਸੰਗਤ ਉਥੇ ਪਹੁੰਚਦੇ ਰਹੇ। ਯਾਤਰਾ ਵਿੱਚ ਸ਼ਾਮਲ ਸਭਨਾਂ ਨੂੰ ਕਈ ਥਾਈਂ ਨਾਮਧਾਰੀਆਂ ਵਲੋਂ ਜਲ-ਪਾਣੀ ਅਤੇ ਪ੍ਰਸ਼ਾਦਾ ਵੀ ਛਕਾਇਆ ਜਾਂਦਾ ਰਿਹਾ।

ਸੂਬਾ ਸਰਬਜੀਤ ਸਿੰਘ ਗਵਾਲੀਅਰ, ਸਰਵ ਸ੍ਰੀ ਜਗਦੀਸ਼ ਸਿੰਘ ਅੰਮ੍ਰਿਤਸਰ, ਸੁਤੰਤਰਪਾਲ ਸਿੰਘ, ਫੋਟੋਗ੍ਰਾਫਰ ਸੂਰਤਪਾਲ ਸਿੰਘ, ਮਲਕੀਤ ਸਿੰਘ ਅਤੇ ਦਰਸ਼ਨ ਸਿੰਘ ਆਦਿ ਵਧੇਰੇ ਥਾਵਾਂ 'ਤੇ ਨਾਲ ਰਹੇ।

ਹਰ ਥਾਂ ਨਾਮਧਾਰੀ ਪ੍ਰਤੀਨਿਧਾਂ ਨੂੰ ਸਟੇਜ 'ਤੇ ਬਿਠਾਇਆ ਗਿਆ, ਬੋਲਣ ਦਾ ਮੌਕਾ ਦਿੱਤਾ ਗਿਆ ਅਤੇ ਸਨਮਾਨਤ ਕੀਤਾ ਗਿਆ। ਕਈ ਥਾਵਾਂ 'ਤੇ ਇਨ੍ਹਾਂ ਤੋਂ ਦੀਪ ਪ੍ਰਜਵਲਿਤ ਕਰਵਾ ਕੇ ਸਮਾਗਮ ਸ਼ੁਰੂ ਕਰਵਾਇਆ ਜਾਂਦਾ ਰਿਹਾ। ਦੂਰਦਰਸ਼ਨ ਵਾਲਿਆਂ ਵਲੋਂ ਲਏ ਗਏ ਇੰਟਰਵਿਊ ਦਰਮਿਆਨ ਅਤੇ ਪ੍ਰੈਸ ਕਾਨਫਰੰਸਾਂ ਵਿਚ ਸਤਿਗੁਰੂਆਂ ਅਤੇ ਨਾਮਧਾਰੀ ਸਿੱਖਾਂ ਵਲੋਂ ਗਊ ਰੱਖਿਆ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਅਤੇ ਗਊ-ਸੇਵਾ ਅਤੇ ਸੰਭਾਲ ਦਾ ਜ਼ਿਕਰ ਕੀਤਾ ਜਾਂਦਾ ਰਿਹਾ।

**ਭੂਪਾਲ ਵਿਖੇ ਸ੍ਰੀ ਗੋਵਿੰਦਾ ਚਾਰਿਆ ਜੀ ਨੇ ਕਿਹਾ,**

**"ਨਾਮਧਾਰੀ ਸਿੱਖਾਂ ਨੇ ਜਿਹੜੀਆਂ ਕੁਰਬਾਨੀਆਂ ਕੀਤੀਆਂ ਹਨ, ਉਨ੍ਹਾਂ ਦੇ ਸਾਹਮਣੇ ਇਹ ਯਾਤਰਾ ਇਕ ਤੁੱਛ ਪ੍ਰਯਾਸ ਹੈ। ਸਤਿਗੁਰਾਂ ਅਤੇ ਉਨ੍ਹਾਂ ਦੇ ਸਿੱਖਾਂ ਸਾਹਮਣੇ ਅਸੀਂ ਨਮਨ ਕਰਦੇ ਹਾਂ।"**

ਇਸ ਚਲ ਰਹੀ ਯਾਤਰਾ ਵਿੱਚੋਂ ਥੋੜ੍ਹੇ ਸਮੇਂ ਲਈ ਨਿਕਲ ਕੇ ਸਵਾਮੀ ਅਖਿਲੇਸ਼ਵਰਾਨੰਦ ਜੀ, ਸ੍ਰੀ ਸ਼ੰਕਰਲਾਲ

ਜੀ ਤੇ ਉਨ੍ਹਾਂ ਦੇ ਕੁਝ ਸਾਥੀ, ਸੂਬਾ ਸਰਬਜੀਤ ਸਿੰਘ ਅਤੇ ਸੰਤ ਸੁਤੰਤਰਪਾਲ ਸਿੰਘ ਆਦੀ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਲਈ 5 ਅਕਤੂਬਰ ਸੰਨ 2010 ਨੂੰ ਸ੍ਰੀ ਭੈਣੀ ਸਾਹਿਬ ਪਹੁੰਚੇ। ਇਹ ਸਭ ਦਰਸ਼ਨ ਕਰਕੇ ਬਹੁਤ ਪ੍ਰਭਾਵਿਤ ਹੋਏ।

ਸਵਾਮੀ ਅਖਿਲੇਸ਼ਵਰਨੰਦ ਜੀ ਨੇ ਨਾਮਧਾਰੀ ਪ੍ਰਤੀਨਿਧਾਂ ਨੂੰ ਆਖਿਆ,

"ਮੈਂ ਜੀਵਨ ਭਰ ਤੁਹਾਡੇ ਇਸ ਪਰਉਪਕਾਰ ਦਾ ਰਿਣੀ ਰਹਾਂਗਾ, ਤੁਸੀਂ ਮੈਨੂੰ ਇਹੋ-ਜਿਹੇ ਮਹਾਂਪੁਰਖ ਸਤਿਗੁਰਾਂ ਦੇ ਦਰਸ਼ਨ ਕਰਾਏ ਹਨ। ਇਹੋ-ਜਿਹੇ ਅਲੌਕਿਕ ਦਰਸ਼ਨ ਮੈਂ ਪਹਿਲਾਂ ਕਦੇ ਨਹੀਂ ਕੀਤੇ। ਮੇਰੇ ਲਈ ਇਹ ਅਵਸਰ ਬਹੁਤ ਸੁਭਾਗਾ ਸੀ।"

ਇਹ ਆਖਦਿਆਂ ਉਹ ਬਹੁਤ ਭਾਵੁਕ ਹੋ ਗਏ ਅਤੇ ਉਨ੍ਹਾਂ ਦੀਆਂ ਅੱਖਾਂ ਭਰ ਆਈਆਂ। ਯਾਤਰਾ ਦਰਮਿਆਨ, ਸਟੇਜ 'ਤੇ ਬੋਲਦਿਆਂ ਉਨ੍ਹਾਂ ਨੇ ਕ੍ਰੀਬ ਹਰ ਥਾਂ ਸ੍ਰੀ ਸਤਿਗੁਰੂ ਜੀ ਅਤੇ ਨਾਮਧਾਰੀਆਂ ਸਿੱਖਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ।

ਅਮਰਾਵਤੀ ਤੋਂ ਨਾਗਪੁਰ ਪਰਤਦਿਆਂ ਸਮੇਂ Fun of Food village ਵਾਲੇ ਸੰਤ ਸੇਵਾ ਸਿੰਘ (ਤੰਬੂਆਂ ਵਾਲਿਆਂ) ਨੇ ਯਾਤਰਾ ਦਾ ਸ਼ਾਨਦਾਰ ਸੁਆਗਤ ਕੀਤਾ। ਅਰਾਮ ਕਰਨ ਲਈ ਡੇਰੇ ਲਗਵਾਏ ਗਏ ਅਤੇ ਖਾਣਾ ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

ਨਾਮਧਾਰੀਆਂ ਵਲੋਂ ਸੁਲਤਾਨਪੁਰ ਯੂ.ਪੀ. ਵਿਖੇ ਸੂਬਾ ਰਤਨ ਸਿੰਘ ਜੀ, ਛੱਤੀਸਗੜ੍ਹ ਵਿਖੇ ਸੰਤ ਅਮਰਜੀਤ ਸਿੰਘ, ਭੂਪਾਲ ਵਿਖੇ ਸੰਤ ਕੁਲਦੀਪ ਸਿੰਘ ਕਲਸੀ, ਇੰਦੌਰ ਵਿਖੇ ਸੰਤ ਅਜਮੇਰ ਸਿੰਘ, ਗਵਾਲੀਅਰ ਵਿਖੇ ਸੂਬਾ ਸਰਬਜੀਤ ਸਿੰਘ ਜੀ, ਲਖਨਊ ਵਿਖੇ ਸੰਤ ਭਗਵੰਤ ਸਿੰਘ ਸੋਨੂੰ, ਦਿੱਲੀ ਵਿਖੇ ਸੂਬਾ ਸੁਖਦੇਵ ਸਿੰਘ ਜੀ, ਸਰਸੇ ਵਿਖੇ ਪ੍ਰਧਾਨ ਲਖਬੀਰ ਸਿੰਘ, ਮੁੰਬਈ ਵਿਖੇ ਸੰਤ ਬਲਦੇਵ ਸਿੰਘ ਕਲਸੀ, ਆਦਿ ਨੇ ਆਪਣੇ ਪਰਿਵਾਰਾਂ ਅਤੇ ਨਾਮਧਾਰੀ ਸਾਧ ਸੰਗਤ ਸਮੇਤ ਇਸ ਯਾਤਰਾ ਦਾ ਬਹੁਤ ਸ਼ਾਨਦਾਰ ਸੁਆਗਤ ਕੀਤਾ ਅਤੇ ਆਓ ਭਗਤ ਕੀਤੀ। ਆਪਣੇ ਵਾਹਨਾਂ ਨਾਲ ਇਸ ਯਾਤਰਾ ਵਿਚ ਸ਼ਿਰਕਤ ਕੀਤੀ। ਸਾਰਿਆਂ ਦੇ ਨਾਂ ਨਹੀਂ ਲਿਖੇ ਜਾ ਸਕਦੇ। ਇਹ ਮੈਂ ਮਿਸਾਲ ਦੇ ਤੌਰ 'ਤੇ ਸਿਰਫ ਕੁਝ ਕੁ ਦਾ ਜ਼ਿਕਰ ਕੀਤਾ ਹੈ।

## ਨਾਗਪੁਰ ਵਿਖੇ ਗਊ ਗ੍ਰਾਮ ਯਾਤਰਾ ਦਾ ਸਮਾਪਨ ਸਮਾਰੋਹ

16 ਜਨਵਰੀ ਸੰਨ 2010 ਨੂੰ (ਸਮਾਪਨ ਸਮਾਰੋਹ ਤੋਂ ਇਕ ਦਿਨ ਪਹਿਲੋਂ) ਨਾਗਪੁਰ ਸ਼ਹਿਰ ਵਿਖੇ ਇਸ ਸਾਰੀ ਯਾਤਰਾ ਦੀ ਸ਼ੋਭਾ ਯਾਤਰਾ ਨਿਕਲੀ। ਯਾਤਰਾ ਦੇ ਆਗਮਨ ਸਮੇਂ ਪੂਰੇ ਸ਼ਹਿਰ ਵਿਚ ਸੜਕ ਦੇ ਦੋਨੋਂ ਪਾਸੇ ਖੜੇ ਗਊ-ਸ਼ਰਧਾਲੂਆਂ ਨੇ ਬੜੀ ਗਰਮ ਜੋਸ਼ੀ ਅਤੇ ਸ਼ਰਧਾ ਭਾਵਨਾ ਨਾਲ ਦੀਪਮਾਲਾ ਕਰਦਿਆਂ, ਆਰਤੀ ਉਤਾਰਦਿਆਂ ਅਤੇ ਫੁੱਲਾਂ ਦੀ ਵਰਖਾ ਕਰਦਿਆਂ ਯਾਤਰਾ ਦਾ ਸੁਆਗਤ ਕੀਤਾ।

ਗਊ ਗ੍ਰਾਮ ਯਾਤਰਾ ਵਾਲੇ ਰਥ ਦੇ ਨਾਲ-ਨਾਲ 'ਕੂਕਾ ਅੰਦੋਲਨ' ਨੂੰ ਪ੍ਰਦਰਸ਼ਿਤ ਕਰਦੀ ਗੱਡੀ ਵੀ ਚਲ ਰਹੀ ਸੀ ਅਤੇ ਨਾਮਧਾਰੀ ਪ੍ਰਤੀਨਿਧੀ ਅਤੇ ਸਾਧ ਸੰਗਤ ਵੀ ਸ਼ਾਮਲ ਸੀ।

17 ਜਨਵਰੀ ਸੰਨ 2010 ਨੂੰ ਵਿਸ਼ਵ ਮੰਗਲ ਗਊਗ੍ਰਾਮ ਯਾਤਰਾ ਦਾ ਨਾਗਪੁਰ ਵਿਖੇ ਸਮਾਪਨ ਸਮਾਰੋਹ ਇੱਕ ਬਹੁਤ ਵੱਡੇ ਪੱਧਰ ਦਾ ਪ੍ਰੋਗਰਾਮ ਸੀ। ਇਸ ਵਿਚ ਸੁਆਮੀ ਰਾਘਵੇਸ਼ਵਰ ਸੁਆਮੀ ਜੀ ਤੋਂ ਇਲਾਵਾ ਰਾਸ਼ਟਰੀ ਸਵੈ-ਸੰਘ ਦੇ ਮੌਜੂਦਾ ਪ੍ਰਮੁੱਖ ਸ੍ਰੀ ਮੋਹਨ ਭਾਗਵਤ ਜੀ, ਸੁਆਮੀ ਰਾਮਦੇਵ ਜੀ, ਜੈਨ ਮੁਨੀ ਅਤੇ ਉਨ੍ਹਾਂ ਦੇ ਪ੍ਰਤੀਨਿਧੀ, ਮੁਸਲਮਾਨ ਸੂਫ਼ੀ-ਸੰਤ ਅਤੇ ਉਨ੍ਹਾਂ ਦੇ ਪ੍ਰਤੀਨਿਧੀ ਅਤੇ ਬਾਪੂ ਆਸਾ ਰਾਮ ਜੀ ਦੇ ਸਪੁੱਤਰ ਉਨ੍ਹਾਂ ਦੇ ਪ੍ਰਤੀਨਿਧੀ ਵਜੋਂ ਅਤੇ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਵੱਡੀ ਗਿਣਤੀ ਵਿਚ ਸ਼ਾਮਲ ਸਨ।

ਨਾਮਧਾਰੀ ਪ੍ਰਤੀਨਿਧਾਂ ਵਲੋਂ ਸ੍ਰੀ ਸਤਿਗੁਰੂ ਜੀ ਦੀ ਵਿਚਾਰਧਾਰਾ ਨੂੰ ਪੇਸ਼ ਕੀਤਾ ਗਿਆ ਅਤੇ ਸਤਿਗੁਰੂ ਜੀ ਦਾ ਸੰਦੇਸ਼ ਸੁਣਾਇਆ ਗਿਆ।

17 ਜਨਵਰੀ ਸੰਨ 2010 ਨੂੰ ਇਸ ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ ਦੇ ਨਾਗਪੁਰ ਵਿਖੇ ਸਮਾਪਨ ਸਮਾਰੋਹ ਸਮੇਂ ਸ੍ਰੀ ਸਤਿਗੁਰੂ ਜੀ ਵਲੋਂ ਇਹ ਪ੍ਰਤੀਨਿਧੀ ਸ਼ਾਮਲ ਹੋਏ–

ਹਜ਼ੂਰੀ ਸੇਵਕ ਹਰਪਾਲ ਸਿੰਘ, ਸੂਬਾ ਸਰਬਜੀਤ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਹਰਵਿੰਦਰ ਕੌਰ, ਸੰਤ ਸੁਤੰਤਰਪਾਲ ਸਿੰਘ, ਡਾ:ਇਕਬਾਲ ਸਿੰਘ, ਜਥੇਦਾਰ ਪ੍ਰੀਤਮ ਸਿੰਘ ਕਵੀ ਤੇ ਉਨ੍ਹਾਂ ਦੇ ਸਾਥੀ, ਡਾ: ਜੋਗਿੰਦਰ ਸਿੰਘ ਜਬਲਪੁਰ, ਹਜ਼ੂਰੀ ਲਾਂਗਰੀ ਰਣਜੀਤ ਸਿੰਘ, ਸੰਤ ਮਲਕੀਤ ਸਿੰਘ, ਸੰਤ ਗੁਰਮੁਖ ਸਿੰਘ ਰਾਏ, ਸੰਤ ਦਰਸ਼ਨ ਸਿੰਘ ਫੋਟੋਗ੍ਰਾਫਰ, ਸੰਤ ਬਲਵੰਤ ਸਿੰਘ, ਸਪੁੱਤਰ ਸੰਤ ਬਲਬੀਰ ਸਿੰਘ ਰਿਕਾਰਡਿੰਗ ਵਾਲੇ ਆਦਿਕ ਅਤੇ ਹੋਰ ਨਾਮਧਾਰੀ ਸੰਗਤ।

ਇਸ ਮੌਕੇ ਸ੍ਰੀ ਸਤਿਗੁਰੂ ਜੀ ਵਲੋਂ, ਹਜ਼ੂਰੀ ਸੇਵਕ ਹਰਪਾਲ ਸਿੰਘ, ਸੂਬਾ ਸਰਬਜੀਤ ਸਿੰਘ ਨੇ ਸੁਆਮੀ ਰਾਘਵੇਸ਼ਵਰ ਭਾਰਤੀ ਜੀ ਨੂੰ ਸਿਰੋਪਾਓ (ਮਾਲਾ, ਆਸਣ, ਪਊਏ ਆਦਿ) ਦੇ ਕੇ ਸਨਮਾਨਤ ਕੀਤਾ।

ਇੰਜ ਇਸ ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ ਵਿੱਚ, ਹਿੰਦੂ ਵਿਸ਼ਵ ਪਰਿਸ਼ਦ, ਰਾਸ਼ਟਰੀ ਸਵੈ ਸੇਵਕ ਸੰਘ, ਜੈਨ ਮੁਨੀ, ਸਾਧੂ ਸੰਤਾਂ ਅਤੇ ਗਊ ਪ੍ਰੇਮੀਆਂ ਦਾ ਵਿਸ਼ੇਸ਼ ਯੋਗਦਾਨ ਅਤੇ ਸੁਚਾਰੂ ਪ੍ਰਬੰਧ ਸੀ। ਹਿੰਦੂ-ਸਿੱਖ, ਇਸਾਈ, ਮੁਸਲਮਾਨ, ਸਾਰੀਆਂ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਅਤੇ ਕ੍ਰੀਬ ਹਰ ਰਾਜਨੀਤਕ ਪਾਰਟੀ ਨੇ ਇਸ ਵਿੱਚ ਪੂਰਨ ਸਹਿਯੋਗ ਦਿੱਤਾ।

## ਦਿੱਲੀ ਵਿਖੇ ਹਸਤਾਖਰ ਸਮਰਪਣ ਸਮਾਰੋਹ

31 ਜਨਵਰੀ ਸੰਨ 2010 ਨੂੰ ਦਿੱਲੀ ਵਿਖੇ ਹਸਤਾਖਰ ਸਮਰਪਣ ਸਮਾਰੋਹ ਹੋਇਆ। ਵੱਡੇ ਪੱਧਰ ਦੇ ਇਸ ਸਮਾਰੋਹ ਵਿਚ ਭਰਵਾਂ ਇਕੱਠ ਹੋਇਆ। ਭਾਰਤ ਦੀਆਂ ਪ੍ਰਮੁੱਖ ਸ਼ਖਸੀਅਤਾਂ ਇਸ ਵਿੱਚ ਸ਼ਾਮਲ ਸਨ। ਅੱਠ ਕਰੋੜ 70 ਲੱਖ ਹਸਤਾਖਰਾਂ ਵਾਲਾ ਮੈਮੋਰੈਂਡਮ (ਗਊ ਰੱਖਿਆ ਸੰਬੰਧੀ) ਦੇਸ਼ ਦੀ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਨੂੰ ਸੌਂਪਿਆ ਜਾਣਾ ਸੀ।

ਇਸ ਸਮਾਰੋਹ ਵਿਚ ਨਾਮਧਾਰੀ ਪ੍ਰਤੀਨਿਧਾਂ ਵਜੋਂ ਸੂਬਾ ਸੁਖਦੇਵ ਸਿੰਘ ਦਿੱਲੀ, ਸੂਬਾ ਸਰਬਜੀਤ ਸਿੰਘ, ਸੰਤ ਜਸਬੀਰ ਸਿੰਘ ਕੋਨਾ (ਦਿੱਲੀ) ਸਟੇਜ ’ਤੇ ਬੈਠੇ ਸਨ।

ਇਥੇ ਚਲ ਰਹੇ ਪ੍ਰੋਗਰਾਮ ਵਿੱਚੋਂ ਉਠ ਕੇ ਇਕ ਪ੍ਰਤੀਨਿਧੀ ਮੰਡਲ, ਰਾਸ਼ਟਰਪਤੀ ਜੀ ਨੂੰ ਹਸਤਾਖਰ ਅਤੇ ਗਿਆਪਨ ਪੱਤਰ (ਮੈਮੋਰੈਂਡਮ) ਸੌਂਪਣ ਗਿਆ।

ਇਹ ਮੈਮੋਰੈਂਡਮ, ਰਾਸ਼ਟਰਪਤੀ ਜੀ ਨੂੰ ਦੇਣ ਲਈ ਜਿਹੜੇ ਅਠਾਰਾਂ ਜਣੇ ਪ੍ਰਤੀਨਿਧੀ ਵਜੋਂ ਗਏ, ਉਨ੍ਹਾਂ ਵਿਚ ਇੱਕ ਨਾਮਧਾਰੀ ਦਿੱਲੀ ਦੇ ਸੰਤ ਜਸਬੀਰ ਸਿੰਘ ਜੀ ਕੋਨਾ (ਸਾਬਕਾ ਪ੍ਰਧਾਨ, ਨਾਮਧਾਰੀ ਵਿਦਿਅਕ ਜੱਥਾ ਦਿੱਲੀ) ਸ਼ਾਮਲ ਸਨ।

ਇਹ ਅਠਾਰਾਂ ਸ਼ਖਸੀਅਤਾਂ ਹੇਠ ਲਿਖੀਆਂ ਸਨ–

1. ਸ਼ੰਕਰਾਚਾਰੀਆ ਰਾਘਵੇਸ਼ਵਰ ਸੁਆਮੀ ਜੀ
2. ਪੂਜਯ ਬਾਬਾ ਰਾਮਦੇਵ ਜੀ ਪਤਾਂਜਲੀ ਯੋਗਪੀਠ ਹਰਿਦੁਆਰ
3. ਪੂਜਯ ਸ੍ਰੀ ਕੇ.ਸੀ.ਸੁਦਰਸ਼ਨ ਜੀ ਪੂਰਵ ਸਰਵ ਸੰਚਾਲਕ ਆਰ.ਆਰ.ਐਸ.
4. ਸਾਧਵੀ ਰਿਤੰਭਰਾ ਜੀ
5. ਪੂਜਯ ਪਰਮਾਨੰਦ ਜੀ ਮਹਾਰਾਜ
6. ਪੂਜਯ ਰਾਹੁਲ ਬੋਧੀ ਜੀ, ਬੁੱਧ ਸੰਸਥਾਪਕ, ਯੂਨਾਇਟਿਡ ਬੋਧਿਸ਼ਟ ਸੋਸਾਇਟੀ
7. ਪੂਜਯ ਵਿਸ਼ਵੇਸ਼ਵਰ ਜੀ ਮਹਾਰਾਜ ਤੇਜਪੀਠ ਆਧੀਸ਼
8. ਸ. ਜੋਗਿੰਦਰ ਸਿੰਘ ਜੀ, ਪੂਰਵ ਮਹਾਂਨਿਰਦੇਸ਼ਕ ਸੀ.ਬੀ.ਆਈ.
9. ਪੂਜਯ ਵਿਜਯਾਮ੍ਰਿਤ ਚੈਤੰਨਯ ਜੀ
10. ਸੰਤ ਜਸਵੀਰ ਸਿੰਘ ਪ੍ਰਤੀਨਿਧੀ ਨਾਮਧਾਰੀ ਸੰਤ ਸਮਾਜ
11. ਸ਼੍ਰੀ ਸੀਤਾ ਰਾਮ ਵਿਸ਼ਵ ਹਿੰਦੂ ਪਰਿਸ਼ਦ
12. ਸ਼੍ਰੀ ਹੁਕਮ ਚੰਦ ਸਾਂਵਲਾ ਜੀ
13. ਡਾ: ਨਾਗੇਂਦਰ ਜੀ
14. ਸ਼੍ਰੀ ਕੇਸਰੀ ਚੰਦ ਮਹਿਤਾ ਜੀ
15. ਸ਼੍ਰੀ ਸੁਖ ਚੈਤੰਨਯ ਮਹਾਰਾਜ ਜੀ
16. ਸ਼੍ਰੀ ਛੋਟੇ ਮੀਆਂ ਜੀ

17. ਸ਼੍ਰੀ ਦਿਵਾਕਰ ਸ਼ਾਸਤਰੀ ਜੀ

18. ਸ਼੍ਰੀ ਰਿਸ਼ੀਪਾਲ ਡਡਵਾਲ ਜੀ

ਰਾਸ਼ਟਰਪਤੀ ਜੀ ਨੂੰ ਮੋਮਰੈਂਡਮ ਦੇਣ ਜਾਣ ਤੋਂ ਪਹਿਲੋਂ ਰਾਮ ਲੀਲਾ ਗ੍ਰਾਉਂਡ ਦਿੱਲੀ ਵਿਖੇ ਇੱਕ ਵਿਸ਼ਾਲ ਜਨ ਸਭਾ ਕੀਤੀ ਗਈ। ਇਸ ਵਿੱਚ ਸੂਬਾ ਸੁਖਦੇਵ ਸਿੰਘ ਜੀ ਦਿੱਲੀ, 50-60 ਸਿੱਖਾਂ ਸਮੇਤ ਸ਼ਾਮਲ ਹੋਏ। ਸੂਬਾ ਸਰਬਜੀਤ ਸਿੰਘ ਜੀ ਵੀ ਪਹੁੰਚੇ।

ਸ੍ਰੀ ਕੇ.ਸੀ. ਸੁਦਰਸ਼ਨ ਜੀ ਨੇ ਰਾਸ਼ਟਰਪਤੀ ਸ੍ਰੀ ਮਤੀ ਪ੍ਰਤਿਭਾ ਪਾਟਿਲ ਨੂੰ ਦੱਸਿਆ ਕਿ ਗਊ ਦੇ ਗੋਬਰ ਦੀਆਂ ਇੱਟਾਂ ਬਣਾ ਕੇ ਉਸ ਨਾਲ ਮਕਾਨ ਬਣਾਇਆ ਹੈ। ਇਸ ਮਕਾਨ ਵਿੱਚ ਵਿਕਰਣ ਕਿਰਨਾਂ ਨਹੀਂ ਜਾਂਦੀਆਂ। ਇਸ ’ਤੇ ਬੰਬ ਜਾਂ ਗੋਲੀਆਂ ਦਾ ਅਸਰ ਵੀ ਨਹੀਂ ਹੁੰਦਾ।

ਅੱਠ ਕਰੋੜ 70 ਲੱਖ ਹਸਤਾਖਰਾਂ ਵਾਲਾ ਮੈਮੋਰੈਂਡਮ ਦੇਸ਼ ਦੀ ਰਾਸ਼ਟਰਪਤੀ ਸ੍ਰੀ ਮਤੀ ਪ੍ਰਤਿਭਾ ਪਾਟਿਲ ਨੂੰ ਸੌਂਪਿਆ ਗਿਆ। ਰਾਸ਼ਟਰਪਤੀ ਨੇ ਇਸ ’ਤੇ ਵਿਚਾਰ ਤੇ ਅਮਲ ਕਰਨ ਦਾ ਭਰੋਸਾ ਦਿੱਤਾ।

## ਗੋ ਮਾਸ ਨਿਸ਼ੇਧ ਅਭਿਯਾਨ ਕਮੇਟੀ

24 ਫਰਵਰੀ ਸੰਨ 2010 ਨੂੰ 16 ਜਣਿਆਂ ਦੀ ਇੱਕ ਕਮੇਟੀ, ਰਾਸ਼ਟਰਪਤੀ ਜੀ ਕੋਲ ਗਈ, ਇਹ ਮੈਮੋਰੰਡਮ ਦੇਣ ਕਿ ਕਾਮਨਵੈਲਥ ਖੇਡਾਂ ਵਿੱਚ ਖਿਡਾਰੀਆਂ ਨੂੰ ਗਊ ਦਾ ਮਾਸ ਨਾ ਪਰੋਸਿਆ ਜਾਵੇ। ਇਸ ਡੈਲੀਗੇਸ਼ਟ ਜਿਸ ਵਿਚ ਸੰਤ ਜਸਬੀਰ ਸਿੰਘ ਜੀ (ਕੋਨਾ) ਦਿੱਲੀ ਵੀ ਸ਼ਾਮਲ ਸਨ, ਚਾਰ ਜਣੇਂ ਤਿੰਨ-ਤਿੰਨ ਮਿੰਟ ਬੋਲੇ ਸਨ।

ਇਹ ਚਾਰ ਜਣੇਂ ਇਹ ਸਨ:

1. ਮਹਾਂਮੰਡਲੇਸ਼ਵਰ ਸਵਾਮੀ ਭਗਤ ਹਰੀ ਜੀ
2. ਸ੍ਰੀ ਰਾਮ ਕ੍ਰਿਸ਼ਨ ਜੀ ਕੁਰਕਸ਼ੇਤਰ (ਮੈਂਬਰ ਰਾਜ ਸਭਾ)
3. ਸ੍ਰੀ ਸੋਮ ਪਾਲ ਸ਼ਾਸਤਰੀ ਜੀ (ਪੂਰਵ ਰਾਜ ਕ੍ਰਿਸ਼ੀ ਮੰਤਰੀ ਹਰਿਆਣਾ)
4. ਸੰਤ ਜਸਵੀਰ ਸਿੰਘ ਜੀ ਨਾਮਧਾਰੀ, ਦਿੱਲੀ

ਸ੍ਰੀ ਸੋਮਪਾਲ ਸ਼ਾਸਤਰੀ ਜੀ ਨੇ ਕਿਹਾ ਕਿ

ਜੇ ਗਊ ਰੱਖਿਆ ਕਰਨੀ ਹੈ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੋਲੋਂ ਸਿੱਖੋ। ਇਨ੍ਹਾਂ ਦੇ ਪ੍ਰਤੀਨਿਧ ਸੰਤ ਜਸਬੀਰ ਸਿੰਘ ਆਏ ਹੋਏ ਹਨ, ਹੁਣ ਇਹ ਗੱਲ ਕਰਨਗੇ।

ਸੰਤ ਜਸਬੀਰ ਸਿੰਘ ਜੀ ਬੋਲੇ:

“ਰਾਸ਼ਟਰਪਤੀ ਜੀ, ਮੈਂ ਇਹ ਬੇਨਤੀ ਕਰ ਰਿਹਾ ਹਾਂ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਨ 1857 ਵਿੱਚ ਜਿਹੜਾ ਅਜ਼ਾਦੀ ਦਾ ਅੰਦੋਲਨ ਸ਼ੁਰੂ ਕੀਤਾ ਸੀ, ਉਸਦੀ ਨੀਂਹ ਗਊ ਰੱਖਿਆ ਅੰਦੋਲਨ ਤੇ ਰੱਖੀ। ਬਹੁਤ ਸਾਰੇ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾਇਆ ਗਿਆ, ਫਾਂਸੀਆਂ ਦੇ ਰੱਸਿਆਂ ਤੇ ਲਟਕਾਇਆ ਗਿਆ ਤੇ ਦੇਸ਼ ਅਜ਼ਾਦ ਹੋ ਗਿਆ। ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਰੀ ਮਾਨਵਤਾ ਦਾ ਕਲਿਆਣ ਤਾਂ ਕਰ ਹੀ ਰਹੇ ਹਨ, ਨਾਲ ਹੀ ਸਾਡੇ ਦੇਸ਼ ਦੀਆਂ ਸਭ ਤੋਂ ਚੰਗੀਆਂ ਨਸਲਾਂ- ਸਾਹੀਵਾਲ ਅਤੇ ਹਰਿਆਣਾ ਨਸਲਾਂ ਦੇ ਗਊ ਵੰਸ਼ ਨੂੰ ਬੜੇ ਵਧੀਆ ਤਰੀਕੇ ਨਾਲ ਸੰਭਾਲ ਰਹੇ ਹਨ।

ਪਰ ਬਹੁਤ ਦੁੱਖ ਨਾਲ ਕਹਿਣਾ ਪੈ ਰਿਹੈ ਕਿ ਅੱਜ ਦੇਸ਼ ਵਿੱਚ ਰੋਜ਼ ਵੀਹ ਹਜ਼ਾਰ ਗਊਆਂ ਚੋਰੀ ਛਿਪੇ ਬੰਗਲਾ ਦੇਸ਼ ਦੇ ਰਸਤੇ ਅਰਬ ਦੇਸ਼ਾਂ ਨੂੰ ਭੇਜੀਆਂ ਜਾ ਰਹੀਆਂ ਹਨ, ਜਿਸ ਸਦਕਾ ਗਊ ਮਾਸ ਸ਼ੇਖਾਂ ਦੇ ਟੇਬਲਾਂ 'ਤੇ ਪਰੋਸਿਆ ਜਾ ਰਿਹੈ। ਗਊ ਵੰਸ਼ ਬਹੁਤ ਤੇਜੀ ਨਾਲ ਲੁਪਤ ਹੁੰਦਾ ਜਾ ਰਿਹੈ। ਕਿਸੇ ਗ੍ਰੰਥ 'ਚ ਲਿਖਿਐ ਕਿ ਜਿਥੇ ਗਊ ਹੱਤਿਆ ਹੁੰਦੀ ਹੈ, ਉਥੇ ਰਾਜਾ ਅਤੇ ਪਰਜਾ ਦੋਹਾਂ ਦਾ ਵਿਨਾਸ਼ ਹੋ ਜਾਂਦੈ। ਤੁਹਾਨੂੰ ਮੈਂ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਧਿਆਨ ਦਿੱਤਾ ਜਾਵੇ।"

ਸੰਤ ਜਸਬੀਰ ਸਿੰਘ ਜੀ ਦੱਸਦੇ ਹਨ ਕਿ 17 ਮਾਰਚ ਸੰਨ 2010 ਨੂੰ ਉਨਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ ਕਰ ਕੇ ਦਿੱਲੀ ਵਿੱਚ ਨਾਮਧਾਰੀ ਪੰਥ ਵਲੋਂ 'ਸਿੱਖ ਗੋ-ਰਕਸ਼ਾ ਕਮੇਟੀ, ਬਣਾ ਲਈ ਹੈ, ਜਿਹੜੀ ਛੇਤੀ ਹੀ ਕਾਰਜਸ਼ੀਲ ਹੋ ਜਾਵੇਗੀ।

## ਇਸਤਰੀ ਜਾਤੀ 'ਤੇ ਉਪਕਾਰ

- ਭਰੂਣ ਹੱਤਿਆ ਮਹਾਂ ਪਾਪ
- ਕੁੜੀਆਂ ਜੰਮਣ ਤੇ ਦੁਖੀ ਨਾ ਹੋਵੋ
- ਕੁੜੀਆਂ ਨੂੰ ਬੋਝ ਨਾ ਸਮਝੋ
- ਕੁੜੀਆਂ ਨੂੰ ਪੜ੍ਹਾਓ
- ਭਾਰਤੀ ਸੰਸਕ੍ਰਿਤੀ ਅਨੁਸਾਰ ਸਾਦਗੀ 'ਚ ਰਿਹਾ ਜਾਵੇ
- ਸਮੇਂ ਸਿਰ ਅਤੇ ਠੀਕ ਥਾਂ ਵਿਆਹ ਕੀਤੇ ਜਾਣ
- ਵਾਧੂ ਰਸਮਾਂ ਦਾ ਤਿਆਗ ਅਤੇ ਸਾਦੇ ਵਿਆਹ
- ਦਾਜ ਪ੍ਰਥਾ ਦੇ ਖਾਤਮੇ ਦਾ ਹੁਕਮ
- ਵਿਧਵਾ ਅਤੇ ਅੰਤਰ-ਜਾਤੀ ਵਿਆਹ
- ਵਿਆਹ ਜਾਂ ਜੰਮਣ ਮਰਨ ਨੂੰ ਰੁਟੀਨ ਵਿਚ ਲਵੋ
- ਰਿਸ਼ਤਿਆਂ ਦਾ ਆਪੋ ਆਪਣਾਂ ਸਥਾਨ
- ਘਰਾਂ ਦੀਆਂ ਸਮੱਸਿਆਵਾਂ ਆਪੇ ਸੁਲਝਾਈਆਂ ਜਾਣ
- ਇਸਤਰੀਆਂ ਆਪਣੇ ਕਰਤੱਵਾਂ ਦਾ ਪਾਲਣ ਕਰਨ
- ਇਸਤਰੀਆਂ ਦੀ ਬਰਾਬਰਤਾ ਅਤੇ ਅਜ਼ਾਦੀ ਬਾਰੇ
- ਸੋਭਤ ਨਹੀਂ ਬਿਨ ਭਰਤਾਰੇ
- ਸੁਚਾਰੂ ਗੁਣਾਂ ਦਾ ਸਮਾਵੇਸ਼
- ਸੂਬਾ ਥਾਪਿਆ
- ਇਸਤਰੀ ਵਿੱਦਿਅਕ ਸੰਮੇਲਨ

## ਪ੍ਰਮੁੱਖ ਇਸਤਰੀਆਂ

- ਚੀਫ ਟੈਕਨੀਕਲ ਅਫਸਰ
- ਪਾਇਲਟ
- ਖੇਡਾਂ ਦੇ ਖੇਤਰ ਵਿਚ
- ਜੱਜ ਅਤੇ ਵਕੀਲ
- ਡਾਕਟਰ
- ਸਾਹਿਤਕਾਰ
- ਕੇਂਦਰੀ ਵਿਦਿਅਕ ਜੱਥੇ ਦੀਆਂ ਅਹੁਦੇਦਾਰ
- ਚਿੱਤਰਕਾਰ
- ਪਾਰਸ਼ਦ, ਪੰਚ-ਸਰਪੰਚ
- ਉੱਚ ਪੱਧਰ ਦੀਆਂ ਨੌਕਰੀ ਕਰਦੀਆਂ ਬੀਬੀਆਂ
- ਵਧੇਰੇ ਪੜ੍ਹੀਆਂ ਤੇ ਪੜ੍ਹ ਰਹੀਆਂ ਬੀਬੀਆਂ-
- ਸੰਗੀਤ ਦੇ ਖੇਤਰ ਵਿਚ

# ਇਸਤਰੀ ਜਾਤੀ 'ਤੇ ਉਪਕਾਰ

ਜਦੋਂ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੱਦੀ-ਨਸ਼ੀਨ ਹੋਏ, ਸਮੇਂ ਦੀ ਮੰਗ ਅਤੇ ਲੋੜ ਅਨੁਸਾਰ ਆਪ ਜੀ ਨੇ ਇਸਤਰੀ ਜਾਤੀ 'ਤੇ ਉਪਕਾਰ ਲਈ ਨਵੀਆਂ ਪੁਲਾਂਘਾਂ ਪੁੱਟੀਆਂ।

ਪੁਰਾਤਨ ਭਾਰਤੀ ਸੰਸਕ੍ਰਿਤੀ ਅਨੁਸਾਰ ਸਮਾਜ ਵਿਚ ਇਸਤਰੀ ਦੇ ਸਤਿਕਾਰ ਦੀ ਪਰੰਪਰਾ ਰਹੀ ਹੈ। ਮਰਦ ਦੀ ਅਰਧਾਂਗਨੀ ਆਖੀ ਜਾਣ ਵਾਲੀ ਇਸਤਰੀ, ਸਮਾਜ ਦਾ ਅੱਧਾ ਅੰਗ ਹੁੰਦੀ ਹੈ। ਉਹ ਹਰ ਸਮਾਜ ਤਰੱਕੀ ਦੀਆਂ ਪੁਲਾਘਾਂ ਪੁੱਟ ਸਕਦਾ ਹੈ, ਜਿਸ ਵਿਚ ਇਸਤਰੀ ਜਾਤੀ ਚੇਤੰਨ, ਅਗਾਂਹਵਧੂ, ਦੂਰ ਅੰਦੇਸ਼, ਸਿਆਣੀ ਅਤੇ ਉੱਚੇ ਚਰਿੱਤਰ ਦੀ ਧਾਰਨੀ ਹੋਵੇ। ਉਸ ਨੂੰ ਉਚਿਤ ਅਧਿਕਾਰ ਮਿਲੇ ਹੋਣ ਅਤੇ ਉਸ ਦਾ ਸਮਾਜ ਵਿਚ ਸਤਿਕਾਰ ਭਰਿਆ ਥਾਂ ਹੋਵੇ।

ਕੇਵਲ ਉਹੀ ਸਮਾਜ ਸੱਭਿਆ ਕਹਾਉਣ ਦਾ ਹੱਕਦਾਰ ਹੈ, ਜਿਸ ਵਿਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਯਾਨੀ ਇਸਤਰੀ ਦਾ ਆਦਰ ਕਿਸੇ ਕੌਮ ਦੇ ਸਭਿਆਚਾਰ ਦਾ ਨਾਪ ਹੈ।

ਇਸਤਰੀ ਦੀ ਉੱਨਤੀ ਅਤੇ ਗਿਰਾਵਟ 'ਤੇ ਹੀ ਰਾਸ਼ਟਰ ਦੀ ਉੱਨਤੀ ਅਤੇ ਗਿਰਾਵਟ ਨਿਰਭਰ ਕਰਦੀ ਹੈ।

ਚੰਗੀਆਂ ਮਾਵਾਂ ਹੀ ਚੰਗੀ ਕੌਮ ਸਿਰਜ ਸਕਦੀਆਂ ਹਨ। ਮਾਂ ਬੱਚੇ ਦੀ ਪਹਿਲੀ ਅਧਿਆਪਕ ਹੁੰਦੀ ਹੈ। ਉਹ ਬੱਚੇ ਨੂੰ ਜਿਹੋ ਜਿਹਾ ਮਰਜ਼ੀ ਬਣਾ ਸਕਦੀ ਹੈ। ਮਾਵਾਂ ਦੇ ਪਾਏ ਸੰਸਕਾਰ ਸਾਰੀ ਉਮਰ ਬੱਚਿਆਂ ਦੇ ਨਾਲ ਰਹਿੰਦੇ ਹਨ।

ਭਾਰਤੀ ਸਭਿਅਤਾ ਅਨੁਸਾਰ ਇਸਤਰੀ ਨੂੰ ਦੇਵੀ ਰੂਪ ਜਾਣਿਆ ਜਾਂਦਾ ਹੈ-

' ਯਤਰ ਨਾਰੀ ਪੂਜਯੰਤੇ , ਤਤਰ ਰਮੰਤੇ ਦੇਵਤਾ '

ਅਰਥਾਤ ਜਿਥੇ ਨਾਰੀ ਦੀ ਪੂਜਾ ਕੀਤੀ ਜਾਂਦੀ ਹੈ, ਨਾਰੀ ਦਾ ਸਤਿਕਾਰ ਹੁੰਦਾ ਹੈ, ਉਥੇ ਦੇਵਤਿਆਂ ਦਾ ਵਾਸਾ ਹੁੰਦਾ ਹੈ।

ਨਾਰੀ ਰੂਪ ਮਹਾਂਸ਼ਕਤੀ ਆਪਣੇ ਬਲ ਤੇ ਬੁੱਧੀ ਨਾਲ ਸਾਰੇ ਮਨੁੱਖੀ ਸਮਾਜ ਦੇ ਕਲਿਆਣ ਹਿਤ ਭਾਂਤ ਭਾਂਤ ਦੀਆਂ ਦੇਵੀਆਂ ਬਣ ਅਸੁਰ ਸੰਘਾਰ ਕਰਦੀ ਰਹੀ ਹੈ। ਚੰਗਿਆਈ ਦਾ ਪੱਖ ਅਤੇ ਬੁਰਾਈ ਦਾ ਨਾਸ਼ ਕਰਦੀ ਰਹੀ ਹੈ।

ਭਾਰਤੀ ਸਮਾਜ ਵਿਚ ਸਦੀਆਂ ਪਹਿਲਾਂ ਨਾਰੀ ਨੂੰ ਜੋ ਉੱਚਾ ਸਥਾਨ ਪ੍ਰਾਪਤ ਸੀ, ਉਹ ਬਾਅਦ ਵਿਚ ਬਹੁਤ ਹੀ ਨੀਵੀਂ ਪੱਧਰ 'ਤੇ ਆ ਡਿੱਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜ ਵਿਚ ਇਸਤਰੀ ਜਾਤੀ ਦੀ ਹਾਲਤ ਬਹੁਤ ਨਿੱਘਰ ਗਈ ਸੀ। ਇਤਨੀ ਦੁਰਦਸ਼ਾ ਹੋ ਗਈ ਸੀ ਕਿ ਇਸਤਰੀ ਨੂੰ ਪੈਰ ਦੀ ਜੁੱਤੀ ਆਖਿਆ ਅਤੇ ਨਿੰਦਿਆ ਜਾਣ ਲੱਗਾ। ਇਥੋਂ ਤੀਕ ਆਖਿਆ ਜਾਣ ਲੱਗਾ ਸੀ,

'ਢੋਰ, ਗਵਾਰ, ਸ਼ੂਦਰ, ਪਸ਼ੂ ਔਰ ਨਾਰੀ,<br>
ਪਾਚੋਂ ਤਾੜਨ ਦੇ ਅਧਿਕਾਰੀ'<br>
(ਭਾਵੇਂ ਇਨ੍ਹਾਂ ਵਿਚੋਂ ਪਹਿਲੇ ਚਾਰ ਨਰ ਤੇ ਇੱਕ ਨਾਰੀ ਹੈ)

ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ 'ਆਸਾ ਦੀ ਵਾਰ' ਵਿਚ ਇਸਤਰੀ ਦੀ ਇਸ ਹੋ ਰਹੀ ਭੰਡੀ ਨੂੰ ਨਿੰਦਿਆਂ। ਆਪ ਨੇ ਫਰਮਾਇਆ-

" ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥<br>
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥<br>
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ ”        ( ਆਸਾ ਦੀ ਵਾਰ)

ਅਰਥਾਤ ਔਰਤਾਂ ਦੁਆਰਾ ਹੀ ਸਾਡੀ ਸਰੀਰ ਰਚਨਾ ਤੇ ਪੈਦਾਇਸ਼ ਹੁੰਦੀ ਹੈ। ਇਸਤਰੀਆਂ ਨਾਲ ਹੀ ਸਾਡੇ ਮੰਗਣੇ ਤੇ ਵਿਆਹ ਹੁੰਦੇ ਹਨ , ਸੰਸਾਰ ਵਿਚ ਸਾਡੀ ਹੋਰ ਲੋਕਾਂ ਨਾਲ ਸਾਂਝ ਦੋਸਤੀ ਵੀ ਇਸਤਰੀ ਕਾਰਨ ਹੁੰਦੀ ਹੈ। ਏਸੇ ਦੁਆਰਾ ਜਗਤ ਵਿਹਾਰ ਵਿਚ ਸਾਡੀਆਂ ਨਵੀਆਂ ਪੀੜ੍ਹੀਆਂ ਦਾ ਪ੍ਰਵੇਸ਼ ਹੁੰਦਾ ਹੈ, ਜੇ ਇਕ ਇਸਤਰੀ (ਘਰ ਦੀ) ਮਰ ਜਾਵੇ ਤਾਂ ਦੂਜੀ ਦੀ ਭਾਲ ਕਰੀਦੀ ਹੈ ਤਾਂ ਉਹਨਾਂ ਨੂੰ ਮੰਦਾ ਕਿਉਂ ਆਖਿਆ ਜਾਵੇ ਜਿਨ੍ਹਾਂ ਤੋਂ ਰਾਜੇ-ਮਹਾਰਾਜੇ ਜਨਮ ਲੈਂਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਮਾਰਗ ਵਿਚ ਗ੍ਰਹਿਸਥ ਜੀਵਨ ਨੂੰ ਪ੍ਰਧਾਨਤਾ ਬਖਸ਼ੀ। ਉਨ੍ਹਾਂ ਸਪਸ਼ਟ ਕਿਹਾ ਕਿ ਭਗਤੀ ਕਰਨ ਵਾਸਤੇ ਤੇ ਪ੍ਰਮਾਤਮਾ ਨੂੰ ਪਾਉਣ ਵਾਸਤੇ ਘਰ-ਬਾਰ ਛੱਡਣ ਅਤੇ ਔਰਤ ਦਾ ਤਿਆਗ ਕਰਨ ਦੀ ਲੋੜ ਨਹੀਂ ਹੈ। ਉਨ੍ਹਾਂ ਅਵਾਜ਼ ਚੁੱਕੀ ਕਿ ਔਰਤ ਪੈਰ ਦੀ ਜੁੱਤੀ ਨਹੀਂ ਬਲਕਿ ਗ੍ਰਹਿਸਥ ਜੀਵਨ ਦਾ ਆਧਾਰ ਹੁੰਦੀ ਹੈ।

ਸਾਰੇ ਗੁਰੂਆਂ ਨੇ ਆਪੋ ਆਪਣੇ ਸਮੇਂ ਵਿਚ ਇਸਤਰੀ ਦੇ ਉਚਿਤ ਸਤਿਕਾਰ ਦੀ ਪ੍ਰਥਾ ਨੂੰ ਬਣਾਈ ਰੱਖਿਆ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੀ ਇਸਤਰੀ ਦਾ ਮਹੱਤਵ ਵਧਾਉਣ ਲਈ ਲੰਗਰ ਦੀ ਸੇਵਾ ਆਪਣੀ ਧਰਮ ਪਤਨੀ ਮਾਤਾ ਖੀਵੀ ਜੀ ਨੂੰ ਸੌਂਪੀ ਸੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸਤਰੀ ਰੂਪ ਭਗਵਤੀ, ਦੁਰਗਾ, ਕਾਲੀ ਅਥਵਾ ਚੰਡੀ ਆਦਿ ਭਾਰਤ ਦੀਆਂ ਦੇਵੀਆਂ ਦੇ ਯੁਧਾਂ ਅਤੇ ਰਣ-ਕੌਸ਼ਲ ਦਾ ਵਰਣਨ ਕਰਦੀਆਂ ਸ਼ਕਤੀਸ਼ਾਲੀ ਵੀਰ ਰਸੀ ਰਚਨਾਵਾਂ ਰਚੀਆਂ, ਜਿਨ੍ਹਾਂ ਨੂੰ ਪੜ੍ਹ ਕੇ ਕਾਇਰ ਤੋਂ ਵੀ ਕਾਇਰ ਮਨੁੱਖ ਦੇ ਵੀ ਡੌਲੇ ਫਰਕਣ ਲਗ ਪੈਣ ਤੇ ਸਰੀਰ ਵਿਚ ਨਵੇਂ ਅਤੇ ਤੇਜ਼ ਲਹੂ ਦੀ ਧਾਰਾ ਵਹਿ ਤੁਰੇ।

ਇਸ ਮਗਰੋਂ ਸਿੱਖ ਜਗਤ ਵਿਚ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀਆਂ ਨੂੰ ਅਤੀ ਨਿੱਘਰ ਰਹੀ ਹਾਲਤ ਵਿਚੋਂ ਉਤਾਂਹ ਕੱਢਿਆ। ਉਸ ਵੇਲੇ ਸਮਾਜ ਵਿਚ ਇਸਤਰੀ ਜਾਤੀ ਦੀ ਬਹੁਤ ਦੁਰਦਸ਼ਾ ਹੋ ਰਹੀ ਸੀ। ਉਹ ਜੰਮਣ ਤੋਂ ਲੈ ਕੇ ਮਰਨ ਤੀਕ ਗੁਲਾਮਾਂ ਵਰਗਾ ਜੀਵਨ ਬਤੀਤ ਕਰਦੀ ਸੀ। ਉਹ ਕਿੱਲੇ ਬੱਧੇ ਪਸ਼ੂ ਵਾਂਗ ਸੀ, ਜਿਸ ਨੂੰ ਮਾਲਕ ਜਦੋਂ ਚਾਹੇ ਵੇਚ ਸਕਦਾ, ਜਦੋਂ ਚਿੱਤ ਕਰੇ ਵੱਟਾ-ਸੱਟਾ ਕਰ ਲੈਂਦਾ ਅਤੇ ਜਦੋਂ ਜੀ ਆਵੇ ਘਰੋਂ ਧੱਕੇ ਦੇ ਕੱਢ ਦਿੰਦਾ, ਏਥੋਂ ਤਕ ਕਿ ਮਾਰ ਸਕਦਾ ਸੀ। ਜ਼ਿਆਦਾਤਰ ਲੋਕ ਤਾਂ ਕੁੜੀਆਂ ਨੂੰ ਜੰਮਦਿਆਂ ਹੀ ਮਾਰਨਾ ਬੇਹਤਰ ਸਮਝਦੇ ਸਨ ਤਾਂ ਜੋ ਉਨ੍ਹਾਂ ਦਾ ਕੋਈ ਜਵਾਈ ਨਾ ਬਣ ਸਕੇ।

ਅਜਿਹੇ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਰੀ-ਜਾਤੀ ਦੀ ਤਰਸਯੋਗ ਹਾਲਤ ਨੂੰ ਸੁਧਾਰਨ ਲਈ ਨਿੱਗਰ ਕਦਮ ਚੁੱਕੇ। ਸਮਾਜਕ ਨਿਰਾਦਰੀ ਤੋਂ ਛੁਟਕਾਰਾ ਦਵਾਉਣ ਦੇ ਉਪਰਾਲੇ ਕੀਤੇ । ਸਮਾਜਕ ਕੁਰੀਤੀਆਂ ਵਿਰੁੱਧ ਅਵਾਜ਼ ਉਠਾਈ। ਜੰਮਦੀਆਂ ਕੁੜੀਆਂ ਨੂੰ ਮਾਰਨ, ਵੇਚਣ, ਵੱਟਾ ਕਰਨ ਤੇ ਬਾਲ-ਵਿਆਹ ਕਰਨ ਤੋਂ ਲੋਕਾਂ ਨੂੰ ਰੋਕਿਆ। ਸਤੀ ਪ੍ਰਥਾ ਨੂੰ ਬੰਦ ਕਰਨ ਅਤੇ ਵਿਧਵਾ ਦਾ ਪੁਨਰ ਵਿਆਹ ਕਰਨ ਲਈ ਪ੍ਰੇਰਿਆ। ਇਸਤਰੀਆਂ ਨੂੰ ਘੁੰਡ ਕੱਢਣ ਅਤੇ ਉਸ ਸਮੇਂ ਦੇ ਪ੍ਰਚਲਤ ਹੋਰ ਫਜ਼ੂਲ ਰੀਤ-ਰਿਵਾਜ਼ ਕਰਨ ਤੋਂ ਵਰਜਿਆ। ਇਹ ਹੀ ਨਹੀਂ, ਸ੍ਰੀ ਸਤਿਗੁਰੂ ਜੀ ਨੇ ਸੰਨ 1863 (ਸੰਮਤ 1920) ਨੂੰ ਪਿੰਡ ਸਿਆੜ੍ਹ (ਜ਼ਿਲ੍ਹਾ ਲੁਧਿਆਣਾ) ਵਿਖੇ ਮਾਈਆਂ ਨੂੰ ਅੰਮ੍ਰਿਤ ਛਕਾਇਆ ਤੇ ਸਮਾਜ ਵਿਚ ਇਕ ਨਵੀਂ ਕ੍ਰਾਂਤੀ ਲੈ ਆਂਦੀ। ਇਸੇ ਸਾਲ ਜੂਨ ਸੰਨ 1863 ਨੂੰ ਪਿੰਡ ਖੋਟੇ (ਜ਼ਿਲ੍ਹਾ ਫਿਰੋਜ਼ਪੁਰ) ਵਿਖੇ, ਹਵਨ ਕਰਕੇ, ਵੇਦੀ ਗੱਡ ਕੇ, ਲਾਵਾਂ ਪੜ੍ਹ ਕੇ ਛੇ ਅੰਤਰਜਾਤੀ ਜੋੜਿਆਂ ਦੇ ਵਿਆਹ ਕਰਕੇ, ਸ੍ਰੀ ਸਤਿਗੁਰੂ ਜੀ ਨੇ ਗੁਰਮਤ ਆਨੰਦ-ਕਾਰਜ ਕਰਨ ਦੀ ਮਰਿਯਾਦਾ ਆਰੰਭੀ।

ਇੰਜ ਨਾਰੀ ਜਾਤੀ ਦੇ ਕਲਿਆਣ ਲਈ ਸਾਰਥਕ ਕਦਮ ਚੁੱਕ ਕੇ ਸ੍ਰੀ ਸਤਿਗੁਰੂ ਜੀ ਨੇ ਬਹੁਤ ਉਪਕਾਰ ਕੀਤਾ। ਇਹ ਮਹਿਲਾ ਸ਼ਕਤੀਕਰਨ ਅਤੇ ਨਾਰੀ ਮੁਕਤੀ ਵੱਲ ਸ੍ਰੀ ਸਤਿਗੁਰੂ ਜੀ ਵਲੋਂ ਪੁੱਟੀ ਗਈ ਇਕ ਵੱਡੀ

ਪੁਲਾਂਘ ਸੀ। ਕੋਈ ਵੀ ਕੌਮ ਤਰੱਕੀ ਨਹੀਂ ਕਰ ਸਕਦੀ, ਅੱਗੇ ਨਹੀਂ ਵਧ ਸਕਦੀ, ਜੇ ਸਮਾਜ ਦਾ ਅੱਧ ਇਸਤਰੀ ਗੁਲਾਮ ਹੋਵੇ।

ਸ੍ਰੀ ਸਤਿਗੁਰੂ ਜੀ ਨੇ ਇਸਤਰੀਆਂ ਨੂੰ ਭਜਨ ਬੰਦਗੀ ਕਰਨ ਅਤੇ ਦੀਵਾਨਾਂ ਵਿਚ ਬਿਨਾਂ ਸੰਕੋਚ ਤੋਂ ਬਿਨਾਂ ਘੁੰਡ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ। ਖਾਨਦਾਨੀ ਹਉਮੈ ਨੂੰ ਸੁਰਜੀਤ ਰਖਦੇ ਹੋਏ, ਧੀਆਂ ਨੂੰ ਮਾਰ ਦੇਣ ਵਾਲਿਆਂ ਦੀ ਨਿਖੇਧੀ ਕੀਤੀ ਤੇ ਅਜਿਹੇ ਲੋਕਾਂ ਦਾ ਸਮਾਜ ਵਿਚੋਂ ਬਾਇਕਾਟ ਕਰਨ ਲਈ ਹੁਕਮ ਦਿੱਤਾ। ਆਪ ਜੀ ਨੇ ਪਰ-ਇਸਤਰੀ ਨੂੰ ਮਾਵਾਂ, ਧੀਆਂ, ਭੈਣਾਂ ਜਾਨਣ ਦਾ ਉਪਦੇਸ਼ ਦ੍ਰਿੜਾਇਆ।

" ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ ਬਟਾ ਨਹੀਂ ਕਰਨਾ- ਰਹਿਤਨਾਮਾ

ਅੰਗ੍ਰੇਜ਼ ਸਰਕਾਰ ਦੁਆਰਾ ਕੀਤੀ ਆਪਣੀ ਨਜ਼ਰਬੰਦੀ ਸਮੇਂ ਬਰਮਾ (ਰੰਗੂਨ) ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਹੁਕਮਨਾਮੇ ਭੇਜੇ। ਇਨ੍ਹਾਂ ਹੁਕਮਨਾਮਿਆਂ ਅਨੁਸਾਰ :-

" ਜੋ ਕੁੜੀ ਮਾਰੇ ਕੇ ਤਾ ਬੇਚੇ ਕੇ ਤਾ ਬਟਾ ਕਰੇ, ਅਰ ਜੇਕਰ ਅਛੀ ਤਰਾ ਮਲੂਮੀ ਹੋਏ ਜਾਵੇ ਤਾਂ ਉਸਦੇ ਨਾਲ ਨਹੀ ਬਰਤਣਾ। ਨਾ ਓਸ ਨੂੰ ਸੰਗਤ ਮੈ ਬੜਨ ਦੇਣਾ। " - ਹੁਕਮਨਾਮਾ -4

"ਹੋਰ ਲਟਕੀ ਨਾ ਕਿਸੇ ਮਾਰਨੀ, ਨਾ ਕਿਸੇ ਵਟਾ ਕਰਨਾ, ਨਾ ਲਟਕੀ ਦੇ ਦੰਮ ਲੈਣੇ। ਜੇਹੜਾ ਲਟਕੀ ਮਾਰੇ ਬੇਚੇ, ਵਟਾ ਕਰੇ ਉਸਦੇ ਹੱਥ ਦਾ, ਘਰ ਦਾ, ਅੰਨ ਪਾਣੀ ਨਹੀ ਬਰਤਨਾ। ਉਸਨੂੰ ਸੰਗਤ ਬਿਚ ਨਹੀ ਬੜਨ ਦੇਣਾ।"

- ਹੁਕਮਨਾਮਾ ਨੰ. -20

" ਜੋ ਅਠਾਰਾ ਬਰਸਾ ਦੀ ਲੜਕੀ, ਬੀਸ ਬਰਸ ਦਾ ਲੜਕਾ ਹੋਵੇ ਤਾਂ ਬਿਆਹੁ ਕਰਨਾ, ਉਰੇ ਨਹੀ ਕਰਨਾ। "

- ਹੁਕਮਨਾਮਾ ਨੰ. -23

" ਹੋਰੁ ਆਗੇ ਜੋ ਲੜਕੀ ਮਾਰ ਦੇਣੇ ਦਾ ਅਰੁ ਲੜਕੀ ਬੇਚਣੇ ਦਾ, ਬਟਾ ਕਰਿਨੇ ਦਾ ਬਡਾ ਪਾਪੁ ਹੈ। ਜੋ ਮਾਰਨੇ ਦਾ ਏਹੁ ਪਾਪੁ ਹੈ ਜੋ ਲੜਕੀਆ ਮੈਂ ਬਹੁਤ ਈ ਗੁਣ ਹੈਨ, ਅਨੇਕ ਤਰਾ ਦੇ ਸੁਖ ਦਿੰਦੀਆਂ ਹੈਨ ਇਸਤਰੀਆ। ਗਿਣੇ ਨਹੀ ਜਾਂਦੇ ਮੇਰੇ ਪਾਸ ਤੇ । ਕੁੜੀ ਦਾ ਮਾਰਨਾ ਗਊ ਮਾਰਨ ਤੇ ਬੀ ਬਡਾ ਪਾਪ ਹੈ, ਅਰੁ ਬਰੁ ਬਟਾ ਕਰਨੇ ਤੇ, ਦੰਮ ਲੈਣੇ ਤੇ ਕੁੜੀ ਕੋ ਬਰੁ ਅੱਛਾ ਨਹੀ ਮਿਲਦਾ, ਕੇ ਬੁਢਾ ਕੇ ਕਿਸੋਹਣਾ ਲਭਦਾ ਹੈ। ਦੰਮ ਲੈਣੇ ਤੇ ਨਾਲੇ ਕੁੜੀ ਦੇ ਘਰ ਰਿਜਕੁ ਨਹੀ ਰਹਿਦਾ। ਕੁੜੀ ਬਹੁਤੁ ਦੁਖੀ ਹੁੰਦੀ ਹੈ ਨਾਲੇ ਕੁੜੀ ਬਿਭਿਚਾਰਨੀ ਹੋਇ ਜਾਦੀ ਹੈ। ਬਹੁਤੇ ਥਾਈ ਖਰਾਬੁ ਹੁੰਦੀ ਰਹਿਦੀ ਹੈ। ਏਹੁ ਸਾਰੇ ਪਾਪੁ ਮਾਪਿਆ ਕੋ ਲਗਦਾ ਹੈ।

- ਹੁਕਮਨਾਮਾ ਨੰ. 28

" ਅਠਾਰਾਂ ਬਰਸ ਦੀ ਲੜਕੀ ਦਾ ਅਨੰਦ ਪੜੌਣਾ ਘਟ ਨਹੀਂ ਪੜੌਣਾ, ਛੋਟੀ ਹੈ। "

- ਹੁਕਮਨਾਮਾ ਨੰ.44

" ਇਕ ਹੋਰੁ ਬੀ ਬਾਤ ਸਭਨਾ ਨੂੰ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ ਨਾ ਬੇਚੇ, ਨਾ ਬਟਾ ਕਰੇ। ਜੋ ਏਹੁ ਬਾਤ ਨਾ ਮੰਨੇ ਤਾ ਓਸਨੂ ਸੰਗਤ ਮੈਂ ਨਾ ਬੜਨ ਦੇਣਾ। ਜੇ ਨਾ ਮੰਨੇ ਤਾ ਆਖਣਾ ਫੇਰ ਨਾ ਆਈ। ਨਾ ਹਟੇ, ਜੁਤੀਆ ਮਾਰਕੇ ਕਢ ਦੇਣਾ, ਕੁਛ ਕਰਦਾ ਫਿਰੇ।

- ਹੁਕਮਨਾਮਾ ਨੰ.52

" ਜੋ ਕੋਈ ਬਟਾ ਕਰੂਗਾ, ਬਿਆਜ ਲਊਗਾ ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ ਉਸਦੇ ਨਾਲ ਨਹੀਂ ਵਰਤਣਾ। "

ਸ੍ਰੀ ਸਤਿਗੁਰੂ ਜੀ ਨੇ ਮੁੰਡਿਆਂ ਤੇ ਕੁੜੀਆਂ ਦੋਹਾਂ ਨੂੰ ਗੁਰਮੁਖੀ ਪੜ੍ਹਾਉਣ ਦੀ ਪ੍ਰੇਰਨਾ ਦਿਤੀ।

" ਸਭ ਨੂੰ ਕੁੜੀ ਮੁੰਡੇ ਨੂੰ ਅੱਖਰ ਪੜਾਇ ਦੇਣੇ ਗੁਰਮੁਖੀ। "

- ਹੁਕਮਨਾਮਾ ਨੰ. 12

" ਕੁੜੀਆ ਮੁੰਡਿਆ ਤੇ ਅਛੀ ਤਰਾ ਭਜਨ ਕਰਾਉਣਾ, ਬਾਣੀ ਕੰਠ ਕਰਾਉਣੀ ਸਭਦੇ। ਬਾਣੀ ਪੜਾਉਣੀ, ਗ੍ਰੰਥ ਸਾਹਿਬ ਦੇ ਪਾਠ ਕਰਾਉਣੇ ਅਰ ਪਿਛਲੀ ਰਾਤ ਸਭ ਕੋ ਇਸਨਾਨੁ ਕਰਾਕੇ ਭਜਨ ਕਰਾਉਣਾ।"

" ਸੋ ਭਾਈ ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਨੇ, ਬੁਢੇ ਬਾਲੇ ਨੇ। ਜੋ ਬਾਣੀ ਪੜੇਗਾ ਅਰ ਭਜਨ ਕਰੇਗਾ ਸੋ ਉਸ ਕੇ ਵਾਸਦੇ ਸਭ ਸੁਖ ਹੋਨਗੇ।

-ਹੁਕਮਨਾਮਾ ਨੰ. 3

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਰ ਜੀਵੜੇ ਨਾਮਧਾਰੀ ਸਿੱਖਾਂ ਦੇ ਨਾਲੋ ਨਾਲ ਨਾਮਧਾਰੀ ਨਾਰੀਆਂ ਨੇ ਵੀ ਦੇਸ਼ ਦੀ ਅਜ਼ਾਦੀ ਲਈ ਛਿੜੇ ਸੰਘਰਸ਼ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਉਨ੍ਹਾਂ ਦਾ ਇਤਿਹਾਸ ਅਜੇ ਦੁਨੀਆਂ ਸਾਹਮਣੇ ਉਜਾਗਰ ਨਹੀਂ ਹੋ ਸਕਿਆ।

ਮਾਈ ਇੰਦ ਕੌਰ ਤੇ ਮਾਈ ਖੇਮ ਕੌਰ, ਮਲੇਰਕੋਟਲੇ ਧਾਵਾ ਬੋਲਣ ਵਾਲੇ ਜੱਥੇ ਨਾਲ, ਹੱਥ ਵਿਚ ਅਜਾਦੀ ਦਾ ਪ੍ਰਤੀਕ ਚਿੱਟਾ ਝੰਡਾ ਲੈ ਅੱਗੇ ਹੋ ਤੁਰੀਆਂ ਸਨ।

ਨਾਮਧਾਰੀ ਇਸਤਰੀਆਂ 'ਚ ਇਹ ਚੇਤਨਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਦੁਆਰਾ ਆਈ।

ਸ੍ਰੀ ਸਤਿਗੁਰੂ ਜੀ ਨੇ ਨਾ-ਮਿਲਵਰਤਣ ਅੰਦੋਲਨ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਸੂਬਿਆਂ ਦੀ ਸਥਾਪਨਾ ਕੀਤੀ। ਇਨ੍ਹਾਂ ਵਿਚ ਇਕ ਬੀਬੀ- ਮਾਈ ਹੁਕਮੀ ਨੂੰ ਸੂਬਾ ਥਾਪਿਆ। ਸੂਬਾ ਦਾ ਮਤਲਬ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਮੁਤਾਬਕ ਚਲਣ ਵਾਲਾ, ਇਲਾਕੇ ਦਾ ਪ੍ਰਬੰਧਕ ਹੁੰਦਾ ਹੈ।

ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਜਾਂ ਜੰਮਦੀਆਂ ਨੂੰ ਮਾਰਨੋਂ ਰੋਕਣਾ, 18 ਸਾਲ ਤੋਂ ਉਪੱਰ ਉਮਰ ਦੀ ਕੁੜੀ ਦਾ ਵਿਆਹ ਕਰਨਾ ਅਤੇ ਸਾਦੇ ਵਿਆਹ ਕਰਨੇ- ਜਿਨ੍ਹਾਂ ਦੇ ਪ੍ਰਚਾਰ ਪ੍ਰਤੀ ਅੱਜ ਸਮਾਜ ਜਾਗਰੂਕ ਹੋ ਰਿਹਾ ਹੈ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੱਜ ਤੋਂ ਕ੍ਰੀਬ 150 ਸਾਲ ਪਹਿਲੋਂ ਹੀ ਇਹ ਹੁਕਮ ਕਰ ਦਿਤੇ ਸਨ।

ਇੰਜ ਸ੍ਰੀ ਸਤਿਗੁਰੂ ਜੀ ਜੇ ਜੰਮਦੀਆਂ ਕੁੜੀਆਂ ਨੂੰ ਮਾਰਣ ਤੋਂ ਲੋਕਾਂ ਨੂੰ ਨਾ ਰੋਕਦੇ ਤਾਂ ਹੋ ਸਕਦਾ ਹੈ ਕਿ ਸਮਾਜ ਵਿਚੋਂ ਕੁੜੀਆਂ ਤੇ ਇਸਤਰੀਆਂ ਮਨਫੀ ਹੀ ਹੋ ਜਾਂਦੀਆਂ।

ਸੰਨ 1872 ਨੂੰ ਅੰਗਰੇਜ਼ ਸਰਕਾਰ ਦੁਆਰਾ ਸ੍ਰੀ ਸਤਿਗੁਰੂ ਜੀ ਨੂੰ ਬਰਮਾ ਵਿਖੇ ਜਲਾਵਤਨ ਕਰ ਦਿੱਤਾ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ ਪਿਛੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਵੀ ਸਮਾਜ ਵਿਚ ਇਸਤਰੀਆਂ ਦੀ ਦਸ਼ਾ ਦੇ ਸੁਧਾਰ ਦੀ ਪ੍ਰਥਾ ਨੂੰ ਜਾਰੀ ਰਖਿਆ। ਆਪ ਜੀ ਦੇ ਵਕਤ ਵਿਚ ਵੀ ਦੀਵਾਨ ਸਮੇਂ ਸਿੰਘਾਂ ਤੇ ਬੀਬੀਆਂ ਰਾਹੀਂ ਕੀਰਤਨ ਕੀਤੇ ਜਾਣ ਦਾ ਜ਼ਿਕਰ ਆਉਂਦਾ ਹੈ। ਇਸ ਕਾਲ ਵਿਚ ਵੀ ਦੇਸ਼ ਦੀ ਅਜ਼ਾਦੀ ਦੇ ਸੰਗਰਾਮ ਵਿਚ ਨਾਮਧਾਰੀ ਇਸਤਰੀਆਂ ਨੇ ਕਸ਼ਟ ਸਹੇ ਤੇ ਬਲਿਦਾਨ ਦਿਤੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੀਬੀਆਂ ਨੂੰ ਉੱਚ ਆਚਰਣ ਵਾਲਾ ਸਾਦਗੀ ਭਰਪੂਰ ਜੀਵਨ ਜਿਉਣ ਦਾ ਉਪਦੇਸ਼ ਦਿੱਤਾ। ਆਪ ਇਸਤਰੀ ਵਿਦਿਆ ਦੇ ਹੱਕ ਵਿਚ ਸਨ। ਆਪ ਗ੍ਰਹਿਸਥ ਜੀਵਨ ਵਿਚ ਇਸਤਰੀ-ਬ੍ਰਤ ਤੇ ਪਤੀ-ਬ੍ਰਤ ਧਰਮ ਨੂੰ ਵਿਸ਼ੇਸ਼ ਮੰਨਦੇ ਸਨ। ਇਸਤਰੀ ਪਤੀ ਦੀ ਆਗਿਆ ਵਿਚ ਰਹੇ ਤੇ ਪਤੀ ਵੀ ਇਸਤਰੀ ਨੂੰ ਸਤਿਕਾਰ ਦੇਵੇ ਅਤੇ ਘਰ ਦੀ ਮਾਲਕਣ ਜਾਣੇਂ। ਹਰ ਪੁਰਸ਼ ਅਤੇ ਹਰ ਇਸਤਰੀ ਨੂੰ ਉੱਚੇ ਆਚਰਣ ਦੇ ਮਾਲਕ ਹੋਣਾ ਚਾਹੀਦਾ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਨੁਸਾਰ,

" ਗ੍ਰੰਥਾਂ ਵਿਚ ਜੋ ਲਿਖਿਆ ਹੈ, ਇਸਤ੍ਰੀ ਨੂੰ ਨਿੰਦਿਆ ਹੈ ਤੇ ਕੋਸਿਆ ਹੈ, ਸਭ ਅਨਰਥ ਕੀਤਾ ਹੋਇਆ ਹੈ ਕਿਉਂਕਿ ਦੋਸ਼ ਦਾ ਮੁੱਢ ਸਦਾ ਮਨੁੱਖ ਹੀ ਬੰਨਦੈ, ਪਰ ਮੁੱਢੋਂ ਨਾਰੀਆਂ ਵਿਚਾਰੀਆਂ ਪੜ੍ਹਨ ਲਿਖਣ ਨਹੀਂ ਸਿੱਖੀਆਂ, ਅੰਦਰੀਂ ਹੀ ਰਖੀਆਂ ਗਈਆਂ ਤੇ ਦਬਾਈਆਂ ਹੀ ਰੱਖੀਆਂ ਹਨ। ਇਹ ਆਪਣੇ 'ਤੇ ਆਏ ਦੋਸ਼ ਤੇ ਅਯੋਗ ਵਾਰ ਨਵਿਰਤ ਹੀ ਨਹੀਂ ਕਰ ਸਕੀਆਂ। ਵਾਧਾ ਤੇ ਪਹਿਲ ਸਦਾ ਮਨੁੱਖ ਵਲੋਂ ਹੁੰਦੈ। ਕੀ ਘਰ, ਕੀ ਬਾਹਰ ,ਅਧੀਨ ਕੀ

ਪਹਿਲ ਕਰਨੀ ਹੁੰਦੀ ਹੈ।"

– ਸੰਤ ਤਰਨ ਸਿੰਘ ਵਹਿਮੀ ਰਚਿਤ ਜੱਸ ਜੀਵਨ –ਭਾਗ 2 (ਪੰਨਾ ਨੰ.120 )

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਹ ਵੀ ਫਰਮਾਉਂਦੇ ਸਨ,

" ਭਾਗ ਭਾਵੇਂ ਮਾਵਾਂ ਦੇ ਹੱਥ ਵਿਚ ਨਹੀਂ ਪਰ ਬੱਚਿਆਂ ਨੂੰ ਬਲੀ ਬਨਾਉਣਾ ਅਤੇ ਸਿੱਖ ਬਨਾਉਣਾ ਮਾਵਾਂ ਦੇ ਹੱਥ ਵਿਚ ਹੈ।"

" ਔਲਾਦ ਨੂੰ ਮਾਈਆਂ ਨੇ ਪਾਲਣਾ ਹੈ। ਸਿੱਖੀ ਔਲਾਦ ਵਿਚ ਆਉਂਣੀ ਹੈ ਮਾਈਆਂ ਦੇ ਕਹਿਣ ਨਾਲ–

–ਲਾਲ ਏਹਿ ਰਤਨ ਭਾਗ ਤੀਜਾ (ਪੰਨਾ 189)

" ਜੋ ਮਾਈਆਂ ਕਰਨਗੀਆਂ, ਪਹਿਲਾ ਵਕਤ ਮਾਈਆਂ ਦੇ ਬੱਚਿਆਂ ਦਾ ਮਾਈਆਂ ਦੇ ਸਿਰ ਉਤੇ ਹੈ। ਸਾਡੀ ਔਲਾਦ– ਜਿਹੜੇ ਬੂਟੇ ਜੰਮਦੇ ਸਿੱਧੇ ਉਗ ਪੈਣਗੇ, ਜਿਨ੍ਹਾਂ ਨੂੰ ਜੰਮਦਿਆਂ ਨੂੰ ਕੋਈ ਖਰਾਬੀ ਨਾ ਪਹੁੰਚੂ, ਉਹ ਵੱਡੇ ਹੋ ਕੇ ਜ਼ਰੂਰ ਚੰਗਾ ਫਲ ਦੇਣਗੇ। ਮਾਤਾਵਾਂ ਆਪ ਉਠਣ, ਆਪ ਇਸ਼ਨਾਨ ਪਾਣੀ ਕਰਨ ਔਰ ਇਹ ਮੈਂ ਸਭਨਾਂ ਅੱਗੇ ਹੀ ਅਰਜ਼ ਕਰਾਂਗਾ। –ਲਾਲ ਏਹਿ ਰਤਨ ਭਾਗ–5 ( ਪੰਨਾ 483)

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਨੰਦ–ਕਾਰਜਾਂ ਦੀ ਰੀਤ ਵਿਚ ਸੁਧਾਰ ਕੀਤੇ। ਹੁਕਮ ਕੀਤਾ ਕਿ ਵਿਆਹ ਘਰਾਂ ਵਿਚ ਨਾ ਕਰ ਕੇ ਸਿਰਫ ਮੇਲਿਆ ਵਿਚ ਕੀਤੇ ਜਾਣ। ਮੰਗਣੀ, ਮਿਲਣੀ, ਮੁਕਲਾਵੇ ਦੀਆਂ ਫਜ਼ੂਲ ਰਸਮਾਂ ਤਿਆਗ ਦਿੱਤੀਆਂ ਜਾਣ ਅਤੇ ਲੈਣ ਦੇਣ ਦਾ ਕੋਈ ਵਿਖਾਵਾ ਨਾ ਕੀਤਾ ਜਾਵੇ।

### ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਇਸਤਰੀ ਜਾਤੀ ਦੇ ਕਲਿਆਣ ਲਈ ਕੀਤੇ ਉਪਕਾਰ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅੱਜ ਦੇ ਯੁੱਗ ਦੀ ਲੋੜ ਵੇਖਦਿਆਂ, ਸਮਾਜ ਵਿਚ ਇਸਤਰੀ ਜਾਤੀ ਦੀ ਦਸ਼ਾ ਦੇ ਸੁਧਾਰ ਅਤੇ ਸਤਿਕਾਰ ਦੀ ਪ੍ਰਥਾ ਨੂੰ ਕਿਤੇ ਅਗਾਂਹ ਲੈ ਗਏ ਹਨ। ਆਪ ਜੀ ਵਲੋਂ ਇਸ ਬਾਰੇ ਦਿੱਤੇ ਹੁਕਮ ਅਤੇ ਉਸਾਰੂ ਕੰਮ ਹੇਠ ਲਿਖੇ ਹਨ।

## ਭਰੂਣ ਹੱਤਿਆ ਮਹਾਂ ਪਾਪ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਹਨ ਕਿ ਭਰੂਣ ਹੱਤਿਆ ਨਾ ਕਰੋ।

ਸਮਾਜ ਵਿਚ ਇਸਤਰੀ ਜਾਤੀ ਦੀ ਅੱਜ ਜੋ ਦੁਰਦਸ਼ਾ ਹੋ ਰਹੀ ਹੈ, ਉਸ ਤੋਂ ਅਸੀਂ ਭਲੀ ਭਾਂਤ ਵਾਕਫ ਹਾਂ। ਪਿਛਲੇ ਸਮਿਆਂ ਵਿਚ ਤਾਂ ਜੰਮਦੀਆਂ ਕੁੜੀਆਂ ਨੂੰ ਮਾਰ ਦਿੱਤਾ ਜਾਂਦਾ ਸੀ ਪਰ ਅੱਜ ਦੇ ਸਾਇੰਸੀ ਯੁੱਗ ਵਿਚ ਇਸ ਸਮੱਸਿਆ ਨੇ ਹੋਰ ਵੀ ਘਿਨਾਉਣਾ ਰੂਪ ਅਖਤਿਆਰ ਕਰ ਲਿਆ ਹੈ। ਅਲਟਰਾਸਾਉਂਡ ਦੇ ਬਹਾਨੇ ਕੁੜੀਆਂ ਨੂੰ ਗਰਭ ਵਿਚ ਹੀ ਮਾਰ ਮੁਕਾਇਆ ਜਾਂਦਾ ਹੈ।

24 ਜੂਨ ਸੰਨ 1993 ਵਿਚ ਮਲੇਰਕੋਟਲਾ ਸ਼ਹੀਦੀ ਸਮਾਰਕ ਦਾ ਨੀਂਹ ਪੱਥਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਰੱਖਣ ਦਾ ਸਮਾਗਮ ਹੋਇਆ। ਉਸ ਰਾਜ–ਪੱਧਰੀ ਸਮਾਗਮ ਵਿਚ ਸ. ਬੇਅੰਤ ਸਿੰਘ ਜੋ ਉਸ ਵੇਲੇ ਮੁੱਖ ਮੰਤਰੀ ਪੰਜਾਬ ਸਨ ਨੂੰ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਅਲਟਰਾ ਸਾਉਂਡ ਟੈਸਟ ਅਤੇ ਭਰੂਣ ਹੱਤਿਆ 'ਤੇ ਪਾਬੰਦੀ ਲਗਾਉਣ ਲਈ ਵਿਧਾਨ ਸਭਾ ਵਿਚ ਕਾਨੂੰਨ ਬਣਾਇਆ ਜਾਵੇ। (ਬਾਦ 'ਚ ਵਿਧਾਨ ਸਭਾ ਵਿਚ ਇਹ ਕਾਨੂੰਨ ਪਾਸ ਕੀਤਾ ਗਿਆ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਹੇਠ ਨਾਮਧਾਰੀ ਸਮਾਜ ਵਲੋਂ ਇਕ ਮਤਾ ਪਾਸ ਕਰਕੇ ਸਰਕਾਰ ਪਾਸੋਂ ਮੰਗ ਕੀਤੀ ਗਈ ਕਿ ਕੁੜੀਆਂ ਨੂੰ ਜੰਮਣ ਤੋਂ ਪਹਿਲੋਂ ਹੀ ਖਤਮ ਕਰਣ ਵਾਲੇ ਇਹ ਡਾਕਟਰੀ ਕਸਾਈਖਾਨੇ ਬੰਦ ਕੀਤੇ ਜਾਣ। ਟੈਲੀਵੀਜ਼ਨ 'ਤੇ ਵਿਖਾਏ ਜਾਣ ਵਾਲੇ ਭੱਦੇ ਇਸ਼ਤਿਹਾਰ ਅਤੇ ਅਸ਼ਲੀਲ ਫਿਲਮਾਂ

’ਤੇ ਰੋਕ ਲਗਾਏ ਜਾਣ ਦੀ ਵੀ ਮੰਗ ਕੀਤੀ ਗਈ।

ਅੱਜ ਦੇ ਸਮਾਜ ਵਿਚ ਕੰਨਿਆ ਭਰੂਣ ਹੱਤਿਆ ਦੀ ਸਮੱਸਿਆ ਇਕ ਭਖਦਾ ਮਸਲਾ ਬਣੀ ਹੋਈ ਹੈ। ਸਮਾਜ ਵਿਚ ਮਰਦਾਂ ਪਿਛੇ ਔਰਤਾਂ ਦੀ ਗਿਣਤੀ ਵਿਚ ਬਹੁਤ ਫਰਕ ਆ ਚੁੱਕਾ ਹੈ ਜੋ ਚਿੰਤਾ ਦਾ ਵਿਸ਼ਾ ਹੈ। ਕੰਨਿਆਂ ਭਰੂਣ ਹੱਤਿਆ ਜੇ ਇਸੇ ਤਰ੍ਹਾਂ ਚਲਦੀ ਰਹੀ ਤਾਂ ਸਮਾਜ ਵਿਚ ਇਸਤਰੀਆਂ ਦੀ ਗਿਣਤੀ ਘੱਟ ਜਾਵੇਗੀ ਜੋ ਕਈ ਹੋਰ ਸਮੱਸਿਆਵਾਂ ਨੂੰ ਜਨਮ ਦੇਵੇਗੀ। ਨਾਮਧਾਰੀ ਸਮਾਜ ਵਿਚ ਔਰਤ ਤੇ ਮਰਦ ਦਾ ਸੰਤੁਲਨ ਬਣਿਆ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਟੀ ਅੰਮ੍ਰਿਤਸਰ ਵਿਖੇ ਸਥਾਪਤ ਸਤਿਗੁਰੂ ਰਾਮ ਸਿੰਘ ਚੇਅਰ ਦੇ ਮੁਖੀ ਡਾ. ਜੋਗਿੰਦਰ ਸਿੰਘ ਵਲੋਂ ਕਰਵਾਏ ਗਏ ਇਕ ਸਰਵੇਖਣ ਅਨੁਸਾਰ 1000 ਮਰਦਾਂ ਪਿੱਛੇ ਕ੍ਰੀਬ 992 ਔਰਤਾਂ ਦੀ ਗਿਣਤੀ ਸਿਰਫ ਇਸ ਵੇਲੇ ਨਾਮਧਾਰੀਆਂ ਵਿਚ ਹੀ ਹੈ।

ਪੰਜਾਬ ਵਿਚ ਇਹ ਗਿਣਤੀ ਕ੍ਰੀਬ 75.4 ਫੀਸਦੀ ਹੈ (ਇਹ ਗਿਣਤੀ ਸਮੇਂ ਅਨੁਸਾਰ ਵਧਦੀ ਘਟਦੀ ਰਹਿੰਦੀ ਹੈ)

ਸ੍ਰੀ ਸਤਿਗੁਰੂ ਜੀ ਫਰਮਾਉਂਦੇ ਹਨ, “ ਤੁਹਾਨੂੰ ਪਤੈ ਜੇ ਜ਼ਮੀਨ ਨਾ ਹੋਵੇ, ਫਸਲ ਨਹੀਂ ਹੋ ਸਕਦੀ, ਏਸੇ ਤਰ੍ਹਾਂ ਹੀ ਔਰਤ ਦਾ ਜਾਮਾ ਨਾ ਹੋਵੇ ਤਾਂ ਮਰਦ ਪੈਦਾ ਨਹੀਂ ਹੋ ਸਕਦੇ। ਜਿਹੜੇ ਗਰੇਵਾਲ ਜੱਟ ਸਨ, ਇਹ ਕੁੜੀ ਨਹੀਂ ਬਚਣ ਦਿੰਦੇ ਸਨ, ਆਂਹਦੇ ਸਨ, ਸਾਡਾ ਵੀ ਕੋਈ ਜਵਾਈ ਬਣੇਗਾ ! ਮਾਰ ਦਿੰਦੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਿਰਪਾ ਕੀਤੀ ਤੇ ਉਹ ਕੁੜੀਆਂ ਮਾਰਨੋਂ ਹਟਾਏ।”

## ਕੁੜੀਆਂ ਜੰਮਣ ਤੇ ਦੁਖੀ ਨਾ ਹੋਵੋ

ਅਜੋਕੇ ਸਮਾਜ ਵਿਚ ਮੁੰਡਾ ਜੰਮਣ ’ਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ ਅਤੇ ਵਧਾਈਆਂ ਦਿੱਤੀਆਂ ਜਾਂਦੀਆਂ ਹਨ ਪਰ ਕੁੜੀ ਦੇ ਜੰਮਣ ਤੇ ਘਰ ਵਿਚ ਉਦਾਸੀ ਤੇ ਸੋਗ ਦਾ ਮਾਹੌਲ ਬਣ ਜਾਂਦਾ ਹੈ।

ਸ੍ਰੀ ਸਤਿਗੁਰੂ ਜੀ ਫਰਮਾਉਂਦੇ ਹਨ, “ ਮੁੰਡੇ ਤੇ ਕੁੜੀ ਵਿਚ ਕੋਈ ਫਰਕ ਨਹੀਂ ਹੁੰਦਾ। ਮੁੰਡੇ ਦੇ ਜੰਮਣ ’ਤੇ ਖੁਸ਼ੀਆਂ, ਕੁੜੀ ਦੇ ਜੰਮਣ ’ਤੇ ਕਿਉਂ ਨਹੀਂ ?”

ਸ੍ਰੀ ਸਤਿਗੁਰੂ ਜੀ ਦੇ ਘਰ ਇਕੋ ਧੀ ਬੀਬਾ ਸਾਹਿਬ ਕੌਰ ਹੈ। ਇਸ ਦੇ ਜਨਮ ਸਮੇਂ ਸ੍ਰੀ ਸਤਿਗੁਰੂ ਜੀ ਨੇ ਖੁਸ਼ੀ ਪ੍ਰਗਟ ਕੀਤੀ। ਇਸ ਦਾ ਜਨਮ ਸ੍ਰੀ ਸਤਿਗੁਰੂ ਜੀ ਅਤੇ ਮਾਤਾ ਚੰਦ ਕੌਰ ਜੀ ਦੇ ਘਰ 27 ਦਸਬੰਰ ਸੰਨ 1962 ਨੂੰ ਹੋਇਆ। ਬੀਬਾ ਸਾਹਿਬ ਕੌਰ ਦਾ ਵਿਆਹ 2 ਦਸਬੰਰ ਸੰਨ 1979 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸੰਤ ਜਗਤਾਰ ਸਿੰਘ ( ਸਪੁੱਤਰ ਸੰਤ ਮਹਿੰਦਰ ਸਿੰਘ ਪਨਿਹਾਰੀ, ਜ਼ਿਲ੍ਹਾ ਸਰਸਾ) ਨਾਲ ਹੋਇਆ। ਇਨ੍ਹਾਂ ਦੇ ਵਿਆਹ ਸਮੇਂ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇਸ ਦੇ ਵਿਆਹ ਦੀਆਂ ਵਧਾਈਆਂ ਉਹ ਦੇਵੇ ਜਿਸ ਨੇ ਇਸ ਦੇ ਜਨਮ ਸਮੇਂ ਵਧਾਈਆਂ ਦਿੱਤੀਆਂ ਸਨ।

## ਕੁੜੀਆਂ ਨੂੰ ਬੋਝ ਨਾ ਸਮਝੋ

ਅੱਜ ਸਾਡੇ ਭਾਰਤੀ ਸਮਾਜ ਵਿਚ ਕੁੜੀਆਂ ਦਾ ਜੰਮਣਾਂ ਇਸ ਕਰਕੇ ਬੋਝ ਅਤੇ ਦੁਰਭਾਗ ਦਾ ਕਾਰਨ ਸਮਝਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਦਾ ਵਿਆਹਾਂ ’ਤੇ ਬੜਾ ਖਰਚ ਕਰਨਾ ਪੈਂਦਾ ਹੈ। ਕੁੜੀ ਦੇ ਪੈਦਾ ਹੁੰਦਿਆਂ ਹੀ ਮਾਂ-ਬਾਪ ਉਸ ਲਈ ਦਾਜ ਜੁਟਾਉਣ ਵਿਚ ਰੁੱਝ ਜਾਂਦੇ ਹਨ। ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਸਮਾਜ ਨੂੰ ਦਾਜ ਦੀ ਇਸ ਕੋਝੀ ਕੁਰੀਤੀ ਤੋਂ ਬਚਾਈ ਰੱਖਿਆ ਹੈ। ਇਸ ਦਾ ਜ਼ਿਕਰ ਅੱਗੇ ਆਵੇਗਾ।

ਸ੍ਰੀ ਸਤਿਗੁਰੂ ਜੀ ਜਿਆਦਾਤਰ ਮੁੰਡੇ ਕੁੜੀਆਂ ਦੇ ਵਿਆਹ ਆਪ ਹੀ ਕਰਦੇ ਰਹੇ ਹਨ।

ਮਿਸਾਲ ਦੇ ਤੌਰ ਤੇ ਪਿੰਡ ਹਿਰਨਾਂਵਾਲੀ ਹਨੂੰਮਾਨ ਗੜ੍ਹ ਦੇ ਕੋਲ (ਜ਼ਿਲ੍ਹਾ ਰਾਜਸਥਾਨ) ਦੇ ਸਵ. ਸੰਤ ਰਣਧੀਰ ਸਿੰਘ ਦੀਆਂ 6 ਕੁੜੀਆਂ ਹਨ।

ਸ੍ਰੀ ਸਤਿਗੁਰੂ ਜੀ ਨੇ ਰਣਧੀਰ ਸਿੰਘ ਨੂੰ ਕਿਹਾ, ' ਘਬਰਾਈ ਨਾਂ। ਇਨ੍ਹਾਂ ਕੁੜੀਆਂ ਦੇ ਵਿਆਹ ਮੈਂ ਆਪ ਕਰਾਂਗਾ। '

ਕੁੜੀਆਂ ਦੇ ਵਿਆਹ ਵਧੀਆ ਘਰਾਂ 'ਚ ਸ੍ਰੀ ਸਤਿਗੁਰੂ ਜੀ ਨੇ ਆਪ ਹੀ ਕੀਤੇ। ਇਨ੍ਹਾਂ ਵਿਚੋਂ ਇਕ ਬਲਜੀਤ ਕੌਰ ਦਾ ਵਿਆਹ ਆਪ ਜੀ ਨੇ ਆਪਣੇ ਹਜ਼ੂਰੀ ਡਰਾਈਵਰ ਸੰਤ ਗੁਰਮੁਖ ਸਿੰਘ ਨਾਲ ਕੀਤਾ। ਇਹ ਪਰਿਵਾਰ ਸ੍ਰੀ ਭੈਣੀ ਸਾਹਿਬ ਵਿਖੇ ਰਹਿੰਦਾ ਹੈ।

ਉਸਤਾਦ ਸੁਰਜਣ ਸਿੰਘ ਦੀਆਂ ਪੰਜਾਂ ਕੁੜੀਆਂ ਦੇ ਵਿਆਹ ਵੀ ਸ੍ਰੀ ਸਤਿਗੁਰੂ ਜੀ ਨੇ ਕੀਤੇ।

ਏਦਾਂ ਸ੍ਰੀ ਸਤਿਗੁਰੂ ਜੀ ਨੇ ਬਹੁਤ ਕੁੜੀਆਂ ਦੇ ਆਪ ਵਿਆਹ ਕੀਤੇ। ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਸਨ। ਇਹੀ ਕਾਰਣ ਹੈ ਕਿ ਨਾਮਧਾਰੀ ਸਮਾਜ ਵਿਚ ਕੁੜੀਆਂ ਨੂੰ ਬੋਝ ਨਹੀਂ ਸਮਝਿਆ ਜਾਂਦਾ।

ਸੰਤ ਕੁਲਦੀਪ ਸਿੰਘ ( ਹਜ਼ੂਰੀ ਸੇਵਕਾਂ ਰਛਪਾਲ ਸਿੰਘ, ਹਰਪਾਲ ਸਿੰਘ ਅਤੇ ਸੁਖਦੇਵ ਸਿੰਘ ਦੇ ਮਾਮਾ ਜੀ) ਦੇ ਘਰ ਪੰਜ ਧੀਆਂ ਹਨ। ਉਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਪੁੱਤਰ ਬਖਸ਼ਣ ਦੀ ਅਰਜ਼ ਕੀਤੀ।

ਸ੍ਰੀ ਸਤਿਗੁਰੂ ਜੀ ਹੁਕਮ ਕੀਤਾ, ' ਮੈ ਤਾਂ ਕਹਿਨਾ ਬਈ ਸਤਿਗੁਰੂ ਸਭ ਨੂੰ ਪੁੱਤਰ ਦੇਣ। '

' ਆਪ ਜੀ ਹੁਕਮ ਕਰੋ ', ਸੰਤ ਕੁਲਦੀਪ ਸਿੰਘ ਨੇ ਅਰਜ਼ ਕੀਤੀ।

'ਮੈਂ ਨਹੀਂ ਹੁਕਮ ਕਰਨਾ', ਸ੍ਰੀ ਸਤਿਗੁਰੂ ਜੀ ਨੇ ਫਰਮਾਇਆ।

ਜਦੋਂ ਸੰਤ ਕੁਲਦੀਪ ਸਿੰਘ ਵਾਪਸ ਮੁੜਨ ਲੱਗੇ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ,

'ਕੁਲਦੀਪ ਓਰੇ ਆ , ਨਾਰਾਜ਼ ਹੋ ਕੇ ਚਲਿਐ। ' ਸੰਤ ਕੁਲਦੀਪ ਸਿੰਘ ਚੁੱਪ ਕਰ ਗਏ।

ਸ੍ਰੀ ਸਤਿਗੁਰੂ ਜੀ ਨੇ ਫਰਮਾਇਆ, ' ਦੇਵ, ਸ੍ਰੀ ਜੀਵਨ ਨਗਰ ਦੇ ਨੂੰ ਜਾਣਦਾ ਹੈਂ। ਉਸ ਦੇ ਸੱਤ ਧੀਆਂ ਹਨ। 35 ਕਿਲੇ ਪੈਲੀ ਸੀ। ਜ਼ਬਰਦਸਤੀ ਪੁੱਤਰ ਲਿਆ, ਹੁਣ ਇਕ ਮਰਲਾ ਪੈਲੀ ਨਹੀਂ, ਖਰਚੇ ਤੋਂ ਵੀ ਤੰਗ ਹੈ। ਸ੍ਰੀ ਭੈਣੀ ਸਾਹਿਬ ਤੋਂ ਖਰਚਾ ਲੈ ਕੇ ਜਾਂਦਾ ਹੈ।

ਸੰਤ ਕੁਲਦੀਪ ਸਿੰਘ ਨੇ ਅਰਜ਼ ਕੀਤੀ, ' ਸੱਚੇ ਪਾਤਸ਼ਾਹ ਜੀ ਮੈਨੂੰ ਬਖਸ਼ੋ, ਪ੍ਰਸ਼ਾਦਾ ਛਕਣ ਜੋਗੇ ਰਹੀਏ, ਮੈਨੂੰ ਧੀਆਂ ਹੀ ਠੀਕ ਹਨ। '

## ਕੁੜੀਆਂ ਨੂੰ ਪੜ੍ਹਾਓ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਹਨ ਕਿ ਕੁੜੀਆਂ ਨੂੰ ਪੜ੍ਹਾਓ। ਹਰ ਤਰ੍ਹਾਂ ਦੀ ਸਿੱਖਿਆ ਹਾਸਲ ਕਰਨ ਦਾ ਕੁੜੀਆਂ ਨੂੰ ਹੱਕ ਹੋਣਾ ਚਾਹੀਦਾ ਹੈ।

ਸ੍ਰੀ ਸਤਿਗੁਰੂ ਜੀ ਨੂੰ ਜਿੱਥੇ ਕਿਤੇ ਵੀ ਪਤਾ ਲਗਦਾ ਹੈ ਕਿ ਕੋਈ ਨਾਮਧਾਰੀ ਬੀਬੀ ਵਧੇਰੇ ਪੜ੍ਹ ਲਿਖ ਰਹੀ ਹੈ, ਕਾਬਲ ਹੈ ਜਾਂ ਸਮਾਜ ਵਿਚ ਕੋਈ ਚੰਗਾ ਕੰਮ ਕਰ ਰਹੀ ਹੈ, ਆਪ ਉਸਨੂੰ ਅੱਗੇ ਵਧਦੇ ਰਹਿਣ ਲਈ ਉਤਸ਼ਾਹ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਰਹਿਨੁਮਾਈ ਅਤੇ ਹੌਂਸਲਾ ਬਖਸ਼ਣ ਸਦਕਾ ਨਾਮਧਾਰੀ ਬੀਬੀਆਂ ਅੱਜ ਸਮਾਜ ਦੇ ਹਰ ਖੇਤਰ ਵਿਚ ਅੱਗੇ ਆਈਆਂ ਹਨ ਅਤੇ ਨਿਰਸੰਦੇਹ ਆਉਣ ਵਾਲੇ ਸਮੇਂ ਵਿਚ ਇਹ ਪ੍ਰਾਪਤੀਆਂ ਹੋਰ ਗੌਰਵਮਈ ਰਹਿਣਗੀਆਂ। ਇਹ ਹੀ ਨਹੀਂ ਸ੍ਰੀ ਸਤਿਗੁਰੂ ਜੀ, ਚੰਗਾ ਕੰਮ ਕਰਦੀਆਂ ਗੈਰ ਨਾਮਧਾਰੀ ਬੀਬੀਆਂ ਨੂੰ ਵੀ ਉਤਸ਼ਾਹਿਤ ਕਰਦੇ ਹਨ।

ਸ੍ਰੀ ਸਤਿਗੁਰੂ ਜੀ ਦੁਆਰਾ ਪ੍ਰੇਰਨਾ ਤੇ ਉਤਸ਼ਾਹ ਦਿੱਤੇ ਜਾਣ ਕਾਰਨ, ਅੱਜ ਨਾਮਧਾਰੀ ਸਮਾਜ ਵਿਚ

ਇਸਤਰੀ ਤਰੱਕੀ ਦੀਆਂ ਪੁਲਾਘਾਂ ਪੁੱਟ ਰਹੀ ਹੈ। ਨਾਮਧਾਰੀ ਬੀਬੀਆਂ ਸੂਝਵਾਨ ਹਨ ਅਤੇ ਹਰ ਖੇਤਰ ਵਿਚ ਅੱਗੇ ਵਧ ਰਹੀਆਂ ਹਨ। ਨਾਮਧਾਰੀ ਬੀਬੀਆਂ ਅੱਜ-ਪਾਇਲਟ, ਜੱਜ-ਵਕੀਲ, ਡਾਕਟਰ, ਇੰਜਨੀਅਰ, ਪ੍ਰਿੰਸੀਪਲ, ਪ੍ਰੋਫੈਸਰ, ਸੰਗੀਤਕਾਰ, ਸਾਹਿਤਕਾਰ, ਰਿਸਰਚ ਸਕਾਲਰ, ਪੱਤਰਕਾਰ, ਆਰਟਿਸਟ, ਚਿੱਤਰਕਾਰ ਅਤੇ ਪੁਲਿਸ 'ਚ ਕਾਰਜਰਤ ਹਨ। ਕੁਝ ਬੀਬੀਆਂ ਨੇ ਆਈ. ਏ. ਐਸ. ਕੀਤੀ ਹੈ। ਬੀਬੀਆਂ ਪਿੰਡਾਂ 'ਚ ਸਰਪੰਚ, ਪੰਚ ਵੀ ਹਨ। ਸ਼ਹਿਰਾਂ ਵਿਚ ਪਾਰਸ਼ਦ ਵੀ ਹਨ।

ਸਮੇਂ ਦੇ ਹਾਣ ਦਾ ਬਨਣ ਲਈ ਇੰਨਾਂ ਬੀਬੀਆਂ ਨੂੰ ਸ੍ਰੀ ਸਤਿਗੁਰੂ ਜੀ ਨੇ ਥਾਪੜਾ ਵੀ ਦਿੱਤਾ ਤੇ ਕਈਆਂ ਨੂੰ ਆਰਥਕ ਸਹਾਇਤਾ ਦਿੱਤੀ। ਏਨਾਂ ਦੀ ਲਿਸਟ ਬਹੁਤ ਲੰਬੀ ਹੈ। ਕੁਝ ਕੁ ਦਾ ਜ਼ਿਕਰ ਮੈਂ ਕੀਤਾ ਹੈ, ਜੋ ਅਗਲੇ ਪੰਨਿਆਂ 'ਤੇ ਪ੍ਰਮੁੱਖ ਬੀਬੀਆਂ ਅਧਿਆਏ ਵਿਚ ਆਵੇਗਾ। ਸ੍ਰੀ ਸਤਿਗੁਰੂ ਜੀ ਨੇ ਖੁਦ ਨਿੱਜੀ ਦਿਲਚਸਪੀ ਲੈ ਕੇ ਬੀਬੀਆਂ ਨੂੰ ਕਿਵੇਂ ਸੰਗੀਤ ਦੀ ਦਾਤ ਬਖਸ਼ੀ, ਇਸ ਦਾ ਜ਼ਿਕਰ ਵੀ, ਸੰਗੀਤਕਾਰ ਬੀਬੀਆਂ ਦੇ ਅਧਿਆਏ ਵਿਚ ਅਗਲੇ ਪੰਨਿਆ ਤੇ ਦਰਜ ਕੀਤਾ ਗਿਆ ਹੈ।

## ਭਾਰਤੀ ਸੰਸਕ੍ਰਿਤੀ ਅਨਸੁਾਰ ਸਾਦਗੀ 'ਚ ਰਿਹਾ ਜਾਵੇ

ਹਜ਼ੂਰ ਦੀ ਸੋਚ ਹੈ ਕਿ ਸਾਡੀਆਂ ਬੱਚੀਆਂ ਅੱਗੇ ਵਧਣ, ਤਰੱਕੀ ਕਰਨ, ਉੱਚੇ ਅਹੁਦਿਆਂ 'ਤੇ ਸੁਸ਼ੋਭਿਤ ਹੋਣ ਅਤੇ ਸੁਖੀ ਜੀਵਨ ਬਤੀਤ ਕਰਦਿਆਂ ਸਮਾਜ ਦੀ ਤਰੱਕੀ ਵਿਚ ਯੋਗਦਾਨ ਪਾਉਣ। ਸਾਦਾ ਅਤੇ ਸਰਲ ਜੀਵਨ ਬਤੀਤ ਕਰਦਿਆਂ ਗ੍ਰਹਿਸਥ ਜੀਵਨ ਨੂੰ ਵੀ ਸਫਲ ਰੱਖਣ।

ਬੀਬੀਆਂ ਨੂੰ ਆਪਣਾ ਪਹਿਰਾਵਾ ਸਾਦਾ ਰੱਖਣਾ ਚਾਹੀਦਾ ਹੈ ਅਤੇ ਆਪਣੀਆਂ ਬੱਚੀਆਂ ਨੂੰ ਵੀ ਫੈਸ਼ਨ ਕਰਨ ਤੋਂ ਪਰਹੇਜ਼ ਕਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ।

ਸ੍ਰੀ ਸਤਿਗੁਰੂ ਜੀ ਫਰਮਾਉਂਦੇ ਹਨ, " ਨਾਮਧਾਰੀ ਸਿੰਘਾਂ ਤੇ ਮਾਈਆਂ ਨੂੰ ਕੜਾ ਬੜਾ ਜ਼ਰੂਰੀ ਸਮਝਣਾਂ ਚਾਹੀਦਾ ਹੈ, ਦੂਜੇ ਗਹਿਣੇ ਨਹੀਂ । ਜਿੰਨ੍ਹਾਂ ਮਾਈਆਂ ਦੇ ਕੰਨਾਂ ਵਿਚ ਕਾਂਟੇ-ਵਾਲੀਆਂ ਪਾਈਆਂ ਹੋਣ, ਕੀ ਉਹ ਮੈਨੂੰ ਦੱਸ ਦੇਣਗੀਆਂ ਪਈ ਕੰਨਾਂ ਵਿਚ ਉਹ ਪਾ ਕੇ ਜ਼ਿਆਦਾ ਸੁਣਦਾ ਹੈ। ਇਕ ਰਿਵਾਜ ਚਲ ਗਿਆ ਹੈ। ਇਸ ਤਰ੍ਹਾਂ ਲੋਕਾਂ ਦੇ ਰਿਵਾਜਾਂ ਮਗਰ ਅਸੀਂ ਨਹੀਂ ਤੁਰਨਾਂ। ਸਤਿਗੁਰੂ ਰਾਮ ਸਿੰਘ ਜੀ ਨੇ ਜੋ ਕੁਝ ਸਾਨੂੰ ਦੱਸਿਆ ਹੈ, ਉਹਦਾ ਅਧਿਐਨ ਕਰੀਏ। ਉਹਦੇ 'ਤੇ ਚਲ ਕੇ ਆਪ ਕੋਸ਼ਿਸ਼ ਕਰਨੀ ਹੈ ਤਾਂ ਕਿ ਅਸੀਂ ਲੋਕਾਂ ਨੂੰ ਵੀ ਉਹਦੇ ਤੇ ਚਲਾ ਸਕੀਏ। ਜੇ ਅਸੀਂ ਆਪ ਉਹਦੇ 'ਤੇ ਚਲਾਂਗੇ, ਫਿਰ ਅਸੀਂ ਕਿਸੇ ਨੂੰ ਆਖ ਸਕਾਂਗੇ।

ਇਕ ਵਾਰ ਸੰਨ 1993 'ਚ ਸ੍ਰੀ ਸਤਿਗੁਰੂ ਜੀ ਨੇ ਬੀਬੀਆਂ ਨੂੰ ਹੁਕਮ ਕੀਤਾ ਕਿ ਆਪਣੇ ਪਾਉਣ ਲਈ ਚਾਰ ਸੂਟ ਰੱਖੋ, ਜਦੋਂ ਉਹ ਫਟ ਜਾਣ, ਹੋਰ ਸੰਵਾ ਲਵੋਂ। ਇਹੀ ਨਹੀਂ, ਸ੍ਰੀ ਭੈਣੀ ਸਾਹਿਬ ਦੀਆਂ ਸੰਗੀਤਕਾਰ ਬੀਬੀਆਂ ਨੂੰ ਬੁਲਾ ਕੇ ਸ੍ਰੀ ਸਤਿਗੁਰੂ ਜੀ ਨੇ ਕੱਲੀ ਕੱਲੀ ਨੂੰ ਹੁਕਮ ਕਰ ਕੇ ਪੁੱਛਿਆ ਕਿ ਉਨ੍ਹਾਂ ਕੋਲ ਕਿੰਨੇ ਕਿੰਨੇ ਸੂਟ ਹਨ। ਫਿਰ ਹੁਕਮ ਕੀਤਾ ਕਿ ਆਪਣੇ ਪਾਉਣ ਜੋਗੇ ਰੱਖ ਕੇ ਬਾਕੀ ਸੂਟ ਇਥੇ ਕੋਠੀ ਵਿਚ ਦੇ ਦਿਓ, ਤਾਂ ਕਿ ਉਹ, ਜਿੰਨ੍ਹਾਂ ਗਰੀਬਾਂ ਕੋਲ ਪਾਉਣ ਲਈ ਕੱਪੜੇ ਨਹੀਂ ਹਨ, ਉਨ੍ਹਾਂ ਨੂੰ ਵੰਡੇ ਜਾਣ। ਇਹ ਸ੍ਰੀ ਸਤਿਗੁਰੂ ਜੀ ਦੀ ਉੱਚੀ ਸੋਚ ਦਾ ਇਕ ਨਮੂਨਾ ਹੈ।

## ਸਮੇਂ ਸਿਰ ਅਤੇ ਠੀਕ ਥਾਂ ਵਿਆਹ ਕੀਤੇ ਜਾਣ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਪਦੇਸ਼ ਦਿੰਦੇ ਹਨ ਕਿ ਮਾਂ-ਬਾਪ ਨੂੰ ਆਪਣੀਆਂ ਬੱਚੀਆਂ ਦੇ ਰਿਸ਼ਤੇ ਠੀਕ ਉਮਰ ਵਿਚ ਅਤੇ ਸੋਚ ਸਮਝ ਕੇ ਕਰਨੇ ਚਾਹੀਦੇ ਹਨ। ਜਿਹੋ ਜਿਹੇ ਮਾਹੌਲ ਵਿਚ ਕੁੜੀ ਆਪਣੇ ਮਾਪਿਆਂ ਦੇ

ਘਰ ਵਿਚ ਹੋਵੇ, ਉਹੋ ਜਿਹਾ ਮਾਹੌਲ ਉਸ ਨੂੰ ਆਪਣੇ ਸੌਹਰੇ ਘਰ ਮਿਲੇ। ਗਲਤ ਪਾਸੇ ਜਾ ਕੇ ਕੁੜੀ ਬਹੁਤ ਔਖੀ ਹੁੰਦੀ ਹੈ ਅਤੇ ਇਸ ਪਾਪ ਦਾ ਦੋਸ਼ ਮਾਂ-ਬਾਪ ਨੂੰ ਹੀ ਲਗਦਾ ਹੈ।

ਸ੍ਰੀ ਸਤਿਗੁਰੁ ਜੀ ਬਚਨ ਕਰਦੇ ਹਨ,

" ਪਾਕਿਸਤਾਨ ਬਣਨ ਤੋਂ ਬਾਅਦ ਦੀ ਗੱਲ ਹੈ। ਮੈਂ ਚੱਕਰਵਰਤੀ ਜੀ ਦੇ ਘਰ ਪਟਿਆਲੇ ਗਿਆ। ਉਥੇ ਇਕ ਬੀਬੀ ਮੈਨੂੰ ਮਿਲੀ, ਉਸ ਨੌਜਵਾਨ ਲੜਕੀ ਨੇ ਮੈਨੂੰ ਆਖਿਆ, ' ਮੇਰੇ ਮਾਤਾ-ਪਿਤਾ ਨੇ ਇਹ ਵੇਖਿਆ ਕਿ ਉਹਨਾਂ ਦੇ ਪੈਸੇ ਬੜੇ ਨੇ, ਟੱਬਰ ਬੜਾ ਤਗੜੈ, ਬੰਦਿਆਂ ਵਾਲੇ ਨੇ। ਮੇਰਾ ਉਥੇ ਵਿਆਹ ਕਰ ਦਿੱਤਾ। ' ਨਾਮਧਾਰੀ ਮਾਤਾ-ਪਿਤਾ ਨੇ ਖੁੱਲ੍ਹਿਆਂ ਵੱਲ ਕੁੜੀ ਵਿਆਹ ਦਿੱਤੀ, ਉਹਨਾਂ ਨੂੰ ਨਾਮਧਾਰੀ ਬਣਾ ਕੇ। ਫਿਰ ਆਂਹਦੇ ਕੀ ਨੇ-ਜੀ ਅਸੀਂ ਟੱਬਰ ਵਧਾਉਂਦੇ ਹਾਂ । ਟੱਬਰ ਵਧਦਾ ਨਹੀਂ, ਕਈ ਵੇਰਾਂ ਆਪਣਾ ਘਟਦਾ ਹੈ। ਇਕ ਆਦਮੀ ਨੇ ਕੰਧ ਉੱਤੇ ਹੱਥ ਪਾਏ ਨੇ, ਇਕ ਆਦਮੀ ਨੇ ਥੱਲੇ ਲੱਤਾਂ ਫੜੀਆਂ ਨੇ। ਉਹ ਉਸਨੂੰ ਖਿੱਚ ਕੇ ਚਾੜ੍ਹ ਲਵੇਗਾ ? ਬੜਾ ਬਲਵਾਨ ਹੋਵੇ ਤਾਂ ਚਾੜ੍ਹ ਵੀ ਲਵੇਗਾ ਪਰ ਬਹੁਤੇ ਆਦਮੀ ਲੱਤਾਂ ਖਿੱਚੀਆਂ ਵਾਲੇ, ਥੱਲੇ ਹੀ ਡਿੱਗ ਪੈਂਦੇ ਨੇ।

ਉਹ ਨਾਮਧਾਰੀ ਲੜਕੀ ਗੈਰ-ਨਾਮਧਾਰੀਆਂ ਵੱਲ ਵਿਆਹੀ ਗਈ,ਚੰਗਾ ਘਰ ਵੇਖ ਕੇ, ਜ਼ਮੀਨ ਭਾਂਡਾ ਵੇਖ ਕੇ। ਉਹ ਮੇਰੇ ਕੋਲ ਆਈ, ਮੈਨੂੰ ਆਂਹਦੀ ਪਤਾ ਨਹੀਂ ਮੁੜ ਕੇ ਮਿਲ ਸਕਾਂ ਜਾਂ ਨਾ। ਮੇਰੀ ਜੋ ਘਰ 'ਚ ਹਾਲਤ ਹੈ, ਮੈਂ ਹੀ ਜਾਂਣਦੀ ਹਾਂ। ਮੇਰੇ ਮਾਤਾ-ਪਿਤਾ ਨੂੰ ਕੋਈ ਫਿਕਰ ਨਹੀਂ ਇਸ ਗੱਲ ਦਾ, ਸਾਰੀ ਸਾਰੀ ਰਾਤ ਮੇਰੇ ਸੌਹਰੇ ਘਰ ਵਾਲੇ ਮੇਰੇ ਹੱਥ ਪਾਵਿਆਂ ਥੱਲੇ ਦੇ ਛੱਡਦੇ ਨੇ ਕਿ ਤੂੰ ਮਾਸ ਬਣਾਂ। ਮੈਥੋਂ ਨਹੀਂ ਬਣਦਾ, ਕਈ ਰਾਤਾਂ ਤੋਂ ਇਹੀ ਕੰਮ ਚਲਦਾ ਹੈ। ਅੱਜ ਮੈਂ ਚੋਰੀ ਆ ਕੇ ਮਿਲੀ ਹਾਂ। ਮੁੜ ਕੇ ਪਤਾ ਨਹੀਂ ਮਿਲ ਸਕਾਂਗੀ ਜਾਂ ਨਹੀਂ। ਮੇਰਾ ਕਹਿਣ ਦਾ ਮਤਲਬ ਹੈ- ਏਥੇ ਆ ਕੇ ਫਿਰ ਮਾਤਾ-ਪਿਤਾ ਦਾ ਤਾਅਲੁੱਕ ਨਹੀਂ ਰਹਿ ਜਾਂਦਾ, ਫਿਰ ਸਾਡੇ ਨਾਲ ਵਾਸਤਾ ਪੈਂਦਾ ਹੈ।

ਤੁਸੀਂ ਨਾਮਧਾਰੀ ਵੇਖੋ। ਉਹਦੀ ਜਾਇਦਾਤ ਘੱਟ ਹੈ ਤਦ ਵੀ ਉਥੇ ਰਿਸ਼ਤਾ ਕਰੋ। "

## ਵਾਧੂ ਰਸਮਾਂ ਦਾ ਤਿਆਗ ਅਤੇ ਸਾਦੇ ਵਿਆਹ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਆਰੰਭ ਕੀਤੀ ਗਈ ਅਨੰਦ-ਮਰਿਯਾਦਾ ਦੀ ਰਸਮ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਮੇਂ ਸਮੇਂ 'ਤੇ ਕਈ ਸੁਧਾਰ ਕੀਤੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੁਰਾਤਨ ਪਰੰਪਰਾਵਾਂ ਨੂੰ ਕਾਇਮ ਰਖਦਿਆਂ ਹੋਇਆਂ, ਨਵੀਆਂ ਚੁਣੌਤੀਆਂ ਦੇ ਰੁਬਰੂ ਇਸ ਰਸਮ ਨੂੰ ਸਰਲ ਅਤੇ ਗੁਰਮਤਿ ਦੇ ਅਨੁਕੂਲ ਬਣਾਈ ਰੱਖਣ ਲਈ ਅਨੇਕ ਸਫਲ ਯਤਨ ਕੀਤੇ।

ਆਪਣੇ ਪੁੱਤਰ, ਆਪਣੀ ਧੀ ਦਾ ਰਿਸ਼ਤਾ ਕਰਨ ਲੱਗੇ ਦੋਵੇਂ ਧਿਰਾਂ, ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕਰ ਪ੍ਰਵਾਨਗੀ ਲੈ ਲੈਂਦੀਆਂ ਹਨ।

ਜ਼ਿਆਦਾਤਰ ਅਨੰਦ-ਕਾਰਜ, ਸਮੂਹਿਕ ਰੂਪ ਵਿਚ ਮੇਲਿਆਂ ਦੌਰਾਨ ਕੀਤੇ ਜਾਂਦੇ ਹਨ। ਗਰੀਬ, ਅਮੀਰ, ਹਰ ਜਾਤ, ਹਰ ਸ਼੍ਰੇਣੀ ਦੇ ਮੁੰਡੇ ਕੁੜੀਆਂ ਦੇ ਇਕੋ ਥਾਂ 'ਤੇ ਇਕੋ ਸਮੇਂ ਅਨੰਦ ਕਾਰਜ ਕੀਤੇ ਜਾਂਦੇ ਹਨ। ਅੱਜ ਕੱਲ ਵਿਆਹ ਜ਼ਰੂਰੀ ਨਹੀਂ ਕਿ ਸਿਰਫ ਮੇਲੇ ਵਿਚ ਹੀ ਕੀਤੇ ਜਾਣ। ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਮੇਲੇ ਤੋਂ ਬਿਨਾਂ ਵੀ, ਕਿਸੇ ਦਿਨ ਵੀ, ਸ੍ਰੀ ਭੈਣੀ ਸਾਹਿਬ ਵਿਖੇ ਜਾਂ ਹੁਕਮ ਤੇ ਰਜ਼ਾ ਮੁਤਾਬਕ ਕਿਸੇ ਹੋਰ ਸ਼ਹਿਰ ਵਿਚ ਵੀ ਅਨੰਦ-ਕਾਰਜ ਕੀਤੇ ਜਾ ਸਕਦੇ ਹਨ।

ਵਿਆਹ ਵਾਲੇ ਜੋੜਿਆਂ ਦੇ ਚਿੱਟੇ ਬਸਤਰ ਪਾਏ ਹੁੰਦੇ ਹਨ, ਕੋਈ ਗਹਿਣਾ ਨਹੀਂ ਪਾਇਆ ਜਾਂਦਾ। ਵਿਆਹ 'ਤੇ ਸਿਰਫ ਸਵਾ ਰੁਪਿਆ ਖਰਚ ਕੀਤਾ ਜਾਂਦਾ ਹੈ। ਕੋਈ ਸ਼ਗਨ, ਕੋਈ ਵਿਹਾਰ ਨਹੀਂ ਕੀਤਾ ਜਾਂਦਾ। ਅਨੰਦ-ਕਾਰਜਾਂ ਉਪ੍ਰੰਤ ਮੁੰਡੇ, ਕੁੜੀ ਵਾਲੇ ਸਾਰੇ ਪਰਿਵਾਰ, ਲੰਗਰ ਵਿਚੋਂ ਪ੍ਰਸ਼ਾਦਾ ਛਕ ਕੇ ਘਰਾਂ ਨੂੰ ਚਲੇ ਜਾਂਦੇ ਹਨ।

ਹੁਕਮ ਅਨੁਸਾਰ ਵਿਆਹ ਤੋਂ ਪਹਿਲੋਂ ਰੋਕਾ, ਠਾਕਾ, ਸ਼ਗਨ, ਮੰਗਣਾ ਆਦਿ ਕੋਈ ਵੀ ਰਸਮ ਨਹੀਂ ਕੀਤੀ ਜਾਂਦੀ ਹੈ।

ਸ੍ਰੀ ਸਤਿਗੁਰੂ ਜੀ ਦਾ ਹੁਕਮ ਹੈ ਕਿ ਅਨੰਦ ਕਾਰਜਾਂ ਮਗਰੋਂ ਕੁੜੀ ਸਿੱਧੀ ਆਪਣੇ ਸੌਹਰੇ ਘਰ ਜਾਵੇ ਤੇ ਪੰਦਰਾਂ ਦਿਨ ਉਥੇ ਹੀ ਰਹੇ ਤਾਂ ਜੋ ਮੁਕਲਾਵੇ ਦੀ ਰਸਮ ਖਤਮ ਕੀਤੀ ਜਾ ਸਕੇ।

ਸ੍ਰੀ ਸਤਿਗੁਰੂ ਜੀ ਦਾ ਵਿਸ਼ੇਸ਼ ਹੁਕਮ ਹੈ ਕਿ ਵਿਆਹ ਸਾਦਾ ਹੋਣ, ਕੁਝ ਵੀ ਲਿਆ ਦਿਤਾ ਨਾ ਜਾਵੇ, ਫਾਲਤੂ ਰਸਮਾਂ 'ਤੇ ਖਰਚ ਨਾ ਕੀਤਾ ਜਾਵੇ। ਘਰ ਜਾ ਕੇ ਪਾਰਟੀਆਂ ਕਰਨ ਦੀ ਆਗਿਆ ਬਿਲਕੁਲ ਨਹੀਂ ਹੈ। ਜੇ ਕੋਈ ਪਾਰਟੀ ਕਰਨ ਦੀ ਗਲਤੀ ਕਰਦਾ ਹੈ ਉਸ ਪ੍ਰਤੀ ਅਤੇ ਉਨ੍ਹਾਂ ਦੇ ਜੋ ਨਾਮਧਾਰੀ ਰਿਸ਼ਤੇਦਾਰ ਪਾਰਟੀ ਵਿਚ ਸ਼ਾਮਲ ਹੁੰਦੇ ਹਨ,ਉਨ੍ਹਾਂ ਪ੍ਰਤੀ ਸਤਿਗੁਰਾਂ ਵਲੋਂ ਨਰਾਜ਼ਗੀ ਹੁੰਦੀ ਹੈ ਅਤੇ ਭਾਰੀ ਡੰਨ ਲਗਾਇਆ ਜਾਂਦਾ ਹੈ। ਵਿਆਹਾਂ ਦੇ ਸੱਦਾ ਪੱਤਰ ਛਾਪਣ ਦਾ ਹੁਕਮ ਵੀ ਨਹੀਂ ਹੈ।

## ਦਾਜ ਪ੍ਰਥਾ ਦੇ ਖਾਤਮੇ ਦਾ ਹੁਕਮ

ਦਾਜ ਪ੍ਰਥਾ ਨੇ ਹੋਰ ਵੀ ਕਈ ਬੁਰਾਈਆਂ ਨੂੰ ਜਨਮ ਦਿਤਾ ਹੈ। ਗਰੀਬ ਮਾਪਿਆਂ ਦੀਆਂ ਧੀਆਂ ਦੀ ਦੁਰਦਸ਼ਾ ਹੁੰਦੀ ਹੈ, ਕਈ ਤਾਂ ਵਿਆਹ ਖੁਣੋਂ ਕੁਆਰੀਆਂ ਹੀ ਬੈਠੀਆਂ ਰਹਿ ਜਾਂਦੀਆਂ ਹਨ। ਜਿਹੜੇ ਜ਼ਿਆਦਾ ਦਾਜ- ਦਹੇਜ ਦੇ ਕੇ ਤੋਰਦੇ ਹਨ, ਹਾਲ ਉਨ੍ਹਾਂ ਦਾ ਵੀ ਭੈੜਾ ਹੀ ਹੁੰਦਾ ਹੈ। ਹੋਰ ਥਾਂ ਤੋਂ ਦਹੇਜ਼ ਲੈਣ ਦੇ ਲਾਲਚ ਨਾਲ ਸਹੁਰੇ-ਘਰ ਨੂੰਹਾਂ ਮਾਰ ਦਿਤੀਆਂ ਜਾਂਦੀਆਂ ਹਨ ਅਤੇ ਮੁੰਡਿਆਂ ਦੇ ਮੁੜ ਵਿਆਹ ਕਰ ਲਏ ਜਾਂਦੇ ਹਨ।

ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਸਮਾਜ ਨੂੰ ਦਾਜ ਦੀ ਇਸ ਕੋਝੀ ਕੁਰੀਤੀ ਤੋਂ ਬਚਾਈ ਰੱਖਿਆ ਹੈ।

ਸ੍ਰੀ ਸਤਿਗੁਰੂ ਜੀ ਚਾਹੁੰਦੇ ਹਨ ਕਿ, 'ਲੜਕੀ ਸਹੁਰੇ ਘਰ ਆਪਣੇ ਨਾਲ ਗੁਰਸਿੱਖੀ ਪ੍ਰੰਪਰਾਵਾਂ ਅਤੇ ਸੁੱਚਾ ਵਿਹਾਰ ਹੀ ਲੈ ਕੇ ਜਾਵੇ।'

ਜੇ ਸਾਰਾ ਸਮਾਜ ਸ੍ਰੀ ਸਤਿਗੁਰੂ ਜੀ ਦੇ ਇਨ੍ਹਾਂ ਅਸੂਲਾਂ ਨੂੰ ਅਪਣਾ ਲਵੇ ਤਾਂ, ਸੁਖ ਤੇ ਖੁਸ਼ਹਾਲੀ ਆ ਸਕਦੀ ਹੈ। ਇਸਤਰੀਆਂ 'ਤੇ ਰੋਜ਼ਾਨਾ ਹਰ ਤਰ੍ਹਾਂ ਦੇ ਹੋ ਰਹੇ ਅਤਿਆਚਾਰ ਵੀ ਬੰਦ ਹੋ ਸਕਦੇ ਹਨ।

ਇੰਜ ਨਾਮਧਾਰੀ ਸਮਾਜ ਵਿਚ ਸ੍ਰੀ ਸਤਿਗੁਰੂ ਜੀ ਪ੍ਰਤੀ ਸਮਰਪਿਤ ਸਿੱਖ ਆਪਣੇ ਬੱਚਿਆਂ ਦੇ ਵਿਆਹਾਂ ਦੀ ਚਿੰਤਾ ਵਲੋਂ ਸੁਰਖਰੂ ਰਹਿੰਦੇ ਹਨ। ਗਰੀਬ ਹੋਵੇ ਜਾਂ ਅਮੀਰ, ਨਾਮਧਾਰੀ ਸਮਾਜ ਵਿਚ ਕਿਸੇ ਨੂੰ ਆਪਣੀਆਂ ਕੁੜੀਆਂ ਬੋਝ ਨਹੀਂ ਲਗਦੀਆਂ ਤੇ ਨਾਂ ਕੋਈ ਖੇਚਲ ਹੁੰਦੀ ਹੈ। ਨਾਮਧਾਰੀ ਸਮਾਜ ਵਿਚ ਲੜਕੇ ਲੜਕੀਆਂ ਦੇ ਆਨੰਦ ਕਾਰਜ ਕਰਨੇ ਅੱਜ ਦੀ ਮਾਇਆ ਦੀ ਪ੍ਰਮੁੱਖਤਾ ਵਾਲੇ ਸਮੇਂ ਵਿਚ ਔਖੇ ਨਹੀਂ ਰਹਿ ਗਏ। ਕਿਸੇ ਗਰੀਬ ਨੂੰ ਕੁੜੀ ਮੁੰਡੇ ਦਾ ਵਿਆਹ ਕਰਨ ਲਈ ਕਰਜਾਈ ਨਹੀਂ ਹੋਣਾ ਪੈਂਦਾ।

## ਵਿਧਵਾ ਅਤੇ ਅੰਤਰ-ਜਾਤੀ ਵਿਆਹ

ਸ੍ਰੀ ਸਤਿਗੁਰੂ ਜੀ ਬਹੁਤ ਵਿਸ਼ਾਲ ਦਿਲ ਅਤੇ ਸੂਖਮ ਸੋਚ ਦੇ ਮਾਲਕ ਹਨ।

ਜੇ ਕਿਸੇ ਨੌਜਵਾਨ ਬੀਬੀ ਦਾ ਪਤੀ ਚੜ੍ਹਾਈ ਕਰ ਜਾਵੇ ਜਾਂ ਕਿਸੇ ਸਿੰਘ ਦੀ ਸਿੰਘਣੀ ਚਲਾਣਾ ਕਰ ਜਾਵੇ ਤਾਂ ਸ੍ਰੀ ਸਤਿਗੁਰੂ ਜੀ ਵਲੋਂ ਯੋਗ ਥਾਵਾਂ 'ਤੇ ਦੁਬਾਰਾ ਉਨ੍ਹਾਂ ਦੇ ਵਿਆਹ ਕਰਨ ਦੀ ਇਜ਼ਾਜ਼ਤ ਹੁੰਦੀ ਹੈ। ਅਜਿਹੇ ਕਈ ਵਿਆਹ ਆਪ ਜੀ ਹੁਕਮ ਕਰ ਆਪ ਹੀ ਕਰਵਾ ਦਿੰਦੇ ਹਨ।

ਬੀਬੀ ਰਾਜਿੰਦਰ ਕੌਰ ( ਸਪੁੱਤਰੀ ਸੰਤ ਹਰਦੇਵ ਸਿੰਘ ਅਤੇ ਬੀਬੀ ਅਵਤਾਰ ਕੌਰ) ਦਾ ਵਿਆਹ, 11 ਅਕਤੂਬਰ ਸੰਨ 1990 ਵਿਚ ਸ. ਇਕਬਾਲ ਸਿੰਘ (ਸਪੁੱਤਰ ਸ. ਜਾਗੀਰ ਸਿੰਘ ਜਲੰਧਰ) ਨਾਲ ਹੋਇਆ। ਸ. ਇਕਬਾਲ ਸਿੰਘ ਦੁਬਈ ਵਾਲੇ ਪਾਸੇ ਅਰਬ ਦੇਸ਼ ਵਿਚ, ਟਰਾਲੇ ਚਲਾਉਣ ਦਾ ਕੰਮ ਕਰਦੇ ਸਨ। ਇਹ ਉਧਰ ਹੀ, 2 ਫਰਵਰੀ ਸੰਨ

1993 ਨੂੰ ਚੜ੍ਹਾਈ ਕਰ ਗਏ। ਉਸ ਵਕਤ ਇਨ੍ਹਾਂ ਦੇ ਘਰ ਢਾਈ ਸਾਲ ਦੀ ਬੇਟੀ ਈਸ਼ਰ ਕੌਰ ਸੀ। ਬੀਬੀ ਰਾਜਿੰਦਰ ਕੌਰ ਦੇ ਪਿਤਾ ਸ. ਹਰਦੇਵ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ,

'ਹਰਦੇਵ ਸਿੰਘ, ਤੂੰ ਡੋਲਣਾ ਨਹੀਂ, ਇਸ ਕੁੜੀ, ਰਾਜਿੰਦਰ ਦਾ ਜੋ ਕਾਰਜ ਕਰਨਾ ਹੈ, ਮੈਂ ਕਰਾਂਗਾ। ਤੁਸੀਂ ਸਾਰੇ ਆਪਣਾ ਮਨ ਟਿਕਾਓ।'

ਸ੍ਰੀ ਸਤਿਗੁਰੂ ਜੀ ਨੇ, 31 ਅਕਤੂਬਰ ਸੰਨ 1994 'ਚ ਬੀਬੀ ਰਾਜਿੰਦਰ ਕੌਰ ਦਾ ਵਿਆਹ ਨੌਜਵਾਨ ਜਗਦੀਸ਼ ਸਿੰਘ (ਉਦੋਂ ਅਣ-ਵਿਆਹਿਆ), ਸਪੁੱਤਰ ਸੰਤ ਹਰਦੇਵ ਸਿੰਘ ਪਿੰਡ ਚੌਂਤਾ, ਨਾਲ ਕਰ ਦਿੱਤਾ। ਬੀਬੀ ਰਾਜਿੰਦਰ ਕੌਰ ਰਾਮਗੜ੍ਹੀਆ ਪਰਿਵਾਰ ਵਿਚੋਂ ਹੈ ਅਤੇ ਸ. ਜਗਦੀਸ਼ ਸਿੰਘ ਹੋਰੀਂ ਜਿਮੀਂਦਾਰ ਹਨ।

ਜਦੋਂ ਅਨੰਦ-ਕਾਰਜ ਹੋਏ ਭਰੇ ਦੀਵਾਨ ਵਿਚ, ਸ੍ਰੀ ਸਤਿਗੁਰੂ ਜੀ ਨੇ ਜਗਦੀਸ਼ ਸਿੰਘ ਨੂੰ ਜੱਫੀ ਵਿਚ ਲੈ ਕੇ ਬਹੁਤ ਪਿਆਰ ਕੀਤਾ। ਇਸ ਨੌਜਵਾਨ ਨੇ ਹੁਕਮ ਮੰਨ ਕੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਇਹ ਪਰਿਵਾਰ ਹੁਣ ਖੁਸ਼ ਹੈ। ਇਹ ਸ੍ਰੀ ਭੈਣੀ ਸਾਹਿਬ ਰਹਿੰਦੇ ਹਨ। ਇਨ੍ਹਾਂ ਦੇ ਦੋ ਬੱਚੇ ਜਸਪਾਲ ਸਿੰਘ ਅਤੇ ਜੈ ਕੌਰ ਹਨ। ਬੀਬੀ ਰਾਜਿੰਦਰ ਕੌਰ ਦੱਸਦੇ ਹਨ ਕਿ ਉਨ੍ਹਾਂ ਦਾ ਪਤੀ ਅਤੇ ਸੌਹਰਾ ਪਰਿਵਾਰ ਬਹੁਤ ਚੰਗਾ ਹੈ। ਸਾਰੇ ਉਸ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਉਹ ਬਹੁਤ ਖੁਸ਼ ਹੈ। ਇਹ ਸਾਰੀ ਕਿਰਪਾ ਸ੍ਰੀ ਸਤਿਗੁਰੂ ਜੀ ਦੀ ਹੈ। ਸੱਚੇ ਪਾਤਸ਼ਾਹ ਜੀ ਨੇ ਇਕ ਪਿਤਾ ਵਾਂਗ ਏਨਾ ਪਿਆਰ ਦਿੱਤਾ ਹੈ ਤੇ ਦਿੰਦੇ ਹਨ, ਜਿਸ ਦਾ ਸ਼ਬਦਾਂ ਵਿਚ ਵਰਨਣ ਨਹੀਂ ਕੀਤਾ ਜਾ ਸਕਦਾ। ਸ੍ਰੀ ਸਤਿਗੁਰੂ ਜੀ ਨੇ ਬੀਬੀਆਂ 'ਤੇ ਜੋ ਉਪਕਾਰ ਕੀਤੇ ਹਨ ਕਿ ਉਨ੍ਹਾਂ ਦਾ ਦੇਣਾ ਨਹੀਂ ਦਿਤਾ ਜਾ ਸਕਦਾ।

ਬੀਬੀ ਰਾਜਿੰਦਰ ਕੌਰ ਸੰਨ 2003 ਤੋਂ ਸੰਨ 2008 ਤੀਕ ਸ੍ਰੀ ਭੈਣੀ ਸਾਹਿਬ ਦੀ ਸਰਪੰਚ ਰਹੀ।

ਸ੍ਰੀ ਭੈਣੀ ਸਾਹਿਬ ਵਿਖੇ ਕਈ ਮੇਲਿਆਂ ਦੀ ਸੇਵਾ ਕਰਵਾਉਣ ਵਾਲੇ ਸਹਿਜਧਾਰੀ ਸਿੱਖ ਸ਼੍ਰੀ ਤਰਸੇਮ ਚੰਦ ਅਗਰਵਾਲ (ਤਨਜ਼ਾਨੀਆ) ਦੇ ਪੁੱਤਰ ਸ੍ਰੀ ਅਤੁਲ ਨਾਲ, ਸੰਨ 2004 ਵਿਚ ਸ੍ਰੀ ਸਤਿਗੁਰੂ ਜੀ ਨੇ ਸੂਬਾ ਸੁਖਦੇਵ ਸਿੰਘ ਦਿੱਲੀ ਦੀ ਬੇਟੀ ਕਮਲਪ੍ਰੀਤ ਕੌਰ ਦਾ ਵਿਆਹ ਕਰਵਾ ਕੇ ਅੰਤਰ-ਜਾਤੀ ਵਿਆਹ ਦੀ ਇਕ ਮਿਸਾਲ ਪੇਸ਼ ਕੀਤੀ। ਜਨਵਰੀ ਸੰਨ 2009 ਵਿਚ ਸ੍ਰੀ ਅਤੁਲ ਮਿੱਤਲ ਨੂੰ ਸੂਬਾ ਬਨਾਉਣ ਦੀ ਕ੍ਰਿਪਾਲਤਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅੰਤਰਜਾਤੀ ਵਿਆਹ ਕਰ ਲਏ ਜਾਂਦੇ ਹਨ ਪਰ ਨੇੜੇ ਦੀ ਰਿਸ਼ਤੇਦਾਰੀ, ਜਿਵੇਂ ਕਿ ਸਕੇ ਭੈਣ-ਭਰਾਵਾਂ ਦੇ ਬੱਚਿਆਂ ਦੇ ਆਪਸ ਵਿਚ ਵਿਆਹ ਕਰਨ ਤੋਂ ਆਪ ਜੀ ਦੀ ਮਨਾਹੀ ਹੈ।

## ਵਿਆਹ ਜਾਂ ਜੰਮਣ ਮਰਨ ਨੂੰ ਰੁਟੀਨ ਵਿਚ ਲਵੋ

ਸ੍ਰੀ ਸਤਿਗੁਰੂ ਜੀ ਅਨੁਸਾਰ ਵਿਆਹ ਜਾਂ ਮਰਨਾ-ਜੰਮਣਾ ਇਸ ਸਭ ਨੂੰ ਸਾਨੂੰ ਰੁਟੀਨ ਵਿਚ ਲੈਣਾ ਚਾਹੀਦਾ ਹੈ, ਕੁਦਰਤ ਦੇ ਨਿਯਮਾਂ ਦੇ ਅਨੁਸਾਰ ਸਭ ਕਾਰਜ ਚਲਦੇ ਰਹਿੰਦੇ ਹਨ।

ਕਈ ਵਾਰ ਰਿਸ਼ਤੇ ਸ੍ਰੀ ਸਤਿਗੁਰੂ ਜੀ ਆਪਣੀ ਰਜ਼ਾ ਅਨੁਸਾਰ ਆਪ ਹੀ ਤੈਅ ਕਰ ਦਿੰਦੇ ਹਨ। ਕਈ ਵਾਰ ਵਿਆਹੁਣ ਯੋਗ ਮੁੰਡੇ, ਕੁੜੀ ਅਤੇ ਦੋਹਾਂ ਧਿਰਾਂ ਵਲੋਂ ਮਾਂ-ਬਾਪ ਨੂੰ ਸ਼ਾਮ ਨੂੰ ਬੁਲਾ ਲਿਆ ਜਾਂਦਾ ਹੈ ਤੇ ਅਗਲੀ ਸਵੇਰ ਅਨੰਦ-ਕਾਰਜ ਹੋ ਜਾਂਦੇ ਹਨ। ਮਾਂ-ਬਾਪ ਪੁੱਛਦੇ ਤੀਕ ਨਹੀਂ ਕਿ ਸਾਡੇ ਮੁੰਡੇ ਜਾਂ ਕੁੜੀ ਦਾ ਵਿਆਹ ਕਿਸ ਨਾਲ ਤੇ ਕਿੱਥੇ ਹੋ ਰਿਹਾ ਹੈ, ਅਨੰਦ ਕਾਰਜਾਂ ਦੇ ਵਕਤ ਹੀ ਪਤਾ ਲਗਦਾ ਹੈ। ਸਾਰੀ ਜਿੰਮੇਵਾਰੀ ਸ੍ਰੀ ਸਤਿਗੁਰੂ ਜੀ ਦੀ ਹੀ ਹੁੰਦੀ ਹੈ, ਜਿਨ੍ਹਾਂ ਦੇ ਭਰੋਸੇ ਉਨ੍ਹਾਂ ਦੇ ਸਿੱਖ-ਸੇਵਕ ਹਰ ਗਲੋਂ ਬੇਫਿਕਰ, ਨਿਸ਼ਚਿੰਤ ਅਤੇ ਰਜ਼ਾ ਵਿਚ ਰਾਜੀ ਰਹਿੰਦੇ ਹਨ। ਕਈ ਕੇਸਾਂ ਵਿਚ ਤਾਂ ਮਾਂ-ਬਾਪ ਭਾਵੇਂ ਨਾ ਵੀ ਮੌਜੂਦ ਹੋਣ, ਸੱਚੇ ਪਾਤਸ਼ਾਹ ਜੀ ਆਪ ਹੀ ਬੱਚਿਆ ਦਾ ਵਿਆਹ ਕਰ ਦਿੰਦੇ ਹਨ।

## ਰਿਸ਼ਤਿਆਂ ਦਾ ਆਪੋ ਆਪਣਾਂ ਸਥਾਨ

ਸਮਾਜ ਵਿਚ ਸਭ ਰਿਸ਼ਤਿਆਂ ਦਾ ਆਪੋ ਆਪਣਾ ਸਥਾਨ ਹੁੰਦਾ ਹੈ, ਹਰ ਇਸਤਰੀ ਜੋ ਕਿ ਮਾਂ-ਭੈਣ, ਧੀ, ਪਤਨੀ, ਨੂੰਹ ਅਤੇ ਸੱਸ ਹੁੰਦੀ ਹੈ, ਪਿਆਰ, ਸ਼ਰਧਾ ਤੇ ਸੇਵਾ ਨਾਲ ਆਪਣਾ ਜਿਹੋ ਜਿਹਾ ਮਰਜ਼ੀ ਸਥਾਨ ਘਰ ਵਿਚ ਬਣਾ ਸਕਦੀ ਹੈ। ਹਰ ਰਿਸ਼ਤੇ ਦੇ ਆਪੋ ਆਪਣੇ ਅਧਿਕਾਰ ਹੁੰਦੇ ਹਨ, ਜੇ ਉਸ ਤੋਂ ਵਧ ਅਧਿਕਾਰਾਂ ਦੀ ਵਰਤੋਂ ਕੀਤੀ ਜਾਵੇ ਤਾਂ ਉਸ ਨਾਲ ਘਰ ਦਾ ਵਾਤਾਵਰਣ ਖਰਾਬ ਹੋ ਜਾਂਦਾ ਹੈ। ਬੀਬੀਆਂ ਆਪਣੇ ਅਧਿਕਾਰਾਂ ਦੇ ਦਾਇਰੇ ਵਿਚ ਰਹਿੰਦਿਆਂ ਅਜਿਹਾ ਉੱਚਾ ਸੁੱਚਾ ਤੇ ਸਾਦਗੀ ਭਰਿਆ ਜੀਵਨ ਬਿਤਾਉਣ, ਜਿਹੜਾ ਦੁਨੀਆਂ ਲਈ ਇਕ ਮਿਸਾਲ ਬਣ ਜਾਵੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਚਾਹੁੰਦੇ ਹਨ ਕਿ ਸਮੂਹ ਬੀਬੀਆਂ, ਇਕ ਆਦਰਸ਼ ਭਾਰਤੀ ਨਾਰੀ ਦੀ ਤਸਵੀਰ ਪੇਸ਼ ਕਰਦਿਆਂ ਆਗਿਆਕਾਰ ਧੀਆਂ, ਸੁਘੜ ਪਤਨੀਆਂ, ਸਿਆਣੀਆਂ ਮਾਵਾਂ, ਸੁਯੋਗ ਨੂੰਹਾਂ ਤੇ ਆਦਰਸ਼ ਸੱਸਾਂ ਬਨਣ ਅਤੇ ਸਮਾਜ, ਪੰਥ, ਦੇਸ਼ ਅਤੇ ਹਰ ਪ੍ਰਾਣੀ ਮਾਤਰ ਪ੍ਰਤੀ ਆਪਣੇ ਫਰਜ਼ ਪਛਾਨਣ।

## ਘਰਾਂ ਦੀਆਂ ਸਮੱਸਿਆਵਾਂ ਆਪੇ ਸੁਲਝਾਈਆਂ ਜਾਣ

ਇਕ ਵਾਰ ਸਾਮੂਹਿਕ ਆਨੰਦ ਕਾਰਜਾਂ ਦੀ ਰਸਮ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਨਵੇਂ ਵਿਆਹੇ ਜੋੜਿਆਂ ਨੂੰ ਉਪਦੇਸ਼ ਦਿਤਾ,

"ਤੁਹਾਡੇ ਵਿਆਹ ਹੋਏ ਨੇ। ਇਹ ਜੀਵਨ ਬੜਾ ਸੁਖੀ ਜਾਪਦਾ ਹੈ। ਕੱਲ ਨੂੰ ਦੁੱਖ ਦੀ ਕੋਈ ਨਾ ਕੋਈ ਐਸੀ ਘਟਨਾ ਹੋ ਜਾਂਦੀ ਹੈ, ਆਦਮੀ ਦੇ ਮਨ 'ਤੇ ਬੜਾ ਅਸਰ ਹੁੰਦਾ ਹੈ। ਬੱਚੇ ਬੱਚੀਆ ਜਿੰਨੇ ਹੋ ਤੁਸੀਂ, ਤੁਹਾਨੂੰ ਚਾਹੀਦੈ ਆਪਸ ਵਿਚ ਕੋਈ ਗੱਲ ਹੋਵੇ, ਆਪੋ ਵਿਚ ਬਹਿ ਕੇ ਨਜਿੱਠ ਲਵੋ, ਘਰਦਿਆਂ ਤਕ ਨੂੰ ਪਤਾ ਨਾ ਲਗੇ ਪਰ ਜੇ ਗੱਲ ਤੁਹਾਥੋਂ ਨਹੀਂ ਨਿਬੜਦੀ, ਮੇਰੇ ਕੋਲ ਆ ਜਾਓ। ਆਪਸ ਵਿਚ ਬਹਿ ਕੇ ਗੱਲ ਨਿਬੇੜੋ। ਉਸ ਤੋਂ ਬਾਅਦ ਮਾਤਾ-ਪਿਤਾ ਨਾਲ ਗੱਲ ਕਰੋ। ਮੇਰਾ ਇਹ ਮਤਲਬ ਨਹੀਂ ਕਿ ਮਾਤਾ-ਪਿਤਾ ਗੁੱਸਾ ਕਰਨ ਕਿ ਸਾਨੂੰ ਲਾਂਭੇ ਕੱਢ ਦਿੱਤਾ ਹੈ।

ਆਪਣੇ ਟੱਬਰ ਦੀ ਗੱਲ ਮੈਨੂੰ ਆਖੋ, ਤੁਸੀਂ ਐਸ ਤਰ੍ਹਾਂ ਕੀਤਾ ਸੀ, ਐਹ ਹੋ ਗਿਆ, ਆਪਾਂ ਇਹਨੂੰ ਸਮੇਟ ਲਈਏ। ਇਹ ਗੱਲ ਤੇ ਹੋਈ ਠੀਕ, ਜੇ ਆਪਾਂ ਆਖਣ ਲੱਗ ਪਈਏ, ਐਹ ਇਸ ਤਰ੍ਹਾਂ ਹੋ ਗਿਆ, ਐਹ ਹੋ ਗਿਆ, ਫਿਰ ਗੱਲ ਚੰਗੀ ਨਹੀਂ ਲਗਦੀ। ਬੱਚਿਆਂ ਨੂੰ ਚਾਹੀਦੈ ਉਹ ਆਪਸ ਵਿਚ ਬਹਿ ਕੇ ਘਰ 'ਚ ਗੱਲ ਨਜਿੱਠ ਲੈਣ। ਗੱਲ ਜਦੋਂ ਕਰਨ ਸਾਧ ਸੰਗਤ ਵਾਲੇ ਪਾਸੇ ਦੀ ਕਰਨ।"

ਇੰਜ ਸ੍ਰੀ ਸਤਿਗੁਰੂ ਜੀ ਅਨੁਸਾਰ ਬੀਬੀਆਂ ਨੂੰ ਚਾਹੀਦਾ ਹੈ ਕਿ ਘਰੇਲੂ ਉਲਝਣਾਂ ਅਤੇ ਘਰਾਂ ਵਿਚ ਹੁੰਦੇ ਛੋਟੇ ਮੋਟੇ ਝਗੜੇ ਜਾਂ ਤਨਾਓ ਨੂੰ ਬੜੇ ਪਿਆਰ ਤੇ ਸਮਝਦਾਰੀ ਨਾਲ ਘਰ ਵਿਚ ਹੀ ਸੁਲਝਾ ਲਿਆ ਜਾਵੇ, ਗੱਲ ਬਾਹਰ ਜਾਣ ਦੀ ਨੌਬਤ ਹੀ ਨਾ ਆਵੇ। ਇੰਜ ਘਰੇਲੂ ਮਸਲੇ ਸਮਾਜ ਵਿਚ ਤਨਾਵ ਨਹੀਂ ਪੈਦਾ ਕਰਨਗੇ।

ਸ੍ਰੀ ਸਤਿਗੁਰੂ ਜੀ ਬਚਨ ਕਰਦੇ ਹਨ,

'ਜੇ ਗਲਤੀ ਹੋ ਜਾਣ 'ਤੇ ਪਤਨੀ ਪਤੀ ਕੋਲੋਂ ਮਾਫੀ ਮੰਗ ਸਕਦੀ ਹੈ ਤਾਂ ਕਿਸੇ ਮੌਕੇ ਗਲਤੀ ਕਰਨ 'ਤੇ ਪਤੀ ਦੁਆਰਾ ਪਤਨੀ ਕੋਲੋਂ ਮਾਫੀ ਮੰਗੇ ਜਾਣ ਵਿਚ ਵੀ ਕੋਈ ਹਰਜ਼ ਨਹੀਂ। ਘਰੇਲੂ ਵਾਤਾਵਰਣ ਸੁਖਾਵਾਂ ਹੋਣਾ ਚਾਹੀਦਾ ਹੈ।'

ਸ੍ਰੀ ਸਤਿਗੁਰੂ ਜੀ ਸਮਝਾਉਂਦੇ ਹਨ ਕਿ ਆਮ ਤੌਰ 'ਤੇ ਘਰਾਂ ਵਿਚ ਨੂੰਹ ਅਤੇ ਸੱਸ ਦੇ ਝਗੜੇ ਹੁੰਦੇ ਹਨ। ਕਈ ਵਾਰ ਦਾਜ ਦਹੇਜ ਕਾਰਨ ਘਰ ਵਿਚ ਕਲੇਸ਼ ਹੁੰਦਾ ਹੈ। ਸੱਸ ਨੂੰ ਸੋਚਣਾ ਚਾਹੀਦਾ ਹੈ ਕਿ ਉਹ ਵੀ ਕਦੇ ਨੂੰਹ ਰਹੀ ਹੈ ਅਤੇ ਨੂੰਹ ਨੂੰ ਸੋਚਣਾ ਚਾਹੀਦਾ ਹੈ ਕਿ ਉਹ ਵੀ ਕਦੇ ਸੱਸ ਬਣੇਗੀ । ਸੱਸ ਵੀ ਔਰਤ ਹੈ, ਨੂੰਹ ਵੀ ਔਰਤ ਹੈ।

ਇਸਤ੍ਰੀ, ਇਸਤ੍ਰੀ  ਦੇ ਆਪਸ ਵਿਚ ਝਗੜੇ ਨਹੀਂ ਹੋਣੇ ਚਾਹੀਦੇ ਤਾਂ ਹੀ ਸਮਾਜ ਵਿਚੋਂ ਬੁਰਾਈਆਂ ਦੂਰ ਹੋ ਸਕਣਗੀਆਂ।

ਕਿਸੇ ਘਰੇਲੂ ਸਮੱਸਿਆ ਜਾਂ ਪਰੇਸ਼ਾਨੀ ਕਰ ਕੇ ਜਦ ਕਿਸੇ ਗਲੋਂ ਕਿਸੇ ਵਿਆਹੀ ਜੋੜੀ ਵਿਚ ਅਣਬਣ ਹੋ ਜਾਵੇ ਤਾਂ ਸ੍ਰੀ ਸਤਿਗੁਰੂ ਜੀ ਦੋਹਾਂ ਧਿਰਾਂ ਨੂੰ ਬੁਲਾ ਕੇ ਫੈਸਲੇ ਕਰ ਦਿੰਦੇ ਹਨ। ਆਪ ਜੀ ਖੁਦ ਜਾਂ ਆਪਣੇ ਕਿਸੇ ਪ੍ਰਤੀਨਿਧੀ ਦੁਆਰਾ ਗੱਲ ਸੁਣ ਕੇ ਉਸ ਦਾ ਹੱਲ ਕਰਦੇ ਹਨ।

## ਇਸਤਰੀਆਂ ਦੀ ਬਰਾਬਰਤਾ ਅਤੇ ਅਜ਼ਾਦੀ ਬਾਰੇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕਰਦੇ ਹਨ, " ਇਹ ਠੀਕ ਹੈ, ਸਤਿਗੁਰਾਂ ਨੇ ਮਾਈਆਂ ਨੂੰ ਬਰਾਬਰਤਾ ਦਿੱਤੀ ਹੈ । ਲੇਕਿਨ ਇਹ ਕਾਇਦੇ ਦੇ ਮੁਤਾਬਕ ਬਰਾਬਰਤਾ ਦਿੱਤੀ ਹੈ। ਉਸ ਕਾਇਦੇ ਤੋਂ ਬਾਹਰ ਬਰਾਬਰਤਾ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਅਕਾਲ ਪੁਰਖ ਨੇ ਰਚਨਾ ਹੀ ਐਸੀ ਰਚ ਦਿੱਤੀ ਹੈ। ਇਸਤਰੀ ਅਤੇ ਮਰਦ ਦੀ ਬਰਾਬਰੀ ਦਾ ਇਹ ਮਤਲਬ ਨਹੀਂ ਕਿ ਦੋ ਫੇਰੇ ਸਿੰਘ ਅੱਗੇ ਹੋ ਕੇ ਲੈ ਲਵੇ ਤੇ ਦੋ ਫੇਰੇ ਬੀਬੀ ਅੱਗੇ ਹੋ ਕੇ ਲੈ ਲਵੇ।

ਇਸਤਰੀ ਮਰਦ ਵਾਂਗ ਸੌਖਿਆ ਇੱਕਲੀ ਕਿਧਰੇ ਆ ਜਾ ਨਹੀਂ ਸਕਦੀ। ਸੋ ਇਸਤਰੀਆਂ ਨੂੰ ਆਪਣੇ ਨਿਸ਼ਚਿਤ ਅਧਿਕਾਰਾਂ ਦੀ ਸੀਮਾਂ ਵਿਚ ਰਹਿਣਾ ਚਾਹੀਦਾ ਹੈ। ਗ੍ਰਹਿਸਥ ਧਰਮ ਵਿਚ ਇਸਤਰੀ ਪਤੀ ਦੀ ਆਗਿਆ ਵਿਚ ਰਹੇ ਅਤੇ ਪਤੀ ਵੀ ਇਸਤਰੀ ਨੂੰ ਸਤਿਕਾਰ ਦੇਵੇ। ਦੋਵੇਂ ਰਲ ਮਿਲ ਕੇ ਚਲਣ। ਜਿਸ ਤਰ੍ਹਾਂ ਹਰ ਜਾਨਵਰ ਦੇ ਦੋ ਖੰਭ ਹੁੰਦੇ ਹਨ, ਉਸ ਤਰ੍ਹਾਂ ਆਦਮੀ ਤੇ ਔਰਤ ਬਣਾ ਦਿਤੇ ਹਨ ਅਕਾਲ ਪੁਰਖ ਨੇ।"

ਜਿਹੜੀ ਅੱਜ ਕੱਲ੍ਹ ਇਸਤਰੀ ਦੀ ਅਜ਼ਾਦੀ ਦੀ ਲਹਿਰ ਸਮਾਜ ਵਿਚ ਚਲੀ ਹੈ, ਉਸ ਬਾਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਹੈ ਕਿ ਸਤਿਗੁਰੂ ਦੇ ਹੁਕਮਾਂ ਦਾ ਪਾਲਣ ਕਰਨ ਦੀ ਅਜ਼ਾਦੀ ਚਾਹੀਦੀ ਹੈ।

" ਮਾਈਆਂ ਨੂੰ ਅੰਮ੍ਰਿਤ ਸਤਿਗੁਰੂ ਰਾਮ ਸਿੰਘ ਜੀ ਨੇ ਛਕਾਇਆ, ਬਰਾਬਰਤਾ ਲਿਆਂਦੀ। ਬਰਾਬਰਤਾ ਉਸ ਤਰ੍ਹਾਂ ਨਾ ਕੱਦ ਵਿਚ ਹੋ ਸਕਦੀ ਏ ਤੇ ਨਾ ਤਾਕਤ ਵਿਚ ਹੋ ਸਕਦੀ ਏ। ਪਰ ਇਹਨਾਂ ਗੱਲਾਂ ਵਿਚ ਸਤਿਗੁਰਾਂ ਨੇ ਬੀਬੀਆਂ ਨੂੰ ਬਰਾਬਰ ਕੀਤਾ, ਭਜਨ ਬਾਣੀ ਵਾਲੇ ਪਾਸੇ ਲਾਇਆ।"

ਬੀਬੀਆਂ ਨਾਮ-ਸਿਮਰਨ , ਭਜਨ ਅਤੇ ਗੁਰਬਾਣੀ ਦਾ ਪਾਠ ਕਰ ਸਕਦੀਆਂ ਹਨ। ਦੀਵਾਨ ਸਮੇਂ ਆਸਾ ਦੀ ਵਾਰ ਦਾ ਅਤੇ ਹੋਰ ਕੀਰਤਨ ਵੀ ਕਰ ਸਕਦੀਆਂ ਹਨ।

ਉੱਚੇ ਪਿੰਡ ਦੀ ਬੀਬੀ ਪ੍ਰੀਤਮ ਕੌਰ ਸਪੁੱਤਰੀ ਸ. ਬੁੱਢਾ ਸਿੰਘ ਅਤੇ ਸੁਪਤਨੀ ਸ. ਨੌਨਿਹਾਲ ਸਿੰਘ, ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 'ਤੇ ਚੌਰ ਵੀ ਕੀਤੀ ਸੀ। ਇਸ ਬੀਬੀ ਨੇ ਦੱਸਿਆ, 'ਉਸ ਵਕਤ ਮੈਂ ਪੜ੍ਹਾਈ ਛੱਡ ਕੇ ਨੌਕਰੀ ਕਰ ਰਹੀ ਸੀ, ਮੇਰਾ ਦਿਲ ਕੀਤਾ ਕਿ ਮੈਂ ਵੀ ਸਤਿਗੁਰੂ ਜੀ 'ਤੇ ਚੌਰ ਕਰਾਂ, ਮੈਂ ਸੇਵਕ ਪਾਸੋਂ ਚੌਰ ਫੜ ਲਈ ਤੇ ਚੌਰ ਕਰਨ ਵਾਸਤੇ ਅੱਗੇ ਹੋਈ, ਸੇਵਕ ਨੇ ਮਨ੍ਹਾਂ ਕੀਤਾ, ਸੱਚੇ ਪਾਤਸ਼ਾਹ ਜੀ ਨੇ ਸੇਵਕਾਂ ਨੂੰ ਕਿਹਾ, 'ਇਸ ਨੂੰ ਚੌਰ ਕਰ ਲੈਣ ਦਿਓ।' ਫਿਰ ਮੈਂ ਚੌਰ ਕਰ ਕੇ ਆਪਣੇ ਮਨ ਦੀ ਭਾਵਨਾ ਪੂਰੀ ਕੀਤੀ। 31 ਦਸਬੰਰ ਸੰਨ 1992 ਨੂੰ ਟਰਾਂਟੋ ( ਕੈਨੇਡਾ) ਵਿਖੇ ਡਾ. ਜੋਗਿੰਦਰ ਸਿੰਘ ਵੜੈਚ ਦੇ ਘਰ ਇਸ ਬੀਬੀ ਨੂੰ ਸਤਿਗੁਰੂ ਜੀ ਨੇ ਪਛਾਣ ਲਿਆ ਤੇ ਬਚਨ ਕੀਤਾ, ਇਸ ਨੇ ਉੱਚੇ ਪਿੰਡ ਚੌਰ ਕੀਤਾ ਸੀ।

## ਸੋਭਤ ਨਹੀਂ ਬਿਨ ਭਰਤਾਰੇ

22 ਜੂਨ ਸੰਨ 1992 ਨੂੰ ਦਿੱਲੀ ਵਿਖੇ ਹੋਏ ਵਾਰਸ਼ਿਕ ਨਾਮਧਾਰੀ ਇਸਤਰੀ ਵਿੱਦਿਅਕ ਸੰਮੇਲਨ ਵਿਚ, ਬੀਬੀਆਂ ਨੂੰ ਉਪਦੇਸ਼ ਦਿੰਦੇ ਹੋਏ ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ ਇਸ ਪ੍ਰਕਾਰ ਹਨ,

" ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਨਿ। ਕਹਿੰਦੇ ਹਨ ਕਿ ਵੱਡਿਆਂ ਦੀਆਂ ਕਹਾਣੀਆਂ ਜਿਹੜੀਆਂ ਨੇ, ਪੁੱਤਰਾਂ ਨੂੰ ਸਪੁੱਤਰ ਬਣਾ ਦਿੰਦੀਆਂ ਹਨ।

ਬੀਬੀਆਂ ਦਾ ਸੰਮੇਲਨ ਖਤਮ ਹੋ ਗਿਆ ਹੈ। ਮੇਰਾ ਜੀਅ ਕਰਦਾ ਹੈ ਕਿ ਜਿਹੜੀਆਂ ਗੱਲਾਂ ਇਥੋਂ ਲੈ ਕੇ ਜਾਣ ਵਾਲੀਆਂ ਨੇ, ਸਤਿਗੁਰਾਂ ਦੇ ਹੁਕਮ ਅਤੇ ਉਪਦੇਸ਼ ਉਨ੍ਹਾਂ ਨੂੰ ਅਸੀਂ ਧਾਰਨ ਕਰ ਸਕੀਏ। ਮੈਂ ਚਾਹੁੰਦਾ ਹਾਂ ਥੋੜ੍ਹੀਆਂ ਜਿਹੀਆਂ ਗੱਲਾਂ ਦੱਸੀਆਂ ਜਾਣ, ਜਿਹੜੀਆਂ ਯਾਦ ਰਹਿ ਜਾਣ, ਜਿਨ੍ਹਾਂ ਉੱਤੇ ਮੁੜਕੇ ਛੇਤੀ ਅਮਲ ਕੀਤਾ ਜਾ ਸਕੇ। ਬਾਣੀ ਸਾਰੀ ਵਿਚ ਸਿੱਖ ਤੇ ਗੁਰੂ ਦਾ ਸੰਬੰਧ ਇਸਤਰੀ ਪਤੀ ਦਾ ਦੱਸਿਆ ਹੈ।

ਇਸਤਰੀ-ਪਤੀ ਦਾ ਸੰਬੰਧ ਇਹ ਹੈ- ਉਹ ਬੀ.ਏ. ਕਰ ਲਵੇ ਐਮ.ਏ. ਕਰ ਲਵੇ ਜਾਂ ਡੀ.ਲਿਟ. ਬਣ ਜਾਵੇ, ਬਿਲਕੁਲ ਉਸ ਦੀ ਸੋਭਾ ਨਹੀਂ ਜਿੰਨਾਂ ਚਿਰ ਉਹ ਇਨ੍ਹਾਂ ਸਤਰਾਂ ਤੇ ਅਮਲ ਨਹੀਂ ਕਰਦੀ 'ਆਪਣੇ ਕੰਤ ਪਿਆਰੀ ਸਾ ਸੋਹਾਗਣਿ', ਜੇ ਉਹ ਵਿਆਹੀ ਨਹੀਂ ਤਾਂ ਪਿਆਰੀ ਕਿਥੋਂ ਹੋਣੀ ਹੈ? ਇਸਤਰੀ ਦਾ ਇਹੀ ਕੰਮ ਹੈ, ਉਹ ਆਗਿਆਕਾਰ ਹੋਵੇ।

ਅਸੀਂ ਨਾਮਧਾਰੀ ਵੀ ਲੜਕੀਆਂ ਨੂੰ ਏਨੀਆਂ ਪੜ੍ਹਾਉਂਦੇ ਹਾਂ ਤਾਂ ਕਿ ਉਹ ਕਿਸੇ 'ਤੇ ਨਿਰਭਰ ਨਾ ਕਰਨ, ਕਿਸੇ ਦੇ ਆਸਰੇ ਨਾ ਹੋਣ। ਸਾਡੇ ਸਤਿਗੁਰਾਂ ਨੇ ਗੁਰਬਾਣੀ ਦੇ ਅਨੁਸਾਰ ਜੋ ਕੁਝ ਹੁਕਮ ਦਿੱਤੇ ਨੇ, ਉਹ ਤੁਹਾਨੂੰ ਮੈਂ ਦੱਸਿਆ ਹੈ 'ਇਸਤਰੀ ਰੂਪ ਚੇਰੀ ਕੀ ਨਿਆਈ , ਸੋਭਤ ਨਹੀਂ ਬਿਨ ਭਰਤਾਰੇ।' ਇਸ ਦਾ ਇਹ ਮਤਲਬ ਨਹੀਂ ਕਿ ਲੜਕੀਆਂ ਪੜ੍ਹਨ ਨਾ, ਕੁੜੀਆਂ ਜਿੰਨਾਂ ਮਰਜੀ ਪੜਨ ਪਰ ਉਨ੍ਹਾਂ ਉਤੇ ਉਸ ਪੜ੍ਹਾਈ ਦੀ ਸਭਿਅਤਾ ਦਾ ਅਸਰ ਨਹੀਂ ਹੋਣਾ ਚਾਹੀਦਾ। ਗੁਰਮਤ ਅਨੁਸਾਰ ਚਲਣਾ ਚਾਹੀਦਾ ਹੈ।

ਬੀਬੀਆਂ ਨੂੰ ਇਨ੍ਹਾਂ ਗੱਲਾਂ ਤੇ ਪਹਿਰਾਂ ਦੇਣਾ ਚਾਹੀਦਾ ਹੈ। ਬੀਬੀਆਂ ਆਪਣੀਆਂ ਭੈਣਾਂ ਤੇ ਭਰਜਾਈਆਂ ਨੂੰ ਇਸ ਪਾਸੇ ਲਾਉਣ ਕਿ ਅਸਲ ਗੁਰਮਤ ਦੇ ਸਾਡੇ ਪੈਰ ਇਹ ਨੇ। ਅਸੀਂ ਆਪਣੇ ਪੈਰਾਂ 'ਤੇ ਤੁਰਾਂਗੇ ਤਾਂ ਬਹੁਤ ਚੰਗੇ ਰਹਾਂਵੇ। ਉਹ ਪੈਰ ਅਸੀਂ ਬਣਾਈਏ ਤਾਂ ਲੋਕੀਂ ਸਾਡੇ ਮਗਰ ਤੁਰਨਗੇ।

ਸ੍ਰੀ ਸਤਿਗੁਰੂ ਜੀ ਇਹ ਵੀ ਉਪਦੇਸ਼ ਦਿੰਦੇ ਹਨ, ਸੰਜਮ ਨਿਯਮ ਇਹ ਬਹੁਤ ਵੱਡੀਆ ਚੀਜਾਂ ਨੇ, ਭਜਨ ਬਾਣੀ ਕਰਨਾ ਬਹੁਤ ਵੱਡੀ ਚੀਜ਼ ਹੈ। ਭਜਨ-ਬਾਣੀ ਕਰਕੇ ਜੇ ਨਿੰਦਿਆ ਈ ਕਰਦੇ ਫਿਰਨਾ ਹੈ, ਉਸ ਭਜਨ-ਬਾਣੀ ਦਾ ਕੋਈ ਫਾਇਦਾ ਨਹੀਂ।

ਸਾਡੇ ਐਡੇ ਐਡੇ ਵਿਦਵਾਨ ਹੋਏ ਹਨ, ਉਹਨਾਂ ਦਾ ਇਤਿਹਾਸ ਸਾਨੂੰ ਲੋਕਾਂ ਦੇ ਸਾਹਮਣੇ ਰੱਖਣਾ ਚਾਹੀਦਾ ਹੈ। ਪੜ੍ਹੇ ਲਿਖੇ ਲੜਕੇ ਤੇ ਲੜਕੀਆਂ ਦਾ ਕੰਮ ਹੈ ਕਿ ਉਹ ਇਸ ਪਾਸੇ ਧਿਆਨ ਨਾਲ ਕੰਮ ਕਰਨ।

ਪੁਰਾਤਨ ਭਾਰਤੀ ਨਾਰੀਆਂ ਵਾਂਗ ਅੱਜ ਦੀਆਂ ਬੀਬੀਆਂ ਵੀ ਉੱਚ ਆਤਮਕ ਸ਼ਕਤੀ ਪੈਦਾ ਕਰਨ। ਮਾਈ ਹੁਕਮ ਕੌਰ, ਮਾਈ ਅਨੁਸੂਯਾ, ਮਾਈ ਕੌਸ਼ਕੀ ਤੇ ਹੋਰ ਪੁਰਾਣੀਆਂ ਮਾਈਆਂ ਦੇ ਜੀਵਨ ਲਿਆ ਕੇ ਸਾਰਿਆਂ ਅੱਗੇ ਰੱਖੇ ਜਾਣ। ਛੋਟੇ ਛੋਟੇ ਫੋਲਡਰ ਛਾਪ ਕੇ ਮਾਈਆਂ ਵਿਚ ਵੰਡੇ ਜਾਣ, ਮਾਈਆਂ ਨੂੰ ਪਤਾ ਹੋਵੇ ਅਸਾਂ ਐਸ ਲੀਹ ਤੇ ਚਲਣਾ ਹੈ। "

(ਇਹ ਉਪਦੇਸ਼ 17 ਦਸੰਬਰ 1992 ਦੇ ਸਤਿਜੁਗ ਅਖਬਾਰ ਵਿਚ 'ਇਸਤਰੀ ਰੂਪ ਚੇਰੀ ਕੀ ਨਿਆਈ' ਸਿਰਲੇਖ ਹੇਠ ਮੇਰੇ ਵਲੋਂ ਛਪਵਾਏ ਗਏ ਸਨ।)

ਇਸਤਰੀਆਂ ਆਪਣੇ ਕਰਤੱਵਾਂ ਦਾ ਪਾਲਣ ਕਰਨ-

ਗ੍ਰਹਿਸਥ ਜੀਵਨ ਵਿਚ ਵੀ ਘਰ ਨੂੰ ਸਵਰਗ ਜਾਂ ਨਰਕ ਬਨਾਉਣ ਵਿਚ, ਇਸਤਰੀ ਦਾ ਹੀ ਵਧੇਰੇ ਹੱਥ ਹੁੰਦਾ ਹੈ। ਸ੍ਰੀ ਦਸਮ ਗ੍ਰੰਥ ਅਨੁਸਾਰ,

" ਅਖਿਦ ਖੇਦੇ ਅਢਾਹ ਢਾਹੇ ॥ ਅਗੰਜ ਗੰਜੇ ਅਬਾਹ ਬਾਹੇ ॥
ਅਮੁੰਨ ਮੁੰਨੇ ਅਹੇਹ ਹੇਹੇ ॥ ਵਿਰਚੰਨ ਨਾਰੀ ਤ ਸੁੱਖ ਕੇਹੇ ॥ "
ਇਹ ਬਿਧਿ ਕੇਕਈ ਹਠ ਗਹਯੋ ਬਰ ਮਾਗਨ ਨ੍ਰਿਪਤੀਰ ॥

ਅਤ ਆਤਰ ਕਿਆ ਕਹਿ ਸਕੈ ਬਧਯੋ ਕਾਮ ਕੇ ਤੀਰ ॥238॥ (ਸ੍ਰੀ ਰਾਮ ਅਵਤਾਰ ਪੰਨਾ 205)

ਨਾ ਖੇਦੇ ਜਾਣ ਵਾਲੇ ਖੇਦ ਦਿੱਤੇ, ਨਾ ਢਹਿਣ ਵਾਲੇ ਢਾਹ ਦਿੱਤੇ। ਨਾ ਗੰਜੇ ਜਾਣ ਵਾਲੇ ਗੰਜ ਲਏ। ਨਾ ਕਾਬੂ ਆਉਣ ਵਾਲੇ ਕਾਬੂ ਕਰ ਲਏ। ਨਾ ਮੁੰਨੇ ਜਾਣ ਵਾਲੇ ਮੁੰਨ ਦਿੱਤੇ, ਜਿਹੜੇ ਕਿਸੇ ਤੋਂ ਧੱਕੇ ਨਹੀਂ ਸੀ ਗਏ ਉਹਨਾਂ ਨੂੰ ਧੱਕੇ ਮਾਰੇ, ਜਿਹੜਾ ਇਹੋ ਜਿਹੀ ਇਸਤਰੀ ਦੇ ਮੋਹ ਵਸਿ ਹੋ ਗਿਆ ਉਸ ਨੂੰ ਸੁਖ ਕਿਥੇ॥233॥

(ਰਾਣੀ) ਕੇਕਈ ਨੇ ਹਠ ਫੜਿਆ ਹੋਇਆ ਹੈ, ਰਾਜੇ ਕੋਲੋਂ ਵਰ ਮੰਗਣ ਲਈ। ਰਾਜਾ (ਦਸ਼ਰਥ) ਅਤਿ ਦੁਖੀ ਹੋ ਰਿਹਾ ਹੈ । ਪਰ ਕਾਮ ਦੇ ਤੀਰ ਦਾ ਵਿੰਨਿਆ ਹੋਇਆ ਕਰ ਕੀ ਸਕਦਾ ਹੈ॥234॥

ਇਸਤਰੀ ਸਮਾਜ ਨੂੰ ਉਸਾਰ ਵੀ ਸਕਦੀ ਹੈ ਅਤੇ ਬਿਗਾੜ ਵੀ ਸਕਦੀ ਹੈ। ਜਿਥੇ ਸੁਸ਼ੀਲ ਗੁਣਵੰਤੀ ਇਸਤਰੀ ਘਰ ਨੂੰ ਸਵਰਗ ਬਣਾਉਂਦੀ ਹੈ। ਉਥੇ ਕੁਲਹਿਣੀ ਕੁਕਰਮਣ ਇਸਤਰੀ ਦੀ ਸੰਗਤ ਘਰ ਸੰਸਾਰ ਨੂੰ ਨਰਕ ਬਣਾ ਦਿੰਦੀ ਹੈ। ਸੋ ਇਸਤਰੀਆਂ ਨੂੰ ਸ਼ੁੱਭ ਕਰਮ ਕਰਦੇ ਹੋਏ ਆਪਣੇ ਧਰਮ ਅਤੇ ਕਰਤੱਵਾਂ ਦਾ ਪਾਲਣ ਕਰਨਾ ਚਾਹੀਦਾ ਹੈ।

"ਕਿੱਥੇ ਸਨ ਉਹ ਸਾਡੀਆਂ ਮਾਤਾ ਮਦਾਲਸਾ ਜੈਸੀਆਂ, ਜਿਹਨਾਂ ਨੇ ਆਪਣਿਆਂ ਪੁੱਤਰਾਂ ਨੂੰ ਜਨਮਦਿਆਂ ਤੋਂ ਹੀ ਐਸਾ ਉਪਦੇਸ਼ ਦਿੱਤਾ ਕਿ ਤੂੰ ਸ਼ੁੱਧੋਂ ਹੈਂ- ਤੂੰ ਬੁੱਧੋਂ ਹੈਂ- ਇਹ ਮਾਇਆ ਹੈ, ਜਗਤ ਜਿਹੜਾ ਹੈ- ਤੂੰ ਛੱਡ ਦੇ ਇਸ ਨੂੰ।

ਉਹ ਮਹਾਂਪੁਰਸ਼, ਉਹ ਸਾਡੀਆਂ ਮਾਤਾਵਾਂ-ਉਹ ਗਾਰਗੀ ਜੈਸੀ ਮਾਤਾ, ਅਨੁਸੂਯਾ ਜੈਸੀ ਮਾਤਾ ਆਪਣੇ ਤੱਪ ਦੇ ਬਲ ਵਾਲੀਆਂ ਉਹ ਮਾਤਾਵਾਂ ਜਿਨ੍ਹਾਂ ਵਿਚ ਤਾਕਤ ਸੀ।

ਉਹਨਾਂ ਆਖਿਆ- ਤੇਰਾ ਪਤੀ ਸੂਰਜ ਚੜ੍ਹਦਿਆਂ ਮਰ ਜਾਣਾ ਹੈ।

ਉਹਨੇ ਆਖਿਆ - ਮੈਂ ਸੂਰਜ ਹੀ ਨਹੀਂ ਚੜ੍ਹਨ ਦੇਣਾ। ਸ੍ਰਿਸ਼ਟੀ ਤੇ ਹਨੇਰਾ ਹੋ ਗਿਆ। ਸਾਡੀਓ ਬੀਬੀਓ, ਮਾਈਓ, ਭੈਣੋਂ, ਤੁਸੀਂ ਵੀ ਉਹੋ ਜਹੀਆਂ ਹੋ ਸਕਦੀਆਂ ਹੋ ਅਗਰ ਤੁਸੀਂ ਆਪਣੇ ਆਚਰਨ ਨੂੰ ਉੱਚਾ ਕਰੋ। ਜਿਹੜਾ ਰਾਵਣ ਸੀਤਾ ਨੂੰ ਚੁੱਕ ਕੇ ਲਿਜਾ ਸਕਦਾ ਹੈ, ਸਤਿ ਨਹੀਂ ਭੰਗ ਕਰ ਸਕਦਾ। ਉਸ ਦੇ ਸਤਿ ਦਾ ਬਲ ਸੀ। ਉਸ ਦੇ ਤਪ ਦੇ ਅੱਗੇ ਆ ਕੇ ਉਹ ਖਲੋ ਕੇ ਗੱਲ ਨਹੀਂ ਸੀ ਕਰ ਸਕਦਾ।

-ਲਾਲ ਏਹਿ ਰਤਨ ਭਾਗ-ਚੌਥਾ (ਪੰਨਾ 297-98)

## ਸੁਚਾਰੂ ਗੁਣਾਂ ਦਾ ਸਮਾਵੇਸ਼

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਕਿ, ਬੀਬੀਆਂ ਨੂੰ ਸਮਾਜ ਦੇ ਹਰ ਖੇਤਰ ਵਿਚ ਅੱਗੇ ਵੱਧਣ ਦੇ ਨਾਲੋ ਨਾਲ, ਘਰ ਦੇ ਕੰਮ-ਕਾਜ ਕਰਨ ਦੀ, ਪ੍ਰਾਹੁਣਿਆਂ ਦੀ, ਸਾਧ ਸੰਗਤ ਦੀ ਸੇਵਾ ਕਰਨ ਦੀ ਅਤੇ ਗ੍ਰਹਿਸਥੀ ਸੁੱਚਜੀ ਤਰ੍ਹਾਂ ਸੰਭਾਲਣ ਦੀ ਜਾਚ ਹੋਣੀ ਚਾਹੀਦੀ ਹੈ। ਹਰ ਔਰਤ ਆਪੋ ਆਪਣੇ ਘਰ ਵਿਚ ਰਹਿ ਕੇ ਵੀ ਬੜਾ ਕੰਮ ਕਰ ਸਕਦੀ ਹੈ। ਆਪਣੇ ਬੱਚਿਆ ਦੇ ਵਿਅਕਤੀਤੱਵ ਵਿਚ ਸ਼ਰਧਾ, ਵਿਸ਼ਵਾਸ਼, ਸੇਵਾ-ਭਾਵ, ਨਿੰਮਰਤਾ ਆਦਿਕ ਚੰਗੇ ਗੁਣਾਂ ਦਾ ਵਿਕਾਸ ਕਰਨ ਵਿਚ ਸਹਿਯੋਗ ਦੇ ਸਕਦੀ ਹੈ। ਬੱਚਿਆਂ ਨੂੰ ਸਾਖੀਆਂ ਸੁਣਾ ਕੇ ਆਪਣੇ ਇਤਿਹਾਸ ਤੋਂ ਜਾਣੂੰ ਕਰਵਾ ਸਕਦੀ ਹੈ। ਨਾਮ-ਸਿਮਰਨ ਦਾ ਮਹੱਤਵ ਦੱਸ ਕੇ ਚੰਗੇ ਪਾਸੇ ਲਾ ਸਕਦੀ ਹੈ। ਹਰ ਬੱਚੇ ਦੇ ਭਵਿੱਖ ਦੀ ਨੀਂਹ ਮਾਂ ਵਲੋਂ ਪਾਏ ਗਏ ਸੰਸਕਾਰਾਂ ਅਤੇ ਵਿਚਾਰਾਂ 'ਤੇ ਨਿਰਭਰ ਕਰਦੀ ਹੈ। ਮਾਂ-ਬਾਪ ਦੀਆਂ ਆਦਤਾਂ ਅਤੇ ਸੁਭਾਅ ਨੂੰ ਬੱਚੇ ਸੁੱਤੇ ਸਿਧ ਹੀ ਗ੍ਰਹਿਣ ਕਰ ਲੈਂਦੇ ਹਨ।

ਭਾਂਵੇਂ ਮਰਦ ਹੋਵੇ ਜਾਂ ਇਸਤਰੀ ਉਸ ਦੇ ਗੁਣਾਂ ਦਾ ਪ੍ਰਭਾਵ ਪੈਂਦਾ ਹੈ। ਬੀਬੀਆਂ ਨੂੰ ਆਪਣੇ ਗੁਣ ਉਭਾਰਨੇ ਚਾਹੀਦੇ ਹਨ। ਵਿਆਹ ਉਪ੍ਰੰਤ ਆਪਣੇ ਪਤੀ ਦੇ ਸਾਥ ਅਤੇ ਸਹਿਯੋਗ ਨਾਲ ਬੀਬੀਆਂ ਸਮਾਜ ਵਿਚ ਮਨਇੱਛਤ ਉਸਾਰੂ ਕੰਮ ਕਰ ਸਕਦੀਆਂ ਹਨ।

ਬੀਬੀਆਂ ਨੂੰ ਆਪਣਾ ਵਕਤ ਫਾਲਤੂ ਗੱਲਾਂ ਵਿਚ ਅਜਾਈਂ ਨਹੀਂ ਗਵਾਉਣਾ ਚਾਹੀਦਾ ਸਗੋਂ ਸਾਰਥਕ ਕੰਮਾਂ ਵਿਚ ਆਪਣੇ ਵਕਤ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਸੱਚੇ ਪਾਤਸ਼ਾਹ ਜੀ ਚਾਹੁੰਦੇ ਹਨ ਕਿ ਬੀਬੀਆਂ ਦੀਆਂ ਗੋਸ਼ਟੀਆਂ ਹੋਣ, ਵਿਚਾਰ-ਵਟਾਂਦਰਾ ਹੋਵੇ ਤਾਂ ਜੋ ਘਰਾਂ ਵਿਚ ਲੜਾਈ ਝਗੜੇ ਬੰਦ ਹੋਣ ਅਤੇ ਸਮਾਜ ਨੂੰ ਕੋਈ ਫਾਇਦਾ ਪਹੁੰਚੇ।

ਇਸਤਰੀ ਇਕ ਅਲੌਕਿਕ ਸ਼ਕਤੀ ਦਾ ਰੂਪ ਹੈ, ਉਹ ਇਸ ਸ਼ਕਤੀ ਨੂੰ ਪਹਿਚਾਣੇ ਅਤੇ ਉਸ ਦੀ ਵਰਤੋਂ ਕਰੇ। ਇਸਤ੍ਰੀ ਦਾ ਜਾਗ੍ਰਤੀ ਇਕ ਤਰ੍ਹਾਂ ਨਾਲ ਪੂਰੀ ਕੌਮ ਦੀ ਜਾਗ੍ਰਤੀ ਹੁੰਦੀ ਹੈ।

## ਸੂਬਾ ਥਾਪਿਆ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਮੇਂ ਵਿਚ ਇਕ ਬੀਬੀ- ਮਾਈ ਹੁਕਮੀ ਨੂੰ ਸੂਬਾ ਥਾਪਿਆ ਸੀ। ਉਸ ਤੋਂ ਮਗਰੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਵਕਤ ਵਿਚ ਤਿੰਨ ਬੀਬੀਆਂ ਨੂੰ ਸੂਬਾ ਬਣਾਇਆ।

ਜਦੋਂ ਸੰਨ 1994 ਦੀ ਵਿਸਾਖੀ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਵੇਂ ਸੂਬਿਆਂ ਦੀ ਸਥਾਪਨਾ ਕੀਤੀ, ਉਦੋਂ ਗ੍ਰੀਬ ਨਿਵਾਜ਼ ਜੀ ਨੇ ਦੋ ਬੀਬੀਆਂ-ਬੀਬੀ ਸੁਰਿੰਦਰ ਕੌਰ ਖਰਲ (ਇਸ ਪੁਸਤਕ ਦੀ ਲੇਖਿਕਾ) ਤੇ ਬੀਬੀ ਮਹਿੰਦਰ ਕੌਰ ਹੁਸ਼ਿਆਰਪੁਰ ਨੂੰ ਵੀ ਸੂਬਾ ਬਨਾਉਣ ਦਾ ਮਾਣ ਬਖਸ਼ਿਆ। ਇਸ ਤੋਂ ਕੁਝ ਸਮਾਂ ਬਾਅਦ ਥਾਈਲੈਂਡ ਦੀ ਬੀਬੀ ਮਹਿੰਦਰ ਕੌਰ ਗਿਆਨਣ ਨੂੰ ਵੀ ਸੂਬਾ ਦੀ ਪਦਵੀ ਦੇ ਮਾਣ ਨਾਲ ਨਿਵਾਜਿਆ।

## ਇਸਤਰੀ ਵਿੱਦਿਅਕ ਸੰਮੇਲਨ

ਅੱਜ ਕਲ ਜਥੇਬੰਦੀ ਦਾ ਯੁਗ ਹੈ। ਸ੍ਰੀ ਸਤਿਗੁਰੂ ਜੀ ਨੇ " ਵਿਸ਼ਵ ਨਾਮਧਾਰੀ ਵਿਦਿਅਕ ਜੱਥੇ" ਦੀ ਸਥਾਪਨਾ ਕੀਤੀ ਹੈ। ਨਾਮਧਾਰੀ ਨੌਜਵਾਨਾਂ ਵਾਂਗ ਸੰਨ 1982 ਤੋਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਬੀਬੀਆਂ ਦਾ ਵੀ 'ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜੱਥਾ' ( ਇਸ ਦਾ ਪਹਿਲਾਂ ਨਾਂ 'ਸਰਬ ਹਿੰਦ ਵਿਦਿਅਕ ਜੱਥਾ' ਇਸਤਰੀ ਸ਼ਾਖਾ ਸੀ) ਸਥਾਪਤ ਕੀਤਾ ਗਿਆ ਹੈ। ਹਰ ਸਾਲ ਵਿਦਿਅਕ ਸੰਮੇਲਨ ਕਰਵਾਏ ਜਾਂਦੇ ਹਨ।

ਇਨ੍ਹਾਂ ਵਿਦਿਅਕ ਸੰਮੇਲਨਾਂ ਸਮੇਂ ਭਾਸ਼ਣ, ਕਵਿਤਾ, ਸ਼ੁੱਧ ਪਾਠ, ਪੇਂਟਿੰਗ, ਕਵਿਜ਼ (ਸਵਾਲ ਜਵਾਬ) ਤੇ ਸੰਗੀਤ ਆਦਿ ਪ੍ਰਤੀਯੋਗਿਤਾਵਾਂ ਵਿਚ ਬੀਬੀਆਂ ਦੀ ਵਧ ਰਹੀ ਗਿਣਤੀ, ਸਮਾਜ ਦੇ ਹਰ ਖੇਤਰ ਵਿਚ ਅਗਲੀ ਪੀੜੀ ਦੀ ਵਧ ਰਹੀ ਤਰੱਕੀ ਵਲ ਭਾਵੀ ਸੰਕੇਤ ਕਰ ਰਹੀ ਹੈ। ਇਨ੍ਹਾਂ ਸੰਮੇਲਨਾਂ ਵਿਚ ਸ੍ਰੀ ਸਤਿਗੁਰੂ ਜੀ ਕਿਰਪਾ ਕਰ ਬੀਬੀਆਂ ਵਲੋਂ ਪੁੱਛੇ ਗਏ ਸਵਾਲਾਂ ਦੇ ਉੱਤਰ ਵੀ ਦਿੰਦੇ ਰਹੇ ਹਨ। ਸ਼ੰਕਾਵਾਂ ਨਵਿਰਤ ਕਰਦੇ ਰਹੇ ਹਨ। ਸੇਧ ਦਿੰਦੇ ਅਤੇ ਮਾਰਗ ਦਰਸ਼ਨ ਕਰਦੇ ਰਹੇ ਹਨ ।

## ਪ੍ਰਮੁੱਖ ਇਸਤਰੀਆਂ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਉਤਸ਼ਾਹ ਦੇਣ ਸਦਕਾ, ਦੇਸ਼ ਵਿਦੇਸ਼ ਵਿਚ, ਸਮਾਜ ਦੇ ਹਰ ਖੇਤਰ ਵਿਚ, ਨਾਮਧਾਰੀ ਬੀਬੀਆਂ ਨਾਮਣਾ ਖੱਟ ਰਹੀਆ ਹਨ। ਸਾਰਿਆਂ ਦਾ ਜ਼ਿਕਰ ਤਾਂ ਨਹੀਂ ਹੋ ਸਕਦਾ, ਮਿਸਾਲ ਦੇ ਤੌਰ 'ਤੇ ਕੁਝ ਕੁ ਬੀਬੀਆਂ ਦਾ ਜ਼ਿਕਰ ਇਸ ਪ੍ਰਕਾਰ ਹੈ--

### ਚੀਫ ਟੈਕਨੀਕਲ ਅਫਸਰ

**ਡਾ. ਮਨਜੀਤ ਕੌਰ ਸਹੋਤਾ ਯੂ.ਕੇ –** ਇਹ Aerospace Security and Defence Association of Europe ਦੀ ਚੀਫ ਟੈਕਨੀਕਲ ਅਫਸਰ ਹੈ। ਇਸ ਨੇ ਆਪਣੀਆਂ ਪ੍ਰਾਪਤੀਆਂ ਨਾਲ ਵਿਦੇਸ਼ ਵਿਚ ਵਿਸ਼ਵ ਪੱਧਰ 'ਤੇ ਨਾਮਧਾਰੀ ਪੰਥ ਦਾ ਨਾਂ ਰੋਸ਼ਨ ਕੀਤਾ ਹੈ। ਇਸ ਦਾ ਜਨਮ 22 ਅਕਤੂਬਰ 1973 ਨੂੰ ਬਰਮਿੰਘਮ ਵਿਚ ਯੂ.ਕੇ ਵਿਖੇ ਹੋਇਆ। ਇਹ ਸ੍ਰ. ਸੁਰਜੀਤ ਸਿੰਘ ਚਾਨਾ ਅਤੇ ਬੀਬੀ ਰਵਿੰਦਰ ਕੌਰ, ਬਰਮਿੰਘਮ (ਯੂ.ਕੇ.) ਦੀ ਸਪੁੱਤਰੀ ਹੈ। ਇਹ ਸਵ.ਸ. ਸਤਵੰਤ ਸਿੰਘ ਸਹੋਤਾ ਦੀ ਸੁਪਤਨੀ ਹੈ।

ਇਸ ਨੇ ਏਅਰੋਸਪੇਸ ਇੰਜੀਨੀਅਰਿੰਗ (Aerospace engineering) ਕੀਤੀ ਹੈ। ਇਸ ਨੇ ਇੰਜਨੀਅਰਰਿੰਗ ਬਿਜ਼ਨਸ ਮੈਨੇਜਮੈਂਟ ਵਿਚ ਮਾਸਟਰ ਡਿਗਰੀ ਕੀਤੀ ਹੈ। ਹੁਣ Aerospace ਵਿਚ ਹਾਰਵਰਡ ਯੂਨੀਵਰਸਿਟੀ ਯੂ. ਐਸ. ਏ ਤੋਂ ਡਾਕਟਰੇਟ ਕੀਤੀ ਹੈ। ਇਸ ਨੇ Strategic Change Management of Golbalsation ਵਿਸ਼ੇ 'ਤੇ ਪੀ.ਐਚ. ਡੀ. ਕੀਤੀ ਹੈ।

6 ਅਕਤੂਬਰ ਸੰਨ 2010 ਨੂੰ ਜਿਸ ਦਿਨ ਡਾ. ਮਨਜੀਤ ਕੌਰ ਦੇ ਪਤੀ ਦੀ ਇਕ ਐਕਸੀਡੈਂਟ ਕਾਰਣ ਹੋਈ ਮੌਤ ਨੂੰ ਇਕ ਸਾਲ ਹੋ ਗਿਆ ਸੀ, ਉਸ ਦਿਨ ਉਹ ਆਪਣੇ ਮਾਤਾ ਪਿਤਾ ਨਾਲ ਬਹੁਤ ਭਰੇ ਮਨ ਨਾਲ, ਬੜੀ ਸ਼ਰਧਾ ਭਾਵਨਾ ਨਾਲ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ, ਦਿਲਾਸਾ ਤੇ ਆਸ਼ੀਰਵਾਦ ਪ੍ਰਾਪਤ ਕਰਨ ਵਿਸ਼ੇਸ਼ ਤੌਰ 'ਤੇ ਸ੍ਰੀ ਭੈਣੀ ਸਾਹਿਬ ਪਹੁੰਚੀ। ਉਸ ਦਿਨ ਮੇਰੀ ਮੁਲਾਕਾਤ ਇਨ੍ਹਾਂ ਨਾਲ ਹੋਈ ਤੇ ਮੈਨੂੰ ਇਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਹੋਈ।

ਡਾ. ਮਨਜੀਤ ਕੌਰ ਨੇ ਮੈਨੂੰ ਦੱਸਿਆ ਕਿ, ਉਹ ਯੂ.ਕੇ. ਦੇ ਰੱਖਿਆ ਮੰਤਰਾਲਾ ਅਧੀਨ ਬ੍ਰਿਟਿਸ਼ ਏਅਰ ਫੋਰਸ ਵਿਚ, ਮਿਲਟਰੀ ਹਵਾਈ ਜਹਾਜ਼ ਅਤੇ ਹਵਾਈ ਢਾਂਚੇ ਬਣਾਉਣ ਵਾਲੇ ਵਿਭਾਗ ਵਿਚ, ਸਾਲਮੇਸਬਰੀ ਹਵਾਈ ਅੱਡੇ 'ਤੇ, ਸਿਸਟਮ ਇੰਜਨੀਅਰ ਦੇ ਰੂਪ ਵਿਚ ਕਾਰਜਸ਼ੀਲ ਹੈ। ਮਿਲਟਰੀ ਹਵਾਈ ਜਹਾਜ਼ਾਂ ਨੂੰ ਡਿਜ਼ਾਇਨ ਕਰਨਾ ਤੇ ਵਿਕਾਸ ਕਰਨਾ ਅਤੇ ਪਾਇਲਟਾਂ ਨੂੰ ਇਕ ਤਕਨਾਲਜ਼ੀ virtual reality stimulation technology ਦੁਆਰਾ ਸਿਖਲਾਈ ਦੇਣਾ, ਉਸ ਦਾ ਕਾਰਜ ਹੈ। ਉਹ ਲੜਾਕੂ ਹਵਾਈ ਜਹਾਜ਼ਾਂ ਦੇ ਡਿਜ਼ਾਇਨ ਤਿਆਰ ਕਰਨ ਵਿਚ ਮਾਹਿਰ ਹੈ। ਹੋਰ ਪਾਇਲਟਾਂ ਨੂੰ ਸਿਖਲਾਈ ਦੇਣ ਦੇ ਲਈ ਉਸ ਨੇ ਕੰਪਿਊਟਰਾਇਜ਼ਡ ਮਸ਼ੀਨ ਫਲਾਇਟ ਸਿਮੀਲੇਟਰ ਦਾ ਮਾਡਲ ਆਪ ਤਿਆਰ ਕੀਤਾ ਹੈ।

ਹੁਣ ਉਹ ਯੂ. ਕੇ. ਅਤੇ ਯੂਰਪ ਵਿਚ ਚੀਫ ਟੈਕਨੀਕਲ ਅਫਸਰ ਹੈ। ਜਿਹੜੀ ਐਡਵਾਂਸ (advance) ਟੈਕਨੋਲਜੀ ਦੀ stratgy ਹੈ, ਉਸ ਦੀ ਜੁੰਮੇਵਾਰੀ ਇਸ ਦੀ ਹੈ। ਜਿਹੜੀ world ਵਿਚ defence ministry ਹੈ ਉਸ ਦੀ ਕਿਸੇ ਵੀ ਟੈਕਨੋਲਜੀ ਦੀ ਖੋਜ ਅਤੇ ਸਲਾਹ ਇਸ ਦੇ ਦੁਆਰਾ ਕੀਤੀ ਜਾਂਦੀ ਹੈ। ਉਸ ਦੀਆਂ ਯੂਰਪ ਦੇ ਸਭ ਪ੍ਰਧਾਨ ਮੰਤਰੀਆਂ (prime ministers) ਨਾਲ defence, space ਅਤੇ security ਬਾਰੇ ਮੀਟਿੰਗਾਂ ਹੁੰਦੀਆਂ

ਰਹਿੰਦੀਆਂ ਹਨ। ਜਿਹੜਾ recent farnbrough international air show, defence ਤੇ airo space ਲੱਗਦਾ ਹੈ, ਉਸ ਦੀ ਜੁੰਮੇਵਾਰੀ ਵੀ ਇਸ ਦੀ ਹੈ। ਅੱਜਕੱਲ੍ਹ ਨਵੇਂ ਹਵਾਈ ਜਹਾਜ਼ ਜਿਹੜੇ ਬਿਨਾਂ ਪਾਇਲਟ ਤੋਂ ਚਲਦੇ ਹਨ, ਉਨ੍ਹਾਂ ਦੇ ਡਿਜ਼ਾਇਨ ਤੇ ਡੀਵੈਲਪਮੈਂਟ ਵੀ ਇਸ ਦੇ ਵਿਭਾਗ ਦੇ ਰਾਹੀਂ ਹੁੰਦੇ ਹਨ। space ਵਿਚ ਜਿਹੜੇ ਰੋਬੋਟ ਭੇਜੇ ਗਏ ਹਨ, ਉਹ ਵੀ ਇਨ੍ਹਾਂ ਦੀ ਕੰਪਨੀ ਦੁਆਰਾ ਭੇਜੇ ਗਏ ਹਨ।''

ਡਾ. ਮਨਜੀਤ ਕੌਰ ਨੂੰ ਸੰਨ 2003 ਵਿਚ turn key business women ਸਨਮਾਨ ਮਿਲਣ ਤੋਂ ਇਲਾਵਾ ਸਮੇਂ ਸਮੇਂ 'ਤੇ ਵੱਡੀ ਗਿਣਤੀ 'ਚ ਮਾਨ-ਸਨਮਾਨ ਮਿਲਦੇ ਰਹੇ ਹਨ।

ਡਾ. ਮਨਜੀਤ ਕੌਰ ਨੂੰ ਅੰਗ੍ਰੇਜ਼ੀ, ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ, ਸੰਸਕ੍ਰਿਤ ਅਤੇ ਸੁਹੇਲੀ ਭਾਸ਼ਾਵਾਂ ਆਉਂਦੀਆਂ ਹਨ। ਇਹ ਚਾਹ,ਕਾਫੀ ਜਾਂ ਕੋਲਡ ਡਰਿੰਕ ਆਦਿ ਕੁਝ ਨਹੀਂ ਪੀਂਦੀ । ਆਪਣਾ ਪਾਣੀ ਕੋਲ ਰੱਖਦੀ ਹੈ, ਕੋਈ ਪੁੱਛੇ ਤਾਂ ਦੱਸਦੀ ਹੈ ਕਿ ਅਸੀਂ ਨਾਮਧਾਰੀ ਹਾਂ।

ਇਹ ਪਿੰਡ warboys in Cambridge shires (u.k) ਵਿਖੇ ਰਹਿੰਦੀ ਹੈ।

ਡਾ. ਮਨਜੀਤ ਕੌਰ ਦੇ ਪਤੀ ਸਵ. ਸ. ਸਤਵੰਤ ਸਿੰਘ ਸਹੋਤਾ ( ਸਪੁੱਤਰ ਸ. ਕੁੰਦਨ ਸਿੰਘ , ਸਪੁੱਤਰ ਸ. ਕਰਮ ਸਿੰਘ ਸਹੋਤਾ) ਸਨ। ਇਹ 6 ਅਕਤੂਬਰ ਸੰਨ 2009 ਵਿਚ, ਇਕ ਐਕਸੀਡੈਂਟ ਵਿਚ ਚੜ੍ਹਾਈ ਕਰ ਗਏ। ਇਹ ਕੰਪਿਊਟਰ ਸਾਇੰਸ ਨੈਟਵਰਕਿੰਗ ਦੇ ਕੰਸਲਟੈਂਟ ਸਨ। ਇਹ ਕੰਪਿਯੂਟਰ ਕੰਪਨੀ ਦੇ ਡਾਇਰੈਕਟਰ ਸਨ। ਇਨ੍ਹਾਂ ਨੇ ਬਹੁਤ ਇਨਾਮ ਜਿੱਤੇ। ਇਨ੍ਹਾਂ ਦਾ ਪੂਰਾ ਘਰ ਕੰਪਿਯੂਟਰ ਨਾਲ ਚੱਲਦਾ ਸੀ।

ਡਾ. ਮਨਜੀਤ ਕੌਰ ਆਪਣੀਆਂ ਸਾਰੀਆਂ ਪ੍ਰਾਪਤੀਆਂ, ਮਾਨ-ਸਨਮਾਨ ਅਤੇ ਕਾਮਯਾਬੀ ਨੂੰ ਸ੍ਰੀ ਸਤਿਗੁਰੂ ਜੀ ਦੀ ਅਪਾਰ ਕਿਰਪਾ ਅਤੇ ਉਤਸ਼ਾਹ ਦੇਣ ਸਦਕਾ ਮਿਲਿਆ ਮੰਨਦੀ ਹੈ।

ਸ੍ਰੀ ਸਤਿਗੁਰੂ ਜੀ ਅਕਸਰ ਇਸ ਨੂੰ ਪੁੱਛਿਆ ਕਰਦੇ ਸਨ, 'ਜ਼ਹਾਜ ਦੀ ਸਪੀਡ ਕਿੰਨੀ ਹੁੰਦੀ ਹੈ, ਤੂੰ ਮੇਰੇ ਲਈ ਜਹਾਜ਼ ਕਦੋਂ ਬਣਾਉਣਾ ਹੈ।' ਜਦੋਂ ਅਜੇ ਬਿਨਾਂ ਪਾਇਲਟ ਦੇ ਜਹਾਜ਼ ਚਲਣ ਦੀ ਟੈਕਨੌਲੋਜੀ ਨਿਕਲੀ ਵੀ ਨਹੀਂ ਸੀ ਉਦੋਂ ਸ੍ਰੀ ਸਤਿਗੁਰੂ ਜੀ ਬਚਨ ਕਰ ਪੁੱਛਦੇ ਸਨ ਕਿ ਕੀ ਇਸ ਤਰ੍ਹਾਂ ਦੇ ਵੀ ਜਹਾਜ਼ ਹਨ ਜਿਹੜੇ ਬਿਨਾਂ ਪਾਇਲਟ ਚਲਦੇ ਹਨ। ਇਹ ਟੈਕਨੌਲੋਜੀ ਬਚਨ ਹੋਏ ਤੋਂ ਕਾਫੀ ਸਾਲਾਂ ਬਾਅਦ ਨਿਕਲੀ ਹੈ।

ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਜਦੋਂ ਵੀ ਕੋਈ ਕੰਮ ਕਰਨਾ ਹੈ ਅਰਦਾਸ ਕਰ ਕੇ ਕਰਨਾ ਹੈ। ਜਦੋਂ ਵੀ ਤੂੰ ਅਰਦਾਸ ਕਰੇਗੀਂ, ਮੇਰਾ ਹੱਥ ਤੇਰੇ ਸਿਰ 'ਤੇ ਹੋਵੇਗਾ। ਡਾ. ਮਨਜੀਤ ਕੌਰ ਨੇ ਦੱਸਿਆ ਕਿ ਉਹ ਹੁਕਮ ਅਨੁਸਾਰ ਇਸੇ ਤਰ੍ਹਾਂ ਅਰਦਾਸ ਕਰਦੇ ਹਨ। ਉਨ੍ਹਾਂ ਦੇ ਪੱਧਰ ਦੇ ਲੋਕ ਜਦੋਂ ਈਰਖਾਵੱਸ ਉਨ੍ਹਾਂ ਲਈ ਮੁਸ਼ਕਲਾਂ ਖੜੀਆਂ ਕਰਦੇ ਸਨ, ਅਰਦਾਸ ਕਰਨ ਨਾਲ ਸਭ ਰੁਕਾਵਟਾਂ ਦੂਰ ਹੋ ਜਾਂਦੀਆਂ ਰਹੀਆਂ ਹਨ।

ਡਾ. ਮਨਜੀਤ ਕੌਰ ਦੀ ਭੈਣ ਸੁਰਿੰਦਰ ਕੌਰ ਨੇ international marketing ਵਿਚ first class honours degree ਪਿਛਲੇ ਸਾਲ ਕੀਤੀ ਹੈ।

## ਪਾਇਲਟ ਬੀਬੀਆਂ

ਆਕਾਸ਼ 'ਚ ਉੱਚੀਆਂ ਉਡਾਣਾਂ ਭਰਨ ਵਾਲੀਆਂ ਐਸ ਵੇਲੇ ਕਈ ਨਾਮਧਾਰੀ ਬੀਬੀਆਂ ਹਨ-

**ਕੈਪਟਨ ਕੰਵਲਜੀਤ ਕੌਰ** - (ਸਪੁੱਤਰੀ ਸੰਤ ਗੋਪਾਲ ਸਿੰਘ ਸਪੁੱਤਰ ਮਹੰਤ ਅਤਰ ਸਿੰਘ ਅਤੇ ਸੁਪਤਨੀ ਸ. ਹਰਜੀਤ ਸਿੰਘ ਦਿੱਲੀ ) ਇਹ ਐਸ ਵੇਲੇ ਕਮਾਂਡਰ ਪਾਇਲਟ ਅਰਥਾਤ ਫਸਟ ਅਫਸਰ ਹਨ। ਇਨ੍ਹਾਂ ਨੇ ਸਭ ਤੋਂ ਪਹਿਲਾਂ ਵਾਯੂਦੂਤ ਏਅਰਲਾਇਨਜ਼ ਵਿਚ ਪ੍ਰਵੇਸ਼ ਕੀਤਾ ਸੀ ਜੋ ਹੁਣ ਇੰਡੀਅਨ ਏਅਰਲਾਇਨਜ਼ ਵਿਚ ਤਬਦੀਲ ਹੋ ਚੁੱਕਾ ਹੈ।

ਕੈਪਟਨ ਕੰਵਲਜੀਤ ਕੌਰ ਭਾਰਤ ਵਿਚ ਹਵਾਈ ਜਹਾਜ਼ ਚਲਾਉਣ ਵਾਲੀ ਨਾਮਧਾਰੀ ਸਮਾਜ ਵਿਚੋਂ ਪਹਿਲੀ

ਇਸਤਰੀ ਹੀ ਨਹੀਂ, ਸਗੋ ਸਾਰੇ ਰਾਮਗੜ੍ਹੀਆ ਸਮਾਜ ਵਿਚੋਂ ਵੀ ਪਹਿਲੀ ਇਸਤਰੀ ਹੈ। ਇਸ ਉਪਲਭਦੀ 'ਤੇ ਦਿੱਲੀ ਅਸ਼ੋਕਾ ਹੋਟਲ ਵਿੱਚ 12-13 ਫਰਵਰੀ ਸੰਨ 1994 ਨੂੰ ਹੋਈ ਦੂਸਰੀ ਅੰਤਰਰਾਸ਼ਟਰੀ ਰਾਮਗੜੀਆ ਕਾਨਫਰੰਸ ਵਿਚ ਇਸ ਬੀਬੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।

**ਕੈਪਟਨ ਪ੍ਰੀਤੀ ਸੇਠੀ–** ਸਪੁੱਤਰੀ ਸ. ਸੁਰਿੰਦਰ ਸਿੰਘ ਸੇਠੀ ਅਤੇ ਬੀਬੀ ਕੁਲਵੰਤ ਕੌਰ ਹਲਦਵਾਨੀ ਨੇ ਸੰਨ 2005 ਵਿਚ ਸੀ.ਪੀ.ਐਲ. ( ਕਮਰਸ਼ਿਅਲ ਪਾਇਲਟ ਲਾਇਸੈਂਸ ) ਕੋਰਸ ਕੀਤਾ । ਸੰਨ 2006 ਤੋਂ ਇਹ ਕਿੰਗਫਿਸ਼ਰ ਏਅਰਲਾਇਨਜ਼ ਦਿੱਲੀ ਵਿਖੇ ਪਾਇਲਟ ਹੈ। ਇਹ ਕਹਿੰਦੀ ਹੈ ਕਿ ਅੱਜ ਮੈਂ ਜੋ ਕੁਝ ਵੀ ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਹਾਂ।

**ਕੈਪਟਨ ਗੁਰਦਰਸ਼ਨ ਕੌਰ ਪਰਸ਼ਨ**–( ਸਪੁਤੱਰੀ ਮਸਤਾਨਾ ਹਰਦੇਵ ਸਿੰਘ) ਪਾਇਲਟ ਹੈ। ਇਸ ਨੇ ਸ੍ਰੀ ਭੈਣੀ ਸਾਹਿਬ ਰਹਿੰਦਿਆਂ ਸੰਗੀਤ ਵੀ ਸਿੱਖਿਆ ਹੈ।

**ਕੈਪਟਨ ਅੰਮ੍ਰਿਤ ਕੌਰ –** (ਸਪੁੱਤਰੀ ਸੂਬਾ ਸਰਬਜੀਤ ਸਿੰਘ ਗਵਾਲੀਅਰ ਅਤੇ ਬੀਬੀ ਹਰਵਿੰਦਰ ਕੌਰ) ਸੰਨ 2007 ਤੋਂ ਏਅਰ ਇੰਡੀਆ ਵਿਚ ਕੋ-ਪਾਇਲਟ ਹੈ।

**ਬੀਬੀ ਜਸਵੰਤ ਕੌਰ** –(ਸਪੁੱਤਰੀ ਸੰਤ ਬੂਟਾ ਸਿੰਘ ਬੰਗਲੌਰ ਅਤੇ ਬੀਬੀ ਨਿਰਮਲ ਕੌਰ) ਨੇ ਯੂ.ਐਸ.ਏ. ਤੋਂ ਪਾਇਲਟ ਦਾ ਕੋਰਸ ਕੀਤਾ ਹੈ। ਇਹ, ਬੀਬੀ ਸਵਰਨ ਕੌਰ ਅਤੇ ਸੰਤ ਜੋਗਿੰਦਰ ਸਿੰਘ ਦੀ ਪੋਤੀ ਹੈ। ਇਹ ਸ. ਰਾਜਾ ਸਿੰਘ ਦਿੱਲੀ ਦੇ ਪੁੱਤਰ ਸ. ਕੁਦਰਤ ਸਿੰਘ ਦੇ ਪੁੱਤਰ ਸ. ਅਰਵਿੰਦਰ ਸਿੰਘ ( ਯੂ.ਕੇ.) ਦੀ ਸੁਪਤਨੀ ਹੈ।

**ਬੀਬੀ ਪਰਮਜੀਤ ਕੌਰ ਵੀਰਾਂ**–( ਸਪੁੱਤਰੀ ਸੂਬਾ ਰਤਨ ਸਿੰਘ ਸੁਲਤਾਨਪੁਰ ਯੂ.ਪੀ.) ਨੇ ਅੰਮ੍ਰਿਤਸਰ ਤੋਂ ਪਾਇਲਟ ਦਾ ਕੋਰਸ ਕੀਤਾ ਹੈ। ਇਹ ਸ. ਗੁਰਮੁਖ ਸਿੰਘ (ਮਾਰਬਲ ਵਾਲੇ) ਮੁਹਾਲੀ ਦੀ ਸੁਪਤਨੀ ਅਤੇ ਸਵ. ਸੰਤ ਕਿਰਪਾਲ ਸਿੰਘ ਤੇ ਬੀਬੀ ਦਲਜੀਤ ਕੌਰ ਦੀ ਨੂੰਹ ਹਨ।

**ਬੀਬੀ ਗਿਆਨ ਕੌਰ ਦਿੱਲੀ–** ਇਸ ਨੇ ਦੇਹਰਾਦੂਨ ਤੋਂ ਪਾਇਲਟ ਦਾ ਕੋਰਸ ਕੀਤਾ ਹੈ। ਇਹ ਸੂਬਾ ਗੰਡਾ ਸਿੰਘ ਦਿੱਲੀ ਦੀ ਪੜਪੋਤੀ, ਸੰਤ ਹਰਦਰਸ਼ਨ ਸਿੰਘ ਦੀ ਪੋਤੀ ਅਤੇ ਸੰਤ ਗੁਰਦਿਆਲ ਸਿੰਘ ਦੀ ਧੀ ਹੈ।

ਏਅਰ ਹੋਸਟੈਸ ਰੂਬੀ ਤੇ ਪ੍ਰੀਤੀ– ਇਹ ਦੋਵੇਂ ਭੈਣਾਂ ( ਨਾਮਧਾਰੀ ) ਦੁਬਈ ਦੇ ਨੇੜੇ ਕਤਰ ਦੇਸ਼ ਦੀ ਏਅਰਲਾਈਨਜ਼ ਵਿਚ ਏਅਰ ਹੋਸਟੈਸ ਹਨ। ਇਨ੍ਹਾਂ ਬਾਰੇ ਜ਼ਿਆਦਾ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ।

**ਬੀਬੀ ਸਵਾਤੀ ਕਟੋਚ–** ਇਹ ਦਿੱਲੀ ਦੇ ਸ੍ਰੀ ਵਿਕਰਮ ਕਟੋਚ ਅਤੇ ਬੀਬੀ ਪੁਸ਼ਪਾ ਦੀ ਬੇਟੀ ਹੈ। ਇਹ ਸ. ਜਸਮੀਤ ਸਿੰਘ ( ਯੂ.ਕੇ.) ਦੀ ਸੁਪਤਨੀ ਹੈ ਤੇ ਅੱਜ ਕੱਲ ਯੂ.ਕੇ. ਰਹਿੰਦੀ ਹੈ। ਇਹ ਸੰਨ 2003 ਤੋਂ ਜੈਟ ਏਅਰਵੇਜ਼ ਵਿਚ ਟਿਕਟਿੰਗ ਦਾ ਕੰਮ ਕਰਦੀ ਰਹੀ। ਵਿਆਹ ਤੋਂ ਬਾਦ ਕੰਮ ਛੱਡ ਦਿੱਤਾ ਹੈ। ਇਹ ਆਪਣੇ ਗੁਆਂਢ ਵਿਚ ਰਹਿੰਦੀ ਆਪਣੀ ਨਾਮਧਾਰੀ ਸਹੇਲੀ ਰਜਿੰਦਰ ਕੌਰ ਸਿੰਮੀ ਰਾਹੀਂ ਸੰਨ 2006 ਵਿਚ ਸ੍ਰੀ ਸਤਿਗੁਰੂ ਜੀ ਦੇ ਸੰਪਰਕ ਵਿਚ ਆਈ। ਸੱਚੇ ਪਾਤਸ਼ਾਹ ਜੀ ਦੀ ਇਸ 'ਤੇ ਵਿਸ਼ੇਸ਼ ਕਿਰਪਾ ਹੈ। ਇਹ ਦੱਸਦੀ ਹੈ ਕਿ ਸ੍ਰੀ ਸਤਿਗੁਰੂ ਜੀ ਸਾਨੂੰ ਧੀਆਂ ਦੀ ਤਰ੍ਹਾਂ ਰੱਖਦੇ ਹਨ । ਜੋ ਚੀਜ਼ ਮੰਗੀ ਹੈ ਦਿੱਤੀ ਹੈ। ਇਤਨਾ ਪਿਆਰ ਦਿੱਤਾ ਹੈ ਕਿ ਦੱਸਿਆ ਨਹੀਂ ਜਾ ਸਕਦਾ। ਇਸ ਦਾ ਵਿਸ਼ਵਾਸ ਹੈ ਕਿ ਨਾਮ ਸਿਮਰਨ ਕਰਨ ਨਾਲ ਅਕਾਲ ਪੁਰਖ ਦੀ ਕ੍ਰਿਪਾ ਅਵੱਸ਼ ਹੁੰਦੀ ਹੈ।

**ਬੀਬੀ ਇੰਦਰ ਕੌਰ (ਇੰਦੂ)** – ਸਪੁੱਤਰੀ ਸ. ਮਨਜੀਤ ਸਿੰਘ ਤੇ ਬੀਬੀ ਸੋਮਾ ਰਾਣੀ। ਇਹ ਵੀ ਸਵਾਤੀ ਦੇ ਨਾਲ ਹੀ ਸੰਨ 2003 ਤੋਂ ਜੈਟ ਏਅਰਵੇਜ਼ ਦਿੱਲੀ ਵਿਖੇ ਟਿਕਟਿੰਗ ਦਾ ਕੰਮ ਕਰ ਰਹੀ ਹੈ। ਇਸ ਨੇ ਬੀ.ਏ. ਟੂਰਿਜ਼ਮ ਕੀਤਾ ਹੈ। ਇਹ ਸੰਨ 2006 ਵਿਚ ਸਵਾਤੀ ਰਾਹੀਂ ਸ੍ਰੀ ਸਤਿਗੁਰੂ ਜੀ ਦੇ ਸੰਪਰਕ ਵਿਚ ਆਈ। ਇਹ ਦੱਸਦੀ ਹੈ ਕਿ ਮੈਂ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਦਾ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੀ। ਸ੍ਰੀ ਸਤਿਗੁਰੂ ਜੀ ਨੇ ਇਸ ਦਾ ਨਾਂ ਇੰਦੂ ਤੋਂ ਇੰਦਰ ਕੌਰ ਰੱਖਿਆ ਹੈ। ਇਹ ਦੱਸਦੀ ਹੈ ਕਿ ਸ੍ਰੀ ਸਤਿਗੁਰੂ ਜੀ ਬੀਬੀਆਂ ਨੂੰ ਅੱਗੇ ਵਧਣ, ਤਰੱਕੀ ਕਰਨ ਲਈ ਬਹੁਤ ਉਤਸ਼ਾਹ ਪ੍ਰਦਾਨ ਕਰਦੇ ਹਨ।

## ਖੇਡਾਂ ਦੇ ਖੇਤਰ ਵਿਚ

ਖੇਡਾਂ ਦੇ ਖੇਤਰ ਵਿਚ ਕਈ ਨਾਮਧਾਰੀ ਬੀਬੀਆਂ ਅੱਗੇ ਆਈਆਂ ਹਨ ਤੇ ਮਾਨ-ਸਨਮਾਨ ਪ੍ਰਾਪਤ ਕੀਤੇ ਹਨ। ਕੁਝ ਕੁ ਦਾ ਵੇਰਵਾ ਇਸ ਪ੍ਰਕਾਰ ਹੈ-

**ਖਿਡਾਰਨ ਬੀਬੀ ਇੰਦਰਜੀਤ ਕੌਰ –** (ਸਪੁੱਤਰੀ ਸਵ. ਸ. ਕ੍ਰਿਪਾਲ ਸਿੰਘ ਨਵੀਂ ਦਿੱਲੀ) ਦਿੱਲੀ ਸਟੇਟ ਵਲੋਂ ਖੇਡਣ ਵਾਲੀ ਰਾਸ਼ਟਰੀ ਪੱਧਰ ਦੀ ਹਾਕੀ ਖਿਡਾਰਨ ਰਹਿ ਚੁੱਕੀ ਹੈ। ਇਸ ਦੇ ਪਤੀ ਸ. ਗੁਰਦੀਪ ਸਿੰਘ ਡਡਿਆਲ ਹਨ।

**ਖਿਡਾਰਨ ਬੀਬੀ ਕਿਰਪਾਲੀ ਪਟੇਲ ਸਿੰਘ–** ( ਸਪੁੱਤਰੀ ਨਗੀਨ ਭਾਈ ਪਟੇਲ ਸ਼ਹਿਰ ਧਰਮਜ, ਗੁਜਰਾਤ ਰਾਜ) ਜੰਮੂ ਦੇ ਸ. ਸੁਰਿੰਦਰਪਾਲ ਸਿੰਘ ਬਿੱਟੂ (ਜਿਮਨਾਸਟਿਕ ਕੋਚ) ਜੰਮੂ ਦੀ ਪਤਨੀ ਹੈ। ਇਹ ਅੰਤਰ ਰਾਸ਼ਟਰੀ ਜਿਮਨਾਸਟਿਕ ਦੀ ਖਿਡਾਰਨ ਹੈ । ਇਸ ਨੂੰ ਸੋਨੇ ਦਾ ਮੈਡਲ ਅਤੇ ਹੋਰ ਮਾਨ-ਸਨਮਾਨ ਸਮੇਂ ਸਮੇਂ ਤੇ ਹੋਈਆਂ ਪ੍ਰਤੀਯੋਗਿਤਾਵਾਂ ਵਿਚੋਂ ਪ੍ਰਾਪਤ ਹੋਏ ਹਨ। ਇਹ ਸੰਨ 2010 ਵਿਚ ਦਿੱਲੀ ਵਿਖੇ ਹੋਈਆਂ ਕਾਮਨ ਵੈਲਥ ਖੇਡਾਂ ਵਿਚ ਜਿਮਨਾਸਟਿਕ ਦੀ ਕੋਚ ਸੀ। ਇਸ ਦੀਆਂ ਪ੍ਰਾਪਤੀਆਂ ਅਤੇ ਮਾਨ-ਸਨਮਾਨਾਂ ਦੀ ਲਿਸਟ ਬਹੁਤ ਲੰਮੀ ਹੈ।

**ਖਿਡਾਰਨ ਬੀਬੀ ਤੇਜਪਾਲ ਕੌਰ ਤਾਨੀਆ–** ਇਹ ਸ. ਤੇਜਿੰਦਰ ਸਿੰਘ ਜਿਮਨਾਸਟਿਕ ਕੋਚ , ਜਿਹੜੇ ਕਿ ਬਾਰਡਰ ਸਕਿਉਰਿਟੀ ਫੋਰਸ ਜੰਮੂ ਵਿਖੇ ਇੰਸਪੈਕਟਰ ਹਨ ਦੀ ਸਪੁੱਤਰੀ ਹੈ। ਤਾਨੀਆ ਨੇ ਬਾਰ੍ਹਵੀਂ ਚ ਪੜ੍ਹਦੀ ਨੇ, ਜਿਮਨਾਸਟਿਕ ਖੇਡਾਂ ਵਿਚੋਂ ਕਈ ਇਨਾਮ ਜਿੱਤੇ ਹਨ। ਇਸ ਨੇ ਰਾਜਕੋਟ ( ਗੁਜਰਾਤ) ਵਿਚ ਹੋਈ ਐਰੋਬਿਕਸ ਜਿਮਨਾਸਟਿਕ ਚੈਂਪੀਅਨਸ਼ਿਪ ਵਿਚੋਂ, ਸੰਨ 2008 ਵਿਚ ਦੋ ਗੋਲਡ ਅਤੇ ਸੰਨ 2009 ਵਿਚ ਇਕ ਗੋਲਡ ਮੈਡਲ ਜਿੱਤਿਆ। ਸੰਨ 2009 ਵਿਚ ਇਸ ਨੇ ਬੈਂਕੌਕ ( ਥਾਈਲੈਂਡ) ਵਿਚ ਹੋਈ ਐਰੋਬਿਕਸ ਜਿਮਨਾਸਟਿਕ ਚੈਂਪੀਅਨਸ਼ਿਪ ਵਿਚੋਂ ਇਕ ਕਾਂਸੀ ਦਾ ਮੈਡਲ ਜਿੱਤਿਆ।

**ਖਿਡਾਰਨ ਬੀਬੀ ਸ਼ਿਵਜੋਤ ਕੌਰ–** ਐਸ ਵੇਲੇ ਤੀਸਰੀ ਕਲਾਸ ਦੇ ਵਿਚ ਪੜ੍ਹਦੀ ਇਹ ਸੱਤ ਸਾਲ ਦੀ ਬੱਚੀ ਜਿਮਨਾਸਟਿਕ ਦੀ ਚੈਂਪੀਅਨ ਹੈ। ਇਹ ਸ. ਸੰਦੀਪ ਸਿੰਘ ਤੇ ਬੀਬੀ ਰਣਜੋਤ ਕੌਰ ਅੰਮ੍ਰਿਤਸਰ ਦੀ ਸਪੁੱਤਰੀ ਹੈ। ਸ. ਖਜਾਨ ਸਿੰਘ ਅਤੇ ਬੀਬੀ ਹਰਜਿੰਦਰ ਕੌਰ ਦੀ ਪੋਤੀ ਹੈ। ਸੰਤ ਬਲਬੀਰ ਸਿੰਘ ਪਟਵਾਰੀ ਨਾਭਾ ਦੀ ਦੋਹਤੀ ਅਤੇ ਸਟੇਟ ਐਵਾਰਡੀ ਚਿੱਤਰਕਾਰ ਗੁਰਪ੍ਰੀਤ ਸਿੰਘ ਨਾਭਾ ਦੀ ਭਾਣਜੀ ਹੈ। ਸ. ਜੀਤਪਾਲ ਸਿੰਘ ਨਾਮਧਾਰੀ ਮੰਡੀ (ਸ. ਸੰਦੀਪ ਸਿੰਘ ਦੇ ਮਾਮਾ ਜੀ) ਦੀ ਵੀ ਪੋਤੀ ਹੈ।

ਸ਼ਿਵਜੋਤ ਕੌਰ ਨੇ ਯੂ.ਕੇ.ਜੀ. ਕਲਾਸ ’ਚ ਪੜ੍ਹਦਿਆਂ ਜਿਮਨਾਸਟਿਕ ਖੇਡਾਂ ਦੀ ਸ਼ੁਰੂਆਤ ਕੀਤੀ। ਸਭ ਤੋਂ ਪਹਿਲਾਂ ਇਸ ਨੇ ਰਿਸ਼ੀਕੇਸ਼ ਵਿਖੇ ਨੈਸ਼ਨਲ ਯੋਗ ਚੈਂਪਿਅਨਸ਼ਿਪ ਵਿਚੋਂ ਦੂਜਾ ਇਨਾਮ ਪ੍ਰਾਪਤ ਕੀਤਾ। ਫਿਰ ਇਸ ਨੇ ਜਿਮਨਾਸਟਿਕ ਵਿਚੋਂ ਜੋਧਪੁਰ ਵਿਖੇ ਹੋਈਆਂ ਪ੍ਰਤੀਯੋਗਤਾਵਾਂ ਵਿਚੋਂ ਨੈਸ਼ਨਲ ਪੱਧਰ ’ਤੇ ਦੋ ਵਾਰ ਗੋਲਡ ਮੈਡਲ ਪ੍ਰਾਪਤ ਕੀਤਾ। ਸਟੇਟ ਲੈਵਲ ਤੇ ਗੁਰਦਾਸਪੁਰ ਵਿਖੇ ਸਿਲਵਰ ਮੈਡਲ ਅਤੇ ਗੁਨਿਆਣਾ ਮੰਡੀ ਵਿਖੇ, ਦੋ ਗੋਲਡ ਮੈਡਲ ਪ੍ਰਾਪਤ ਕੀਤੇ।

ਕੋਟਕਪੁਰਾ ਵਿਖੇ 6 ਤੋਂ 10 ਨਵੰਬਰ 2010 ਵਿਚ ਸਟੇਟ ਲੈਵਲ ਦੇ ਜਿਮਨਾਸਟਿਕ ਕੰਪੀਟੀਸ਼ਨ ਵਿਚੋਂ ਇਸ ਨੂੰ ਗੋਲਡ, ਸਿਲਵਰ ਅਤੇ ਬਰਾਉਨਸ ਤਿੰਨੋਂ ਮੈਡਲ ਪ੍ਰਾਪਤ ਹੋਏ।

ਸਪਰਿੰਗ ਡੇਲ ਸਕੂਲ ਅੰਮ੍ਰਿਤਸਰ ਵਿਖੇ ਪੜ੍ਹਦਿਆਂ ਇਹ ਬੱਚੀ ਪੜ੍ਹਾਈ ਵਿਚੋਂ ਹਰ ਸਾਲ ਕਲਾਸ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰ ਰਹੀ ਹੈ। ਇਸ ਤੋਂ ਇਲਾਵਾ ਪੇਂਟਿੰਗ, ਫੈਂਸੀ ਡਰੈਸ, ਕੈਲੀਗ੍ਰਾਫੀ ਵਿਚੋਂ ਵੀ ਇਸ ਨੇ ਇਨਾਮ ਜਿੱਤੇ ਹਨ। ਆਪਣੀਆਂ ਪ੍ਰਾਪਤੀਆਂ ਸਦਕਾ ਇਸ ਨੂੰ ਸ. ਸੁਰਜੀਤ ਸਿੰਘ ਬਰਨਾਲਾ (ਗਵਰਨਰ ਤਾਮਿਲਨਾਡੂ) ਸ. ਗੁਲਜਾਰ ਸਿੰਘ ਰਣੀਕੇ (ਖੇਡ ਮੰਤਰੀ, ਪੰਜਾਬ) ਅਤੇ ਪਹਿਲੀ ਮਹਿਲਾ ਡੀ.ਆਈ.ਜੀ. ਮੈਡਮ ਗੁਰਪ੍ਰੀਤ ਕੌਰ ਕੋਲੋਂ ਇਨਾਮ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਅਧਿਆਪਕ ਦਿਵਸ ਦੇ ਮੌਕੇ ’ਤੇ ਇਸ

ਨੂੰ ਸ. ਮਨਪ੍ਰੀਤ ਸਿੰਘ ਬਾਦਲ (ਉਦੋਂ ਖਜ਼ਾਨਾ ਮੰਤਰੀ ਪੰਜਾਬ) ਅਤੇ ਉਪਿੰਦਰਜੀਤ ਕੌਰ (ਉਦੋਂ ਸਿੱਖਿਆ ਮੰਤਰੀ) ਦੁਆਰਾ ਸਨਮਾਨਿਤ ਕੀਤਾ ਗਿਆ।

ਨਾਮਧਾਰੀ ਵਿਦਿਅਕ ਸੰਮੇਲਨਾਂ ਵਿਚੋਂ ਵੀ ਇਸ ਨੂੰ ਸੰਗੀਤ ਅਤੇ ਪੇਂਟਿੰਗ ਵਿਚੋਂ ਇਨਾਮ ਪ੍ਰਾਪਤ ਹੋਏ ਹਨ। ਸੰਨ 2010 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਹੋਏ ਸੈਮੀਨਾਰ ਸਮੇਂ ਇਸ ਨੂੰ ਨਾਮਧਾਰੀ ਸੰਗਤ ਵਲੋਂ ਇਸ ਦੀਆਂ ਪ੍ਰਾਪਤੀਆਂ ਸਦਕਾ ਸਨਮਾਨਿਤ ਕੀਤਾ ਗਿਆ।

ਸ੍ਰੀ ਸਤਿਗੁਰੂ ਜੀ ਦੀ ਕਿਰਪਾ ਅਤੇ ਆਪਣੇ ਮਾਮਾ ਜੀ ਦੇ ਉਤਸ਼ਾਹ ਦੇਣ ਸਦਕਾ ਇਹ ਜਿਸ ਵੀ ਪ੍ਰਤੀਯੋਗਤਾ ਵਿਚ ਭਾਗ ਲੈਂਦੀ ਹੈ, ਉਸ ਵਿਚੋਂ ਇਨਾਮ ਲੈ ਕੇ ਹੀ ਆਉਂਦੀ ਹੈ।

## ਜੱਜ-ਵਕੀਲ ਬੀਬੀਆਂ

**ਬੀਬੀ ਗੁਰਪ੍ਰੀਤ ਕੌਰ ਸੋਨੀਆ-** ਇਹ ਦਿੱਲੀ ਦੇ ਸ.ਬਲਦੇਵ ਸਿੰਘ ਅਤੇ ਬੀਬੀ ਬਲਦੀਸ਼ ਕੌਰ ਦੀ ਸਪੁੱਤਰੀ ਹੈ। ਜਲੰਧਰ ਦੇ ਸ. ਜਤਿੰਦਰਪਾਲ ਸਿੰਘ ਵਕੀਲ ਦੀ ਸੁਪਤਨੀ ਹੈ।

ਸੰਨ 2009 'ਚ ਗੁਰਪ੍ਰੀਤ ਕੌਰ ਨੇ ਵਕਾਲਤ ਕੀਤੀ ਸੀ ਅਤੇ 4-5 ਮਹੀਨੇ ਜਲੰਧਰ ਵਿਖੇ ਵਕੀਲ ਵਜੋਂ ਪ੍ਰੈਕਟਿਸ ਕੀਤੀ। ਫਿਰ ਜੁਡੀਸ਼ੀਅਰੀ ਦਾ ਇਮਤਿਹਾਨ ਦਿੱਤਾ ।ਸੰਨ 2010 ਵਿਚ ਜੱਜ ਚੁਣੀ ਗਈ ਅਤੇ ਅਪ੍ਰੈਲ 2010 ਵਿਚ ਜਲੰਧਰ ਵਿਖੇ ਜੱਜ ਨਿਯੁਕਤ ਹੋਈ।

ਜਦੋਂ ਵੀ ਕੋਈ ਇਮਤਿਹਾਨ ਹੁੰਦਾ ਸੀ ਇਹ ਹਮੇਸ਼ਾਂ ਸ੍ਰੀ ਸਤਿਗੁਰੂ ਜੀ ਦਾ ਆਸ਼ੀਰਵਾਦ ਲੈ ਕੇ ਜਾਂਦੀ ਸੀ। ਇਸ ਦਾ ਕਹਿਣਾ ਹੈ ਕਿ ਅੱਜ ਇਹ ਜੋ ਕੁਝ ਵੀ ਹੈ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਹੈ। ਮਾਰਚ ਸੰਨ 2011 ਵਿਚ ਸ੍ਰੀ ਭੈਣੀ ਸਾਹਿਬ ਵਿਖੇ ਹੋਏ ਹੋਲੇ ਦੇ ਮੇਲੇ ਸਮੇਂ ਇਸ ਜੱਜ ਬੀਬੀ ਨੂੰ ਸ੍ਰੀ ਸਤਿਗੁਰੂ ਜੀ ਵਲੋਂ ਸਨਮਾਨਤ ਕਰਨ ਦੀ ਬਖਸ਼ਿਸ਼ ਹੋਈ ਅਤੇ ਖੁਸ਼ੀਆਂ ਪ੍ਰਾਪਤ ਹੋਈਆਂ।

**ਬੀਬੀ ਸੁਖਵਿੰਦਰ ਕੌਰ-** ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵਿਖੇ ਵਕੀਲ ਹਨ। ਇਹ ਸ. ਸ਼ਰਨਪਾਲ ਸਿੰਘ ਰੰਧਾਵਾ ਚੰਡੀਗੜ੍ਹ ਦੀ ਸੁਪਤਨੀ ਹਨ, ਜਿਹੜੇ ਇਸੇ ਕੋਰਟ ਵਿਚ ਵਕੀਲ ਹਨ।

**ਬੀਬੀ ਦਿਲਰਾਜ ਕੌਰ-** ਆਪ ਚੰਡੀਗੜ੍ਹ ਵਿਖੇ ਵਕੀਲ ਹਨ।ਆਪ ਮਹੰਤ ਅਪਾਰ ਸਿੰਘ ਲੁਧਿਆਣੇ ਵਾਲਿਆਂ ਦੀ ਪੋਤੀ, ਸ. ਬਲਵਿੰਦਰ ਸਿੰਘ ਮੁਹਾਲੀ ( ਸਟੇਟ ਬੈਂਕ ਵਾਲੇ) ਦੀ ਧੀ ਅਤੇ ਰਵੀ ਦੀ ਭੈਣ ਹਨ।

**ਬੀਬੀ ਨਰੰਜਨ ਕੌਰ ਨੇਹਾ-** ਇਹ ਦਿੱਲੀ ਵਿਖੇ ਵਕੀਲ ਹੈ। ਇਹ ਸੂਬਾ ਗੰਡਾ ਸਿੰਘ ਦਿੱਲੀ ਦੀ ਪੜਪੋਤੀ, ਗਿਆਨੀ ਜਸਵੰਤ ਸਿੰਘ ਦੀ ਪੋਤੀ ਅਤੇ ਸੰਤ ਨਰਾਇਣ ਸਿੰਘ ਦੀ ਧੀ ਹੈ।

**ਬੀਬੀ ਰਣਜੀਤ ਕੌਰ-** ਇਸ ਨੇ ਵਕਾਲਤ ( ਐਲ.ਐਲ. ਬੀ.) ਕੀਤੀ ਹੈ। ਪੋਲੀਟੀਕਲ ਸਾਇੰਸ ਦੀ ਐਮ.ਏ. ਦਿੱਲੀ ਯੂਨੀਵਰਸਿਟੀ ਤੋਂ ਕੀਤੀ ਹੈ। ਇਹ ਦਿੱਲੀ ਦੇ ਸ. ਚਤਰ ਸਿੰਘ ਤੇ ਬੀਬੀ ਸਵਰਨ ਕੌਰ ਦੀ ਸਪੁੱਤਰੀ ਹੈ। ਸੰਤ ਹਰਜੀਤ ਸਿੰਘ (ਯੂਅਰ ਕਲਾਥ ਹਾਊਸ ਚੰਡੀਗੜ੍ਹ) ਵਾਲਿਆਂ ਦੀ ਸੁਪਤਨੀ ਹੈ। ਇਹ ਜੀਰਕਪੁਰ ਵਿਖੇ ਰਹਿੰਦੇ ਹਨ।

**ਬੀਬੀ ਰਵਨੀਤ ਕੌਰ-** ਇਹ ਵਕਾਲਤ ਕਰ ਰਹੀ ਹੈ। ਇਹ ਸ. ਰਾਜਿੰਦਰ ਸਿੰਘ ਰਾਜਾ ਦਿੱਲੀ ਦੀ ਬੇਟੀ ਅਤੇ ਸਵ.ਸੰਤ ਮੱਖਣ ਸਿੰਘ ਭੁਰਜੀ ਦੀ ਪੋਤੀ ਹੈ ।ਇਸ ਦੀ ਛੋਟੀ ਭੈਣ ਰਤਨ ਕੌਰ ਨੇ ਸੀ.ਏ.ਕੀਤੀ ਹੈ। ਰਤਨ ਕੌਰ, ਬੀਬੀ ਰਣਜੀਤ ਕੌਰ ਤੇ ਸੰਤ ਹਰਜੀਤ ਸਿੰਘ (ਯੂਅਰ ਕਲਾਥ ਹਾਊਸ ਚੰਡੀਗੜ੍ਹ ਵਾਲਿਆਂ) ਦੀ ਨੂੰਹ ਹੈ।

**ਬੀਬੀ ਜਗਮੀਤ ਕੌਰ-** (ਸਪੁੱਤਰੀ ਸ. ਬਲਰਾਜ ਸਿੰਘ ਢਿਲੋਂ ਅਤੇ ਪੋਤੀ ਸੰਤ ਗੁਰਦਿਆਲ ਸਿੰਘ ਪਿੰਡ ਘੁਮਿਆਰਾ ਢਾਣੀ ਜ਼ਿਲ੍ਹਾ ਮੁਕਤਸਰ) ਬੀ.ਐਸ.ਈ. ਕਮਿਸਟਰੀ ਅਤੇ ਲਾਅ ਕਰ ਰਹੀ ਹੈ।

**ਬੀਬੀ ਅੰਮ੍ਰਿਤਾ ਕੌਰ-** ਇਹ ਸ. ਭੁਪਿੰਦਰ ਸਿੰਘ ਸਪੁੱਤਰ ਸ. ਲੱਖਾ ਸਿੰਘ ਫਾਜ਼ਿਲਕਾ ਅਤੇ ਬੀਬੀ ਸਰਬਜੀਤ ਕੌਰ ਦੀ ਸਪੁੱਤਰੀ ਹੈ। ਬੀ. ਕਾਮ ਕਰਨ ਤੋਂ ਬਾਅਦ ਇਹ ਐਲ. ਐਲ.ਬੀ. ਕਰ ਰਹੀ ਹੈ।

**ਬੀਬੀ ਹਰਦੀਪ ਕੌਰ ਭੰਵਰਾ–** ਜਲੰਧਰ ਦੀ ਇਸ ਬੀਬੀ ਨੇ ਵਕਾਲਤ ਕੀਤੀ ਹੋਈ ਹੈ। ਐਸ ਵੇਲੇ ਇਹ ਏ.ਈ.ਟੀ.ਸੀ. ਹਨ। ਇਨ੍ਹਾਂ ਦਾ ਵਿਸਥਾਰ ਵਿਚ ਜ਼ਿਕਰ ਅੱਗੇ ਆਵੇਗਾ।

**ਬੀਬੀ ਕਿਰਨ ਕੌਰ–** ਮੰਡੀ ਵਿਖੇ ਵਕੀਲ ਹਨ।

**ਬੀਬੀ ਦਲਜੀਤ ਕੌਰ –** ਇਹ (ਸੁਪਤਨੀ ਸ. ਨਰਿੰਦਰਪਾਲ ਸਿੰਘ ਰਿਐਤ) ਯੂ.ਕੇ. (ਸਾਊਥਾਲ) ਵਿਖੇ ਵਕੀਲ ਹਨ। ਕੰਵੈਂਟਰੀ ਯੂਨੀਵਰਸਿਟੀ ਤੋਂ ਇੰਨਾਂ ਨੇ ਗਰੈਜੂਏਸ਼ਨ ਕੀਤੀ ਹੋਈ ਹੈ। ਇਹ ਯੂ.ਕੇ. ਦੀ ਸੰਗਤ ਦੇ ਸੈਕਟਰੀ ਹਨ।

**ਬੀਬੀ ਸ਼ਾਮ ਕੌਰ ਮਠਾੜੂ–** ਯੂ. ਕੇ. ਵਿਖੇ ਵਕਾਲਤ ਕਰਦੀ ਹੈ। ਇਹ ਸ. ਸੁਖਦੇਵ ਸਿੰਘ ਮਠਾੜੂ ਅਤੇ ਬੀਬੀ ਮਲਵਿੰਦਰ ਕੌਰ ਦੀ ਧੀ ਹੈ। ਛੋਟੇ ਬੀਬੀ ਜੀ ਗੁਰਸ਼ਰਨ ਕੌਰ ਦੇ ਮਾਮੇ ਦੀ ਧੀ ਹੈ।

**ਬੀਬੀ ਜਸਵਿੰਦਰ ਕੌਰ–** ਸੁਪਤਨੀ ਸ. ਅਮਰਜੀਤ ਸਿੰਘ ਕਲਸੀ ਯੂ.ਕੇ. ( ਸਾਊਥਾਲ ) ਵਿਖੇ ਵਕੀਲ ਹੈ।

**ਬੀਬੀ ਕਿਰਨਦੀਪ ਕੌਰ–** ਸੁਪਤਨੀ ਸ. ਸੁਰਜੀਤ ਸਿੰਘ ਜੀਤ ਸੱਗੂ (ਪ੍ਰਸਿੱਧ ਲਿਖਾਰੀ) ਯੂ. ਕੇ. (ਲੰਡਨ) ਵਿਖੇ ਵਕੀਲ ਹੈ।

**ਬੀਬੀ ਸੁਖਵੰਤ ਕੌਰ–** ਸਪੁੱਤਰੀ ਸ. ਸਤਵਿੰਦਰ ਸਿੰਘ ਭੋਗਲ ਯੂ.ਕੇ. ਨੇ ਵਕਾਲਤ ਕੀਤੀ ਹੈ।

**ਬੀਬੀ ਕਮਲਜੀਤ ਕੌਰ–** ਸਪੁੱਤਰੀ ਸ. ਜੀਤੇਜ ਸਿੰਘ ਯੂ.ਕੇ. ਵਿਖੇ ਵਕੀਲ ਹਨ। ਇਹ ਬੀਬੀ ਚਰਨਜੀਤ ਕੌਰ ਅਤੇ ਕੈਪਟਨ ਅਜੀਤ ਸਿੰਘ ਯੂ.ਕੇ. ਦੀ ਨੂੰਹ ਹਨ

## ਡਾਕਟਰ ਬੀਬੀਆਂ

**ਡਾ. ਤੇਜਿਦੰਰ ਕੌਰ ਦਿਊਰਾ (Deoora) ਯੂ.ਕੇ.–** (ਸਪੁੱਤਰੀ ਸੰਤ ਸਤਿਬਚਨ ਸਿੰਘ ਦਿਊਰਾ ਅਤੇ ਮਾਤਾ ਗੁਰਬਚਨ ਕੌਰ) ਇਹ ਇੰਗਲੈਂਡ ( ਲੰਡਨ) ਵਿਖੇ ਆਸਟੋਪੈਥੀ ਅਤੇ ਹਰਬਲ ਦੇ ਡਾਕਟਰ ਹਨ। ਇਨ੍ਹਾਂ ਨੇ ਸੰਨ 1983 'ਚ ਬ੍ਰਿਟਿਸ਼ ਸਕੂਲ ਆਫ ਆਸਟੋਪੈਥੀ (osteopathy) ਲੰਡਨ ਯੂ.ਕੇ. ਤੋਂ ਆਸਟੋਪੈਥੀ ਦੀ ਡਾਕਟਰੀ with honours ਕੀਤੀ। ਸੰਨ 1987 'ਚ ਇਨ੍ਹਾਂ ਨੇ ਹਰਬਲ ਮੈਡੀਸਨ ਕੀਤੀ।

ਸੰਨ 1995-96 ਤੋਂ ਆਪ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਲਾਜ ਇਸ ਵਿਧੀ (theropy) ਨਾਲ, ਸਮੇਂ ਸਮੇਂ ਤੇ ਇੰਗਲੈਂਡ ਤੋਂ ਭਾਰਤ ਆ ਕੇ ਕਰਦੇ ਹਨ। ਜਦੋਂ ਸ੍ਰੀ ਸਤਿਗੁਰੂ ਜੀ ਨੂੰ ਪਹਿਲੀ ਵਾਰ ਸਟਰੋਕ (stroke) ਹੋਇਆ ਸੀ ਉਦੋਂ ਇਸ ਦੇ ਬੁਰੇ ਅਸਰਾਂ ਨੂੰ ਖ਼ਤਮ ਕਰਨ ਲਈ ਆਪ ਨੇ ਸ੍ਰੀ ਸਤਿਗੁਰੂ ਜੀ ਦਾ ਇਸ ਥੈਰਿਪੀ (theropy) ਨਾਲ ਇਲਾਜ ਕੀਤਾ ਤੇ ਹੁਣ ਵੀ ਕਰ ਰਹੇ ਹਨ।

ਡਾ. ਤੇਜਿੰਦਰ ਕੌਰ ਨੇ ਮਾਤਾ ਚੰਦ ਕੌਰ ਜੀ ਦਾ ਇਲਾਜ ਵੀ ਕੀਤਾ। ਆਪ ਨੇ ਸ੍ਰੀ ਭੈਣੀ ਸਾਹਿਬ ਵਿਖੇ ਕੈਂਪ ਲਗਾ ਕੇ ਬਹੁਤ ਮਰੀਜ਼ਾਂ ਦਾ ਇਲਾਜ ਕੀਤਾ। ਸ੍ਰੀ ਸਤਿਗੁਰੂ ਜੀ ਦੇ ਥਾਈਲੈਂਡ ਤੋਂ ਇਲਾਵਾ ਅਮਰੀਕਾ, ਕੈਨੇਡਾ ਆਦਿ ਸਾਰੇ ਯੂਰਪੀਅਨ ਦੇਸ਼ਾਂ ਵਿਚ ਦੌਰਿਆਂ ਸਮੇਂ ਆਪ ਨਾਲ ਰਹਿੰਦੇ ਰਹੇ ਹਨ।

ਡਾ. ਤੇਜਿੰਦਰ ਕੌਰ ਜਰਮਨੀ, ਹੈਮਬਰਗ, ਰੂਸ, ਲੰਡਨ (ਯੂ.ਕੇ.) ਸਵਿਟਜ਼ਰਲੈਂਡ, ਆਸਟਰੀਆ ਅਤੇ ਹੋਰ ਯੂਰਪੀਅਨ ਦੇਸ਼ਾਂ ਦੇ ਅੰਤਰ ਰਾਸ਼ਟਰੀ ਲੈਕਚਰਾਰ ਅਤੇ ਪ੍ਰੋਫੈਸਰ ਹਨ। ਆਪ ਦੀਆਂ ਲਿਖੀਆਂ ਤੇ ਛਪੀਆਂ ਪੁਸਤਕਾਂ ਹਨ- (1)-(1)Fundamental osteopathic techniques co authored with Dr. Cynthia Tucker, (2) Healing through Cranial Osteopathy, (3) iIlustrated Mechanics of sports injouries co authored with Dr. Cynthia Tucker

ਤਿੰਨ ਚਾਰ U.K. ਦੀਆਂ ਕਿਤਾਬਾਂ ਵਿਚ ਇਨ੍ਹਾਂ ਦੇ ਲੇਖ ( ਵੀ ਛਪੇ ਹਨ। ਅੱਜ ਕੱਲ੍ਹ ਆਪ osteopathic care of children ਕਿਤਾਬ ਲਿਖ ਰਹੇ ਹਨ। ਆਪ osteopathic care of children ਦੇ ਮੁਖ ਸਲਾਹਕਾਰ (senior consultant ) ਹਨ।

ਅੱਜ ਕੱਲ੍ਹ ਆਪ clinic studies at the osteopathie- schule deutschland cranical college in Hamburg ਦੇ head ਅਤੇ Sutherland Clinical college ਦੇ faculty member ਹਨ। ਇਨ੍ਹਾਂ ਦਾ Deoora Clinic - Suit 10,4th floor, 103-105 Harley Street, London W1G 6AJ ਵਿਖੇ ਹੈ।

**ਡਾ. ਮਨਮੋਹਨ ਕੌਰ ਖਰਬੰਦਾ–** ਇਹ ਲੁਧਿਆਣਾ ਵਿਖੇ ਡਾਕਟਰ ਹਨ। ਆਪ ਜੱਥੇਦਾਰ ਸੇਵਾ ਸਿੰਘ ਤੰਬੂਆਂ ਵਾਲੇ ਦੀ ਸਪੁੱਤਰੀ ਤੇ ਸ.ਦਲੀਪ ਸਿੰਘ ਲੁਧਿਆਣਾ ਦੀ ਸੁਪਤਨੀ ਹਨ।

**ਡਾ. ਲਖਬੀਰ ਕੌਰ ਸੋਨੂੰ–** ਇਨ੍ਹਾਂ ਨੇ ਇੰਦਰਾ ਗਾਂਧੀ ਮੈਡੀਕਲ ਕਾਲਜ ਸ਼ਿਮਲਾ ਤੋਂ ਸੰਨ 1999 'ਚ ਐਮ.ਬੀ.ਬੀ. ਐਸ. ਕੀਤੀ। ਆਪ ਹਿਮਾਚਲ ਪ੍ਰਦੇਸ਼ ਵਿਚ ਕੁੱਲੂ ਤੇ ਸ਼ਿਮਲਾ ਦੇ ਸਰਕਾਰੀ ਹਸਪਤਾਲਾਂ ਵਿਚ ਅੱਠ ਸਾਲ ਡਾਕਟਰ ਰਹੇ।

ਆਪ ਸ. ਜਗਦੀਸ਼ ਸਿੰਘ ਭੁੰਤਰ ਦੀ ਬੇਟੀ ਅਤੇ ਸੇਠ ਭਜਨੀਕ ਸਿੰਘ ਮੰਡੀ ਦੀ ਪੋਤੀ ਹਨ। ਆਪ ਲੁਧਿਆਣਾ ਦੇ ਡਾ. ਬਖਸ਼ੀਸ਼ ਸਿੰਘ (ਗੋਲਡ ਮੈਡਲਿਸਟ) ਦੀ ਪਤਨੀ ਅਤੇ ਰਿਟਾਯਰਡ ਇੰਜ. ਭਗਵੰਤਪਾਲ ਸਿੰਘ ਗਰੋਵਰ ਅਤੇ ਬੀਬੀ ਨਰਿੰਦਰ ਕੌਰ ਦੀ ਨੂੰਹ ਹਨ।

ਅੱਜ ਕੱਲ੍ਹ ਆਪ AIMS (ਆਲ ਇੰਡੀਆ ਮੈਡੀਕਲ ਇੰਸਟੀਟਿਊਟ) ਦਿੱਲੀ ਵਿਖੇ ਗਾਇਨੀ ਦੀ ਰਿਸਰਚ ਦੀ ਸਰਕਾਰੀ ਨੌਕਰੀ ਕਰ ਰਹੇ ਹਨ। ਉੱਥੇ ਇਨ੍ਹਾਂ ਦੇ ਪਤੀ ਡਾ. ਬਖਸ਼ੀਸ਼ ਸਿੰਘ ਜੋ ਕਿਡਨੀ ਦੇ ਸਪੈਸ਼ਲਿਸਟ ਹਨ, ਡੀ. ਐਮ. ਕਰ ਰਹੇ ਹਨ।

**ਡਾ.ਕੁਲਵੰਤ ਕੌਰ–**(ਸਪੁੱਤਰੀ ਸ. ਗਿਆਨ ਸਿੰਘ ਮੋਗਾ) ਨੇ ਬੀ. ਏ. ਐਮ. ਐਸ. ਕੀਤੀ ਹੋਈ ਹੈ। ਆਪ ਡਾ. ਸਰਵਪ੍ਰੀਤ ਸਿੰਘ ਦਿੱਲੀ (ਸਪੁੱਤਰ ਸ. ਬਹਾਦਰ ਸਿੰਘ ਮੰਡੀ ਡੱਬਵਾਲੀ ਕਿੱਲਿਆਂ ਵਾਲੀ ਜ਼ਿਲ੍ਹਾ ਮੁਕਤਸਰ) ਦੀ ਸੁਪਤਨੀ ਹਨ। ਡਾ. ਕੁਲਵੰਤ ਕੌਰ ਤੇ ਡਾ. ਐਸ. ਪੀ. ਸਿੰਘ ਸ਼ਿਵਾਜੀ ਵਿਹਾਰ ਦਿੱਲੀ ਵਿਖੇ 'ਅਰੋਗਯ ਮੰਦਰ ਆਯੁਰਵੈਦਿਕ ਸੈਂਟਰ' ਚਲਾ ਰਹੇ ਹਨ।

**ਡਾ. ਪ੍ਰੀਤਮ ਕੌਰ–** ਇਹ ਬੀਬੀ ਸਤਵੰਤ ਕੌਰ (ਪ੍ਰਿੰਸੀਪਲ ਸ਼ਹੀਦ ਬਿਸ਼ਨ ਸਿੰਘ ਸੀਨੀਅਰ ਸੈਕੰਡਰੀ ਸਕੂਲ) ਅਤੇ ਸੰਤ ਅਵਤਾਰ ਸਿੰਘ ਦਿੱਲੀ ਦੀ ਸਪੁੱਤਰੀ ਹੈ। ਇਹ ਦਿੱਲੀ ਵਿਖੇ ਡਾਕਟਰ ਹੈ।

**ਡਾ. ਅਨੀਤ ਕੌਰ–** ਇਹ ਦਿੱਲੀ ਦੇ ਸ.ਅਵਤਾਰ ਸਿੰਘ ਅਤੇ ਬੀਬੀ ਲਖਬੀਰ ਕੌਰ ਦੀ ਸਪੁੱਤਰੀ ਹੈ। ਇਸ ਨੇ ਯੂਨੀਵਰਸਿਟੀ ਆਫ ਦਿੱਲੀ ਤੋਂ ਫਿਜ਼ਿਓਥੈਰੇਪੀ ਕੀਤੀ ਹੈ। ਇਹ ਸ. ਰਣਜੀਤ ਸਿੰਘ ਦਿੱਲੀ ਦੀ ਸੁਪਤਨੀ ਅਤੇ ਸ. ਬਲਬੀਰ ਸਿੰਘ ਮਠਾੜੂ ਦੀ ਨੂੰਹ ਹੈ।

**ਡਾ. ਤ੍ਰਿਪਤੀ ਕੌਰ–** (ਸਪੁੱਤਰੀ ਡਾ. ਸੁਖਦੇਵ ਸਿੰਘ ਚੰਡੀਗੜ੍ਹ) ਐਮ. ਬੀ. ਬੀ. ਐਸ ਕਰਨ ਮਗਰੋਂ ਐਮ.ਡੀ ਕਰ ਰਹੇ ਹਨ।

**ਡਾ. ਰਾਮਪਾਲ ਕੌਰ ਮਲਹੋਤਰਾ–** ਮੰਡੀ ਵਿਖੇ ਬੱਚਿਆਂ ਦੇ ਡਾਕਟਰ ਹਨ।

**ਡਾ. ਅਮਿਤਾ ਕੌਰ–** ਨੇ ਬੀ.ਏ. ਐਮ.ਐਸ. ਕੀਤੀ ਹੈ। ਇਹ ਡਾ. ਅਵਤਾਰ ਸਿੰਘ ਲੂਥਰਾ ਲੁਧਿਆਣਾ ਦੀ ਬੇਟੀ ਅਤੇ ਸ. ਪ੍ਰਿਤਪਾਲ ਸਿੰਘ ਮਠਾੜੂ ਦੀ ਸੁਪਤਨੀ ਹਨ। ਇਹ ਸੰਨ 2007 ਵਿਚ ਸੇਂਟ ਥੈਰਸਾ ਹਸਪਤਾਲ ਹੈਦਰਾਬਾਦ ਵਿਖੇ ਅਤੇ ਸੰਨ 2008 ਵਿਚ ਕ੍ਰਿਸ਼ਨਾ ਚੈਰੀਟੇਬਲ ਹਸਪਤਾਲ ਲੁਧਿਆਣਾ ਵਿਖੇ ਮੈਡੀਕਲ ਅਫਸਰ ਰਹੇ ਹਨ। ਅੱਜ ਕਲ੍ਹ ਇਹ ਆਪਣੇ ਪਰਿਵਾਰ ਨਾਲ ਨਿਯੂਯਾਰਕ (ਯੂ.ਐਸ.ਏ) mineasot state ਦੇ mineapolic ਸ਼ਹਿਰ ਵਿਚ ਰਹਿੰਦੇ ਹਨ।

**ਡਾ. ਕੰਵਲਦੀਪ ਕੌਰ–**(ਸਪੁੱਤਰੀ ਸੰਤ ਬਲਵਿੰਦਰ ਸਿੰਘ ਚੀਫ ਐਂਟਰਪ੍ਰਾਇਜ਼ਸ ਪਾਸਪੋਰਟ ਦਫਤਰ ਦੇ ਨਾਲ ਚੰਡੀਗੜ੍ਹ ਤੇ ਮਾਤਾ ਜਸਬੀਰ ਕੌਰ) ਨੇ ਬੀ.ਏ.ਐਮ.ਐਸ. (ਬੈਚਲਰ ਆਫ ਆਯੂਰਵੈਦਿਕ ਮੈਡੀਕਲ ਸਾਇੰਸ) ਕੀਤੀ ਹੋਈ ਹੈ। ਇਹ ਫਰੀਦਕੋਟ ਡਿਸਪੈਂਸਰੀ ਵਿਖੇ ਡਾਕਟਰ ਹਨ। ਆਪ ਡਾ. ਪੁਸ਼ਪਿੰਦਰ ਸਿੰਘ ਕੂਕਾ ਐਮ.ਬੀ.ਬੀ.ਐਸ. (ਜੋ ਜ਼ਿਲ੍ਹਾ ਪਰਿਸ਼ਦ ਫਰੀਦਕੋਟ ਵਿਖੇ ਡਾਕਟਰ ਹਨ) ਦੀ ਸੁਪਤਨੀ ਹਨ। ਡਾ. ਕੰਵਲਦੀਪ ਕੌਰ ਦੀਆਂ ਛੋਟੀਆਂ

ਭੈਣਾਂ ਵਿਚੋਂ ਰਾਜਦੀਪ ਕੌਰ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ.ਸੀ.ਏ. ਕੀਤੀ ਹੋਈ ਹੈ ਅਤੇ ਪਵਨੀਤ ਕੌਰ ਮੈਡੀਕਲ ਲਾਇਨ ਵਿਚ ਪੜ੍ਹ ਰਹੀ ਹੈ।

**ਡਾ. ਸੰਤੋਸ਼ ਤੋਮਰ–** ਸਪੁੱਤਰੀ ਸ੍ਰੀ ਹਜ਼ਾਰੀ ਲਾਲ ਅਤੇ ਮਾਤਾ ਸੁਖਮਾ ਦੇਵੀ ਪਿੰਡ ਆਂਵਲੀ ( ਤਹਿਸੀਲ ਗੋਹਣਾ ਜ਼ਿਲ੍ਹਾ ਸੋਨੀਪਤ, ਹਰਿਆਣਾ)। ਸੰਨ 1972 'ਚ ਆਪ ਨੇ ਕੁਦਰਤੀ ਇਲਾਜ ਅਤੇ ਯੋਗ ਦਾ ਡਿਪਲੋਮਾ, ਜੈਪੁਰ ਤੋਂ ਯੋਗ ਸਾਧਨਾ ਆਸ਼ਰਮ ਤੇ ਪ੍ਰਾਕ੍ਰਿਤਕ ਚਿਕਿਤਸਾਲਯ, ਬਾਪੂ ਨਗਰ ਜੈਪੁਰ ( ਰਾਜਸਥਾਨ) ਤੋਂ ਕੀਤਾ। ਇਥੇ ਹੀ ਕ੍ਰੀਬ ਇਕ ਸਾਲ ਨੌਕਰੀ ਕੀਤੀ। ਸੰਨ 1973 'ਚ ਆਯੁਰਵੇਦ 'ਭਿਸ਼ਕ', ਜਗਦੰਬਾ ਆਯੁਰਵੈਦਿਕ ਕਾਲਜ ਚਾਂਦਪੋਲ ਗੇਟ ਜੈਪੁਰ ( ਰਾਜਸਥਾਨ ) ਤੋਂ ਕੀਤਾ।

ਇਹ ਅਤੇ ਇਨ੍ਹਾਂ ਦੇ ਪਤੀ ਸ੍ਰੀ ਗਜਰਾਜ ਸਿੰਘ ਤੋਮਰ (ਪਾਨੀਪਤ) ਦੋਹਾਂ ਨੇ ਗਾਂਧੀ ਨੇਚਰ ਕਿਊਰ ਹਸਪਤਾਲ ਫਿਲੌਰ ਵਿਖੇ ਸੰਨ 1976 ਤੋਂ 1985 ਤੀਕ ਨੌਕਰੀ ਕੀਤੀ।

ਸੰਨ 1977 ਵਿਚ ਇਨ੍ਹਾਂ ਦਾ ਸ੍ਰੀ ਸਤਿਗੁਰੁ ਜਗਜੀਤ ਸਿੰਘ ਜੀ ਨਾਲ ਮੇਲ ਹੋਇਆ। ਸ੍ਰੀ ਸਤਿਗੁਰੂ ਜੀ ਕੁਦਰਤੀ ਇਲਾਜ ਪ੍ਰਣਾਲੀ (ਨੇਚਰ ਕਿਊਰ) ਨੂੰ ਬਹੁਤ ਮਾਨਤਾ ਦਿੰਦੇ ਹਨ ।ਆਪ ਜੀ ਨੇ ਇਸ ਜੋੜੀ ਨੂੰ ਬਹੁਤ ਉਤਸ਼ਾਹਿਤ ਕੀਤਾ। ਬਹੁਤ ਮਰੀਜ਼ ਇਨ੍ਹਾਂ ਕੋਲ ਇਲਾਜ ਲਈ ਭੇਜੇ। ਫਿਲੌਰ ਵਿਖੇ ਖੁਦ ਆ ਕੇ ਦਰਸ਼ਨ ਦਿੰਦੇ ਰਹੇ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਡਾ. ਸੰਤੋਸ਼ ਵੀ ਸ੍ਰੀ ਭੈਣੀ ਸਾਹਿਬ ਆਉਣ ਲੱਗੇ।

ਜਦੋ ਵੀ ਸ੍ਰੀ ਸਤਿਗੁਰੂ ਜੀ ਡਾ. ਸੰਤੋਸ਼ ਨੂੰ ਕਿਸੇ ਨਾਲ ਮਿਲਵਾਉਂਦੇ ਸਨ, ਤਾਂ ਬਚਨ ਕਰਦੇ ਸਨ ਕਿ ਇਹ ਨੈਚਰੋਪੈਥੀ ਦੀ ਡਾਕਟਰ ਹੈ ਅਤੇ ਸਾਡੀ ਇਹ ਧੀ ਹੈ।

ਸੰਨ 1986 ਤੋਂ 1995 ਤੀਕ ਡਾ. ਸੰਤੋਸ਼ ਨੇ 'ਨੇਚਰੋਪੈਥੀ ਐਂਡ ਯੋਗ ਸੈਂਟਰ ' ਮਾਡਲ ਟਾਊਨ ਲੁਧਿਆਣਾ ਵਿਖੇ ਚਲਾਇਆ। ਸੰਨ 1995 ਤੋਂ 2002 ਤੀਕ ਇਨ੍ਹਾਂ ਨੇ ਨਾਮਧਾਰੀ ਧਰਮਸ਼ਾਲਾ ਜੀ.ਟੀ ਰੋਡ ਲੁਧਿਆਣਾ ਵਿਖੇ ਕੁਦਰਤੀ ਇਲਾਜ ਅਤੇ ਯੋਗ ਹਸਪਤਾਲ ਚਲਾਇਆ। ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਨੂੰ ਇਥੇ ਰਹਿਣ ਤੇ ਹਸਪਤਾਲ ਚਲਾਉਣ ਲਈ ਨਾਮਧਾਰੀ ਧਰਮਸ਼ਾਲਾ ਦੀ ਸਾਰੀ ਥਾਂ ਦਿੱਤੀ। ਅੱਜ ਕੱਲ੍ਹ ਇਹ ਨਾਡਾ ਰੋਡ, ਨਯਾ ਗਾਓਂ (ਚੰਡੀਗੜ੍ਹ ) ਵਿਖੇ ਰਹਿੰਦੇ ਹਨ ਅਤੇ ਉਥੇ 'ਨੇਚਰ ਕਿਊਰ ਅਤੇ ਯੋਗ ਸੈਂਟਰ 'ਚਲਾ ਰਹੇ ਹਨ।

ਇਨ੍ਹਾਂ ਦੀ ਬੇਟੀ ਪੂਨਮ ਨੇ ਫਇਨ ਆਰਟਸ ਦੀ ਪੀ.ਐਚ.ਡੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ ਹੈ। ਇਹ ਇਕ ਸਾਲ ਗੌਰਮਿੰਟ ਕਾਲਜ ਸੈਕਟਰ 46 'ਚ ਅਤੇ 2 ਸਾਲ ਐਮ.ਸੀ.ਏ. ਡੀ.ਏ.ਵੀ. ਕਾਲਜ ਚੰਡੀਗੜ੍ਹ 'ਚ ਲੈਕਚਰਾਰ ਰਹੀ।

**ਡਾ. ਸੋਮਿਆ ਬੱਗਾ–** ਇਹ ਡਾਲਟਨਗੰਜ ( ਹੁਣ ਮੁਹਾਲੀ) ਦੇ ਸ. ਗੁਰਸੰਗਤ ਸਿੰਘ ਅਤੇ ਬੀਬੀ ਪ੍ਰੇਮ ਰਤਨ ਕੌਰ ਦੀ ਸਪੁੱਤਰੀ ਹੈ। ਇਹ ਦੰਦਾਂ ਦੀ ਡਾਕਟਰ ਬਨਣ ਲਈ ਬਰਵਾਲਾ ਕਾਲਜ ਤੋਂ ਬੈਚੁਰਲ ਆਫ ਡੈਂਟਲ ਸਾਇੰਸ ਕਰ ਰਹੀ ਹੈ।

**ਡਾ. ਚੰਦਨ ਕੌਰ –** ਸਪੁੱਤਰੀ ਸ. ਮਹਿੰਦਰ ਸਿੰਘ ਯੂਅਰ ਕਲਾਥ ਹਾਊਸ ਚੰਡੀਗੜ੍ਹ (ਜਿੰਨਾਂ ਨੂੰ ਸ੍ਰੀ ਸਤਿਗੁਰੂ ਜੀ ਉੱਚੀ ਪੱਗ ਵਾਲੇ ਆਖਦੇ ਹਨ) ਨੇ ਐਮੀਟੀ ਯੂਨੀਵਰਸਿਟੀ ਦਿੱਲੀ ਤੋਂ ਮਾਸਟਰ ਆਫ ਫਿਜ਼ਿਓਥੈਰੇਪੀ ਕੀਤੀ ਹੈ।

**ਡਾ.ਸੁਰਿੰਦਰਜੀਤ ਕੌਰ –** ਸਪੁੱਤਰੀ ਸ. ਰਣਜੀਤ ਸਿੰਘ ਹੰਸਪਾਲ ਮੁਹਾਲੀ, ਨੇ b.a.m.s. ਕੀਤੀ ਹੋਈ ਹੈ। ਇਹ ਸ. ਅਮਨਦੀਪ ਸਿੰਘ ਦੀ ਸੁਪਤਨੀ ਹੈ ਤੇ ਆਸਟਰੇਲੀਆ ਰਹਿੰਦੀ ਹੈ। ਉਥੇ ਹੀ ਨੌਕਰੀ ਕਰਦੀ ਹੈ। ਇਸ ਦੀ ਛੋਟੀ ਭੈਣ ਬੀਬੀ ਨਿਮਰਤਪਾਲ ਕੌਰ ਨੇ b.tech.civil ਕੀਤੀ ਹੈ ਤੇ ਅੱਜ ਕੱਲ੍ਹ m.tech.civil ਕਰ ਰਹੀ ਹੈ।

**ਡਾ. ਰਜਵੰਤ ਕੌਰ–** ਇਸ ਨੇ ਬੀ.ਏ.ਐਮ.ਐਸ. ਕੀਤੀ ਹੋਈ ਹੈ। ਇਹ ਸ.ਜਗਦੀਸ਼ ਸਿੰਘ ਵਰਿਆਮ ਜਲੰਧਰ ਦੀ ਧੀ ਅਤੇ ਸ. ਤਾਰਾ ਸਿੰਘ ਅਨਜਾਣ ਦੀ ਨੂੰਹ ਹੈ। ਇਹ ਸ. ਤੇਜਵੰਤ ਸਿੰਘ ਸੱਗੂ ਲੁਧਿਆਣਾ ਦੀ ਸੁਪਤਨੀ ਹੈ। ਇਹ ਦੁਗੱਰੀ ਹਸਪਤਾਲ 'ਚ ਡਾਕਟਰ ਹੈ।

**ਡਾ. ਜਸਬੀਰ ਕੌਰ ਨੈਰੋਬੀ–** ਸਪੁੱਤਰੀ ਸਵ.ਸ . ਰਾਜਿੰਦਰ ਸਿੰਘ ਲੋਟੇ ਅਤੇ ਬੀਬੀ ਕੁਲਦੀਪ ਕੌਰ ਨੇ ਐਮ. ਬੀ.

ਬੀ. ਐਸ. ਕੀਤੀ ਹੈ। ਇਸ ਨੇ bechelors medicine ਅਤੇ bechelors in surgery ਕੀਤੀ ਹੈ। ਇਸ ਦੀ ਛੋਟੀ ਭੈਣ ਰਤਨ ਕੌਰ ਨੇ united states international university Nairobi ਤੋਂ bachelors of science in accounting and finace ਕੀਤੀ ਹੈ।

**ਡਾ. ਅੰਮ੍ਰਿਤਪਾਲ ਕੌਰ ਸੁਰਧਾਰ** – ਇਸ ਨੇ ਯੂ.ਕੇ. ਵਿਖੇ ਇਮਬਰੋਲੋਜ਼ਿਸਟ ( ਜਿੰਨਾ ਦੇ ਘਰ ਬੱਚਾ ਪੈਦਾ ਨਹੀਂ ਹੁੰਦਾ ਉਨ੍ਹਾਂ ਦੇ ਬਨਾਵਟੀ ਤਰੀਕੇ ਨਾਲ ਬੱਚਾ ਪੈਦਾ ਕਰਨਾ) ਹਨ। ਇਹ ਆਇਰਲੈਂਡ ਦੇ ਸ. ਪਰਮਜੀਤ ਸਿੰਘ ਨਿਊਟੇ ਅਤੇ ਬੀਬੀ ਜੋਗਿੰਦਰ ਕੌਰ ਦੀ ਬੇਟੀ ਅਤੇ ਸੰਤ ਗੁਰਦਰਸ਼ਨ ਸਿੰਘ ਯੂ.ਕੇ ਦੀ ਸੁਪਤਨੀ ਹਨ।

**ਡਾ. ਗੁਰਚਰਨ ਕੌਰ**– ਸੁਪਤਨੀ ਡਾ. ਹਰਮਿੰਦਰ ਸਿੰਘ ਯੂ.ਕੇ. clinical scientist, genetics, complimentary/ holistic medicine ਅਤੇ ਰੇਕੀ ਦੇ ਮਾਹਰ ਹਨ।

**ਡਾ. ਰਜਿੰਦਰ ਕੌਰ** – ਇਹ ਸ. ਰਤਨ ਸਿੰਘ ਸੱਗੂ ਯੂ.ਕੇ. ਅਤੇ ਬੀਬੀ ਹਰਦਿਆਲ ਕੌਰ ਦੀ ਸਪੁੱਤਰੀ ਹੈ। ਸੂਬਾ ਦਰਸ਼ਨ ਸਿੰਘ ਨੈਰੋਬੀ ਦੀ ਦੋਹਤੀ ਹੈ ਅਤੇ ਸੰਤ ਅਮਰ ਸਿੰਘ ਢੋਡਾ ਰਮੇਸ਼ਨਗਰ ਦਿੱਲੀ ਦੀ ਪੋਤੀ ਹੈ। ਇਸ ਨੇ ਮੈਂਗਲੌਰ ਯੂਨੀਵਰਸਿਟੀ ਤੋਂ ਫਿਜ਼ਿਓਥੈਰੇਪੀ ਕੀਤੀ ਹੈ। ਅੱਜ ਕਲ੍ਹ ਆਗਾ ਖਾਨ ਹਸਪਤਾਲ ਨੈਰੋਬੀ ਵਿਚ ਫਿਜ਼ਿਓਥੈਰੈਪਿਸਟ ਹੈ। ਇਸ ਦੀ ਛੋਟੀ ਭੈਣ ਰਘੁਵੰਸ਼ ਕੌਰ ਸਾਊਥ ਅਫਰੀਕਾ ਵਿਖੇ ਅਰਕੀਟੈਕਟ ਦਾ ਕੋਰਸ ਕਰ ਰਹੀ ਹੈ।

**ਬੀਬੀ ਸਿਮਰਨ ਕੌਰ**– ਇਹ ਯੂ.ਕੇ. ਦੇ ਸ. ਬਲਵਿੰਦਰ ਸਿੰਘ ਰਾਇਤ ਅਤੇ ਬੀਬੀ ਨਵਿੰਦਰ ਕੌਰ ਦੀ ਸਪੁੱਤਰੀ ਹੈ। ਇਹ ਬੀਬੀ ਗਿਆਨ ਕੌਰ ਅਤੇ ਸਵ. ਸੰਤ ਰਤਨ ਸਿੰਘ ਦੀ ਪੋਤੀ ਹੈ। ਇਹ ਯੂ.ਕੇ. ਵਿਖੇ optician ਹੈ।

## ਸਾਹਿਤਕਾਰ ਬੀਬੀਆਂ

**ਸਰਦਾਰਨੀ ਲੀਲਾਵੰਤੀ** – ਸੁਪਤਨੀ ਸ. ਆਤਮਾ ਸਿੰਘ, ਰਾਵਲਪਿੰਡੀ (ਪਾਰਲੀਮੈਂਟ ਮੈਂਬਰ) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਅਤੇ ਥੋੜ੍ਹਾ ਚਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਲਿਖਦੇ ਰਹੇ। ਇਨ੍ਹਾਂ ਦੀਆਂ ਰਚਨਾਵਾਂ– ਕਵਿਤਾ, ਲੇਖ ਅਤੇ ਬਾਰਾਂ ਮਾਂਹ ਵਗੈਰਾ ਸਤਿਜੁਗ ਆਦਿ ਰਸਾਲਿਆਂ ਵਿਚ ਛਪਦੇ ਰਹੇ । ਇਹ ਕੀਰਤਨ ਵੀ ਕਰਦੇ ਸਨ। ਇਹ 6 ਜਨਵਰੀ 1975 ਨੂੰ ਚੜ੍ਹਾਈ ਕੀਤੇ।

ਸਰਦਾਰਨੀ ਲੀਲਾਵੰਤੀ ਅਤੇ ਸ. ਆਤਮਾ ਸਿੰਘ ਬਾਰੇ ਇਕ ਮੈਗਜ਼ੀਨ ' ਅਮੀਰੀ ਤੇ ਭਗਤੀ ਦਾ ਸੁਮੇਲ' ਸ੍ਰੀ ਸਰਵ ਸ਼ਕਤੀਮਾਨ ਦਿੱਲੀ ਨੇ ਛਾਪਿਆ ਹੈ। ਇਸ ਵਿਚ ਸਰਦਾਰਨੀ ਲੀਲਾਵੰਤੀ ਜੀ ਦੀਆਂ ਲਿਖੀਆਂ ਹੋਈਆਂ ਕਵਿਤਾਵਾਂ, ਰੁਬਾਈਆਂ ਆਦਿ ਛਪੀਆਂ ਹੋਈਆਂ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਪਨ ਦੇ ਦਰਸ਼ਨਾਂ ਬਾਰੇ ਸਰਦਾਰਨੀ ਲੀਲਾਵੰਤੀ ਦੀ ਲਿਖਤ ਦਾ ਇਕ ਨਮੂਨਾ ਮੇਰੀ ( ਸੂਬਾ ਸੁਰਿੰਦਰ ਕੌਰ ਖਰਲ ਦੀ ) ਪੁਸਤਕ ਪ੍ਰਕਾਸ਼-ਪੁੰਜ ਭਾਗ ਪਹਿਲਾ ਦੇ ਪੰਨਾ ਨੰ. 91 'ਤੇ ' ਮਨਮੋਹਣੇ ਦਰਸ਼ਨ ' ਸਿਰਲੇਖ ਹੇਠ ਛਪਿਆ ਹੈ। ਸਰਦਾਰਨੀ ਲੀਲਾਵੰਤੀ ਦੇ ਸਪੁੱਤਰ ਸ੍ਰੀ ਰਾਮ ਰਤਨ ਤੇ ਨੂੰਹ ਬੀਬੀ ਰਤਨਾ ਪਰਿਵਾਰ ਸਮੇਤ ਦਿੱਲੀ ਵਿਖੇ ਨਿਵਾਸ ਰੱਖਦੇ ਹਨ।

**ਬੀਬੀ ਸਕੁੰਤਲਾ ਭੂਟਾਨੀ**– ਇਹ ਸਰਦਾਰਲੀ ਲੀਲਾਵੰਤੀ ਦੀ ਸਾਥਣ ਹਨ। ਇਹ ਦਿੱਲੀ ਵਿਖੇ ਰਹਿੰਦੇ ਸਨ। ਇਸੇ ਸਾਲ 2011 ਵਿਚ ਇਹ ਚੜ੍ਹਾਈ ਕਰ ਗਏ। ਇਨ੍ਹਾ ਦੀਆਂ ਲਿਖਤਾਂ-ਕਵਿਤਾਵਾਂ, ਲੇਖ ਵਗੈਰਾ ਸਤਿਜੁਗ ਵਿਚ ਛਪਦੇ ਰਹੇ ਹਨ। ਇਹ ਅੰਗ੍ਰੇਜੀ ਵਿਚ ਵੀ ਲਿਖਦੇ ਰਹੇ।

**ਬੀਬੀ ਚਰਨਜੀਤ ਕੌਰ ਯੂ.ਕੇ.**– ਇਹ ਆਪਣਾ ਨਾਮ ਚਰਨਜੀਤ ਅਜੀਤ ਸਿੰਘ ਲਿਖਦੇ ਹਨ। ਇਹ ਸਵ. ਸੰਤ ਤੀਰਥ ਸਿੰਘ ਹੰਸਪਾਲ ਮੁਹਾਲੀ ਦੀ ਬੇਟੀ ਹਨ ਅਤੇ ਕੈਪਟਨ ਅਜੀਤ ਸਿੰਘ ਦੀ ਸੁਪਤਨੀ ਹਨ।

ਬੀਬੀ ਚਰਨਜੀਤ ਕੌਰ ਨੇ ਪੰਜਾਬ ਯੂਨੀਵਰਸਿਟੀ ਤੋਂ ਐਮ. ਏ. ਹਿਸਟਰੀ ਕੀਤੀ। ਇਨ੍ਹਾਂ ਨੇ ਸਾਰੇ ਪੰਜਾਬ ਵਿਚੋਂ

ਤਿੰਨ ਵਾਰ Top ਕੀਤਾ। ਇਹ ਗੋਲਡ ਮੈਡਲਿਸਟ ਹਨ। ਇਹ ਗੌਰਮਿੰਟ ਕਾਲਜ ਆਫ ਵੋਮੈਨ ਚੰਡੀਗੜ੍ਹ ਵਿਚ ਲੈਕਚਰਾਰ ਰਹੇ। ਸੰਨ 1965 'ਚ ਇਨ੍ਹਾਂ ਦਾ ਵਿਆਹ ਹੋਇਆ ਅਤੇ ਸੰਨ 1966 'ਚ ਇਹ ਯੂ.ਕੇ. (ਲੰਡਨ) ਚਲੇ ਗਏ ਅਤੇ ਉਦੋਂ ਤੋਂ ਉਥੇ ਰਹਿ ਰਹੇ ਹਨ। ਇਥੇ ਅਨੇਕ ਮਾਨ-ਸਨਮਾਨ ਹਾਸਲ ਕੀਤੇ।

ਲੰਡਨ ਵਿਖੇ ਇਨ੍ਹਾਂ ਨੇ ਐਮ.ਏ, ਐਜੂਕੇਸ਼ਨ ਦੀ ਕੀਤੀ।ਐਮ.ਬੀ.ਏ. ਕੀਤੀ। ਇੰਸਪੈਕਸ਼ਨ ਟਰੇਨਿੰਗ ਲਈ। ਡਿਪਲੋਮਾ ਇਨ ਐਜੂਕੇਸ਼ਨ ਕੀਤਾ।

ਬੀਬੀ ਚਰਨਜੀਤ ਕੌਰ ਲੇਖਿਕਾ ਹਨ। ਇਨ੍ਹਾਂ ਦੀ ਲਿਖੀ ਕਿਤਾਬ 'ਵਿਸਡਮ ਆਫ ਸਿੱਖਇਜ਼ਮ', ਵਿਸ਼ਵ ਪੱਧਰ ਦੇ ਮਸ਼ਹੂਰ ਪਬਲਿਸ਼ਰ ਆਕਸਫੋਰਡ ਵਲੋਂ ਸੰਨ 2001 ਵਿਚ ਛਾਪੀ ਗਈ। ਇਹ ਨੈਸ਼ਨਲ ਲੈਵਲ 'ਤੇ ਵਿਕ ਰਹੀ ਹੈ।

ਅੰਗ੍ਰੇਜ਼ਾਂ ਦੁਆਰਾ ਲਿਖੀਆਂ ਗਈਆਂ ਕਰੀਬ ਪੰਜਾਹ ਕਿਤਾਬਾਂ ਵਿਚ ਬੀਬੀ ਜੀ ਦੁਆਰਾ ਲਿਖੇ ਗਏ ਲੇਖ ਛਾਪੇ ਗਏ ਹਨ।

ਇਨਸਾਈਕਲੋ ਪੀਡੀਆ (ਮਹਾਂਕੋਸ਼) ਆਫ ਕਰਿਸ਼ਚੈਨਿਟੀ ਵਿਚ ਇਸਾਈ ਧਰਮ ਦੀਆਂ ਕ੍ਰੀਬ ਅੱਠ ਸੌ ਮਹਾਨ ਸ਼ਖਸੀਅਤਾਂ ਅਤੇ ਇਸ ਧਰਮ ਦੇ ਮੁਖੀਆਂ ਦੇ ਲਿਖੇ ਲੇਖ ਹਨ। ਇਸ ਵਿਚ ਬੀਬੀ ਜੀ ਨੂੰ ਬੇਨਤੀ ਕਰ ਕੇ ਇਨ੍ਹਾਂ ਪਾਸੋਂ ਇਕ ਲੇਖ ਲਿਖਵਾ ਕੇ ਛਪਵਾਇਆ ਗਿਆ।

ਪਿਛਲੇ 10 ਸਾਲਾਂ ਤੋਂ ਬੀਬੀ ਜੀ ਮੈਗਜ਼ੀਨ Faith Initiative ਦੇ ਐਡੀਟੋਰੀਅਲ ਆਲ ਬੋਰਡ ਵਿਚ ਸ਼ਾਮਲ ਹਨ।

ਸੰਨ 1986 ਤੋਂ 1996 ਤੀਕ ਆਪ ਡਾਇਰੈਕਟਰ ਆਫ ਐਜੂਕੇਸ਼ਨ ਰਹੇ ਹਨ।ਆਪ ਪਹਿਲੀ ਭਾਰਤੀ ਔਰਤ ਸਨ ਜੋ ਡਾਇਰੈਕਟਰ ਰਹੇ। 115 ਕਾਲਜ ਅਤੇ ਸਕੂਲ ਇਨ੍ਹਾਂ ਦੇ ਅਧੀਨ ਸਨ।

ਆਪ ਹੈਲਥ ਬੋਰਡ ਦੇ ਵਾਇਸ ਚੇਅਰਮੈਨ ਵੀ ਰਹੇ। ਆਪ ਰਾਇਲ ਸੋਸਾਇਟੀ ਆਫ ਮੈਡੀਸਨ ਦੇ ਫੈਲੋ ਵੀ ਹਨ।

ਆਪ ਇੰਟਰਨੈਸ਼ਟਲ ਐਸੋਸੀਏਸ਼ਨ ਫਾਰ ਰੀਲੀਜ਼ਸ ਫਰੀਡਮ ਦੇ ਯੂ.ਕੇ ਦੇ ਬੋਰਡ ਦੇ ਮੈਂਬਰ ਹਨ।

ਆਪ ਇੰਟਰਨੈਸ਼ਨਲ ਇੰਟਰਫੇਥ ਸੈਂਟਰ ਆਕਸਫੋਰਡ ਦੇ ਪਿਛਲੇ 10 ਸਾਲਾਂ ਤੋਂ ਚੇਅਰਮੈਨ ਹਨ। ਆਪ ਵਰਲਡ ਕਾਂਗਰਸ ਫੇਥਸ ਦੇ ਉਪ-ਪ੍ਰਧਾਨ ਹਨ।

ਸੰਨ 2006 ਵਿਚ admin & governance ਐਵਾਰਡ ਆਪ ਨੂੰ, ਭਾਰਤ ਦੇ ਹਾਈ ਕਮਿਸ਼ਨਰ ਸ਼੍ਰੀ ਕਮਲੇਸ਼ ਸ਼ਰਮਾ ਵਲੋਂ ਪ੍ਰਦਾਨ ਕੀਤਾ ਗਿਆ। ਸ੍ਰੀ ਕਮਲੇਸ਼ ਅਜਕਲ ਕਾਮਨਵੈਲਥ ਵਿਚ ਜਨਰਲ ਸੈਕਟਰੀ ਹਨ।

ਸੰਨ 2008 ਨੂੰ ਲੰਡਨ ਦੇ ਮੇਅਰ ਨੇ ਬੀਬੀ ਚਰਨਜੀਤ ਕੌਰ ਨੂੰ ਸਿੱਖ ਵੋਮੈਨ ਆਫ ਐਚੀਵਮੈਂਟ ਦਾ ਐਵਾਰਡ ਦਿਤਾ।

Interfaith Climate Summit ਦੇ ਮੈਨੀਫੈਸਟੋ 'ਤੇ ਦੁਨੀਆਂ ਦੇ ਤਕਰੀਬਨ 25 ਬੰਦਿਆਂ ਦੇ ਦਸਤਖ਼ਤ ਹਨ ਜਿਨ੍ਹਾਂ ਵਿਚੋਂ ਸਿਰਫ ਇਸ ਇਕੋ ਸਿੱਖ ਬੀਬੀ ਇੰਦਰਜੀਤ ਕੌਰ ਦੇ ਦਸਤਖ਼ਤ ਹਨ।

ਇਸਾਈ ਮਤ ਦੇ ਪੋਪ ਜੌਨ ਪਾਲ ਦੂਜੇ ਨੇ ਇਨ੍ਹਾਂ ਤੇ ਇਨ੍ਹਾਂ ਦੇ ਪਤੀ ਕੈਪਟਨ ਅਜੀਤ ਸਿੰਘ ਨੂੰ ਸੱਦਾ ਦੇ ਕੇ ਚਾਰ ਵਾਰ ਬੁਲਾ ਕੇ ਇਨ੍ਹਾਂ ਨਾਲ ਮੁਲਾਕਾਤ ਕੀਤੀ ਅਤੇ ਕਈ ਵਿਸ਼ਿਆਂ ਤੇ ਵਿਚਾਰ ਵਟਾਂਦਰਾ ਕੀਤਾ।

ਬਰਤਾਨੀਆਂ ਦੀ ਮਹਾਰਾਣੀ ਐਲਿਜਾਬੈਥ ਪ੍ਰਿੰਸ ਫਿਲਿਪ ਨਾਲ ਵੀ ਮੁਲਾਕਾਤਾਂ ਕਰਨ ਦਾ ਇਨ੍ਹਾਂ ਨੂੰ ਮੌਕਾ ਮਿਲਿਆ ਹੈ।

ਬੀਬੀ ਚਰਨਜੀਤ ਕੌਰ ਅਤੇ ਕੈਪਟਨ ਅਜੀਤ ਸਿੰਘ ਅਕਸਰ ਅੰਤਰ ਰਾਸ਼ਟਰੀ ਸੈਮੀਨਾਰਾਂ 'ਤੇ ਜਾਂਦੇ ਰਹਿੰਦੇ ਹਨ। ਇਹ ਦੋਵੇਂ ਆਪਣੀਆਂ ਪ੍ਰਾਪਤੀਆਂ ਨੂੰ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਅਤੇ ਉਤਸਾਹ ਦੇਣ ਸਦਕਾ ਮੰਨਦੇ ਹਨ।

**ਸਵ. ਪ੍ਰਿੰਸੀਪਲ ਬੇਅੰਤ ਕੌਰ**– ਸਪੁੱਤਰੀ ਸੂਬਾ ਗੰਡਾ ਸਿੰਘ ਅਤੇ ਸੁਪਤਨੀ ਸ. ਸੰਤ ਸਿੰਘ ਦਿੱਲੀ, ਕ੍ਰੀਬ 40

ਸਾਲ ਅਧਿਆਪਨ ਦੇ ਖੇਤਰ ਵਿਚ ਰਹੇ। ਆਪ ਟ੍ਰੇਨਿੰਗ ਕਾਲਜ ਅੰਮ੍ਰਿਤਸਰ ਅਤੇ ਕੇਂਦਰੀ ਵਿਦਿਆਲਾ ਹਰਿਦੁਆਰ ਵਿਖੇ ਅਧਿਆਪਕ ਰਹਿਣ ਉਪ੍ਰੰਤ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਈ ਸਾਲ ਨਵੀਂ ਦਿੱਲੀ ਦੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਰਹੇ। ਇਨ੍ਹਾਂ ਦੀਆਂ ਹਿੰਦੀ, ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਇਹ ਪੁਸਤਕਾਂ ਛਪ ਚੁੱਕੀਆਂ ਹਨ–

ਸੂਬਾ ਗੰਡਾ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਹੋਲੇ ਮਹੱਲੇ, ਲਾਲ ਏਹਿ ਰਤਨ ਪੰਜ ਭਾਗ (ਸੰਪਾਦਨਾ) ਦਰਸ਼ਨੁ ਦੇਹੁ ਦਇਆਪਤਿ ਦਾਤੇ, ਇਹ ਸੁੰਦਰਿ ਸਯਾਮ ਕੀ ਮਾਨ ਤਮੈ, ਦੀ ਨਾਮਧਾਰੀ ਸਿੱਖਜ਼ (ਅੰਗ੍ਰਜ਼ੀ) ’ਚ, ਬਚਿਤ੍ਰ ਨਾਟਕ– ਇਕ ਅਪੂਰਵ ਕ੍ਰਿਤੀ, ਸੁੰਦਰ ਸ਼ਿਆਮ ( ਹਿੰਦੀ ’ਚ), ਦਰਸ ਪਿਆਸੀ, ਨਮੋ ਨਾਥ ਪੂਰੇ, ਧਰਮ ਹੇਤ ਸਾਕਾ ਜਿਨ ਕੀਆ, ਨਮੋ ਲੋਕ ਮਾਤਾ (ਹਿੰਦੀ ਚ), ਅਤੇ ਆਦਿ ਸ਼ਕਤੀ ਆਦਿ।

**ਸੂਬਾ ਸੁਰਿੰਦਰ ਕੌਰ ਖਰਲ–** (ਇਸ ਪੁਸਤਕ ਦੀ ਲੇਖਿਕਾ) ਸੁਪਤਨੀ ਸੰਤ ਭਗਵੰਤ ਸਿੰਘ ਸਪੁੱਤਰ ਸੰਤ ਕੇਹਰ ਸਿੰਘ ਰੋਪੜ ਹੈ। ਕਵਿਤਾ, ਕਹਾਣੀ, ਲੇਖ, ਜੀਵਨੀਆਂ, ਬਾਲ-ਸਾਹਿਤ, ਸਫਰਨਾਮੇ, ਖੋਜ-ਪੱਤਰ ਅਤੇ ਦਸਤਾਵੇਜ਼ਾਂ ਦੀਆਂ ਪੁਸਤਕਾਂ ਛਪੀਆਂ ਹਨ। ਹੁਣ ਤਕ 12 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆ ਹਨ ਤੇ ਏਨੀਆਂ ਕੁ ਹੀ ਛਪਣ ਲਈ ਤਿਆਰ ਹਨ। ਪਹਿਲੀ ਪੁਸਤਕ ‘ਤਿਸ਼੍ਰਨਾ’ ਸੰਨ 1987 ਵਿਚ ਛਪੀ। ਛਪੀਆਂ ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ–

‘ਤਿਸ਼੍ਰਨਾ’ (ਕਹਾਣੀਆਂ) ‘ਬਖਸ਼ਿਸ਼’ ਅਤੇ ‘ਤੂੰ ਹੀ ਤੂੰ’, (ਕਵਿਤਾਵਾਂ) ‘ਵੱਡ ਪ੍ਰਤਾਪੀ ਸਤਿਗੁਰੂ’ , ‘ਮਹਾਂਬਲੀ ਰਣਜੀਤ ਸਿੰਘ’ ਅਤੇ ‘ਰੂਹ ਪੰਜਾਬ ਦੀ (ਮਹਾਂਰਾਣੀ ਜਿੰਦ ਕੌਰ)’ (ਬਾਲ ਸਾਹਿਤ), ‘ਨਾਮਧਾਰੀ ਸ਼ਹੀਦ’ (ਖੋਜ ਭਰਪੂਰ ਪੁਸਤਕ) ‘ਬੰਸਾਵਲੀ’ (ਸ੍ਰੀ ਸਤਿਗੁਰੂ ਰਾਮ ਸਿੰਘ ਜੀ), ਬਰਮਾ, ਅਫਰੀਕਾ ਅਤੇ ਪਾਕਿਸਤਾਨ ਦੀ ਯਾਤਰਾ (ਸਫਰਨਾਮੇ), ਪ੍ਰਕਾਸ਼-ਪੁੰਜ ਭਾਗ-ਪਹਿਲਾ’ (ਜੀਵਨੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ‘ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਬਾਗਬਾਨੀ’ (ਖੋਜ ਪੱਤਰ) ਅਤੇ ‘ਗੋਪਾਲ-ਰਤਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ’। ਪ੍ਰਕਾਸ਼-ਪੁੰਜ ਭਾਗ ਪਹਿਲਾ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਹੋ ਚੁੱਕਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸੰਬੰਧਤ ਲੇਖ ਅਤੇ ਪ੍ਰਵਚਨ ਅਖਬਾਰ ਜਗਬਾਣੀ ਵਿਚ ਕ੍ਰੀਬ 10 ਸਾਲ ਸੰਨ 2001 ਤੋਂ 2010 ਤੀਕ ਲਗਾਤਾਰ ਲੜੀਵਾਰ ਹਰ ਹਫਤੇ ਛਪਦੇ ਰਹੇ।

ਮੈਂ (ਸੂਬਾ ਸੁਰਿੰਦਰ ਕੌਰ ਖਰਲ) ਕੇਂਦਰੀ ਪੰਜਾਬੀ ਲੇਖਕ ਸਭਾ (ਰਜ਼ਿ) ਅਤੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਅਤੇ ਜ਼ਿਲ੍ਹਾ ਲਿਖਾਰੀ ਸਭਾ ਰੂਪਨਗਰ ਦੇ ਮੈਂਬਰ ਹਾਂ।

ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਲਿਖਣ ਅਤੇ ਸਟੇਜ ’ਤੇ ਬੋਲਣ ਲਈ ਭਰਪੂਰ ਉਤਸ਼ਾਹ ਬਖਸ਼ਿਆ ਹੈ ਅਤੇ ਰਹਿਨੁਮਾਈ ਕੀਤੀ ਹੈ।

ਸ੍ਰੀ ਸਤਿਗੁਰੂ ਜੀ ਨੇ ਮੈਨੂੰ ਵਿਦਿਅਕ ਸੰਮੇਲਨ ਸਮੇਂ ਸਟੇਜ ਤੋਂ ਬੋਲਣ ਦਾ ਹੁਕਮ ਕਰਦੇ ਸਨ। ਜੇ ਮੈਂ ਹੌਲੀ ਅਵਾਜ਼ ਵਿਚ ਬੋਲਣਾ ਤਾਂ ਹਜ਼ੂਰ ਨੇ ਹੁਕਮ ਕਰਨਾ, ‘ਮੈਨੂੰ ਸੁਣਿਆ ਨਹੀਂ ਉੱਚੀ ਬੋਲੋ।’ ਇੰਜ ਬੋਲਣ ਦੀ ਜਾਚ ਸਿਖਾਈ।

ਆਪ ਜੀ ਨੇ ਮੇਰੀਆਂ ਲਿਖਤਾਂ ਨੂੰ ਖੁਦ ਪੜ੍ਹ ਉਤਸ਼ਾਹ ਬਖਸ਼ਣਾਂ ਕਿ ਬਹੁਤ ਵਧੀਆ ਲਿਖਿਆ ਹੈ।

ਮੈਂ ਆਪਣੀ ਲਿਖੀ ਹਰ ਕਵਿਤਾ ਪੜ੍ਹਨ ਲਈ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੂੰ ਭੇਟ ਕਰਨੀਂ । ਸ੍ਰੀ ਸਤਿਗੁਰੂ ਜੀ ਕਵਿਤਾ ਪੜ੍ਹ ਫਰਮਾਉਂਦੇ ਸਨ, ‘ਤੇਰੀ ਕਵਿਤਾ ਮੇਰੇ ਅੰਦਰ ਨੂੰ ਲੰਘਦੀ ਜਾਂਦੀ ਹੈ, ਬਹੁਤ ਵਧੀਆ ਲਿਖੀ ਹੈ।’

ਇੰਜ ਬੀਬੀਆਂ ਲਈ ਸ੍ਰੀ ਸਤਿਗੁਰੂ ਜੀ ਪ੍ਰੇਰਨਾ ਦੇ ਸਰੋਤ ਬਣੇ ਹੋਏ ਹਨ।

ਮੇਰੀਆਂ ਪੁਸਤਕਾਂ , ਮਾਨ-ਸਨਮਾਨ ਅਤੇ ਹੋਰ ਜਾਣਕਾਰੀ ਇਸ ਪੁਸਤਕ ਦੇ ਬਾਇਓਡਾਟਾ ਅਧਿਆਏ ਵਿਚ ਦਰਜ ਹੈ।

**ਸਵ. ਬੀਬੀ ਜਸਪਾਲ ਕੌਰ–** ( ਸੁਪਤਨੀ ਸੰਤ ਤਾਰਾ ਸਿੰਘ ਅਨਜਾਣ ਦਿੱਲੀ) ਇਕ ਅਧਿਆਪਕ ਵਜੋਂ ਸਰਕਾਰੀ ਤੌਰ 'ਤੇ ਸਨਮਾਨਤ ਹੋਏ,ਆਪ ਉੱਚ ਪੱਧਰ ਦੇ ਮੌਲਿਕ ਲੇਖਕ ਅਤੇ ਅਨੁਵਾਦਕ ਸਨ। ਇਨ੍ਹਾਂ ਨੇ ਤਿੰਨ ਪੁਸਤਕਾਂ ਦਾ ਪੰਜਾਬੀ ਤੋਂ ਹਿੰਦੀ ਵਿਚ ਅਨੁਵਾਦ ਕੀਤਾ ਹੈ- ਨਾਮਧਾਰੀ ਸਿਧਾਂਤ ਪਰਿਚਯ, ਸਿੱਖ ਧਰਮ ਤੇ ਮਾਸ ਅਤੇ ਸ਼ਹੀਦ ਬਾਬਾ ਲਹਿਣਾ ਸਿੰਘ। ਸਤਿਜੁਗ, ਵਰਿਆਮ , ਵਰਤਮਾਨ ਹਿੰਦੁਸਤਾਨ ਅਤੇ ਚਿੱਟੇ ਕਾਂ ਆਦਿ ਅਖਬਾਰਾਂ ਅਤੇ ਰਸਾਲਿਆਂ ਵਿਚ ਇਨ੍ਹਾਂ ਦੇ ਲੇਖ ਛਪਦੇ ਰਹੇ ਹਨ। ਸਕੂਲਾਂ ਦੀਆਂ ਪਾਠ ਪੁਸਤਕਾਂ ਵਿਚ ਵੀ ਇਨ੍ਹਾਂ ਦੇ ਲਿਖੇ ਲੇਖ ਛਪੇ ਹਨ।

**ਬੀਬੀ ਹਰਭਜਨ ਕੌਰ ਚਾਨਾ–** (ਸੁਪਤਨੀ ਸੰਤ ਕੁਲਦੀਪ ਸਿੰਘ ਚਾਨਾ ਯੂ. ਕੇ.) ਆਪ ਨੇ ਦੋ ਪੁਸਤਕਾਂ ਲਿਖੀਆਂ ਹਨ– ਅਨੋਖੇ ਬਾਗ ਦੀ ਸੈਰ ਅਤੇ ਅਨੋਖੀ ਖੁਸ਼ਬੂ ।

**ਬੀਬੀ ਜਸਬੀਰ ਕੌਰ –** (ਸੁਪਤਨੀ ਸੰਤ ਸੁਰਿੰਦਰ ਸਿੰਘ ਗੰਭੀਰ ਸ਼ਿਮਲਾ ਵਾਲੇ) ਨੇ ਸਾਖੀਆਂ ਦੀ ਪੁਸਤਕ ' ਘਟ ਘਟ ਵਾਸੀ ' ਦੇ ਚਾਰ ਭਾਗ ਛਪਾਏ ਹਨ।

**ਡਾ. ਸਤਵੰਤ ਕੌਰ ਮਠਾੜੂ ਦਿੱਲੀ–** ਨੇ ਪੀ.ਐਚ ਡੀ. ਕੀਤੀ ਹੈ। ਇਨ੍ਹਾਂ ਦੀ ਇਕ ਕਾਵਿ ਰਚਨਾ 'ਜਗਜੀਤ ਮਹਿਮਾ' ਛਪੀ ਹੈ। ਇਹ ਦਿੱਲੀ ਯੂਨੀਵਰਸਿਟੀ ਵਿਚ ਗੈਸਟ ਲੈਕਚਰਾਰ ਹਨ।

**ਪ੍ਰਿੰ. ਸਤਵੰਤ ਕੌਰ ਦਿੱਲੀ–** ਇਨ੍ਹਾਂ ਦੇ ਲੇਖ ਅਕਸਰ ਸਤਿਜੁਗ ਵਿਚ ਛਪਦੇ ਰਹਿੰਦੇ ਹਨ।

**ਬੀਬੀ ਰਣਜੀਤ ਕੌਰ ਜੀਤ–** ਦੀਆਂ ਵੀ ਕਈ ਪੁਸਤਕਾਂ ਗੀਤਾਂ ਦੀਆਂ ਛਪੀਆਂ ਹਨ।

ਇਸ ਤੋਂ ਇਲਾਵਾ ਵੱਡੀ ਗਿਣਤੀ 'ਚ ਨਾਮਧਾਰੀ ਬੀਬੀਆਂ ਕਵਿਤਾਵਾਂ, ਲੇਖ ਦੇ ਗੀਤ ਵਗੈਰਾ ਲਿਖ ਰਹੀਆਂ ਹਨ ਜਿਵੇਂ ਕਿ ਬੀਬੀ ਰਾਜਿੰਦਰ ਕੌਰ, (ਸਾਬਕਾ ਸਰਪੰਚ ਸ੍ਰੀ ਭੈਣੀ ਸਾਹਿਬ) ਸੁਪਤਨੀ ਸੰਤ ਜਗਦੀਸ਼ ਸਿੰਘ ਅਤੇ ਬੀਬੀ ਗੁਰਪਾਲ ਕੌਰ (ਸੁਪਤਨੀ ਹਜ਼ੂਰੀ ਸੇਵਕ ਰਛਪਾਲ ਸਿੰਘ ਅਤੇ ਸਪੁੱਤਰੀ ਸੰਤ ਲਾਲ ਸਿੰਘ ਰੜ੍ਹ) ਸ੍ਰੀ ਭੈਣੀ ਸਾਹਿਬ , ਬੀਬੀ ਨਰਿੰਦਰ ਕੌਰ ਚੰਡੀਗੜ੍ਹ, ਬੀਬੀ ਕੰਵਲਜੀਤ ਕੌਰ ਡਾਲਟਨਗੰਜ, ਸਿੰਦਰ ਕੌਰ, ਗੁਰਮੀਤ ਕੌਰ ਦਿੱਲੀ ਆਦਿਕ ਕਵਿਤਾਵਾਂ ਲਿਖ ਰਹੀਆਂ ਹਨ। ਇਨ੍ਹਾਂ ਦੀਆ ਕਵਿਤਾਵਾਂ ਤੇ ਲੇਖ–ਵਰਿਆਮ, ਸਤਿਜੁਗ ਅਤੇ ਵਰਤਮਾਨ ਹਿੰਦੁਸਤਾਨ ਆਦਿ ਅਖਬਾਰਾਂ ਤੇ ਰਿਸਾਲਿਆਂ ਵਿਚ ਛਪਦੇ ਰਹਿੰਦੇ ਹਨ।

## ਕੇਂਦਰੀ ਵਿਦਿਅਕ ਜੱਥੇ ਦੀਆਂ ਅਹੁਦੇਦਾਰ ਬੀਬੀਆਂ

ਕੇਂਦਰੀ ਵਿਦਿਅਕ ਜੱਥੇ ਦਾ ਪਹਿਲਾ ਨਾਮ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ ਸੀ । ਬਾਅਦ ਵਿਚ ਇਸ ਦਾ ਨਾਮ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਰੱਖਿਆ ਗਿਆ। ਇਸ ਜੱਥੇ ਦੇ ਇਸਤਰੀ ਵਿੰਗ ਦੀਆਂ ਤਿੰਨ ਬੀਬੀਆਂ ਸਮੇਂ ਸਮੇਂ ਤੇ ਪ੍ਰਧਾਨ ਰਹਿ ਕੇ ਸੇਵਾ ਕਰਦੀਆਂ ਰਹੀਆਂ ਹਨ। ਇਨਾਂ ਦਾ ਜ਼ਿਕਰ ਇਸ ਪ੍ਰਕਾਰ ਹੈ–

**ਬੀਬੀ (ਸੂਬਾ) ਮਹਿੰਦਰ ਕੌਰ ਹੁਸ਼ਿਆਰਪੁਰ–** (ਕਾਰਜ–ਕਾਲ ਸੰਨ 1982 ਤੋਂ 1988 ਈ.)

ਸੰਨ 1994 ਦੀ ਵਿਸਾਖੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਨੂੰ 'ਸੂਬਾ' ਦੀ ਉਪਾਧੀ ਬਖਸ਼ਿਸ਼ ਕੀਤੀ। ਪ੍ਰਧਾਨ ਬੀਬੀ ਮਹਿੰਦਰ ਕੌਰ ਨਾਲ ਸਕੱਤਰ **ਬੀਬੀ ਦਰਸ਼ਨਾਂ ਕੌਰ** ਦਿੱਲੀ ਸਨ।

**ਬੀਬੀ (ਸੂਬਾ) ਸੁਰਿੰਦਰ ਕੌਰ ਖਰਲ–** (ਕਾਰਜ–ਕਾਲ 29 ਦਸੰਬਰ ਸੰਨ 1991 ਤੋਂ ਜੂਨ 1995 ਈ.)

13 ਅਪ੍ਰੈਲ 1994 ਤੋਂ ਸ੍ਰੀ ਸਤਿਗੁਰੂ ਜੀ ਨੇ 'ਸੂਬਾ' ਉਪਾਧੀ ਦੀ ਬਖਸ਼ਿਸ਼ ਕੀਤੀ। ਇਨ੍ਹਾਂ ਨਾਲ ਸਕੱਤਰ ਸਵ. **ਬੀਬੀ ਸਿਮਰਜੀਤ ਕੌਰ ਮੰਡੀ** ਸਨ।

ਇਕ ਵਾਰ ਸ੍ਰੀ ਸਤਿਗੁਰੁ ਜਗਜੀਤ ਸਿੰਘ ਜੀ ਨੇ ਮੈਨੂੰ (ਸੂਬਾ ਸੁਰਿੰਦਰ ਕੌਰ ਖਰਲ ਨੂੰ) ਹੁਕਮ ਕੀਤਾ,

"ਬੀਬੀ ਤੂੰ ਪੰਦਰਾਂ ਦਿਨਾਂ ਬਾਅਦ ਇਥੇ ਆ ਜਾਇਆ ਕਰ। ਇਹ ਬੀਬੀਆਂ (ਉਥੇ ਬੈਠੀਆਂ ਕੁੜੀਆਂ) ਮੈਥੋਂ

ਪ੍ਰਸ਼ਨ ਪੁੱਛਦੀਆਂ ਹਨ। ਇਨ੍ਹਾਂ ਨੂੰ ਤੂੰ ਹੀ ਉੱਤਰ ਦੇਣੇ ਹਨ। ਸਮਝਾਉਣਾ ਹੈ, ਤਾਲੀਮ ਦੇਣੀ ਹੈ, ਸਿੱਖਿਅਤ (educated) ਕਰਨਾ ਹੈ।"

ਉਦੋਂ 'ਸਤਿ ਬਚਨ' ਤਾਂ ਆਖ ਦਿੱਤਾ ਪਰ ਸ੍ਰੀ ਸਤਿਗੁਰੂ ਜੀ ਦੇ ਬਚਨਾਂ ਵਿਚ ਛੁਪੀ ਗੱਲ ਕਾਫੀ ਦੇਰ ਬਾਅਦ ਸਮਝ ਆਈ ਜਦੋਂ ਹਜ਼ੂਰ ਦੀ ਰਜ਼ਾ ਅਨੁਸਾਰ ਮੈਨੂੰ 29 ਦਸੰਬਰ 1991 ਨੂੰ 'ਸਰਬ ਹਿੰਦ ਨਾਮਧਾਰੀ ਇਸਤਰੀ ਵਿਦਿਅਕ ਜੱਥੇ' ਦੀ ਪ੍ਰਧਾਨ ਅਤੇ 13 ਅਪ੍ਰੈਲ 1994 ਨੂੰ 'ਸੂਬਾ' ਉਪਾਧੀ ਦੀ ਬਖਸ਼ਿਸ਼ ਕਰ ਕੇ ਸੇਵਾ ਕਰਨ ਦੇ ਮੌਕੇ ਪ੍ਰਾਪਤ ਹੋਏ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ (ਸੂਬਾ ਸੁਰਿੰਦਰ ਕੌਰ ਖਰਲ ਨੂੰ) ਸੰਨ 1992 ਵਿਚ ਕੂਕਾ ਸ਼ਹੀਦ ਯਾਦਗਾਰੀ ਟਰੱਸਟ (ਰਜ਼ਿ) ਦੇ ਟਰੱਸਟੀ ਬਣਾਇਆ । ਫਰਵਰੀ ਸੰਨ 1994 ਨੂੰ ਭੈਣੀ ਸਾਹਿਬ ਤੇ ਰਾਈਆਂ ਡੀਵੈਲਪਮੈਂਟ ਬੋਰਡ (ਰਜ਼ਿ) ਦਾ ਮੈਂਬਰ ਬਣਾਇਆ।

ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਤੇ ਹੁਕਮ ਅਨੁਸਾਰ ਮੈਂ ਭਾਰਤ ਦੇ ਕਈ ਪਿੰਡਾਂ ਅਤੇ ਸ਼ਹਿਰਾਂ ਤੋਂ ਇਲਾਵਾ ਵਿਦੇਸ਼ਾਂ ਵਿਚ ਵੀ, ਬੀਬੀਆਂ ਦੇ ਨਵੇਂ ਸਿਰਿਓਂ 45 ਕੁ ਵਿਦਿਅਕ ਜੱਥੇ ਬਣਾਏ। ਬੀਬੀਆਂ ਨੂੰ ਸੰਗਠਿਤ ਹੋ, ਆਪੋ ਆਪਣੇ ਇਲਾਕਿਆਂ ਵਿਚ ਨਾਮ ਸਿਮਰਨ ਤੇ ਪਾਠਾਂ ਦਾ ਪ੍ਰਵਾਹ ਚਲਾਉਣ ਦੀ, ਬੱਚਿਆਂ ਨੂੰ ਧਾਰਮਕ ਸਿੱਖਿਆ ਅਤੇ ਆਪਣੇ ਇਤਿਹਾਸ ਦੀ ਜਾਣਕਾਰੀ ਦੇਣ ਦੀ ਅਤੇ ਉਨ੍ਹਾਂ ਨੂੰ ਵਾਰਸ਼ਕ ਵਿਦਿਅਕ ਸੰਮੇਲਨਾਂ 'ਤੇ ਲੈ ਕੇ ਆਉਣ ਦੀ ਪ੍ਰੇਰਨਾ ਦਿਤੀ। ਬਹੁਤੇ ਥਾਈਂ ਮੈਂ ਅਤੇ ਬੀਬੀ ਸਿਮਰਜੀਤ ਕੌਰ ਇੱਕਠੇ ਗਏ। ਬੀਬੀ ਸਿਮਰਜੀਤ ਕੌਰ ਦੀ ਸਿਹਤ ਠੀਕ ਨਾ ਹੋਣ ਕਰਕੇ ਕੇਂਦਰੀ ਵਿਦਿਅਕ ਜੱਥੇ ਦਾ ਸਾਰਾ ਲਿਖਤੀ ਰਿਕਾਰਡ ਵੀ ਮੇਰੇ ਕੋਲ ਰਿਹਾ। ਸਾਡੇ ਕਾਰਜ ਕਾਲ ਦੌਰਾਨ ਸਲਾਨਾ ਵਿਦਿਅਕ ਸੰਮਲੇਨ ਸ੍ਰੀ ਭੈਣੀ ਸਾਹਿਬ ਤੋਂ ਇਲਾਵਾ, ਬੰਗਲੌਰ, ਦਿੱਲੀ ਅਤੇ ਚੰਡੀਗੜ੍ਹ ਵਿਖੇ ਵੀ ਹੋਏ।

**ਬੀਬੀ ਸੁਖਜੀਤ ਕੌਰ ਲੁਧਿਆਣਾ** – (ਕਾਰਜ-ਕਾਲ ਜੂਨ ਸੰਨ 1995 ਤੋਂ ਹੁਣ ਤੀਕ)

ਇਨ੍ਹਾਂ ਨਾਲ ਜਨਰਲ ਸਕੱਤਰ **ਬੀਬੀ ਕੁਲਵੰਤ ਕੌਰ ਮੰਡੀ** ( ਹੁਣ ਲੁਧਿਆਣਾ), ਸਕੱਤਰ **ਬੀਬੀ ਨਰਿੰਦਰ ਕੌਰ ਦਿੱਲੀ** ਅਤੇ ਖਜ਼ਾਨਚੀ **ਬੀਬੀ ਅਮਰਜੀਤ ਕੌਰ ਲੁਧਿਆਣਾ** ਸੇਵਾ ਕਰ ਰਹੇ ਹਨ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਤੇ ਪ੍ਰਵਾਨਗੀ ਅਨੁਸਾਰ ਇਸ ਟੀਮ ਨੇ ਸਮੇਂ ਸਮੇਂ ਤੇ ਸ਼ਹਿਰਾਂ ਅਤੇ ਪਿੰਡਾਂ ਵਿਚ ਮਿੰਨੀ ਵਿਦਿਅਕ ਸੰਮੇਲਨ ਵੀ ਕਰਵਾਏ।

## ਪਾਰਸ਼ਦ ਅਤੇ ਸਰਪੰਚ-ਪੰਚ

**ਬੀਬੀ ਸਿਮਰਜੀਤ ਕੌਰ ਮੰਡੀ**– ਸ. ਸੋਹਣ ਸਿੰਘ ਫਾਜ਼ਿਲਕਾ ਦੀ ਬੇਟੀ, ਸ. ਨਵਤੇਜ ਸਿੰਘ ਮਨਚੰਦਾ ਦੀ ਸੁਪਤਨੀ ਅਤੇ ਪ੍ਰੋ. ਗੁਰਬਚਨ ਸਿੰਘ ਮੰਡੀ ਦੀ ਨੂੰਹ ਹਨ। ਇਹ ਮੰਡੀ (ਹਿਮਾਚਲ ਪ੍ਰਦੇਸ਼) ਵਿਚ ਵੋਟਾਂ ਰਾਹੀਂ ਜਿੱਤ ਕੇ ਮਿਊਂਸਪਲ ਕੌਂਸਲਰ (ਪਾਰਸ਼ਦ) ਇਸੇ ਸਾਲ 2011 'ਚ ਬਣੇ ਹਨ।

**ਬੀਬੀ ਮਨਪ੍ਰੀਤ ਕੌਰ**– ਇਨ੍ਹਾਂ ਦੀ ਧੀ ਐਮ.ਬੀ.ਏ. ਕਰ ਰਹੀ ਹੈ।

**ਸਰਪੰਚ ਬੀਬੀ ਰਾਜਿੰਦਰ ਕੌਰ**– ਸਪੁੱਤਰੀ ਸੰਤ ਹਰਦੇਵ ਸਿੰਘ ਅਤੇ ਬੀਬੀ ਅਵਤਾਰ ਕੌਰ ਅਤੇ ਸੁਪਤਨੀ ਸੰਤ ਜਗਦੀਸ਼ ਸਿੰਘ ਸ੍ਰੀ ਭੈਣੀ ਸਾਹਿਬ ਸੰਨ 2003 ਤੋਂ ਸੰਨ 2008 ਤੀਕ, ਸ੍ਰੀ ਭੈਣੀ ਸਾਹਿਬ ਦੇ ਸਰਪੰਚ ਰਹੇ ਹਨ।

ਅਜੋਕੇ ਸਮੇਂ ਵਿਚ ਸ੍ਰੀ ਭੈਣੀ ਸਾਹਿਬ ਦੀਆਂ ਤਿੰਨ ਬੀਬੀਆਂ ਪੰਚ ਹਨ-

**ਬੀਬੀ ਬਲਵਿੰਦਰ ਕੌਰ**- ਸੁਪਤਨੀ ਸ. ਗੁਰਮੇਲ ਸਿੰਘ, **ਬੀਬੀ ਰਾਜਵਿੰਦਰ ਕੌਰ**- ਸੁਪਤਨੀ ਸ. ਸੁਖਦੇਵ ਸਿੰਘ, ਬੀਬੀ ਰਣਜੀਤ ਕੌਰ-ਸੁਪਤਨੀ ਸ. ਰਣਬੀਰ ਸਿੰਘ ।

ਸ੍ਰੀ ਭੈਣੀ ਸਾਹਿਬ ਤੋਂ ਇਲਾਵਾ ਹੋਰ ਇਲਾਕਿਆਂ ਵਿਚ ਵੀ ਬੀਬੀਆ ਸਮੇਂ ਸਮੇਂ 'ਤੇ ਪੰਚ, ਸਰਪੰਚ ਬਣਦੀਆਂ ਰਹੀਆਂ ਤੇ ਬਣੀਆਂ ਹੋਈਆਂ ਹਨ।

ਜਿਵੇਂ ਕਿ ਸੰਤਨਗਰ ਜ਼ਿਲ੍ਹਾ ਸਰਸਾ ਹਰਿਆਣਾ ਦੀ **ਬੀਬੀ ਜਗਦੀਸ਼ ਕੌਰ** ( ਸੁਪਤਨੀ ਸ. ਗੁਰਜੀਤ ਸਿੰਘ ਸੰਧੂ ਸਿਰਹਾਲੀ ਵਾਲੇ ਅਤੇ ਸੁਪੱਤਰੀ ਸੰਤ ਰਜਵੰਤ ਸਿੰਘ ਝੱਬਰ) ਸੰਨ 2005 ਤੋਂ ਸੰਨ 2010 ਤੀਕ ਪਿੰਡ ਸੰਤਨਗਰ ਵਿਖੇ ਸਰਪੰਚ ਰਹੇ। **ਬੀਬੀ ਗੁਰਮੀਤ ਕੌਰ** ( ਸੁਪਤਨੀ ਸ. ਜਰਨੈਲ ਸਿੰਘ ) ਸ੍ਰੀ ਜੀਵਨ ਨਗਰ ਜ਼ਿਲ੍ਹਾ ਸਰਸਾ ਹਰਿਆਣਾ ਵਿਖੇ ਸਰਪੰਚ ਰਹੇ।

## ਚਿੱਤਰਕਾਰ ਬੀਬੀਆਂ

**ਬੀਬੀ ਆਤਮਾ ਕੌਰ–** ਸਪੁੱਤਰੀ ਬੀਬੀ ਨਰਿੰਦਰ ਕੌਰ (ਯੂ.ਕੇ.) ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਕ ਵੱਡ ਅਕਾਰੀ ਅਦਭੁਤ ਪੇਂਟਿੰਗ ਕ੍ਰੀਬ ਦੋ ਸਾਲ ਵਿਚ ਬਣਾਈ ਹੈ। ਇਹ ਤਸਵੀਰ ਬਹੁਤ ਸਾਰੇ ਛੋਟੇ ਛੋਟੇ ਚਿੱਤਰਾਂ ਨਾਲ ਜੋੜ ਕੇ ਬਣਾਈ ਗਈ ਹੈ। ਇਸ ਤਸਵੀਰ ਵਿਚ ਬਹੁਤ ਸਾਰੇ ਦੇਵਤਿਆਂ ਅਤੇ ਸਤਿਗੁਰੂ ਸਾਹਿਬਾਨ ਦੀਆਂ 3600 ਤਸਵੀਰਾਂ ਦੇ 3671 ਪ੍ਰਿੰਟ ਜੋੜੇ ਹੋਏ ਹਨ, ਜਿੰਨਾਂ ਵਿਚ ਕਈ ਇੱਕ ਤੋਂ ਵੱਧ ਹਨ। ਇਨ੍ਹਾਂ ਵਿਚ ਬ੍ਰਹਮਾ ਜੀ ਦੀਆਂ 20, ਵਿਸ਼ਨੂੰ ਜੀ ਦੀਆਂ 51, ਸ਼ਿਵ ਜੀ ਦੀਆਂ 80, ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀਆਂ 100, ਭਗਵਾਨ ਸ਼੍ਰੀ ਰਾਮ ਚੰਦਰ ਜੀ ਦੀਆਂ 50 ਤਸਵੀਰਾਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤਕ ਦੀਆਂ ਤਸਵੀਰਾਂ ਦਾ ਵੀ ਇਸਤੇਮਾਲ ਕੀਤਾ ਗਿਆ ਹੈ। ਇਸ ਵਿਚ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਕ੍ਰੀਬ 2000 ਤਸਵੀਰਾਂ ਹਨ।

**ਬੀਬੀ ਜੈਸਮੀਨ ਕੌਰ ਕਲਸੀ –** ਇਹ ਦਿੱਲੀ ਦੇ ਸੰਤ ਕੁਲਵਿੰਦਰ ਸਿੰਘ ਅਤੇ ਬੀਬੀ ਸੁਖਵਿੰਦਰ ਕੌਰ ਦੀ ਸਪੁੱਤਰੀ ਹੈ। ਇਸ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬਹੁਤ ਵਧੀਆ ਤਸਵੀਰ ਬਣਾਈ ਹੈ।

ਬਹੁਤ ਸਾਰੀਆਂ ਹੋਰ ਬੀਬੀਆਂ ਵੀ ਚਿੱਤਰਕਾਰ ਹਨ।

## ਉੱਚ ਪੱਧਰ ਦੀਆਂ ਨੌਕਰੀ ਕਰਦੀਆਂ ਬੀਬੀਆਂ

**ਏ. ਡੀ. ਜੀ. ਹਰਮੀਤ ਸ਼ਮਸ਼ੇਰ ਸਿੰਘ ਦਿੱਲੀ–** ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭਰਾ ਮਹਾਰਾਜ ਨਿਹਾਲ ਸਿੰਘ ਦੇ ਸਪੁੱਤਰ ਸ. ਸ਼ਮਸ਼ੇਰ ਸਿੰਘ ਅਤੇ ਬੀਬੀ ਗੁਰਸ਼ਰਨ ਕੌਰ ਦੀ ਬੇਟੀ ਹੈ। ਇਨ੍ਹਾਂ ਨੇ ਬੰਬਈ ਯੂਨੀਵਰਸਿਟੀ ਤੋਂ post graduation in political science ਕੀਤੀ । University Of Exeter U.K. ਤੋਂ M.B.A ਕੀਤੀ। ਸੰਨ 1984 'ਚ civil services exam ਪਾਸ ਕਰ ਕੇ I.R.S. ( c & ce) ਕੀਤੀ ntelligence Revenu Services ( custums & central excise ) ਵਿਚ join ਕੀਤਾ।

ਪਹਿਲੋਂ ਇਹ ਦਿੱਲੀ ਵਿਖੇ deptt. of fertilizer & chemicals (ਖਾਦ ਰਸਾਇਣ ਵਿਭਾਗ) ਵਿਚ joint secretary ਸਨ। ਅੱਜ ਕੱਲ੍ਹ ਇਹ ਦਿੱਲੀ ਵਿਖੇ A.D.G. ਅਰਥਾਤ Additional Diractor General Revenve Intelligence ਹਨ।

**ਬੀਬੀ ਜਸਮੀਤ ਕੌਰ–** ਇਹ ਏ.ਡੀ.ਜੀ. ਹਰਮੀਤ ਸ਼ਮਸ਼ੇਰ ਸਿੰਘ ਦੀ ਵੱਡੀ ਭੈਣ ਅਤੇ ਸੁਪਤਨੀ ਸ. ਜਗਦੀਪ ਸਿੰਘ (ਡਾਇਰੈਕਟਰ ਅਪੋਲੋ ਹਸਪਤਾਲ ਲੁਧਿਆਣਾ) ਹਨ। ਇਨ੍ਹਾਂ ਨੇ B.Sc. in home scince ਅਤੇ post graduation in dietetics ਕੀਤੀ ਹੈ।

**ਬੀਬੀ ਨੈਨਦੀਪ ਕੌਰ–** ਸਪੁੱਤਰੀ ਸ. ਜਗਦੀਪ ਸਿੰਘ ( ਡਾਇਰੈਕਟਰ ਅਪੋਲੋ ਹਸਪਤਾਲ ਲੁਧਿਆਣਾ) ਨੇ Lady Shri Ram College, University of Dehli ਤੋਂ psychology honours ਦੀ graduation ਕੀਤੀ ਹੈ।

psychology ਦੀ post graduation University of Dehli ਤੋਂ ਕੀਤੀ ਹੈ।ਅੱਜ ਕੱਲ ਇਹ .H.R. training & consulting firm ਵਿਚclient partner ਹਨ।

**ਏ.ਈ.ਟੀ.ਸੀ.ਹਰਦੀਪ ਕੌਰ ਭੰਵਰਾ** – ਐਸ ਵੇਲੇ ਅਸਿਸਟੈਂਟ ਐਕਸਾਇਜ਼ ਟੈਕਸੇਸ਼ਨ ਕਮਿਸ਼ਨਰ ਹਨ।ਇਹ ਸਵ. ਸ. ਮਹਿੰਦਰ ਸਿੰਘ ਭੰਵਰਾ ਜਲੰਧਰ, ਜੋ ਬੈਕਵਰਡ ਕਲਾਸਿਸ ਕਾਂਗ੍ਰਸ ਦੇ ਜਨਰਲ ਸਕੱਤਰ ਸਨ, ਦੀ ਸਪੁੱਤਰੀ ਹਨ।ਸ.ਮਹਿੰਦਰ ਸਿੰਘ ਸੁਤੰਤਰਤਾ ਸੰਗਰਾਮੀ ਸਨ।ਇਹ ਸੰਨ 1992 ਵਿਚ ਚੜ੍ਹਾਈ ਕੀਤੇ।ਇਨ੍ਹਾਂ ਦੀ ਬੇਟੀ ਹਰਦੀਪ ਕੌਰ ਨੇ ਇਨ੍ਹਾਂ ਨੂੰ ਆਪਣਾ ਆਦਰਸ਼ ਮੰਨਦਿਆਂ ਅਤੇ ਸ੍ਰੀ ਸਤਿਗੁਰੂ ਜੀ ਦੇ ਉਤਸ਼ਾਹ ਦੇਣ ਸਦਕਾ ਆਪਣੇ ਜੀਵਨ ਵਿਚ ਬਹੁਤ ਵੱਡੀਆਂ ਪ੍ਰਾਪਤੀਆਂ ਕੀਤੀਆਂ।

ਬੀਬੀ ਹਰਦੀਪ ਕੌਰ ਨੇ ਐਮ.ਏ. ਅਤੇ ਐਲ.ਐਲ.ਬੀ ਕੀਤੀ ਹੈ।ਸੰਨ 1991 ਤੋਂ 94 ਤਕ ਇਨ੍ਹਾਂ ਨੇ ਜਲੰਧਰ ਵਿਖੇ ਵਕੀਲ ਵਜੋਂ ਪ੍ਰੈਕਟਿਸ ਕੀਤੀ।ਸੰਨ 1995 ਤੋਂ ਸੰਨ 2009 ਤੀਕ ਇਹ ਸਮੇਂ ਸਮੇਂ ਤੇ ਅੰਮ੍ਰਿਤਸਰ, ਜਲੰਧਰ, ਮਲੇਰਕੋਟਲਾ, ਪਟਿਆਲਾ, ਕਪੂਰਥਲਾ, ਨਵਾਂ ਸ਼ਹਿਰ ਵਿਖੇ ਈ. ਟੀ.ਓ ਅਰਥਾਤ excise taxation officier ਵਜੋਂ ਕਾਰਜਰਤ ਰਹੇ।ਸਤੰਬਰ ਸੰਨ 2009 ਤੋਂ ਇਹ ਏ. ਈ. ਟੀ. ਸੀ. ਅਰਥਾਤ assistant excise & taxation commissioner ਬਣ ਗਏ ਹਨ।

ਇਹ ਸੰਤ ਭਗਤ ਸਿੰਘ ਦੀ ਪੋਤੀ ਅਤੇ ਸੰਤ ਕਰਮ ਸਿੰਘ ਦੀ ਦੋਹਤੀ ਹਨ। ਇਨ੍ਹਾਂ ਦੇ ਮਾਮਾ ਜੀ ਸੰਤ ਹਰਭਜਨ ਸਿੰਘ ਦੇ ਤਿੰਨ ਪੁੱਤਰ ਹਨ- ਸੂਬਾ ਜਸਬੀਰ ਸਿੰਘ ਫਗਵਾੜਾ, ਸੂਬਾ ਬਲਬੀਰ ਸਿੰਘ ਕੈਨੇਡਾ ਅਤੇ ਸੰਤ ਗੁਰਬਖਸ਼ ਸਿੰਘ ਚਾਨਾ ਇੰਗਲੈਂਡ। ਇਨ੍ਹਾਂ ਦੇ ਨਾਨਾ ਜੀ ਸੰਤ ਕਰਮ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਸੇਵਕ ਸੰਤ ਪ੍ਰੀਤਮ ਸਿੰਘ ਪੱਦੀ ਦੇ ਚਾਚੇ ਦੇ ਪੁੱਤਰ ਭਰਾ ਸਨ।

ਜਲੰਧਰ ਵਿਖੇ ਇਨ੍ਹਾਂ ਦੇ ਦਾਦੇ ਸੰਤ ਭਗਤ ਸਿੰਘ ਦੇ ਘਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਡੇਰਾ ਹੁੰਦਾ ਸੀ। ਜਲੰਧਰ ਦੀ ਨਾਮਧਾਰੀ ਧਰਮਸ਼ਾਲਾ ਵੀ ਇਨ੍ਹਾਂ ਨੇ ਬਣਵਾਈ ਸੀ।ਇਨ੍ਹਾਂ ਨੇ ਬਹੁਤ ਸਾਰੇ ਪਰਿਵਾਰਾਂ ਨੂੰ ਨਾਮਧਾਰੀ ਬਣਾਇਆ।

ਬੀਬੀ ਹਰਦੀਪ ਕੌਰ ਅਣਵਿਆਹੇ ਹਨ। ਇਹ ਆਪਣਾ ਸਮੁੱਚਾ ਜੀਵਨ ਸਮਾਜ ਸੇਵਾ ਵਿਚ ਲਗਾਉਣਾ ਚਾਹੁੰਦੇ ਹਨ।ਵਿਦਿਆਰਥੀ ਜੀਵਨ ਤੋਂ ਹੀ ਇਨ੍ਹਾਂ ਨੂੰ ਸਮੇਂ ਸਮੇਂ 'ਤੇ ਸਮਾਜਿਕ ਤੇ ਰਾਜਨੀਤਕ ਸੰਸਥਾਵਾਂ ਅਤੇ ਸਥਾਨਕ ਅਦਾਰਿਆਂ ਵਲੋਂ ਸਨਮਾਨਿਤ ਕੀਤਾ ਜਾਂਦਾ ਰਿਹਾ।ਸਕੂਲ ਪੜ੍ਹਦਿਆਂ ਸਮੇਂ, ਬਹੁਤ ਛੋਟੀ ਉਮਰ ਵਿਚ ਇਨ੍ਹਾਂ ਨੂੰ ਸ. ਦਰਬਾਰਾ ਸਿੰਘ ( ਉਦੋਂ ਮੁੱਖ ਮੰਤਰੀ ਪੰਜਾਬ) ਵਲੋਂ 'ਯੁਵਾ ਨੇਤਾ' ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਜਦੋਂ ਇਹ ਦਸਵੀਂ ਕਲਾਸ ਵਿਚ ਪੜ੍ਹਦੇ ਸਨ ਉਦੋਂ ਉਸ ਵੇਲੇ ਦੇ ਰਾਸ਼ਟਰਪਤੀ ਸ੍ਰੀ ਸੰਜੀਵਾ ਰੇਡੀ ਨੇ, ਦੇਸ਼ ਦੀ ਸੇਵਾ ਕਰਨ ਵਾਲੇ ਅਤੇ ਚੰਗੇ ਕੰਮ ਕਰਨ ਵਾਲੇ ਪਰਿਵਾਰ ਦੇ ਮੈਂਬਰ ਵਜੋਂ ਇਨ੍ਹਾਂ ਨੂੰ 'ਪ੍ਰੈਸੀਡੈਂਟ ਆਫ ਗਰਲ ਗਾਈਡ' ਦੀ ਉਪਾਧੀ ਨਾਲ ਰਾਸ਼ਟਰਪਤੀ ਭਵਨ ਦਿੱਲੀ ਵਿਖੇ ਸਨਮਾਨਿਤ ਕੀਤਾ। ਇਹ ਨੈਸ਼ਨਲ ਸਟੂਡੈਂਟ ਯੂਨੀਅਨ ਆਫ ਇੰਡੀਆ ਦੇ ਜ਼ਿਲ੍ਹਾ ਪੱਧਰ ਦੇ ਅਹੁਦੇਦਾਰ ਵੀ ਰਹੇ ਹਨ।ਇਨ੍ਹਾਂ ਦੇ ਅਹੁਦਿਆਂ ਅਤੇ ਸਨਮਾਨਾਂ ਦੀ ਲਿਸਟ ਬਹੁਤ ਲੰਮੀ ਹੈ।

ਪੜ੍ਹਾਈ ਅਤੇ ਨੌਕਰੀ ਕਰਦਿਆਂ ਸਮੇਂ ਇਹ ਸਮਾਜਿਕ ਸੇਵਾਵਾਂ ਕਰਦੇ ਰਹੇ।ਇਨ੍ਹਾਂ ਦੀ ਸੋਚ ਹੈ ਕਿ ਖਾਸ ਤੌਰ 'ਤੇ ਇਸਤਰੀਆਂ ਨੂੰ ਜ਼ਰੂਰ ਆਤਮ ਨਿਰਭਰ ਹੋ ਕੇ ਸਵੈ ਮਾਣ ਦੀ ਜ਼ਿੰਦਗੀ ਬਿਤਾਉਣ ਦਾ ਅਵਸਰ ਮਿਲਣਾ ਚਾਹੀਦਾ ਹੈ।ਇਸਤਰੀਆਂ ਲਈ ਅਜਿਹੇ ਆਸ਼ਰਮ ਬਣਾਏ ਜਾਣ ਦੀ ਇਨ੍ਹਾਂ ਦੀ ਭਾਵਨਾ ਹੈ, ਜਿੱਥੇ ਇਹੋ ਜਿਹਾ ਪ੍ਰਬੰਧ ਹੋਵੇ ਕਿ ਇਸਤਰੀਆਂ ਆਪਣੇ ਆਪ 'ਤੇ ਨਿਰਭਰ ਹੋ ਕੇ ਆਤਮ ਸਨਮਾਨ ਨਾਲ ਜੀਅ ਸਕਣ।

ਇਹ ਕਵਿਤਾ ਵੀ ਲਿਖਦੇ ਹਨ ਅਤੇ ਪੱਤਰਕਾਰੀ ਦਾ ਕੰਮ ਵੀ ਕਰਦੇ ਰਹੇ ਹਨ।ਸੰਨ 1993 ਵਿਚ ਇਨ੍ਹਾਂ ਨੇ 'ਨਾਰੀ ਮੁਕਤੀ' ਨਾਂ ਦਾ ਰਸਾਲਾ ਵੀ ਕ੍ਰੀਬ ਇਕ ਸਾਲ ਚਲਾਇਆ।ਇਨ੍ਹਾਂ ਨੇ ਵਕੀਲ ਵਜੋਂ ਨਾਮਧਾਰੀ ਪੰਥ ਦੇ ਵੀ

ਕਈ ਕੰਮ ਕੀਤੇ। ਸੰਨ 1992 ਵਿਚ ਜਦੋਂ ਮੈਂ (ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ) ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥੇ (ਇਸਤਰੀ ਵਿੰਗ) ਦੀ ਪ੍ਰਧਾਨ ਸੀ, ਇਹਨਾਂ ਨੂੰ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਸ ਜੱਥੇ ਦੀ ਕਾਨੂੰਨੀ ਸਲਾਹਕਾਰ ਬਣਾਉਣ ਤੋਂ ਇਲਾਵਾ ਜਲੰਧਰ ਦੇ ਬੀਬੀਆਂ ਦੇ ਵਿੱਦਿਅਕ ਜੱਥੇ ਦਾ ਪ੍ਰਧਾਨ ਵੀ ਬਣਾਇਆ।

ਸ੍ਰੀ ਸਤਿਗੁਰੂ ਜੀ ਦੀ ਬੀਬੀ ਹਰਦੀਪ ਕੌਰ ਤੇ ਬਹੁਤ ਕਿਰਪਾ ਬਣੀ ਰਹੀ ਹੈ। ਇਕ ਵਾਰ ਇਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ, 'ਸੱਚੇ ਪਾਤਸ਼ਾਹ ਜੀ ਲਾਲ ਬੱਤੀ ਵਾਲੀ ਗੱਡੀ ਚਾਹੀਦੀ ਹੈ।' ਥੋੜ੍ਹੇ ਦਿਨਾਂ ਬਾਅਦ ਇਨ੍ਹਾਂ ਦੀ ਇਹ ਇੱਛਾ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਪੂਰੀ ਹੋ ਗਈ। ਇਹ ਕਹਿੰਦੇ ਹਨ ਕਿ ਮੈਂ ਅੱਜ ਜੋ ਕੁਝ ਵੀ ਹਾਂ ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਅਤੇ ਕਿਰਪਾ ਸਦਕਾ ਹਾਂ।

**ਬੀਬੀ ਸਿਮਰਨ ਕੌਰ ਮਠਾੜੂ–** ਇਹ ਸ. ਤਰਲੋਚਨ ਸਿੰਘ ਮਠਾੜੂ ਪ੍ਰਤਾਪ ਇੰਜਨੀਅਰਜ਼ (ਟਰੈਕ ਸਾਈਕਲ ਮੈਨਫੈਕਚਰਰ) ਦੀ ਭਤੀਜੀ ਅਤੇ ਸ. ਸੁਰਜੀਤ ਸਿੰਘ ਅਤੇ ਬੀਬੀ ਜਸਪਾਲ ਕੌਰ ਦੀ ਬੇਟੀ ਹੈ। ਇਸ ਨੇ ਡੀ.ਏ.ਵੀ. ਕਾਲਜ ਚੰਡੀਗੜ੍ਹ ਤੋਂ ਬਾਇਓਟੈਕ ਦੀ ਬੀ.ਐਸ.ਸੀ. ਕੀਤੀ। ਇਸ ਮਗਰੋਂ ਬ੍ਰਿਸਬੇਨ (ਆਸਟਰੇਲੀਆ) ਵਿਖੇ ਕੁਈਨਜ਼ਲੈਂਡ ਯੂਨੀਵਰਸਿਟੀ ਤੋਂ ਬਾਇਓਟੈਕ ਦੀ ਐਮ.ਐਸ.ਸੀ. ਕੀਤੀ ਅਤੇ ਹੁਣ ਇਥੇ ਹੀ ਹੱਡੀਆਂ ਅਤੇ ਜਨਰਲ ਪਲਾਂਟੇਸ਼ਨ ਦੇ ਰਿਸਰਚ ਵਰਕ ਦੀ ਨੌਕਰੀ ਕਰ ਰਹੀ ਹੈ।

**ਬੀਬੀ ਨਵਨੀਤ ਕੌਰ–** ਇਹ ਸ. ਦਵਿੰਦਰ ਸਿੰਘ ਧੰਜਲ ਅਤੇ ਬੀਬੀ ਪ੍ਰਕਾਸ਼ ਕੌਰ (ਸ੍ਰੀ ਜੀਵਨ ਨਗਰ) ਦੀ ਸਪੁੱਤਰੀ ਅਤੇ ਚੀਫ ਇੰਜਨੀਅਰ ਸ. ਇੰਦਰ ਸਿੰਘ ਦੀ ਪੋਤੀ ਹੈ।

ਇਸ ਨੇ ਸੰਨ 2006 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ ਸੀ ਕਿ ਇਹ ਟੀ.ਵੀ. ਲਾਇਨ 'ਚ ਡਾਇਰੈਕਟਰ ਵਜੋਂ ਜਾਣਾਂ ਚਾਹੁੰਦੀ ਹੈ। ਪ੍ਰਵਾਨਗੀ ਮਿਲਣ ਉਪ੍ਰੰਤ ਇਸ ਨੇ ਆਪਣਾ ਕੰਮ ਸ਼ੁਰੂ ਕੀਤਾ ।

ਇਸ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਥਿਏਟਰ ਦੀ ਐਮ.ਏ. ਕੀਤੀ ਹੋਈ ਹੈ। ਪਹਿਲੋਂ ਇਹ ਇੰਡਸਟਰੀਅਲ ਏਰੀਆ ਇਕ ਫੇਜ਼ ਮੁਹਾਲੀ ਵਿਖੇ ਚੈਨਲ ਪੰਜਾਬ ਨਾਮਕ ਟੈਲੀਵੀਜ਼ਨ ਸੈਂਟਰ ਵਿਖੇ ਪ੍ਰੋਗਰਾਮਾਂ ਦੀ ਡਾਇਰੈਕਟਰ ਸੀ। ਫਿਰ ਇਹ ਦਿੱਲੀ ਦੂਰਦਰਸ਼ਨ ਵਿਚ ਤੇ ਫਿਰ ਪੀ.ਟੀ.ਸੀ ਚੈਨਲ ਤੇ ਪ੍ਰੋਡਿਊਸਰ ਵਜੋਂ ਕੰਮ ਕਰਦੀ ਰਹੀ। ਅੱਜ ਕਲ੍ਹ ਇਹ ਸੀ. ਐਨ. ਈ. ਬੀ. ਟੀ.ਵੀ. ਜ਼ੀਰਕਪੁਰ ਵਿਖੇ ਪ੍ਰੋਗਰਾਮਾਂ ਦੀ ਡਾਇਰੈਕਟਰ ਹੈ।

**ਬੀਬੀ ਨਰਿੰਦਰ ਕੌਰ ਯੂ.ਕੇ–** (ਸਪੁੱਤਰੀ ਸਵ. ਸੰਤ ਮੱਖਣ ਸਿੰਘ ਭੁਰਜੀ ਦਿੱਲੀ) ਇੰਗਲੈਂਡ ਵਿਖੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਂਦੇ ਹਨ। ਸੰਨ 2005 ਤੋਂ ਆਪ ਕਰੈਨਫਰਡ ਕਮਿਊਨਿਟੀ ਲੈਂਗਵੇਜ਼ ਕਾਲਜ (ਸੈਕੰਡਰੀ ਸਕੂਲ) ਵਿਖੇ ਕਮਿਊਨਿਟੀ ਭਾਸ਼ਾਵਾਂ ਦੇ ਮੁਖੀ ਹਨ। ਇਨ੍ਹਾਂ ਦੇ ਵਿਭਾਗ ਨੂੰ W.F.I. ਅਰਥਾਤ World Foreign Languages ਦਾ ਵਿਭਾਗ ਕਿਹਾ ਜਾਂਦਾ ਹੈ।

ਬੀਬੀ ਨਰਿੰਦਰ ਕੌਰ ਸੱਤਵੀਂ ਕਲਾਸ ਦੇ ਬੱਚਿਆਂ ਤੋਂ ਲੈ ਕੇ ਤੇਰਵੀਂ ਕਲਾਸ ਦੇ ਬੱਚਿਆਂ ਨੂੰ G.C.S.E. (General certificate of secondry education) ਅਤੇ A- Level ( Advance level) ਤੀਕ ਪੰਜਾਬੀ ਪੜ੍ਹਾਉਂਦੇ ਹਨ। ਪੰਜਾਬੀ ਤੋਂ ਇਲਾਵਾ ਸਕੂਲ ਵਿਚ ਹਿੰਦੀ ਅਤੇ ਉਰਦੂ ਦੇ ਸਾਰੇ ਵਿਭਾਗਾਂ ਦੀ ਜਿੰਮੇਵਾਰੀ ਵੀ ਇਨ੍ਹਾਂ ਦੀ ਹੁੰਦੀ ਹੈ।

ਇਸ ਤੋਂ ਇਲਾਵਾ ਬੀਬੀ ਨਰਿੰਦਰ ਕੌਰ Association of Language Learning (A.L.L) ਦੀ ਲੰਡਨ ਸ਼ਾਖਾ ਦੀ Community languages ਦੇ ਮੁਖੀ ਹਨ। ਜਿੰਨੀਆਂ ਵੀ Community languages ਜਿਵੇਂ ਕਿ ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਤਾਮਿਲ ਅਤੇ ਚਾਈਨੀਜ਼ ਆਦਿ ਹਨ, ਉਨ੍ਹਾਂ ਦੀ ਦੇਖਭਾਲ ਦੀ ਜਿੰਮੇਵਾਰੀ ਇਨ੍ਹਾਂ ਦੀ ਹੁੰਦੀ ਹੈ। ਇਨ੍ਹਾਂ ਸਾਰੀਆਂ ਭਾਸ਼ਾਵਾਂ ਦੀ ਮਹੱਤਤਾ ਨੂੰ modern foreign languages ਦੇ ਬਰਾਬਰ ਲਿਆਉਣ ਦੀ ਕੋਸ਼ਿਸ਼ ਕਰਨੀ, ਵੱਖਰੀਆਂ ਵੱਖਰੀਆਂ ਕਾਨਫੰਰਸਾਂ ਦੇ ਰਾਹੀਂ ਅਤੇ ਨੈਟਵਰਕ ਦੇ ਰਾਹੀਂ ਜਾਂ Examination Boards ਤੋਂ Acreditation (ਮਾਨਤਾ) ਦੇ ਰਾਹੀਂ, ਇਹ ਇਨ੍ਹਾਂ ਦਾ ਮੁਖ ਉਦੇਸ਼ ਹੁੰਦਾ ਹੈ।

ਬੀਬੀ ਨਰਿੰਦਰ ਕੌਰ, ਮੈਨੂੰ 22 ਦਸੰਬਰ ਸੰਨ 2010 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਮਿਲੇ। ਉਹ ਆਪਣੇ ਤਿੰਨੋ

ਬੱਚਿਆਂ ਨਾਲ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਸਨ। ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਹ ਪੰਜਾਬੀ ਅਤੇ ਆਪਣੀਆਂ ਹੋਰ ਭਾਸ਼ਾਵਾਂ ਵਾਸਤੇ ਇੰਗਲੈਂਡ ਦੇ ਐਜੂਕੇਸ਼ਨ ਬੋਰਡ ਨਾਲ ਮਿਲ ਕੇ ਇਸ ਗੱਲ ਦਾ ਉਪਰਾਲਾ ਕਰ ਰਹੇ ਹਨ, ਕਿ ਸਾਡੀਆਂ ਭਾਸ਼ਾਵਾਂ ਬਹੁਤ ਉੱਪਰ ਜਾਣ।

ਬੀਬੀ ਨਰਿੰਦਰ ਕੌਰ ਨੇ ਦੱਸਿਆ ਕਿ ਜਿੰਨੀਆਂ ਵੀ ਸਫਲਤਾਵਾਂ ਉਨ੍ਹਾਂ ਨੂੰ ਮਿਲੀਆਂ ਹਨ ਅਤੇ ਐਸ ਵੇਲੇ ਉਹ ਜਿੱਥੇ ਵੀ ਹਨ, ਸ੍ਰੀ ਸਤਿਗੁਰੂ ਜੀ ਦੀ ਕਿਰਪਾ,ਬਖਸ਼ਿਸ਼ ਅਤੇ ਉਤਸ਼ਾਹ ਦੇਣ ਸਦਕਾ ਹਨ। ਸੰਨ 1996 'ਚ ਜਦੋਂ ਉਹ ਬੜੇ ਸੰਘਰਸ਼ ਅਤੇ ਪਰਿਵਾਰਕ ਪ੍ਰੇਸ਼ਾਨੀਆਂ ਵਿਚੋਂ ਗੁਜਰ ਰਹੇ ਸਨ, ਸ੍ਰੀ ਸਤਿਗੁਰੂ ਜੀ ਨੇ ਟੈਲੀਫੋਨ 'ਤੇ ਦਿਲਾਸਾ ਦਿਤਾ ਅਤੇ ਬਚਨ ਕੀਤਾ,

" ਤੂੰ ਮੇਰੀ ਧੀ ਹੈ, ਤੇਰਾ ਮਾਂ-ਬਾਪ, ਭੈਣ-ਭਰਾ ਸਭ ਮੈਂ ਹੀ ਹਾਂ। ਤੂੰ ਕਿਸੇ ਗੱਲ ਦਾ ਫਿਕਰ ਨਾਂ ਕਰੀਂ। "

ਬੀਬੀ ਨਰਿੰਦਰ ਕੌਰ ਨੇ ਮੈਨੂੰ ਦੱਸਿਆ, " ਉਸ ਤੋਂ ਬਾਅਦ ਕਿਸੇ ਚੀਜ਼ ਦਾ ਘਾਟਾ ਨਹੀਂ ਰਿਹਾ, ਘਰੋਂ ਅਰਦਾਸ ਕਰ ਕੇ ਜਾਓ, ਸਭ ਕੰਮ ਬਣ ਜਾਂਦੇ ਹਨ। ਮੈਂ ਘਰੇਲੂ ਔਰਤ ਸੀ, ਕੰਮ ਦਾ ਕੋਈ ਤਜਰਬਾ ਨਹੀਂ ਸੀ। ਬੱਚੇ ਛੋਟੇ ਛੋਟੇ ਸਨ। ਮੇਰੇ ਅਰਦਾਸ ਕਰਨ 'ਤੇ ਸ੍ਰੀ ਸਤਿਗੁਰੂ ਜੀ ਨੇ ਮੈਨੂੰ ਅੱਗੇ ਵੱਧਣ ਦਾ ਰਸਤਾ ਵਿਖਾਇਆ ਅਤੇ ਮੌਕੇ ਦਿਤੇ।

ਸੰਨ 1998 'ਚ ਮੈਨੂੰ ਸਲੋਹ ਐਂਡ ਈਟਨ ਸੈਕੰਡਰੀ ਸਕੂਲ ਵਿਖੇ E.A.L ਟੀਚਰ (english as a second language teacher) ਦੀ ਨੌਕਰੀ ਮਿਲ ਗਈ। ਸੰਨ 1999 ਵਿਚ ਸਲੋਹ ਗਰਾਮਰ ਸਕੂਲ ਵਿਚ ਹਿੰਦੀ ਅਤੇ ਪੰਜਾਬੀ ਟੀਚਰ ਦੀ ਨੌਕਰੀ ਮਿਲੀ। ਸੰਨ 1999 ਵਿਚ ਹੀ S.E.N ( Teacher special need children/ blind) ਦੀ ਨੌਕਰੀ ਮਿਲੀ। ਸੰਨ 2002 ਵਿਚ ਮਨਿਸਟਰੀ ਆਫ ਡਿਫੈਂਸ ਵਿਚ ਹਿੰਦੀ ਟੀਚਰ ਦੀ ਨੌਕਰੀ ਮਿਲੀ ਜਿੱਥੇ ਮੈਂ ਬ੍ਰਿਟਿਸ਼ ਆਰਮੀ soldiers ਨੂੰ diploma level ਹਿੰਦੀ ਪੜ੍ਹਾਈ। ਸ੍ਰੀ ਸਤਿਗੁਰੂ ਜੀ ਨੇ ਮੈਨੂੰ ਹੁਕਮ ਕੀਤਾ ਕਿ ਮੈਨੂੰ ਗੋਰਿਆਂ ਨੂੰ ਪੜ੍ਹਾਉਂਦਿਆਂ ਦੀ ਵੀ.ਡੀ. ਓ ਭੇਜ। ਉਸ ਤੋਂ ਬਾਅਦ ਟੀ.ਵੀ ਵਾਲਿਆਂ ਨੇ ਮੇਰੇ ਲੈਸਨ ਦੀ ਵੀ.ਡੀ.ਓ ਬਣਾ ਕੇ ਟੀਚਰ ਵੈਬਸਾਇਟ 'ਤੇ ਪਾਈ।

ਸੰਨ 2004 ਵਿਚ ਮੈਂ defence school of languages ਲੈਂਗਲੀਵੁਡ ਸਕੂਲ ਵਿਚ ਹਿੰਦੀ,ਪੰਜਾਬੀ ਦੀ E.A.L ਟੀਚਰ 18 ਮਹੀਨੇ ਰਹੀ। ਇਸੇ ਸਾਲ ਮੈਂ P.G.C.A ( post graduate certificate in education) ਸ਼ੁਰੂ ਕੀਤੀ। ਇਹ ਯੂ.ਕੇ. ਵਿਚ ਗਰੈਜੂਏਸ਼ਨ ਤੋਂ ਬਾਅਦ compulsory teacher training ਹੈ। ਇਹ 2 ਸਾਲ ਦਾ ਕੋਰਸ ਮੈਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ 6 ਮਹੀਨੇ ਵਿਚ university of London goldsmith college ਤੋਂ ਕਰ ਲਿਆ। ਕਾਲਜ ਵਾਲੇ ਇਤਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਮੈਨੂੰ ਕਈ ਪ੍ਰੋਜੈਕਟਾਂ ਵਿਚ ਸ਼ਾਮਲ ਕਰ ਲਿਆ। ਬੀ.ਬੀ.ਸੀ. ਟੈਲੀਵੀਜ਼ਨ ਵਾਲਿਆਂ ਨੇ ਪੰਜਾਬੀ ਭਾਸ਼ਾ ਬਾਰੇ ਮੇਰੀ ਇੰਟਰਵਿਯੂ ਲਈ ਅਤੇ ਇਸ ਨੂੰ ਇੰਟਰਨੈਟ 'ਤੇ ਪਾਇਆ।

ਸੰਨ 2005 ਤੋਂ ਹੁਣ ਮੈਂ ਜਿਹੜੇ ਸਕੂਲ 'ਚ ਕੰਮ ਕਰਦੀ ਹਾਂ ਉਥੇ ਮੇਰਾ ਆਪਣਾ ਪੰਜਾਬੀ ਡਿਪਾਰਟਮੈਂਟ ਹੈ। ਮੈਂ ਕਮਿਯੂਨਿਟੀ languages ਦੀ head ਹਾਂ। ਹਰ ਸਾਲ ਕ੍ਰੀਬ 50 ਬੱਚੇ G.C.S.E. Qualification ਮੇਰੇ under ਪ੍ਰਾਪਤ ਕਰਦੇ ਹਨ। ਮੈਂ ਐਸ ਵੇਲੇ ਯੂ.ਕੇ. ਦੀ upper scale teacher ਹਾਂ। ਮੈਂ ਯੂ.ਕੇ. ਦੇ ਸਪੈਸ਼ਲਿਸਟ ਸਕੂਲ ਟਰੱਸਟ ਦੇ ਇਕ ਪ੍ਰੋਜੈਕਟ ਵਿਚ ਸ਼ਾਮਲ ਹਾਂ ਜਿਥੇ complimentry ਸਕੂਲ ਟੀਚਰਾਂ ਨੂੰ ਪੰਜਾਬੀ ਸਿਖਾਉਣ ਦੀ ਟਰੇਨਿੰਗ ਦਿੱਤੀ ਜਾਂਦੀ ਹੈ।

ਬੀਬੀ ਨਰਿੰਦਰ ਕੌਰ ਦੀ ਵੱਡੀ **ਬੇਟੀ ਆਤਮਾ ਕੌਰ** egham royal Holloway university ਤੋਂ astro physics ਦੀ master degree ਕਰ ਰਹੀ ਹੈ। ਇਸ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਕ ਵੱਡ ਅਕਾਰੀ ਅਦੱਭੁਤ ਪੇਂਟਿੰਗ 2 ਸਾਲ ਵਿਚ ਬਣਾਈ ਹੈ। ਇਸ ਦਾ ਜ਼ਿਕਰ ਚਿੱਤਰਕਾਰ ਬੀਬੀਆਂ ਵਿਚ ਕੀਤਾ ਗਿਆ ਹੈ।(22 ਦਸੰਬਰ ਸੰਨ 2010 ਨੂੰ ਸਾਰੇ ਪਰਿਵਾਰ ਨੇ ਸ੍ਰੀ ਭੈਣੀ ਸਾਹਿਬ ਆ ਕੇ ਇਹ ਪੇਂਟਿੰਗ ਸ੍ਰੀ ਸਤਿਗੁਰੂ ਜੀ ਨੂੰ ਭੇਂਟ ਕਰ ਖੁਸ਼ੀਆਂ ਪ੍ਰਾਪਤ ਕੀਤੀਆਂ)

**ਛੋਟੀ ਬੇਟੀ ਆਸਾ ਕੌਰ** ਸਾਇੰਸ ਦਾ ਵਿਸ਼ਾ ਲੈ ਕੇ 12ਵੀਂ ਕਲਾਸ 'ਚ ਪੜ੍ਹਦੀ ਹੈ ਅਤੇ ਬੇਟੇ ਅਵਤਾਰ ਸਿੰਘ ਨੇ physics ਦੀ masters ਕੀਤੀ ਹੈ ਅਤੇ actuary ਦੀ job ਕਰਦਾ ਹੈ।

**ਪ੍ਰਿੰ. ਸਤਵੰਤ ਕੌਰ ਦਿੱਲੀ–** ( ਸੂਬਾ ਗੰਡਾ ਸਿੰਘ ਜੀ ਦੀ ਪੋਤੀ ਅਤੇ ਗਿਆਨੀ ਜਸਵੰਤ ਸਿੰਘ ਦੀ ਸਪੁੱਤਰੀ) ਇਹ ਸ. ਅਵਤਾਰ ਸਿੰਘ ਦੀ ਸੁਪਤਨੀ ਹਨ। ਪੰਜ ਨਵੰਬਰ ਸੰਨ 1991 ਨੂੰ ਜਦੋਂ ਤੋਂ ਦਿੱਲੀ ਵਿਖੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਖੋਲ੍ਹਿਆ ਗਿਆ ਹੈ, ਉਦੋਂ ਤੋਂ ਇਹ ਇਸ ਸਕੂਲ ਵਿਚ ਪੜ੍ਹਾ ਰਹੇ ਹਨ। ਇਨ੍ਹਾਂ ਨੇ ਸੰਗੀਤ ਅਤੇ ਇਕਨੌਮਿਕਸ ਦੀ ਐਮ. ਏ. ਕੀਤੀ ਹੈ ਤੇ ਬੀ. ਐਡ ਵੀ ਕੀਤੀ ਹੋਈ ਹੈ। ਸੰਨ 1998 ਤੋਂ ਇਹ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਵਾਇਸ ਪ੍ਰਿੰਸੀਪਲ ਅਤੇ ਸੰਨ 2003 ਤੋਂ ਪ੍ਰਿੰਸੀਪਲ ਬਣੇ ਹਨ।

**ਬੀਬੀ ਭੁਪਿੰਦਰ ਕੌਰ–** ਇਹ ਸੂਬਾ ਗੰਡਾ ਸਿੰਘ ਦੀ ਪੋਤੀ ਅਤੇ ਸ. ਬੇਅੰਤ ਸਿੰਘ ਦੀ ਸਪੁੱਤਰੀ ਹਨ। ਸ. ਗੁਰਚਰਨ ਸਿੰਘ ਮੰਡੀ ਦੀ ਸੁਪਤਨੀ ਹਨ। ਰਾਜੌਰੀ ਗਾਰਡਨ ਦਿੱਲੀ ਵਿਖੇ ਇਨ੍ਹਾਂ ਨੇ little kingdom ਸਕੂਲ ਖੋਲ੍ਹਿਆ ਹੋਇਆ ਹੈ ਅਤੇ ਇਸ ਨੂੰ ਕੁਸ਼ਲਤਾ ਨਾਲ ਚਲਾ ਰਹੇ ਹਨ।

**ਬੀਬੀ ਅਮਨਪ੍ਰੀਤ ਕੌਰ–** ਸੁਪਤਨੀ ਸ. ਕਰਤਾਰ ਸਿੰਘ ( ਸਪੁੱਤਰ ਨੰਬਰਦਾਰ ਸ.ਬਲਤੇਜ ਸਿੰਘ ਜੰਡਵਾਲੀਏ ਪਿੰਡ ਘੁਮਿਆਰਾ ਜ਼ਿਲ੍ਹਾ ਮੁਕਤਸਰ ਸਪੁੱਤਰ ਸੰਤ ਗੁਰਦਿਆਲ ਸਿੰਘ) ਨੇ ਬੀ.ਐਸ.ਸੀ ਬਾਇਓਕੈਮਿਸਟਰੀ ਅਤੇ ਐਮ.ਬੀ.ਏ.ਕੀਤੀ ਹੈ। ਆਪ ਨੇ ਯੂ ਫਲੈਕਸ ਕੰਪਨੀ ਨਿਊਡਾ ਵਿਖੇ ਨੌਕਰੀ ਕੀਤੀ। ਫਿਰ ਆਪ ਨੇ I .M.R.B. international company ਬੰਗਲੌਰ ਵਿਖੇ ਕੰਨਸਲਟੈਂਟ ਦੀ ਨੌਕਰੀ ਕੀਤੀ। ਫਿਰ ਆਪ ਸਤਯਮ ਕੰਪਿਊਟਰਸ ਬੰਗਲੌਰ ਵਿਚ ਮੈਨੇਜਰ ਰਹੇ। ਹੁਣ ਆਪ ਅਮੀਟੀ ਯੂਨੀਵਰਸਿਟੀ ਨੋਇਡਾ ਦਿੱਲੀ ਵਿਖੇ ਲੈਕਚਰਾਰ ਹਨ। ਨਾਲ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਇਕਨੌਮਿਕਸ ਦੀ ਪੀ.ਐਚ.ਡੀ. ਕਰ ਰਹੇ ਹਨ। ਇਨ੍ਹਾਂ ਦੇ ਪਤੀ ਸ. ਕਰਤਾਰ ਸਿੰਘ ਕੈਮੀਕਲ ਦੀ Alfa Aesar ਕੰਪਨੀ ਨੋਇਡਾ ਵਿਚ ਰੀਜ਼ਨਲ ਸੇਲਜ਼ ਮੈਨੇਜਰ ਹਨ।

**ਬੀਬੀ ਪਰਮਜੀਤ ਕੌਰ–** ਸਪੁੱਤਰੀ ਸ. ਧਿਆਨ ਸਿੰਘ ਤੇ ਬੀਬੀ ਕਰਤਾਰ ਕੌਰ ਅੰਮ੍ਰਿਤਸਰ। ਇਹ (ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ ਦੇ ਭਰਾ) ਸ. ਮੋਹਨ ਸਿੰਘ (ਸਪੁੱਤਰ ਸਵ.ਸ. ਗੁਰਚਰਨ ਸਿੰਘ ਖਰਲ ਤੇ ਬੀਬੀ ਗੁਰਦੇਵ ਕੌਰ) ਦੀ ਸੁਪਤਨੀ ਹਨ। ਸ. ਮੋਹਨ ਸਿੰਘ ਰਿਟਾਯਰਡ ਡਾਇਰੈਕਟਰ ਮਨਿਸਟਰੀ ਆਫ ਹੈਲਥ ਦਿੱਲੀ ਹਨ।

ਬੀਬੀ ਪਰਮਜੀਤ ਕੌਰ ਨੇ ਐਮ.ਏ. ਪੰਜਾਬੀ ਅਤੇ ਬੈਚਲਰ ਇਨ ਲਾਈਬ੍ਰੇਰੀ ਸਾਇੰਸ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕੀਤੀ ਹੈ। ਆਪ ਨੇ masters in library & information science ( m.lib) ਤੋਂ ਇਲਾਵਾ P.G. Diploma, Annamalai ਯੂਨੀਵਰਸਿਟੀ ਤੋਂ ਕੀਤਾ ਹੈ। ਸੰਗੀਤ ਭੂਸ਼ਣ ਭਾਗ-1, ਕੱਥਕ ਡਾਂਸ ਡਿਪਲੋਮਾ, ਪ੍ਰਾਚੀਨ ਕਲਾ-ਕੇਂਦਰ ਚੰਡੀਗੜ੍ਹ ਤੋਂ ਕੀਤਾ ਹੈ। ਪਿਛਲੇ ਕਈ ਸਾਲਾਂ ਤੋਂ ਇਹ ਮੀਰਾ ਮਾਡਲ ਸਕੂਲ ਦਿੱਲੀ ਵਿਚੇ ਸੀਨੀਅਰ ਲਾਈਬ੍ਰੇਰੀਅਨ ਦੀ ਨੌਕਰੀ ਕਰ ਰਹੇ ਹਨ। ਇਹ ਇੰਡੀਅਨ ਲਾਈਬ੍ਰੇਰੀ ਐਸੋਸੀਏਸ਼ਨ ਦੇ ਕਾਰਜਕਾਰਨੀ ਮੈਂਬਰ ਹਨ ਅਤੇ ਐਸੋਸੀਏਸ਼ਨ ਸਕੂਲ ਲਾਈਬ੍ਰੇਰੀਜ਼ ਦੇ ਜਨਰਲ ਸੱਕਤਰ ਹਨ। ਇਨ੍ਹਾਂ ਦੀ ਬੇਟੀ ਅਸਮਿਤਾ ਸਿੰਘ ਸੁਪਤਨੀ ਸ੍ਰੀ ਅਭਿਸ਼ੇਕ ਗਰੋਵਰ, ਦਿੱਲੀ ਦੇ ਕਾਲਜ ਵਿਚ ਫੈਸ਼ਨ ਡਿਜ਼ਾਇਨਿੰਗ ਦੀ ਪ੍ਰੋਫੈਸਰ ਹੈ।

**ਬੀਬੀ ਸੁਰਿੰਦਰ ਕੌਰ –** (ਸੁਪਤਨੀ ਸ. ਸਰਦੂਲ ਸਿੰਘ ਰੰਧਾਵਾ ਸਪੁੱਤਰ ਸੰਤ ਸੌਦਾਗਰ ਸਿੰਘ ਕੱਕੇਕੇ) ਆਪ ਸ. ਸ਼ਰਨਪਾਲ ਸਿੰਘ ਰੰਧਾਵਾ ਦੇ ਮਾਤਾ ਜੀ ਹਨ, ਆਪ ਸਰਕਾਰੀ ਕਾਲਜ ਮੁਕੇਰੀਆਂ ਅਤੇ ਗੁਰਦਾਸਪੁਰ ਵਿਖੇ ਸਮੇਂ ਸਮੇਂ 'ਤੇ ਪ੍ਰਿੰਸੀਪਲ ਰਹਿ ਚੁੱਕੇ ਹਨ। ਅੱਜ ਕੱਲ੍ਹ ਰਿਟਾਯਰਡ ਹਨ ਤੇ ਚੰਡੀਗੜ੍ਹ ਰਹਿੰਦੇ ਹਨ।

**ਬੀਬੀ ਮਨਫੂਲ ਕੌਰ–** ਆਪ ਪੰਜਾਬ ਪੁਲਿਸ ਚੰਡੀਗੜ੍ਹ ਦੀ ਨੌਕਰੀ ਤੋਂ ਰਿਟਾਇਰ ਹੋਏ ਹਨ। ਆਪ ਸ. ਜੋਗਿੰਦਰ ਸਿੰਘ ਮੁਹਾਲੀ ਦੀ ਸੁਪਤਨੀ ਹਨ।

**ਬੀਬੀ ਜਸਵੰਤ ਕੌਰ–** (ਸੁਪਤਨੀ ਰਿਟਾਯਰਡ ਸ. ਦਰਸ਼ਨ ਸਿੰਘ ਖਰੜ ਜਿਹੜੇ ਭਾਖੜਾ ਵਿਕਾਸ ਬੋਰਡ ਦੀ ਨੌਕਰੀ ਕਰਦੇ ਸਨ) ਪੰਜਾਬ ਸੈਕਟਰੀਏਟ ਚੰਡੀਗੜ੍ਹ ਵਿਖੇ ਅਸਿਸਟੈਂਟ ਸੁਪਰਡੈਂਟ ਹਨ।

**ਬੀਬੀ ਕੁਲਵਿੰਦਰ ਕੌਰ–** ਸੁਪਤਨੀ ਸਵ. ਸ. ਸਤਵੰਤ ਸਿੰਘ ਖਰੜ, ਸੈਕਟਰੀਏਟ ਦੇ ਦਫਤਰ ਸੈਕਟਰ 9

ਚੰਡੀਗੜ੍ਹ ਵਿਖੇ ਅਸਿਸਟੈਂਟ ਡੀ.ਜੀ.ਪੀ. ਹਨ।

**ਬੀਬੀ ਦਵਿੰਦਰ ਕੌਰ–** ਸਪੁੱਤਰੀ ਸੰਤ ਜੈ ਸਿੰਘ (ਸੂਬਾ ਪਰਮਜੀਤ ਸਿੰਘ ਚੰਡੀਗੜ੍ਹ ਦੀ ਭੈਣ) ਅਤੇ ਸ. ਚਮਕੌਰ ਸਿੰਘ ਦੀ ਸੁਪਤਨੀ,ਚੰਡੀਗੜ੍ਹ ਸੈਕਟਰੀਏਟ ਵਿਖੇ ਹੋਮ ਡਿਪਾਰਟਮੈਂਟ ਵਿਚ ਸੁਪਰਡੈਂਟ ਹਨ। ਇਨ੍ਹਾਂ ਦੀ ਪੁੱਤਰੀ ਨਵਜੋਤ ਕੌਰ ਇਨਫਰਮੇਸ਼ਨ ਟੈਕਨੌਲੋਜੀ ਦਾ ਕੋਰਸ ਕਰਨ ਲਈ ਕੈਨੇਡਾ ਗਈ ਹੈ।

**ਬੀਬੀ ਜਸਪ੍ਰੀਤ ਕੌਰ–** ਆਪ, ਡਾ. ਪਰਮਿੰਦਰ ਸਿੰਘ ਦੰਦਾਂ ਦੇ ਡਾਕਟਰ ਦੀ ਸੁਪਤਨੀ ਹਨ । ਇਨ੍ਹਾਂ ਨੇ ਕੰਪਿਯੂਟਰ ਦੀ ਐਮ.ਬੀ.ਏ. ਕੀਤੀ ਹੋਈ ਹੈ। ਆਪ ਲੁਧਿਆਣਾ ਵਿਖੇ ਪੰਜਾਬ ਨੈਸ਼ਨਲ ਬੈਂਕ ਵਿਚ ਅਸਿਸਟੈਂਟ ਮੈਨੇਜਰ ਹਨ। ਆਪ ਸ. ਜਸਵਿੰਦਰ ਸਿੰਘ ਬਨਾਰਸ ਦੀ ਬੇਟੀ ਅਤੇ ਸ. ਮਨਜੀਤ ਸਿੰਘ ਬਨਾਰਸ ਦੀ ਭਤੀਜੀ ਹਨ।

**ਬੀਬੀ ਰਜਨੀਸ਼ ਕੌਰ–** ਇਹ ਸ.ਤਾਰਾ ਸਿੰਘ ਅਤੇ ਬੀਬੀ ਜਸਪਾਲ ਕੌਰ ਦੀ ਸਪੁੱਤਰੀ ਹੈ। ਸ.ਜਤਿੰਦਰਪਾਲ ਸਿੰਘ ਬੁੰਗਾ ਦੀ ਸਪੁਤਨੀ ਹੈ। ਇਹ ਸ਼ਿਵਾਲਿਕ, ਨਵੀਂ ਦਿੱਲੀ ਵਿਖੇ ਰਹਿੰਦੇ ਹਨ। ਇਨ੍ਹਾਂ ਨੇ ਐਮ.ਬੀ.ਏ ਅਤੇ ਐਮ.ਕਾਮ ਕੀਤੀ ਹੋਈ ਹੈ। ਇਹ ਓਰੀਏਂਟਲ ਬੈਂਕ ਆਫ ਕਮਰਸ ਵਿਚ ਅਫਸਰ ਹਨ।

**ਬੀਬੀ ਕਮਲਜੀਤ ਕੌਰ–** ਇਹ ਸ. ਤ੍ਰਿਲੋਕ ਸਿੰਘ ਭੰਵਰਾ ਦੀ ਸਪੁੱਤਰੀ ਅਤੇ ਸ. ਤਾਰਾ ਸਿੰਘ ਅਨਜਾਣ ਦੀ ਨੂੰਹ ਹਨ। ਸ. ਅਜੀਤ ਸਿੰਘ ਸੱਗੂ, ਜਨਰਲ ਸਕੱਤਰ ਨਾਮਧਾਰੀ ਸੰਗਤ ਸਾਊਥਾਲ (ਯੂ.ਕੇ.) ਦੀ ਸੁਪਤਨੀ ਹਨ। ਯੂ.ਕੇ. ਸਕੂਲ ਵਿਚ ਟੀਚਰ ਹਨ।

**ਬੀਬੀ ਰਜਨੀਸ਼ ਕੌਰ–** ਇਹ ਸ. ਨਿਰਮਲ ਸਿੰਘ ਗੱਤਾ ਮਿੱਲ ਗਾਜ਼ਿਆਬਾਦ (ਹੁਣ ਦਿੱਲੀ) ਅਤੇ ਬੀਬੀ ਸੁਰਿੰਦਰ ਕੌਰ ਦੀ ਬੇਟੀ ਹੈ। ਇਸ ਨੇ ਫਿਲਾਸਫੀ ਦਾ ਵਿਸ਼ਾ ਲੈ ਕੇ ਗ੍ਰੈਜੂਏਸ਼ਨ ਕੀਤੀ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਨ 1995 'ਚ ਇਸ ਨੇ ਆਈ.ਏ.ਐਸ. ਦਾ ਇਮਤਿਹਾਨ ਦਿੱਤਾ ਸੀ। ਇਹ ਸ. ਅਮਰਜੀਤ ਸਿੰਘ ਭੁਰਜੀ (ਭੁਰਜੀ ਮਸ਼ੀਨ ਟੂਲਜ਼ ਵਾਲੇ) ਲੁਧਿਆਣਾ ਦੀ ਸੁਪਤਨੀ ਹੈ। ਆਪਣੀ ਇਸ ਫੈਕਟਰੀ 'ਚ ਬੀਬੀ ਰਜਨੀਸ਼ ਕੌਰ export unit ਦਾ ਕੰਮ ਸੰਭਾਲਦੇ ਹਨ। ਮੈਲਬੌਰਨ (ਆਸਟਰੇਲੀਆ) ਵਿਖੇ ਵੀ ਇਨ੍ਹਾਂ ਦਾ ਘਰ ਹੈ।

**ਬੀਬੀ ਸੁਰਿੰਦਰ ਕੌਰ–** ਸਪੁੱਤਰੀ ਪੰ. ਜਸਵੰਤ ਸਿੰਘ ਨਾਮਧਾਰੀ ਅਤੇ ਸੁਪਤਨੀ ਸ. ਰਾਜਿੰਦਰ ਸਿੰਘ ਲੁਧਿਆਣਾ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵਿਖੇ ਅਕੈਡਮੀ ਦੇ ਦਫਤਰ ਵਿਚ ਸਟੈਨੋ ਹੈ।

**ਬੀਬੀ ਪੂਨਮ ਰੇਣੂੰ–** ਜੰਮੂ ਯੂਨੀਵਰਸਿਟੀ ਤੋਂ ਸੋਸ਼ਿਓਲੋਜੀ ਵਿਚ ਐਮ.ਏ ਕਰਨ ਮਗਰੋਂ ਐਮ.ਫਿਲ "religion,identity and community- a socio- cultural profile of namdhari Sikhs in jammu region" ਵਿਸ਼ੇ 'ਤੇ ਕੀਤੀ ਹੈ। ਅੱਜ ਕੱਲ੍ਹ ਇਹ ਜੰਮੂ ਯੂਨੀਵਰਸਿਟੀ ਵਿਖੇ, ਸੋਸ਼ਿਓਲੋਜੀ (ਸਮਾਜ ਸ਼ਾਸਤਰ) ਡਿਪਾਰਟਮੈਂਟ ਵਿਚ ਲੈਕਚਰਾਰ ਹੈ । ਪੀ.ਐਚ.ਡੀ. ਦੀ ਤਿਆਰੀ ਕਰ ਰਹੀ ਹੈ।

**ਬੀਬੀ ਵਿਸ਼ਵਦੀਪ ਕੌਰ–** ਇਹ ਸੂਬਾ ਜਗੀਰ ਸਿੰਘ ਛਾਪਿਆਂ ਵਾਲੀ ਮੁਕਤਸਰ ਦੀ ਪੋਤੀ ਅਤੇ ਸ. ਜਸਬੀਰ ਸਿੰਘ ਦੀ ਸਪੁੱਤਰੀ ਹੈ। ਇਸ ਨੇ ਸੰਨ 2010 ਵਿਚ ਇਲੈਕਟ੍ਰੋਨਿਕ ਅਤੇ ਕਮਿਯੂਨੀਕੇਸ਼ਨ ਵਿਚ ਬੀ.ਟੈਕ. ਕੀਤੀ ਹੈ। ਅੱਜ ਕੱਲ੍ਹ ਇਹ ਗੁਰੂ ਤੇਗ ਬਹਾਦਰ ਖਾਲਸਾ ਇੰਜਨੀਅਰਿੰਗ ਅਤੇ ਟੈਕਨਾਲਿਜੀ ਕਾਲਜ ਛਾਪਿਆਂਵਾਲੀ, ਤਹਿਸੀਲ ਮਲੋਟ, ਜ਼ਿਲ੍ਹਾ ਮੁਕਤਸਰ ਵਿਖੇ ਲੈਕਚਰਾਰ ਹੈ।

**ਬੀਬੀ ਸਤਵਿੰਦਰ ਕੌਰ–** ਇਹ 'ਰੋਜ਼ਾਨਾ ਮਿਹਨਤ' ਅਖਬਾਰ ਜਲੰਧਰ ਵਿਖੇ ਪੱਤਰਕਾਰ ਹਨ। ਇਹ ਮਹਿਲਾ ਮੰਡਲ ਦੇ ਪ੍ਰਧਾਨ ਵੀ ਹਨ। ਇਹ ਸ. ਸੁਖਵੰਤ ਸਿੰਘ ਕੰਗ ਪਿੰਡ ਨਿਹਾਲਗੜ੍ਹ (ਕਪੂਰਥਲਾ) ਦੀ ਸੁਪਤਨੀ ਹਨ। ਇਨ੍ਹਾਂ ਦੀਆਂ ਬੇਟੀਆਂ ਰਣਜੀਤ ਕੌਰ ਤੇ ਪ੍ਰਭਜੋਤ ਕੌਰ ਹਨ।

**ਡਾ.ਰਣਜੀਤ ਕੌਰ–** ਹਿੰਦੂ ਕੰਨਿਆ ਕਾਲਜ ਕਪੂਰਥਲਾ ਵਿਖੇ ਲੈਕਚਰਾਰ ਹੈ। ਇਸ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ 'ਨਾਮਧਾਰੀ ਲਹਿਰ ਦੀ ਕਵਿਤਾ' ਵਿਸ਼ੇ 'ਤੇ ਪੀ.ਐਚ ਡੀ.ਕੀਤੀ ਹੈ। ਇਹ ਸ. ਰਾਜਵਰਿੰਦਰ ਸਿੰਘ ਚੀਮਾ, ਭੁੱਲਥ (ਕਪੂਰਥਲਾ) ਦੀ ਸੁਪਤਨੀ ਹੈ।

**ਬੀਬੀ ਪ੍ਰਭਜੋਤ ਕੌਰ–** ਸਰਕਾਰੀ ਹਸਪਤਾਲ ਲਾਲੜੂ ਵਿਖੇ ਸਟਾਫ ਨਰਸ ਹੈ। ਇਸ ਦੇ ਪਤੀ ਸ. ਗੁਰਮੀਤ ਸਿੰਘ

ਇੰਜਨੀਅਰ ਹਾਂਡਾ ਆਟੋਮੋਬਾਇਲਜ਼ ਮੁਹਾਲੀ ਹਨ ਤੇ ਖਰੜ ਰਹਿੰਦੇ ਹਨ।

**ਬੀਬੀ ਜਗਜੀਤ ਕੌਰ ਬੇਬੀ–** ਸਪੁੱਤਰੀ ਸੰਤ ਸੁਰਿੰਦਰ ਸਿੰਘ ਗੰਭੀਰ ਸ਼ਿਮਲਾ ਵਾਲੇ (ਸਪੁੱਤਰ ਸੰਤ ਪਿਆਰਾ ਸਿੰਘ ਮੰਡੀ ਹਿਮਾਚਲ) ਅਤੇ ਬੀਬੀ ਜਸਬੀਰ ਕੌਰ। ਇਨ੍ਹਾਂ ਨੇ ਬੀ.ਏ. ਕਰਨ ਮਗਰੋਂ ਇੰਸਨੀਟਿਯੂਟ ਆਫ ਮੈਨੇਜਮੈਟ ਸ਼ਿਮਲਾ ਤੋਂ ਹੋਟਲ ਮੈਨੇਜਮੈਂਟ ਦਾ ਡਿਪਲੋਮਾ ਕੀਤਾ।

ਇਸ ਨੇ ਸੰਨ 1985 ਤੋਂ 1999 ਤੀਕ manufacturing of housery of handycraft ਦੀ ਫੈਕਟਰੀ ਚਲਾਈ। ਸੰਨ 1996 ਚ ਦਿੱਲੀ ਵਿਖੇ ਅੰਤਰ ਰਾਸ਼ਟਰੀ ਵਪਾਰ ਮੇਲਾ (international trade fair) ਲੱਗਿਆ ਤਾਂ ਇਨ੍ਹਾਂ ਨੂੰ best salesmanship ਦਾ award ਮਿਲਿਆ। ਹਿਮਾਚਲ ਵਿਚ ਰਾਮਪੁਰ ਲਵੀ ਦੇ ਮੇਲੇ ਵਿਚ ਇਨ੍ਹਾਂ ਨੇ handy craft ਦਾ ਦੂਜਾ ਇਨਾਮ ਹਾਸਲ ਕੀਤਾ।

ਐਕੂਪ੍ਰੈਸ਼ਰ, ਮੈਗਨਟ ਥੈਰੇਪੀ, ਵੈਕਯੂਮ ਥੈਰੇਪੀ, ਸ਼ਿਅਸਤੂ (shyastu) ਮਸਾਜ ਅਤੇ ਰੇਕੀ ਦਾ ਕਲੀਨਿਕ ਵੀ ਇਹ ਸ਼ਿਮਲਾ ਵਿਖੇ ਚਲਾਉਂਦੇ ਰਹੇ ਹਨ। ਸੰਨ 2010 ਤੋਂ ਇਹ ਸ਼ਿਮਲਾ ਤੋਂ ਮੁਹਾਲੀ ਆ ਗਏ ਹਨ। ਇਨ੍ਹਾਂ ਨੇ ਬੀ.ਏ.ਐਮ. ਐਸ ਤੇ ਐਮ.ਡੀ. ਕਰ ਲਈ ਹੈ ਅਤੇ ਯੋਗ ਅਤੇ ਨੈਚੁਰੋਪੈਥੀ ਦੀ ਡਾਕਟਰ ਦੀ ਨੌਕਰੀ ਕਰ ਰਹੇ ਹਨ। ਇਨ੍ਹਾਂ ਦੀ ਬੇਟੀ **ਸਿਮਰਨ ਕੌਰ (ਪੂਜਾ)** ਬੀਬੀ ਸ. ਜਗਜੀਤਪਾਲ ਸਿੰਘ ਲੁਧਿਆਣਾ ਦੀ ਸੁਪਤਨੀ ਹੈ। ਇਸ ਨੇ ਬੀ.ਸੀ.ਏ. ਅਤੇ ਐਨ. ਟੀ. ਟੀ. ਕੀਤੀ ਹੋਈ ਹੈ। ਇਹ ਬੀ.ਐਡ. ਕਰ ਰਹੀ ਹੈ।

**ਬੀਬੀ ਰਤਨਜੀਤ ਕੌਰ ਪਿੰਕੀ–** ਇਹ ਸੰਤ ਸੁਰਿੰਦਰ ਸਿੰਘ ਗੰਭੀਰ ਸ਼ਿਮਲਾ ਵਾਲਿਆਂ ਦੀ ਬੇਟੀ ਅਤੇ ਜਗਜੀਤ ਕੌਰ ਦੀ ਛੋਟੀ ਭੈਣ ਹਨ। ਇਹ ਸ. ਤੇਜਪਾਲ ਸਿੰਘ ਹੰਸਪਾਲ ( ਕੈਮਿਸਟ) ਅੰਮ੍ਰਿਤਸਰ ਵਾਲਿਆਂ ਦੀ ਪਤਨੀ ਹਨ। ਇਨ੍ਹਾਂ ਨੇ ਅੰਗ੍ਰੇਜੀ ਅਤੇ ਸਮਾਜ ਸ਼ਾਸ਼ਤਰ ਦੀ ਐਮ.ਏ. ਕੀਤੀ ਹੋਈ ਹੈ। ਬੀ.ਐੱਡ ਅਤੇ d.p.m. ( diploma in personal management ) ਅਤੇ L.L.B. ਵੀ ਕੀਤੀ ਹੋਈ ਹੈ।

ਇਹ ਸੰਨ 1987 ਤੋਂ 1993 ਤੀਕ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਵਿਖੇ ਪੜ੍ਹਾਉਂਦੇ ਰਹੇ। ਇਨ੍ਹਾਂ ਨੇ ਕਾਕਾ ਜੈ ਸਿੰਘ ਅਤੇ ਗੁੱਡੀ ਜੈ ਕੌਰ ( ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੋਹਤਾ ਦੋਹਤੀ ) ਨੂੰ ਪੜ੍ਹਾਇਆ। ਵਿਆਹ ਮਗਰੋਂ ਇਹ ਅੰਮ੍ਰਿਤਸਰ ਚਲੇ ਗਏ। ਸੰਨ 1993 ਤੋਂ ਬਾਅਦ ਇਹ ਪ੍ਰਤਾਪ ਪੈਰਾਮਾਉਂਟ ਪਬਲਿਕ ਸਕੂਲ ਵਿਖੇ ਸੰਨ 2010 ਤੀਕ ਪ੍ਰਿੰਸੀਪਲ ਰਹੇ। ਸੰਨ 2010 ਤੋਂ ਆਪਣਾ ਸਕੂਲ mother pride garden ਚਲਾਉਣਾ ਸ਼ੁਰੂ ਕਰ ਲਿਆ ਹੈ।

**ਬੀਬੀ ਮਨਜੀਤ ਕੌਰ–** ਇਹ ਸੰਤ ਸੁਰਿੰਦਰ ਸਿੰਘ ਸ਼ਿਮਲਾ ਵਾਲਿਆਂ ਦੀ ਬੇਟੀ ਅਤੇ ਜਗਜੀਤ ਕੌਰ ਬੇਬੀ ਤੇ ਰਤਨਜੀਤ ਕੌਰ ਪਿੰਕੀ ਦੀ ਭੈਣ ਹਨ। ਇਹ ਸ. ਅਜੀਤ ਸਿੰਘ ਲੁਧਿਆਣਾ ( ਸਪੁੱਤਰ ਸ. ਅਵਤਾਰ ਸਿੰਘ ਭੁਰਜੀ ਦਿੱਲੀ) ਦੀ ਪਤਨੀ ਹਨ। ਇਨ੍ਹਾਂ ਨੇ ਸਮਾਜ ਸ਼ਾਸ਼ਤਰ ਦੀ ਐਮ. ਏ. ਸ਼ਿਮਲਾ ਯੂਨੀਵਰਸਿਟੀ ਤੋਂ ਕੀਤੀ ਹੋਈ ਹੈ। ਇਨ੍ਹਾਂ ਨੇ ਕਾਲਰਾ ਹਸਪਤਾਲ ਦਿੱਲੀ ਵਿਖੇ ਤਿੰਨ ਸਾਲ ਪੀ.ਆਰ.ਓ. (ਪਬਲਿਕ ਰਿਲੇਸ਼ਨ, ਅਫਸਰ) ਦੀ ਨੌਕਰੀ ਕੀਤੀ।

**ਬੀਬੀ ਮੀਨੂੰ–** ਇਹ ਸ. ਰਾਜਿੰਦਰ ਸਿੰਘ ਭੰਗਵਾ ਅੰਮ੍ਰਿਤਸਰ ਦੀ ਸੁਪਤਨੀ ਹਨ। ਇਨ੍ਹਾਂ ਨੇ ਬੀ.ਏ. ਅਤੇ ਬੀ.ਐਡ ਕੀਤੀ ਹੋਈ ਹੈ। ਇਹ ਸੰਨ 1987 ਤੋਂ 1993 ਤੀਕ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਵਿਖੇ ਪੜ੍ਹਾਉਂਦੇ ਰਹੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੀਨੂੰ ਦੀ ਮਰਜ਼ੀ ਅਨੁਸਾਰ ਇਸ ਦਾ ਵਿਆਹ ਨਾਮਧਾਰੀ ਪਰਿਵਾਰ ਵਿਚ ਕੀਤਾ। ਵਿਆਹ ਮਗਰੋਂ ਸੰਨ 1994 ਤੋਂ ਇਹ secret touch public school (ਛੇਹਰਟਾ ਰੋਡ, ਅੰਮ੍ਰਿਤਸਰ) ਵਿਖੇ ਵਾਇਸ ਪ੍ਰਿੰਸੀਪਲ ਹਨ।

## ਵਧੇਰੇ ਪੜ੍ਹੀਆਂ ਤੇ ਪੜ੍ਹ ਰਹੀਆਂ ਬੀਬੀਆਂ

**ਬੀਬੀ ਉੱਜਲ ਕੌਰ–** ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪੜਪੋਤੀ ਅਤੇ ਸ੍ਰੀ ਉਦਯ ਸਿੰਘ ਤੇ ਬੀਬੀ ਗੁਰਸ਼ਰਨ ਕੌਰ ਦੀ ਸਪੁੱਤਰੀ ਹੈ । ਇਸ ਨੇ ਯੂ.ਐਸ.ਏ ਦੀ ਇੰਡੀਆਨਾ ਯੂਨੀਵਰਸਿਟੀ ਤੋਂ ਐਗਰੀਕਲਚਰ ਦੀ ਬੀ.ਏ. ਕੀਤੀ ਹੈ। ਇਥੋਂ ਹੀ plants ਦੀ genetics ਦੀ specialization ਕੀਤੀ ਹੈ। ਬੰਗਲੌਰ ਦੇ ਨਾਮਧਾਰੀ ਫਾਰਮ ਵਿਚ ਕੰਮ ਦਾ ਤਜਰਬਾ ਕਰਨ ਮਗਰੋਂ ਇਸ ਹਾਲੈਂਡ ਜਾ ਕੇ ਵੀ ਪੜ੍ਹਾਈ ਕੀਤੀ ਹੈ।

**ਬੀਬੀ ਬਿਸ਼ਨ ਕੌਰ–** ਇਹ ਸ. ਬਲਦੇਵ ਸਿੰਘ ਕਾਕੂ (ਮਾਤਾ ਚੰਦ ਕੌਰ ਜੀ ਦਾ ਭਤੀਜਾ) ਅਤੇ ਬੀਬੀ ਤੇਜਿੰਦਰ ਕੌਰ ਤੇਜੀ ਦੀ ਬੇਟੀ ਹੈ। ਇਹ ਸੂਬਾ ਦਰਸ਼ਨ ਸਿੰਘ ਨੈਰੋਬੀ ਦੀ ਦੋਹਤੀ ਹੈ। ਇਸ ਨੇ graphic designing ( visual arts) ਦੀ ਡਿਗਰੀ ਚੰਡੀਗੜ੍ਹ ਤੋਂ ਲਈ ਹੈ ਅਤੇ ਚੰਡੀਗੜ੍ਹ ਵਿਖੇ graphic designer ਦੀ ਨੌਕਰੀ ਵੀ ਕੀਤੀ ਹੈ।

**ਬੀਬੀ ਸਵਰਨ ਕੌਰ–** ਇਹ ਸੂਬਾ ਸਤਨਾਮ ਸਿੰਘ ਰੂਪਰਾਏ (ਪਹਿਲੋਂ ਨੈਰੋਬੀ ਹੁਣ ਆਸਟਰੇਲੀਆ) ਅਤੇ ਬੀਬੀ ਰਾਣੀ ਦੀ ਸਪੁੱਤਰੀ ਅਤੇ ਸੂਬਾ ਦਰਸ਼ਨ ਸਿੰਘ ਨੈਰੋਬੀ ਦੀ ਪੋਤੀ ਹੈ। ਇਹ ਆਸਟਰੇਲੀਆ ਵਿਖੇ ਈਵੈਂਟ ਮੈਂਨੇਜਮੈਂਟ ਦਾ ਕੋਰਸ ਕਰ ਰਹੀ ਹੈ। ਇਸ ਦੀਆਂ ਭੈਣਾਂ ਵਿਚੋਂ **ਬੀਬੀ ਸੰਤ ਕੌਰ** ਉਸੇ ਯੂਨੀਵਰਸਿਟੀ ਵਿਚ ਬਿਜ਼ਨਸ ਫਾਇਨਾਂਸ ਦੀ ਡਿਗਰੀ ਕਰ ਰਹੀ ਹੈ ਅਤੇ **ਬੀਬੀ ਸਤਵੰਤ ਕੌਰ** ਯੂਨੀਵਰਸਿਟੀ ਆਫ ਕੁਈਨਜ਼ਲੈਂਡ (ਯੂ.ਕੇ.) ਵਿਚ ਆਰਕੀਟੈਕਟ ਦਾ ਕੋਰਸ ਕਰ ਰਹੀ ਹੈ।

**ਬੀਬੀ ਕਮਲ ਦਵਿੰਦਰ ਕੌਰ –** ਇਹ ਸੂਬਾ ਦਰਸ਼ਨ ਸਿੰਘ ਨੈਰੋਬੀ ਦੀ ਦੋਹਤੀ ਹੈ। ਇਹ ਸ. ਦਲਜੀਤ ਸਿੰਘ ਭੰਵਰਾ ਯੂ.ਕੇ.ਅਤੇ ਬੀਬੀ ਰਜਿੰਦਰ ਕੌਰ ਦੀ ਬੇਟੀ ਹੈ । ਇਸ ਨੇ ਐਚ.ਐਨ.ਡੀ. in film & tv studies ਕੀਤੀ ਹੈ। ਇਸ ਦੀ ਭੈਣ **ਬੀਬੀ ਰਾਣੀ ਦਵਿੰਦਰ ਕੌਰ** lab techinician ਬਨਣ ਵਾਸਤੇ ਟਰੇਨਿੰਗ ਲੈ ਰਹੀ ਹੈ। ਇਹ ਟਰੇਨਿੰਗ ਇਕ ਨੈਸ਼ਨਲ qualification ਹੈ। ਇਹ ਬਹੁਤ ਵਧੀਆ ਸ਼ਾਕਾਹਾਰੀ ਕੇਕ ਬਣਾਉਂਦੀ ਹੈ। ਇਸ ਨੇ ਲੰਡਨ (ਯੂ.ਕੇ.) ਦੀ ਮਾਰਕੀਟ ਵਿਚ ਵਧੀਆ ਸਜ਼ਾਵਟ ਵਾਲੇ ਕੇਕ ਆਰਡਰ ਤੇ ਬਣਾਉਣ ਦੀ ਆਪਣੀ ਟਰੇਡਿੰਗ ਕੰਪਨੀ ਰਜਿਸਟਰਡ ਕਰਵਾ ਲਈ ਹੈ।

**ਬੀਬੀ ਜਗਦੀਸ਼ ਕੌਰ–** ਸ. ਨਰਿੰਦਰ ਸਿੰਘ ਰੂਪਰਾਏ ਤੇ ਬੀਬੀ ਜਤਿੰਦਰ ਕੌਰ ਦੀ ਸਪੁੱਤਰੀ ਹੈ ਅਤੇ ਸੂਬਾ ਦਰਸ਼ਨ ਸਿੰਘ ਦੀ ਪੋਤੀ ਹੈ। ਇਹ ਸ.ਰਤਨਦੀਪ ਸਿੰਘ ਸੀਹਰਾ ਯੂ.ਕੇ. ( ਸਪੁੱਤਰ ਸ. ਬਲਦੇਵ ਸਿੰਘ ਸੀਹਰਾ) ਦੀ ਸੁਪਤਨੀ ਹੈ। ਇਸ ਨੇ material sc. & engineering ਵਿਚ graduation in business management ਕੀਤੀ ਹੈ ਅਤੇ p.g.d.c.a. in mathematics ਕਰ ਰਹੀ ਹੈ।

**ਬੀਬੀ ਕੁਲਬੀਰ ਕੌਰ–** ਸਪੁੱਤਰੀ ਸ.ਕੁਲਵੰਤ ਸਿੰਘ ਯੂ.ਕੇ. (ਸਪੁੱਤਰ ਸੂਬਾ ਦਰਸ਼ਨ ਸਿੰਘ ਨੈਰੋਬੀ) ਤੇ ਇੰਦਰਜੀਤ ਕੌਰ,ਨੇ bachelor of science & majoring in mathematics ਯੂਨੀਵਰਸਿਟੀ of Queens land u.k. ਤੋਂ ਕੀਤੀ ਹੈ।

**ਬੀਬੀ ਗੁਰਸ਼ਰਨ ਕੌਰ–** ਇਹ ਸ. ਸਤਪਾਲ ਸਿੰਘ ਅਤੇ ਬੀਬੀ ਬਵਿੰਦਰ ਕੌਰ ਯੂ. ਕੇ. ਦੀ ਸਪੁੱਤਰੀ ਅਤੇ ਸੂਬਾ ਦਰਸ਼ਨ ਸਿੰਘ ਨੈਰੋਬੀ ਦੀ ਦੋਹਤੀ ਹੈ। ਇਹ ਬਾਇਓਲੌਜੀ ਟੀਚਰ ਬਨਣ ਨਈ ਟੀਚਰ ਟਰੇਨਿੰਗ ਲੈ ਰਹੀ ਹੈ। ਇਸ ਦੀ ਛੋਟੀ ਭੈਣ **ਬੀਬੀ ਹਰਸ਼ਰਨ ਕੌਰ** ਨੇ ਹੋਟਲ ਮੈਨੇਜਮੈਨਟ ਦੀ ਡਿਗਰੀ ਕੀਤੀ ਹੋਈ ਹੈ।

**ਬੀਬੀ ਸੁਖਦੇਵ ਕੌਰ–** ਸਪੁੱਤਰੀ ਸੂਬਾ ਸਤਵਿੰਦਰ ਸਿੰਘ ਰੂਪਰਾਏ (ਕੁਮੁਮੋ,ਅਫਰੀਕਾ) ਅਤੇ ਬੀਬੀ ਗੀਟਾ, ਨੇ m.pharmacy demont fort ਯੂਨੀਵਰਸਿਟੀ ਯੂ.ਕੇ.ਤੋਂ ਕੀਤੀ ਹੈ।

**ਬੀਬੀ ਸ਼ਰਨਪ੍ਰੀਤ ਕੌਰ–** ਇਹ ਕੈਲੀਫੋਰਨੀਆ ਦੇ ਸ. ਅੰਮ੍ਰਿਤਪਾਲ ਸਿੰਘ ਕੱਲਾ ਤੇ ਬੀਬੀ ਹਰਵਿੰਦਰ ਕੌਰ ਦੀ ਸਪੁੱਤਰੀ ਹੈ। ਇਹ ਸੰਤ ਜਸਵੰਤ ਸਿੰਘ ਕੱਲਾ ਅਤੇ ਉਸਤਾਦ ਬੀਬੀ ਨਰਿੰਦਰ ਕੌਰ ਸ੍ਰੀ ਭੈਣੀ ਸਾਹਿਬ ਦੀ ਪੋਤੀ ਹੈ ਅਤੇ ਸ.ਦਿਆਲ ਸਿੰਘ ਸਹੋਤਾ ਨਿਊਯਾਰਕ ( ਸਪੁੱਤਰ ਸ. ਦਲਜੀਤ ਸਿੰਘ ਅਤੇ ਬੀਬੀ ਗੁਰਪ੍ਰੀਤ ਕੌਰ (ਸਪੁੱਤਰੀ

ਸੇਠ ਤ੍ਰਿਲੋਕ ਸਿੰਘ) ਦੀ ਸੁਪਤਨੀ ਹੈ। ਇਸ ਨੇ ਯੂਨੀਵਰਸਿਟੀ ਆਫ ਕੈਲੀਫੋਰਨੀਆਂ ਦੇ ਬਰਕੱਲੇ ਕਾਲਜ ਆਫ ਲੈਟਰਜ਼ ਐਂਡ ਸਾਇੰਸਿਜ਼ ਤੋਂ international economic policy, ਬੀ.ਏ. ਹਾਸ school of Business ਤੋਂ business adminaor ਕੀਤੀ ਹੈ। ਸੇਂਟ ਕਲਾਰਾ ਯੂਨੀਵਰਸਿਟੀ, ਕਾਲਜ ਆਫ ਐਜੂਕੇਸ਼ਨ ਤੋਂ ਕਾਉਸਲਿੰਗ ਸਾਈਕੋਲੋਜੀ ਕੀਤੀ ਹੈ ਅਤੇ ਐਮ.ਏ. critical thinking in middle sc. mathematics. ਵਿਸ਼ੇ ਦੀ ਕੀਤੀ ਹੈ।

**ਬੀਬੀ ਹਰਨਾਮ ਕੌਰ** – ਸਪੁਤਰੀ ਸ. ਹਰਨਾਮ ਸਿੰਘ ਚਾਨਾ ਯੂ.ਕੇ. ਹੈ। ਇਹ ਬਿਜਨੈਸ ਅਤੇ ਮਾਕਿਟਿੰਗ ਦਾ ਕੋਰਸ ਕਰ ਰਹੀ ਹੈ।

**ਬੀਬੀ ਸੁਖਰਾਜ ਕੌਰ**– ਸਪੁੱਤਰੀ ਸ.ਹਰਪਾਲ ਸਿੰਘ ਕੱਲਾ ਤੇ ਬੀਬੀ ਜਸਬੀਰ ਕੌਰ ਕੈਨੇਡਾ ( ਸੰਤ ਜਸਵੰਤ ਸਿੰਘ ਤੇ ਉਸਤਾਦ ਬੀਬੀ ਨਰਿੰਦਰ ਕੌਰ ਦੀ ਪੋਤੀ) ਹੈ। ਇਸ ਨੇ ਮੈਕਮਾਸਟਰ ਯੂਨੀਵਰਸਿਟੀ ਹੈਮਿਲਟਨ ਔਨਟੇਰਿਓ (Ontario) ਕੈਨੇਡਾ ਤੋਂ bachelor of arts in economics ਕੀਤੀ ਹੈ।

**ਬੀਬੀ ਜਵੰਦ ਕੌਰ ਚਾਨਾ**– ਸਪੁੱਤਰੀ ਸ.ਜਗਜੀਤ ਸਿੰਘ ਚਾਨਾ (ਸੰਤ ਦਰਸ਼ੀ ਚਾਨਾ ਦਾ ਭਰਾ) ਅਤੇ ਬਲਜਿੰਦਰ ਕੌਰ (ਯੂ. ਕੇ.) ਨੇ economics commerce & finance ਵਿਚ ਬੀ.ਐਸ.ਸੀ.ਕੀਤੀ ਹੈ।

**ਬੀਬੀ ਸਵਰਨ ਕੌਰ**– ਸਪੁੱਤਰੀ ਸ. ਸੁਖਦੇਵ ਸਿੰਘ ਸੰਧੂ ਡੈਨਮਾਰਕ ਨੇ ਬੈਚੁਲਰ ਆਫ ਫਾਇਨਾਂਸ ਕੀਤੀ ਹੈ।

**ਬੀਬੀ ਗੁਰਸ਼ਰਨ ਕੌਰ ਤੇ ਗੁਰਚਰਨ ਕੌਰ ਚੰਨ**– ਦੋਵੇਂ ਭੈਣਾਂ, ਸਪੁੱਤਰੀਆਂ ਬੀਬੀ ਅੰਮ੍ਰਿਤ ਕੌਰ ਅਤੇ ਸ. ਦਲਜੀਤ ਸਿੰਘ ਕੁਕਰੇਜਾ (ਥਾਈਲੈਂਡ) ਨੇ ਆਸਟਰੇਲੀਆ ਵਿਖੇ wollong gong university ਤੋਂ international business in masters ਕੀਤੀ ਹੋਈ ਹੈ।

**ਬੀਬੀ ਜਸਬੀਰ ਕੌਰ ਲੋਟੇ**– ਸਪੁੱਤਰੀ ਸਵ.ਸ. ਰਾਜਿੰਦਰ ਸਿੰਘ ਲੋਟੇ ( ਨੈਰੋਬੀ) ਅਤੇ ਬੀਬੀ ਕੁਲਦੀਪ ਕੌਰ ਨੇ ਭਾਰਤ ਦੀ ਮਨੀਪਾਲ ਯੂਨੀਵਰਸਿਟੀ ਤੋਂ bechelors in medicine and bechelors in surgery ਕੀਤੀ ਹੈ। ਇਸ ਨੇ ਐਮ.ਬੀ.ਬੀ.ਐਸ. ਵੀ ਕੀਤੀ ਹੋਈ ਹੈ।

ਇਸ ਦੀ ਛੋਟੀ ਭੈਣ **ਰਤਨ ਕੌਰ ਲੋਟੇ** ਨੇ united states international university ਨੈਰੋਬੀ ਤੋਂ bachelors of science in accounting and finance ਕੀਤੀ ਹੈ।

**ਲਕਸ਼ਮੀ ਸਚਦੇਵਾ**– (ਬੇਅੰਤ ਕੌਰ) ਸਪੁੱਤਰੀ ਸ. ਸੰਤੋਖ ਸਿੰਘ (ਸਪੁੱਤਰ ਬੀਬੀ ਕੱਲਕਤੇ ਵਾਲੀ ਅਤੇ ਸ.ਬਲਬੀਰ ਸਿੰਘ ) ਅਤੇ ਰਾਜਪਾਲ ਕੌਰ (ਸਪੁੱਤਰੀ ਬੀਬੀ ਗਿਆਨਣ) ਨੇ business administration 'ਚ graduation ਕੀਤੀ ਹੈ ਅਤੇ education in cirriculum of instruction ਦੀ masters ਬੈਂਕੌਕ (ਥਾਇਲੈਂਡ) ਤੋਂ ਕੀਤੀ ਹੈ।

**ਬੀਬੀ ਵਸੁਧਾ**– ਸ੍ਰੀ ਤਰਸੇਮ ਚੰਦ ਅਗਰਵਾਲ (ਮਿੱਤਲ) ਦੀ ਨੂੰਹ (ਸੂਬਾ ਅਤੁਲ ਦੀ ਭਾਬੀ) ਅਤੇ ਸ੍ਰੀ ਅਰਵਿੰਦ ਮਿੱਤਲ ਦੀ ਸੁਪਤਨੀ ਹੈ । ਇਸ ਨੇ M.A. English honours ਕੀਤੀ ਹੈ ਅਤੇ art & theater ਦਾ ਕੋਰਸ ਵੀ ਕੀਤਾ ਹੋਇਆ ਹੈ।

**ਬੀਬੀ ਕਮਲਪ੍ਰੀਤ ਕੌਰ**– ਸਪੁੱਤਰੀ ਸੂਬਾ ਸੁਖਦੇਵ ਸਿੰਘ ਦਿੱਲੀ ਸੁਪਤਨੀ ਸੂਬਾ ਅਤੁਲ ਮਿੱਤਲ ਅਰੁਸ਼ਾ (ਕੀਨੀਆ) ਸਪੁੱਤਰ ਸ੍ਰੀ ਤਰਸੇਮ ਚੰਦ ਅਗਰਵਾਲ। ਇਸ ਨੇ ਪੋਲੀਟੀਕਲ ਸਾਇੰਸ ਦੀ ਐਮ.ਏ. ਕੀਤੀ ਹੋਈ ਹੈ।

**ਬੀਬੀ ਅਨਾਮਿਕਾ ਅਗਰਵਾਲ**– ਸਪੁੱਤਰੀ ਸ੍ਰੀ ਜਗਜੀਤ ਕੁਮਾਰ ਅਗਰਵਾਲ ਅਰੁਸ਼ਾ(ਤਨਜਾਨੀਆ), ਨੇ university Sheffield u.k. ਤੋਂ mangement studies degree 'ਚ ਬੀ.ਏ. honours ਕੀਤੀ ਹੈ। ਇਸ ਦੀ ਛੋਟੀ ਭੈਣ **ਬੀਬੀ ਰੀਮਾ ਅਗਰਵਾਲ** ਨੇ : Lancaster university u.k. ਤੋਂ Economics & finance ਦੀ ਬੀ.ਏ. ਕੀਤੀ ਹੈ।

**ਬੀਬੀ ਗੁਰਪਾਸ਼ ਕੌਰ**– ਐਮ.ਫਿਲ, ਅਲਗਾਪਾ ਯੂਨੀਵਰਸਿਟੀ ਤਾਮਿਲਨਾਡੂ ਤੋਂ ਇਲਾਵਾ physics ਦੀ ਐਮ.ਐਸ.ਸੀ. ਪੰਜਾਬ ਯੂਨੀਵਰਸਿਟੀ ਤੋਂ ਅਤੇ ਬੀ.ਐਡ. ਜੰਮੂ ਯੂਨੀਵਰਸਿਟੀ ਤੋਂ ਕੀਤੀ ਹੈ। ਇਹ ਬੀ.ਸੀ.ਐਮ. ਸਕੂਲ ਲੁਧਿਆਣਾ 'ਚ ਲੈਕਚਰਾਰ ਰਹੀ। ਇਹ ਲੁਧਿਆਣਾ ਦੇ ਸ. ਪ੍ਰਿਤਪਾਲ ਸਿੰਘ ਅਤੇ ਬੀਬੀ ਕੁਲਵੰਤ ਕੌਰ

(ਸੈਕਟਰੀ ਵਿਸ਼ਵ ਨਾਮਧਾਰੀ ਇਸਤਰੀ ਵਿੱਦਅਕ ਜੱਥਾ) ਦੀ ਬੇਟੀ ਹੈ। ਇਹ ਸ੍ਰੀ ਜਗਜੀਤ ਕੁਮਾਰ ਅਗਰਵਾਲ (ਗਰਗ) ਅਰੂਸ਼ਾ ( ਤਨਜਾਨੀਆ) ਦੀ ਨੂੰਹ ਅਤੇ ਸ੍ਰੀ ਸੰਦੇਸ਼ ਅਗਰਵਾਲ ਦੀ ਸੁਪਤਨੀ ਹੈ।

**ਬੀਬੀ ਅਮਨਪ੍ਰੀਤ ਕੌਰ–** ਇਸ ਨੇ ਐਮ.ਸੀ.ਏ. ( ਮਾਸਟਰ ਇਨ ਕੰਪਿਯੂਟਰ ਐਪਲੀਕੇਸ਼ਨ ) ਦਿੱਲੀ ਯੂਨੀਵਰਸਿਟੀ ਤੋਂ ਕੀਤੀ ਹੈ। ਇਹ ਸਵ. ਸ. ਜਗਦੀਸ਼ ਸਿੰਘ ਨਵਯੁਗ ਲੁਧਿਆਣਾ ਵਾਲੇ ਅਤੇ ਬੀਬੀ ਕੰਵਲਜੀਤ ਕੌਰ ਦੀ ਬੇਟੀ ਹੈ। ਸ. ਜਸਵਿੰਦਰ ਸਿੰਘ ਦਿੱਲੀ ਦੀ ਸੁਪਤਨੀ ਹੈ। ਬੀਬੀ ਅਮਨਪ੍ਰੀਤ ਕੌਰ ਦੀਆਂ ਤਿੰਨ ਭੈਣਾਂ ਹਨ– ਦਪਿੰਦਰ, ਰਵਨੀਤ, ਸਿਮਰਤ ਕੌਰ।

**ਬੀਬੀ ਦਪਿੰਦਰ ਕੌਰ –** ਇਸ ਨੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਤੋਂ ਐਮ.ਈ. (ਮਾਸਟਰ ਆਫ ਇੰਜਨੀਅਰਿੰਗ) ਕੀਤੀ ਅਤੇ ਇਸੇ ਕਾਲਜ ਵਿਚ ਲੈਕਚਰਾਰ ਰਹੀ। ਇਹ ਗੋਲਡ ਮੈਡਲਿਸਟ ਹੈ। ਇਹ ਸ. ਬਲਜੀਤ ਸਿੰਘ (ਬਾਲੀ ਨਗਰ,ਦਿੱਲੀ) ਦੀ ਸੁਪਤਨੀ ਹੈ।

**ਬੀਬੀ ਰਵਨੀਤ ਕੌਰ–** ਨੇ ਐਮ.ਏ. ਇੰਗਲਿਸ਼ ਅਤੇ ਐਮ.ਫਿਲ. ਕੀਤੀ ਹੈ ਅਤੇ ਗੁਰੂ ਨਾਨਕ ਦੇਵ ਗਰਲਜ ਕਾਲਜ ਵਿਚ ਲੈਕਚਰਾਰ ਰਹੀ ਹੈ।

**ਬੀਬੀ ਸਿਮਰਤ ਕੌਰ ਨੇ–** ਲੁਧਿਆਣਾ ਤੋਂ ਬੀ.ਬੀ.ਏ. (ਬੈਚੂਲਰ ਆਪ ਬਿਜ਼ਨਸ ਐਡਮਨਿਸਟਰੇਸ਼ਨ) ਕੀਤੀ ਹੈ। ਇਹ ਸੰਤ ਸੁਰਿੰਦਰ ਸਿੰਘ ਮਨਚੰਦਾ ਦਿੱਲੀ ਦੀ ਨੂੰਹ ਤੇ ਸ. ਗੁਰਸੇਵ ਸਿੰਘ ਦੀ ਸੁਪਤਨੀ ਹੈ।

**ਬੀਬੀ ਮਨਮੀਤ ਕੌਰ–** ਇਹ ਲੁਧਿਆਣੇ ਦੇ ਸ. ਰਵਿੰਦਰ ਸਿੰਘ ਸਹੋਤਾ ਨਵਯੁਗ ਵਾਲੇ ਅਤੇ ਬੀਬੀ ਸੁਖਜੀਤ ਕੌਰ ਲੁਧਿਆਣਾ, ਦੀ ਵੱਡੀ ਬੇਟੀ ਹੈ। ਇਸ ਨੇ ਆਕਸਫੋਰਡ ਯੂਨੀਵਰਸਿਟੀ ਯੂ.ਕੇ. (ਲੰਡਨ) ਤੋਂ ਚਾਰਟਿਡ ਅਕਾਊਟਿੰਗ (C.A.) ਕੀਤੀ ਹੈ । ਇਹ ਲੰਡਨ ਵਿਖੇ ਨੌਕਰੀ ਕਰਦੀ ਹੈ। ਇਹ ਬੀਬੀ ਕੁਲਦੀਪ ਕੌਰ ਅਤੇ ਸ. ਸੁਰਿੰਦਰ ਸਿੰਘ ਨੈਰੋਬੀ (ਸੂਬਾ ਸਤਨਾਮ ਸਿੰਘ ਦੇ ਭਰਾ) ਦੀ ਨੂੰਹ ਅਤੇ ਸ. ਗੁਰਚਰਨ ਸਿੰਘ ਦੀ ਪਤਨੀ ਹੈ। ਅੱਜ ਕਲ੍ਹ ਇਹ ਇੰਗਲੈਂਡ ਰਹਿੰਦੇ ਹਨ।

**ਮਨਮੀਤ ਦੀ ਵੱਡੀ ਭੈਣ ਹਰਪ੍ਰੀਤ ਕੌਰ–** ਨੇ ਬੀ.ਏ. ਕੀਤੀ ਹੈ ਤੇ ਸੰਗੀਤ ਵੀ ਸਿੱਖਿਆ ਹੈ। ਇਹ ਸੰਗੀਤਕਾਰ ਆਸ਼ਵਿੰਦਰ ਸਿੰਘ ਦੀ ਸੁਪਤਨੀ ਅਤੇ ਸਵ. ਸ. ਅਵਤਾਰ ਸਿੰਘ ਤਬਲਾ ਵਾਦਕ ਅਤੇ ਬੀਬੀ ਹਰਦੀਪ ਕੌਰ ਲੁਧਿਆਣਾ ਦੀ ਨੂੰਹ ਹੈ।

**ਬੀਬੀ ਹਰਪ੍ਰੀਤ ਕੌਰ–** ਇਹ ਦਿੱਲੀ ਦੇ ਸ. ਮਨਜੀਤ ਸਿੰਘ ਤੇ ਬੀਬੀ ਸਵਰਨਜੀਤ ਕੌਰ ਦੀ ਬੇਟੀ ਹੈ। ਇਹ ਗੁਰੂ ਨਾਨਕ ਦੇਵ ਖਾਲਸਾ ਕਾਲਜ ਦਿੱਲੀ ਵਿਖੇ ਪੜ੍ਹਦੀ ਹੈ। ਇਸ ਨੇ ਦਿੱਲੀ ਯੂਨੀਵਰਸਿਟੀ ਵਿਚੋਂ ਤਿੰਨ ਸਾਲ ਪਹਿਲੇ ਸਥਾਨ ਤੇ ਰਹਿ ਕੇ ਬੈਸਟ ਕੈਂਡੀਡੇਟ ਵਜੋਂ ਸੰਨ 2011 ਵਿਚ ਬੀ.ਏ. ਆਨਰਜ਼ ਵਿਚੋਂ ਗੋਲਡ ਮੈਡਲ ਪ੍ਰਾਪਤ ਕੀਤਾ ਹੈ।

**ਬੀਬੀ ਹਰਸ਼ ਕੌਰ–** ਇਹ ਲੁਧਿਆਣੇ ਦੇ ਸ. ਗੁਰਦਿਆਲ ਸਿੰਘ ਭੰਵਰਾ ਅਤੇ ਬੀਬੀ ਰਵਿੰਦਰ ਕੌਰ ਦੀ ਸਪੁੱਤਰੀ ਹੈ। ਇਹ ਆਰਕੀਟੈਕਟ ਦਾ ਡਿਗਰੀ ਕੋਰਸ ਕਰ ਰਹੀ ਹੈ।

**ਬੀਬੀ ਹਰਪ੍ਰੀਤ ਕੌਰ–** ਇਹ ਸ. ਅਜੀਤ ਸਿੰਘ ਭੁਰਜੀ, ਭੁਰਜੀ ਮਸ਼ੀਨ ਟੂਲਜ਼ ਲੁਧਿਆਣੇ ਵਾਲਿਆਂ ਦੀ ਸਪੁੱਤਰੀ ਹੈ। ਇਸ ਨੇ ਪੰਜਾਬੀ ਲਿਟਰੇਚਰ ਵਿਚ ਐਮ.ਏ. ਕੀਤੀ ਹੋਈ ਹੈ।

**ਬੀਬੀ ਹਰਦੀਪ ਕੌਰ–** ਇਸ ਨੇ ਬੀ. ਕਾਮ ਕੀਤੀ ਹੋਈ ਹੈ। ਇਹ ਇਸ ਪੁਸਤਕ ਦੀ ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ ਤੇ ਸੰਤ ਭਗਵੰਤ ਸਿੰਘ ਦੀ ਨੂੰਹ ਅਤੇ ਸ. ਯਾਦਵਿੰਦਰ ਸਿੰਘ ਰੋਪੜ ਦੀ ਸੁਪਤਨੀ ਹੈ। ਇਹ ਬੀਬੀ ਅਮਰਜੀਤ ਕੌਰ, (ਖਜਾਨਚੀ ਵਿਸ਼ਵ ਨਾਮਧਾਰੀ ਇਸਤਰੀ ਵਿੱਦਿਅਕ ਜੱਥਾ) ਤੇ ਸ. ਭੁਪਿੰਦਰ ਸਿੰਘ ਚਾਨਾ ਲੁਧਿਆਣਾ ਦੀ ਸਪੁੱਤਰੀ ਹੈ।

**ਬੀਬੀ ਰੁਪਿਦੰਰ ਕੌਰ–** ਇਸ ਪੁਸਤਕ ਦੀ ਲੇਖਿਕਾ ( ਸੂਬਾ ਸੁਰਿੰਦਰ ਕੌਰ ਖਰਲ) ਅਤੇ ਸੰਤ ਭਗਵੰਤ ਸਿੰਘ ਰੋਪੜ ਦੀ ਸਪੁੱਤਰੀ ਹੈ। ਇਸ ਨੇ ਐਮ.ਏ ਹਿਸਟਰੀ ਅਤੇ ਕੰਪਿਊਟਰ ਕੋਰਸ ਕੀਤਾ ਹੋਇਆ ਹੈ । ਇਸ ਪੁਸਤਕ ਤੇ

ਸੂਬਾ ਸੁਰਿੰਦਰ ਕੌਰ ਖਰਲ ਦੀਆਂ ਹੋਰ ਪੁਸਤਕਾਂ ਨੂੰ ਕੰਪਿਊਟਰ ਤੇ ਪੰਜਾਬੀ ਵਿਚ ਟਾਇਪ ਕਰਨ ਦਾ ਸਾਰਾ ਕੰਮ ਇਹ ਕਰਦੀ ਹੈ।

**ਬੀਬੀ ਸੁਮਨਦੀਪ ਕੌਰ ਅਤੇ ਮਨਦੀਪ ਕੌਰ–** ਇਹ ਦੋਵੇਂ ਭੈਣਾਂ ਰੋਪੜ ਦੇ ਸ. ਸਰਦੂਲ ਸਿੰਘ ਅਤੇ ਬੀਬੀ ਬਲਜੀਤ ਕੌਰ ਦੀਆਂ ਸਪੁੱਤਰੀਆਂ ਹਨ। ਇਨ੍ਹਾਂ ਦੋਵਾਂ ਨੇ ਬੀ.ਕਾਮ ਕੀਤੀ ਹੋਈ ਹੈ ਅਤੇ ਕੰਪਿਊਟਰ ਵਿਚ diploma in system management information (DISM) ਕੀਤਾ ਹੈ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਕੁਝ ਸਮਾਂ ਨੌਕਰੀ ਵੀ ਕੀਤੀ ਹੈ। ਬੀਬੀ ਸੁਮਨਦੀਪ ਕੌਰ ਸੁਪਤਨੀ ਸ. ਰਵਿੰਦਰ ਸਿੰਘ ਕੈਨੇਡਾ ਅਤੇ ਮਨਦੀਪ ਕੌਰ ਸੁਪਤਨੀ ਸ. ਮਲਵਿੰਦਰ ਸਿੰਘ ਮੁਹਾਲੀ ਹਨ।

**ਬੀਬੀ ਜੋਗਿੰਦਰ ਕੌਰ** – ਬੀ.ਕਾਮ. ਕਰ ਕੇ, ਇੰਜਨੀਅਰਿੰਗ ਕਾਲਜ ਭੱਦਲ ਰੋਪੜ ਤੋਂ ਐਮ.ਬੀ.ਏ. ਕਰ ਰਹੀ ਹੈ। ਇਹ ਸ. ਸੇਵਾ ਸਿੰਘ ਨਾਮਧਾਰੀ ਰੋਪੜ ਦੀ ਪੋਤੀ ਅਤੇ ਸ. ਜਸਵਿੰਦਰ ਸਿੰਘ (ਘੜੀਆਂ ਵਾਲੇ) ਅਤੇ ਬੀਬੀ ਸੁਖਵੰਤ ਕੌਰ ਦੀ ਸਪੁੱਤਰੀ ਹੈ।

**ਬੀਬੀ ਨਵਪ੍ਰੀਤ ਕੌਰ–** ਇਸ ਨੇ ਬੀ.ਐਸ.ਸੀ ਮੈਡੀਕਲ ਕਰ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਫੂਡ ਟੈਕਨੌਲੋਜ਼ੀ ਦੀ ਐਮ.ਐਸ.ਸੀ. ਕੀਤੀ ਹੈ। ਇਹ ਅੰਮ੍ਰਿਤਸਰ ਦੇ ਪ੍ਰੋ. ਕੁਲਦੀਪ ਸਿੰਘ ਨੀਲੋਂ ਅਤੇ ਬੀਬੀ ਮਨਪ੍ਰੀਤ ਕੌਰ ਦੀ ਸਪੁੱਤਰੀ ਹੈ। ਇਹ ਸ. ਕਰੁਣਜੀਤ ਸਿੰਘ ਆਸਟਰੇਲੀਆ ਦੀ ਸੁਪਤਨੀ ਅਤੇ ਸ. ਗੁਰਮੀਤ ਸਿੰਘ ਰੇਣੂੰ ਯਮੁਨਾਨਗਰ ਦੀ ਨੂੰਹ ਹੈ।

**ਬੀਬੀ ਇੰਦਰਜੀਤ ਕੌਰ–** ਇਹ ਬੀਬੀ ਨਵਨੀਤ ਕੌਰ ਦੀ ਭਾਬੀ ਹੈ। ਇਹ ਆਗਰਾ ਦੇ ਸ. ਪਰਮਜੀਤ ਸਿੰਘ ਮਠਾੜੂ ਅਤੇ ਬੀਬੀ ਸੁਰਿੰਦਰ ਕੌਰ ਦੀ ਸਪੁੱਤਰੀ ਹੈ। ਇਸ ਨੇ ਫਾਇਨ ਆਰਟਸ ਦੀ ਐਮ.ਏ.ਕੀਤੀ ਹੈ। ਇਸ ਨੇ ਟੈਕਸਟਾਇਲ ਡਿਜ਼ਾਨਿੰਗ ਅਤੇ ਕੰਪਿਊਟਰ ਡਿਜ਼ਾਇਨਿੰਗ ਦਾ ਡਿਪਲੋਮਾ ਕੀਤਾ ਹੈ। ਇਸ ਨੇ ਲਖਨਊ (ਯੂ.ਪੀ.) ਵਿਖੇ ਰਾਜ ਪੱਧਰ ਦੀਆਂ ਪੇਂਟਿੰਗ ਪ੍ਰਦਰਸ਼ਨੀਆਂ ਵਿਚ ਸਮੇਂ ਸਮੇਂ 'ਤੇ ਹਿੱਸਾ ਲਿਆ ਹੈ ਅਤੇ ਇਨਾਮ ਜਿੱਤੇ ਹਨ। ਇਹ ਅੰਮ੍ਰਿਤਸਰ ਦੇ ਸ.ਕੇਸਰ ਸਿੰਘ ਦੀ ਸੁਪਤਨੀ ਅਤੇ ਪ੍ਰੋ. ਕੁਲਦੀਪ ਸਿੰਘ ਨੀਲੋਂ ਅਤੇ ਬੀਬੀ ਮਨਪ੍ਰੀਤ ਕੌਰ (ਪ੍ਰਧਾਨ, ਨਾਮਧਾਰੀ ਇਸਤਰੀ ਵਿਦਿਅਕ ਜੱਥਾ ਅੰਮ੍ਰਿਤਸਰ) ਦੀ ਨੂੰਹ ਹੈ।

**ਬੀਬੀ ਗੁਰਵੀਰ ਕੌਰ–** ਸਪੁੱਤਰੀ ਸੰਤ ਸੁਰਜੀਤ ਸਿੰਘ ਭੁੱਲਰ ਪਿੰਡ ਗਹਿਲਾਂ ਤਹਿਸੀਲ ਤਪਾ ਜ਼ਿਲ੍ਹਾ ਬਰਨਾਲਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ physics ਦੀ ਪੀ.ਐਚ.ਡੀ. ਕਰ ਰਹੀ ਹੈ।

**ਬੀਬੀ ਕਿਰਨਜੀਤ ਕੌਰ–** ਸਪੁੱਤਰੀ ਸ.ਹਾਕਮ ਸਿੰਘ ਤੇ ਬੀਬੀ ਸਵਰਨ ਕੌਰ ਗਾਜ਼ਿਆਬਾਦ। ਇਹ ਮੋਹਾਲੀ ਦੇ ਸ. ਪਰਮਿੰਦਰ ਸਿੰਘ (ਲੇਖਿਕਾ ਸੂਬਾ ਸੁਰਿੰਦਰ ਕੌਰ ਦਾ ਭਰਾ) ਸਪੁੱਤਰ ਸ. ਗੁਰਚਰਨ ਸਿੰਘ ਖਰਲ, ਦੀ ਸੁਪਤਨੀ ਹੈ। ਇਸ ਨੇ ਬੈਚੁਲਰ ਆਫ ਲਾਈਬ੍ਰੇਰੀ ਸਾਇੰਸ ਦਾ ਡਿਪਲੋਮਾ ਕੀਤਾ ਹੋਇਆ ਹੈ। ਇਨ੍ਹਾਂ ਦੀ ਬੇਟੀ ਜੈਸਮੀਨ ਐਮ.ਬੀ.ਏ. ਕਰ ਰਹੀ ਹੈ

**ਬੀਬੀ ਪਰਮਿੰਦਰ ਕੌਰ–** ( ਸਪੁੱਤਰੀ ਸ. ਬਲਜੀਤ ਸਿੰਘ ਰੀਹਲ ਮੁਹਾਲੀ ਪਿਛੋਂ ਬੂਰ ਮਾਜਰੇ ਦੇ ਅਤੇ ਸ. ਪਰਮਵੀਰ ਸਿੰਘ ਕੈਨੇਡਾ ਦੀ ਸੁਪਤਨੀ) ਨੇ ਸਿੰਬੌਸਿਸ ਸੈਂਟਰ ਫਾਰ ਡਿਸਟੈਂਸ ਲਰਨਿੰਗ ਪੂਨੇ ਤੋਂ ਐਮ.ਸੀ.ਏ.(ਮਾਸਟਰ ਆਫ ਕੰਪਿਯੂਟਰ) ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਬੀ.ਏ. (ਮਾਸਟਰ ਆਫ ਬਿਜ਼ਨਸ) ਕੀਤੀ ਹੈ।

**ਬੀਬੀ ਰਮਨਦੀਪ ਕੌਰ–** (ਸਪੁੱਤਰੀ ਸੂਬਾ ਪਰਮਜੀਤ ਸਿੰਘ ਚੰਡੀਗੜ੍ਹ ) ਐਮ. ਟੈਕ. ਕਰ ਰਹੀ ਹੈ ਅਤੇ ਸੂਬਾ ਜੀ ਦੀ ਭਤੀਜੀ ਬੀਬੀ ਅਮਨਪ੍ਰੀਤ ਕੌਰ (ਸਪੁੱਤਰੀ ਸ.ਜਸਬੀਰ ਸਿੰਘ) ਨੇ ਬੀ.ਫਾਰਮੇਸੀ ਕੀਤੀ ਹੈ।

**ਬੀਬੀ ਮਨਪ੍ਰੀਤ ਕੌਰ–** ਇਹ ਸ.ਅਮਨਦੀਪ ਸਿੰਘ ਦੀ ਸੁਪਤਨੀ ਤੇ ਸ. ਬਲਵਿੰਦਰ ਸਿੰਘ ਭੋਲਾ ਚੰਡੀਗੜ੍ਹ ਦੀ ਨੂੰਹ ਹੈ। ਇਹ ਐਮ.ਬੀ.ਏ ਕਰ ਰਹੀ ਹੈ।

**ਬੀਬੀ ਗਿਆਨ ਕੌਰ ਸੋਨੀਆ** – ਇਹ ਚੰਡੀਗੜ੍ਹ ਦੇ ਸੰਤ ਗੁਰਜਿੰਦਰ ਸਿੰਘ ( ਪ੍ਰਤਾਪ ਕਲਾਥ ਹਾਊਸ 29 ਡੀ. ਚੰਡੀਗੜ੍ਹ) ਅਤੇ ਬੀਬੀ ਸਵਰਾਜ ਕੌਰ ਦੀ ਸਪੁੱਤਰੀ ਹੈ। ਇਹ ਐਮ.ਬੀ.ਏ. ਕਰ ਰਹੀ ਹੈ।

**ਬੀਬੀ ਨਵਨੀਤ ਪਸਰੀਚਾ ਮੰਡੀ–** ਇਸ ਨੇ masters of e-economics, department of U.B.S Punjab university ਚੰਡੀਗੜ੍ਹ ਤੋਂ ਕੀਤੀ ਹੈ।

**ਬੀਬੀ ਸਵਾਤੀ ਖਰਬੰਦਾ –** ਸਪੁੱਤਰੀ ਸ. ਬਿਕਰਮਜੀਤ ਸਿੰਘ ਤੇ ਨਿਰਮਲਜੀਤ ਕੌਰ ਅਤੇ ਸੁਪਤਨੀ ਮਨਦੀਪ ਸਿੰਘ ਚੰਡੀਗੜ੍ਹ । ਇਸ ਨੇ ਬੀ.ਕਾਮ. ਪੰਜਾਬੀ ਯੂਨੀ ਵਰਸਿਟੀ ਚੰਡੀਗੜ੍ਹ ਤੋਂ ਅਤੇ ਐਮ.ਬੀ.ਏ. ਸਿਮਜ਼ ਪੂਨੇ ਤੋਂ ਕੀਤੀ ਹੈ।

**ਬੀਬੀ ਰਜਨੀ ਗੁਲਾਟੀ–** ਇਹ ਸ. ਪ੍ਰੀਤਮ ਸਿੰਘ ਤੇ ਬੀਬੀ ਸ਼ਿੰਦਰ ਕੌਰ ਦਿੱਲੀ ਦੀ ਬੇਟੀ ਹੈ। ਇਸ ਨੇ ਐਮ. ਸੀ.ਏ. ਐਮ. ਫਿਲ. ਐਮ. ਟੈਕ. ਕੀਤੀ ਹੋਈ ਹੈ। ਸੰਨ 2005 ਤੋਂ 2010 ਤੀਕ ਇਹ ਦਿੱਲੀ ਯੂਨੀਵਰਸਿਟੀ ਦੇ ਹੰਸਰਾਜ ਕਾਲਜ ਵਿਚ ਕੰਪਿਯੂਟਰ ਸਾਇੰਸ ਦੀ ਲੈਕਚਰਾਰ ਰਹੀ।

**ਬੀਬੀ ਦੀਪੀਕਾ ਅਰੌੜਾ–** ਇਹ ਸ੍ਰੀ ਸਰਬ ਸ਼ਕਤੀਮਾਨ ਸਿੰਘ ਦਿੱਲੀ ਤੇ ਬੀਬੀ ਗੁਰਮੀਤ ਕੌਰ ਮੀਤ ਦੀ ਬੇਟੀ ਹੈ। ਇਹ ਇਕ ਕੰਪਨੀ ਵਿਚ ਸੌਫਟਵੇਅਰ ਇੰਜਨੀਅਰ ਹੈ। ਐਮ. ਸੀ. ਏ ਕਰ ਰਹੀ ਹੈ।

**ਬੀਬੀ ਪ੍ਰਭਜੋਤ ਕੌਰ ਜੋਤੀ–** ਸਪੁੱਤਰੀ ਸ. ਸਵਰਨ ਸਿੰਘ ਚਲੋਤਰਾ ਯਮੁਨਾਨਗਰ ਨੇ ਐਮ.ਸੀ.ਏ. ਕੀਤੀ ਹੈ।

**ਬੀਬੀ ਦੀਪਾ ਕੌਰ –** ਇਹ ਸ. ਤੇਜਵੀਰ ਸਿੰਘ ਤੇ ਬੀਬੀ ਸਿਮਰਤਾ ਦੀ ਸਪੁੱਤਰੀ ਅਤੇ ਸ. ਸੰਤ ਸਿੰਘ ਦਿੱਲੀ ਦੀ ਪੋਤੀ ਹੈ । ਇਸ ਨੇ ਐਮ.ਸੀ.ਏ. ਕੀਤੀ ਹੋਈ ਹੈ। ਇਹ ਬਾਊ ਬਚਨ ਸਿੰਘ ਦੀ ਪੜਪੋਤੀ ਹੈ।

**ਬੀਬੀ ਬਲਬੀਰ ਕੌਰ–** ਇਹ ਦਿੱਲੀ ਦੇ ਸ. ਜਸਵਿੰਦਰ ਸਿੰਘ ਹਿਸਟੋਰੀਅਨ ਤੇ ਬੀਬੀ ਸੁਦਰਸ਼ਨ ਕੌਰ ਦੀ ਸਪੁੱਤਰੀ ਹੈ। ਇਸ ਨੇ ਐਮ.ਬੀ.ਏ. ਤੇ ਪੀ.ਜੀ.ਡੀ.ਸੀ.ਏ. ਕੀਤੀ ਹੈ।

**ਬੀਬੀ ਰਜਵੰਤ ਕੌਰ–** ਸੁਪਤਨੀ ਡਾ. ਲਖਬੀਰ ਸਿੰਘ ਰਾਮਪੁਰਾ ਫੂਲ ਨੇ ਐਮ.ਏ ਹਿੰਦੀ ਅਤੇ ਬੀ.ਐਡ ਕੀਤੀ ਹੋਈ ਹੈ। ਇਹ ਸਕੂਲ ਵਿਚ ਪੜ੍ਹਾਉਂਦੇ ਰਹੇ ਹਨ।

**ਬੀਬੀ ਲਖਵਿੰਦਰ ਕੌਰ–** ਕੁਰਕਸ਼ੇਤਰ ਯੂਨੀਵਰਸਿਟੀ ਤੋਂ ਸੰਗੀਤ ਦੇ ਵਿਸ਼ੇ ' ਨਾਮਧਾਰੀ ਉਤਸਵੋਂ ਮੇਂ ਸੰਗੀਤ ਕਾ ਮਹੱਤਵ, ਏਕ ਅਨੁਸ਼ੀਲਨ ' ਤੇ ਜੂਨ ਸੰਨ 2004 ਵਿਚ ਐਮ. ਫਿਲ. ਕੀਤੀ ਹੈ। ਇਹ ਸੰਗੀਤਕਾਰ ਮਹਿਲ ਸਿੰਘ ਸੰਤਨਗਰ ਦੀ ਸਪੁੱਤਰੀ ਹੈ।

**ਬੀਬੀ ਹਰਮੀਤ ਕੌਰ–** ਸਪੁੱਤਰੀ ਸ. ਬਲਰਾਜ ਸਿੰਘ ਮੁਕਤਸਰ ਅਤੇ ਸੁਪਤਨੀ ਸ. ਜਗਮੀਤ ਸਿੰਘ ) ਨੇ ਐਮ.ਏ. ਇਕਨੌਮਿਕਸ ਮੁਕਤਸਰ ਤੋਂ ਕੀਤੀ ਹੋਈ ਹੈ।

**ਬੀਬੀ ਸੁਖਜੀਤ ਕੌਰ–** ਸਪੁੱਤਰੀ ਸ. ਬਲਰਾਜ ਸਿੰਘ ਅਤੇ ਸੁਪਤਨੀ ਸ. ਹਰਪ੍ਰੀਤ ਸਿੰਘ ਸਪੁੱਤਰ ਸੂਬਾ ਮੱਲ ਸਿੰਘ ਮੁਕਤਸਰ (ਭਾਈ ਭਗਤਾ) ਨੇ ਐਮ.ਏ. ਪੰਜਾਬੀ ਅਤੇ ਐਮ.ਫਿਲ ਕੀਤੀ ਹੋਈ ਹੈ।

**ਬੀਬੀ ਪ੍ਰਿਤਪਾਲ ਕੌਰ–** ਸਪੁੱਤਰੀ ਸੂਬਾ ਸੁਖਦੇਵ ਸਿੰਘ ਜੰਮੂ ਨੇ electronical communication ਦਾ diploma ਕੀਤਾ ਹੋਇਆ ਹੈ। ਇਸ ਦੀ ਛੋਟੀ ਭੈਣ **ਬੀਬੀ ਕੰਵਲਜੀਤ ਕੌਰ** ਨੇ ਪੌਲੀਟੈਕਨਿਕ ਦਾ ਡਿਪਲੋਮਾ ਕੀਤਾ ਹੋਇਆ ਹੈ।

## ਸੰਗੀਤਕਾਰ ਬੀਬੀਆਂ

ਬੀਬੀਆਂ ਨੂੰ ਸੰਗੀਤ ਦੀ ਦਾਤ ਬਖਸ਼ਣ ਅਤੇ ਵੱਡੀ ਗਿਣਤੀ ਵਿਚ ਬੱਚੀਆਂ ਨੂੰ ਵੱਡੇ ਵੱਡੇ ਸੰਗੀਤਕਾਰ ਉਸਤਾਦਾਂ ਤੋਂ ਸੰਗੀਤ ਸਿੱਖਿਆ ਪ੍ਰਾਪਤ ਕਰਵਾਉਣੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮਹਾਨ ਉਪਕਾਰ ਹੈ। ਕ੍ਰੀਬ ਹਰ ਸ਼ਹਿਰ ਵਿਚ ਨਾਮਧਾਰੀ ਬੀਬੀਆਂ ਸੰਗੀਤਕਾਰ ਹਨ। ਮੈਂ ਸਿਰਫ ਕੁਝ ਕੁ ਦਾ ਜ਼ਿਕਰ ਕਰ ਰਹੀ ਹਾਂ–

**ਉਸਤਾਦ ਬੀਬੀ ਨਰਿੰਦਰ ਕੌਰ–** (ਸਪੁੱਤਰੀ ਸ. ਸੂਰਤ ਸਿੰਘ ਅਤੇ ਸੁਪਤਨੀ ਸੰਤ ਜਸਵੰਤ ਸਿੰਘ ਕੱਲਾ) ਸੰਨ 1935 ਵਿਚ ਇਨ੍ਹਾਂ ਦਾ ਜਨਮ ਨੈਰੋਬੀ (ਕੀਨੀਆ) ਵਿਖੇ ਹੋਇਆ। ਘਰ ਵਿਚ ਸੰਗੀਤਕ ਮਾਹੌਲ ਹੋਣ ਕਾਰਣ

ਆਪ ਨੇ ਛੇਤੀ ਹੀ ਸੰਗੀਤ ਵਿਚ ਚੰਗੀ ਮੁਹਾਰਤ ਹਾਸਲ ਕਰ ਲਈ। ਸ਼ੁਰੂ ਦਾ ਸੰਗੀਤ ਗਿਆਨ ਇਨ੍ਹਾਂ ਨੇ ਆਪਣੇ ਪਿਤਾ ਪਾਸੋਂ ਪ੍ਰਾਪਤ ਕੀਤਾ । ਉਪ੍ਰੰਤ ਬੀਬੀ ਸ਼ੀਲਾ ਮਾਰਕੰਡੇ ਕੋਲੋਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ।

ਕੀਨੀਆ ਵਿਖੇ ਇਨ੍ਹਾਂ ਨੇ ਕਈ ਪ੍ਰਤੀਯੋਗਤਾਵਾਂ, ਮੇਲਿਆਂ ਤੇ ਟੈਲੀਵਿਜ਼ਨ ਦੇ ਗਾਇਨ ਦੇ ਸਮਾਗਮਾਂ ਵਿਚ ਭਾਗ ਲੈ ਕੇ ਇਨਾਮ ਜਿੱਤੇ। ਇਨ੍ਹਾਂ ਦੀ ਯੋਗਤਾ ਨੂੰ ਵੇਖਦਿਆਂ ਅਫਰੀਕਾ ਸਰਕਾਰ ਵਲੋਂ ਇਨ੍ਹਾਂ ਨੂੰ ਕਈ ਪੁਰਸਕਾਰ ਮਿਲੇ ਤੇ ਤਿੰਨ ਸਾਲ ਰਨਿੰਗ ਟਰਾਫੀ ਜਿੱਤਣ ਉਪ੍ਰੰਤ ਆਪ ਨੂੰ ਸਰਕਾਰ ਵਲੋਂ ਵਜ਼ੀਫਾ ਮਿਲਿਆ।

ਬੀਬੀ ਨਰਿੰਦਰ ਕੌਰ ਜੀ ਨੇ ਵੋਕਲ (ਗਾਇਕੀ) ਸੰਗੀਤ ਦੀ ਐਮ.ਏ. ਕੀਤੀ ਹੋਈ ਹੈ। ਆਪ ਸ਼ਾਸ਼ਤਰੀ ਸੰਗੀਤ ਦੀ ਬਹੁਤ ਵਧੀਆ ਗਾਇਕਾ ਹਨ। ਗੁਰਬਾਣੀ ਸੰਗੀਤ 'ਤੇ ਇਨ੍ਹਾਂ ਦਾ ਖਾਸ ਅਧਿਕਾਰ ਹੈ।

ਇਹ ਸੰਨ 1967 ਚ ਅਫਰੀਕਾ ਤੋਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਭਾਰਤ ਆਏ ਸਨ। ਜਿੱਥੇ ਜਿੱਥੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਸੰਗੀਤ ਸਿਖਾਉਣ ਦੀ ਸੇਵਾ ਲੱਗੀ, ਉਥੇ ਹੀ ਨਾਮਧਾਰੀ ਬੱਚੇ ਬੱਚੀਆਂ ਨੂੰ ਸੰਗੀਤ ਦੀ ਤਾਲੀਮ ਇਨ੍ਹਾਂ ਨੇ ਦਿੱਤੀ ਤੇ ਇਹ ਸੇਵਾ ਹੁਣ ਤੀਕ ਕਰ ਰਹੇ ਹਨ। ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਅਤੇ ਕਲਾ-ਕੇਂਦਰ ਸ੍ਰੀ ਭੈਣੀ ਸਾਹਿਬ ਦੇ ਵਿਦਿਆਰਥੀਆਂ ਨੂੰ ਬੀਬੀ ਜੀ ਨੇ ਸੰਗੀਤ ਸਿਖਾਇਆ ਹੈ ਅਤੇ ਸਿਖਾ ਰਹੇ ਹਨ। ਸ੍ਰੀ ਭੈਣੀ ਸਾਹਿਬ ਵਿਖੇ ਅੱਜ ਛੇ ਪੂਰਾਂ ਨੂੰ ਸਿਖਾਉਣ ਉਪ੍ਰੰਤ ਬੀਬੀ ਜੀ ਸੱਤਵੇਂ ਪੂਰ ਨੂੰ ਸੰਗੀਤ ਦੀ ਪ੍ਰਾਥਮਿਕ ਸਿੱਖਿਆ ਦੇ ਰਹੇ ਹਨ।

**ਬੀਬੀ ਨਰਿੰਦਰ ਕੌਰ ਦੀਆਂ ਭਤੀਜੀਆਂ-** ਰੁਪਿੰਦਰ ਕੌਰ ਅਤੇ ਸ਼ਿਵਰੰਜਨੀ ਕੌਰ (ਸਪੁੱਤਰੀਆਂ ਸਵ.ਸ. ਅਵਤਾਰ ਸਿੰਘ ਤਬਲਾ-ਵਾਦਕ ਤੇ ਬੀਬੀ ਹਰਦੀਪ ਕੌਰ ) ਅਤੇ ਜਗਦੀਪ ਕੌਰ (ਸਪੁੱਤਰੀ ਸ. ਸੁਰਜੀਤ ਸਿੰਘ) ਵੀ ਸੰਗੀਤਕਾਰ ਹਨ ਅਤੇ ਇਸ ਖੇਤਰ ਵਿਚ ਇਨ੍ਹਾਂ ਨੇ ਬਹੁਤ ਮਾਨ-ਸਨਮਾਨ ਪ੍ਰਾਪਤ ਕੀਤੇ ਸਨ।

**ਬੀਬੀ ਰੁਪਿੰਦਰ ਕੌਰ ਪਿੰਦੀ-** (ਸੁਪਤਨੀ ਸ. ਕੁਲਵੰਤ ਸਿੰਘ ਸਲੈਚ ਤਬਲਾ ਵਾਦਕ, ਜਲੰਧਰ) ਆਪ ਨੇ ਵੋਕਲ ਸੰਗੀਤ (ਗਾਇਕੀ) ਦੀ ਐਮ.ਏ. ਕੀਤੀ ਹੈ।

**ਬੀਬੀ ਸ਼ਿਵਰੰਜਿਨੀ ਕੌਰ-** (ਸੁਪਤਨੀ ਸ. ਮਨੋਹਰ ਸਿੰਘ ਸਪੁੱਤਰ ਸ. ਸਵਰਨ ਸਿੰਘ ਤੇ ਬੀਬੀ ਦਵਿੰਦਰ ਕੌਰ ਜੰਮੂ) ਚਾਰ ਸਾਲ ਦੀ ਉਮਰ ਤੋਂ ਇਸ ਨੇ ਸੰਗੀਤ ਸਿੱਖਣਾ ਸ਼ੁਰੂ ਕੀਤਾ। ਆਪਣੇ ਸਕੂਲੀ ਜੀਵਨ ਤੋਂ ਹੀ ਇਹ ਸਦਾ ਪਹਿਲੇ ਨੰਬਰ ਦੀ ਗਾਇਕਾ ਰਹੀ। ਸਕੂਲ ਸਮੇਂ ਵਿਚ ਇਸ ਨੇ 50 ਤੋਂ ਵੱਧ ਇਨਾਮ ਵੱਖ ਵੱਖ ਸੰਗੀਤ ਮੁਕਾਬਲਿਆਂ ਵਿਚੋਂ ਜਿੱਤੇ।

ਕਾਲਜ ਜੀਵਨ ਵਿਚ ਦਾਖ਼ਲ ਹੁੰਦਿਆਂ ਹੀ ਸੰਨ 1991 ਦੇ ਯੂਥ ਫੈਸਟੀਵਲ ਵਿਚ ਇਹ ਪਹਿਲੇ ਨੰਬਰ ਦੀ ਜੇਤੂ ਰਹੀ। ਸੰਨ 1992 ਵਿਚ ਆਲ ਇੰਡੀਆ ਸ਼ਬਦ ਗਾਇਨ ਮੁਕਾਬਲੇ ਵਿਚੋਂ ਪਹਿਲਾ ਇਨਾਮ ਜਿੱਤਿਆ ਅਤੇ ਇਸ ਨੂੰ ਸਭ ਤੋਂ ਘੱਟ ਉਮਰ ਵਾਲੀ ਸਿੰਗਰ ( ਗਾਇਕਾ) ਦਾ ਐਵਾਰਡ ਮਿਲਿਆ।

ਸੰਨ 1993 ਵਿਚ ਕਾਰਨੀਵਲ ਫੈਸਟੀਵਲ ਵਿਚ ਪਹਿਲਾ ਇਨਾਮ ਜਿੱਤਿਆ ਅਤੇ ਪੰਜਾਬ ਦੀ "ਦੀ ਬੈਸਟ ਸਿੰਗਰ" ਐਲਾਨੀ ਗਈ। ਸੰਨ 1993 ਵਿਚ ਭੂਪਾਲ ਵਿਖੇ ਹੋਏ ਰਾਸ਼ਟਰੀ ਯੁਵਾ ਉਤਸਵ ਵਿਚ ਕਲਾਸੀਕਲ ਵੋਕਲ (ਸ਼ਾਸ਼ਤਰੀ ਸੰਗੀਤ) ਵਿਚੋਂ ਸਰਵ ਸ੍ਰੇਸ਼ਟ ਗਾਇਕਾ ਦਾ ਐਵਾਰਡ ਬਨਾਰਸ ਦੀ ਸੰਗੀਤਕਾਰ ਸ੍ਰੀ ਮਤੀ ਕੋਂਕਣਾ ਬੈਨਰਜੀ ਪਾਸੋਂ ਪ੍ਰਾਪਤ ਹੋਇਆ।

ਸੰਨ 1994 ਦੇ ਜਲੰਧਰ ਵਿਖੇ ਹੋਏ ਸਟੇਟ ਲੈਵਲ ਮੁਕਾਬਲਿਆਂ ਵਿਚੋਂ ਇਸ ਨੇ ਪਹਿਲਾ ਨੰਬਰ ਪ੍ਰਾਪਤ ਕੀਤਾ ਅਤੇ ਦੇਸ਼ ਦੇ ਪੱਧਰ ਤੇ ਹੋਣ ਵਾਲੇ ਯੁਵਾ ਉਸਤਵ ਸੰਨ 1995 ਵਾਸਤੇ ਭੋਪਾਲ ਜਾਣ ਲਈ ਚੁਣੀ ਗਈ। ਏਥੇ ਉਹ 15 ਤੋਂ 35 ਦੇ ਆਯੂ ਗਰੁਪ ਵਿਚ ਚੌਥੀ ਪੋਜੀਸ਼ਨ 'ਤੇ ਆਈ। ਸਭ ਤੋਂ ਛੋਟੀ ਲੜਕੀ ਹੋਣ 'ਤੇ ਵੀ ਇੰਨੀ ਪ੍ਰਾਪਤੀ ਕਰਨ ਕਾਰਣ ਇਸ ਨੂੰ 2000 ਰੁਪੈ ਨਕਦ ਇਨਾਮ ਅਤੇ ਇਕ ਸ਼ਾਲ ਦੇ ਕੇ ਸਲਾਹਿਆ ਗਿਆ।

ਗੁਰੂ ਨਾਨਕ ਸਟੇਡੀਅਮ ਲੁਧਿਆਣਾ, ਵਿਖੇ ਭੋਪਾਲ ਦੇ ਯੁਵਾ ਉਤਸਵ 1995 ਦੀਆਂ ਪ੍ਰਾਪਤੀਆਂ ਕਾਰਨ ਇਸ ਨੂੰ ਸਨਮਾਨਤ ਕੀਤਾ ਗਿਆ। ਕਾਲਜ ਦੇ ਕਾਨਵੋਕੇਸ਼ਨ ਡੇ ਤੇ ਪੰਜਾਬ ਰਾਜ ਦੇ ਉਦੋਂ ਦੇ ਮੁੱਖ ਮੰਤਰੀ ਸ.

ਬੇਅੰਤ ਸਿੰਘ ਨੇ ਸ਼ਿਵਰੰਜਨੀ ਨੂੰ ਸਭਿਆਚਾਰਕ ਵਟਾਂਦਰਾ ਪ੍ਰੋਗਰਾਮ ਵਿਚ ਜਾਪਾਨ ਭੇਜਣ ਦਾ ਐਲਾਨ ਕੀਤਾ।

ਸ਼ਿਵਰੰਜਿਨੀ ਨੇ ਵੋਕਲ ਮਿਊਜਿਕ 'ਚ ਅਨੇਕ ਪੁਰਸਕਾਰ ਜਿੱਤੇ ਅਤੇ ਕਾਲਜ ਵਿਚ ਪੜ੍ਹਦਿਆ ਪੰਜਾਬ ਪੱਧਰ 'ਤੇ ਹੋਈਆਂ ਸੰਗੀਤ ਪ੍ਰਤੀਯੋਗਤਾਵਾਂ ਵਿਚੋਂ ਹਮੇਸ਼ਾਂ ਪਹਿਲੇ ਨੰਬਰ 'ਤੇ ਰਹੀ।ਸੰਨ 1994-95-96 ਤਿੰਨੋਂ ਸਾਲ ਕਾਲਜ ਵਿਚ ਹੋਏ ਯੂਥ ਫੈਸਟੀਵਲ ਵਿਚੋਂ ਸ਼ਾਸ਼ਤਰੀ ਗਾਇਨ ਲਈ ਇਸ ਨੂੰ ਪਹਿਲਾ ਪੁਰਸਕਾਰ ਮਿਲਿਆ।

ਇਸ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸੰਗੀਤ ਦੀ ਐਮ. ਏ.ਕੀਤੀ। ਅੱਜ ਕਲ੍ਹ ਇਹ ਜੰਮੂ ਵਿਖੇ ਬੱਚਿਆਂ ਨੂੰ ਸੰਗੀਤ ਸਿੱਖਿਆ ਦੇਣ ਦੀ ਸੇਵਾ ਕਰ ਰਹੀ ਹੈ।

ਸ਼ਿਵਰੰਜਿਨੀ ਦੱਸਦੀ ਹੈ ਕਿ ਗੰਗਾਨਗਰ (ਰਾਜਸਥਾਨ) ਵਿਖੇ ਹੋਏ ਆਲ ਇੰਡੀਆ ਸ਼ਬਦ ਗਾਇਨ ਮੁਕਾਬਲੇ ਵਿਚ ਉਸ ਨੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਰਚਿਤ ਬੰਦਿਸ਼ ਸੁਣਾਈ ਤਾਂ ਸਰੋਤੇ ਬਹੁਤ ਖੁਸ਼ ਹੋਏ ਤੇ ਪ੍ਰਸੰਸਾ ਕੀਤੀ। ਜਦੋਂ ਵੀ ਉਹ ਕਿਸੇ ਸਮਾਗਮ 'ਤੇ ਨਾਮਧਾਰੀ ਸ਼ੈਲੀ ਵਿਚ ਸ਼ਬਦ ਗਾਇਨ ਕਰਦੀ ਸੀ ਤਾਂ ਸਰੋਤਿਆਂ ਵਲੋਂ ਇਹੀ ਆਖਿਆ ਜਾਂਦਾ ਸੀ ਕਿ ਇਹੀ ਸਿੱਖਾਂ ਦੀ ਅਸਲੀ ਸ਼ਬਦ ਗਾਇਨ ਸ਼ੈਲੀ ਹੈ। ਇਹ ਸਭ ਸ੍ਰੀ ਸਤਿਗੁਰੂ ਜੀ ਦੀ ਦੇਣ ਹੈ। ਉਨ੍ਹਾਂ ਨੇ ਹੀ ਮੈਨੂੰ ਸੰਗੀਤ ਸਿਖਾਇਆ ਹੈ। ਇਸੇ ਕਾਰਣ ਮੈਂ ਸੰਗੀਤ ਅਗੋਂ ਬੱਚਿਆ ਨੂੰ ਸਿਖਾ ਰਹੀ ਹੈ।

**ਬੀਬੀ ਜਗਦੀਪ ਕੌਰ–** (ਸੁਪਤਨੀ ਸੰਗੀਤਕਾਰ ਸ. ਚਰਨ ਸਿੰਘ ਜੰਮੂ) ਇਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸੰਗੀਤ ਦੀ ਐਮ.ਏ. ਕੀਤੀ ਹੈ। ਇਹ ਕ੍ਰੀਬ 20 ਸਾਲ ਅੱਡੋ ਅੱਡ ਸਕੂਲਾਂ ਤੇ ਕਾਲਜਾਂ ਵਿਚ ਸੰਗੀਤ ਲੈਕਚਰਾਰ ਰਹੇ ਹਨ। ਅੱਜ ਕੱਲ੍ਹ ਆਪਣਾ ਸੰਗੀਤ ਵਿਦਿਆਲਾ ਚਲਾ ਰਹੇ ਹਨ। ਨਾਮਧਾਰੀ ਧਰਮਸ਼ਾਲਾ ਜੰਮੂ ਵਿਖੇ ਵੀ ਬੱਚਿਆਂ ਨੂੰ ਸੰਗੀਤ ਸਿੱਖਿਆ ਦੇ ਰਹੇ ਹਨ। ਇਨ੍ਹਾਂ ਦੀ ਛੋਟੀ ਬੇਟੀ ਮਨੀਤ ਕੌਰ ਕੱਥਕ ਨ੍ਰਿਤ ਅਤੇ ਤਬਲੇ ਦੀ ਸਿੱਖਿਆ ਲੈ ਰਹੀ ਹੈ। ਵੱਡੀ ਬੇਟੀ ਰਾਗਿਨੀ ਰੇਣੂੰ (ਕੁਲਵੰਤ ਕੌਰ) ਵੀ ਸੰਗੀਤਕਾਰ ਹੈ।

**ਰਾਗਿਨੀ ਰੇਣੂੰ ( ਕੁਲਵੰਤ ਕੌਰ)–** ਸੂਫੀ ਗਾਇਕੀ 'ਚ ਇਸ ਦਾ ਵਿਸ਼ੇਸ਼ ਸਥਾਨ ਹੈ। ਮਾਤਾ ਪਿਤਾ ਦੋਵੇਂ ਸੰਗੀਤ ਨਾਲ ਜੁੜੇ ਹੋਣ ਕਰਕੇ ਇਸ ਬੱਚੀ ਨੇ ਸੰਗੀਤਮਈ ਮਾਹੌਲ ਵਿਚ ਅੱਖ ਖੋਲੀ। ਬਚਪਨ ਤੋਂ ਹੀ ਇਸ ਨੇ ਨਾਮਧਾਰੀ ਵਿਦਿਅਕ ਸੰਮੇਲਨਾਂ ਵਿਚ ਹਿੱਸਾ ਲੈ ਕੇ ਇਨਾਮ ਜਿੱਤਣੇ ਸ਼ੁਰੂ ਕੀਤੇ। ਸਕੂਲ ਕਾਲਜ ਵਿਚ ਵੀ 'ਬੈਸਟ ਸਿੰਗਰ' ਦਾ ਇਨਾਮ ਹਾਸਲ ਕੀਤਾ।

ਇਸ ਨੇ ਉੱਚ ਸਿੱਖਿਆ ਦਿੱਲੀ ਖਾਲਸਾ ਕਾਲਜ ਤੋਂ ਲਈ । ਸੰਗੀਤ ਦੀ ਸਿੱਖਿਆ ਇਸ ਨੇ ਜੰਮੂ ਵਿਚ ਸ੍ਰੀ ਬੀ.ਡੀ. ਬਾਲੀ ਤੇ ਬਾਅਦ ਵਿਚ ਦਿੱਲੀ ਦੇ ਪੰ. ਭਜਨ ਸੋਪੋਰੀ ਜੀ (ਜੋ ਕਿ ਜੰਮੂ ਕਸ਼ਮੀਰ ਰਿਆਸਤ ਤੋਂ ਹਨ ਤੇ ਭਾਰਤ ਦੇ ਉੱਘੇ ਸੰਤੂਰ-ਵਾਦਕ ਹਨ ਅਤੇ ਜਿੰਨਾਂ ਨੂੰ ਆਪਣੇ ਸੋਪੋਰੀ ਬਾਜ ਲਈ ਸੰਗੀਤਕਾਰਾਂ ਵਿਚ ਵਿੱਲਖਣ ਸਥਾਨ ਹਾਸਿਲ ਹੈ) ਤੋਂ ਲਈ। ਪੰ. ਜੀ ਇਕ ਉੱਘੇ ਸੰਗੀਤ ਨਿਰਦੇਸ਼ਕ ਵੀ ਹਨ। ਇੰਨਾਂ ਦੇ ਨਿਰਦੇਸ਼ਨ ਹੇਠ ਰਾਗਿਨੀ ਨੇ ਸੂਫੀ ਗਾਇਕੀ ਨੂੰ ਸ਼ਾਸ਼ਤਰੀ ਸੰਗੀਤ ਦੀ ਵਿਧੀ ਅਨੁਸਾਰ ਹਾਸਿਲ ਕੀਤਾ।

ਰਾਗਿਨੀ ਨੇ ਰੇਡਿਓ ਅਤੇ ਟੀ.ਵੀ 'ਤੇ ਕਈ ਪ੍ਰੋਗਰਾਮ ਦਿੱਤੇ। ਕਈ ਐਲਬਮ ਕੀਤੇ ਤੇ ਦੇਸ਼ ਵਿਦੇਸ਼ ਵਿਚ ਆਪਣੀ ਗਾਇਕੀ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਵਿਚੋਂ AIMS (all india medical institute) ,Lotus temple (ਦਿੱਲੀ), ਨਾਦ-ਨਵਰੰਗ (ਜਲੰਧਰ), ਸੂਫੀ ਸੰਮੇਲਨ( ਜੰਮੂ), festival ( ਸ੍ਰੀ ਨਗਰ) ਆਦਿ ਵਿਖੇ ਕੀਤੇ ਕਈ ਪ੍ਰੋਗਰਾਮ ਵਰਣਨਯੋਗ ਹਨ। ਇਸ ਤੋਂ ਇਲਾਵਾ morraco, korea (sovi fastival) ਤੇ U.K. ਵਿਚ ਵੀ ਆਪਣੇ ਪ੍ਰੋਗਰਾਮ ਦਿੱਤੇ।

ਇਸ ਤਰ੍ਹਾਂ ਸ੍ਰੀ ਭੈਣੀ ਸਾਹਿਬ, ਜੰਮੂ, ਲੁਧਿਆਣਾ, ਜਲੰਧਰ, ਦਿੱਲੀ ਆਦਿ ਸਭ ਥਾਵਾਂ 'ਤੇ ਅਤੇ ਵਿਦੇਸ਼ਾਂ ਵਿਚ ਵੀ ਵੱਡੀ ਗਿਣਤੀ ਵਿਚ ਸ੍ਰੀ ਸਤਿਗੁਰੂ ਜੀ ਦੁਆਰਾ ਉਤਸ਼ਾਹ ਦੇਣ, ਖੁਦ ਸਿਖਾਉਣ ਅਤੇ ਉਸਤਾਦਾਂ ਕੋਲੋਂ ਸੰਗੀਤ ਸਿੱਖਿਆ ਦਿਵਾਉਣ ਸਦਕਾ ਬੀਬੀਆਂ ਨੇ ਸੰਗੀਤ ਸਿੱਖਿਆ ਹੈ ਤੇ ਸਿੱਖ ਰਹੀਆਂ ਹਨ।

# ਸ਼ੁਰੂਆਤੀ ਦੌਰ ਦੀਆਂ ਸੰਗੀਤਕਾਰ ਬੀਬੀਆਂ

ਸ੍ਰੀ ਭੈਣੀ ਸਾਹਿਬ ਵਿਖੇ ਸੰਨ 1990-91 ਵਿਚ ਪੜ੍ਹਦੀਆਂ 11-12 ਕੁੜੀਆਂ ਦੇ ਇਕ ਗਰੁੱਪ ਨੂੰ ਖੁਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਸਿਖਾਉਣਾ ਆਰੰਭਿਆ ਸੀ। ਬਾਅਦ ਵਿਚ ਵੱਡੇ ਵੱਡੇ ਉਸਤਾਦਾਂ ਕੋਲ ਸੰਗੀਤ ਸਿੱਖਣ ਦੇ ਮੌਕੇ ਵੀ ਇਨ੍ਹਾਂ ਨੂੰ ਪ੍ਰਦਾਨ ਕੀਤੇ। ਸਰਕਾਰੀ ਸਕੂਲ ਸ੍ਰੀ ਭੈਣੀ ਸਾਹਿਬ ਵਿਖੇ ਪੜ੍ਹਦੀਆਂ ਕੁੜੀਆਂ- ਸਿਮਰਤਪਾਲ ਕੌਰ ਸ਼ੰਮੀ, ਗੁਰਮੀਤ ਕੌਰ,ਪਰਮਜੀਤ ਕੌਰ ਪੰਮੋ ਅਤੇ ਸਿਮਰਜੀਤ ਕੌਰ ਸਿੰਮੀ ਨੂੰ ਸ੍ਰੀ ਸਤਿਗੁਰੂ ਜੀ ਨੇ ਸੰਗੀਤ ਸਿੱਖਿਆ ਦੇਣ ਦੀ ਸ਼ੁਰੂਆਤ ਉਸਤਾਦ ਬਲਜੀਤ ਸਿੰਘ ਪਾਸੋਂ ਕਰਾਈ। ਇਨ੍ਹਾਂ ਚਾਰਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਆਪ ਸੰਗੀਤ ਸਿਖਾਇਆ। ਪੌਣੇ ਗਿਆਰਾਂ ਮਾਤਰਾ ਸਿਖਾਈ।

**ਬਾਕੀ ਕੁੜੀਆਂ-** ਗੁਰਦਰਸ਼ਨ ਕੌਰ ਪਰਸਨ, ਗੁਰਦੀਪ ਕੌਰ ਬਾਵੋ, ਵੀਰਪਾਲ ਕੌਰ ਵੀਰੋ, ਪਰਮਜੀਤ ਕੌਰ,ਪਵਨਦੀਪ ਕੌਰ, ਹਰਮੀਤ ਕੌਰ, ਸਿਮਰਜੀਤ ਕੌਰ ਆਦਿ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਵਿਖੇ ਪੜ੍ਹਦੀਆਂ ਸਨ। ਇਨ੍ਹਾਂ ਕੁੜੀਆਂ ਨੇ ਉਸਤਾਦ ਬੀਬੀ ਨਰਿੰਦਰ ਕੌਰ ਜੀ ਪਾਸੋਂ ਸੰਗੀਤ ਸਿੱਖਣ ਦੀ ਸ਼ੁਰੂਆਤ ਕੀਤੀ। ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਕੁੜੀਆਂ ਨੂੰ ਪੌਣੇ-ਪੰਦਰਾਂ ਮਾਤਰਾ ਸਿਖਾਈ। ਅਕੈਡਮੀ ਵਿਚ ਪੜ੍ਹਨ ਵਾਲੀਆਂ ਇਹ ਕੁੜੀਆਂ ਵੱਖੋ ਵੱਖ ਸ਼ਹਿਰਾਂ ਦੇ ਸਕੂਲਾਂ ਵਿਚ ਹੁੰਦੀਆਂ ਸੰਗੀਤ ਪ੍ਰਤੀਯੋਗਤਾਵਾਂ ਵਿਚ ਜਾਂਦੀਆ ਰਹੀਆਂ। ਇਨ੍ਹਾਂ ਦਾ ਗਰੁੱਪ ਤਕਰੀਬਨ ਹਰ ਥਾਂ ਤੋਂ ਫਸਟ ਆਉਂਦਾ ਸੀ।

ਸੰਨ 1992 'ਚ ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਸਾਰੀਆਂ ਕੁੜੀਆਂ ਨੂੰ ਹਜ਼ੂਰੀ ਰਾਗੀ ਸ਼ੇਰ ਸਿੰਘ ਪਾਸੋਂ ਤਬਲਾ ਸਿਖਾਉਣਾ ਸ਼ੁਰੂ ਕੀਤਾ। ਫਿਰ ਸੰਨ 1993 ਵਿਚ ਪੰ. ਰਮਾਕਾਂਤ ਜੀ ਤੋਂ ਤਬਲਾ ਸਿਖਾਉਣਾ ਸ਼ੁਰੂ ਕੀਤਾ। ਪੰ. ਜੀ, ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਜਲੰਧਰ ਤੋਂ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਹਰ ਹਫਤੇ ਬੱਚਿਆਂ ਨੂੰ ਤਬਲਾ ਸਿਖਾਉਣ ਆਇਆ ਕਰਦੇ ਸਨ। ਸੱਚੇ ਪਾਤਸ਼ਾਹ ਜੀ ਨੇ ਸੰਗੀਤ ਸਿੱਖਦੀਆਂ ਸਾਰੀਆਂ ਕੁੜੀਆਂ ਦੇ ਗਰੁੱਪ ਨੂੰ ਉਸਤਾਦ ਹਰਭਜਨ ਸਿੰਘ ਜੀ ਤੋਂ ਗਾਇਨ ਅਤੇ ਉਸਤਾਦ ਸੁਰਜੀਤ ਸਿੰਘ (ਸਾਰੰਗੀ) ਤੋਂ ਦਿਲਰੁਬਾ ਸਿਖਵਾਇਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਨ੍ਹਾਂ ਕੁੜੀਆਂ ਨੂੰ ਖੁਦ ਕੋਲ ਬੈਠ ਕੇ ਸੰਗੀਤ ਸਿਖਾਇਆ ਅਤੇ ਉੱਸਤਾਦ ਸੰਗੀਤਕਾਰਾਂ ਕੋਲੋਂ ਸੰਗੀਤ ਸਿੱਖਿਆ ਦਵਾਈ। ਇਨ੍ਹਾਂ ਕੁੜੀਆਂ ਵਿਚੋਂ ਸਿਮਰਤਪਾਲ ਸ਼ੰਮੀ ਜੋ ਐਸ ਵੇਲੇ ਸ੍ਰੀ ਭੈਣੀ ਸਾਹਿਬ ਵਿਖੇ ਬੱਚਿਆਂ ਨੂੰ ਸੰਗੀਤ ਸਿਖਾ ਰਹੀ ਹੈ ਦਾ ਜ਼ਿਕਰ ਪੇਸ਼ ਹੈ-

**ਬੀਬੀ ਸਿਮਰਤਪਾਲ ਕੌਰ ਸ਼ੰਮੀ-** ਸ਼ੰਮੀ ਦਾ ਜਨਮ 3 ਦਸੰਬਰ ਸੰਨ 1979 ਨੂੰ ਪਿਤਾ ਸ. ਕੁਲਦੀਪ ਸਿੰਘ ਅਤੇ ਮਾਤਾ ਜਸਬੀਰ ਕੌਰ ਦੇ ਘਰ ਪਿੰਡ ਕੱਕੜਾਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ।

ਸੰਨ 1988 ਵਿਚ 9 ਸਾਲ ਦੀ ਉਮਰ ਵਿਚ ਸ਼ੰਮੀ ਨੇ ਸੰਗੀਤ ਸਿਖਣਾ ਸ਼ੁਰੂ ਕੀਤਾ ।

ਸ਼ੰਮੀ ਦੇ ਆਪਣੇ ਸ਼ਬਦਾਂ ਵਿੱਚ,

"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਰੇ ਸੰਗੀਤ ਸਿੱਖਣ ਵਾਲੇ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਤੇ ਉਚੇਚਾ ਧਿਆਨ ਦਿੰਦੇ ਸਨ। ਸਤਿਗੁਰੂ ਜੀ ਨੇ ਇਲਾਇਚੀਆਂ ਵਾਲੀਆਂ ਖੰਡ ਦੀਆਂ ਗੋਲੀਆਂ ਜੋ ਸਪੈਸ਼ਲ ਬਣਵਾਈਆਂ ਹੋਈਆਂ ਸਨ, ਸੰਗੀਤ ਸਿੱਖਣ ਵਾਲੇ ਸਾਰੇ ਬੱਚਿਆਂ ਨੂੰ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਦਿਆ ਕਰਦੇ ਸਨ। ਜਦੋਂ ਆਸਾ ਦੀ ਵਾਰ ਲਗਦੀ, ਸਤਿਗੁਰੂ ਜੀ ਬੱਚਿਆਂ ਨੂੰ ਨਾਲ ਬਿਠਾਉਂਦੇ ਸਨ।

"ਮੈਂ ਸਾ-ਰੇ-ਗਾ- ਮਾ- ਤੋਂ ਗਾਇਨ ਸ਼ੁਰੂ ਕੀਤਾ, ਉਸਤਾਦ ਬਲਜੀਤ ਸਿੰਘ ਪਾਸੋਂ। ਦੋ ਸਾਲ ਬਾਦ ਸੰਨ 1990 ਵਿਚ ਉਸਤਾਦ ਬਲਜੀਤ ਸਿੰਘ ਜੀ ਨੇ ਸਾਨੂੰ ਸਾਰੇ ਬੱਚਿਆਂ ਨੂੰ ਦਿਲਰੁਬਾ ਸਾਜ ਬਣਵਾ ਕੇ ਦਿਤੇ ਸਨ। ਸੰਨ 1990 ਵਿਚ ਹੀ ਕੋਠੀ ਵਿਖੇ ਰਾਗ ਹੋ ਰਿਹਾ ਸੀ, ਮਹਾਰਾਜ ਬੀਰ ਸਿੰਘ ਵੀ ਬੈਠੇ ਸਨ । ਸ੍ਰੀ ਸਤਿਗੁਰੂ ਜੀ ਨੇ ਮਹਾਰਾਜ ਜੀ ਨੂੰ ਮੇਰੇ ਬਾਰੇ ਦੱਸਿਆ ਕਿ ਇਹ ਮੇਵਾ ਸਿੰਘ ਦੀ ਪੋਤੀ ਅਤੇ ਹਰਨਾਮ ਸਿੰਘ ਦੀ ਦੋਹਤੀ ਹੈ, ਰਾਗ ਸਿੱਖਦੀ ਹੈ।

ਫਿਰ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਪੁੱਛਿਆ," ਤੈਨੂੰ ਸਾਜ਼ ਵਜਾਉਣਾ ਆਉਂਦਾ ਹੈ।"

ਮੈਂ ਕਿਹਾ," ਜੀ, ਸਿਰਫ ਸ ਰ ਗ ਮ ਹੀ ਆਉਦੈਂ।"

ਹੁਕਮ ਹੋਇਆ,"ਤੂੰ ਸਾਜ ਵਜਾ ਕੇ ਵਿਖਾ"

ਮੈਂ ਥੋੜ੍ਹੀ ਦੇਰ ਸਾਜ਼ ਦਿਲਰੁਬਾ ਵਜਾਇਆ ਤਾਂ ਸੱਚੇ ਪਾਤਸ਼ਾਹ ਜੀ ਫਰਮਾਇਆ,

'ਅੱਛਾ ਬਸ, ਸ਼ਾਬਾਸ਼।'

ਮੈਂ ਉਦੋਂ ਦਸ ਸਾਲ ਦੀ ਸੀ, ਫਿਰ ਸੱਚੇ ਪਾਤਸ਼ਾਹ ਜੀ ਸਾਨੂੰ ਸਾਰੇ ਬੱਚਿਆਂ ਨੂੰ ਥਾਈਲੈਂਡ ਦੌਰੇ 'ਤੇ ਲੈ ਕੇ ਗਏ। ਵੱਡੇ ਵੱਡੇ ਮੇਲਿਆਂ ਸਮੇਂ ਵੀ ਸੱਚੇ ਪਾਤਸ਼ਾਹ ਜੀ ਸਾਨੂੰ ਆਸਾ ਦੀ ਵਾਰ ਦੇ ਕੀਰਤਨ ਵਿਚ ਬਹੁਤ ਜ਼ਿਆਦਾ ਅੱਗੇ ਰੱਖਦੇ ਸਨ। ਜਦੋਂ ਵੀ ਕਿਤੇ ਬਾਹਰ ਦੌਰੇ 'ਤੇ ਜਾਂਦੇ ਸਨ ਸਾਨੂੰ ਨਾਲ ਲੈ ਕੇ ਜਾਂਦੇ ਸਨ,ਉਥੇ ਸਾਥੋਂ ਸੁਣਵਾਉਂਦੇ ਸਨ।

ਸਾਨੂੰ ਕਈ ਕੁੜੀਆਂ ਨੂੰ ਸਤਿਗੁਰੂ ਜੀ ਨੇ ਪੌਣੇ 15 ਮਾਤਰਾ ਸਿਖਾਈ, ਕਾਨੜੇ ਮਲਹਾਰ ਸਿਖਾਏ, ਬੰਦਸ਼ਾਂ ਸਿਖਾਈਆਂ।

ਬੀਬੀ ਨਰਿੰਦਰ ਕੌਰ ਜੀ ਨੇ ਆਪਣੀਆਂ ਸ਼ਗਿਰਦ ਕੁੜੀਆਂ ਨੂੰ ਪੌਣੇ 11 ਮਾਤਰਾ ਸਿਖਾਈਆਂ। ਜਦੋਂ ਵੀ ਬਾਹਰੋਂ ਕੋਈ ਸੰਗੀਤਕਾਰ ਆਉਂਦਾ, ਸੱਚੇ ਪਾਤਸ਼ਾਹ ਜੀ ਉਸਨੂੰ ,ਸਾਥੋਂ ਪੌਣੇ 15, ਅਤੇ ਉਨ੍ਹਾਂ ਕੁੜੀਆਂ ਤੋਂ ਪੌਣੇ 11 ਮਾਤਰਾ ਜ਼ਰੂਰ ਸੁਣਵਾਉਂਦੇ ਸਨ।

ਫਿਰ ਸੱਚੇ ਪਾਤਸ਼ਾਹ ਜੀ ਨੇ ਸਾਨੂੰ ਕਾਨੜੇ, ਮਲਹਾਰ, ਸਾਰੰਗ ਤੇ ਭੈਰਵ ਯਾਦ ਕਰਨ ਨੂੰ ਕਿਹਾ। ਕਿਸੇ ਨੇ ਸੱਚੇ ਪਾਤਸ਼ਾਹ ਜੀ ਨੂੰ ਕਿਤਾਬਾਂ ਭੇਟ ਕੀਤੀਆਂ ਸਨ। ਉਨ੍ਹਾਂ ਦੀਆਂ ਅੱਗੋਂ ਫੋਟੋਸਟੈਟ ਕਾਪੀਆਂ ਕਰਵਾ ਕੇ ਸਤਿਗੁਰੂ ਜੀ ਨੇ ਸਾਨੂੰ ਸੰਗੀਤ ਸਿੱਖ ਰਹੀਆਂ ਕੁੜੀਆਂ ਅਤੇ ਮੁੰਡਿਆਂ ਨੂੰ ਵੀ ਦਿੱਤੀਆਂ। ਫਿਰ ਜਦੋਂ ਵੀ ਕੋਈ ਸੰਗੀਤਕਾਰ ਕੋਠੀ ਆਉਂਦਾ ਹੁੰਦਾ ਸੀ,ਸੱਚੇ ਪਾਤਸ਼ਾਹ ਜੀ ਸਾਨੂੰ ਹੁਕਮ ਕਰਦੇ ਸਨ ਕਿ ਮਲਹਾਰ ਦੇ ਪ੍ਰਕਾਰ ਸੁਣਾਓ, 30 ਮਲਹਾਰ ਸਨ, ਉਹ ਸਾਡੇ ਕੋਲੋਂ ਗਵਾਉਂਦੇ। ਮੈਂ, ਪੰਮੋ ਤੇ ਗੁਰਮੀਤ ਅਸੀਂ ਤਿੰਨੋ ਗਾਉਂਦੀਆਂ ਸਾਂ। ਫਿਰ ਸੱਚੇ ਪਾਤਸ਼ਾਹ ਜੀ ਨੇ ਸਾਨੂੰ ਕਾਨੜੇ ਦੀ ਕਿਤਾਬ ਲਿਆ ਕੇ ਦਿੱਤੀ, ਉਸ ਵਿਚੋਂ ਸਾਨੂੰ ਕਾਨੜੇ ਯਾਦ ਕਰਵਾਏ।

33 ਮਲਹਾਰ, 30 ਕਾਨੜੇ, 28 ਪ੍ਰਕਾਰ ਦੇ ਸਾਰੰਗ ਅਤੇ 58 ਪ੍ਰਕਾਰ ਦੇ ਭੈਰਵ ਹਨ। ਉਹ ਅਸੀਂ ਜਿਦ ਜਿਦ ਕੇ ਯਾਦ ਕਰਦੇ ਸਾਂ। ਮੁੰਡਿਆਂ ਨੂੰ ਹੁੰਦਾ ਸੀ, ਅਸੀਂ ਪਹਿਲਾਂ ਯਾਦ ਕਰ ਲਈਏ। ਕੁੜੀਆਂ ਨੂੰ ਹੁੰਦਾ ਸੀ ਕਿ ਪਹਿਲਾਂ ਅਸੀਂ ਯਾਦ ਕਰ ਲਈਏ। ਜਿਹੜਾ ਪਹਿਲਾਂ ਯਾਦ ਕਰ ਲੈਂਦਾ ਸੱਚੇ ਪਾਤਸ਼ਾਹ ਜੀ ਉਸੇ ਤੋਂ ਗਵਾਉਂਦੇ ਹੁੰਦੇ ਸਨ। ਸੱਚੇ ਪਾਤਸ਼ਾਹ ਜੀ ਬਲਵੰਤ ਸਿੰਘ ਹੋਰਾਂ ਕੋਲੋਂ ਕਾਨੜੇ ਅਤੇ ਸਾਥੋਂ ਕੁੜੀਆਂ ਤੋਂ ਮਲਹਾਰ,ਸਾਰੰਗ ਗਵਾਉਂਦੇ ਸਨ। ਮੇਰੇ ਕੋਲੋਂ ਭੈਰਵ ਸੁਣਦੇ ਸਨ। ਸੱਚੇ ਪਾਤਸ਼ਾਹ ਜੀ ਮੇਰੇ ਬਾਰੇ ਸਾਰਿਆਂ ਨੂੰ ਦੱਸਦੇ ਸਨ, ਕਹਿਣਾ,

'ਇਹ ਰਾਤ ਨੂੰ 12 ਵਜੇ ਉਠਦੀ ਹੈ, ਜਪ-ਪ੍ਰਯੋਗ ਵਿਚ ਆ ਕੇ ਨਾਮ ਸਿਮਰਨ ਕਰਦੀ ਹੈ, ਇਸ ਨੂੰ ਏਨੇ ਕਾਨ੍ਹੜੇ, ਏਨੇ ਭੈਰਵ ਅਤੇ ਏਨੇ ਮਲ੍ਹਾਰ ਯਾਦ ਨੇ।'

ਇਕ ਵਾਰ ਬਨਾਰਸ ਸੰਗੀਤ ਸੰਮੇਲਨ ਹੋਇਆ,ਉਥੇ ਪੰਡਤ ਕਿਸ਼ਨ ਮਹਾਰਾਜ ਆਏ ਹੋਏ ਸਨ। ਉਥੇ ਬਲਵੰਤ ਸਿੰਘ ਕੋਲੋਂ ਮਲ੍ਹਾਰ ਅਤੇ ਮੇਰੇ ਕੋਲੋਂ ਭੈਰਵ ਸੁਣੇ। ਪੰਡਤ ਕਿਸ਼ਨ ਮਹਾਰਾਜ ਮੈਨੂੰ ਕਹਿਣ ਲਗੇ,

'ਠੀਕ ਹੈ, ਹਮ ਤੁਮਾਰਾ ਨਾਮ ਹੀ ਭੈਰਵੀ ਰੱਖ ਦੇਤੇ ਹੈਂ।'

ਸੱਚੇ ਪਾਤਸ਼ਾਹ ਜੀ ਇਕ ਪਾਸੇ ਸਾਨੂੰ ਕੁੜੀਆਂ ਨੂੰ ਅਤੇ ਦੂਜੇ ਪਾਸੇ ਮੁੰਡਿਆਂ ਨੂੰ ਬਿਠਾ ਕੇ ਬੰਦਸ਼ਾਂ ਯਾਦ ਕਰਵਾਉਂਦੇ। ਸੱਚੇ ਪਾਤਸ਼ਾਹ ਜੀ ਸੰਗੀਤ ਦੀਆਂ ਬੈਠਕਾਂ ਵਿਚ ਥੱਕਦੇ ਹੀ ਨਹੀਂ ਸਨ। ਕਈ ਵਾਰ ਸ਼ਾਮੀਂ 4 ਵਜੇ ਬੈਠਣਾਂ ਤੇ 11 ਵੱਜ ਜਾਣੇਂ, ਫਿਰ ਉਠ ਕੇ ਇਸ਼ਨਾਨ ਕਰ ਕੇ ਜਪ-ਪ੍ਰਯੋਗ ਵਿਚ ਨਾਮ ਸਿਮਰਨ ਕਰਨ ਚਲੇ ਜਾਣਾਂ। ਉਥੇ ਸਵੇਰ ਦੇ 6 ਵੱਜ ਜਾਣੇਂ। ਅਸੀਂ ਵੀ ਕਈ ਕਈ ਘੰਟੇ ਰਿਆਜ਼ ਕਰਦੇ ਸਾਂ।"

ਸ੍ਰੀ ਸਤਿਗੁਰੂ ਜੀ ਨੇ ਸੰਨ 1995 ਨੂੰ ਸ਼ੰਮੀ, ਗੁਰਮੀਤ ਕੌਰ ਤੇ ਹਰਜਿੰਦਰ ਸਿੰਘ ਦੀ ਉਸਤਾਦ ਅਮਜ਼ਦ ਅਲੀ ਖਾਂ ਸਾਹਿਬ ਨਾਲ ਉਸਤਾਦੀ - ਸ਼ਗਿਰਦੀ ਕਰਵਾਈ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ਼ੰਮੀ ਦੇ ਅਨੰਦ ਕਾਰਜ 13 ਫਰਵਰੀ ਸੰਨ 1998 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਰਾਗੀ ਸ੍ਰੀ ਹਰਜਿੰਦਰ ਸਿੰਘ (ਸਪੁੱਤਰ ਸੰਤ ਕਸ਼ਮੀਰ ਸਿੰਘ ਭਿੰਡਰ ਪ੍ਰਬੰਧਕ) ਨਾਲ ਹੋਏ।ਐਸ ਵੇਲੇ ਕਰੀਬ ਚਾਲੀ ਬੱਚੇ ਬੱਚੀਆਂ ਸ਼ੰਮੀ ਤੋਂ ਸੰਗੀਤ ਸਿੱਖ ਰਹੇ ਹਨ ।ਪੰ. ਰਮਾ ਕਾਂਤ ਜੀ ਇਨ੍ਹਾਂ ਬੱਚਿਆਂ ਨੂੰ ਤਬਲਾ ਸਿਖਾਉਣ ਸ੍ਰੀ ਭੈਣੀ ਸਾਹਿਬ ਹਰ ਹਫਤੇ ਆਉਂਦੇ ਰਹੇ ਹਨ ।

ਐਸ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਵਿਖੇ ਸ਼ੰਮੀ ਸੰਗੀਤ ਦੀ ਟੀਚਰ ਵੀ ਹੈ ਅਤੇ ਘਰ ਵਿਚ ਵੀ ਬੱਚਿਆਂ ਨੂੰ ਬਿਨਾਂ ਫੀਸ ਤੋਂ ਸੇਵਾ ਭਾਵਨਾ ਤੇ ਦਿਲਚਸਪੀ ਨਾਲ ਸੰਗੀਤ ਸਿਖਾਉਂਦੀ ਹੈ।

**ਬੀਬੀ ਹਰਮੀਤ ਕੌਰ-** ਸਪੁੱਤਰੀ ਹਜ਼ੂਰੀ ਰਾਗੀ ਹਰਬੰਸ ਸਿੰਘ ਘੁੱਲਾ ਅਤੇ ਮਾਤਾ ਸੁਖਵਿੰਦਰ ਕੌਰ ਤੇ ਸੁਪਤਨੀ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਸ੍ਰੀ ਭੈਣੀ ਸਾਹਿਬ। ਇਸ ਦੀ ਦਿਲਚਸਪੀ ਗਾਇਨ ,ਸਿਤਾਰ ਵਿਚ ਰਹੀ।

**ਬੀਬੀ ਗੁਰਮੀਤ ਕੌਰ -** ਸਪੁੱਤਰੀ ਜੱਥੇਦਾਰ ਸੰਤੋਖ ਸਿੰਘ ਵਰਿਆਂਹ ਹੈ। ਇਸ ਦੀ ਦਿਲਚਸਪੀ ਗਾਇਨ,ਸਿਤਾਰ ਵਿਚ ਰਹੀ।ਅੱਜ ਕੱਲ੍ਹ ਇਹ ਇੰਗਲੈਂਡ ਵਿਖੇ ਰਹਿੰਦੇ ਹਨ।

**ਬੀਬੀ ਪਰਮਜੀਤ ਕੌਰ ਪੰਮੋ-** ਸਪੁੱਤਰੀ ਸੰਤ ਦਰਸ਼ਨ ਸਿੰਘ ਲਾਂਗਰੀ ਤੇ ਮਾਤਾ ਬਲਬੀਰ ਕੌਰ ਹੈ। ਇਸ ਦੀ ਜ਼ਿਆਦਾ ਦਿਲਚਸਪੀ ਦਿਲਰੁਬਾ ਅਤੇ ਤਬਲਾ-ਵਾਦਨ ਵਿਚ ਹੈ। ਇਹ ਸ. ਬਲਦੇਵ ਸਿੰਘ ਪਿੰਡ ਰਤੀਆ ( ਹਰਿਆਣਾ) ਦੀ ਸੁਪਤਨੀ ਹੈ।

**ਬੀਬੀ ਗੁਰਦਰਸ਼ਨ ਕੌਰ (ਪਰਸਨ)-** ਸਪੁੱਤਰੀ ਸੰਤ ਹਰਦੇਵ ਸਿੰਘ ਮਸਤਾਨਾ ਅਤੇ ਮਾਤਾ ਰਾਜਿਦੰਰ ਕੌਰ ਹੈ। ਇਸ ਦੀ ਦਿਲਚਸਪੀ ਗਾਇਨ, ਤਬਲਾ ਸਿੱਖਣ 'ਚ ਰਹੀ। ਫਿਰ ਇਹ ਪਾਇਲਟ ਦਾ ਕੋਰਸ ਕਰਨ ਦਿੱਲੀ ਚਲੀ ਗਈ ਤੇ ਅੱਜ ਕੱਲ੍ਹ ਇਹ ਪਾਇਲਟ ਹੈ ਤੇ ਬੰਬਈ ਵਿਖੇ ਰਹਿੰਦੀ ਹੈ।

**ਬੀਬੀ ਗੁਰਦੀਪ ਕੌਰ ਬਾਵੋ-** ਸਪੁੱਤਰੀ ਸੰਤ ਹਰਦੇਵ ਸਿੰਘ ਅਤੇ ਮਾਤਾ ਰਾਜਿੰਦਰ ਕੌਰ ਹੈ ।ਇਹ ਗੁਰਦਰਸਨ ਕੌਰ ਪਰਸਨ ਦੀ ਛੋਟੀ ਭੈਣ ਹੈ। ਇਸ ਨੇ ਗਾਇਨ ਤੇ ਦਿਲਰੁਬਾ ਸਿੱਖਿਆ ਤੇ ਇਹ ਬਹੁਤ ਵਧੀਆ ਸਿਤਾਰ ਵਜਾਉਂਦੀ ਸੀ।ਬਾਅਦ ਵਿਚ ਇਹ ਪੜ੍ਹਾਈ ਕਰਨ ਆਸਟਰੇਲੀਆ ਚਲੀ ਗਈ ਸੀ ਤੇ ਉਥੇ ਹੋਟਲ ਮੈਂਨੇਜਮੈਂਟ ਦਾ ਕੋਰਸ ਕਰ ਰਹੀ ਹੈ।

**ਬੀਬੀ ਵੀਰਪਾਲ ਕੌਰ ਵੀਰੋ-** ਸਪੁੱਤਰੀ ਸੰਤ ਬਲਦੇਵ ਸਿੰਘ ਪਿੰਡ ਥੇੜ੍ਹ ਜ਼ਿਲ੍ਹਾ ਸਿਰਸਾ( ਹਰਿਆਣਾ ) ਇਹ ਬਹੁਤ ਵਧੀਆ ਤਬਲਾ ਵਜਾਉਂਦੀ ਸੀ ਅਤੇ ਗਾਇਨ ਵੀ ਵਧੀਆ ਕਰਦੀ ਸੀ। ਇਸ ਨੇ ਅੰਗਰੇਜ਼ੀ ਦੀ ਐਮ.ਏ. ਕੀਤੀ ।

**ਬੀਬੀ ਪਰਮਜੀਤ ਕੌਰ-** ਸਪੁੱਤਰੀ ਸੰਤ ਬਲਦੇਵ ਸਿੰਘ ਪਿੰਡ ਥੇੜ੍ਹ ਜ਼ਿਲ੍ਹਾ ਸਿਰਸਾ( ਹਰਿਆਣਾ) ਇਹ ਵੀਰਪਾਲ ਕੌਰ ਦੀ ਛੋਟੀ ਭੈਣ ਹੈ। ਵਿਆਹ ਤੋਂ ਬਾਅਦ ਅਮਰੀਕਾ ਚਲੀ ਗਈ।

**ਬੀਬੀ ਪਵਨਦੀਪ ਕੌਰ-** ਸਪੁੱਤਰੀ ਸੰਤ ਕਰਤਾਰ ਸਿੰਘ ਦਾਲੇ ਵਾਲੇ ਅਤੇ ਮਾਤਾ ਗੁਰਮੀਤ ਕੌਰ ਸ੍ਰੀ ਭੈਣੀ ਸਾਹਿਬ। ਇਸ ਨੇ ਐਮ.ਏ ਹਿਸਟਰੀ ਕੀਤੀ ਅਤੇ ਵਿਆਹ ਤੋਂ ਬਾਅਦ ਇਹ ਆਪਣੇ ਪਰਿਵਾਰ ਨਾਲ ਲੁਧਿਆਣੇ ਰਹਿੰਦੀ ਹੈ।

**ਬੀਬੀ ਸਿਮਰਜੀਤ ਕੌਰ ਸਿੰਮੀ-** ਸਪੁੱਤਰੀ ਸਵ. ਸੰਤ ਜਗਤਾਰ ਸਿੰਘ ਜੀ ਯੂ. ਪੀ ਵਾਲੇ ਅਤੇ ਮਾਤਾ ਚਰਨਜੀਤ ਕੌਰ। ਇਹ ਵਿਆਹ ਤੋਂ ਬਾਅਦ ਦਿੱਲੀ ਚਲੀ ਗਈ। ਇਹ ਸੰਤ ਗੁਰਦੀਪ ਸਿੰਘ ਪੰਨਵ ਦਿੱਲੀ ਵਾਲਿਆਂ ਦੀ ਨੂੰਹ ਹੈ।

## ਉਪਰੋਕਤ ਬੀਬੀਆਂ ਨਾਲ ਬੀਬੀ ਬਲਜੀਤ ਕੌਰ ਵੀ ਸੰਗੀਤ ਸਿੱਖਦੀ ਸੀ

**ਬੀਬੀ ਬਲਜੀਤ ਕੌਰ–** ਇਸ ਦਾ ਜਨਮ 29 ਜੂਨ ਸੰਨ 1980 'ਚ ਪਿਤਾ ਜਥੇਦਾਰ ਬਲਵਿੰਦਰ ਸਿੰਘ ਪਊਏ ਤੇ ਖੜਾਵਾਂ ਵਾਲੇ (ਮਜਬ੍ਹੀ) ਅਤੇ ਮਾਤਾ ਬਲਬੀਰ ਕੌਰ ਦੇ ਘਰ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਇਸ ਨੇ ਉਸਤਾਦ ਬਲਜੀਤ ਸਿੰਘ ਕੋਲੋਂ ਸੰਗੀਤ ਦੀ ਸਿੱਖਿਆ ਲੈਣੀ ਸ਼ੁਰੂ ਕੀਤੀ। ਉਪ੍ਰੰਤ ਉਸਤਾਦ ਹਰਭਜਨ ਸਿੰਘ ਜੀ ਤੋਂ ਗਾਇਨ ਅਤੇ ਸ੍ਰੀ ਸੁਰਜੀਤ ਸਿੰਘ( ਸਾਰੰਗੀ) ਤੋਂ ਦਿਲਰੁਬਾ ਸਿੱਖਿਆ।

ਬਲਜੀਤ ਕੌਰ ਨੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਦੀ ਬੀ.ਏ. ਕੀਤੀ। ਇਸ ਨੇ ਪ੍ਰੋ. ਕਰਤਾਰ ਸਿੰਘ ਸੰਗੀਤ ਭਾਰਤੀ ਤੋਂ ਵੀ ਗਾਇਨ ਸਿੱਖਿਆ। ਬਲਜੀਤ ਕੌਰ ਦੇ ਦੋਵੇਂ ਭਰਾਵਾਂ ਬੇਅੰਤ ਸਿੰਘ ਤੇ ਬਸੰਤ ਸਿੰਘ ਨੇ ਵੀ ਸੰਗੀਤ ਸਿੱਖਿਆ ਹੈ। ਇਹ ਤਿੰਨੋਂ ਭੈਣ ਭਰਾ ਵਾਰੀ ਅਨੁਸਾਰ ਹਫਤੇ 'ਚ ਇਕ ਦਿਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਦੇ ਅਤੇ ਆਸਾ ਦੀ ਵਾਰ ਲਾਉਂਦੇ ਰਹੇ ਹਨ।

ਬਲਜੀਤ ਕੌਰ ਦੇ ਪਿਤਾ ਜੀ ਦੱਸਦੇ ਹਨ ਕਿ ਬੱਚਿਆ ਨੂੰ ਸੰਗੀਤ ਸਿਖਾਉਣ ਵਿਚ ਸ੍ਰੀ ਸਤਿਗੁਰੂ ਜੀ ਨੇ ਆਪ ਬਹੁਤ ਮਿਹਨਤ ਕੀਤੀ ਹੈ। ਖੁਦ ਦਿਲਚਸਪੀ ਲੈ ਕੇ ਬੱਚਿਆ ਨੂੰ ਕੋਠੀ ਬੁਲਾ ਬੁਲਾ ਕੇ ਸੰਗੀਤ ਸਿਖਾਇਆ ਹੈ। ਜਦੋਂ ਕਿਧਰੇ ਦੌਰੇ ਤੇ ਜਾਂਦੇ ਤਾਂ ਵਾਪਸ ਆ ਕੇ ਸਾਰਿਆਂ ਬੱਚਿਆਂ ਨੂੰ ਬੁਲਾ ਕੇ ਸੁਣਦੇ ਸਨ। ਮੇਰੇ ਤਿੰਨਾਂ ਬੱਚਿਆ ਦੇ ਕੀਰਤਨ ਤੋਂ ਖੁਸ਼ ਹੋ ਕੇ ਸ੍ਰੀ ਸਤਿਗੁਰੁ ਜੀ 100,100 ਰੁ. ਪ੍ਰਤੀ ਮਹੀਨੇ ਇਨ੍ਹਾਂ ਨੂੰ ਬਦਾਮ ਵਗੈਰਾ ਖਾਣ ਲਈ ਦਿੰਦੇ ਰਹੇ ਹਨ। ਵਿੱਦਿਅਕ ਸੰਮੇਲਨਾਂ ਵਿਚ ਹੁੰਦੀਆਂ ਪ੍ਰਤੀਯੋਗਤਾਵਾਂ ਵਿਚੋਂ ਵੀ ਮੇਰੇ ਬੱਚੇ ਇਨਾਮ ਜਿੱਤਦੇ ਰਹੇ ਹਨ। ਸ੍ਰੀ ਸਤਿਗੁਰੁ ਜੀ ਦੁਆਰਾ ਉਤਸਾਹ ਦਿੱਤੇ ਜਾਣ ਕਾਰਨ ਹੀ ਬੱਚੇ ਸੰਗੀਤ ਸਿੱਖ ਸਕੇ ਹਨ।

## ਇਸ ਤੋਂ ਅਗਲੇ ਗਰੁੱਪ ਦੀਆਂ ਸੰਗੀਤਕਾਰ ਬੀਬੀਆਂ ਇਹ ਹਨ

**ਬੀਬੀ ਅੰਮ੍ਰਿਤਪਾਲ ਕੌਰ ਨਿੱਕੀ–** ਸਪੁੱਤਰੀ ਸੰਤ ਕੁਲਦੀਪ ਸਿੰਘ ਅਤੇ ਮਾਤਾ ਜਸਬੀਰ ਕੌਰ ਪਿੰਡ ਕੱਕੜਾਂ ਜਿਲ੍ਹਾ ਅੰਮ੍ਰਿਤਸਰ । ਇਹ ਸਿਮਰਤਪਾਲ ਕੌਰ ਸ਼ੰਮੀ ਦੀ ਭੈਣ ਹੈ। ਇਸ ਦੀ ਦਿਲਚਸਪੀ ਗਾਇਨ, ਤਬਲਾ ਤੇ ਸਾਰੰਗੀ ਵਿਚ ਰਹੀ।

**ਬੀਬੀ ਰਣਜੀਤ ਕੌਰ–** ਸਪੁੱਤਰੀ ਸਵ.ਸੰਤ ਗੁਰਦਿਆਲ ਸਿੰਘ ਅਤੇ ਮਾਤਾ ਬਲਬੀਰ ਕੌਰ ਸ੍ਰੀ ਭੈਣੀ ਸਾਹਿਬ। ਇਹ ਸੰਗੀਤਕਾਰ ਅਮਰੀਕ ਸਿੰਘ ਦੀ ਛੋਟੀ ਭੈਣ ਹੈ। ਰਣਜੀਤ ਕੌਰ ਨੇ ਬੀ.ਏ. ਅਤੇ ਐਮ.ਬੀ.ਏ. ਕੀਤੀ। ਇਸ ਦੀ ਰੁਚੀ ਗਾਇਨ ਤੇ ਸਿਤਾਰ 'ਚ ਹੈ। ਇਹ ਅੱਜ ਕੱਲ੍ਹ ਪੜ੍ਹਨ ਲਈ ਆਸਟਰੇਲੀਆ ਗਈ ਹੋਈ ਹੈ।

**ਬੀਬੀ ਨਵਜੋਤ ਕੌਰ–** ਸਪੁੱਤਰੀ ਸੰਤ ਹਰਜਾਪ ਸਿੰਘ ਅਤੇ ਮਾਤਾ ਕਮਲਜੀਤ ਕੌਰ ਸ੍ਰੀ ਭੈਣੀ ਸਾਹਿਬ। ਨਵਜੋਤ ਕੌਰ ਨੇ ਸੰਗੀਤ ਦੀ ਐਮ.ਏ. ਕੀਤੀ ਹੋਈ ਹੈ। ਇਹ ਪ੍ਰੋਫੈਸਰ ਲੱਗੀ ਹੋਈ ਹੈ। ਸੰਨ 1999 ਵਿਚ ਇਹ ਸ੍ਰੀ ਭੈਣੀ ਸਾਹਿਬ ਤੋਂ ਆਪਣੇ ਪਿੰਡ ਗੜ੍ਹੀ ਮਹਾਂਸਿੰਘ ਚਲੇ ਗਈ ਸੀ।

**ਬੀਬੀ ਕੁਲਵਿੰਦਰ ਕੌਰ ਸੋਨਿਕਾ–** ਸਪੁੱਤਰੀ ਸੰਤ ਹਰਦੇਵ ਸਿੰਘ ਅਤੇ ਮਾਤਾ ਗਿਆਨ ਕੌਰ ਸ੍ਰੀ ਭੈਣੀ ਸਾਹਿਬ। ਇਹ ਗਾਇਨ ਤੇ ਸਿਤਾਰ-ਵਾਦਨ ਸਿਖਦੀ ਰਹੀ।

**ਬੀਬੀ ਹਰਮੀਤ ਕੌਰ ਮਮਲਾ–** ਸਪੁੱਤਰੀ ਸੰਤ ਹਰਦੇਵ ਸਿੰਘ ਮਸਤਾਨਾ ਜੀ ਅਤੇ ਮਾਤਾ ਰਾਜਿੰਦਰ ਕੌਰ (ਸ੍ਰੀ ਭੈਣੀ ਸਾਹਿਬ) ਇਹ ਪਰਸਨ ਅਤੇ ਬਾਵੋ ਦੀ ਛੋਟੀ ਭੈਣ ਹੈ। ਇਹ ਵਧੀਆ ਗਾਇਕਾ ਹੈ। ਵਿਆਹ ਤੋਂ ਬਾਅਦ ਆਪਣੇ ਪਰਿਵਾਰ ਸਮੇਤ ਇੰਗਲੈਂਡ ਵਿਖੇ ਰਹਿੰਦੀ ਹੈ।

## ਹੋਰ ਸੰਗੀਤਕਾਰ ਬੀਬੀਆਂ ਇਹ ਹਨ

**ਬੀਬੀ ਪ੍ਰਭਜੋਤ ਕੌਰ (ਜੋਤੀ) ਚਾਨਾ, ਯੂ ਕੇ** – ਇਹ ਸੰਤ ਜਗਮੋਹਨ ਸਿੰਘ ਹੰਸਪਾਲ ਦਿੱਲੀ ਦੀ ਸਪੁੱਤਰੀ ਹਨ। ਇਹ ਸੰਤ ਕੁਲਦੀਪ ਸਿੰਘ ਚਾਨਾ (ਸਾਬਕਾ ਪ੍ਰਧਾਨ ਨਾਮਧਾਰੀ ਸੰਗਤ, ਸਾਊਥਾਲ) ਦੀ ਨੂੰਹ ਹਨ ਅਤੇ ਸ.ਗੁਰਤੇਜ ਸਿੰਘ ਚਾਨਾ ( ਪ੍ਰਧਾਨ ਨਾਮਧਾਰੀ ਸੰਗਤ ਸਾਊਥਾਲ) ਦੀ ਸੁਪਤਨੀ ਹਨ। ਇਹ ਸਾਰਾ ਪਰਿਵਾਰ ਸਾਊਥਾਲ ਗੁਰਦੁਆਰੇ ਵਿਚ ਬਹੁਤ ਸੇਵਾ ਕਰਦਾ ਹੈ। ਬੀਬੀ ਜੋਤੀ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਹੁਕਮ ਹੋਇਆ ਸੀ ਕਿ ਯੂ. ਕੇ. ਦੇ ਬੱਚਿਆਂ ਨੂੰ ਸੰਗੀਤ ਸਿਖਾਇਆ ਕਰੇ। ਜੋਤੀ ਨੇ ਹੁਕਮ ਮੰਨ ਕੇ ਛੋਟੇ ਬੱਚਿਆਂ ਨੂੰ ਸੰਗੀਤ ਸਿਖਾਉਣਾ ਸ਼ੁਰੂ ਕੀਤਾ। ਆਪ 5 ਤੋਂ 16 ਸਾਲ ਤਕ ਦੇ ਬੱਚਿਆਂ ਨੂੰ ਸੰਗੀਤ ਸਿਖਾਉਂਦੇ ਹਨ।

**ਬੀਬੀ ਸੁਖਜੀਤ ਕੌਰ** – ਪ੍ਰਧਾਨ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜੱਥਾ( ਸਪੁੱਤਰੀ ਸਵ. ਸ. ਸੁੱਚਾ ਸਿੰਘ ਸੋਧੀ ਦਿੱਲੀ ਅਤੇ ਸੁਪਤਨੀ ਸ. ਰਵਿੰਦਰ ਸਿੰਘ ਸਹੋਤਾ ਨਵਯੁਗ ਵਾਲੇ ਲੁਧਿਆਣਾ) ਨੇ ਦਿੱਲੀ ਯੂਨੀਵਰਸਿਟੀ ਤੋਂ ਸੰਗੀਤ ਵਿਚ ਬੀ.ਏ. ਆਨਰਜ਼ ਕੀਤੀ ਹੋਈ ਹੈ। ਆਪ, social security of women & child development board Punjab ਦੀ ਜ਼ਿਲ੍ਹਾ ਪੱਧਰੀ juvenile justice board ਦੇ ਸੰਨ 2000 ਤੋਂ ਮੈਂਬਰ ਹਨ। ਇਨ੍ਹਾਂ ਦੀ **ਨੂੰਹ ਜਸਮੀਤ ਕੌਰ** ( ਸੁਪਤਨੀ ਸ. ਹਰਮਨਜੀਤ ਸਿੰਘ ) ਨੇ ਦਿੱਲੀ ਯੂਨੀਵਰਸਿਟੀ ਤੋਂ ਇਕਨਾਮਿਕਸ ਦੀ ਆਨਰਜ਼ ਕੀਤੀ ਹੋਈ ਹੈ।

**ਅਮਨਪ੍ਰੀਤ ਕੌਰ–ਰਮਨਪ੍ਰੀਤ ਕੌਰ(ਜਲੰਧਰ)**– ਇਹ ਜਲੰਧਰ ਦੇ ਸ. ਜਸਬੀਰ ਸਿੰਘ ਜਸਵਾਲ ਤੇ ਮਾਤਾ ਪਰਮਜੀਤ ਕੌਰ ਦੀਆਂ ਧੀਆਂ ਹਨ। ਆਪਣੀ ਲਗਨ ਤੇ ਮੇਹਨਤ ਨਾਲ ਦੋਵਾਂ ਭੈਣਾਂ ਨੇ ਬਚਪਨ ਤੋਂ ਸੰਗੀਤ ਮੁਕਾਬਲਿਆਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ ਤੇ ਇਨਾਮ ਮਿਲਦੇ ਗਏ। ਹਰ ਸਾਲ ਵਿਦਿਅਕ ਸੰਮੇਲਨਾਂ ਵਿਚੋਂ ਗਾਇਨ ਦੇ ਨਾਲ ਨਾਲ ਤਬਲੇ 'ਚੋਂ ਵੀ ਪਹਿਲਾਂ ਇਨਾਮ ਜਿਤਿਆ।

ਇਨ੍ਹਾਂ ਨੇ ਆਪਣੀ ਸਕੂਲ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਕੇ.ਐਮ. ਵੀ.ਕਾਲਜ ਵਿਚ ਦਾਖਲਾ ਲਿਆ ਤੇ ਪੰ. ਰਮਾਕਾਂਤ ਜੀ ਕੋਲੋਂ ਤਬਲਾ ਤੇ ਨਾਲ ਨਾਲ ਹੋਰ ਵੀ ਸਾਜ ਸਿਖੇ। ਪਿਛਲੇ ਤਿੰਨ ਸਾਲ ਤੋ ਇਹ ਦੋਵੇਂ ਯੂਨੀਵਰਸਿਟੀ ਦੇ ਯੂਥ ਫੈਸਟੀਵਲ ਵਿਚੋਂ ਇਨਾਮ ਜਿੱਤ ਰਹੀਆਂ ਹਨ। ਇਨ੍ਹਾਂ ਨੇ ਸੰਗੀਤ ਦੀ ਹੋਰ ਉਚੇਰੀ ਸੰਗੀਤ ਸਿੱਖਿਆ ਪ੍ਰਾਪਤ ਕਰਨ ਲਈ ਸ. ਕੁਲਵੰਤ ਸਿੰਘ 'ਸਲੈਚ' ਦੇ ਸਹਿਯੋਗ ਨਾਲ ਜਲੰਧਰ ਦੇ ਉੱਚ ਕੋਟੀ ਦੇ ਉਸਤਾਦ ਪ੍ਰੋ. ਬਲਦੇਵ ਨਾਰੰਗ ਜੀ ਕੋਲੋਂ ਸੰਨ 2007 ਤੋਂ ਸੰਗੀਤ (ਗਾਇਨ) ਦੀ ਸਿੱਖਿਆ ਲੈਣੀ ਸ਼ੁਰੂ ਕੀਤੀ। ਜਲੰਧਰ ਦੇ ਕਈ ਪ੍ਰੋਗਰਾਮਾਂ ਵਿਚ ਇਹ (ਸੋਲੋ) ਇਕਾਂਕੀ ਆਇਟਮ ਦੇ ਚੁੱਕੀਆ ਹਨ। ਅਪ੍ਰੈਲ ਸੰਨ 2008 ਵਿਚ ਜਲੰਧਰ ਦੇ ਨਾਦ ਨਵਰੰਗ ਸੰਗੀਤ ਸੰਮੇਲਨ ਵਿਚ ਕੀਤੀ ਇਨ੍ਹਾਂ ਦੀ ਪੇਸ਼ਕਾਰੀ ਨੂੰ ਬਹੁਤ ਹੀ ਪ੍ਰੋਤਸਾਹਨ ਮਿਲਿਆ ਤੇ ਇਹ ਇਕ ਬਹੁਤ ਹੀ ਉਜਵਲ ਭਵਿੱਖ ਵੱਲ ਵੱਧ ਰਹੀਆਂ ਹਨ। ਦਸੰਬਰ ਸੰਨ 2007 ਦੇ ਹਰਵੱਲਭ ਸੰਗੀਤ ਸੰਮੇਲਨ ਦੇ ਸੰਗੀਤ ਮੁਕਾਬਲਿਆਂ ਵਿਚੋਂ ਰਮਨਪ੍ਰੀਤ ਕੌਰ ਨੇ ਸੰਤੂਰ ਵਾਦਨ ਵਿਚੋ ਪਹਿਲਾਂ ਇਨਾਮ ਜਿੱਤਿਆ ਤੇ ਅਮਨਪ੍ਰੀਤ ਕੌਰ ਤਬਲਾ ਵਾਦਨ ਵਿਚੋਂ ਪਹਿਲੇ ਪੰਜ ਕਲਾਕਾਰਾਂ ਵਿਚ ਚੁਣੀ ਗਈ ਸੀ।

**ਬੀਬੀ ਭਗਵੰਤ ਕੌਰ**– ਸਪੁੱਤਰੀ ਸਵ. ਸ.ਅਜੀਤ ਸਿੰਘ ਅਤੇ ਮਾਤਾ ਸੁਖਵਿੰਦਰ ਕੌਰ (ਸ੍ਰੀ ਭੈਣੀ ਸਾਹਿਬ)। ਭਗਵੰਤ ਕੌਰ ਨੇ ਗੌਰਮਿੰਟ ਵੋਮੈਨ ਕਾਲਜ ਲੁਧਿਆਣਾ ਤੋਂ ਸੰਗੀਤ ਦਾ ਵਿਸ਼ਾ ਰੱਖ ਕੇ ਬੀ.ਏ. ਕੀਤੀ ਹੈ। ਇਸ ਉਪੰਤ ਸੰਗੀਤ (ਸਿਤਾਰ–ਵਾਦਨ) ਵਿਚ ਐਮ. ਏ ਕੀਤੀ ਹੈ। ਭਗਵੰਤ ਕੌਰ ਨੇ ਬੀ.ਏ. ਵਿਚ ਸੰਗੀਤ ਗਾਇਨ ਅਤੇ ਸੰਗੀਤ ਵਾਦਨ ਵਿਚ 98 ਨੰਬਰ ਲੈ ਕੇ ਯੂਨੀਵਰਸਿਟੀ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ । ਇਸ ਨੂੰ ਐਮ.ਏ.(ਸੰਗੀਤ) ਵਿਚੋਂ ਯੂਨੀਵਰਸਿਟੀ ਵਿਚ ਦੂਜਾ ਸਥਾਨ ਮਿਲਿਆ। ਪੜ੍ਹਾਈ ਪ੍ਰਾਪਤ ਕਰਦਿਆਂ ਇਸ ਨੂੰ ਅਨੇਕ ਇਨਾਮ ਮਿਲੇ ਅਜਕੱਲ ਇਹ ਬੀ. ਐਡ. ਕਰ ਰਹੀ ਹੈ।

**ਬੀਬੀ ਅਵਤਾਰ ਕੌਰ–** ਸਪੁੱਤਰੀ ਡਾ. ਅਜਮੇਰ ਸਿੰਘ ਨੇ ਸੰਗੀਤ ਸਿੱਖਿਆ ਪ੍ਰਾਪਤ ਕੀਤੀ ਹੈ। ਇਸ ਨੇ ਸੰਨ 2009 ਦੇ ਹਰਵੱਲਭ ਸੰਗੀਤ ਸੰਮੇਲਨ ਵਿਚ ਠੁਮਰੀ ਗਾਇਨ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਸੰਨ 2010 ਵਿਚ ਇਸ ਨੇ ਬਤੌਰ ਕਲਾਕਾਰ ਸਟੇਜ 'ਤੇ ਪੇਸ਼ਕਾਰੀ ਕੀਤੀ। ਇਹ ਗਾਇਨ ਪ੍ਰੋ. ਕ੍ਰਿਪਾਲ ਸਿੰਘ ਜੀ ਕੋਲੋਂ ਸਿੱਖ ਰਹੀ ਹੈ। ਗਾਇਨ ਦੇ ਨਾਲ ਨਾਲ ਇਹ ਵਧੀਆ ਸਿਤਾਰ ਵਾਦਕ ਵੀ ਹੈ, ਜਿਸ ਦੀ ਸਿੱਖਿਆ ਇਹ ਪ੍ਰੋ. ਵਰਿੰਦਰ ਕੁਮਾਰ ਜੀ ਕੋਲੋਂ ਲੈ ਰਹੀ ਹੈ।

**ਬੀਬੀ ਜਸਬੀਰ ਕੌਰ–** ਇਹ ਜਲੰਧਰ ਦੇ ਸ.ਲਖਵੰਤ ਸਿੰਘ ਬਮਰਾਹ ਅਤੇ ਬੀਬੀ ਸੁਰਿੰਦਰ ਕੌਰ ਦੀ ਸਪੁੱਤਰੀ ਹੈ। ਇਹ ਸ. ਹਰਦੇਵ ਸਿੰਘ ਦੀ ਨੂੰਹ ਅਤੇ ਸ. ਗੁਰਭਗਤ ਸਿੰਘ ਕਲਸੀ (ਡਾ. ਲਖਬੀਰ ਸਿੰਘ ਰਾਮਪੁਰਾ ਫੂਲ ਦਾ ਭਰਾ) ਦੀ ਸੁਪਤਨੀ ਹੈ। ਇਸ ਨੇ ਸੰਗੀਤ ਦਾ ਵਿਸ਼ਾ ਲੈ ਕੇ ਬੀ.ਏ. ਆਨਰਜ਼ ਕੀਤੀ ਹੈ। ਇਸ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚੋਂ top ਕੀਤਾ ਸੀ। ਇਸ ਨੂੰ ਡੀ. ਏ. ਵੀ. ਸੋਸਾਇਟੀ ਵਲੋਂ ਦਿੱਲੀ ਵਿਖੇ ਦੇਸ਼ ਦੇ ਉਪ- ਰਾਸ਼ਟਰਪਤੀ ਸ੍ਰੀ ਭੈਰੋ ਸਿੰਘ ਸ਼ੇਖਾਵਤ ਤੋਂ gold medal ਮਿਲਿਆ। ਹੰਸ ਰਾਜ ਮਹਿਲਾ ਵਿਦਿਆਲਾ ਜਲੰਧਰ, ਜਿੱਥੇ ਇਹ ਪੜ੍ਹਦੀ ਸੀ ਵਲੋਂ ਵੀ ਇਸ ਨੂੰ gold medal ਮਿਲਿਆ। ਇਸ ਨੇ ਸੰਗੀਤ (vocal) ਦੀ ਐਮ. ਏ. ਕੀਤੀ ਹੈ ਅਤੇ ਬਹੁਤ ਸੁਰੀਲਾ ਗਾਇਨ ਕਰਦੀ ਹੈ।

**ਬੀਬੀ ਅਮਰਜੋਤ ਕੌਰ–** ਸਪੁੱਤਰੀ ਸ. ਗੁਰਚਰਨ ਸਿੰਘ ਬਮਰਾਹ ਅਤੇ ਬੀਬੀ ਹਰਭਜਨ ਕੌਰ ਜਲੰਧਰ ਨੇ ਸੰਗੀਤ (vocal) ਦਾ ਵਿਸ਼ਾ ਲੈ ਕੇ ਬੀ.ਏ. ਆਨਰਜ਼ ਕੀਤੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚੋਂ ਤੀਜੇ ਨੰਬਰ 'ਤੇ ਆਈ। ਇਸ ਨੇ ਬੀ.ਐਡ. ਅਤੇ ਐਮ.ਏ. ਹਿੰਦੀ ਵੀ ਕੀਤੀ ਹੋਈ ਹੈ। ਇਸ ਨੇ ਪੇਂਟਿੰਗ ਵੀ ਸਿੱਖੀ ਹੋਈ ਹੈ। ਇਹ ਸੇਠ ਹੁਕਮ ਚੰਦ ਪਬਲਿਕ ਸਕੂਲ ਜਲੰਧਰ ਵਿਖੇ art teacher ਦੀ ਨੌਕਰੀ ਵੀ ਕਰਦੀ ਰਹੀ ਹੈ। ਇਹ ਸ. ਮਨਰਾਜ ਸਿੰਘ ਜਲੰਧਰ ਦੀ ਸੁਪਤਨੀ ਅਤੇ ਸ.ਬਲਦੇਵ ਸਿੰਘ ਜੱਬਲ ਦੀ ਨੂੰਹ ਹੈ। ਇਸ ਨੇ ਪੇਂਟਿੰਗ ਮੁਕਾਬਲਿਆਂ ਵਿਚੋਂ ਵੀ ਬਹੁਤ ਇਨਾਮ ਜਿੱਤੇ ਹਨ।

**ਬੀਬੀ ਮਨਮੀਤ ਕੌਰ–** ਸਪੁੱਤਰੀ ਸ. ਵੀ.ਪੀ. ਸਿੰਘ ਅਤੇ ਬੀਬੀ ਵੀਨਾ (ਪਹਿਲੋਂ ਦਿੱਲੀ ਹੁਣ ਸ੍ਰੀ ਭੈਣੀ ਸਾਹਿਬ) ਨੇ ਸੰਗੀਤ ਸ਼ਿਰੋਮਣੀ ਅਤੇ ਐਮ.ਏ. (ਮਿਊਜ਼ਿਕ ਵੋਕਲ) ਦਿੱਲੀ ਯੂਨੀਵਰਸਿਟੀ ਤੋਂ ਕੀਤੀ ਹੈ।

**ਬੀਬੀ ਦਿਲਪ੍ਰੀਤ ਕੌਰ–** ਸਪੁੱਤਰੀ ਸੰਤ ਮੋਹਨ ਸਿੰਘ ਅਤੇ ਸੁਪਤਨੀ ਸੰਤ ਭੁਪਿੰਦਰ ਸਿੰਘ ਲੁਧਿਆਣਾ, ਨੇ ਬੀ.ਕਾਮ ਕਰ ਕੇ ਸੰਗੀਤ ਵਿਚ ਵਿਸ਼ਾਰਦ ਦੀ ਡਿਗਰੀ ਲਈ ਹੋਈ ਹੈ। ਇਸ ਦੀ ਅਵਾਜ਼ ਬਹੁਤ ਸੁਰੀਲੀ ਹੈ ਅਤੇ ਇਹ ਧਮਾਰ ਧਰੁਪਦ ਆਦਿ ਸ਼ੈਲੀ ਵਿਚ ਪ੍ਰਬੀਨ ਹੈ। ਇਸ ਨੂੰ ਕਾਲਜ ਦੇ ਵਿਚ ਹੋਏ ਸੰਗੀਤ ਸਮਾਗਮਾਂ ਵਿਚੋਂ ਅਨੇਕ ਮਾਨ-ਸਨਮਾਨ ਪ੍ਰਾਪਤ ਹੋਏ ਹਨ।

**ਬੀਬੀ ਚਰਨਜੀਤ ਕੌਰ, ਬੀਬੀ ਜੀਵਨ ਕੌਰ–** ਸਪੁੱਤਰੀਆਂ ਸੰਤ ਸੁਖਦੇਵ ਸਿੰਘ ਟਿੱਬਾ ਤੇ ਬੀਬੀ ਸੁਖਵਿੰਦਰ ਕੌਰ, ਗਾਇਕੀ ਸਿੱਖੀਆਂ ਹਨ। ਇਨ੍ਹਾਂ ਨੇ ਸੰਗੀਤ ਦੀ ਬੀ.ਏ. ਕੀਤੀ ਹੈ। ਬੀਬੀ ਚਰਨਜੀਤ ਕੌਰ ਬੈਂਕੌਕ ਇੰਟਰਨੈਸ਼ਨਲ ਸਕੂਲ 'ਚ ਪੜ੍ਹਾਉਂਦੀ ਹੈ ਅਤੇ ਜੀਵਨ ਕੌਰ ਕੈਨੇਡਾ ਚਲੀ ਗਈ ਹੈ। ਇਹ ਦੋਵੇਂ ਰਾਜ ਪੱਧਰ ਦੀਆਂ ਸੰਗੀਤ ਪ੍ਰਤੀਯੋਗਿਤਾਵਾਂ ਵਿਚੋਂ ਪਹਿਲੇ ਇਨਾਮ ਹਾਸਲ ਕਰਦੀਆਂ ਰਹੀਆਂ ਹਨ।

**ਬੀਬੀ ਅਸਤਿੰਦਰ ਕੌਰ–** ਇਹ ਅੰਮ੍ਰਿਤਸਰ ਦੇ ਸ. ਸੰਤਾ ਸਿੰਘ ਤੇ ਬੀਬੀ ਮਨਜੀਤ ਕੌਰ ਦੀ ਸਪੁੱਤਰੀ ਹੈ। ਇਸ ਨੇ ਐਮ.ਏ.ਪੰਜਾਬੀ ਤੇ ਸੰਗੀਤ ( ਸਿਤਾਰ ) ਦੀ ਕੀਤੀ ਹੈ। ਇਸ ਨੇ ਬੀ.ਐਡ. ਵੀ ਕੀਤੀ ਹੈ। ਇਹ ਦਿੱਲੀ ਵਿਖੇ ਬੱਚਿਆਂ ਨੂੰ ਸੰਗੀਤ, ਨ੍ਰਿਤ ਅਤੇ ਯੋਗ ਸਿਖਾਉਂਦੀ ਹੈ। ਇਹ ਦਿੱਲੀ ਦੇ ਸ. ਪਰਮਵੀਰ ਸਿੰਘ (ਸਪੁੱਤਰ ਸ.ਸੰਤ ਸਿੰਘ ਤੇ ਸਵ.ਪ੍ਰਿੰ ਬੇਅੰਤ ਕੌਰ) ਦੀ ਸੁਪਤਨੀ ਹੈ।

**ਬੀਬੀ ਸੁਰਜੀਤ ਕੌਰ–** ਆਪ ਉੱਚ ਕੋਟੀ ਦੀ ਸੰਗੀਤਕਾਰ ਹਨ ।ਆਪ ਇੰਗਲੈਂਡ ਵਿਖੇ ਰਹਿੰਦੇ ਹਨ।ਆਪ ਨੇ ਆਪਣੇ ਪੁੱਤਰ ਸ. ਕਵੰਲਜੀਤ ਸਿੰਘ ਚਾਨਾ ਨੂੰ ਆਪਣਾ ਸ਼ਗਿਰਦ ਬਣਾ ਕੇ ਸ਼ਾਸ਼ਤਰੀ ਸੰਗੀਤ ਦੇ ਖੇਤਰ ਵਿਚ ਇਸ ਯੋਗ ਬਣਾ ਦਿੱਤਾ ਕਿ ਉਸ ਨੂੰ ਇੰਗਲੈਂਡ ਦੇ ਨਾਮਧਾਰੀ ਦੀਵਾਲ ਦਾ ਗਹਿਣਾ ਮੰਨਿਆ ਜਾਂਦਾ ਹੈ।

**ਬੀਬੀ ਸਰਬਜੀਤ ਕੌਰ** – ਇਹ ਸ. ਸੁਰਜਨ ਸਿੰਘ (ਯੂ. ਕੇ.) ਅਤੇ ਸੰਤ ਕੌਰ ਦੀ ਸਪੁੱਤਰੀ ਹੈ। ਇਸ ਨੇ ਤਬਲਾ ਉਸਤਾਦ ਤਬਲਾ-ਵਾਦਕਾਂ ਸੁਖਵਿੰਦਰ ਸਿੰਘ ਪਿੰਕੀ, ਸੋਨੂੰ, ਰਾਜੀਵ ਕੋਲੋਂ ਅਤੇ ਦਿਲਰੁਬਾ ਉਸਤਾਦ ਕਮਲਜੀਤ ਸਿੰਘ ਚਾਨਾ ਤੋਂ ਸਿੱਖਿਆ। ਇਸ ਨੇ ਗਾਇਨ ਵੀ ਸਿੱਖਿਆ ਹੈ।

**ਬੀਬੀ ਸੁਖਵੰਤ ਕੌਰ, ਬੀਬੀ ਸਤਨਾਮ ਕੌਰ**– ਸਪੁੱਤਰੀਆਂ ਸ. ਸਤਵਿੰਦਰ ਸਿੰਘ ਭੋਗਲ ਯੂ.ਕੇ. ਨੇ ਵੀ ਸੰਗੀਤ ਸਿੱਖਿਆ ਪ੍ਰਾਪਤ ਕੀਤੀ ਹੈ।

**ਬੀਬੀ ਹਰਜੀਤ ਕੌਰ** – ਇਹ ਸਪੁੱਤਰੀ ਸ. ਅਮਰੀਕ ਸਿੰਘ ਜੰਮੂ ਅਤੇ ਸੁਪਤਨੀ ਡਾ. ਲਖਵਿੰਦਰ ਸਿੰਘ ਰੋਪੜ ਹੈ। ਇਸ ਨੇ ਸੰਗੀਤ ( ਸਿਤਾਰ) ਦੀ ਐਮ.ਏ. ਕੀਤੀ ਹੈ। ਅਗੋਂ ਹੁਣ ਬੱਚਿਆਂ ਨੂੰ ਵੀ ਸੰਗੀਤ ਸਿਖਾਉਂਦੀ ਹੈ।

**ਬੀਬੀ ਹਰਨਾਮ ਕੌਰ**– ਸਪੁੱਤਰੀ ਸ. ਹਰਜਿੰਦਰ ਸਿੰਘ ( ਸੂਬਾ ਸੁਖਦੇਵ ਸਿੰਘ ਜੰਮੂ ਦੇ ਭਰਾ) ਨੇ ਬੀ.ਕਾਮ. ਅਤੇ ਸੀ.ਐਸ ਦਾ ਕੋਰਸ ਕੀਤਾ ਹੈ। ਇਸ ਨੇ ਸੰਗੀਤ ਵੀ ਸਿੱਖਿਆ ਹੈ। ਇਸ ਦੀ **ਭੈਣ ਹਰ ਕੌਰ** ਦਿਲਰੁਬਾ ਤੇ ਗਾਇਨ ਸਿੱਖੀ ਹੈ ਅਤੇ ਦੀਵਾਨ ਵੀ ਲਾਉਂਦੀ ਹੈ। ਇਸ ਤੋਂ **ਛੋਟੀ ਹਰਕੀਰਤ ਕੌਰ** ਨੇ ਵੀ ਗਾਇਨ ਸਿੱਖਿਆ ਹੈ।

ਦਿੱਲੀ ਦੀਆਂ ਕੁਝ ਕੁੜੀਆਂ ਦਾ ਗਰੁੱਪ, ਜਿੰਨਾਂ ਨੇ ਸੰਗੀਤ ਸਿੱਖਿਆ, ਇਸ ਪ੍ਰਕਾਰ ਹੈ–

**ਬੀਬੀ ਪਵਨਜੀਤ ਕੌਰ**– ਸਪੁੱਤਰੀ ਉਸਤਾਦ ਹਰਭਜਨ ਸਿੰਘ ਤੇ ਮਾਤਾ ਸੁਰਿੰਦਰ ਕੌਰ ਅਤੇ ਸੁਪਤਨੀ ਸ. ਕੁਲਦੀਪ ਸਿੰਘ ਉੱਭੀ (ਯੂ ਕੇ ਦੀ ਸੰਗਤ ਦੇ ਜਨਰਲ ਸੈਕਟਰੀ) ਸਪੁੱਤਰ ਸ. ਕੁਲਵੰਤ ਸਿੰਘ ਉੱਭੀ। ਇਹ ਬਹੁਤ ਸੁਰੀਲਾ ਗਾਇਨ ਕਰਦੀ ਹੈ।

**ਬੀਬੀ ਕਮਲਪ੍ਰੀਤ ਕੌਰ**– ਸਪੁੱਤਰੀ ਸੂਬਾ ਸੁਖਦੇਵ ਸਿੰਘ ਦਿੱਲੀ, ਸੁਪਤਨੀ ਸੂਬਾ ਅਤੁਲ ਮਿੱਤਲ ਅਰੂਸ਼ਾ (ਤਨਜ਼ਾਨੀਆ) ਸਪੁੱਤਰ ਸ੍ਰੀ ਤਰਸੇਮ ਚੰਦ ਅਗਰਵਾਲ।

**ਬੀਬੀ ਕੰਵਲਜੀਤ ਕੌਰ ਸਵੀਟੀ**– ਸਪੁੱਤਰੀ ਸ. ਸੁਰਜੀਤ ਸਿੰਘ ਸਾਰੰਗੀ-ਵਾਦਕ ਅਤੇ ਸੁਪਤਨੀ ਸ. ਗੁਰਮੁਖ ਸਿੰਘ ਸਪੁੱਤਰ ਸ. ਸੁਰਿੰਦਰ ਸਿੰਘ ਨਾਮਧਾਰੀ ਲੁਧਿਆਣਾ।

**ਬੀਬੀ ਜਸਬੀਰ ਕੌਰ**– ਸਪੁੱਤਰੀ ਸ. ਸਚਿੰਦਰ ਸਿੰਘ ਪੱਪੂ, **ਬੀਬੀ ਨਿਮਰਤ ਰਸਨਾ ਕੌਰ**– ਸਪੁੱਤਰੀ ਸ. ਰਾਮ ਰਤਨ ਸਿੰਘ, **ਬੀਬੀ ਰਤਨ ਕੌਰ**– ਸਪੁੱਤਰੀ ਸ.ਰਵਿੰਦਰ ਸਿੰਘ, **ਬੀਬੀ ਗੁਰਪ੍ਰੀਤ ਕੌਰ**– ਸਪੁੱਤਰੀ ਸ. ਬਲਦੇਵ ਸਿੰਘ, **ਬੀਬੀ ਗੁਰਚਰਨ ਕੌਰ**– ਸਪੁੱਤਰੀ ਸ. ਗੁਰਸੇਵਕ ਸਿੰਘ, **ਬੀਬੀ ਸਰਬਜੀਤ ਕੌਰ**– ਸਪੁੱਤਰੀ ਸ.ਸੁਰਮੁਖ ਸਿੰਘ ਤੇ **ਬੀਬੀ ਚਰਨਜੀਤ ਕੌਰ**। ਇਹ ਅੱਜ ਕੱਲ੍ਹ ਯੂ. ਕੇ ਰਹਿੰਦੀ ਹੈ, **ਬੀਬੀ ਸੇਲਿੰਦਰ ਕੌਰ**, **ਬੀਬੀ ਡੇਜ਼ੀ ਸੱਭਰਵਾਲ**– ਸਪੁੱਤਰੀਆਂ ਸ. ਸਰਦਾਰ ਸਿੰਘ।

ਵੱਡੀ ਗਿਣਤੀ ਵਿਚ ਨਾਮਧਾਰੀ ਬੀਬੀਆਂ ਸੰਗੀਤਕਾਰ ਹਨ, ਸਿਰਫ ਕੁਝ ਕੁ ਦਾ ਹੀ ਮੈਂ ਜ਼ਿਕਰ ਕੀਤਾ ਹੈ।

# ਜੀਵ-ਦਇਆ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਪਦੇਸ਼ ਦਿੰਦੇ ਹਨ-

"ਕਿਸੇ ਦਾ ਦਿਲ ਨਾ ਦੁਖਾਓ, ਕਿਸੇ ਨੂੰ ਕਸ਼ਟ ਨਾ ਦਿਓ, ਪ੍ਰਮਾਤਮਾ ਦੇ ਬਣਾਏ ਸਭ ਜੀਵਾਂ 'ਤੇ ਦਇਆ ਕਰੋ। ਹਿਰਦੇ ਵਿਚ ਦਇਆ ਤੋਂ ਬਿਨਾਂ ਰੱਬ ਦੀ ਹੋਂਦ ਦਾ ਅਨੁਭਵ ਨਹੀਂ ਹੋ ਸਕਦਾ ਤੇ ਜੇ ਦਇਆ ਸ਼ਬਦ 'ਤੇ ਅਮਲ ਕੀਤਾ ਜਾਵੇ ਤਾਂ ਕਿਸੇ ਵੀ ਜੀਵ ਦੀ ਹੱਤਿਆ ਨਹੀਂ ਕੀਤੀ ਜਾ ਸਕਦੀ। ਜੇ ਮੱਨੁਖ ਸਾਰੇ ਜੀਵਾਂ ਵਿਚ ਪ੍ਰਮਾਤਮਾ ਨੂੰ ਇਕ ਸਮਾਨ ਵਸਦਾ ਜਾਣ ਲਵੇ ਫਿਰ ਬੇਜ਼ੁਬਾਨ ਤੇ ਬੇਬਸ ਜੀਵਾਂ ਨੂੰ ਮਾਰ ਕੇ ਖਾਧੇ ਜਾਣ ਦਾ ਸੁਆਲ ਨਹੀਂ ਪੈਦਾ ਹੁੰਦਾ।"

ਸ੍ਰੀ ਗੁਰੂ ਨਾਨਕ ਦੇਵ ਜੀ ਗੁਰਬਾਣੀ ਵਿਚ ਫਰਮਾਉਂਦੇ ਹਨ-

"ਜੀਵਤੁ ਮਰੈ ਤਾਂ ਸਭੁ ਕਿਛੁ
ਸੂਝੈ ਅੰਤਰਿ ਜਾਣੈ ਸਰਬ ਦਇਆ।
ਨਾਨਕ ਤਾਂ ਕਉ ਮਿਲੈ ਵਡਾਈ,
ਆਪ ਪਛਾਣੈ ਸਰਬ ਜੀਆ।"

ਸ੍ਰੀ ਗੁਰੂ ਅਰਜਨ ਦੇਵ ਜੀ ਜੀਅ ਦਇਆ ਦੇ ਰੂਪ ਵਿਚ ਅਠਸਠ ਤੀਰਥਾਂ ਦੀ ਯਾਤਰਾ ਦਾ ਫਲ ਦਰਸਾਉਂਦੇ ਹਨ-

"ਅਠਸਠਿ ਤੀਰਥ ਸਗਲ ਪੁੰਨ,
ਜੀਅ ਦਇਆ ਪਰਵਾਨੁ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਾਮਕਲੀ ਵਿਚ ਫਰਮਾਉਂਦੇ ਹਨ-

"ਅਲਪ ਅਹਾਰ ਸੁਲਪ ਸੀ ਨਿੰਦ੍ਰਾ,
ਦਇਆ ਛਿਮਾ ਤਨ ਪ੍ਰੀਤਿ।"
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ॥"

ਇੰਜ ਗੁਰਬਾਣੀ ਵਿਚ ਦਇਆ ਅਹਿੰਸਾ ਨੂੰ ਮਨ ਵਿਚ ਵਸਾ ਕੇ, ਸਰਬੱਤ ਦਾ ਭਲਾ ਮੰਗਦਿਆਂ ਜੀਵਨ ਬਤੀਤ ਕਰਨ ਦਾ ਉਪਦੇਸ਼ ਮਿਲਦਾ ਹੈ। ਬਹੁਤੇ ਧਰਮ ਜੀਵ-ਦਇਆ ਦੇ ਅਸੂਲ ਨੂੰ ਅਪਣਾਉਂਦੇ ਹਨ। ਮਹਾਂਪੁਰਸ਼, ਸੰਤ-ਮਹਾਤਮਾ ਅਤੇ ਗੁਰੂ ਸਾਹਿਬਾਨ ਉਪਦੇਸ਼ ਕਰਦੇ ਹਨ ਕਿ ਕਿਸੇ ਵੀ ਰੂਪ ਵਿਚ ਜੀਵ ਹਿੰਸਾ ਚੰਗੀ ਨਹੀਂ। ਸਾਰੇ ਜੀਆਂ 'ਤੇ ਦਯਾ ਕਰਨੀ ਚਾਹੀਦੀ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਜੀਵਾਂ 'ਤੇ ਦਇਆ ਕਰਨ ਦਾ ਉਪਦੇਸ਼ ਦਿੰਦਿਆਂ ਫਰਮਾਉਂਦੇ ਹਨ-

" ਤੀਰਥਾਂ 'ਤੇ ਜਾਣ ਦਾ ਅਤੇ ਉਥੇ ਜਾ ਕੇ ਪੁੰਨ ਕਰਨ ਦਾ ਕਿੰਨਾ ਖਰਚ ਹੁੰਦਾ ਹੈ, ਕਿੰਨਾ ਪੁੰਨ ਲਗਦਾ ਹੈ, ਓਨਾ ਹੀ ਪੁੰਨ ਜੀਵਾਂ 'ਤੇ ਦਇਆ ਕਰਨ ਨਾਲ ਹੀ ਪ੍ਰਾਪਤ ਹੋ ਜਾਂਦਾ ਹੈ।

ਗੁਰਬਾਣੀ ਅਨੁਸਾਰ-

" ਅਵਰ ਜੋਨਿ ਤੇਰੀ ਪਨਿਹਾਰੀ ,
ਇਸੁ ਧਰਤੀ ਮਹਿ ਤੇਰੀ ਸਿਕਦਾਰੀ ।
ਲਖ ਚਉਰਾਸੀਹ ਜੋਨਿ ਸਬਾਈ,
ਮਾਣਸ ਕਉ ਪ੍ਰਭਿ ਦੀਈ ਵਡਿਆਈ।"

ਮਨੁੱਖ ਦੀ ਇਸ ਧਰਤੀ 'ਤੇ ਸਰਦਾਰੀ ਗਿਣੀ ਗਈ ਹੈ। ਉਹਨੂੰ ਵੱਡਪਣ ਮਿਲਿਐ, ਜਿੰਮੇਵਾਰੀ ਮਿਲੀ ਹੈ। ਉਸ ਦਾ ਪਹਿਲਾ ਫਰਜ਼ ਬਣਦਾ ਹੈ ਕਿ ਉਹ ਮੂਕ ਤੇ ਬੇਬਸ ਜੀਵਾਂ 'ਤੇ, ਜਿਹੜੇ ਬੋਲ ਨਹੀਂ ਸਕਦੇ, ਦਇਆ ਕਰਨ ਅਤੇ ਉਹਨਾਂ ਦੀ ਸੁਰੱਖਿਆ ਵਲ ਧਿਆਨ ਦੇਣ। ਇਸ ਦੀ ਬਜਾਏ ਜੇ ਮੱਨੁਖ ਹੀ ਜੀਵਾਂ ਨੂੰ ਮਾਰ ਕੇ ਖਾਣ ਲੱਗ ਜਾਵੇ ਤਦ ਵਾੜ ਦੇ ਹੀ ਖੇਤ ਨੂੰ ਖਾ ਜਾਣ ਵਾਲੀ ਗੱਲ ਹੋ ਜਾਵੇਗੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਪ੍ਰਵਚਨਾਂ ਵਿਚ ਫਰਮਾਉਂਦੇ ਹਨ–

"ਅਸੀਂ ਆਵਾਗਮਨ ਨੂੰ ਮੰਨਦੇ ਹਾਂ ਤੇ ਇਸ ਗੱਲ 'ਤੇ ਵਿਸ਼ਵਾਸ ਕਰਦੇ ਹਾਂ ਕਿ ਜਿੰਨੇ ਵੀ ਜੀਅ –ਜੰਤੂ ਨੇ,ਸਭ ਸਾਡੇ ਆਪਣੇ–ਸਾਡੇ ਵਿਚੋਂ– ਸਾਡੇ ਰਿਸ਼ਤੇਦਾਰ– ਚਾਚੇ, ਤਾਏ, ਬਾਬੇ, ਪੁੱਤ, ਭਰਾ ਜਾਂ ਕੁਝ ਨਾ ਕੁਝ ਹੈ ਨੇ। ਸਰਬੱਤ ਦੇ ਭਲੇ ਵਿਚ ਅਸੀਂ ਜੀਵ–ਮਾਤਰ ਦਾ ਭਲਾ ਮੰਨਦੇ ਹਾਂ–ਇਹੋ ਸਾਡਾ ਧਰਮ ਹੈ।"

"ਅਸੀਂ ਆਪਣੇ ਧਰਮ ਅਨੁਸਾਰ ਇਸ ਗੱਲ ਨੂੰ ਮੰਨਦੇ ਹਾਂ ਕਿ ਆਦਮੀ ਦਾ ਪੁਨਰ–ਜਨਮ ਹੈ, ਆਉਣਾਂ–ਜਾਣਾਂ ਪੈਂਦਾ ਹੈ। ਸਾਨੂੰ ਇਹ ਪਤਾ ਨਹੀਂ ਹੈ ਕਿ ਇਹ ਕੁੱਕੜ ਜਾਂ ਬੱਕਰਾ ਜਾਂ ਭੇਡ, ਇਹ ਸਾਡੇ ਪਰਿਵਾਰ ਵਿਚੋਂ ਤਾਂ ਨਹੀਂ ? ਕੋਈ ਬੁਰੇ ਕਰਮ ਕਰਕੇ ਇਸ ਜੂਨ ਵਿਚ ਪਿਆ ਹੈ। ਸਾਡੇ ਸਾਹਮਣੇ ਉਸ ਦੇ ਬਾਰੇ ਜਾਣਕਾਰੀ ਨਹੀਂ। ਜੇ ਅਸੀਂ ਉਸ ਨੂੰ ਮਾਰ ਕੇ ਖਾਈਏ ਤਾਂ ਕੀ ਫਿਰ ਅਸੀਂ ਆਪਣੇ ਪਰਿਵਾਰ ਨੂੰ ਮਾਰ ਕੇ ਤਾਂ ਨਹੀਂ ਖਾਂਦੇ ? ਥੋੜ੍ਹਾ ਜਿਹਾ ਸੋਚਣ ਵਾਲੀ ਗੱਲ ਹੈ।"

"ਸੰਤ ਗੋਪਾਲ ਸਿੰਘ ਬੜੇ ਭਜਨੀਕ ਸਾਧੂ ਸਨ। ਉਨ੍ਹਾਂ ਕੋਲ ਦੋ ਬੈਲ ਤੇ ਇਕ ਗਾਂ ਸੀ। ਉਨ੍ਹਾਂ ਨੂੰ ਜਦੋਂ ਇਹ ਗਿਆਨ ਹੋਇਆ ਕਿ ਇਕ ਬੈਲ ਉਸ ਦਾ ਪਿਤਾ ਹੈ ਤੇ ਇਕ ਦਾਦਾ ਹੈ ਅਤੇ ਗਾਂ ਉਸ ਦੀ ਭੂਆ ਹੈ ਤਾਂ ਉਹ ਚੀਕ ਮਾਰ ਕੇ ਖੁਰਲੀ ਵਿਚ ਡਿੱਗ ਪਿਆ। ਮਾਂ ਨੇ ਪੁੱਛਿਆ ਕਿ, ਕੀ ਹੋਇਆ ? ਉਹ ਮਾਂ ਨੂੰ ਕੀ ਦੱਸਦੇ ਕਿ ਇਕ ਬੈਲ ਉਸ ਦਾ ਪਤੀ ਹੈ ਤੇ ਇਕ ਸੌਹਰਾ ਹੈ।'

"ਮਾਘ ਮਹੀਨੇ ਦਾ ਪਾਠ ਸੁਣਦਿਆਂ ਤੁਸਾਂ ਇਹ ਤੁਕ ਜ਼ਰੂਰ ਸੁਣੀ ਹੋਵੇਗੀ, ਅਠਿ ਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ। ਇਹ ਜੋ ਸੱਪ ਆਦਿ ਜੀਅ ਨੇ, ਇਹ ਸਾਡੇ ਹੀ ਭਾਈਚਾਰੇ ਵਿਚੋਂ ਨੇ। ਅਸੀਂ ਹੀ ਇਕ ਦੌਰ ਵਿਚੋਂ ਲੰਘ ਕੇ ਐਸ ਜੂਨ ਵਿਚ ਪਹੁੰਚੇ ਹਾਂ। ਬੱਕਰੇ ਨੇ, ਕੁਕੜ ਨੇ, ਸਾਨੂੰ ਪਤਾ ਨਹੀਂ ਪਰ ਇਹ ਸਾਡੇ ਹੀ ਕੁਝ ਲੱਗਦੇ ਨੇ ਜਿਨ੍ਹਾਂ ਨੂੰ ਮਾਰ ਕੇ ਖਾਧਾ ਜਾਂਦਾ ਹੈ। ਪ੍ਰਾਣੀ ਮਾਤ੍ਰ ਬਾਰੇ ਇਹੋ ਗੱਲ ਹੈ। ਹਰ ਪ੍ਰਾਣੀ ਨਾਲ, ਸਾਡੀ ਸਾਂਝ ਹੈ। ਅਸੀਂ ਏਸ ਪਾਸਿਓ ਨਾ ਵੀ ਵੇਖੀਏ, ਤਾਂ ਵੀ ਪ੍ਰਾਣੀ ਮਾਤ੍ਰ ਬਾਰੇ ਸਾਨੂੰ ਸਾਡੇ ਸਤਿਗੁਰਾਂ ਦਾ ਹੁਕਮ ਹੈ। ਸਾਡੇ ਲਈ ਇਹ ਹੁਕਮ ਯਾਦ ਰੱਖਣਾ ਤੇ ਮੰਨਣਾ ਜਰੂਰੀ ਹੈ।

ਕਈ ਤਰ੍ਹਾਂ ਦੇ ਜੀਵਾਂ ਨੂੰ ਬੜੀ ਬੇਰਹਿਮੀ ਨਾਲ ਤਸੀਹੇ ਦੇ ਕੇ, ਜੀਵ ਘਾਤ ਕਰ ਕੇ ਬਣਾਈਆਂ ਸਭ ਵਸਤਾਂ ਜਿਵੇਂ ਕਿ ਸੁੰਦਰਤਾ ਵਧਾਉਣ ਦੇ ਆਧੁਨਿਕ ਪ੍ਰਸਾਧਨਾਂ, ਸੈਂਟ, ਕਰੀਮ, ਪਾਊਡਰ, ਲਿਪਸਟਿਕਾਂ ਵਗੈਰਾ ਨੂੰ ਇਸਤੇਮਾਲ ਨਾ ਕਰਣ ਦਾ ਸ੍ਰੀ ਸਤਿਗੁਰੂ ਜੀ ਦਾ ਖਾਸ ਆਦੇਸ਼ ਹੈ।

ਧਰਮ ਦਯਾ ਤੋਂ ਪੈਦਾ ਹੁੰਦਾ ਹੈ। ' ਧੌਲ ਧਰਮ ਦਇਆ ਕਾ ਪੂਤ ' ਜੇ ਸਾਡੇ ਮਨ 'ਚ ਦਯਾ ਹੋਵੇਗੀ ਤਾਂ ਆਪਸ 'ਚ ਲੜਾਈਆਂ ਨਹੀਂ ਹੋਣਗੀਆਂ। ਜਦੋਂ ਸਾਡੇ ਮਨ 'ਚ ਦਯਾ ਹੋਵੇਗੀ ਤਾਂ ਸਾਡੇ ਮਨ 'ਚ ਕਰੂਰਤਾ ਕਠੋਰਤਾ ਨਹੀਂ ਆਵੇਗੀ ਅਤੇ ਸਾਰੇ ਜੀਵਾਂ ਪ੍ਰਤੀ ਪ੍ਰੇਮ ਭਾਵਨਾ ਪੈਦਾ ਹੋਵਗੀ।

ਸ੍ਰੀ ਸਤਿਗੁਰੂ ਜੀ ਖੁਦ ਜੀਵ ਜੰਤੂਆਂ ਨੂੰ ਬਹੁਤ ਪਿਆਰ ਕਰਦੇ ਹਨ ਤੇ ਇਨ੍ਹਾਂ ਦੀ ਸੁਰੱਖਿਆ ਦੇ ਯਤਨ ਕਰਦੇ ਰਹਿੰਦੇ ਹਨ। ਸ੍ਰੀ ਸਤਿਗੁਰੂ ਜੀ ਦੇ ਮੁੱਖ ਡੇਰੇ ਸ੍ਰੀ ਭੈਣੀ ਸਾਹਿਬ ( ਜ਼ਿਲ੍ਹਾ ਲੁਧਿਆਣਾ, ਪੰਜਾਬ) ਵਿਚ ਬਹੁਤ ਮੋਰ ਹਨ। ਸ੍ਰੀ ਸਤਿਗੁਰੂ ਜੀ ਇੰਨ੍ਹਾਂ ਨੂੰ ਇਤਨਾ ਪਿਆਰ ਕਰਦੇ ਹਨ ਕਿ ਆਪਣੀ ਹਥੇਲੀ 'ਤੇ ਚੋਗਾ ਚੁਗਾਉਂਦੇ ਹਨ। ਇਹ ਸੁੰਦਰ ਮੋਰ ਬੇਖੌਫ ਹੋ ਕੇ ਸ੍ਰੀ ਸਤਿਗੁਰੂ ਜੀ ਦਾ ਨਿੱਘਾ ਸਨੇਹ ਮਾਣਦੇ ਹਨ।

ਇਕ ਵਾਰ ਸ੍ਰੀ ਭੈਣੀ ਸਾਹਿਬ ਵਿਖੇ ਇਕ ਗਟਾਰ ਹਜ਼ੂਰ ਦੇ ਚਰਨਾਂ ਵਿਚ ਆ ਕੇ ਬੈਠ ਗਈ ਤੇ ਉਦੋਂ ਤੀਕ ਨਹੀਂ ਉਠੀ, ਜਦ ਤੀਕ ਉਸ ਦੀ ਫੋਟੋ ਨਹੀਂ ਖਿੱਚ ਲਈ ਗਈ। ਇਹ ਫੋਟੋ ਅੱਜ ਵੀ ਬਹੁਤ ਨਾਮਧਾਰੀ ਸਿੰਘਾਂ ਦੇ

ਘਰਾਂ ਵਿਚ ਲਾਈ ਹੋਈ ਹੈ।

ਇਸੇ ਤਰ੍ਹਾਂ ਸ੍ਰੀ ਸਤਿਗੁਰੂ ਜੀ ਦੇ ਇਕ ਅਫਰੀਕਾ ਦੌਰੇ ਸਮੇਂ ਇਕ ਬਾਂਦਰ ਆ ਕੇ ਆਪ ਜੀ ਦੇ ਚਰਨਾਂ ਵਿਚ ਬੈਠ ਗਿਆ। ਇਹ ਸੁੰਦਰ ਦ੍ਰਿਸ਼ ਵੀ ਤਸਵੀਰ ਵਿਚ ਰੂਪਮਾਨ ਹੈ।

ਅਫਰੀਕਾ ਦੇ ਜੰਗਲਾਂ ਵਿਚ ਅਨੇਕ ਤਰ੍ਹਾਂ ਦੇ ਜਾਨਵਰ ਘੁੰਮਦੇ ਰਹਿੰਦੇ ਹਨ। ਸ੍ਰੀ ਸਤਿਗੁਰੂ ਜੀ ਜਦੋਂ ਵੀ ਕੀਨੀਆ, ਤਨਜ਼ਾਨੀਆਂ ਦੇ ਦੌਰੇ 'ਤੇ ਜਾਂਦੇ ਹਨ, ਉਚੇਚਿਆਂ ਜੰਗਲਾਂ ਵਿਚ ਜਾ ਕੇ ਇਨ੍ਹਾਂ ਪਸ਼ੂ ਪਰੀਦਿੰਆਂ ਨੂੰ ਦੇਖਦੇ ਹਨ। ਕੀਨੀਆ ਦੇ ਮਸਾਈਮਾਰਾ ਨੈਸ਼ਨਲ ਗੇਮ ਰਿਜ਼ਰਵ ਪਾਰਕ ਵਿਚ ਸੁਰੱਖਿਅਤ ਜੰਗਲੀ ਜਾਨਵਰਾਂ ਨੂੰ ਦੇਖਣ ਲਈ ਦੂਰੋਂ ਦੂਰੋਂ ਲੋਕੀਂ ਆਉਂਦੇ ਹਨ। ਇਸ ਨੈਸ਼ਨਲ ਪਾਰਕ ਵਿਚ ਸ੍ਰੀ ਸਤਿਗੁਰੂ ਜੀ ਆਪਣੇ ਕੁਝ ਸਿੱਖਾਂ-ਸੇਵਕਾਂ ਸਮੇਤ ਕੁਝ ਦਿਨ ਡੇਰਾ ਰੱਖ ਕੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਦੇ ਹਨ ਅਤੇ ਜੰਗਲੀ ਜਾਨਵਰਾਂ ਨੂੰ ਵੇਖਣ ਜਾਂਦੇ ਹਨ। ਲੰਬੇ ਚੌੜੇ ਇਸ ਦੂਰ ਤੱਕ ਫੈਲੇ ਹੋਏ 'ਨੈਸ਼ਨਲ ਪਾਰਕ' ਦੇ ਇਸ ਜੰਗਲ ਵਿਚ ਹਰ ਤਰ੍ਹਾਂ ਦੇ ਜੰਗਲੀ ਜਾਨਵਰ ਆਪਣੀ ਮੌਜ ਵਿਚ ਤੁਰੇ ਫਿਰਦੇ ਨਜ਼ਰ ਆਉਂਦੇ ਹਨ। ਇਸ ਪਾਰਕ ਵਿਚ ਲਗਭਗ ਅੱਸੀ ਕਿਲੋਮੀਟਰ ਕੱਚਾ ਰਸਤਾ ਹੈ। ਸ਼ੇਰ, ਚੀਤੇ, ਰਿੱਛ, ਹਿਰਨ, ਗਿੱਦੜ, ਚੀਤਲ, ਜੰਗਲੀ ਸੂਰ, ਲੱਕੜ ਬੱਘੇ, ਜ਼ਿਰਾਫ, ਜੈਬਰੇ, ਜੰਗਲੀ ਮੱਝਾਂ, ਗੈਂਡੇ , ਸ਼ੁਤਰ ਮੁਰਗ, ਬਾਂਦਰ, ਲੰਗੂਰ ਤੇ ਸੱਪ ਆਦਿਕ ਜਾਨਵਰ ਇਥੇ ਝੁੰਡਾਂ ਵਿਚ ਆਮ ਤੁਰੇ ਫਿਰਦੇ ਦਿਸਦੇ ਹਨ। ਅਸੀਂ ਯਾਨੀ ਮੈਂ (ਲੇਖਿਕਾ) ਅਤੇ ਮੇਰੇ ਪਤੀ ਸੰਤ ਭਗਵੰਤ ਸਿੰਘ ਵੀ ਸ੍ਰੀ ਸਤਿਗੁਰੂ ਜੀ ਨਾਲ ਸੰਨ 1994 ਵਿਚ ਅਫਰੀਕਾ ਦੌਰੇ ਦੌਰਾਨ ਮਸਾਈਮਾਰਾ ਗਏ ਸੀ।

ਸ੍ਰੀ ਸਤਿਗੁਰੂ ਜੀ ਫਰਮਾਉਂਦੇ ਹਨ, "ਜੇ ਨਾਂ ਛੇੜੇ ਜਾਣ ਤਾਂ ਇਹ ਕਿਸੇ ਨੂੰ ਕੁਝ ਨਹੀਂ ਆਖਦੇ। ਇਥੇ ਦੇ ਲੋਕ ਗਿੱਝੇ ਹੋਏ ਹੁੰਦੇ ਹਨ, ਬਿਨਾਂ ਡਰ ਤੋਂ ਤੁਰੇ ਫਿਰਦੇ ਹਨ।"

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਨਾਮਧਾਰੀਆਂ ਵਿਚ ਜੂੰ, ਕੀੜੀ, ਸੱਪ ਆਦਿ ਹਰ ਤਰ੍ਹਾਂ ਦੇ ਜੀਵ ਜੰਤੂਆਂ ਨੂੰ ਮਾਰਨਾ ਬਹੁਤ ਪਾਪ ਸਮਝਿਆ ਜਾਂਦਾ ਹੈ। ਸ੍ਰੀ ਸਤਿਗੁਰੂ ਜੀ ਫਰਮਾਉਂਦੇ ਹਨ-

" ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜੀਵ ਹੱਤਿਆ ਤੋਂ ਰੋਕਿਆ। ਏਥੋਂ ਤਕ ਹੁਕਮ ਸੀ ਕਿ ਸੱਪ, ਚੂਹਾ ਜਾਂ ਜੂੰ ਨੂੰ ਵੀ ਨਹੀਂ ਮਾਰਨਾ। ਦੂਸਰੇ ਦੇ ਹੱਕ ਦੀ ਰਾਖੀ ਕਰਨੀ ਹੈ। ਆਪਣੇ ਹੱਕ ਵਿਚੋਂ ਦਾਨ ਦੇਣਾ ਹੈ।'

ਸੱਪਾਂ ਬਾਰੇ ਸ੍ਰੀ ਸਤਿਗੁਰੂ ਜੀ ਫਰਮਾਉਂਦੇ ਹਨ,

" ਸੱਪ ਦੀ ਆਦਤ ਹੈ ਕਿ ਉਹ ਡੰਗ ਮਾਰਦਾ ਹੀ ਹੈ, ਜਿਹੜੇ ਉਸ ਨੂੰ ਪਿਆਰ ਕਰਦੇ ਹਨ, ਉਨ੍ਹਾਂ ਨੂੰ ਉਹ ਡੰਗ ਨਹੀਂ ਮਾਰਦਾ।'

ਜਦੋਂ ਸ੍ਰੀ ਸਤਿਗੁਰੂ ਜੀ ਨੇ ਮਸਤਾਨਗੜ੍ਹ (ਜ਼ਿਲ੍ਹਾ ਸਰਸਾ, ਹਰਿਆਣਾ) ਆਬਾਦ ਕੀਤਾ, ਸੱਪ ਉਥੇ ਬਹੁਤ ਸਨ। ਹਜ਼ੂਰ ਨੇ ਹੁਕਮ ਕੀਤਾ ਕਿ,

" ਸੱਪ ਲੜਕੇ ਕੋਈ ਨਹੀਂ ਮਰੇਗਾ, ਸੱਪ ਬਿਲਕੁਲ ਨਹੀਂ ਮਾਰਨੇ। '

ਇੰਜ ਹੀ ਹੋਇਆ, ਸਿੱਖ ਬੋਰੀ ਨਾਲ ਸੱਪ ਫੜਕੇ ਘੜੇ 'ਚ ਪਾ ਕੇ ਬਾਹਰ ਦੂਰ ਛੱਡ ਆਉਂਦੇ ਸਨ।

ਜੇ ਕਮਰੇ ਵਿਚ ਮੱਖੀ ਆ ਜਾਵੇ ਤਾਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਿੱਖ ਸੇਵਕ, ਉਸ ਮੱਖੀ ਨੂੰ ਹੱਥ ਨਾਲ ਫੜ ਕੇ ਬਾਹਰ ਕੱਢ ਦਿੰਦੇ ਹਨ, ਜਾਂ ਉਡਾ ਕੇ ਬਾਹਰ ਕੱਢ ਦਿੰਦੇ ਹਨ। ਇਕ ਵਾਰ ਦੀ ਗੱਲ ਹੈ ਕਿ ਹਜ਼ੂਰੀ ਸੇਵਕ ਸੁਖਦੇਵ ਸਿੰਘ ਮੱਖੀ ਫੜ ਕੇ ਕਮਰੇ 'ਚੋਂ ਬਾਹਰ ਕੱਢਣ ਲੱਗੇ ਤਾਂ ਸੀ ਸਤਿਗੁਰੂ ਜੀ ਨੇ ਫਰਮਾਇਆ ਕਿ ਬਾਹਰ ਬਹੁਤ ਠੰਢ ਹੈ, ਇਸ ਮੱਖੀ ਨੂੰ ਦੂਜੇ ਕਮਰੇ 'ਚ ਛੱਡ ਆ। ਏਨੇ ਕੋਮਲ ਦਿਲ ਦੇ ਮਾਲਕ ਹਨ, ਸੀ ਸਤਿਗੁਰੂ ਜੀ।

ਪਿੱਸੂ, ਖਟਮਲ, ਮੱਖੀਆਂ, ਮੱਛਰਾਂ ਤੇ ਕਾਕਰੋਚ ਆਦਿ ਬਾਰੇ ਸ੍ਰੀ ਸਤਿਗੁਰੂ ਜੀ ਦਾ ਹੁਕਮ ਹੈ ਕਿ ਇਨ੍ਹਾਂ ਨੂੰ ਮਾਰਨ ਵਾਸਤੇ ਸਪਰੇਅ ਨਾ ਕਰੋ, ਸਫਾਈ ਹੀ ਇੰਨੀ ਰੱਖੋ ਕਿ ਇਹ ਆਉਣ ਹੀ ਨਾ। ਚੂਹੇ ਆਦਿਕ ਅਤੇ ਧਰਤੀ ਵਿਚ ਰਹਿਣ ਵਾਲੇ ਜੀਵ ਗੰਡੋਏ ਆਦਿਕ ਨੂੰ ਮਾਰਨ ਲਈ ਦਵਾਈ ਨਾ ਛਿੜਕਨ ਦਾ ਆਦੇਸ਼ ਹੈ। ਫਸਲਾਂ ਲਈ ਕੀੜੇ ਮਾਰ ਦਵਾਈਆਂ ਘੱਟੋ ਘਟ ਵਰਤੀਆਂ ਜਾਂਦੀਆਂ ਹਨ। ਉਹ ਵੀ ਕੀੜੇ ਦੇ ਪ੍ਰਕੋਪ ਤੋਂ ਪਹਿਲੋਂ ਹੀ ਵਰਤੀਆਂ

ਜਾਂਦੀਆਂ ਹਨ, ਤਾਂ ਜੋ ਕੀੜੇ ਹਮਲਾ ਕਰ ਹੀ ਨਾ ਸਕਣ।

ਕੀੜੀਆਂ ਦਾ ਭੌਣ ਜਿੱਥੇ ਹੋਵੇ, ਉਥੇ ਵੀ ਜ਼ਹਿਰੀਲੀ ਦਵਾਈ ਜਾਂ ਸਪਰੇਅ ਛਿੜਕਣ ਦਾ ਹੁਕਮ ਨਹੀਂ, ਜੇ ਤੁਰਦਿਆਂ ਰਸਤੇ 'ਚ ਕੀੜੀਆਂ ਆ ਜਾਣ ਤਾਂ ਹਜ਼ੂਰ ਬਚਾਅ ਕੇ ਲੰਘਦੇ ਹਨ ਤੇ ਹੋਰਨਾਂ ਨੂੰ ਵੀ ਬਚਾਅ ਕੇ ਲੰਘਣ ਦਾ ਹੁਕਮ ਕਰਦੇ ਹਨ।

ਸ਼ਹਿਦ ਦੀਆਂ ਮੱਖੀਆਂ ਦੇ ਛੱਤੇ ਲੱਗੇ ਹੋਣ ਤਾਂ ਹੁਕਮ ਹੈ ਕਿ ਇਹ ਮੱਖੀਆਂ ਨਾਂ ਮਾਰੀਆਂ ਜਾਣ, ਨਾਂ ਉਡਾਈਆਂ ਜਾਣ, ਇਹ ਪਿੰਡ ਉਜਾੜਨ ਵਾਂਗ ਹੈ, ਕਿਉਂਕਿ ਛੱਤੇ ਵਿਚ ਉਨ੍ਹਾਂ ਦੇ ਬੱਚੇ ਹੁੰਦੇ ਹਨ। ਭਰਿੰਡਾਂ ਦੇ ਖੱਖਰ ਜਿਸ ਵਿਚ ਬੱਚੇ ਹੋਣ, ਉਸ ਨੂੰ ਵੀ ਛੇੜਨ ਜਾਂ ਉਡਾਉਣ ਦਾ ਹੁਕਮ ਨਹੀਂ।

ਸ੍ਰੀ ਸਤਿਗੁਰੂ ਜੀ ਅੱਗ ਲਾ ਕੇ ਪਰਾਲੀ ਵੀ ਸਾੜ੍ਹਨ ਤੋਂ ਮਨ੍ਹਾਂ ਕਰਦੇ ਹਨ ਤਾਂ ਜੋ ਇਸ ਵਿਚ ਜੀਅ ਨਾਂ ਮਰ ਜਾਣ।

ਪੰਛੀਆਂ ਬਾਰੇ ਸ੍ਰੀ ਸਤਿਗੁਰੂ ਜੀ ਦਾ ਹੁਕਮ ਹੈ ਕਿ ਆਪਣੇ ਸ਼ੌਕ ਖਾਤਰ ਪੰਛੀਆਂ ਨੂੰ ਉਨ੍ਹਾਂ ਦੀ ਆਜ਼ਾਦੀ ਖੋਹ ਕੇ ਪਿੰਜਰਿਆਂ ਵਿਚ ਬੰਦ ਨਾ ਕੀਤਾ ਜਾਵੇ ਸਗੋਂ ਕੁਦਰਤੀ ਫਿਜਾ ਵਿਚ ਆਜ਼ਾਦ ਉਡਣ ਦਿੱਤਾ ਜਾਵੇ। ਇਨ੍ਹਾਂ ਦਾ ਸ਼ਿਕਾਰ ਕਰਨਾ ਅਥਵਾ ਮਾਰ ਕੇ ਖਾਣਾਂ ਤਾਂ ਪਾਪ ਹੈ ਹੀ।

ਜਿੱਥੇ ਕਿਧਰੇ ਹਜ਼ੂਰ ਨੂੰ ਪਤਾ ਲੱਗ ਜਾਵੇ ਕਿ ਕਿਸੇ ਸਿੱਖ ਨੇ ਪੰਛੀ ਪਿੰਜਰੇ ਵਿਚ ਪਾਏ ਹੋਏ ਹਨ, ਆਪ ਉਨ੍ਹਾਂ ਨੂੰ ਛੱਡ ਦੇਣ ਦਾ ਹੁਕਮ ਕਰਦੇ ਹਨ। ਪੰਛੀਆਂ ਦੇ ਆਲ੍ਹਣੇ, ਜਿਨ੍ਹਾਂ ਵਿਚ ਅੰਡੇ ਜਾਂ ਬੱਚੇ ਹੋਣ, ਉਹ ਨਾ ਲਾਹੁਣ ਦਾ ਹੁਕਮ ਹੈ।

ਜੇ ਕੋਈ ਸ਼ਿਕਾਇਤ ਕਰੇ ਕਿ ਕਬੂਤਰ ਆਦਿ ਪੰਛੀ ਅੰਦਰ ਆ ਕੇ ਤੰਗ ਕਰਦੇ ਹਨ ਜਾਂ ਰੋਸ਼ਨਦਾਨਾਂ ਵਿਚ ਬੈਠਦੇ ਹਨ ਤਾਂ ਹੁਕਮ ਹੁੰਦਾ ਹੈ ਕਿ ਜਾਲੀ ਲਗਵਾ ਦਿਓ।

ਬੰਗਲੌਰ ਵਿਖੇ, ਸ੍ਰੀ ਸਤਿਗੁਰੂ ਜੀ ਦਾ ਇਕ ਫਾਰਮ ਹੈ। (ਇਸ ਫਾਰਮ ਬਾਰੇ ਬਾਗਬਾਨੀ ਦੇ ਅਧਿਆਏ ਵਿਚ ਲਿਖਿਆ ਹੋਇਆ ਹੈ) ਇਥੇ ਨਾਮਧਾਰੀ ਸੀਡਜ਼ ਦੇ ਨਾਂ ਹੇਠ ਸ੍ਰੀ ਉਦੈ ਸਿੰਘ ਬੀਜ ਉਤਪਾਦਨ ਦਾ ਕਾਰਜ ਕਰ ਰਹੇ ਹਨ। ਜਦੋਂ ਇਸ ਫਾਰਮ ਨੂੰ ਖਰੀਦਿਆ ਗਿਆ, ਇਸ ਦੇ ਨੇੜੇ ਪਾਣੀ ਵਾਲੇ ਤਲਾਵਾਂ ਵਿਚ ਮੱਛੀਆਂ ਪਾਲਣ ਦਾ ਧੰਦਾ ਚਲਦਾ ਸੀ। ਇਹ ਮੱਛੀਆਂ ਵੇਚੀਆਂ ਤੇ ਖਾਧੀਆਂ ਜਾਂਦੀਆਂ ਸਨ। ਸਿਰਫ ਮੱਛੀਆਂ ਦੀ ਜਾਨ ਬਚਾਉਣ ਲਈ ਹਜ਼ੂਰ ਨੇ ਸਾਰੇ ਟੈਂਕਾਂ ਦਾ ਠੇਕਾ ਲੈ ਲਿਆ।

ਸ੍ਰੀ ਸਤਿਗੁਰੂ ਜੀ ਨੇ ਕਈ ਵਾਰ ਬੁੱਚੜਖਾਨੇ ਜਾ ਰਹੇ ਜਾਨਵਰ ਖਰੀਦ ਕੇ ਛੁਡਵਾਏ । ਆਪ ਬੇਜ਼ੁਬਾਨ ਪਸ਼ੂਆਂ ਨੂੰ ਬੇਰਹਿਮੀ ਨਾਲ ਕਤਲ ਕਰਨ ਲਈ ਨਿੱਤ ਖੁਲ੍ਹਦੇ ਜਾ ਰਹੇ ਬੁੱਚੜਖਾਨਿਆਂ ਨੂੰ ਬੰਦ ਕਰਾਉਣ ਦੇ ਸਮਰਥਕ ਹਨ।

ਜੇ ਕਦੇ ਅਚੇਤ ਕਿਸੇ ਸਿੱਖ ਕੋਲੋਂ ਕੋਈ ਜਾਨਵਰ ਜਾਂ ਪਰਿੰਦਾ ਮਾਰਿਆ ਗਿਆ ਹੋਵੇ ਤਾਂ ਉਸ ਦੇ ਨਮਿਤ, ਉਸ ਸਿੱਖ ਨੂੰ ਸ੍ਰੀ ਸਤਿਗੁਰੂ ਜੀ ਪਾਠ ਦਾ ਭੋਗ ਪੁਆਉਣ ਦਾ ਹੁਕਮ ਕਰਦੇ ਹਨ। ਇਕ ਵਾਰ ਸਹਿਜ ਸੁਭਾਅ ਕਿਸੇ ਸਿੱਖ ਤੋਂ ਸੋਟੀ ਵੱਜ ਕੇ ਬਿੱਲੀ ਮਰ ਗਈ, ਉਸ ਨੂੰ ਸ੍ਰੀ ਸਤਿਗੁਰੂ ਜੀ ਵਲੋਂ ਅਖੰਡ ਪਾਠ ਦਾ ਭੋਗ ਪਵਾਉਣ ਦਾ ਹੁਕਮ ਹੋਇਆ।

28 ਜੁਲਾਈ 2001 ਨੂੰ ਪੰਜਾਬ ਸਿੱਖਿਆ ਬੋਰਡ ਵਿਚ ਨੌਕਰੀ ਕਰ ਰਹੇ ਇਕ ਸਿੱਖ ਚਰਨਜੀਤ ਸਿੰਘ ਪਿੰਡ ਪਰਜੀਆਂ ਖੁਰਦ (ਜਲੰਧਰ) ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ,

" ਸੱਚੇ ਪਾਤਸ਼ਾਹ ਜੀ ਮੇਰੇ ਕੋਲੋਂ ਇੱਕ ਸੱਪ ਮਾਰਿਆ ਗਿਆ ਸੀ। ਉਸ ਦੇ ਨਮਿਤ ਇਕ ਸਧਾਰਨ ਪਾਠ ਦਾ ਭੋਗ ਪੁਆ ਦਿੱਤਾ ਸੀ। ਇਸ ਬਾਰੇ ਆਪ ਜੀ ਦਾ ਜੋ ਹੋਰ ਹੁਕਮ ਹੋਵੇ, ਕ੍ਰਿਪਾ ਕਰੋ। "

ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ,

"ਇਕ ਅਖੰਡ ਪਾਠ ਕਰਵਾ ਦਿਓ, ਪਰ ਅਖੰਡ ਪਾਠ ਬਰਸਾਤਾਂ ਦੇ ਦਿਨਾਂ ਤੋਂ ਬਾਅਦ ਕਰਵਾਉਣ, ਸਾਉਣ-ਭਾਦੋਂ ਦੇ ਮਹੀਨੇ ਵਿਚ ਕੀੜੇ ਪਤੰਗੇ ਨਿਕਲ ਆਉਂਦੇ ਹਨ। ਅਗਨੀ 'ਤੇ ਉਨ੍ਹਾਂ ਦੀ ਮ੍ਰਿਤੂ ਹੋ ਜਾਂਦੀ ਹੈ। ਅਖੰਡ ਪਾਠ ਕਰਵਾਇਆਂ ਗੀਟਾ ਤੇ ਜੋਤ ਲਗਾਤਾਰ ਜਗਦੀ ਰਹਿੰਦੀ ਹੈ। ਉਨ੍ਹਾਂ ਉੱਤੇ ਡਿਗ ਕੇ ਕੀੜੇ ਪਤੰਗੇ ਮਰ ਜਾਂਦੇ ਹਨ, ਸੋ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਸਾਡੇ ਕੋਲੋਂ ਕਿਸੇ ਤਰ੍ਹਾਂ ਦਾ ਵੀ ਕੀੜਾ-ਪਤੰਗਾ ਨਾ ਮਰੇ।"

ਜਿਸ ਵੇਲੇ ਮੂਵੀ ਬਣਾਉਂਦਿਆਂ ਜਾਂ ਫੋਟੋਆਂ ਖਿੱਚਦਿਆਂ ਵੀਡੀਓ ਜਾਂ ਕੈਮਰੇ ਦੀ ਫਲੈਸ਼ ਨਾਲ ਮੱਛਰ ਜਾਂ ਹੋਰ ਕੀਟ ਪਤੰਗੇ ਮਰ ਰਹੇ ਹੋਣ ਤਾਂ ਸ੍ਰੀ ਸਤਿਗੁਰੂ ਜੀ ਤੁਰੰਤ ਹੁਕਮ ਕਰਦੇ ਹਨ ਕਿ ਅਜੇ ਮੂਵੀ ਨਾਂ ਬਣਾਈ ਜਾਵੇ ਤੇ ਫੋਟੋਆਂ ਨਾਂ ਖਿੱਚੀਆਂ ਜਾਣ।

ਇਕ ਸਾਲ ਹਰਿਆਣਾ ਸਰਕਾਰ ਨੇ ਹੈਲੀਕਾਪਟਰ ਰਾਹੀਂ ਸਾਰੇ ਨਰਮੇ 'ਤੇ ਸਪਰੇ ਕਰਨ ਦਾ ਐਲਾਨ ਕੀਤਾ। ਦੱਸਿਆ ਗਿਆ ਕਿ ਪ੍ਰਤੀ ਏਕੜ ਸਪਰੇ ਕਰਨ ਦੇ ਐਨੇ ਪੈਸੇ ਲੈਣੇਂ ਨੇ। ਜਿਸ ਕੰਪਨੀ ਨਾਲ ਠੇਕਾ ਕੀਤਾ ਸੀ, ਜਿਸ ਨੇ ਹੈਲੀਕਾਪਟਰ ਨਾਲ ਸਪਰੇ ਕਰਨਾ ਸੀ, ਨੂੰ ਸ੍ਰੀ ਸਤਿਗੁਰੂ ਜੀ ਨੇ ਆਪਣੇ ਬੰਦੇ ਭੇਜ ਕੇ ਕਿਹਾ ਕਿ, 'ਤੁਸੀਂ ਸਾਥੋਂ ਪੈਸੇ ਤਾਂ ਲੈ ਲਵੋ ਪਰ ਸਪਰੇ ਨਾ ਕਰੋ, ਸਰਕਾਰ ਤਕ ਵੀ ਪਹੁੰਚ ਕੀਤੀ ਕਿ ਅਸੀਂ ਸਪਰੇ ਨਹੀਂ ਕਰਵਾਉਣੀ' ਪਰ ਉਨ੍ਹਾਂ ਨਾਂ ਮੰਨਿਆਂ। ਸ੍ਰੀ ਸਤਿਗੁਰੂ ਜੀ ਨੇ ਐਸਾ ਭਾਣਾ ਵਰਤਾਇਆ ਕਿ ਅਗਲੇ ਸਾਲ ਜਿਸ ਜ਼ਮੀਨ 'ਤੇ ਨਰਮੇ 'ਤੇ ਬਹੁਤਾ ਝਾੜ ਹੁੰਦਾ ਸੀ, ਉਹ ਘਟ ਗਿਆ, ਲੋਕਾਂ ਨੂੰ ਮਜਬੂਰ ਹੋ ਕੇ ਝੋਨਾ ਬੀਜਣਾ ਪਿਆ।

ਇਕ ਵਾਰ ਸੰਤਨਗਰ ( ਜ਼ਿਲ੍ਹਾ ਸਰਸਾ, ਹਰਿਆਣਾ) ਵਿਖੇ ਅੱਸੂ ਦਾ ਮੇਲਾ ਸੀ। ਸ੍ਰੀ ਸਤਿਗੁਰੂ ਜੀ ਦੇ ਸਿਖਾਂ-ਮੇਲੇ ਦੇ ਪ੍ਰਬੰਧਕਾਂ ਨੂੰ ਪਤਾ ਲੱਗਾ ਕਿ ਕੁਝ ਭਾਟ, ਅੰਦਰ ਵਾੜ ਕੇ ਬੱਕਰਾ ਮਾਰਨ ਲੱਗੇ ਹਨ। ਉਨ੍ਹਾਂ ਨੇ ਭਾਟਾਂ ਨੂੰ ਢਾਹ ਕੇ ਬੱਕਰਾ ਛੁਡਵਾਇਆ, ਇਕ ਦੀ ਬਾਂਹ ਟੁੱਟ ਗਈ। ਕਾਫੀ ਦੁੱਖ ਝੱਲਣੇ ਪਏ, ਸਰਕਾਰ ਵਲੋਂ ਖੱਜਲ ਖੁਆਰੀ ਵੀ ਹੋਈ, ਪਰ ਸਿੱਖਾਂ ਨੇ ਆਪਣਾ ਧਰਮ ਨਹੀਂ ਛੱਡਿਆ।

ਦੇਸ਼ ਵਿਚ ਹੋਏ ਹੜਾਂ ਤੇ ਸੋਕੇ ਸਮੇਂ ਜਿਥੇ ਇਨਸਾਨਾਂ ਦੇ ਹੋਏ ਜਾਨੀ ਮਾਲੀ ਨੁਕਸਾਨ ਸਮੇਂ ਸ੍ਰੀ ਸਤਿਗੁਰੂ ਜੀ ਸਹਾਇਤਾ ਲਈ ਅੱਪੜਦੇ ਹਨ, ਉਥੇ ਜਾਨਵਰਾਂ ਦੀ ਮੰਦੀ ਹਾਲਤ ਵੱਲ ਵੀ ਧਿਆਨ ਦਿੰਦੇ ਰਹੇ ਹਨ।

ਇੱਕ ਵਾਰ ਸੰਨ 1986 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬੰਗਲੌਰ (ਕਰਨਾਟਕ) ਗਏ ਹੋਏ ਸਨ, ਉਥੇ ਬਾਰਸ਼ ਨਾ ਹੁਣ ਕਰਕੇ ਭਾਵੇਂ ਗਰੀਬ ਮਨੁੱਖਾਂ ਦੀ ਹਾਲਤ ਬੜੀ ਮਾੜੀ ਸੀ ਪਰ ਪਸ਼ੂਆਂ ਦੀ ਹਾਲਤ ਵੀ ਬਹੁਤ ਤਰਸਯੋਗ ਸੀ। ਲੋਕ ਘਰਾਂ ਵਿਚੋਂ ਪਸ਼ੂਆਂ ਨੂੰ ਜਾਂ ਤਾਂ ਥੋੜ੍ਹੇ ਥੋੜ੍ਹੇ ਪੈਸੇ ਲੈ ਕੇ ਬੁੱਚੜਾਂ ਦੇ ਹਵਾਲੇ ਕਰ ਰਹੇ ਸਨ ਤੇ ਜਾਂ ਅਵਾਰਾ ਫਿਰਨ ਲਈ ਛੱਡ ਰਹੇ ਸਨ ਤੇ ਇਹ ਪਸ਼ੂ ਭੁੱਖ ਦੇ ਮਾਰੇ ਭਟਕਦੇ ਫਿਰ ਰਹੇ ਸਨ। ਭਾਵੇਂ ਕਾਲ ਪੀੜਤ ਲੋਕਾਂ ਤੇ ਪਸ਼ੂਆਂ ਵਾਸਤੇ ਸਥਾਨਕ ਸਰਕਾਰ ਅਤੇ ਕੁਝ ਧਾਰਮਕ ਅਦਾਰੇ ਵੀ ਯਤਨਸ਼ੀਲ ਸਨ ਪਰ ਫਿਰ ਵੀ ਉਸ ਹਾਲਤ 'ਤੇ ਕਾਬੂ ਪਾਉਣਾ ਮੁਸ਼ਕਿਲ ਹੋ ਰਿਹਾ ਸੀ।

ਪਸ਼ੂਆਂ ਦੀ ਤਰਸਯੋਗ ਹਾਲਤ ਨੂੰ ਮਹਿਸੂਸ ਕਰਦਿਆਂ ਸ੍ਰੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਭੇਜ ਕੇ, ਪੰਜਾਬ ਦੇ ਇਲਾਕਿਆਂ ਵਿਚੋਂ ਟਰੱਕਾਂ ਰਾਹੀ ਤੂੜੀ ਤੇ ਘਾਹ ਇੱਕਠਾ ਕਰਵਾਏ ਅਤੇ ਕਾਲ-ਪੀੜਤ ਇਲਾਕਿਆਂ ਵਿਚ ਭਿਜਵਾਉਣ ਦਾ ਪ੍ਰਬੰਧ ਕੀਤਾ। ਰੇਲ ਗੱਡੀ ਦੀਆਂ ਕ੍ਰੀਬ 40 ਬੋਗੀਆਂ ਤੂੜੀ ਅਤੇ 40 ਬੋਗੀਆਂ ਘਾਹ ਭੇਜੇ ਜਾਣ ਦਾ ਪ੍ਰਬੰਧ ਹੋ ਗਿਆ। ਉਸ ਵੇਲੇ ਇਨ੍ਹਾਂ ਦੋਹਾਂ ਚੀਜਾਂ ਨੂੰ ਭੇਜਣ ਦਾ ਔਸਤਨ ਖਰਚ ਪੰਜਾਹ ਰੁਪਏ ਪ੍ਰਤੀ ਕਵਿੰਟਲ ਆਇਆ। ਸਾਰਾ ਘਾਹ ਟੱਰਕਾਂ ਰਾਹੀਂ ਕੁਰਾਲੀ ਰੇਲਵੇ ਸਟੇਸ਼ਨ ਉੱਤੇ ਇੱਕਠਾ ਕੀਤਾ ਗਿਆ ਜਦੋਂ ਕਿ ਤੂੜੀ ਦੀਆਂ ਗੱਡੀਆਂ ਸੇਖਾ ਝੁਲੂਰ (ਬਰਨਾਲਾ) ਸਟੇਸ਼ਨ ਤੋਂ ਭਰਨ ਦਾ ਇੰਤਜਾਮ ਕੀਤਾ ਗਿਆ। ਕੁਝ ਤੂੜੀ, ਕੁਝ ਸੱਜਣਾਂ ਵਲੋਂ ਦਾਨ ਵਜੋਂ ਵੀ ਦਿਤੀ ਗਈ ਪਰ ਵਧੇਰੇ ਤੂੜੀ ਸ੍ਰੀ ਸਤਿਗੁਰੂ ਜੀ ਵਲੋਂ ਕੀਮਤਨ ਹੀ ਖਰੀਦੀ ਗਈ। ਘਾਹ ਵੀ ਖਰੀਦਿਆ ਗਿਆ। ਇਹ ਤਾਂ ਇਕ ਨਮੂਨਾ ਮਾਤਰ ਉਦਾਹਰਣ ਹੈ। ਸ੍ਰੀ ਸਤਿਗੁਰੂ ਜੀ, ਪਸ਼ੂ ਪੰਛੀਆਂ ਦੀ ਨਿਸ਼ਕਾਮ ਸੇਵਾ ਅਤੇ ਧਿਆਨ ਸਮੇਂ ਸਮੇਂ 'ਤੇ ਇੰਜ ਹੀ ਕਰਦੇ ਰਹਿੰਦੇ ਹਨ।

ਮਈ ਸੰਨ 2000 ਨੂੰ ਆਪਣੇ ਇੰਗਲੈਂਡ ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਯੂ. ਕੇ. ਦੇ ਪ੍ਰਧਾਨ ਮੰਤਰੀ ਸ੍ਰੀ ਟੋਨੀ ਬਲੇਅਰ ਨੂੰ ਦਰਸ਼ਨ ਅਤੇ ਆਸ਼ੀਰਵਾਦ ਦੇਣ-10 ਡਾਊਨਿੰਗ ਸਟਰੀਟ ਲੰਡਨ ਵਿਖੇ ਪਧਾਰੇ। ਸ੍ਰੀ ਸਤਿਗੁਰੂ ਜੀ ਨੇ ਬਚਨ ਕਰਦਿਆਂ ਉਨ੍ਹਾਂ ਦਾ ਧਿਆਨ ਬੇਜ਼ੁਬਾਨਾਂ ਦੀ ਜ਼ੁਬਾਨ ਬਣਨ ਅਤੇ ਸੰਸਾਰ ਅਮਨ ਵਲ ਦੁਆਇਆ। ਆਪ ਨੇ ਫਰਮਾਇਆ,

'ਸੰਸਾਰ ਵਿਚ ਕਿਸੇ ਤਰ੍ਹਾਂ ਦੀ ਵੀ ਸਰਕਾਰ ਹੋਵੇ, ਉਹ ਕਿਸੇ ਹੱਦ ਤਕ ਮਨੁੱਖ ਦੇ ਵਿਕਾਸ ਦੀ ਗੱਲ ਕਰਦੀ ਹੈ, ਮਨੁੱਖ ਦੇ ਭਲੇ ਦੀਆਂ ਯੋਜਨਾਵਾਂ ਬਣਾਉਂਦੀ ਹੈ ਅਤੇ ਮਨੁੱਖ ਦੀ ਸਹੂਲਤ ਲਈ ਸੁਖ-ਸੁਵਿਧਾਵਾਂ ਰਿਆਇਤਾਂ ਵਧਾਉਣ ਦੀ ਗੱਲ ਕਰਦੀ ਹੈ। ਇੰਜ ਲਗਦਾ ਹੈ ਕਿ ਸ਼ਾਸਨ ਚਲਾ ਰਿਹਾ ਮਨੁੱਖ ਤੇ ਉਸ ਦੇ ਸਹਿਯੋਗੀ ਜਿਵੇਂ ਆਪਣੇ ਭਲੇ ਦੀ ਗੱਲ ਕਰ ਰਹੇ ਹੋਣ। ਉਸ ਸੰਬੰਧੀ ਕਾਨੂੰਨ ਬਣਾ ਰਹੇ ਹੋਣ ਜਾਂ ਕਾਨੂੰਨਾਂ ਵਿਚ ਸੋਧ ਸੁਧਾਈ ਕਰ ਰਹੇ ਹੋਣ। ਸ਼ਾਇਦ ਹੀ ਕਿਤੇ ਕੋਈ ਆਪਣੀ ਜ਼ੁਬਾਨ ਤੋਂ ਬੇਜ਼ੁਬਾਨ ਜੀਵਾਂ ਦੀ ਗੱਲ ਕਰ ਰਿਹਾ ਹੋਵੇ।'

ਸ੍ਰੀ ਸਤਿਗੁਰੂ ਜੀ ਨੇ ਫਰਮਾਇਆ, 'ਵਿਸ਼ਵ ਵਿਚ ਅਮਨ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਬੇਜ਼ੁਬਾਨਾਂ ਦੀ ਜ਼ੁਬਾਨ ਬਣੀਏ, ਪਾਰਲੀਮੈਂਟ ਵਿਚ ਜਾਨਵਰਾਂ ਦਾ ਕੋਈ ਨੁਮਾਇੰਦਾ ਹੋਣਾ ਚਾਹੀਦਾ ਹੈ।'

ਸ੍ਰੀ ਟੋਨੀ ਬਲੇਅਰ ਨੇ ਹੁੰਗਾਰਾ ਭਰਦਿਆਂ ਅਰਜ਼ ਕੀਤੀ ਕਿ, "ਸਾਨੂੰ ਅਸ਼ੀਰਵਾਦ ਦਿਓ, ਅਸੀਂ ਇਹਦੇ ਵਿਚ ਕਾਮਯਾਬ ਹੋ ਸਕੀਏ।'

**ਸ੍ਰੀ ਸਤਿਗੁਰੂ ਜੀ ਨੇ ਫਰਮਾਇਆ,**

"ਅਸੀਂ ਆਪਣੀਆਂ ਤਕਲੀਫਾਂ ਤੇ ਦੁਖ ਸੁਖ ਆਦਿ ਲਈ ਪਾਰਲੀਮੈਂਟ ਵਿਚ ਬੈਠ ਕੇ ਆਪਣੇ ਵਾਸਤੇ ਕਾਨੂੰਨ ਬਣਾਉਂਦੇ ਹਾਂ। ਇਸ ਦੁਨੀਆਂ ਵਿਚ ਉਹ ਵੀ ਹਨ ਜਿਹੜੇ ਬੋਲ ਨਹੀ ਸਕਦੇ ਜਿਵੇਂ ਗਊਆਂ, ਘੋੜੇ, ਕਾਂ, ਸੱਪ ਇਹਨਾਂ ਬਾਰੇ ਕੌਣ ਸੋਚਦਾ ਹੈ ? ਉਹ ਹੀ ਸੋਚਦੇ ਹਨ, ਜੋ ਰੱਬ ਨੂੰ ਮੰਨਦੇ ਹਨ। ਉਹਨਾਂ ਦੀ ਨੁਮਾਇੰਦਗੀ ਹੋਰ ਕਿਸੇ ਨਹੀਂ ਕਰਨੀ। ਗਊਆਂ ਨੂੰ ਮਾਸ ਖਵਾ ਕੇ ਬੀਮਾਰੀ ਪੈਦਾ ਕਰ ਦਿੱਤੀ ਅਤੇ ਫਿਰ ਉਹਨਾਂ ਨੂੰ ਥੋਕ ਵਿਚ ਮਾਰਨਾ ਸ਼ੁਰੂ ਕਰ ਦਿੱਤਾ ਹੈ। ਹੁਣ ਪਤਾ ਲੱਗਾ ਹੈ ਕਿ ਭੇਡਾਂ ਵਿਚ ਵੀ ਬਿਮਾਰੀ ਆ ਗਈ ਹੈ, ਉਹਨਾਂ ਨੂੰ ਵੀ ਥੋਕ ਵਿਚ ਹੀ ਮਾਰ ਦੇਣਾਂ ਹੈ। ਜੇ ਆਦਮੀਆਂ ਨੂੰ ਬੀਮਾਰੀ ਹੋ ਜਾਵੇ ਤਾਂ ਆਦਮੀਆਂ ਨੂੰ ਮਾਰ ਦਿਓਗੇ ?"

ਇੰਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੀਵ-ਦਇਆ ਦੇ ਸਿਧਾਂਤ ਦਾ ਪ੍ਰਚਾਰ ਕਰ ਰਹੇ ਹਨ। ਆਪ ਨੇ ਭਰੂਣ ਟੈਸਟ ਕਰ ਕੇ ਗਰਭ ਵਿਚ ਕੁੜੀਆਂ ਮਾਰਨ ਦੇ ਖਿਲਾਫ ਵੀ ਜ਼ੋਰਦਾਰ ਅਵਾਜ਼ ਉਠਾਈ ਹੈ।

ਸ੍ਰੀ ਸਤਿਗੁਰੂ ਜੀ ਫਰਮਾਉਂਦੇ ਹਨ,

" ਜਿੰਨਾਂ ਚਿਰ ਜੀਵ ਹਿੰਸਾ ਬੰਦ ਨਹੀਂ ਹੁੰਦੀ, ਉਨੀਂ ਦੇਰ ਵਿਸ਼ਵ ਵਿਚ ਸ਼ਾਂਤੀ ਨਹੀਂ ਹੋ ਸਕਦੀ।...ਬੁੱਚੜਖਾਨਿਆਂ ਵਿਚ ਆਪਣੇ ਪਸ਼ੂ ਭੇਜੇ ਹੀ ਨਾ ਜਾਣ.... ਕੀ ਜੇ ਸਾਨੂੰ ਕੋਈ ਪੈਸੇ ਦੇਵੇ ਅਸੀਂ ਮਾਰਣ ਵਾਸਤੇ ਆਪਣੇ ਬੱਚੇ ਦਿਆਂਗੇ।"

ਸੰਤ ਪ੍ਰੀਤਮ ਸਿੰਘ ਕਵੀ ਆਪਣੀ ਪੁਸਤਕ 'ਬੀਤੇ ਦੀਆਂ ਪੈੜਾਂ ਭਾਗ ਪਹਿਲਾ ਵਿਚ- ਪੰਨਾ 241-42 ਤੇ ਆਪਣੀ 20 ਨਵੰਬਰ ਸੰਨ 1977 ਦੀ ਡਾਇਰੀ ਵਿਚ ਲਿਖਦੇ ਹਨ-

" ਪੰਜ ਵਜੇ ਸ਼ਾਮੀਂ ਸਤਿਗੁਰੂ ਆਪਣੇ ਲੋੜੀਂਦੇ ਸਿੱਖਾਂ ਨਾਲ ਵਿਗਿਆਨ ਭਵਨ ਦੇ ਪਿਛਵਾੜੇ ਦੇ ਹਾਲ ਵਿਚ ਪਧਾਰੇ ਜਿਥੇ ਡੇਢ ਸੌ ਤੋਂ ਵੱਧ ਵਿਦੇਸ਼ੀ ਡੈਲੀਗੇਟ ਬੈਠੇ ਸਨ। ਸਤਿਗੁਰੂ ਜੀ ਦਾ ਸਾਰਿਆਂ ਹੀ ਹਾਰਦਿਕ ਸੁਆਗਤ ਕੀਤਾ । ਸ੍ਰੀ ਸਤਿਗੁਰੂ ਜੀ ਇੰਟਰਨੈਸ਼ਨਲ ਵੈਜੀਟੇਰੀਅਨ ਸੰਸਥਾ ਦੇ ਉਪ-ਪਰਧਾਨ ਚਲੇ ਆ ਰਹੇ ਹਨ ਕੁਝ ਵਰ੍ਹਿਆਂ ਤੋਂ। ਸੰਸਥਾ ਦੇ ਪਰਧਾਨ ਡਾ. ਲਾਟੋ ਹਨ। ਡਾਇਸ ਤੇ ਸਤਿਗੁਰੂ ਜੀ ਨੂੰ ਇਸ ਸਮਾਗਮ ਦੇ ਪ੍ਰਧਾਨ ਪ੍ਰੋ. ਸ਼ੇਰ ਸਿੰਘ ਮਨਿਸਟਰ ਡੀਫੈਂਸ ਪ੍ਰੋਡਕਸ਼ਨ ਦੇ ਨਾਲ ਖੱਬੇ ਹੱਥ ਬੈਠਾਇਆ ਗਿਆ।

" ਏਥੇ ਹੀ ਇਕ ਫਿਲਮ ਵਿਖਾਈ ਗਈ ' ਬਿਊਟੀ ਵਿਦਾਊਟ ਕ੍ਰਿਊਲਿਟੀ'। ਇਹ ਉਹਨਾਂ ਲੋਕਾਂ ਵਸਤੇ ਸੀ ਜੋ ਬਨਾਉਟੀ ਸੁੰਦਰਤਾ ਦੇ ਸ਼ੈਦਾਈ ਹਨ। ਇਸ ਰੰਗੀਨ ਫਿਲਮ ਦੁਆਰਾ ,ਯੂਰਪ ਵਿਚ ਜਿਹਨਾਂ ਜਾਨਵਰਾਂ ਨੂੰ ਨਿਰ-

ਅਪਰਾਧ ਕਤਲ ਕੀਤਾ ਜਾਂਦਾ, ਜਿਵੇਂ ਕਤਲ ਕੀਤਾ ਜਾਂਦਾ, ਵਿਖਾਇਆ ਗਿਆ ਸੀ। ਕੋਝੇ ਦਿਸ਼੍ਹਾਂ ਦੀਆਂ ਤਸਵੀਰਾਂ ਥਾਂ-ਪਰ-ਥਾਂ ਇਹ ਦਰਸਾਉਂਦੀਆਂ ਸਨ ਕਿ ਅਮੀਰ ਲੋਕਾਂ ਦੇ ਫਰ ਦੇ ਕੋਟ,ਜੁੱਤੇ, ਬੁਲ੍ਹ-ਨਹੁੰ ਰੰਗਣ ਦੇ ਪ੍ਰਸਾਧਨ ਆਦਿ ਕਿੰਨੇ ਜ਼ੁਲਮ ਤੇ ਕੱਟ-ਵੱਢ ਬਾਅਦ ਪ੍ਰਾਪਤ ਹੁੰਦੇ ਹਨ। ਜਿਊਂਦੇ ਚੂਹੇ ਦੀ ਖੱਲ ਉਧੇੜਨ ਤੋਂ ਲੈ ਕੇ ਵੇਲ੍ਹ ਮੱਛੀ ਦੇ ਟੁਕੜੇ ਟੁਕੜੇ ਕਰਨ ਦੀ ਦ੍ਰਿਸ਼ਾਵਲੀ ਦਿਲ ਦਹਿਲਾਊ ਸੀ। ਸਤਿਗੁਰੂ ਜੀ ਨੇ ਵੀ ਜਾਨਵਰ ਵਢੀਂਦੇ ਇਸੇ ਫਿਲਮ ਦੁਆਰਾ ਹੀ ਵੇਖੇ ਸਨ।

ਇਸ ਜ਼ੁਲਮ ਦੇ ਖਿਲਾਫ ਆਵਾਜ਼ ਅਤੇ ਭਾਵਨਾ ਪੈਦਾ ਕਰਨ ਲਈ ਫਰਮਾਇਆ ਕਿ ਅਜਿਹੀਆਂ ਫਿਲਮਾਂ ਦੀਆਂ ਹੋਰ ਵੀ ਕਾਪੀਆਂ ਲੈ ਕੇ ਆਮ ਲੋਕਾਂ ਨੂੰ ਵਿਖਾਉਣੀਆਂ ਚਾਹੀਦੀਆਂ ਹਨ। ਬਚਨ ਕੀਤਾ ,ਯੂਰਪੀਨ ਲੋਕ ਜਦੋਂ ਕਿਸੇ ਗੱਲ ਨੂੰ ਪੇਸ਼ ਕਰਨਾ ਚਾਹੁੰਦੇ ਹਨ, ਬੜੀ ਦੂਰ ਤੇ ਡੂੰਘਾਈ ਤਕ ਜਾਂਦੇ ਹਨ।"

ਕਵੀ ਜੀ ਨੇ ਅੱਗੇ ਲਿਖਿਆ ਹੈ ਕਿ ਅਗਲੇ ਦਿਨ ਵੈਜ਼ੀਟੇਰੀਅਨ ਕਾਂਗਰਸ ਦੇ ਡੈਲੀਗੇਟਾਂ ਨੂੰ 11/10 ਪੂਸਾ ਰੋਡ ਵਿਖੇ ਦੁਪਿਹਰ ਦਾ ਖਾਣਾ ਦਿੱਤਾ ਗਿਆ। ਉਥੇ ਹਾਜ਼ਰ ਲੋਕਾਂ ਨੂੰ ਉਪਰੋਕਤ ਫਿਲਮ ਵੀ ਦਿਖਾਈ ਗਈ।

# ਸ਼ਾਕਾਹਾਰ ਤੇ ਨਸ਼ਾ-ਬੰਦੀ ਦਾ ਪ੍ਰਚਾਰ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ਾਕਾਹਾਰੀ ਵਿਚਾਰਧਾਰਾ ਅਤੇ ਨਸ਼ਾ-ਬੰਦੀ ਦਾ ਪ੍ਰਚਾਰ ਕੀਤਾ ਹੈ।

ਬਹੁਤੇ ਧਰਮ ਮਨੁੱਖਾਂ ਨੂੰ ਮਾਸ, ਅੰਡਾ ਅਤੇ ਸ਼ਰਾਬ ਆਦਿ ਪਦਾਰਥਾਂ ਦਾ ਸੇਵਨ ਕਰਨ ਤੋਂ ਰੋਕਦੇ ਹਨ ਅਤੇ ਸ਼ਾਕਾਹਾਰੀ ਹੋਣ ਦਾ ਉਪਦੇਸ਼ ਦਿੰਦੇ ਹਨ। ਗੁਰਬਾਣੀ ਵਿਚ ਦਇਆ ਅਹਿੰਸਾ ਨੂੰ ਮਨ ਵਿਚ ਵਸਾ ਕੇ ਸਰਬੱਤ ਦਾ ਭਲਾ ਮੰਗਦਿਆਂ ਹੋਇਆਂ, ਸ਼ਾਕਾਹਾਰ ਜੀਵਨ ਬਤੀਤ ਕਰਨ ਦਾ ਉਪਦੇਸ਼ ਮਿਲਦਾ ਹੈ।

ਜੇ ਪ੍ਰਮਾਤਮਾ ਦੀ ਭਗਤੀ ਕਰਨੀ ਹੈ ਤਾਂ ਗੁਰਸਿੱਖੀ ਅਸੂਲਾਂ ਅਨੁਸਾਰ ਮਾਸ ਨਹੀਂ ਖਾਣਾਂ ਚਾਹੀਦਾ। ਸ੍ਰੀ ਗੁਰੂ ਨਾਨਕ ਦੇਵ ਜੀ ਸਪੱਸ਼ਟ ਸ਼ਬਦਾਂ ਵਿਚ ਮਾਸ ਖਾਣ ਦੀ ਨਿਖੇਧੀ, ਗੁਰਬਾਣੀ ਵਿਚ ਇੰਜ ਕਰਦੇ ਹਨ,

' ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ ॥ '

( ਸ੍ਰੀ ਆਦਿ ਗ੍ਰੰਥ ਪੰਨਾ ਨੰ-140)

ਕਬੀਰ ਜੀ ਅਨੁਸਾਰ ,

" ਕਬੀਰ ਭਾਂਗ ਮਾਛੁਲੀ ਸੁਰਾਪਾਨੀ ਜੋ ਜੋ ਪ੍ਰਾਨੀ ਖਾਂਹਿ
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ "

ਸਾਰੇ ਗੁਰੂਆਂ ਤੇ ਮਹਾਂਪੁਰਸ਼ਾਂ ਨੇ ਸ਼ਾਕਾਹਾਰ ਦਾ ਪ੍ਰਚਾਰ ਕੀਤਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਹੁਕਮਨਾਮਿਆਂ ਵਿਚ ਲਿਖਦੇ ਹਨ ,

" ਜਿਨ ਬੰਦਗੀ ਕਰਨੀ ਹੈ ਉਹ ਮਾਸ ਨਾ ਖਾਇ। ਸ਼ਰਾਬ ਕੋ ਭੀ ਮਨੇ ਕੀਆ ਗੁਰੂ ਗਰੰਥ ਸਾਹਿਬ ਜੀ ਮੇਂ। ਆਪਣਾ ਪਰਾਇਆ ਨਾ ਸੁਝਈ ਖਸਮ ਧੱਕੇ ਖਾਇ। ਝੂਠਾ ਮੱਧ ਮੂਲ ਨ ਪੀਜਈ ਜੇ ਕਾ ਪਾਰ ਵਸਾਇ। ਤਾ ਤੇ ਦੋਨੋਂ ਨਹੀਂ ਵਰਤਣੇ, ਮਾਸ ਸ਼ਰਾਬ। ਇਹ ਤਾਂ ਮਲੇਛਾਂ ਦਾ ਖਾਣਾ ਹੈ। ਜੋ ਖਾਊ ਉਸ ਦੀ ਬੁਧ ਮਲੇਛ ਹੋਇ ਜਾਊਗੀ। "

" ਦਾਰੂ, ਮਾਸ ਨਹੀਂ ਖਾਣਾ ਪੀਣਾ, ਖੌਫ ਰਖਣਾ ਗੁਰੂ ਦਾ ਹਰਿ ਦਮ " ( ਹੁਕਮਨਾਮਾ ਨੰ. 1)

" ਅੱਗੇ ਮਾਸ ਖਾਣਿ ਦੀ ਬਾਤਿ ਗੁਰੂ ਨਾਨਕ ਦੇਵ ਜੀ ਨੇ ਲਿਖੀ ਹੈ ਮੱਕੇ ਦੀ ਗੋਸਟਿ ਬਿਚ, ਜੋ ਮਾਸ ਸੋ ਖਾਏ ਜਿਸ ਜੀ ਕੋ ਖਾਏ ਓਸਕੋ ਫੇਰ ਜਿਉਂਦਾ ਕਰਿ ਸਕੇ।.........

ਸਰਾਵ ਨੂੰ ਵੀ ਮਨੇ ਕੀਤਾ ਹੈ ਗਰੰਥ ਜੀ ਮੈਂ। ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ। ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ। ਝੂਠਾ ਮਦੁ ਮੂਲਿ ਨ ਪੀਚਈ ਜੇਕਾ ਪਾਰਿ ਵਸਾਇ। ਸੋ ਏ ਦੋਨੋਂ ਨਹੀ ਮਾਸ ਤੇ ਛਰਾਵ ਬਰਤਣੇ। ਏਹ ਤੇ ਮਲੇਛਾ ਦਾ ਖਾਣਾ ਹੈ। ਜੋ ਖਾਉ ਓਸਦੀ ਬੁਧਿ ਮਲੇਛੀ ਹੋਇ ਜਾਊਗੀ।"

(ਹੁਮਕਨਾਮਾ ਨੰ. 28 )

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਪ੍ਰਵਚਨਾਂ ਵਿਚ ਫਰਮਾਉਂਦੇ ਹਨ ,

" ਭਜਨ ਕਰਨ ਵਿਚ ਮਾਸ ਸ਼ਰਾਬ ਸਭ ਤੋਂ ਵੱਡਾ ਅੜਿੱਕਾ ਹਨ। "

ਹਜ਼ੂਰ ਆਪਣੇ ਸਿੱਖਾਂ ਨੂੰ ਹੁਕਮ ਕਰਦੇ ਹਨ ਕਿ ,

" ਜਿਸ ਘਰ ਵਿਚ ਮਾਸ-ਸ਼ਰਾਬ, ਅੰਡੇ ਆਦਿ ਦੀ ਵਰਤੋਂ ਕੀਤੀ ਜਾਂਦੀ ਹੋਵੇ, ਉਸ ਘਰ ਦਾ ਕੁਝ ਨਾ ਖਾਓ, ਨਾ ਪੀਵੋ। ਉਨ੍ਹਾਂ ਨੂੰ ਆਖੋ ਕਿ ਜੇ ਤੁਸੀਂ ਇਨ੍ਹਾਂ ਚੀਜਾਂ ਦੇ ਸੇਵਨ ਛੱਡ ਦਿਓਗੇ ਤਾਂ ਹੀ ਤੁਹਾਡੇ ਘਰ ਦਾ ਕੁਝ ਛਕਾਂਗੇ। "

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫਰਮਾਉਂਦੇ ਹਨ ,

" ਤੁਸੀਂ ਆਪੋ ਆਪਣੀ ਸੋਸਾਇਟੀ ਦੇ ਵਿਚ ਆਪਣੀ ਸੰਗਤ ਦੇ ਵਿਚ ਆਪਣੇ ਦੋਸਤਾਂ ਮਿੱਤਰਾਂ-ਦੋ,ਚਾਰ,ਦਸ ਜਿੰਨੇ ਵੀ ਤੁਹਾਡੇ ਮਿੱਤਰ ਹੋਣ, ਉਨ੍ਹਾਂ ਨੂੰ ਇਹ ਗੱਲ ਕਹੋ ਕਿ ਮਾਸ ਸ਼ਰਾਬ ਨਹੀਂ ਖਾਣਾ ਪੀਣਾ। ਜੇ ਤੁਸੀਂ ਉਹਨਾਂ ਦੇ ਘਰ ਵਿਆਹ ਸ਼ਾਦੀ ' ਤੇ ਜਾਂਦੇ ਹੋ, ਉਹਨਾਂ ਨੂੰ ਇਹ ਗੱਲ ਕਹੋ ਕਿ ਅਸੀਂ ਤੁਹਾਡਾ ਖਾਣਾ ਖਾ ਤਾਂ ਲਵਾਂਗੇ ਪਰ ਜੇ ਤੁਸੀਂ ਮਾਸ ਸ਼ਰਾਬ ਛੱਡ ਦਿਓ, ਸਾਡੀ ਤੁਹਾਡੀ ਖੁਸ਼ੀ ਹੋਰ ਸਾਂਝੀ ਹੋ ਸਕਦੀ ਹੈ। ਲੜਨ ਦੀ ਲੋੜ ਨਹੀਂ। ਬੜੇ ਪਿਆਰ ਨਾਲ ਇਹ ਗੱਲ ਆਖਿਆਂ, ਮੇਰਾ ਤਜ਼ਰਬਾ ਹੈ ਕਿ ਬਹੁਤ ਵੱਡਾ ਪਾੜਾ ਤੈਅ ਹੋ ਜਾਂਦੈ।

ਦੇਵਲੂਤ ਦੇ ਰਾਜ ਵਿਚ ਗੁਰੂ ਨਾਨਕ ਦੇਵ ਜੀ ਗਏ ਤਾਂ ਉਨ੍ਹਾਂ ਨੇ ਜੋ ਆਖਿਆ, ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ-

' ਕਰਹੁ ਰਸੋਈ ਸੰਤ ਜੀ ਭੋਜਨ ਅਚਹੁ ਬਣਾਇ।<br>ਕਿਰਪਾ ਮੁਝ ਪਰ ਕੀਜੀਐ ਸੁਣ ਸ੍ਰੀ ਗੁਰੂ ਅਲਾਇ। '

ਸਤਿਗੁਰਾਂ ਨੇ ਹੁਕਮ ਦਿੱਤਾ-

" ਪ੍ਰਿਥਮ ਤਜਹੁ ਆਮਿਖ ਕਉ ਖਾਣਾ, ਕਰਹੁ ਜਾਸ ਹਿਤ ਜੀਵਨ ਹਾਨਾ।<br>ਯੌ ਨਹਿ ਤੁਮਰੋ ਖਾਇ ਕਦਾਪੀ, ਹੋ ਤੁਮ ਜੀਵਨ ਕੇ ਸੰਤਾਪੀ ।"

ਤੂੰ ਜੀਵ ਮਾਰਦਾ ਏਂ, ਅਸੀਂ ਬਿਲਕੁਲ ਤੇਰੀ ਰੋਟੀ ਨਹੀਂ ਖਾਵਾਂਗੇ, ਜਿਨ੍ਹਾਂ ਚਿਰ ਤੂੰ ਸਾਡਾ ਉਪਦੇਸ਼ ਗ੍ਰਹਿਣ ਨਹੀਂ ਕਰਦਾ ਤੇ ਮਾਸ ਨਹੀਂ ਛੱਡਦਾ।

ਦੇਵਲੂਤ ਨੇ ਪ੍ਰਣ ਕੀਤਾ ਕਿ ਮੈਂ ਮਾਸ ਸ਼ਰਾਬ ਛੱਡਿਆ ਅਤੇ ਸਤਿਗੁਰਾਂ ਦਾ ਉਪਦੇਸ਼ ਲਿਆ, ਨਾਮ ਲਿਆ ਫਿਰ ਸਤਿਗੁਰਾਂ ਉਸ ਦੇ ਘਰ ਦੀ ਰੋਟੀ ਖਾਧੀ।

ਏਸੇ ਤਰ੍ਹਾਂ ਹੀ ਜਿਹੜਾ ਵੀ ਕੋਈ ਸਿੱਖ ਜਾਏ, ਗੁਰੂ ਨਾਨਕ ਦਾ, ਉਹ ਜਿਸ ਘਰ ਜਾਵੇ, ਉਹਨੂੰ ਆਖੇ-ਤੇਰੇ ਕੋਲ ਮੈਂ ਆ ਤਾਂ ਗਿਆ ਪਰ ਤੂੰ ਮਾਸ ਸ਼ਰਾਬ ਖਾਣਾ ਪੀਣਾਂ ਛੱਡ ਦੇ। ਸਕੇਸ਼ੀਂ ਇਸ਼ਨਾਨ ਕਰ ਕੇ ਭਜਨ ਕਰਿਆ ਕਰ ਤਾਂ ਮੈਂ ਤੇਰੇ ਘਰ ਦੀ ਰੋਟੀ ਖਾਵਾਂਗਾ। ਜੇ ਇੰਜ ਕਰੀਏ ਤਾਂ ਪ੍ਰਚਾਰਕਾਂ ਦੀ ਲੋੜ ਨਹੀਂ ਰਹਿੰਦੀ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇਸ਼-ਵਿਦੇਸ਼ ਜਿੱਥੇ ਵੀ ਜਾਂਦੇ ਹਨ, ਜਿਹੜੇ ਸ਼ਾਕਾਹਾਰੀ ਨਹੀਂ, ਉਨ੍ਹਾਂ ਨੂੰ ਇਹ ਉਪਦੇਸ਼ ਦਿੰਦੇ ਹਨ,

" ਤੁਸੀਂ ਰੋਜ਼ ਗੁਰਦਵਾਰੇ ਜਾ ਕੇ ਪੜ੍ਹਦੇ-ਸੁਣਦੇ ਹੋ ' ਅਸੰਖ ਗਲ ਵਢ ਹੱਤਿਆ ਕਮਾਇ ' ਅਤੇ ' ਜੀਅ ਦਇਆ ਪਰਵਾਨੁ ' ਤੇ ਘਰ ਆ ਕੇ ਜਾਨਵਰ ਮਾਰ ਕੇ ਖਾ ਜਾਂਦੇ ਹੋ, ਇਹ ਗਲਤ ਗੱਲ ਹੈ। ਆਪਣੀ ਸੋਸਾਇਟੀ ਬਦਲੋ, ਨਾ ਖਾਣ ਪੀਣ ਵਾਲਿਆਂ ਨਾਲ ਆਪਣੀ ਸੰਗਤ ਵਧਾਓ।"

ਖਾਸ ਤੌਰ ' ਤੇ ਵਿਦੇਸ਼ਾਂ ਵਿਚ ਜਾ ਕੇ ਸ੍ਰੀ ਸਤਿਗੁਰੂ ਜੀ, ਉਥੇ ਰਹਿਣ ਵਾਲੇ ਲੋਕਾਂ ਨੂੰ, ਚਾਹੇ ਉਹ ਕਿਸੇ ਵੀ ਧਰਮ ਨਾਲ ਸੰਬੰਧਤ ਹੋਣ, ਇੱਕਠਿਆਂ ਕਰ ਕੇ ਆਪਣੇਂ ਕੋਲ ਬਿਠਾਉਂਦੇ ਹਨ। ਫਿਰ ਵਾਰੋ ਵਾਰੀ ਇਕੱਲੇ ਇਕੱਲੇ ਨੂੰ ਪੁੱਛਦੇ ਹਨ ਕਿ ਕਿਹੜੇ ਕਿਹੜੇ ਸ਼ਾਕਾਹਾਰੀ ਨਹੀਂ ਹਨ। ਜਿਹੜੇ ਮਾਸ ਅੰਡਾ ਸ਼ਰਾਬ ਆਦਿ ਦਾ ਸੇਵਨ ਕਰਦੇ ਹਨ, ਉਨ੍ਹਾਂ ਨੂੰ ਆਪ ਬੜੇ ਪਿਆਰ ਨਾਲ ਸਮਝਾ ਕੇ ਇਨ੍ਹਾਂ ਗਲਤ ਚੀਜ਼ਾਂ ਦਾ ਇਸਤੇਮਾਲ ਨਾ ਕਰਨ ਲਈ ਪ੍ਰੇਰਦੇ ਹਨ। ਆਪ ਹੁਕਮ ਕਰਦੇ ਹਨ ਕਿ ਉਹ ਹੌਲੀ ਹੌਲੀ ਪੌੜੀਆਂ ਬਣਾ ਲੈਣ ਤੇ ਦੱਸਣ ਕਿ ਘਟਾਉਂਦੇ ਘਟਾਉਂਦੇ ਕਿੰਨੇ ਮਹੀਨਿਆਂ ਵਿਚ ਛੱਡ ਦੇਣਗੇ। ਜਿਹੜਾ ਮਹੀਨੇ ਵਿਚ ਚਾਰ ਵਾਰ ਇਹ ਖਾਂਦਾ-ਪੀਂਦਾ ਹੈ, ਉਹ ਹਰ ਮਹੀਨੇ ਵਿਚ ਇਕ ਵਾਰ ਘਟਾਉਂਦਾ ਜਾਵੇ। ਇੰਜ ਹਰ ਇਕ ਦਾ ਨਾਂ ਲਿਖਵਾ ਕੇ ਪੁੱਛ ਲੈਂਦੇ ਹਨ ਕਿ ਉਹ ਕਦੋਂ ਤੀਕ ਛੱਡਣਗੇ ਅਤੇ ਬਚਨ ਕਰਦੇ ਹਨ ਕਿ ਮੈਂ ਜਦੋਂ ਫਿਰ ਆਵਾਂਗਾ , ਤੁਹਾਨੂੰ ਫਿਰ ਪੁੱਛਾਂਗਾ। ਸ੍ਰੀ ਸਤਿਗੁਰੂ ਜੀ ਬੀਬੀਆਂ ਨੂੰ ਵੀ ਹੁਕਮ ਕਰਦੇ ਹਨ ਕਿ ਅੰਡੇ ਮਾਸ ਦਾ ਤਿਆਗ ਕਰਨ , ਜਿਹੜੀਆਂ ਖਾਂਦੀਆਂ ਨੇ।

ਸ੍ਰੀ ਸਤਿਗੁਰੂ ਜੀ ਫਰਮਾਉਂਦੇ ਹਨ ਕਿ ,

ਹਰਭਜਨ ਸਿੰਘ ਯੋਗੀ ਹੋਰਾਂ ਨੇ ਅਮਰੀਕਾ ਵਿਚ ਇਕ ਲੱਖ ਦੇ ਕ੍ਰੀਬ ਸਿੱਖ ਸਜਾਏ ਹਨ, ਉਹ ਮਾਸ ਨਹੀਂ ਖਾਂਦੇ। ਜਿਥੋਂ ਇਹ ਬੀਮਾਰੀ ਆਈ ਹੈ, ਉਹ ਲੋਕ ਤਾਂ ਛੱਡਦੇ ਜਾ ਰਹੇ ਹਨ।

ਜਾਨਵਰਾਂ ਦਾ ਮਾਸ ਖਾ ਖਾ ਕੇ ਪੇਟ ' ਚ ਕਬਰਿਸਤਾਨ ਬਣ ਜਾਂਦੀ ਹੈ।

ਜਾਰਜ ਬਰਨਾਰਡ ਸ਼ਾਅ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ ਕਿ,

'ਮੈਂ ਆਪਣੀ ਜਾਨ ਬਚਾਉਣ ਲਈ ਜਾਨਵਰ ਨਹੀਂ ਮਾਰਨੇ। ਜਦੋਂ ਮੇਰਾ ਜਨਾਜ਼ਾ ਜਾਵੇ ਤਾਂ ਉਸ ਵਿਚ ਜਾਨਵਰ ਨਾਲ ਜਾਂਣ ਤਾਂ ਕਿ ਉਨ੍ਹਾਂ ਨੂੰ ਪਤਾ ਲੱਗੇ ਕਿ ਮੈਂ ਉਨ੍ਹਾਂ ਨੂੰ ਕਿੰਨਾ ਪਿਆਰ ਕਰਦਾ ਹਾਂ।'

ਜੇ ਕਿਸੇ ਬੀਮਾਰ ਨੂੰ ਡਾਕਟਰ ਅੰਡਾ ਜਾਂ ਮੀਟ ਖਾਣ ਲਈ ਆਖਦੇ ਹਨ ਤਾਂ ਸ੍ਰੀ ਸਤਿਗੁਰੂ ਜੀ ਦਾ ਹੁਕਮ ਹੈ ਕਿ ਡਾਕਟਰ ਬਦਲ ਦਿਓ, ਇਹ ਚੀਜ਼ਾਂ ਨਾ ਖਾਓ।

ਸੰਨ 1981 ਵਿਚ ਖੰਨੇ ਸ਼ਹਿਰ ਦੇ ਨਾਮਧਾਰੀ ਇੰਜਨੀਅਰਿੰਗ ਵਰਕਸ ਵਾਲੇ ਸ੍ਰ. ਭਾਗ ਸਿੰਘ ਬੀਮਾਰ ਹੋ ਗਏ। ਉਨ੍ਹਾਂ ਨੂੰ ਕੈਂਸਰ ਸੀ। ਉਹ ਲੁਧਿਆਣੇ ਸੀ.ਐਮ.ਸੀ. ਹਸਪਤਾਲ ਵਿਚ ਦਾਖਲ ਸਨ। ਉਥੇ ਉਨ੍ਹਾਂ ਨੂੰ ਮਾਸ ਵਗੈਰਾ ਖਾਣ ਲਈ ਕਿਹਾ ਗਿਆ ਕਿ ਬਚ ਜਾਵੋਗੇ ਤਾਂ ਉਨ੍ਹਾਂ ਪੁੱਛਿਆ ਕਿ ਫਿਰ ਕਦੇ ਨਹੀਂ ਮਰਾਂਗਾ ? ਉਨ੍ਹਾਂ ਕਿਹਾ ਕਿ ਮੇਰੇ ਸਤਿਗੁਰਾਂ ਦਾ ਹੁਕਮ ਹੈ ਕਿ ਮਾਸ ਸ਼ਰਾਬ ਨਹੀਂ ਵਰਤਣਾ। ਮੈਂ ਚਾਹੇ ਮਰ ਜਾਵਾਂ, ਇਹ ਚੀਜ਼ਾਂ ਨਹੀਂ ਵਰਤਾਂਗਾ। ਉਹ ਚੜ੍ਹਾਈ ਕਰ ਗਏ ਪਰ ਆਪਣਾ ਧਰਮ ਕਾਇਮ ਰੱਖਿਆ । ਅਜਿਹੀਆਂ ਅਨੇਕ ਮਿਸਾਲਾਂ ਹਨ। ਸਤਿਗੁਰੂ ਦੇ ਸਿੱਖ ਸਤਿਗੁਰੂ ਦੇ ਹੁਕਮ ਖਿੜੇ ਮੱਥੇ ਮੰਨਦੇ ਹਨ।

ਜਿਵੇਂ ਧਾਰਮਕ ਪੱਖੋਂ ਮਾਸ ਖਾਣਾ ਜਾਇਜ਼ ਨਹੀਂ ਉਵੇਂ ਹੀ ਸਾਇੰਸ ਦੇ ਪੱਖੋਂ ਵੀ ਮਾਸ ਦਾ ਪ੍ਰਯੋਗ ਇਨਸਾਨ ਦੇ ਸਰੀਰ ਲਈ ਨੁਕਸਾਨ ਦੇਹ ਹੁੰਦਾ ਹੈ। ਬਾਇਓਲੋਜੀਕਲੀ, ਮਨੁੱਖ ਵੀ ਇਕ ਜਾਨਵਰ ਦੀ ਤਰ੍ਹਾਂ ਹੈ। ਮਨੁੱਖ ਨੂੰ ਬੁੱਧੀ ਤੇ ਦਿਮਾਗ ਪ੍ਰਮਾਤਮਾ ਵਲੋਂ ਬਖਸ਼ੇ ਗਏ ਹਨ, ਬਾਕੀ ਸਰੀਰ ਦੀ ਅੰਦਰਲੀ ਬਣਤਰ ਜਾਨਵਰਾਂ ਵਾਂਗ ਹੀ ਹੁੰਦੀ ਹੈ। ਅਸੀਂ ਭਲੀ ਭਾਂਤ ਅਨੁਭਵ ਕਰ ਸਕਦੇ ਹਾਂ ਕਿ ਜੇ ਸਾਨੂੰ ਕੋਈ ਮਾਰਨ ਦੀ ਕੋਸ਼ਿਸ਼ ਕਰੇ ਤਾਂ ਸਾਡੇ ਸਰੀਰ ਵਿਚ ਜੋਸ਼ ਆ ਜਾਂਦਾ ਹੈ। ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕਰਨ ਕਾਰਨ ਆਏ ਇਸ ਜੋਸ਼ ਨਾਲ ਖੂਨ ਵਿਚ ਐਡ੍ਰਿਨਾਲਿਨ ਨਾਮਕ ਇਕ ਕੈਮੀਕਲ ( ਰਸਾਇਣ) ਦਾ ਫਲੋ (ਪ੍ਰਵਾਹ) ਹੁੰਦਾ ਹੈ। ਇਸੇ ਤਰ੍ਹਾਂ ਜਿਸ ਵੇਲੇ ਕਿਸੇ ਜਾਨਵਰ ਨੂੰ ਮਾਰਨ ਲਈ ਕੱਟਿਆ ਜਾ ਰਿਹਾ ਹੁੰਦਾ ਹੈ, ਉਸ ਦੇ ਜਿਸਮ ਵਿਚ ਕੈਮਿਕਲ ਰਿਐਕਸ਼ਨ ਹੁੰਦਾ ਹੈ, ਜਿਸ ਨਾਲ ਐਡ੍ਰਿਨਾਲਿਨ ਕੈਮੀਕਲ ਜ਼ਿਆਦਾ ਮਾਤਰਾ ਵਿਚ ਬਣਦਾ ਹੈ। ਇਹ ਕੈਮਿਕਲ ਬਹੁਤ ਜ਼ਹਿਰੀਲਾ ਹੁੰਦਾ ਹੈ। ਜਦੋਂ ਮਨੁੱਖ ਮਰੇ ਹੋਏ ਜਾਨਵਰ ਨੂੰ ਕੱਟ ਕੇ ਖਾ ਲੈਂਦਾ ਹੈ, ਇਹ ਕੈਮਿਕਲ ਮਨੁੱਖ ਦੇ ਸਰੀਰ ਵਿਚ ਜਾ ਕੇ ਉਸ ਦੇ ਸਰੀਰ ਨੂੰ ਤੇ ਦਿਮਾਗ ਨੂੰ ਬਹੁਤ ਨੁਕਸਾਨ ਪਹੁੰਚਾਉਂਦਾ ਹੈ, ਸੋ ਮਾਸ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਮਨੁੱਖ, ਜੀਵਾਂ ਨੂੰ ਮਾਰ ਕੇ ਉਨ੍ਹਾਂ ਦਾ ਮੁਰਦਾ ਸਰੀਰ ਖਾਂਦੇ ਹਨ।

ਵੇਖਣ ਵਿਚ ਆਇਆ ਹੈ ਕਿ ਸ਼ਾਕਾਹਾਰੀ ਲੋਕ ਮਾਸਾਹਾਰੀ ਲੋਕਾਂ ਨਾਲੋਂ ਤਕੜੇ ਹੁੰਦੇ ਹਨ। ਸ੍ਰੀ ਸਤਿਗੁਰੂ ਜੀ ਦੱਸਦੇ ਹਨ,

"ਫਰਾਂਸ ਤੇ ਇੰਗਲੈਂਡ ਵਿਚਾਲੇ ਅਠਾਈ ਮੀਲ ਤੈਰ ਕੇ ਪਾਰ ਕਰਨ ਵਾਲਿਆਂ ਵਿਚੋਂ ਪਹਿਲੇ ਨੰਬਰ ' ਤੇ ਆਉਣ ਵਾਲਾ ਗੋਰਾ ਸ਼ਾਕਾਹਾਰੀ ਸੀ।"

ਸ੍ਰੀ ਸਤਿਗੁਰੂ ਜੀ ਸਮੇਂ ਸਮੇਂ 'ਤੇ ਦੇਸ਼ ਵਿਦੇਸ਼ ਦੇ ਦੌਰੇ ਕਰ, ਰਾਸ਼ਟਰੀ ਤੇ ਅੰਤਰ ਰਾਸ਼ਟਰੀ ਸ਼ਾਕਾਹਾਰੀ ਸੰਗਠਨਾਂ ਦੇ ਸੰਮੇਲਨਾਂ ਵਿਚ ਸ਼ਾਮਲ ਹੁੰਦੇ ਰਹਿੰਦੇ ਹਨ।

ਹਜ਼ੂਰ ਨੇ ਸੰਨ 1971 ਵਿਚ ਹਾਲੈਂਡ ਦੀ ਰਾਜਧਾਨੀ (ਉਸ ਸਮੇਂ ) ਹੇਂਗ ਵਿਖੇ ਅੰਤਰ ਰਾਸ਼ਟਰੀ ਸ਼ਾਕਾਹਾਰੀ ਸੰਮੇਲਨ ਵਿਚ ਭਾਗ ਲਿਆ। ਇਸ ਸੰਮੇਲਨ ਦਾ ਪ੍ਰੋਗਰਾਮ ਟੈਲੀਵਿਜ਼ਨ ਰਾਹੀਂ ਪ੍ਰਸਾਰਿਤ ਕੀਤਾ ਗਿਆ।

ਅੰਤਰ ਰਾਸ਼ਟਰੀ ਸੰਗਠਨ ਦੇ ਪ੍ਰਧਾਨ ਡਾ. ਲਾਟੋ ਸ੍ਰੀ ਸਤਿਗੁਰੂ ਜੀ ਦਾ ਬਹੁਤ ਸਤਿਕਾਰ ਕਰਦੇ ਰਹੇ ਹਨ। ਇਸ ਸੰਗਠਨ ਦੇ ਜਨਰਲ ਸੱਕਤਰ ਮਿਸਟਰ ਗਨਕਿੰਗ ਦੇ ਸਨੇਹ ਨੂੰ ਮੁੱਖ ਰੱਖਦਿਆਂ ਹਜ਼ੂਰ ਸੰਨ 1974 ਵਿਚ ਉੱਤਰੀ ਆਇਰ ਲੈਂਡ ਵਿਖੇ ਬੈਲਫਾਸਟ ਸ਼ਹਿਰ ਵਿਚ ਸਥਿਤ ਮਿ. ਗਨਕਿੰਗ ਦੇ ਘਰ ਵੀ ਚਰਨ ਪਾ ਆਏ।

ਮਿ. ਗਨਕਿੰਗ ਨੇ ਸ੍ਰੀ ਸਤਿਗੁਰੂ ਜੀ ਨੂੰ ਦੱਸਿਆ, ' ਮੇਰੀ ਬਿੱਲੀ ਵੈਜ਼ਿਟੇਰਿਅਨ ਹੈ। ' ਇਕ ਹੋਰ ਸਿੱਖ ਬਣੇ ਅੰਗ੍ਰੇਜ਼ ਨੇ ਦੱਸਿਆ, 'ਮੇਰਾ ਕੁੱਤਾ ਸ਼ਾਕਾਹਾਰੀ ਹੈ। '

ਜਨਵਰੀ ਸੰਨ 1973 ਵਿਚ ਲੰਕਾ, ਅਗਸਤ ਸੰਨ 1973 ਵਿਚ ਸਵੀਡਨ ਅਤੇ ਅਗਸਤ ਸੰਨ 1975 ਵਿਚ ਅਮਰੀਕਾ ਹੋਈਆਂ ਸ਼ਾਕਾਹਾਰੀ ਕਾਨਫਰੰਸਾਂ ਵਿਚ ਸ੍ਰੀ ਸਤਿਗੁਰੂ ਜੀ ਨੇ ਆਪਣੇ ਪ੍ਰਤੀਨਿਧੀ ਭੇਜੇ।

ਸ੍ਰੀ ਸਤਿਗੁਰੂ ਜੀ ਵਲੋਂ ਸ਼ਾਕਾਹਾਰ ਦੇ ਪ੍ਰਚਾਰ ਵਿਚ ਇੰਨਾਂ ਭਰਵਾ ਸਹਿਯੋਗ ਦੇਣ ਕਾਰਨ ਹੀ ਜੁਲਾਈ 1974 ਵਿਚ ਲੀਡਜ਼ (ਯੂ. ਕੇ.) ਦੀ ਸ਼ਾਕਾਹਾਰ ਕਮੇਟੀ ਦੇ ਅੰਗ੍ਰੇਜ਼ ਮੈਂਬਰਾਂ ਨੇ ਹਜ਼ੂਰ ਦੇ ਸੁਆਗਤ ਵਿਚ ਇਕ ਸਭਾ ਦਾ ਆਯੋਜਨ ਕੀਤਾ ਜੋ ਬਹੁਤ ਸ਼ਾਨਦਾਰ ਪ੍ਰੋਗਰਾਮ ਸੀ।

ਸ੍ਰੀ ਸਤਿਗੁਰੂ ਜੀ ਦੇ ਯਤਨਾਂ ਦੇ ਸਿੱਟੇ ਵਜੋਂ ਹੀ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ ਸੰਨ 1975 ਵਿਚ ਇਕ ਸ਼ਾਕਾਹਾਰੀ ਸੰਸਥਾ ਬਣੀ।

ਹਰ ਦਸ ਸਾਲ ਬਾਅਦ ਸ਼ਾਕਾਹਾਰੀ ਸੰਸਥਾ ਦਾ ਸਮਾਗਮ ਭਾਰਤ ਵਿਚ ਹੁੰਦਾ ਹੈ। ਸੰਨ 1957 ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵਿਦੇਸ਼ ਤੋਂ ਇਸ ਸਮਾਗਮ ਲਈ ਆਏ ਪ੍ਰਾਹੁਣਿਆਂ ਨੂੰ ਪ੍ਰੀਤੀ ਭੋਜਨ ਨਾਲ ਨਿਵਾਜ਼ਿਆ ਸੀ। ਉਪਰੰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਸ ਸਮਾਗਮ ' ਤੇ ਆਏ ਪ੍ਰਾਹੁਣਿਆਂ ਨੂੰ ਭੋਜਨ ਛਕਾ ਖੁਸ਼ੀਆਂ ਬਖਸ਼ਦੇ ਰਹੇ ਹਨ।

20 ਨਵੰਬਰ ਸੰਨ 1977 ਵਿਚ ਨਵੀਂ ਦਿੱਲੀ ਵਿਖੇ ਹੋਏ ਵਿਸ਼ਵ ਸ਼ਾਕਾਹਾਰੀ ਸੰਮੇਲਨ ਬਾਰੇ ਸੰਤ ਪ੍ਰੀਤਮ ਸਿੰਘ ਕਵੀ ਆਪਣੀ ਪੁਸਤਕ ਬੀਤੇ ਦੀਆਂ ਪੈੜਾਂ ਭਾਗ-ਪਹਿਲਾ ਦੇ ਪੰਨਾ ਨੰ. 236 'ਤੇ ਲਿਖਦੇ ਹਨ,

" ਮਸਾਂ ਹੀ 9.30 ਵਜੇ ਸ੍ਰੀ ਸਤਿਗੁਰੂ ਜੀ ਵਿਗਿਆਨ ਭਵਨ ਪਹੁੰਚੇ, ਜਿਥੇ ਵਰਲਡ ਵੈਜੀਟੇਰੀਅਨ ਕਾਂਗਰਸ ਦਾ ਸੈਸ਼ਨ ਹੋਣਾ ਸੀ। ਸਤਿਗੁਰੂ ਜੀ ਨੇ ਇਸ ਸਮਾਗਮ ਨੂੰ ਆਸ਼ੀਰਵਾਦ ਦੇਣੀ ਸੀ। "

ਸਤਿਗੁਰੂ ਜੀ ਨੇ ਆਪਣੇ ਆਸ਼ੀਰਵਾਦ ਪ੍ਰਵਚਨਾਂ ਵਿਚ ਫਰਮਾਇਆ,

" ਜੇ ਮਨੁੱਖ ਮਾਸਾਹਾਰ ਛੱਡ ਕੇ ਦੈਵੀ ਗੁਣ ਧਾਰਨ ਕਰ ਲਵੇ ਤਾਂ ਜੀਵ ਮਾਤਰ ਦੇ ਭਲੇ ਦੀ ਇੱਛਾ ਦੁਨੀਆਂ ਭਰ ਦੇ ਕਲਹ ਕਲੇਸ਼ ਤੇ ਜੰਗਾਂ ਨੂੰ ਖਤਮ ਕਰ ਸਕਦੀ ਹੈ। ਸਾਡੇ ਸਤਿਗੁਰੂ ਸ਼ਾਕਾਹਾਰ ਦੇ ਮੁਦਈ ਸਨ। ਸਤਿਗੁਰੂ ਪ੍ਰਤਾਪ ਸਿੰਘ ਨੇ ਸੰਨ 1957 ਦੇ ਵਿਸ਼ਵ ਸ਼ਾਕਾਹਾਰੀ ਸਮਾਗਮ ਵਿਚ ਸਰਗਰਮ ਭਾਗ ਪਾਇਆ ਸੀ। ਵਿਦੇਸ਼ੀ ਪ੍ਰਾਹੁਣਿਆਂ ਨੂੰ ਦੁਪਹਿਰ ਦਾ ਖਾਣਾ ਦਿਤਾ। ਸੰਨ 1967 ਵਿਚ ਵੀ ਨਾਮਧਾਰੀਆਂ ਨੇ ਆਪਣੀ ਸ਼ਕਤੀ ਤੇ ਧਨ, ਸੰਮੇਲਨ ਦੀ ਸਫਲਤਾ ਲਈ ਉਦਾਰਤਾ ਨਾਲ ਵਰਤਿਆ। ਭਾਰਤ ਨੂੰ ਇਸ ਗੱਲ ਦਾ ਮਾਣ ਹੈ ਕਿ ਹਰ ਦਸਾਂ ਸਾਲਾਂ ਪਿਛੋਂ ਵਿਸ਼ਵ ਸ਼ਾਕਾਹਾਰੀ ਸੰਮੇਲਣ ਏਥੇ ਹੁੰਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਮੇਲਨ ਦੇ ਮਨੋਰਥ ਵਿਚ ਸਫਲਤਾ ਬਖਸ਼ਣ। "

– ਪੁਸਤਕ ਬੀਤੇ ਦੀਆਂ ਪੈੜਾਂ, ਭਾਗ-ਪਹਿਲਾ
(ਪੰਨਾ. 236)

"ਪੰਜ ਵਜੇ ਸ਼ਾਮੀਂ ਸਤਿਗੁਰੂ ਜੀ ਆਪਣੇ ਲੋੜੀਂਦੇ ਸਿੱਖਾਂ ਨਾਲ ਵਿਗਿਆਨ ਭਵਨ ਦੇ ਪਿਛਵਾੜੇ ਦੇ ਹਾਲ ਵਿਚ ਪਧਾਰੇ ਜਿਥੇ 150 ਤੋਂ ਵੱਧ ਵਿਦੇਸ਼ੀ ਡੈਲੀਗੇਟ ਬੈਠੇ ਸਨ। ਸਤਿਗੁਰੂ ਜੀ ਦਾ ਸਾਰਿਆਂ ਹੀ ਹਾਰਦਿਕ ਸੁਆਗਤ ਕੀਤਾ। ਸ੍ਰੀ ਸਤਿਗੁਰੂ ਜੀ ਇੰਟਰਨੈਸ਼ਨਲ ਵੈਜੀਟੇਰੀਅਨ ਸੰਸਥਾ ਦੇ ਉਪ ਪ੍ਰਧਾਨ ਚਲੇ ਆ ਰਹੇ ਹਨ, ਕੁਝ ਵਰ੍ਹਿਆਂ ਤੋਂ। ਸੰਸਥਾ ਦੇ ਪ੍ਰਧਾਨ ਡਾ. ਲਾਟੋ ਹਨ। ਡਾਇਸ ਤੇ ਸਤਿਗੁਰੂ ਜੀ ਨੂੰ ਇਸ ਸਮਾਗਮ ਦੇ ਪ੍ਰਧਾਨ ਪ੍ਰੋ. ਸ਼ੇਰ ਸਿੰਘ ਮਨਿਸਟਰ ਡੀਫੈਂਸ ਪ੍ਰੋਡਕਸ਼ਨ ਦੇ ਨਾਲ ਖੱਬੇ ਹੱਥ ਬੈਠਾਇਆ ਗਿਆ। ਕੁਛ ਇਸਤਰੀ ਮੈਂਬਰ ਵੀ ਡਾਇਸ ਤੇ ਬੈਠੀਆਂ ਸਨ।"

– ਪੁਸਤਕ ਬੀਤੇ ਦੀਆਂ ਪੈੜਾਂ, ਭਾਗ-ਪਹਿਲਾ
(ਪੰਨਾ. 241)

ਸੰਨ 1998 ਵਿਚ ਥਾਈਲੈਂਡ ਦੇ ਚਿੰਗਮਈ ਸ਼ਹਿਰ ਵਿਖੇ ਸ਼ਾਕਾਹਾਰ ਸੰਮੇਲਨ ਹੋਇਆ। ਸੰਨ 1999 ਵਿਚ ਵੀ ਥਾਈਲੈਂਡ ਵਿਖੇ ਇਹ ਸਮਾਗਮ ਹੋਇਆ। ਸੰਨ 2000 ਵਿਚ ਟਰਾਂਟੋ (ਕੈਨੇਡਾ) ਵਿਖੇ ਸ਼ਾਕਾਹਾਰ ਸੰਮੇਲਨ ਹੋਇਆ। ਸ੍ਰੀ ਸਤਿਗੁਰੂ ਜੀ ਇਨ੍ਹਾਂ ਸੰਮੇਲਨਾਂ ਵਿਚ ਦਰਸ਼ਨ ਦੇ ਕੇ ਸ਼ਿਰਕਤ ਕਰਦੇ ਰਹੇ।

ਸ੍ਰੀ ਸਤਿਗੁਰੂ ਜੀ ਆਪਣੇ ਪ੍ਰਵਚਨਾਂ ਵਿਚ ਫਰਮਾਉਂਦੇ ਹਨ ,

" ਮੁਝੇ ਯਹ ਦੇਖ ਕਰ ਖੁਸ਼ੀ ਹੋਤੀ ਹੈ ਕਿ ਭਾਰਤ ਕੀ ਵਿਚਾਰਧਾਰਾ ਦੂਸਰੇ ਦੇਸ਼ੋਂ ਮੇਂ ਫੈਲ ਰਹੀ ਹੈ। ਲੋਕ ਭਗਤੀ ਕੇ ਸਾਥ ਸ਼ਾਕਾਹਾਰ ਕੋ ਅਪਨਾ ਰਹੇਂ ਹੈ। ਏਕ ਬਾਰ ਏਕ ਹਵਾਈ ਯਾਤਰਾ ਸਮਯ ਏਕ ਗੋਰੇ ਨੇ ਹਮੇਂ ਬਤਾਇਆ ਕਿ ਵੋਹ ਸ਼ਾਕਾਹਾਰੀ ਹੈ। ਵੋਹ ਸਮਝਤੇ ਹੈਂ ਕਿ ਭਗਵਾਨ ਕੋ ਮਿਲਨੇ ਕਾ ਏਕ ਰਾਸਤਾ ਸ਼ਾਕਾਹਾਰੀ ਹੋਣਾ ਹੈ, ਲੇਕਿਨ ਖੇਦ ਹੈ ਕਿ ਹਮ ਸ਼ਾਕਾਹਾਰ ਤਿਆਗ ਰਹੇਂ ਹੈ। "

ਅੱਜ ਕੱਲ ਭਾਰਤ ਵਿਚ ਮਾਸ ਦੀ ਖਪਤ ਦਿਨੋ ਦਿਨ ਵੱਧਦੀ ਜਾ ਰਹੀ ਹੈ, ਜਿਸ ਕਾਰਣ ਪਸ਼ੂ ਧਨ ਦੀ ਗਿਣਤੀ ਘਟਦੀ ਜਾ ਰਹੀ ਹੈ ਜਿਹੜੀ ਕਿ ਚਿੰਤਾਜਨਕ ਗੱਲ ਹੈ। ਪਸ਼ੂ-ਬੱਧ ਦੀ ਸੀਮਤ ਖੁੱਲ੍ਹ ਦਾ ਨਾਜਾਇਜ਼ ਲਾਭ ਲੈ ਕੇ ਵੱਡੀ ਗਿਣਤੀ ਵਿਚ ਚੰਗੇ ਭਲੇ ਪਸ਼ੂਆਂ ਨੂੰ ਮਾਰ ਕੇ, ਬਾਹਰਲੇ ਦੇਸ਼ਾਂ ਨੂੰ ਮਾਸ ਨਿਰਯਾਤ ਕੀਤਾ ਜਾ ਰਿਹਾ ਹੈ। ਸ੍ਰੀ ਸਤਿਗੁਰੂ ਜੀ ਦੇਸ਼ ਵਿਚ ਨਿਤ ਨਵੇਂ ਖੁੱਲਦੇ ਜਾ ਰਹੇ ਬੁੱਚੜਖਾਨਿਆਂ ਨੂੰ ਬੰਦ ਕਰਵਾਉਣ ਦੇ ਸਮਰਥਕ ਹਨ।

ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਖਾਲਸਾ ਅਨੁਸਾਰ ,

" ਸਤਿਗੁਰੂ ਜੀ ਦਾ ਸ਼ਾਕਾਹਾਰ ਦਾ ਰਾਹ ਅਮਨ ਦਾ ਰਾਹ ਹੈ। ਬੰਦਾ ਸਾਰੀਆਂ ਜੂਨਾਂ ਦਾ ਸਰਦਾਰ ਹੈ, ਉਹ ਦੂਜਿਆਂ ਨੂੰ ਆਪਣੇ ਸੁਆਦ ਸੁਆਰਥ ਲਈ ਕਿਉਂ ਮਾਰੇ ? "

ਸ੍ਰੀ ਸਤਿਗੁਰੂ ਜੀ ਲੋਕਾਂ ਨੂੰ ਅੰਡੇ ਖਾਣ ਤੋਂ ਇਲਾਵਾ ਮਾਸ, ਸ਼ਰਾਬ ਜਾਂ ਬੀੜੀ, ਸਿਗਰੇਟ, ਤੰਬਾਕੂ ਤੇ ਹੋਰ ਨਸ਼ੀਲੀਆਂ ਚੀਜਾਂ ਤੋਂ ਵਰਜ ਕੇ ਭਲੇ ਪਾਸੇ ਲਗਣ ਦਾ ਉਪਦੇਸ਼ ਦਿੰਦੇ ਹਨ।

ਸ੍ਰੀ ਸਤਿਗੁਰੂ ਜੀ ਪ੍ਰਵਚਨ ਕਰਦੇ ਹਨ ,

" ਤੁਸੀ ਉੱਦਮ ਕਰਿਆ ਕਰੋ, ਇਸ ਗੱਲ ' ਤੇ ਅਭਿਆਸ ਕਰੋ ਬਈ ਅਸੀਂ ਸ਼ਰਾਬ ਨਹੀਂ ਪੀਣੀਂ, ਜਿਹੜੇ ਕੋਈ ਪੀਂਦੇ ਨੇ ਉਨ੍ਹਾਂ ਨੂੰ ਆਖਿਆ ਕਰੋ ਬਈ ਇਹ ਨਾ ਪੀਆ ਕਰੋ। ਜੇ ਕੋਈ ਪੀ ਲੈਂਦਾ ਹੈ ਤੇ ਉਹ ਸਾਧ ਸੰਗਤ ਵਿਚ ਖਲੋ ਕੇ ਅਗਾਂਹ ਵਾਸਤੇ ਤੌਬਾ ਕਰੇ।

ਮਾਤਾ ਜੀ, ਸਾਡੇ ਦਾਦੀ ਜੀ (ਮਾਤਾ ਜੀਵਨ ਕੌਰ ਜੀ) ਜਿਹੜੇ ਸਨ ਉਹ ਕਿੱਕਰ ਦੀ ਦਾਤਣ ਮਿੱਠੇ ਦੁੱਧ ਵਿਚ ਨਹੀਂ ਸਨ ਫੇਰਨ ਦੇਂਦੇ, ਜਿਸ ਦੁੱਧ ਵਿਚ ਗੁੜ ਜਾਂ ਖੰਡ ਪਾਈ ਹੁੰਦੀ ਸੀ। ਭਾਵ ਕਿ ਗੁੜ ਦੀ ਤੇ ਕਿੱਕਰ ਦੀ ਸ਼ਰਾਬ ਬਣਦੀ ਹੈ। ਹੁਣ ਇਸ ਦੀ ਸ਼ਰਾਬ ਥੋੜ੍ਹੀ ਬਣ ਜਾਂਦੀ ਹੈ ਪਰ ਆਪਣੇ ਆਪ ਨੂੰ ਏਨਾ ਦੂਰ ਰੱਖਣਾ ਸੀ। ਸੋ ਜਿਹੜੇ ਮਾਸ ਸ਼ਰਾਬ ਖਾਂਦੇ-ਪੀਦੇ ਨੇ ਉਹ ਛੱਡੋ ਅਤੇ ਆਪਣੇ ਬੱਚਿਆਂ ਨੂੰ ਚੰਗੇ ਪਾਸੇ ਲਾ ਕੇ ਉਨ੍ਹਾਂ ਦਾ ਭਵਿੱਖ ਸਵਾਰੋ।"

ਸ੍ਰੀ ਸਤਿਗੁਰੂ ਜੀ ਦੱਸਦੇ ਹਨ ਕਿ ਭਾਈ ਕਾਲੂ ਰਾਗੀ ਸਨ। ਸ੍ਰੀ ਭੈਣੀ ਸਾਹਿਬ ਦੀਵਾਨ ਲਾਉਂਦੇ ਸਨ। ਜਿੰਨੇ ਘੰਟੇ ਉਨ੍ਹਾਂ ਨੇ ਦੀਵਾਨ ਲਾਉਣਾ ਹੁੰਦਾ ਸੀ, ਪਹਿਲੋਂ ਉਨੇ ਘੰਟੇ ਬੈਠ ਕੇ ਨਾਮ ਸਿਮਰਨ ਕਰਦੇ ਸਨ। ਉਹ ਮਰਾਸੀ ਸਨ ਅਰਥਾਤ ਮੁਸਲਮਾਨ। ਉਨ੍ਹਾਂ ਦੇ ਗੁਰੱਪ ਵਿਚ ਇਕ ਫੱਤੂ ਰਬਾਬੀ ਸੀ। ਜਦੋਂ ਉਹ ਸ੍ਰੀ ਭੈਣੀ ਸਾਹਿਬ ਤੋਂ ਗਿਆ, ਉਸ ਨੇ ਸਿਆਲਕੋਟ (ਹੁਣ ਪਾਕਿਸਤਾਨ) ਦੇ ਜ਼ਿਲ੍ਹੇ ਵਿਚ ਇਕ ਮੇਲਾ ਲੱਗਦਾ ਸੀ ਉਥੇ ਜਾ ਕੇ ਸੋਢੇ ਦੀ ਦੁਕਾਨ ਪਾ ਲਈ, ਜਿਥੇ ਉਨ੍ਹਾਂ ਦੇ ਪਿਛਲੇ ਪਿੰਡ ਸਨ। ਗੁੱਲੂ ਸ਼ਾਹ ਦਾ ਮੇਲਾ ਸੀ ਉਥੇ ਦੁਕਾਨ ਪਾਈ ਤੇ ਉਸ ਨੂੰ ਹੈਜ਼ਾ ਹੋ ਗਿਆ। ਉਸ ਨੂੰ ਉਹਦੇ ਸਾਥੀ ਆਖਣ ਲੱਗੇ ਕਿ ਤੂੰ ਥੋੜ੍ਹੀ ਜਿਹੀ ਬਰਾਂਡੀ ਪੀ ਲੈ ਜਾਂ ਵਿਸਕੀ ਪੀ ਲੈ, ਇਸ ਨਾਲ ਤੇਰਾ ਹੈਜ਼ਾ ਹਟ ਜਾਵੇਗਾ। ਮਰਨ ਕੰਢੇ ਪਿਆ ਹੋਇਆ, ਉਹ ਆਂਹਦਾ ਏ, " ਓਇ ਮੇਰੇ ਮੂੰਹ ਵਿਚ ਸ਼ਰਾਬ ਨਾ ਪਾਇਓ। ਮੈਂ ਸਾਧ ਸੰਗਤ ਵਿਚ ਖੱਲੋ ਕੇ ਪ੍ਰਣ ਕੀਤਾ ਹੈ ਕਿ ਮੈਂ ਸ਼ਰਾਬ ਨਹੀਂ ਪੀਣੀ।" ਉਹ ਮਰ ਗਿਆ ਮਰਾਸੀ ਪਰ ਉਹਨੇ ਸ਼ਰਾਬ ਨਹੀਂ ਪੀਤੀ।

ਸ੍ਰੀ ਸਤਿਗੁਰੂ ਜੀ ਆਪਣੇ ਪ੍ਰਵਚਨਾਂ ਵਿਚ ਫਰਮਾਉਂਦੇ ਹਨ ,

"ਸ਼ਰਾਬ ਵੱਲ ਜੇ ਕੋਈ ਰੁਚਿਤ ਹੈ ਤਾਂ ਉਹ ਆਪਣੇ ਆਪ ਛੱਡ ਦੇਵੇ। ਇਹ ਗੱਲ ਨਵੇਂ ਸਿੱਖਾਂ ਲਈ ਹੈ। ਨਾਮਧਾਰੀ ਤਾਂ ਇਸ ਦੀ ਵਰਤੋਂ ਕਰਦੇ ਈ ਨਹੀਂ।"

"ਮੈਂ ਤੁਹਾਨੂੰ ਇਹ ਅਰਜ਼ ਕਰਾਂਗਾ ਕਿ ਜਿੰਨੇ ਤੁਸੀਂ ਖਾਸ ਕਰਕੇ ਬਜ਼ੁਰਗ ਹੋ, ਆਪਣੇ ਬੱਚਿਆਂ ਦੇ ਹੱਥ 'ਚ ਹਕੂਮਤ ਦੀ ਵਾਗਡੋਰ ਦਿਓ। ਉਨ੍ਹਾਂ ਨੂੰ ਪ੍ਰੇਮ ਪਿਆਰ ਨਾਲ ਸਹੀ ਰਾਹ ' ਤੇ ਪਾਓ। ਜਿੰਨੇ ਨੌਜਵਾਨ ਬੱਚੇ ਨੇ ਉਨ੍ਹਾਂ ਨੂੰ ਚਾਹੀਦਾ ਹੈ, ਉਹ ਹਰ ਨੌਜਵਾਨ ਬੱਚੇ ਨਾਲ ਪ੍ਰੇਮ ਪਿਆਰ ਕਰਨ, ਉਹਨੂੰ ਮਾਸ ਸ਼ਰਾਬ ਛੁਡਾਉਣ, ਉਹਨੂੰ ਭਜਨ ਪੁਛਾਉਣ, ਉਹਨੂੰ ਦਾੜ੍ਹੀ ਕੱਟਣ ਤੋਂ ਹਟਾਉਣ ਅਤੇ ਉਹਨੂੰ ਤੜਕੇ ਉੱਠਣ ਲਾਉਣ।"

ਨਾਮਧਾਰੀਆਂ ਵਲੋਂ ਥਾਂ ਥਾਂ ਨਸ਼ਾ ਛੁਡਾਊ ਕੈਂਪ ਲਗਾ ਕੇ ਕਈ ਭਾਂਤ ਦੇ ਨਸ਼ੇ ਕਰਨ ਵਾਲਿਆਂ ਦਾ ਨਸ਼ਾ ਛੁਡਾਇਆ ਜਾਂਦਾ ਹੈ । ਮਰੀਜ਼ਾਂ ਦਾ ਇਲਾਜ ਮੁਫਤ ਕੀਤਾ ਜਾਂਦਾ ਹੈ। ਕਈ ਦਿਨਾਂ ਦੇ ਲਗਣ ਵਾਲੇ ਇਸ ਕੈਂਪ ਵਿਚ ਉਨ੍ਹਾਂ ਦੇ ਰਹਿਣ ਅਤੇ ਖਾਣੇ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਅਜਿਹਾ ਇਕ ਕੈਂਪ ਪਿੰਡ ਮੁਠੱਡਾ ਜ਼ਿਲਾ ਲੁਧਿਆਣਾ ਵਿਚ 2 ਤੋਂ 12 ਅਪ੍ਰੈਲ ਸੰਨ 2007 ਵਿਚ ਲਗਾਇਆ ਗਿਆ ਜੋ ਕਿ ਬੜਾ ਸਫਲ ਰਿਹਾ। ਇਸ ਵਿਚ ਕ੍ਰੀਬ ਸਵਾ ਸੌ ਮਰੀਜ਼ ਦਾਖਲ ਹੋਏ। ਕਈ ਮਰੀਜ਼ ਜਿਹੜੇ ਨਸ਼ਾ ਛੱਡ ਗਏ, ਉਨ੍ਹਾਂ ਨੇ ਦਾੜ੍ਹੀ ਕੇਸ ਵੀ ਰੱਖ ਲਏ ਜਿਵੇਂ ਕਿ ਪਿੰਡ ਕੰਗ ਅਰਾਈਆਂ ਦੇ ਦੋ ਨੌਜਵਾਨਾਂ ਨੇ ਕਿਹਾ ਕਿ ਅਸੀਂ ਸੋਚਿਆ ਕਿ ਜੇ ਨਸ਼ਾ ਛੱਡਿਆ ਹੈ ਤਾਂ ਦਾੜ੍ਹੀ ਕੇਸਾਂ ਦੀ ਬੇ-ਅਦਬੀ ਵੀ ਨਾ ਕਰੀਏ।

ਪਿੰਡ ਸਸਰਾਲੀ ਕਲੋਨੀ (ਰਾਹੋਂ ਰੋਡ, ਜ਼ਿਲ੍ਹਾ ਲੁਧਿਆਣਾ) ਵਿਖੇ ਸ੍ਰੀ ਸਤਿਗੁਰੂ ਜੀ ਦਾ ਡੇਰਾ ਹੈ। ਇਸ ਨੂੰ ਨਾਮਧਾਰੀ ਨੌਜਵਾਨ ਸੰਤ ਸਤਨਾਮ ਸਿੰਘ ਚਲਾ ਰਹੇ ਹਨ। ਇਹ ਸਰਪੰਚ ਸ. ਕਰਮ ਸਿੰਘ ( ਚੌਹਾਨ, ਰਾਜਪੂਤ) ਦੇ ਸਪੁੱਤਰ ਅਤੇ ਸੰਤ ਉਜਾਗਰ ਸਿੰਘ ਦੇ ਪੋਤੇ ਹਨ। ਇਸ ਡੇਰੇ ਵਿਚ ਹਰ ਸਮੇਂ ਨਾਮ ਸਿਮਰਨ ਦੀਆਂ ਦੋ ਅਖੰਡ ਵਰਨੀਆਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਚਲਦੀਆਂ ਹਨ। ਇਥੇ ਵੱਡੀ ਗਿਣਤੀ ਵਿਚ ਨਾਮਧਾਰੀ ਨੌਜਵਾਨਾਂ ਵਲੋਂ ਹਵਨ, ਵਰਨੀਆਂ ਅਤੇ ਅਖੰਡ ਪਾਠ ਕੀਤੇ ਜਾਂਦੇ ਹਨ। ਹਰ ਤਰ੍ਹਾਂ ਦੇ ਨਸ਼ਾ ਕਰਨ ਵਾਲਿਆਂ ਦਾ ਨਸ਼ਾ ਛੁਡਾਇਆ ਜਾਂਦਾ ਹੈ।

ਪਿਛਲੇ ਕ੍ਰੀਬ ਛੇ ਸਾਲਾਂ ਤੋਂ ਜਦੋਂ ਤੋਂ ਇਹ ਡੇਰਾ ਬਣਿਆ ਹੈ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਵਸ ਵਾਲੇ ਫਰਵਰੀ ਦੇ ਮਹੀਨੇ ਵਿਚ ਇਥੇ ਕ੍ਰੀਬ ਇਕ ਮਹੀਨਾ ਜਪ-ਪ੍ਰਯੋਗ ਕੀਤਾ ਜਾਂਦਾ ਹੈ। ਇਸ ਜਪ ਪ੍ਰਯੋਗ ਵਿਚ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਨਮਿਤ ਵਰਨੀਆਂ ਅਤੇ ਅਖੰਡ ਪਾਠ ਕੀਤੇ ਜਾਂਦੇ ਹਨ।

ਇਸ ਜਪ-ਪ੍ਰਯੋਗ ਦੌਰਾਨ, ਨਸ਼ੇੜੀਆਂ ਦੇ ਨਸ਼ੇ ਵੀ ਛੁਡਵਾਏ ਜਾਂਦੇ ਹਨ। ਪਿਛਲੇ 6 ਸਾਲਾਂ ਵਿੱਚ ਹਰ ਤਰ੍ਹਾਂ ਦੇ ਨਸ਼ੇ ਕਰਨ ਦੇ ਆਦੀ, ਕ੍ਰੀਬ ਦੋ ਹਜ਼ਾਰ ਨੌਜਵਾਨਾਂ ਦੇ ਨਸ਼ੇ ਛੁਡਵਾਏ ਗਏ ਹਨ। ਡੇਰੇ ਵਿਚ ਇਕ ਰਜਿਸਟਰ ਲਗਾਇਆ ਹੋਇਆ ਹੈ ਜਿਸ ਵਿਚ ਪੂਰਾ ਰਿਕਾਰਡ ਰੱਖਿਆ ਹੋਇਆ ਹੈ ਕਿ ਕਦੋਂ ਕਦੋਂ ਕਿੰਨੇ ਕਿੰਨੇ ਨੌਜਵਾਨਾਂ ਨੇ ਨਸ਼ਾ ਕਰਨਾ ਛੱਡਿਆ ਹੈ ਤੇ ਇਹ ਪਹਿਲੋਂ ਕਿੰਨਾ ਨਸ਼ਾ ਕਰਦੇ ਸਨ।

ਸੰਨ 2010 ਵਿਚ ਇਹ ਜਪ-ਪ੍ਰਯੋਗ ਫਰਵਰੀ ਦੀ ਥਾਂ ਜਨਵਰੀ ਮਹੀਨੇ ਵਿਚ ਕੀਤਾ ਗਿਆ ਕਿਉਂਕਿ ਫਰਵਰੀ ਦੇ ਮਹੀਨੇ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਚੰਡੀ ਦੇ ਵਾਰ ਦੇ ਸਵਾ ਲੱਖ ਪਾਠ ਕੀਤੇ ਜਾ ਰਹੇ ਹਨ ਅਤੇ ਸੰਤ ਸਤਨਾਮ ਸਿੰਘ ਨੇ 60 ਨੌਜਵਾਨਾਂ ਨੂੰ ਨਾਲ ਲਿਆ ਕੇ ਇਨ੍ਹਾਂ ਪਾਠਾਂ ਵਿਚ ਹਿੱਸਾ ਲਿਆ।

4 ਤੋਂ 24 ਜਨਵਰੀ ਸੰਨ 2010 ਵਿਚ ਸਸਰਾਲੀ ਕਲੋਨੀ ਦੇ ਡੇਰੇ ਵਿਖੇ ਕਰਵਾਏ ਗਏ ਜਪ-ਪ੍ਰਯੋਗ ਵਿਚ 127 ਨੌਜਵਾਨਾਂ ਨੇ ਭਾਗ ਲਿਆ। ਇਸ ਮੌਕੇ ਜਿੱਥੇ 22 ਵਰਨੀਆਂ ਤੇ 11 ਅਖੰਡ ਪਾਠ ਕੀਤੇ ਗਏ, ਉਥੇ ਨਸ਼ੇ ਦੀ ਆਦੀ 35 ਨੌਜਵਾਨਾਂ ਦੇ ਨਸ਼ੇ ਛੁਡਵਾਏ ਗਏ। ਇਨ੍ਹਾਂ ਵਿਚ ਪਿੰਡ ਗੌਂਸਗੜ੍ਹ (ਜ਼ਿਲ੍ਹਾ ਲੁਧਿਆਣਾ) ਦਾ ਇਕ ਨੌਜਵਾਨ ਸੀ ਜੋ ਕ੍ਰੀਬ 40 ਹਜ਼ਾਰ ਦੀ ਅਫੀਮ, ਹਰ ਮਹੀਨੇ ਖਾਣ ਦਾ ਆਦੀ ਸੀ।

ਨਸ਼ਾ ਛੱਡਣ ਦੇ ਇਛੁੱਕ ਬੰਦੇ, ਇਸ ਡੇਰੇ ਵਿਚ ਆ ਕੇ ਬੇਨਤੀ ਕਰਦੇ ਹਨ। ਇਨ੍ਹਾਂ ਨੂੰ ਕੁਝ ਦਿਨ ਡੇਰੇ ਵਿਚ ਰੱਖ ਕੇ, ਬਿਨਾਂ ਕਿਸੇ ਦਵਾਈ ਤੋਂ ਸਿਰਫ ਨਾਮ ਸਿਮਰਨ ਅਤੇ ਵਧੀਆ ਸੁੱਚ ਸੋਧ ਵਾਲੇ ਆਹਾਰ ਦੇ ਆਧਾਰ 'ਤੇ

ਨਸ਼ਾ ਛੁਡਵਾਇਆ ਜਾਂਦਾ ਹੈ। ਡੇਰੇ ਵਿਚ ਰਹਿੰਦੇ ਨੌਜਵਾਨਾਂ ਨੂੰ ਦੋ ਘੰਟੇ ਸਵੇਰੇ ਤੇ ਦੋ ਘੰਟੇ ਰਾਤ ਨੂੰ ਨਾਮ ਸਿਮਰਨ ਦਾ ਨਿਤਨੇਮ ਕਰਵਾਉਣ ਤੋਂ ਇਲਾਵਾ ਇਕ ਮਾਲਾ ਨਾਮ ਸਿਮਰਨ ਦੀ ਅਤੇ ਦੋ ਮਾਲਾ ਭਗੌਤੀਆਂ ਦੀਆਂ ਕਰਵਾਈਆਂ ਜਾਂਦੀਆਂ ਹਨ।

ਜਿੰਨ੍ਹਾ ਦਾ ਨਸ਼ਾ ਛੁਡਵਾਉਣਾ ਹੋਵੇ ਉਨ੍ਹਾਂ ਨੌਜਵਾਨਾਂ ਨੂੰ ਡੇਰੇ ਤੋਂ ਬਾਹਰ ਨਹੀਂ ਜਾਣ ਦਿੱਤਾ ਜਾਂਦਾ। ਡੇਰੇ ਵਿਚ ਹੀ, ਪੂਰਨ ਸੁੱਚ ਸੋਧ ਅਤੇ ਮਰਿਯਾਦਾ ਨਾਲ ਨਾਮਧਾਰੀ ਨੌਜਵਾਨਾਂ ਦੁਆਰਾ ਬਣਾਇਆ ਗਿਆ ਪ੍ਰਸ਼ਾਦਾ ਇਨ੍ਹਾਂ ਨੂੰ ਛਕਾਇਆ ਜਾਂਦਾ ਹੈ। ਵੱਡੀ ਗਿਣਤੀ ਵਿਚ, ਕਈ ਕਈ ਕਿਸਮ ਦੇ ਨਸ਼ੇ ਕਰਨ ਵਾਲੇ ਵਿਅਕਤੀ ਇਥੇ ਕੁਝ ਦਿਨ ਰਹਿ ਕੇ ਨਸ਼ਾ ਛੱਡ ਜਾਂਦੇ ਹਨ।

ਸੰਤ ਸਤਨਾਮ ਸਿੰਘ ਦੱਸਦੇ ਹਨ ਕਿ ਸਤਿਗੁਰਾਂ ਦੀ ਕਿਰਪਾ ਨਾਲ ਕਈ ਕਿਸਮਾਂ ਦੇ ਨਸ਼ੇ ਕਰਨ ਵਾਲੇ ਵੱਡੇ ਵੱਡੇ ਨਸ਼ੇੜੀ ਨਸ਼ਾ ਛੱਡ ਗਏ ਹਨ। ਸ. ਹਰਭਜਨ ਸਿੰਘ, ਜਿਨ੍ਹਾਂ ਨੂੰ ਨਸ਼ਿਆ ਦਾ ਬਾਦਸ਼ਾਹ ਕਿਹਾ ਜਾਂਦਾ ਸੀ ਅਤੇ ਜਿਨ੍ਹਾਂ ਦੇ ਅਧੀਨ ਕ੍ਰੀਬ ਦੋ ਹਜ਼ਾਰ ਨਸ਼ਈ ਸਨ, ਵੀ ਇਸ ਡੇਰੇ ’ ਚ ਆ ਕੇ ਨਸ਼ਾ ਛੱਡ ਗਏ ਹਨ। ਬੂਥਗੜ੍ਹ ਗੁਰਦਵਾਰੇ ਦੇ ਪ੍ਰਧਾਨ ਡਾ. ਜਸਬੀਰ ਸਿੰਘ, ਮੰਗਲੀ ਪਿੰਡ ਦਾ ਰਣਜੋਧ ਸਿੰਘ, ਰੌੜ ਪਿੰਡ ਦਾ ਬਲਕਾਰ ਸਿੰਘ ਉਰਫ ਬਾਰਾ, ਨਿਰਮਲ ਸਿੰਘ ਤੇ ਮੰਗਤ ਸਿੰਘ ਆਦਿ ਨਸ਼ਾ ਛੱਡ ਗਏ। ਸ. ਮੰਗਤ ਸਿੰਘ ਤਾਂ ਅੱਜ ਕਲ੍ਹ ਬਹਿਰੀਨ ਚਲਾ ਗਿਆ ਹੈ ਅਤੇ ਉਥੇ ਨੌਜਵਾਨਾਂ ਨੂੰ ਇਕੱਠੇ ਕਰ ਕੇ ਨਿਤਨੇਮ ਕਰਵਾ ਰਿਹਾ ਹੈ।

ਪਿੰਡ ਜੱਸੋਵਾਲ (ਮਾਛੀਵਾੜਾ ਕੋਲ) ਦਾ ਨੌਜਵਾਲ ਸੁਖਵੰਤ ਸਿੰਘ ਨਸ਼ੇ ਦੇ ਕੈਪਸੂਲ, ਦਵਾਈਆਂ ਅਤੇ ਭੁੱਕੀ ਵੱਡੀ ਮਾਤਰਾ ਵਿਚ ਰੋਜ਼ਾਨਾ ਖਾਂਦਾ ਸੀ। ਇਸ ਨੂੰ ਭਜਨ ਦੱਸਿਆ ਗਿਆ, ਅੰਮ੍ਰਿਤ ਛਕਾ ਕੇ ਡੇਰੇ ਵਿਚ ਰੱਖਿਆ ਗਿਆ। ਹੁਣ ਉਹ ਨਾਮ ਜਪਦਾ ਹੈ, ਦਾੜ੍ਹੀ ਕੇਸ ਰੱਖ ਲਏ ਹਨ। ਵੱਡੀ ਸੋਧ ਵਿਚ ਹੈ। ਪਹਿਲੋਂ ਰਾਧਾ ਸੁਆਮੀ ਸੀ, ਹੁਣ ਨਾਮਧਾਰੀ ਬਣ ਗਿਆ ਹੈ।

ਖੰਨੇ ਦੇ ਨੇੜੇ ਪਿੰਡ ਦਾ ਨੌਜਵਾਨ ਰੁਪਿੰਦਰ ਸਿੰਘ ਸਾਰੇ ਨਸ਼ੇ ਕਰਦਾ ਸੀ। ਚਰਸ, ਸਮੈਕ, ਸਿਗਰੇਟ, ਭੰਗ ਕੋਈ ਨਸ਼ਾ ਨਹੀਂ ਸੀ ਛੱਡਿਆ। ਡੇਰੇ ’ਚ ਰਹਿ ਕੇ ਠੀਕ ਹੋ ਗਿਆ।

ਪਿੰਡ ਚੂੰਹਟ ਜ਼ਿਲ੍ਹਾ ਪਟਿਆਲਾ ਦਾ ਨੌਜਵਾਨ ਕਰਮ ਸਿੰਘ ਮਹੀਨੇ ’ਚ 10-15 ਹਜ਼ਾਰ ਦੀ ਸ਼ਰਾਬ ਪੀ ਜਾਂਦਾ ਸੀ। ਉਸ ਨੂੰ ਨਾਮਧਾਰੀਆਂ ਬਾਰੇ ਜਾਣਕਾਰੀ ਨਹੀਂ ਸੀ। ਡੇਰੇ ’ਚ ਰਹਿ ਕੇ ਠੀਕ ਹੋ ਗਿਆ।

ਪਿੰਡ ਸਸਰਾਲੀ ਕਲੋਨੀ ਦਾ ਹੀ ਤ੍ਰਿਲੋਕ ਸਿੰਘ (ਇਸ ਦੇ ਪੜਦਾਦਾ ਜੀ ਨਾਮਧਾਰੀ ਸਨ) ਸਾਰੇ ਨਸ਼ੇ ਮਾਸ, ਸ਼ਰਾਬ , ਡੋਡੇ , ਭੁੱਕੀ, ਤਮਾਕੂ ਵਰਤਣ ਲਗ ਪਿਆ ਸੀ। ਇਸ ਦੇ ਬੱਚਿਆਂ ਨੇ ਕਿਹਾ ਕਿ ਆਪਣੇ ਭਾਂਡੇ ਅੱਡ ਕਰ ਲਵੇ। ਜਦੋਂ ਡੇਰੇ ’ਚ ਰਿਹਾ, ਬਿਲਕੁਲ ਠੀਕ ਹੋ ਗਿਆ। ਹੁਣ ਹਵਨ, ਵਰਨੀਆਂ ਕਰਣ ਵਾਲੀ ਟੀਮ ਨਾਲ ਜਾਂਦਾ ਹੈ। ਪਿੰਡ ਖੇੜਾ ਜ਼ਿਲ੍ਹਾ ਹੁਸ਼ਿਆਰਪੁਰ ਦਾ ਨੌਜਵਾਨ ਸਰਬਜੀਤ ਸਿੰਘ ਅਫੀਸ, ਸ਼ਰਾਬ, ਸਮੈਕ ਆਦਿ ਹਰ ਨਸ਼ੇ ਕਰਦਾ ਸੀ। ਡੇਰੇ ’ਚ ਰਹਿ ਕੇ ਸਾਰੇ ਨਸ਼ੇ ਛੱਡ ਗਿਆ ਹੈ। ਸੋਧ ਰੱਖ ਲਈ ਹੈ ਅਤੇ ਹੁਣ ਸੰਤ ਸਤਨਾਮ ਸਿੰਘ ਦਾ ਲਾਂਗਰੀ ਹੈ। ਕਦੇ ਕਦੇ ਸੱਚੇ ਪਾਤਸ਼ਾਹ ਜੀ ਨੂੰ ਪ੍ਰਸ਼ਾਦਾ ਛਕਾਉਣ ਸ੍ਰੀ ਭੈਣੀ ਸਾਹਿਬ ਆਉਂਦਾ ਹੈ।

ਅਜਿਹੇ ਅਣਗਿਣਤ ਕੇਸ ਹਨ, ਇਹ ਸਿਰਫ ਕੁਝ ਕੁ ਮਿਸਾਲਾਂ ਹਨ।

ਡੇਰੇ ਵਿਚਲੇ ਨੌਜਵਾਨ ਦਿਨ ਵਿਚ ਆਪਣੇ ਕੰਮ ਧੰਦੇ ਅਤੇ ਕਾਰੋਬਾਰ ਕਰਦੇ ਹਨ ਅਤੇ ਵਰਨੀਆਂ ਵਿਚ ਰੌਲ ਲਾਉਂਦੇ ਹਨ। ਬਿਨਾਂ ਦਵਾਈ ਤੋਂ ਨਸ਼ੇ ਛੁਡਵਾਉਣ ਵਾਲੇ ਇਸ ਡੇਰੇ ਨੂੰ ਵੇਖਣ ਨਸ਼ਾ ਛੁਡਾਊ ਕੇਂਦਰ ਦੀ ਇਕ ਟੀਮ ਆਈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਾਲੇ ਵੀ ਵੇਖਣ ਆਏ। ਉਨ੍ਹਾਂ ਪੁੱਛਿਆ ਕਿ ਤੁਸੀਂ ਬਿਨਾਂ ਦਵਾਈ ਤੋਂ ਏਡੇ ਵੱਡੇ ਵੱਡੇ ਨਸ਼ੇੜੀਆਂ ਤੋਂ ਨਸ਼ਾ ਕਿਵੇਂ ਛੁਡਵਾ ਦਿੰਦੇ ਹੋ।

ਸੰਤ ਸਤਨਾਮ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਦੁਆਰਾ ਹੀ ਸੰਭਵ ਹੁੰਦਾ ਹੈ। ਨਸ਼ਾ ਛੱਡਣ ਵਾਲੇ ਕਈ ਨੌਜਵਾਨ ਨਸ਼ਾ ਛੱਡਣ ਮਗਰੋਂ, ਦਾੜ੍ਹੀ ਕੇਸ ਵੀ ਆਪਣੀ ਮਰਜ਼ੀ ਨਾਲ ਰੱਖ ਲੈਂਦੇ ਹਨ। ਇਹ ਦਿਨ ਵਿਚ ਆਪਣਾ ਕਾਰ ਵਿਹਾਰ ਕਰ ਕੇ ਸ਼ਾਮ ਨੂੰ ਡੇਰੇ ’ਚ ਆ ਕੇ ਸੇਵਾ ਤੇ ਨਿਤਨੇਮ ਕਰਦੇ ਹਨ, ਇਹ ਸਾਰੀ ਕ੍ਰਿਪਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੈ।

# ਵਿਸ਼ਵ ਸ਼ਾਂਤੀ ਲਈ ਪ੍ਰਯਤਨ

ਦੁਨੀਆਂ ਭਰ 'ਚ ਬਹੁਤ ਸੰਸਥਾਵਾਂ ਸਮਾਜਕ ਤੌਰ 'ਤੇ ਵਿਸ਼ਵ ਸ਼ਾਂਤੀ ਦੀਆਂ ਸਮਰਥਕ ਹਨ ਅਤੇ ਆਪਸ ਵਿਚ ਸਹਿਯੋਗ ਰੱਖਦੀਆਂ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਹੇਠ ਨਾਮਧਾਰੀ ਭਾਈਚਾਰਾ ਇਨ੍ਹਾਂ ਸੰਸਥਾਵਾਂ ਨਾਲ ਸਹਿਯੋਗ ਕਰਦਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਰੇ ਸੰਸਾਰ ਨੂੰ ਆਪਣਾ ਘਰ ਮੰਨਦੇ ਹਨ ਤੇ ਇਸ ਘਰ ਨੂੰ ਜੰਗ ਦੇ ਭਾਬੜਾਂ ਤੋਂ ਦੂਰ ਰੱਖਣ ਲਈ ਵਿਸ਼ਵ ਸ਼ਾਂਤੀ ਦੀਆਂ ਸ਼ਕਤੀਆਂ ਨਾਲ ਆਪਣੀ ਇੱਕਜੁੱਟਤਾ ਪ੍ਰਗਟ ਕਰਕੇ ਆਪਣਾ ਸਰਗਰਮ ਸਹਿਯੋਗ ਦਿੰਦੇ ਰਹੇ ਹਨ। ਆਪ ਜੀ ਦੀ ਰਹਿਨੁਮਾਈ ਵਿਚ ਨਾਮਧਾਰੀ ਪੰਥ ਦੇ ਸਮਾਗਮਾਂ ਵਿਚ ਹਮੇਸ਼ਾਂ ਵਿਸ਼ਵ-ਸ਼ਾਂਤੀ , ਜੀਵ ਕਲਿਆਣ ਅਤੇ ਭਾਈਚਾਰਕ ਸਾਂਝ ਦੀ ਗੱਲ ਕੀਤੀ ਜਾਂਦੀ ਹੈ।

ਅੱਜ ਦਾ ਯੁਗ ਵਿਗਿਆਨ ਦਾ ਯੁਗ ਹੈ। ਵਿਗਿਆਨ ਦੀ ਉੱਨਤੀ ਮਨੁੱਖੀ ਖੁਸ਼ਹਾਲੀ ਲਈ ਹੋਣੀਂ ਚਾਹੀਦੀ ਹੈ, ਵਿਨਾਸ਼ ਲਈ ਨਹੀਂ। ਪਰ ਅਜੋਕੇ ਯੁਗ ਵਿਚ ਜਿਉਂ ਜਿਉਂ ਵਿਗਿਆਨ ਉੱਨਤੀ ਕਰ ਰਿਹਾ ਹੈ ਤਿਉਂ ਤਿਉਂ ਹੀ ਅਸਮਾਨ ਵਿਚ ਜੰਗ ਦੇ ਬੱਦਲ ਵਧੀ ਜਾ ਰਹੇ ਹਨ। ਤੋਪਾਂ ਬੰਦੂਕਾਂ ਦੀ ਲੜਾਈ ਪੁਰਾਣੀ ਹੋ ਚੁੱਕੀ ਹੈ ਜੋ ਸਿਰਫ ਯੁੱਧ ਖੇਤਰ ਤਕ ਸੀਮਤ ਹੁੰਦੀ ਸੀ। ਹੁਣ ਵਿਗਿਆਨਕ ਸਾਧਨ ਇੰਨੇ ਉੱਨਤ ਹੋ ਗਏ ਹਨ ਕਿ ਬੰਬਾਂ ਤੇ ਪਰਮਾਣੂ ਹਥਿਆਰਾਂ ਨਾਲ ਪਲਾਂ ਵਿਚ ਹੀ ਤਬਾਹੀ ਹੋ ਜਾਂਦੀ ਹੈ।

ਜਿਸਨੇ ਜੰਗ ਦੀ ਤਬਾਹੀ ਵੇਖੀ ਹੋਵੇ, ਅਮਨ ਦੇ ਸਮੇਂ ਦੀ ਸੱਚੀ ਕਦਰ ਕੀਮਤ ਉਹੋ ਹੀ ਜਾਣ ਸਕਦਾ ਹੈ।

ਪ੍ਰਮਾਣੂ ਜੰਗ ਦਾ ਪਹਿਲਾ ਪਹਿਲ ਤਜਰਬਾ ਸੰਨ 1945 ਈ. ਵਿਚ ਜਾਪਾਨ ਤੇ ਕੀਤਾ ਗਿਆ ਸੀ ਜਿੱਥੇ ਵਿਸ਼ਵ ਦੇ ਸਭ ਤੋਂ ਪਹਿਲੇ ਪਰਮਾਣੂ ਬੰਬ ਚਲਾਏ ਗਏ ਸਨ। ਦੂਜੇ ਵਿਸ਼ਵ ਯੁੱਧ ਦੌਰਾਨ 6 ਤੋਂ 9 ਅਗਸਤ 1945 ਨੂੰ ਅਮਰੀਕਾ ਨੇ ਜਾਪਾਨ ਦੇ ਦੋ ਸ਼ਹਿਰਾਂ ਕ੍ਰਮਵਾਰ ਹੀਰੋਸ਼ੀਮਾਂ ਉਤੇ ਪਹਿਲਾ ਪ੍ਰਮਾਣੂ ਬੰਬ " ਲਿਟਲ ਬੁਆਏ " ਅਤੇ ਨਾਗਾਸਾਕੀ ਉਤੇ ਦੂਜਾ ਬੰਬ " ਫੈਟਮੈਨ " ਸੁੱਟ ਕੇ ਬਹੁਤ ਭਿਆਨਕ ਤਬਾਹੀ ਕੀਤੀ ਸੀ। ਦੋਵੇਂ ਸ਼ਹਿਰ ਪੂਰੀ ਤਰ੍ਹਾਂ ਤਬਾਹ ਹੋ ਗਏ ਸਨ। ਲੱਖਾਂ ਲੋਕ ਮਾਰੇ ਗਏ ਤੇ ਲੱਖਾਂ ਐਟਮੀ ਰੇਡਿਏਸ਼ਨ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਹੋਏ।

6 ਅਗਸਤ ਸੰਨ 1945, ਨੂੰ ਬੰਬਾਰੀ ਸ਼ੁਰੂ ਹੋਣ 'ਤੇ , ਅੱਧੇ ਦਿਨ ਦੇ ਵਿਚ ਹੀ ਹੀਰੋਸ਼ੀਮਾ ਸ਼ਹਿਰ ਦਾ ਵੱਡਾ ਹਿੱਸਾ ਤਬਾਹ ਹੋ ਗਿਆ। ਇਸ ਪ੍ਰਮਾਣੂ ਬੰਬ ਕਾਰਣ ਕ੍ਰੀਬ ਡੇਢ ਲੱਖ ਤੋਂ ਵੱਧ ਲੋਕ ਅੱਗ , ਰੇਡਿਏਸ਼ਨ, ਪ੍ਰਮਾਣੂ ਰਿਐਕਸ਼ਨ ਅਤੇ ਸਦਮੇ ਕਾਰਣ ਮਰ ਗਏ। ਸ਼ਹਿਰ ਦੀਆਂ 70 ਪ੍ਰਤੀਸ਼ਤ ਇਮਾਰਤਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ। ਸੜਕਾਂ, ਪੁਲ ਅਤੇ ਸਟੇਸ਼ਨ ਸਭ ਖਤਮ ਹੋ ਗਏ। ਨਾਗਾਸਾਕੀ ਵਿਚ ਅੱਸੀ ਹਜ਼ਾਰ ਲੋਕ ਮਰੇ ਸਨ। ਛੇ ਦਿਨ ਭਿਆਨਕ ਤਬਾਹੀ ਹੋਈ। ਬੰਬਾਂ ਦਾ ਪ੍ਰਭਾਵ ਅੱਜ ਵੀ ਇਨ੍ਹਾਂ ਸ਼ਹਿਰਾਂ ਵਿਚ ਵੇਖਿਆ ਜਾ ਸਕਦਾ ਹੈ। ਅੱਜ ਵੀ ਪ੍ਰਮਾਣੂ ਰਿਐਕਸ਼ਨ ਨਾਲ ਪ੍ਰਭਾਵਤ ਇਲਾਕੇ ਵਿਚ ਬਨਸਪਤੀ ਨਹੀਂ ਉਗਦੀ ਅਤੇ ਸਰੀਰਕ ਤੌਰ ਤੋਂ ਅਪਾਹਿਜ ਬੱਚੇ ਪੈਦਾ ਹੋ ਰਹੇ ਹਨ।

ਜਾਪਾਨ ਦੀ ਸੰਸਦ ਨੇ ਸੰਨ 1949 ਨੂੰ ਹੀਰੋਸ਼ੀਮਾ ਸ਼ਹਿਰ ਨੂੰ ਸ਼ਾਂਤੀ ਦਾ ਸ਼ਹਿਰ ਘੋਸ਼ਿਤ ਕੀਤਾ। ਸੰਨ 1955 ਵਿਚ ਹੀਰੋਸ਼ੀਮਾ ਵਿਚ ਇਕ ਵੱਡਾ ਪੀਸ ਮੈਮੋਰੀਅਲ ਮਿਯੂਜ਼ਿਅਮ ਖੋਲ੍ਹਿਆ ਗਿਆ ਜਿਸ ਵਿਚ ਅਸੀਂ ਉਸ ਸਮੇਂ ਦਾ ਹਾਲ ਅੱਖੀਂ ਵੇਖ ਸਕਦੇ ਹਾਂ। ਹੀਰੋਸ਼ੀਮਾ ਵਿਚ, ਉਥੇ ਮਾਰੇ ਗਏ ਲੋਕਾਂ ਦੀ ਯਾਦ ਵਿਚ ਹੀਰੋਸ਼ੀਮਾ ਪੀਸ ਪਾਰਕ ਬਣਿਆ ਹੋਇਆ ਹੈ। ਇਸ ਜਗ੍ਹਾ ਪੀਸ ਸਮਾਰਕ ਤੇ ਬੁੱਤ ਬਣੇ ਹੋਏ ਹਨ। ਵਿਸ਼ਵ-ਸ਼ਾਂਤੀ ਦਾ ਸੰਦੇਸ਼ ਦਿੰਦੀ ਇਕ ਮਸ਼ਾਲ ਹੈ, ਜੋ ਹਮੇਸ਼ਾਂ ਜਗਦੀ ਰੱਖੀ ਜਾਂਦੀ ਹੈ।

ਦੁਨੀਆਂ ਭਰ ਦੇ ਲੋਕ, ਹਰ ਸਾਲ ਉਪਰੋਕਤ ਦੁਰਘਟਨਾ ਨੂੰ ਯਾਦ ਕਰਦੇ ਹੋਏ, ਪ੍ਰਮਾਣੂ ਹਥਿਆਰਾਂ ਦੇ

ਫੈਲਾਅ ਦਾ ਵਿਰੋਧ ਕਰਦੇ ਹਨ। ਜੰਗਾਂ ਨਾਲ ਹੋਈ ਭਿਆਨਕ ਤਬਾਹੀ ਨੇ ਹੀ ਵਿਸ਼ਵ ਭਾਈਚਾਰੇ ਨੂੰ ਅਮਨ ਲਈ ਜੂਝਣ ਵਾਸਤੇ ਉਤਸ਼ਾਹਿਤ ਕੀਤਾ। ਅਮਨ ਪਸੰਦ ਲੋਕੀਂ ਇੱਕਮੁੱਠ ਹੋ ਕੇ ਮਨੁੱਖਤਾ ਨੂੰ ਤਬਾਹ ਕਰਨ ਵਾਲੀਆਂ ਜੰਗਾਂ ਵਿਰੁੱਧ ਆਵਾਜ਼ ਉਠਾਉਣ ਲੱਗੇ। ਮਹਿਸੂਸ ਕੀਤਾ ਗਿਆ ਕਿ ਪ੍ਰਮਾਣੂ ਸ਼ਕਤੀ ਨੂੰ ਤਬਾਹੀ ਲਈ ਨਹੀਂ ਸਗੋਂ ਮਨੁੱਖੀ ਪ੍ਰਗਤੀ ਤੇ ਖ਼ੁਸ਼ਹਾਲੀ ਦੇ ਹਿਤਾਂ ਲਈ ਵਰਤਿਆ ਜਾਣਾਂ ਚਾਹੀਦਾ ਹੈ।

ਦੁਨੀਆਂ ਦਾ ਹਰ ਜੀਵ ਸੁੱਖ ਨਾਲ ਜਿਉਣ ਲਈ ਅਮਨ ਚਾਹੁੰਦਾ ਹੈ। ਅਮਨ ਸਮੇਂ ਹਰ ਕੌਮ ਹਰ ਪੱਖੋਂ ਉੱਨਤੀ ਕਰਦੀ ਹੈ। ਦੁਨੀਆਂ ਵਿਚ ਅਮਨ ਤਾਂ ਹੀ ਸਥਾਪਤ ਹੋ ਸਕਦਾ ਹੈ, ਜੇ ਸਾਰੀਆਂ ਕੌਮਾਂ ਹਥਿਆਰਾਂ ਦੀ ਦੌੜ ਨੂੰ ਪੂਰਨ ਤੌਰ ਵਿਚ ਖ਼ਤਮ ਕਰਨ ਦਾ ਨਿਸ਼ਚਾ ਕਰਨ। ਸਭਨਾਂ ਵਲੋਂ ਹਰ ਤਰ੍ਹਾਂ ਦੇ ਹਥਿਆਰ ਬਣਾਉਣ ਅਤੇ ਵਰਤਣ ’ਤੇ ਪਾਬੰਦੀ ਲਗਾ ਕੇ, ਆਪਸੀ ਝਗੜੇ ਗੱਲਬਾਤ ਰਾਹੀਂ ਨਜਿੱਠ ਕੇ , ਅਮਨ ਸਥਾਪਤੀ ਲਈ ਯਥਾਰਥਕ ਤੇ ਅਮਲੀ ਕਦਮ ਪੁੱਟੇ ਜਾਣ। ਭਾਰਤ ਦੇ ਮਹਾਨ ਧਾਰਮਕ ਤੇ ਰਾਜਸੀ ਆਗੂਆਂ ਨੇ ਹਮੇਸ਼ਾਂ ਅਮਨ ਸਥਾਪਤੀ ਦਾ ਨਾਅਰਾ ਲਾਇਆ ਹੈ।

ਨਾਮਧਾਰੀ ਪੰਥ ਵਿਸ਼ਵ-ਸ਼ਾਂਤੀ ਦਾ ਸਮਰਥਕ ਹੈ। ਸੰਨ 1857 ਦੀ ਵਿਸਾਖੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਸੰਤ ਖਾਲਸਾ ਦੀ ਸਥਾਪਨਾ ਸਮੇਂ ਝੁਲਾਇਆ ਗਿਆ ਸਫੈਦ ਝੰਡਾ ਵਿਸ਼ਵ ਸ਼ਾਂਤੀ ਦਾ ਪ੍ਰਤੀਕ ਸੀ। ਇਸ ਬਾਰੇ ਸ. ਸੁਵਰਨ ਸਿੰਘ ਵਿਰਕ ਆਪਣੇ ਲੇਖ ‘ ਵਿਸ਼ਵ ਅਮਨ ਦੇ ਅਲੰਬਰਦਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ’ ਵਿਚੰ ਲਿਖਦੇ ਹਨ,

“ਸੰਤ ਇੰਦਰ ਸਿੰਘ ਚੱਕਰਵਰਤੀ, ਸਤਿਗੁਰੂ ਰਾਮ ਸਿੰਘ ਜੀ ਦੁਆਰਾ 12 ਅਪ੍ਰੈਲ 1957 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਵਿਸਾਖੀ ਪੁਰਬ ਤੇ ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ ਸਮੇਂ ਝੁਲਾਏ ਗਏ ਸਫੈਦ ਧਵਜ ਨੂੰ, ਵਿਸ਼ਵ ਸ਼ਾਂਤੀ ਦਾ ਪ੍ਰਤੀਕ ਦੱਸਦਿਆਂ ਆਪਣੇ ਮਹਾਂ ਕਾਵਿ ਮਾਲਵੇਂਦਰ ਵਿਚ ਲਿਖਦੇ ਹਨ ਕਿ ਸਮਾਂ ਆਉਣ ਤੇ ਸਤਿਗੁਰੂ ਜੀ ਦੇ ਇਸ ਆਲਮੀ ਅਮਨ ਦੇ ਨਿਸ਼ਾਨ ਨੂੰ ਰੂਸ ਵਰਗੇ ਦੇਸ਼ ਨੇ ਵੀ ਅਪਨਾ ਲੈਣਾ ਹੈ। ਜਿਸ ਦਾ ਭਾਵ ਇਹ ਸੀ ਕਿ ਉਹ ਦੁਨੀਆਂ ਵਿਚ ਅਮਨ ਲਈ ਲੜਨ ਵਾਲੀਆਂ ਤਾਕਤਾਂ ਦਾ ਮੁਹਰੈਲ ਬਣ ਕੇ ਸਾਮਰਾਜ ਦੀ ਯੁੱਧ-ਪਿਪਾਸਾ ਨੂੰ ਰੋਕਣ ਦਾ ਇਕ ਵੱਡਾ ਕਾਰਨ ਬਣੇਗਾ।”

ਅਗੋਂ ਵਿਰਕ ਜੀ ਲਿਖਦੇ ਹਨ

“ਸਤਿਗੁਰੂ ਰਾਮ ਸਿੰਘ ਜੀ ਨੇ ਸਾਰੀਆਂ ਲੜਾਈਆਂ ਝਗੜਿਆਂ ਦੀ ਜੜ੍ਹ ਛੋਟੇ ਜਾਂ ਵੱਡੇ ਪੱਧਰ ਤੇ ਦੂਜੇ ਦਾ ਹੱਕ ਖੋਹ ਕੇ ਖਾਣਾ ਦੱਸਿਆ ਹੈ। ਇਸ ਲਈ ਆਪ ਜੀ ਦੀ ਸਿਖਿਆ ਦਾ ਸਾਰ ਤੱਤ ਹੈ ਕਿ ਬੇਗਾਨਾ ਹੱਕ ਨਹੀਂ ਖਾਣਾ।”

ਗੁਰਦਵਾਰਾ ਸ੍ਰੀ ਭੈਣੀ ਸਾਹਿਬ ਦੀ ਗੁਰੂ ਹਰੀ ਸਿੰਘ ਜੀ ਦੇ ਪਹਿਰੇ ਸਮੇਂ ਉਗਰਾਹੀ ਦਾ ਮੁਢ ਬੰਨਣ ਵਾਲੇ ਕੁਝ ਕੁ ਪ੍ਰਮੁੱਖ ਕੂਕੇ ਸਿੰਘਾਂ ਵਿਚੋਂ ਭਾਈ ਨੱਥਾ ਸਿੰਘ ਗਾਦੜੀ ( ਫਿਰੋਜ਼ਪੁਰ) ਵੀ ਇਕ ਸੀ। ਜਦੋਂ ਗੁਰੂ ਹਰੀ ਸਿੰਘ ਜੀ ਨੂੰ ਪਤਾ ਲਗਾ ਕਿ ਸੰਨ 1878 ਈ. ਵਿਚ ਅੰਗਰੇਜ਼ਾਂ ਅਤੇ ਅਫਗਾਨਿਸਤਾਨ ਵਿਚਾਲੇ ਜੰਗ ਦੀ ਤਿਆਰੀ ਹੋਣ ’ਤੇ ਭਾਈ ਨੱਥਾ ਸਿੰਘ ਨੇ ਵੀ ਘੋੜੇ ਖਰੀਦ ਕੇ ਜੰਗ ਵਿਚ ਭੇਜਣ ਵਾਸਤੇ ਲਿਆਂਦੇ ਹਨ ਤਾਂ ਗੁਰੂ ਹਰੀ ਸਿੰਘ ਜੀ ਨੇ ਦੋ ਕਾਰਨਾਂ ਕਰਕੇ ਉਸ ਨੂੰ ਵਰਜਿਆ, ਇਕ ਤਾਂ ਕੂਕਿਆਂ ਦਾ ਅੰਗਰੇਜ਼ ਸਰਕਾਰ ਨਾਲ ਅਸਹਿਯੋਗ ਸੀ, ਦੂਜਾ ਕੂਕੇ ਕਿਸੇ ਕਿਸਮ ਦੀ ਵੀ ਜੰਗ ਦੇ ਵਿਰੋਧੀ ਅਤੇ ਅਮਨ ਪਸੰਦ ਸਨ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਕਿ ਜਿੰਨ੍ਹਾਂ ਚਿਰ ਸਾਰੇ ਮਨੁੱਖ-ਮਾਰੂ ਹਥਿਆਰ ਸਮੁੰਦਰਾਂ ਵਿਚ ਨਹੀਂ ਸੁੱਟ ਦਿੱਤੇ ਜਾਂਦੇ ਸੰਸਾਰ ਵਿਚ ਅਮਨ ਨਹੀਂ ਹੋ ਸਕਦਾ, ਦੇ ਵੀ ਪਾਬੰਦ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਹੀ ਦੋ ਵਿਸ਼ਵ ਯੁੱਧ ਲੜੇ ਗਏ ਸਨ। ਆਪ ਨੇ ਵੀ ਪਹਿਲਾਂ ਵਾਲੀ ਸੰਸਾਰ ਅਮਨ ਦੀ ਨੀਤੀ ਅਤੇ ਅਸਹਿਯੋਗ ਨੂੰ ਬਰਕਰਾਰ ਰਖਦਿਆਂ ਆਪ ਜੀ, ਬਹੁਤ ਸਾਰੇ ਸਰਕਾਰੀ ਪ੍ਰਲੋਭਨਾਂ ਅਤੇ ਗਿੱਦੜ ਭਬਕੀਆਂ ਤੋਂ ਤੋਂ ਪਾਸਾ ਵੱਟਦਿਆਂ ਜੰਗ ਵਿਚ ਆਪਣੇ ਸਿੱਖਾਂ ਦੀ ਫੌਜ ’ਚ ਭਰਤੀ ਜਾਂ

ਸਾਜੋ ਸਮਾਨ ਵਿਚ ਕੋਈ ਮਦਦ ਦੇਣ ਦੀ ਨੀਤੀ ਦੇ ਵਿਰੋਧ ਦਾ ਪੈਂਤੜਾ ਮੱਲੀ ਰੱਖਿਆ।"

ਸਤਿਜੁਗ ਦਾ ਅੱਧੀ ਸਦੀ ਅੰਕ-ਸੰਨ 2009 ਪੰਨਾ 39-40

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਪਵਿੱਤਰ ਉਪਦੇਸ਼ਾਂ ਵਿਚ ਫਰਮਾਉਂਦੇ ਹਨ,

"ਅਸੀਂ ਇਹ ਚੀਜ਼ ਚਾਹੁੰਦੇ ਹਾਂ, ਸਤਿਗੁਰੂ ਰਾਮ ਸਿੰਘ ਜੀ ਦਾ ਡੰਕਾ ਸਾਰੀ ਦੁਨੀਆਂ ਉੱਤੇ ਵੱਜੇ। ਕੋਈ ਕਿਸੇ ਦਾ ਦੁਸ਼ਮਣ ਨਾ ਰਹੇ। ਜਿਤਨਾ ਚਿਰ ਦੁਨੀਆਂ ਵਿਚ ਹਥਿਆਰ ਨੇ , ਉਤਨਾਂ ਚਿਰ ਜੰਗ ਖਤਮ ਨਹੀਂ ਹੋ ਸਕਦੀ। ਜੰਗ ਖਤਮ ਓਦਣ ਹੋਣਾ ਹੈ, ਜਿਦਣ ਲੋਕ ਮਾਲਾ ਫੇਰਨ ਲੱਗਣਗੇ। ਹਥਿਆਰ ਸਮੁੰਦਰਾਂ 'ਚ ਸਿੱਟੇ ਜਾਣਗੇ, ਜਿੰਨਾ ਚਿਰ ਇਹ ਚੀਜ਼ ਹੈ ਓਨਾਂ ਚਿਰ ਦੁਸ਼ਮਣੀ ਨਹੀਂ ਬੰਦ ਹੁੰਦੀ। "

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਿਸ਼ਵ ਸ਼ਾਂਤੀ ਤੋਂ ਉਦੇਸ਼ ਸਿਰਫ ਇਨਸਾਨਾਂ ਲਈ ਹੀ ਨਹੀਂ ਸਗੋਂ ਕੁੱਲ ਪ੍ਰਾਣਧਾਰੀਆਂ ਲਈ ਅਮਨ ਦਾ ਭਾਵ ਹੈ ਅਰਥਾਤ ਕਿਸੇ ਦੁਆਰਾ ਕਤਲ ਕਰਨ, ਮਰਨ ਮਾਰਨ ਦੇ ਭੈਅ ਤੋਂ ਰਹਿਤ ਸੰਸਾਰ ਦੀ ਆਪ ਕਾਮਨਾ ਕਰਦੇ ਹਨ।

ਆਪ ਜੀ ਫਰਮਾਉਂਦੇ ਹਨ, "ਪ੍ਰੇਮ ਪਿਆਰ ਅਤੇ ਸ਼ਾਂਤੀ ਪੂਰਨ ਸਹਿ ਹੋਂਦ ਨਾਲ ਮਨੁੱਖ ਤਾਂ ਕੀ ਜ਼ਹਿਰੀ ਜੀਵਾਂ ਨੂੰ ਵੀ ਵਸ ਕੀਤਾ ਜਾ ਸਕਦਾ ਹੈ। "

ਜਾਰਜ ਬਰਨਾਰਡ ਸ਼ਾਹ ਨੇ ਇਕ ਵਾਰ ਕਿਹਾ ਸੀ ਕਿ " ਅਸੀਂ ਜਾਨਵਰਾਂ ਨੂੰ ਖਾਣ ਲਈ ਮਾਰ ਕੇ, ਮਨੁੱਖਾਂ ਨੂੰ ਮਾਰਨ ਦੀ ਟਰੇਨਿੰਗ ਲੈਂਦੇ ਹਾਂ, ਫਿਰ ਜੰਗਾਂ ਕਰਦੇ ਹਾਂ। "

ਸ੍ਰੀ ਸਤਿਗੁਰੂ ਜਗਜੀਤ ਸਿੰਘ ਲਈ ਆਜ਼ਾਦੀ ਦੀ ਬੁਨਿਆਦੀ ਸ਼ਰਤ ਸ਼ਾਕਾਹਾਰ ਹੈ ਤੇ ਆਪ ਵਿਸ਼ਵ ਸ਼ਾਕਾਹਾਰ ਅੰਦੋਲਨ ਦੇ ਬਹੁਤ ਵੱਡੇ ਸਹਾਇਕ ਹਨ। ਆਪ ਜੀ ਨੇ ਕਈ ਵਾਰੀ ਸ਼ਾਕਾਹਾਰੀ ਕਾਨਫਰੰਨਸਾਂ ਕਰਵਾਈਆਂ। ਜੁਲਾਈ ਸੰਨ 2000 ਨੂੰ ਕੈਨੇਡਾ ( ਟਰਾਂਟੋ) ਵਿਖੇ 34 ਵੀਂ ਵਿਸ਼ਵ ਸ਼ਾਕਾਹਾਰੀ ਕਾਨਫਰੰਸ ਸਮੇਂ ਆਪ ਜੀ ਨੇ ਫਰਮਾਇਆ,

"ਅਮਨ ਤੇ ਸ਼ਾਕਾਹਾਰ ਦਾ ਬਹੁਤ ਨੇੜੇ ਦਾ ਸੰਬੰਧ ਹੈ, ਜਦ ਤੱਕ ਜੀਵ ਹਿੰਸਾ ਹੈ, ਤਦ ਤੱਕ ਅਮਨ ਨਹੀਂ ਹੋ ਸਕਦਾ। ਸਾਨੂੰ ਕੇਵਲ ਮਨੁੱਖਤਾ ਦੇ ਭਲੇ ਲਈ ਹੀ ਨਹੀਂ, ਸਗੋਂ ਪ੍ਰਾਣੀ ਮਾਤਰ ਦੇ ਭਲੇ ਲਈ ਸੋਚਣਾ ਚਾਹੀਦਾ ਹੈ। "

ਸ੍ਰੀ ਸਤਿਗੁਰੂ ਜੀ ਦੇ ਸ਼ਾਕਾਹਾਰ ਪ੍ਰਤੀ ਪ੍ਰੇਮ ਦੇ ਮੂਲ ਵਿਚ ਇਹੋ ਭਾਵਨਾ ਹੈ ਕਿ ਜਿੰਨਾ ਚਿਰ ਅਸੀਂ ਜੀਵ ਹੱਤਿਆ ਬੰਦ ਨਹੀਂ ਕਰਦੇ, ਆਪਣੇ ਮੂੰਹ ਦੇ ਸੁਆਦ ਲਈ ਜੀਵਾਂ ਨੂੰ ਮਾਰ ਕੇ ਖਾਣਾਂ ਨਹੀਂ ਛੱਡਦੇ ਓਨਾਂ ਚਿਰ ਅਸੀਂ ਉਸ ਸਵਾਰਥ ਤੋਂ ਉੱਚੇ ਨਹੀਂ ਉਠ ਸਕਦੇ ਜਿਹੜਾ ਦੂਜੇ ਤੋਂ ਆਪਣੇ ਆਪ ਨੂੰ ਉੱਚਿਆਂ ਤੇ ਸ੍ਰੇਸ਼ਟ ਮੰਨਣ ਲਈ ਉਕਸਾਉਂਦਾ ਹੈ। ਇਹੋ ਸੁਆਰਥ ਹੀ ਮੁਲਕਗੀਰੀ ਦਾ ਪ੍ਰੇਰਕ ਬਣ ਜਾਦਾ ਹੈ, ਫਿਰ ਜੰਗਾਂ ਹੁੰਦੀਆਂ ਨੇ, ਗੁਲਾਮੀ ਆਉਂਦੀ ਹੈ, ਆਜ਼ਾਦੀ ਖੁੱਸਦੀ ਹੈ।

ਦੁਨੀਆਂ ਵਿਚ ਅਮਨ ਤਦ ਹੀ ਸੰਭਵ ਹੈ ਜੇਕਰ ਦੂਸਰਿਆਂ ਲੋਕਾਂ ਜਾਂ ਦੂਸਰਿਆਂ ਦੇਸ਼ਾਂ ਉਪਰ ਜਿੱਤ ਅਤੇ ਕਬਜ਼ੇ ਦੀ ਭਾਵਨਾ ਨੂੰ ਤਿਆਗਿਆ ਜਾਵੇ। ਇਸ ਅਮਨ ਭਾਵਨਾ ਦੇ ਮੂਲ ਵਿਚ ਅਜ਼ਾਦੀ ਦੀ ਚਾਹ ਹੈ। ਹਰ ਦੇਸ਼ ਆਜ਼ਾਦ ਹੋਵੇ- ਉਸ ਨੂੰ ਦੂਜੇ ਦੇਸ਼ਾਂ ਦੀ ਆਜ਼ਾਦੀ ਦੀ ਕਦਰ ਹੋਵੇ- ਤਾਂ ਹੀ ਅਮਨ ਸਥਾਪਤ ਹੋਵੇਗਾ। ਅਜ਼ਾਦੀ ਲਈ ਅੰਦੋਲਨ ਪੁਰਾਤਨ ਸਮਿਆਂ ਤੋਂ ਚਲਦੇ ਆ ਰਹੇ ਹਨ, ਹੁਣ ਅਮਨ ਲਹਿਰ ਇਸ ਦੇ ਸਹਿਯੋਗ ਲਈ ਉੱਠੀ ਹੈ। ਕੁਝ ਸਫਲਤਾਵਾਂ ਹਾਸਲ ਹੋਈਆਂ ਹਨ ਅਤੇ ਕੁਝ ਹੋ ਰਹੀਆਂ ਹਨ। ਵੱਖ ਵੱਖ ਨਾਵਾਂ, ਵੱਖ ਵੱਖ ਝੰਡਿਆਂ ਅਤੇ ਵੱਖ ਵੱਖ ਵਿਅਕਤੀਆਂ ਜਾਂ ਸੰਸਥਾਵਾਂ ਵਲੋਂ ਚੱਲਣ ਵਾਲੇ ਇਹ ਸਾਰੇ ਅੰਦੋਲਨ ਬੁਨਿਆਦੀ ਰੂਪ ਵਿਚ ਲੋਕ ਕਲਿਆਣ ਦਾ ਸੁਨੇਹਾ ਦਿੰਦੇ ਹਨ ਅਤੇ ਅਮਨ, ਅਹਿੰਸਾ ਅਤੇ ਅਧਿਆਤਮਕ ਜੀਵਨ ਲਈ ਯਤਨਸ਼ੀਲ ਹਨ ।ਸ੍ਰੀ ਸਤਿਗੁਰੂ ਜੀ ਦਾ ਵੀ ਇਹੋ ਉਦੇਸ਼ ਹੈ।

ਸ੍ਰੀ ਸਤਿਗੁਰੂ ਜੀ ਦੀ ਵਿਸ਼ਵ ਸ਼ਾਂਤੀ ਲਈ ਮਹਾਨ ਘਾਲਣਾ ਦਾ ਉੱਚ ਮੁਲਾਂਕਣ ਕਰਦਿਆਂ ਨਵਾਂ ਜਮਾਨਾ

ਜਲੰਧਰ ਦੇ ਸੰਪਾਦਕ ਕਾਮਰੇਡ ਜਗਜੀਤ ਸਿੰਘ ਆਨੰਦ ਸਾਬਕਾ ਮੈਂਬਰ ਰਾਜ ਸਭਾ ਇਉਂ ਲਿਖਦੇ ਹਨ,

'ਸੰਸਾਰ ਅਮਨ ਲਹਿਰ ਨੂੰ ਭਾਵੇਂ ਕਮਿਊਨਿਸਟਾਂ ਵਲੋਂ ਚਲਾਈ ਆਖ ਕੇ ਛੁਟਿਆਇਆ ਜਾਂਦਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਕੁਲ ਹਿੰਦ ਪੱਧਰ ਉਤੇ ਵੀ ਉਸਨੂੰ ਸਰਗਰਮ ਅਗਵਾਈ ਦਿਤੀ ਅਤੇ ਪੰਜਾਬ ਵਿਚ ਤਾਂ ਉਸਦੀ ਪ੍ਰਧਾਨਗੀ ਦਾ ਕਾਰਜ ਸਾਲਾਂ ਬੱਧੀ ਨਿਭਾਇਆ । ਉਹ ਅਕਸਰ ਆਖਦੇ ਰਹੇ ਕਿ ਜੇ ਘਰ ਨੂੰ ਅੱਗ ਲੱਗ ਜਾਏ ਤਾਂ ਮੁੱਖ ਕੰਮ ਉਸਨੂੰ ਬੁਝਾਉਣਾ ਹੈ, ਇਹ ਵੇਖਣਾ ਨਹੀਂ ਕਿ ਜਿਹੜਾ ਬੰਦਾ ਪਾਣੀ ਦੀ ਬਾਲਟੀ ਲੈ ਕੇ ਆਇਆ ਹੈ, ਉਹ ਕਿਸ ਜਾਤ ਜਮਾਤ ਦਾ ਹੈ। '

– ਸਤਿਜੁਗ ਦਾ ਗੁਰਗੱਦੀ ਦੇ 40 ਸਾਲਾ ਵਿਸ਼ੇਸ਼ ਅੰਕ (ਪੰਨਾ 37-38)

ਇਕ ਵੇਰ ਸ੍ਰੀ ਸਤਿਗੁਰੂ ਜੀ ਵਿਸ਼ਵ ਅਮਨ ਕੌਂਸਲ ਦੀ ਕਾਨਫਰੰਸ 'ਚੋਂ ਬਾਹਰ ਆਏ ਤਾਂ ਕੁਝ ਧਾਰਮਿਕ ਸੱਜਣਾਂ ਨੇ ਆਪ ਨੂੰ ਕਿਹਾ-' ਤੁਸੀਂ ਇਨ੍ਹਾਂ ਰੂਸੀਆਂ ਨਾਲ ਕਿਵੇਂ ਇਹ ਤੇ ਬੜੇ ਨਾਸਤਕ ਲੋਕ ਹਨ। ਧਰਮ ਨਾਲ ਇਨ੍ਹਾਂ ਦਾ ਕਿਤੇ ਦੂਰ ਦਾ ਵੀ ਵਾਸਤਾ ਨਹੀ। '

ਸ੍ਰੀ ਸਤਿਗੁਰੂ ਜੀ ਦਾ ਜੁਆਬ ਸੀ, ' ਇਹ ਸੰਸਾਰ ਅਮਨ ਕਾਇਮ ਕਰਨ ਲਈ ਯਤਨਸ਼ੀਲ ਹਨ, ਮੈਂ ਇਨ੍ਹਾਂ ਨੂੰ ਆਖਦਾ ਹਾਂ ਕਿ ਜੇ ਅਮਨ ਚਾਹੁੰਦੇ ਹੋ ਤਾਂ ਗੁਰੂ ਨਾਨਕ ਦੀ ਗੱਲ ਮੰਨ ਲਵੋਂ-ਸਰਬਤ ਦੇ ਭਲੇ ਦੇ ਮਾਰਗ 'ਤੇ ਚੱਲ ਕੇ ਹੀ ਸ਼ਾਂਤੀ ਹੋ ਸਕਦੀ ਹੈ। '

ਸ੍ਰੀ ਸਤਿਗੁਰੂ ਜੀ ਸਮੇਂ ਸਮੇਂ 'ਤੇ ਦੇਸ਼ ਅਤੇ ਵਿਦੇਸ਼ਾਂ ਵਿਚ ਹੁੰਦੇ ਵਿਸ਼ਵ-ਸ਼ਾਂਤੀ ਸੰਮੇਲਨਾਂ ਵਿਚ ਸ਼ਾਮਲ ਹੁੰਦੇ ਅਤੇ ਸਹਿਯੋਗ ਦਿੰਦੇ ਰਹੇ ਹਨ। ਸੰਨ 1978 ਵਿਚ ਅੰਤਰਰਾਸ਼ਟਰੀ ਵਿਸ਼ਵ-ਸ਼ਾਂਤੀ ਸੰਗਠਨ ਦੇ ਥਾਈਲੈਂਡ ਵਿਖੇ ਪ੍ਰਧਾਨ ਡਾ. ਸੁਚਾਟ ਕੋਸੋਲਕਿਟੀਵਾਂਗ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅੰਤਰਰਾਸ਼ਟਰੀ ਵਿਸ਼ਵ ਸ਼ਾਂਤੀ ਸੰਮੇਲਨ (ਵਰਲਡ ਇੰਟਰਨੈਸ਼ਨਲ ਪੀਸ ਕਾਨਫੰਰਸ) 'ਤੇ ਥਾਈਲੈਂਡ ਵਿਖੇ ਬੁਲਾਇਆ। ਥਾਈਲੈਂਡ ਵਿਚ ਬੈਂਕਾਕ ਤੋਂ ਕ੍ਰੀਬ 100 ਕਿਲੋਮੀਟਰ ਦੀ ਦੂਰੀ 'ਤੇ ਹੂਫਾ ਸਵੱਨ ਵਿਖੇ ਡਾ. ਸੁਚਾਟ ਨੇ ਸਾਰੇ ਸੰਸਾਰ ਦੀ ਅਮਨ ਤੇ ਸ਼ਾਂਤੀ ਲਈ ਇਕ ਬਹੁਤ ਵੱਡਾ ਸ਼ਾਂਤੀ ਮੰਦਰ ਤਿਆਰ ਕਰਨ ਦੀ ਯੋਜਨਾ ਬਣਾਈ। ਇਸ ਸ਼ਾਂਤੀ ਮੰਦਰ ਦਾ ਨੀਂਹ ਪੱਥਰ ਸ੍ਰੀ ਸਤਿਗੁਰੂ ਜੀ ਪਾਸੋਂ ਰਖਵਾਉਣਾ ਸੀ।

ਸ. ਸੁਵਰਨ ਸਿੰਘ ਵਿਰਕ ਆਪਣੇ ਲੇਖ 'ਵਿਸ਼ਵ ਅਮਨ ਦੇ ਅਲੰਬਰਦਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ' ਵਿਚ ਲਿਖਦੇ ਹਨ,

"18 ਅਕਤੂਬਰ 1978 ਨੂੰ ਸ੍ਰੀ ਸਤਿਗੁਰੂ ਜੀ ਥਾਈਲੈਂਡ ਦੇ ਦੌਰੇ 'ਤੇ ਸਨ। ਡਾ. ਸੁਚਾਟ ਇਸ ਸਮੇਂ ਉਥੇ ਪੰਜ ਕਰੋੜ ਟਿਕਲ ਦੀ ਲਾਗਤ ਨਾਲ ਇਕ ਸ਼ਾਂਤੀ ਮੰਦਰ ਦੀ ਉਸਾਰੀ ਵਿਚ ਰੁਝੇ ਸਨ। ਸ੍ਰੀ ਸਤਿਗੁਰੂ ਜੀ ਨੇ ਆਪਣੀ ਸੰਗਤ ਵਲੋਂ ਇਸ ਵਿਚ ਦੋ ਲੱਖ ਟਿਕਲ (ਥਾਈ ਸਿੱਕਾ) ਦੇਣ ਦਾ ਹੁਕਮ ਕੀਤਾ, ਜਿਸਦੀ ਤਾਮੀਲ ਹੋ ਗਈ। ਇਸੇ ਦਿਨ ਸ਼ਾਮ ਨੂੰ ਸੰਗਤ ਨੂੰ ਆਪਣੇ ਸੰਬੋਧਨ ਵਿਚ ਆਪ ਜੀ ਨੇ ਇਉਂ ਫਰਮਾਇਆ,

ਲੋਕ ਰੂਸ ਵਾਲਿਆਂ ਨੂੰ ਨਾਸਤਕ ਕਹਿੰਦੇ ਹੋਣਗੇ, ਪਰ ਮੈਂ ਤਾਂ ਉਸ ਦੇਸ਼ ਵਿਚ ਧਰਮ ਪਰਾਇਣ ਲੋਕਾਂ ਬਾਰੇ ਸੁਣਦਾ ਹਾਂ। ਮੈਂ ਉਹਨਾਂ ਨਾਲ ਸ਼ਾਂਤੀ ਦੇ ਮਿਸ਼ਨ ਵਿਚ ਕੰਮ ਕੀਤਾ ਹੈ। ਮੈਂ ਵੇਖਿਆ ਹੈ ਕਿ ਉਹ ਸੰਸਾਰ ਅਮਨ ਵਿਚ ਭਰਪੂਰ ਹਿੱਸਾ ਪਾ ਰਹੇ ਹਨ ਅਤੇ ਇਥੇ ਡਾ. ਸੁਚਾਟ ਵੀ ਇਹੋ ਕੰਮ ਕਰ ਰਿਹਾ ਹੈ। ਉਸ ਦੀ ਮਦਦ ਕਰਨ ਲਈ ਮੇਰਾ ਤਾਂ ਜੀਅ ਕਰਦਾ ਹੈ ਕਿ ਪੰਜ ਦਾ ਪੰਜ ਕਰੋੜ ਹੀ ਉਸਦੇ ਪ੍ਰੋਜੈਕਟ ਦਾ ਅਸੀਂ ਹੀ ਤਾਰੀਏ। ਪਰ ਜੇ ਅਜੇ ਨਹੀਂ ਤਾਂ ਦੋ ਲਖ ਬਾਟ ਤਾਂ ਜ਼ਰੂਰ ਕੱਲ੍ਹ ਦੇਈਏ। "

– ਸਤਿਜੁਗ ਦਾ 'ਗੁਰਗੱਦੀ ਦੀ ਅੱਧੀ ਸਦੀ ' ਅੰਕ, ਸੰਮਤ 2065 ( ਸੰਨ 2009) ਪੰਨਾ-42

ਸ਼ਾਂਤੀ ਮੰਦਰ ਦਾ ਨੀਂਹ ਪਥੱਰ ਰਖਣ ਦਾ ਸਮਾਗਮ, ਅਗਲੇ ਦਿਨ 19 ਅਕਤੂਬਰ 1978 ਨੂੰ ਹੋਇਆ। ਇਕ ਵਿਸ਼ਾਲ ਸਫੈਦ ਕੰਵਲ ਫੁੱਲ ਵਿਚ 30 ਦੇਸ਼ਾਂ ਦੀ ਪਵਿੱਤਰ ਮਿੱਟੀ ਸਥਾਪਤ ਕੀਤੀ ਗਈ। ਸਭ ਤੋਂ ਪਹਿਲਾਂ ਥਾਈਲੈਂਡ ਦੀਆਂ ਤਿੰਨਾਂ ਫੌਜਾਂ ਦੇ ਜਰਨੈਲ ਸ੍ਰੀ ਪ੍ਰਾਫਾਟ ਨੇ ਕੰਵਲ-ਫੁੱਲ ਵਿਚ ਥਾਈ ਧਰਤੀ ਦੀ ਕਰੀਬ ਢਾਈ ਤੋਲੇ

ਵਾਲੀ ਮਿੱਟੀ ਦੀ ਸੁਨਹਿਰੀ ਥੈਲੀ ਧਰ ਕੇ ਇਸ ਸਮਾਗਮ ਦਾ ਆਰੰਭ ਕੀਤਾ। ਉਪਰੰਤ ਪੋਲੈਂਡ, ਸਪੇਨ, ਆਸਟਰੇਲੀਆ, ਜਰਮਨੀ, ਨੇਪਾਲ, ਭਾਰਤ, ਈਰਾਨ, ਇਸਰਾਈਲ, ਜਾਪਾਨ, ਮਲੇਸ਼ੀਆ, ਫਿਲਪੀਨ, ਸੀਲੋਨ, ਤੁਰਕੀ, ਰੂਸ, ਅਮਰੀਕਾ, ਯੂ.ਕੇ., ਵੀਅਤਨਾਮ ਆਦਿ 30 ਦੇਸ਼ਾਂ ਦੇ ਰਾਜਦੂਤ ਜਾਂ ਪ੍ਰਤੀਨਿਧਾਂ ਨੇ ਆਪਣੇ ਆਪਣੇ ਸੁਨਹਿਰੀ ਕਲਸ਼ ਵਿਚੋਂ ਆਪਣੇ ਦੇਸ਼ ਦੀ ਮਿੱਟੀ ਵਾਲੀ ਗੁਥਲੀ ਕੱਢ ਕੇ ਕੰਵਲ ਫੁੱਲ ਦੇ ਅੰਦਰ ਰਖੀ। ਇਨ੍ਹਾਂ ਸਭ ਦੇਸ਼ਾਂ ਦੇ ਰਾਸ਼ਟਰੀ ਝੰਡੇ ਝੁਲਾਏ ਗਏ।

ਉਦੋਂ ਸਾਰੇ ਭਾਰਤ ਵਾਸੀਆਂ ਦਾ ਸਿਰ ਮਾਨ ਨਾਲ ਉੱਚਾ ਹੋ ਗਿਆ ਜਦ ਇਸ ਸ਼ਾਤੀ ਮੰਦਰ ਦਾ ਨੀਂਹ ਪੱਥਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਰਖਵਾਇਆ ਗਿਆ। ਇਕ ਸੁਨਹਿਰੀ ਥਾਈ ਲਿਖਤ ਵਾਲਾ ਸੰਗਮਰਮਰ ਦਾ ਪੱਥਰ, ਸ੍ਰੀ ਸਤਿਗੁਰੂ ਜੀ ਨੇ ਕੰਵਲ ਨਾਭ ਦੇ ਡੂੰਘ ਵਿਚ ਰੱਖ ਕੇ ਸ਼ਾਂਤੀ ਮੰਦਰ ਦਾ ਨੀਂਹ ਪੱਥਰ ਰਖਿਆ। ਸਾਰੇ ਫਿਰਕੇ ਦੇ ਆਗੂਆਂ ਨੇ ਸਰਬ ਸੰਸਾਰ ਸ਼ਾਂਤੀ ਵਾਸਤੇ ਸ਼ਾਂਤੀ ਕੰਵਲ ਪਾਸ ਜਾ ਕੇ ਵਿਧੀਵਤ ਦੁਆਵਾਂ ਕੀਤੀਆਂ।

ਇਸ ਸਮਾਗਮ ਦੇ ਮੌਕੇ 'ਤੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਆਸ਼ੀਰਵਾਦ ਪ੍ਰਵਚਨਾਂ ਵਿਚ ਫਰਮਾਇਆ ,

"ਮੇਰੇ ਜੀਵਨ ਵਿਚ ਅੱਜ ਦਾ ਦਿਨ ਬੜਾ ਮੱਹਤਵਪੂਰਨ ਹੈ ਕਿਉਂਕਿ ਭਾਰਤ ਦੇ ਇਕ ਸਮਰਿਧ ਪ੍ਰਾਂਤ ਪੰਜਾਬ ਵਿਚੋਂ ਆਣ ਕੇ ਮੈਨੂੰ ਇਸ ਅਮਨ ਅਤੇ ਸ਼ਾਂਤੀ ਦੇ ਹਾਲ ਦੀ ਉਸਾਰੀ ਦੀ ਆਰੰਭਕ ਰਸਮ ਅਦਾ ਕਰਨ ਦਾ ਅਵਸਰ ਮਿਲਿਆ ਹੈ।

ਜਿਹੜੇ ਧਰਮੀ ਪੁਰਸ਼ ਥਾਈਲੈਂਡ ਵਿਚ ਵਸਦੇ ਹਨ ਉਹਨਾਂ ਨੂੰ ਮਾਣ ਹੋਣਾ ਚਾਹੀਦਾ ਹੈ ਕਿ ਅਮਨ ਅਤੇ ਸ਼ਾਂਤੀ ਦੇ ਦੂਤ ਡਾ. ਸੁਚਾਟ ਉਹਨਾਂ ਦੇ ਆਪਣੇ ਖੂਨ ਵਿਚੋਂ ਹਨ। ਥਾਈ ਧਰਤੀ ਵਿਚੋਂ ਹਨ। ਤੁਸੀਂ ਥਾਈ ਲੋਕ ਆਪਣੀ ਧਰਤੀ ਦੇ ਮਾਲਕ ਹੋ। ਤੁਹਾਡਾ ਇਹ ਪਵਿੱਤਰ ਫਰਜ਼ ਹੈ ਕਿ ਸਾਰੇ ਸੰਸਾਰ ਦੇ ਅਮਨ ਅਤੇ ਸ਼ਾਂਤੀ ਲਈ ਜੋ ਹਾਲ ਡਾ. ਸੁਚਾਟ ਤਿਆਰ ਕਰਵਾ ਰਹੇ, ਇਸ ਦੀ ਉਸਾਰੀ ਵਿਚ ਭਰਪੂਰ ਸਹਿਯੋਗ ਦੇਵੋ।

ਇਹ ਜਾਣ ਕੇ ਮੈਨੂੰ ਬੇਹਦ ਖੁਸ਼ੀ ਹੋਈ ਹੈ ਕਿ ਸ਼ਾਂਤੀ ਦੂਤ ਡਾ. ਸੁਚਾਟ ਜਿਹੜਾ ਕਾਰਜ ਕਰ ਰਹੇ ਹਨ ਉਹ ਸਿਰਫ ਮੱਨੁਖਾ ਜੀਵਨ ਲਈ ਹੀ ਨਹੀਂ ਸਗੋਂ ਪ੍ਰਾਣੀ ਮਾਤਰ ਦੇ ਭਲੇ ਦਾ ਹੈ। ਅਮਨ ਅਤੇ ਸ਼ਾਂਤੀ ਦਾ ਕਾਰਜ ਕੇਵਲ ਥਾਈ ਸਰਕਾਰ ਦਾ ਨਹੀਂ, ਕਿਸੇ ਕੱਲ੍ਹੇ ਕਾਰੇ ਸ਼ਹਿਰੀ ਦਾ ਨਹੀਂ, ਸਗੋਂ ਦੁਨੀਆ ਭਰ ਦੇ ਮਾਨਵ-ਹਿਤੈਸ਼ੀ ਮਿਸ਼ਨਾਂ ਦਾ ਹੈ। ਇਸ ਲਈ ਸਭਨਾਂ ਦਾ ਕਰਤੱਵ ਬਣਦਾ ਹੈ ਕਿ ਅਸੀਂ ਸਾਰੇ ਮਿਲਕੇ ਸੰਸਾਰ-ਸ਼ਾਂਤੀ ਲਈ ਪ੍ਰਯਤਨ ਕਰੀਏ। ਅੱਜ ਤਾਂ ਕੇਵਲ ਇਸ ਸ਼ਾਂਤੀ ਮੰਦਰ ਦੀ ਬੁਨਿਆਦ ਦਾ ਪਹਿਲਾ ਦਿਨ ਹੈ ਪਰ ਸਾਨੂੰ ਧਰਮਾਂ ਅਤੇ ਰਾਜਾਂ ਦੇ ਮੁਖੀਆਂ ਨੂੰ, ਤਦ ਤਕ ਇਸ ਸਥਾਨ 'ਤੇ ਮਿਲਣਾ ਤੇ ਬੈਠਣਾ ਪਵੇਗਾ ਜਦ ਤਕ ਸਾਰੇ ਸੰਸਾਰ ਉਤੇ ਅਮਨ ਸ਼ਾਂਤੀ ਦਾ ਦੌਰ ਦੌਰਾ ਨਹੀਂ ਜਾਰੀ ਹੋ ਜਾਂਦਾ।

ਦੁਨੀਆਂ ਭਰ ਵਿਚ ਸ਼ਾਂਤੀ ਅਤੇ ਅਮਨ ਤਾਂ ਹੀ ਹੋ ਸਕਦੇ ਹਨ ਜੇ ਸੰਸਾਰ ਦੇ ਤਖਤੇ ਤੋਂ ਹਿੰਸਾ ਦਾ ਭੋਗ ਪਾ ਦਿਤਾ ਜਾਵੇ ਤਾਂ ਕਿ ਪ੍ਰਾਣੀ ਮਾਤਰ ਆਪਣੀ ਇੱਛਾ ਅਨੁਸਾਰ ਜਿਉਂ ਤੇ ਵਿਚਰ ਸਕਣ। ਸਾਡਾ ਨਾਮਧਾਰੀ ਸਮਾਜ ਪੂਰਨ ਤੌਰ 'ਤੇ ਸ਼ਾਕਾਹਾਰੀ ਹੈ। ਸਤਿਗੁਰਾਂ ਨੇ ਸਾਨੂੰ ਅਹਿੰਸਾ ਦੀ ਸਿੱਖਿਆ ਦਿੱਤੀ ਹੈ । ਸਾਡੀ ਨਿੱਤ ਦੀ ਅਰਦਾਸ ਵਿਚ ਸ਼ਾਮਲ ਹੈ- ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।

ਅੰਤ ਵਿਚ , ਮੈਂ ਇਹ ਆਸ ਕਰਦਾ ਹਾਂ ਕਿ ਸਾਰਾ ਸੰਸਾਰ ਛੇਤੀ ਹੀ ਅਮਨ ਅਤੇ ਸ਼ਾਂਤੀ ਦੇ ਯੁੱਗ ਵਿਚ ਪ੍ਰਵੇਸ਼ ਕਰੇਗਾ ਅਤੇ ਸਾਡੀ ਸਭ ਦੀ ਪ੍ਰਾਰਥਨਾ ਹੋਣੀਂ ਚਾਹੀਦੀ ਹੈ ਕਿ ਇਹ ਸਾਰਾ ਜਗਤ ਸੁਖ ਸ਼ਾਂਤੀ ਦਾ ਖੇਤਰ ਬਣੇ।"

ਥਾਈਲੈਂਡ ਦੇ ਟੀ.ਵੀ. ਪ੍ਰੋਗਰਾਮ ਵਿਚ ਵੀ ਸਤਿਗੁਰੂ ਜੀ ਦੇ ਆਖੇ ਇਸ ਪੱਵਿਤਰ ਉਪਦੇਸ਼ ਸ਼ਬਦਾਂ ਨੂੰ ਥਾਈ ਭਾਸ਼ਾ ਵਿਚ ਅਨੁਵਾਦਤ ਕਰਕੇ ਪ੍ਰਸਾਰਿਤ ਕੀਤਾ ਗਿਆ ਸੀ।

ਇਸ ਸਮਾਗਮ ਤੋਂ ਬਾਅਦ ਵੀ ਸ੍ਰੀ ਸਤਿਗੁਰੂ ਜੀ ਥਾਈਲੈਂਡ ਵਿਖੇ ਹੁੰਦੇ ਵਿਸ਼ਵ ਸ਼ਾਂਤੀ ਸੰਮੇਲਨਾਂ 'ਤੇ ਦਰਸ਼ਨ ਦਿੰਦੇ ਰਹੇ ਹਨ। ਸੰਸਾਰ ਵਿਚ ਜਿਥੇ ਕਿਧਰੇ ਵੀ ਵਿਸ਼ਵ ਅਮਨ ਲਈ ਸਮਾਗਮ ਹੁੰਦੇ ਹਨ, ਸ੍ਰੀ ਸਤਿਗੁਰੂ ਜੀ ਆਪ ਸ਼ਾਮਲ ਹੋ ਕੇ ਜਾਂ ਆਪਣੇ ਪ੍ਰਤੀਨਿਧੀ ਭੇਜ ਕੇ ਸਹਿਯੋਗ ਦਿੰਦੇ ਰਹੇ ਹਨ।

ਵਿਸ਼ਵ ਦੇ ਅਫਰੀਕਨ ਮਹਾਂਦੀਪ ਵਿਚ ਜੋਮੋ ਕਨਿਆਟਾ ਜਿਹੇ ਸਾਮਰਾਜ ਵਿਰੋਧੀ ਅਤੇ ਸੰਸਾਰ ਅਮਨ ਦੇ ਆਗੂਆਂ ਨਾਲ ਆਪ ਦੇ ਬੜੇ ਨੇੜੇ ਦੇ ਸੰਬੰਧ ਰਹੇ ਹਨ।

1 ਤੋਂ 8 ਦਸਬੰਰ ਸੰਨ 1999 ਨੂੰ ਦੱਖਣੀ ਅਫਰੀਕਾ ਦੇ ਸ਼ਹਿਰ ਕੇਪਟਾਉਨ ਵਿਚ ਗੁਡ ਹੋਪ ਸੈਂਟਰ ਦੇ ਵੱਡੇ ਹਾਲ ਕੇਪ ਆਫ ਗੁਡ ਹੋਪ ਵਿਚ ਵਿਸ਼ਵ ਧਰਮਾਂ ਦੀ ਪਾਰਲੀਮੈਂਟ ਹੋਈ, ਇਸ ਪਾਰਲੀਮੈਂਟ ਵਿਚ ਭਾਗ ਲੈਣ ਲਈ ਸ੍ਰੀ ਸਤਿਗੁਰੂ ਜੀ ਵਲੋਂ ਆਪਣਾ ਡੇਲੀਗੇਸ਼ਲ ਭੇਜਿਆ ਗਿਆ।

ਇਹ ਡੈਲੀਗੇਸ਼ਨ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ੍ਰੀ ਹਰਵਿੰਦਰ ਸਿੰਘ ਹੰਸਪਾਲ ਅਤੇ ਜਨਰਲ ਸੱਕਤਰ ਸ. ਜਗਦੀਸ਼ ਸਿੰਘ ਵਰਿਆਮ ਦੀ ਅਗਵਾਈ ਹੇਠ ਗਿਆ। ਇਸ ਵਿਚ ਸ. ਜਸਵਿੰਦਰ ਸਿੰਘ ਹਿਸਟੋਰੀਅਨ, ਪ੍ਰੋ. ਤਾਰਾ ਸਿੰਘ ਅਨਜਾਣ, ਸੰਗੀਤਕਾਰ ਸੰਤ ਸੁਖਦੇਵ ਸਿੰਘ ਆਦਿਕ ਸ਼ਾਮਲ ਸਨ।

ਅਫਰੀਕਾ ਵਲੋਂ ਇਸ ਦੀ ਅਗਵਾਈ ਸੂਬਾ ਸਤਨਾਮ ਸਿੰਘ ਕਰ ਰਹੇ ਸਨ। ਇਸ ਪਾਰਲੀਮੈਂਟ ਵਿਚ ਸਾਰੇ ਧਰਮਾਂ ਦੇ ਨੁਮਾਇੰਦਿਆਂ ਨੇ ਆਪਸ ਵਿਚ ਸੁਹਿਰਦਤਾ ਪੂਰਨ ਅਤੇ ਅਮਨ ਅਮਾਨ ਵਾਲਾ ਮਾਹੌਲ ਸਿਰਜਣ ਵਿਚ ਆਪਣਾ ਹਿੱਸਾ ਪਾਉਣ ਉਤੇ ਜ਼ੋਰ ਦਿੱਤਾ। ਇਸ ਪਾਰਲੀਮੈਂਟ ਵਿਚ ਕ੍ਰੀਬ ਸੱਤ ਹਜ਼ਾਰ ਪ੍ਰਤੀਨਿਧ ਸ਼ਾਮਲ ਹੋਏ। ਇਹ ਭਾਰਤ ਤੋਂ ਇਲਾਵਾ ਯੂ.ਕੇ., ਕੀਨੀਆ, ਤਨਜਾਨੀਆ, ਦੱਖਣੀ ਅਫਰੀਕਾ, ਬੋਤਸਵਾਨਾ, ਆਸਟਰੇਲੀਆ ਆਦਿ ਦੇਸ਼ਾਂ ਵਿਚੋਂ ਆਏ ਸਨ।

ਪ੍ਰੋ. ਤਾਰਾ ਸਿੰਘ ਅਨਜਾਣ ਇਸ ਬਾਰੇ ਸਤਿਜੁਗ ਅਖਬਾਰ ਦੇ 30 ਦਸੰਬਰ 1999 ਤੋਂ 5 ਜਨਵਰੀ ਸੰਨ 2000 (15 ਤੋਂ 21 ਪੋਹ 2056) ਦੇ ਅੰਕ ਵਿਚ 'ਵਿਸ਼ਵ ਧਰਮਾਂ ਦੀ ਪਾਰਲੀਮੈਂਟ ਵਿਚ ਨਾਮਧਾਰੀ ਪੰਥ ਦਾ ਪ੍ਰਚਾਰ' ਸਿਰਲੇਖ ਹੇਠ ਇਉਂ ਲਿਖਦੇ ਹਨ-

"ਅੱਜ ਏਥੇ ਵੱਡੇ ਹਾਲ, ਕੇਪ ਆਫ ਗੁਡ ਹੋਪ ਵਿਚ ਨਾਮਧਾਰੀ ਸੰਗਤ ਵਲੋਂ ਸਟੇਜ ਉਤੇ ਨਾਮ ਸਿਮਰਨ ਕੀਤਾ ਗਿਆ। ਉਸ ਦੇ ਨਾਲ ਸੰਤ ਸੁਖਦੇਵ ਸਿੰਘ, ਸੰਤ ਜਗਦੀਸ਼ ਸਿੰਘ ਤੇ ਸੂਬਾ ਸਤਨਾਮ ਸਿੰਘ ਨੇ ਕੀਰਤਨ ਕੀਤਾ। ਸ. ਹਰਵਿੰਦਰ ਸਿੰਘ ਹੰਸਪਾਲ ਨੇ ਨਾਮ ਸਿਮਰਨ ਸੁਖੀ ਜਿਉਣ ਦੀ ਕੁੰਜੀ, ਬਾਰੇ ਅੰਗਰੇਜ਼ੀ ਵਿਚ ਭਾਸ਼ਣ ਦਿੱਤਾ।

ਸੰਤ ਜਗਦੀਸ਼ ਸਿੰਘ ਵਰਿਆਮ ਨੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਵਿਸ਼ਵ ਸ਼ਾਂਤੀ ਲਈ ਅਰਦਾਸ ਕੀਤੀ। ਸਟੇਜ ਸੱਕਤਰ ਨਾਮਧਾਰੀ ਸੰਗਤ ਤਨਜ਼ਾਨੀਆ ਦੇ ਪ੍ਰਧਾਨ ਸੰਤ ਸਤਵੰਤ ਸਿੰਘ ਪਾਲਰੇ ਸਨ।

ਹਾਲ ਵਿਚ ਇਸਾਈ, ਯਹੂਦੀ, ਪਾਰਸੀ, ਸਿੱਖ, ਹਿੰਦੂ, ਮੁਸਲਮਾਨ ਸਭ ਧਰਮਾਂ ਦੇ ਪ੍ਰਤੀਨਿਧ ਹਾਜ਼ਰ ਸਨ। ਸਭ ਨੇ ਅਰਦਾਸ ਬਾਅਦ ਨਿਜੀ ਤੌਰ 'ਤੇ ਨਾਮਧਾਰੀ ਸਿੱਖਾਂ ਨੂੰ ਮਿਲਕੇ ਉਹਨਾਂ ਦੇ ਇਸ ਪ੍ਰੋਗਰਾਮ ਦੀ ਪ੍ਰਸੰਸਾ ਤਾਂ ਕੀਤੀ ਪਰ ਉਹ ਸ੍ਰੀ ਸਤਿਗੁਰੂ ਜੀ ਦੇ, ਪਾਰਲੀਮੈਂਟ ਵਿਚ ਦਰਸ਼ਨ ਨਾ ਦੇਣ ਕਰਕੇ ਉਦਾਸ ਸਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਪਹੁੰਚੇ ਨਾਮਧਾਰੀ ਪ੍ਰਤੀਨਿਧ ਆਪਣੇ ਉਜ਼ਲੇ ਸਫੈਦ ਬਾਣੇ ਦਾ ਪ੍ਰਭਾਵ ਵਿਖਾ ਰਹੇ ਸਨ। ਨਾਮਧਾਰੀ ਪ੍ਰਤੀਨਿਧਾਂ ਦਾ ਵਿਚਰਨਾ ਹੀ ਨਹੀਂ ਉਨ੍ਹਾਂ ਰਾਹੀ ਹਰ ਜਗਿਆਸੂ ਨੂੰ ਦਿੱਤਾ ਜਾ ਰਿਹਾ ਅੰਗਰੇਜ਼ੀ ਦਾ ਕਿਤਾਬਚਾ 'ਅਮਨ ਦੇ ਯੋਧਾ', ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ' ਜਿਥੇ ਉਹਨਾਂ ਲਈ ਠੋਸ ਸਚਿੱਤਰ ਪੜ੍ਹਨ ਸੱਮਗਰੀ ਸੀ ਉਥੇ ਸ੍ਰੀ ਸਤਿਗੁਰੂ ਜੀ ਦੇ ਦੈਵੀ ਚਿੱਤਰ ਦਰਸ਼ਨ ਕਾਰਨ ਉਹਨਾਂ ਦੇ ਮਨਾਂ ਵਿਚ ਸ਼ਰਧਾ ਤੇ ਉਤਸੁਕਤਾ ਪੈਦਾ ਹੁੰਦੀ ਸੀ। ਉਹਨਾਂ ਅੰਦਰ ਇੱਛਾ ਪ੍ਰਗਟ ਹੁੰਦੀ ਸੀ ਕਿ ਸ੍ਰੀ ਸਤਿਗੁਰੂ ਜੀ ਦੇ ਸਾਮਰਤੱਖ ਦਰਸ਼ਨ ਕਰ ਸਕਣ।"

ਯੂ.ਐਨ. ਓ (ਸੰਯੁਕਤ ਰਾਸ਼ਟਰ), ਸ਼ਾਂਤੀ ਲਈ ਕੰਮ ਕਰਨ ਵਾਲੀ ਸੰਸਾਰ ਦੀ ਸਭ ਤੋਂ ਵੱਡੀ ਸੰਸਥਾ ਹੈ। ਇਹ ਲੰਮੇ ਅਰਸੇ ਤੋਂ ਕਾਰਜਸ਼ੀਲ ਹੈ। 28 ਤੋਂ 31 ਅਗਸਤ ਸੰਨ 2000 ਨੂੰ ਨਿਊਯਾਰਕ (ਅਮਰੀਕਾ) ਵਿਚ ਸਟੈਚੂ ਆਫ ਲਿਬਰਟੀ ਦੇ ਨੇੜੇ ਮਨਹਟਨ ਟਾਪੂ ਵਿਚ ਯੂ.ਐਨ. ਓ. ਦੇ ਜਨਰਲ ਅਸੈਂਬਲੀ ਹਾਲ ਵਿਚ ਦਹਿਸਦੀ (ਮਿਲੇਨੀਅਮ) ਵਿਸ਼ਵ-ਅਮਨ ਸਿਖਰ ਸੰਮੇਲਨ ਹੋਇਆ। ਇਸ ਚਾਰ ਦਿਨਾਂ ਸੰਮੇਲਨ ਵਿਚ ਦੁਨੀਆਂ ਦੇ ਕ੍ਰੀਬ 90 ਦੇਸ਼ਾਂ-ਕੌਮਾਂ ਦੇ

ਲਗਭਗ ਦੋ ਹਜ਼ਾਰ ਧਾਰਮਕ ਆਗੂ ਵਿਚਾਰ-ਵਟਾਂਦਰਾ ਕਰਨ ਲਈ ਇਕੱਤਰ ਹੋਏ । ਇਸ ਸੰਮੇਲਨ ਵਿਚ ਸ੍ਰੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਸੇਵਕਾਂ ਸਮੇਤ ਦਰਸ਼ਨ ਦੇ ਕੇ, ਆਪਣਾ ਮਹਤੱਵਪੂਰਨ ਅਗਵਾਈ ਭਰਿਆ ਯੋਗਦਾਨ ਦਿੱਤਾ।

ਇਸ ਸਮੇਂ ਸੰਮੇਲਨ ਦੇ ਜਨਰਲ ਸਕੱਤਰ ਸ੍ਰੀ ਬਾਵਾ ਜੈਨ ਨੇ ਕਿਹਾ,

"ਇਹ ਮੇਰੇ ਆਚਾਰੀਆ ਸੁਸ਼ੀਲ ਮੁਨੀ ਜੀ ਦਾ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕੀਤੀ ਚਰਚਾ ਦਾ ਸੁਪਨਾ ਸਾਕਾਰ ਹੋ ਰਿਹਾ ਹੈ, ਉਨ੍ਹਾਂ ਦੀ ਇੱਛਾ ਸੀ ਕਿ ਯੂ.ਐਨ.ਓ. ਵਿਚ ਵਿਸ਼ਵ ਅਮਨ ਸਿਖਰ ਸੰਮੇਲਨ ਕੀਤਾ ਜਾਵੇ। ਅੱਜ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਹ ਸਿਖਰ ਸੰਮੇਲਨ ਕਰਦਿਆ ਮੈਨੂੰ ਇੰਜ ਖੁਸ਼ੀ ਹੋ ਰਹੀ ਹੈ ਜਿਵੇਂ ਮੈਂ ਆਪਣੇ ਪ੍ਰਲੋਕ ਗਵਨ ਕਰ ਚੁੱਕੇ ਆਚਾਰੀਆ ਜੀ ਦੀ ਹਜ਼ੂਰੀ ਵਿਚ ਹੀ ਸੰਮੇਲਨ ਕਰ ਰਿਹਾ ਹੋਵਾਂ।"

ਸ੍ਰੀ ਸਤਿਗੁਰੂ ਜੀ ਨੇ ਆਪਣੇ ਪ੍ਰਵਚਨਾਂ ਵਿਚ ਫਰਮਾਇਆ,

" ਦੂਜੇ ਦਾ ਹੱਕ ਨਾ ਖਾਓ, ਜੀਵ ਹੱਤਿਆ ਨਾ ਕਰੋ। ਹਿੰਸਾ ਨਹੀਂ ਕਰਨੀ, ਨਾ ਮਨ ਕਰ ਕੇ, ਨਾ ਬਚਨ ਕਰ ਕੇ, ਨਾ ਕਰਮ ਕਰ ਕੇ। ਆਪਣੇ ਹੱਕ ਉਤੇ ਰਹਿਣ ਨਾਲ ਹੀ ਨਹੀਂ ਸਗੋਂ ਆਪਣੇ ਹੱਕ ਵਿਚੋਂ ਦਾਨ ਕਰਨ ਨਾਲ, ਸਰਬੱਤ ਦਾ ਭਲਾ ਮੰਗਣ ਨਾਲ ਅਮਨ ਹੋ ਸਕਦਾ ਹੈ। ਉਨ੍ਹਾਂ ਲਈ ਵੀ ਪ੍ਰਰਥਨਾ ਕਰੋ ਜੋ ਬੇਜ਼ਬਾਨ ਹਨ-ਪਸ਼ੂ, ਪੰਛੀ। ਸਾਨੂੰ ਦੂਸਰੇ ਦੇ ਹੱਕ ਨੂੰ ਖੋਹਣਾ ਨਹੀਂ ਚਾਹੀਦਾ ਉਸ ਦੀ ਰਾਖੀ ਕਰਨੀ ਚਾਹੀਦੀ ਹੈ।ਆਪਣੇ ਹੱਕ ਦਾ ਦਾਨ ਕਰੋ। ਇਸ ਨਾਲ ਸਾਰੇ ਹੀ ਝਗੜੇ ਮੁੱਕ ਸਕਦੇ ਹਨ ਅਤੇ ਵਿਸ਼ਵ ਵਿਚ ਸ਼ਾਂਤੀ ਹੋ ਸਕਦੀ ਹੈ

ਸ੍ਰੀ ਸਤਿਗੁਰੂ ਜੀ ਨੇ ਨਾਮ ਸਿਮਰਨ 'ਤੇ ਬਲ ਦੇਣ ਲਈ ਕਿਹਾ । ਜੰਗੀ ਹਥਿਆਰਾਂ ਦੇ ਖਾਤਮੇ ਲਈ ਭਜਨ-ਬੰਦਗੀ ਤੇ ਪ੍ਰਾਰਥਨਾ ਹੋਵੇ। ਸ੍ਰੀ ਸਤਿਗੁਰੂ ਜੀ ਅਨੁਸਾਰ ਜੇ ਲੋਕਾਂ ਦੇ ਮਨ ਸ਼ਾਂਤ ਹੋਣਗੇ ਤਾਂ ਹੀ ਸੰਸਾਰ ਤੇ ਸ਼ਾਂਤੀ ਹੋ ਸਕਦੀ ਹੈ। ਸ਼ਾਂਤੀ ਕੇਵਲ ਧਰਮ ਵਾਲੇ ਹੀ ਦੇ ਸਕਦੇ ਹਨ। ਸਾਨੂੰ ਉਸ ਦਾ ਵੀ ਭਲਾ ਸੋਚਣਾ ਚਾਹੀਦਾ ਹੈ, ਜੋ ਸਾਡੇ ਨਾਲ ਦੁਸ਼ਮਣੀ ਕਰਦਾ ਹੋਵੇ।

15 ਅਗਸਤ 2001 ਨੂੰ, ਵਿਸ਼ਵ ਹਿੰਦੂ ਪਰਿਸ਼ਦ ਵਲੋਂ ਸੰਸਾਰ ਅਮਨ ਅਤੇ ਵਿਸ਼ਵ ਭਾਈਚਾਰੇ ਲਈ ਕੰਮ ਕਰਨ ਕਾਰਣ ਆਪ ਨੂੰ ਧਰਮ ਰਤਨ ਸਨਮਾਨ ਭੇਂਟ ਕੀਤਾ ਗਿਆ। ਇਸ ਮੌਕੇ 'ਤੇ ਆਪਣੇ ਸੰਬੋਧਨ ਵਿਚ ਆਪ ਨੇ ਫਰਮਾਇਆ,

"ਜਿਹੜਾ ਮਸਾਲਾ ਬਣ ਚੁੱਕਾ ਏ, ਬੰਬ ਜਿਹੜੇ ਬਣ ਚੁੱਕੇ ਨੇ, ਅਗਰ ਉਹ ਚੱਲ ਜਾਣ ਤਾਂ ਸਾਰੀ ਦੁਨੀਆਂ ਇਕ ਵੇਰਾਂ ਨਹੀਂ ਕਈ ਵੇਰਾਂ ਖਤਮ ਹੋ ਸਕਦੀ ਹੈ। ਇਸ ਦੇ ਵਾਸਤੇ ਬਹੁਤ ਜ਼ਰੂਰੀ ਹੈ ਕਿ ਇਸਨੂੰ ਸਮਾਪਤ ਕੀਤਾ ਜਾਏ। ਜਿਹੜੀ ਵਿਸ਼ਵ ਸ਼ਾਂਤੀ ਹੈ ਇਹਨੂੰ ਲਿਆਂਦਾ ਜਾਵੇ। ਅਸ਼ਾਂਤੀ ਖਤਮ ਕੀਤੀ ਜਾਵੇ। ਮੈਨੂੰ ਬੜੀ ਖੁਸ਼ੀ ਹੈ ਕਿ ਜਿਹੜੇ ਲੋਕ ਇਹ ਕੰਮ ਕਰਦੇ ਨੇ, ਉਹਦੇ ਨਾਲ ਸੰਸਾਰ 'ਤੇ ਸ਼ਾਂਤੀ ਹੋ ਸਕਦੀ ਹੈ। ਤੁਸੀਂ ਜੇ 40-50 ਦੇਸ਼ਾਂ ਵਿਚ ਜਾਓਗੇ ਤਾਂ ਲੋਕ ਹੋਰ ਉੱਦਮ ਕਰਨਗੇ। ਇਸ ਤਰ੍ਹਾਂ ਕਰਨ ਨਾਲ ਸੰਸਾਰ 'ਤੇ ਸ਼ਾਂਤੀ ਹੋ ਸਕਦੀ ਹੈ।"

ਸ੍ਰੀ ਸਤਿਗੁਰੂ ਜੀ ਇਹ ਵੀ ਫਰਮਾਉਂਦੇ ਹਨ,

"ਜਿਵੇਂ ਕਿ ਤੁਸੀਂ ਜਾਣਦੇ ਹੋ, ਜਹਾਜ਼ ਬਣਾਣ ਦੀ ਵਿੱਦਿਆ ਬੜੀ ਚੰਗੀ ਹੈ ਪਰ ਜੇ ਜਹਾਜ਼ ਜੰਗ ਦੇ ਬੰਬ ਵਰ੍ਹਾਣੇ ਸ਼ੁਰੂ ਕਰ ਦੇਵੇ ਤਾਂ ਉਸ ਦਾ ਕੁਛ ਲਾਭ ਨਹੀਂ। ਜੇ ਇਹੋ ਜਹਾਜ਼ ਰੋਟੀ-ਕਪੜਾ ਆਦਿ ਲੈ ਕੇ ਪਾਣੀ-ਘਿਰੇ ਲੋਕਾਂ ਤੇ ਹੋਰ ਪੀੜਤ ਵਿਅਕਤੀਆਂ ਦੀ ਮਦਦ ਲਈ ਪਹੁੰਚੇ ਤਾਂ ਬਹੁਤ ਅੱਛਾ ਹੈ।"

– ਬੀਤੇ ਦੀਆਂ ਪੈੜਾਂ ਭਾਗ
ਦੂਜਾ (ਪੰਨਾ 118)
ਲੇਖਕ ਕਵੀ ਪ੍ਰੀਤਮ ਸਿੰਘ

## 'ਧਰਮ-ਰਤਨ' ਸਨਮਾਨ

15 ਅਗਸਤ, ਸੰਨ 2001 ਨੂੰ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਨਵੀਂ ਦਿੱਲੀ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਰੂਹਾਨੀਅਤ, ਵਿਸ਼ਵ ਭਾਈਚਾਰੇ ਅਤੇ ਸੰਸਾਰ ਅਮਨ ਲਈ ਬੇਮਿਸਾਲ ਕਾਰਜ ਕਰਨ ਕਾਰਨ ' ਧਰਮ-ਰਤਨ ' ਸਨਮਾਨ ਸਮਰਪਿਤ ਕਰ ਕੇ ਸਨਮਾਨਿਤ ਕੀਤਾ ਗਿਆ। ਪਰਮ-ਪੂਜ ਸ੍ਰੀ ਸਤਿਗੁਰੂ ਜੀ ਨੂੰ ਇਸ ਸਨਮਾਨ ਦੇਣ ਦੇ ਸਮਾਰੋਹ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਧਾਰਮਿਕ ਵਿਅਕਤੀਆਂ ਨੇ ਹਿੱਸਾ ਲਿਆ। ਇਹ ਸਨਮਾਨ ਵਿਸ਼ਵ ਧਰਮ ਪ੍ਰਸਾਰ ਯਾਤਰਾ-2001 ਕਰਨ ਵਾਲੀ ਵਿਸ਼ਵ ਹਿੰਦੂ ਲੀਡਰਜ਼ ਫੋਰਮ ਵਲੋਂ ਦਿੱਤਾ ਗਿਆ।

ਸੰਸਾਰ ਭਰ ਦੇ 40 ਦੇਸ਼ਾਂ ਦੇ ਘੱਟੋ ਘੱਟ 50 ਵੱਡੇ ਸ਼ਹਿਰਾਂ ਵਿਚ ਧਰਮ ਅਤੇ ਸੰਸਕ੍ਰਿਤੀ ਦੇ ਪ੍ਰਚਾਰ ਪ੍ਰਸਾਰ ਵਾਸਤੇ ਧਾਰਮਕ ਮਹਾਂ ਪੁਰਖਾਂ ਵਲੋਂ " ਵਿਸ਼ਵ ਧਰਮ ਪ੍ਰਸਾਰ ਯਾਤਰਾ-2001 " ਆਰੰਭ ਕੀਤੀ ਗਈ। ਯਾਤਰਾ ਆਰੰਭ ਕਰਨ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੂੰ ਇਹ ਸਨਮਾਨ ਸਮਰਪਤ ਕਰਕੇ ਧਾਰਮਕ ਆਗੂਆਂ ਨੇ ਆਪਣੇ ਆਪ ਨੂੰ ਵਡਭਾਗੀ ਜਾਣਿਆ।

ਇਸ ਸਨਮਾਨ ਨੂੰ ਪਰਵਾਨ ਕਰਨ ਦੀ ਇਜ਼ਾਜਤ ਲੈਣ ਲਈ, ਯਾਤਰਾ ਦੇ ਰੂਹੇ-ਰਵਾਂ ਡਾ. ਭੁਪਿੰਦਰ ਕੁਮਾਰ ਮੋਦੀ (ਪ੍ਰਧਾਨ ਵਿਸ਼ਵ ਹਿੰਦੂ ਪਰਿਸ਼ਦ) ਅਤੇ ਬੀਬੀ ਅੰਜਲੀ ( ਵਿਸ਼ਵ ਹਿੰਦੂ ਪਰਿਸ਼ਦ ਦੀ ਯੂ.ਐਸ. ਏ. ਸ਼ਾਖਾ ਦੇ ਜਨਰਲ ਸੱਕਤਰ) 5 ਅਗਸਤ 2001 ਨੂੰ ਸ੍ਰੀ ਭੈਣੀ ਸਾਹਿਬ ਪਹੁੰਚੇ ਅਤੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕਰ ਕੇ ਪ੍ਰਵਾਨਗੀ ਲੈ ਕੇ ਆਏ।

ਵਿਸ਼ਵ ਧਰਮ ਪ੍ਰਸਾਰ ਯਾਤਰਾ ਦਾ ਆਰੰਭ ਅਤੇ ਸਤਿਗੁਰੂ ਜਗਜੀਤ ਸਿੰਘ ਸਨਮਾਨ ਸਮਾਰੋਹ, ਨਵੀਂ ਦਿੱਲੀ ਵਿਖੇ ਮਾਰਕੰਡੇ ਹਾਲ ਛਤਰਪੁਰ 'ਚ ਕੀਤਾ ਗਿਆ।

ਇਸ ਧਰਮ-ਰਤਨ ਸਨਮਾਨ ਵਿਚ ਸ੍ਰੀ ਸਤਿਗੁਰੂ ਜੀ ਨੂੰ ਸੋਨੇ ਦਾ ਤਗਮਾ,ਅਭਿਨੰਦਨ ਪੱਤਰ, ਸ਼ਾਲ, ਸਾਈਟੇਸ਼ਨ ਅਤੇ ਸਿਮ੍ਰਤੀ ਚਿੰਨ ਆਦਿ ਭੇਟ ਕੀਤੇ ਗਏ। ਸ੍ਰੀ ਸਤਿਗੁਰੂ ਜੀ ਨੂੰ ਡਾਕਟਰਾਂ ਦੀ ਰਾਏ ਅਨੁਸਾਰ ਸਫਰ ਕਰਨ ਦੀ ਮਨਾਹੀ ਕਾਰਨ ਇਹ ਸਨਮਾਨ ਲੈਣ ਹਜ਼ੂਰ ਖੁਦ ਨਹੀਂ ਜਾ ਸਕੇ। ਕੇਂਦਰੀ ਮੰਤਰੀ ਡਾ. ਮੁਰਲੀ ਮਨੋਹਰ ਜੋਸ਼ੀ ਨੇ ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਚਰਨਾਂ 'ਚ ਭੇਟ ਕਰਨ ਲਈ, ਇਹ ਸਨਮਾਨ ਸ੍ਰੀ ਸਤਿਗੁਰੂ ਜੀ ਵਲੋਂ ਸਮਾਗਮ ਵਿਚ ਭੇਜੇ ਗਏ ਆਪਣੇ ਨੁਮਾਇੰਦੇ ਸੰਤ ਜਗਤਾਰ ਸਿੰਘ ਜੀ ਨੂੰ ਦਿਤਾ।

ਇਸ ਸਮਾਰੋਹ ਵਿਚ ਵਿਸ਼ਵ ਹਿੰਦੂ ਪਰਿਸ਼ਦ ਦੇ ਸ੍ਰੀ ਵਿਸ਼ਨੂੰ ਹਰੀ ਡਾਲਮੀਆਂ, ਡਾ. ਭੁਪਿੰਦਰ ਕੁਮਾਰ ਮੋਦੀ, ਸ੍ਰੀ ਮੋਹਨ ਲਾਲ ਮਿੱਤਲ ਵਰਗੇ ਬਹੁਤ ਸਾਰੇ ਪਤਵੰਤੇ, ਧਾਰਮਕ ਵਿਅਕਤੀ ਅਤੇ ਨਾਮਧਾਰੀ ਸਿੱਖ ਪੁੱਜੇ ਹੋਏ ਸਨ। ਸਵਾਗਤੀ ਕਮੇਟੀ ਦੇ ਮੈਂਬਰ ਸਨ-

ਬੀਬੀ ਅੰਜਲੀ, ਮਹੰਤ ਸੁਰਿੰਦਰ ਕੁਮਾਰ, ਮਹਾਰਾਜ ਅਵਧੂਤ, ਸਰਵ ਸ਼੍ਰੀ ਓ. ਪੀ. ਸਿੰਘਲ, ਜਗਜੀਤ ਅਰੋੜਾ, ਸੁਖਬੀਰ ਸ਼ਰਨ ਅਗਰਵਾਲ, ਐਸ. ਐਨ.ਪੀ. ਪੁੰਜ, ਸ੍ਰੀਰੇਸ਼ ਚੰਦਰ ਦੀਕਸ਼ਿਤ, ਸੁਭਾਸ਼ ਅਗਰਵਾਲ, ਐਲ. ਐਨ. ਝੁਨਝੁਨਵਾਲਾ, ਨਰਿੰਦਰ ਮੋਹਨ, ਸੁਭਾਸ਼ ਕਪੂਰ, ਜੈਨਾਰਾਇਣ ਖੰਡੇਲਵਾਲ, ਰਾਜਿੰਦਰ ਪ੍ਰਸ਼ਾਦ, ਸਿਧਾਰਥ ਸ੍ਰੀਰਾਮ, ਸੰਤਰਾਮ ਗੋਇਲ, ਰਾਸ਼ਟਰ ਪ੍ਰਕਾਸ਼, ਰੋਸ਼ਨ ਲਾਲ ਅਗਰਵਾਲ, ਜਨਰਲ ਜੋਗਲੇਕਰ, ਸੁਰੇਸ਼ ਵਾਜਪਈ, ਜੇ. ਪੀ. ਅਗਰਵਾਲ, ਮੇਜਰ ਜਨਰਲ ਗੁਪਤਾ, ਜਸਬੀਰ ਸਿੰਘ ਨਾਮਧਾਰੀ ਆਦਿ। ਮੁੱਖ ਮਹਿਮਾਨ ਡਾ. ਮੁਰਲੀ ਮਨੋਹਰ ਜੋਸ਼ੀ ( ਮਾਨਵ ਸੰਸਾਧਨ ਵਿਕਾਸ ਮੰਤਰੀ, ਭਾਰਤ ਸਰਕਾਰ) ਸਨ। ਸਮਾਗਮ ਦਾ ਆਰੰਭ ਸ਼ਾਮ 5.30 ਵਜੇ, ਵੈਦਕ, ਜੈਨ, ਬੋਧ ਮੰਗਲਾਚਰਨ ਅਤੇ ਗੁਰਬਾਣੀ ਦੇ ਸ਼ਬਦਾਂ ਦੇ ਉਚਾਰਨ ਨਾਲ ਹੋਇਆ। ਉਪਰੰਤ ਵਿਸ਼ਵ ਹਿੰਦੂ ਪਰਿਸ਼ਦ ਦੇ ਸ੍ਰੀ ਵਿਸ਼ਨੂੰ ਹਰੀ ਡਾਲਮੀਆਂ ਨੇ ਮੁੱਖ ਮਹਿਮਾਨ ਅਤੇ ਹੋਰ ਪਤਵੰਤੇ ਸੱਜਨਾਂ ਸੰਬੰਧੀ ਸੁਆਗਤੀ ਸ਼ਬਦ ਕਹੇ।

ਕੇਂਦਰੀ ਮੰਤਰੀ ਡਾ. ਮੁਰਲੀ ਮਨੋਹਰ ਜੋਸ਼ੀ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ,

" ਸਾਧੂ ਸੰਤ ਭਾਰਤ ਦੀ ਅਧਿਆਤਮਕ ਊਰਜਾ, ਚੇਤਨਾ ਤੇ ਸ਼ਕਤੀ ਦੇ ਪ੍ਰਤੀਕ ਹਨ। ਸੰਸਾਰ ਵਿਚ ਬੇਚੈਨੀ, ਬਦ-ਅਮਨੀ ਤੇ ਭੁਖਮਰੀ ਵੱਧ ਰਹੀ ਹੈ। ਸਾਡੀਆਂ ਨੈਤਿਕ ਕਦਰਾਂ, ਸਾਰੇ ਸੰਸਾਰ ਨੂੰ ਕੁਟੰਬ ਮੰਨਦੀਆਂ ਹਨ। ਅਸੀਂ ਵਿਸ਼ਵ ਧਰਮ ਪ੍ਰਸਾਰ ਯਾਤਰਾ ਰਾਹੀਂ ਇਹ ਸੰਦੇਸ਼ ਸੰਸਾਰ ਵਿਚ ਪਹੁੰਚਾਉਣਾ ਹੈ ਅਤੇ ਸਭ ਦਾ ਭਲਾ ਮੰਗਣਾ ਹੈ । ਉਂਝ ਇਹ ਯਾਤਰਾ ਪਿਛਲੇ ਸਾਲ ਯੂ.ਐਨ.ਓ. ਵਿਚ ਹੋਏ ਵਿਸ਼ਵ ਸਿਖਰ ਅਮਨ ਸੰਮੇਲਨ ਨਾਲ ਹੀ ਸ਼ੁਰੂ ਹੋ ਚੁੱਕੀ ਸੀ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਉਸ ਸੰਮੇਲਨ ਵਿਚ ਕਿਰਪਾ ਕੀਤੀ ਸੀ। ਸਤਿਗੁਰੂ ਜੀ ਦਾ ਸੰਦੇਸ਼ ਨਾਮ ਜਪੋ, ਵੰਡ ਛਕੋ, ਕਿਰਤ ਕਰੋ ਹੈ। ਇਸ ਪਿਛੇ ਪਰਵਾਰ ਦੀ ਭਾਵਨਾ ਹੈ। ਸਤਿਗੁਰੂ ਜੀ ਸਾਡੇ ਸਿਰਮੌਰ ਹਨ। ਨਾਮਧਾਰੀ ਸਿੱਖਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਪ੍ਰੇਰਨਾ ਲੈ ਕੇ ਧਰਮ ਲਈ ਸਭ ਕੁਝ ਕੀਤਾ। ਗਊਆਂ ਨੂੰ ਬੁੱਚੜਾਂ ਤੋਂ ਛੁਡਾਉਣ ਲਈ ਕੁਰਬਾਨੀਆਂ ਦਿੱਤੀਆਂ । ਦੇਸ਼ ਨੂੰ ਅਜ਼ਾਦ ਕਰਾਉਣ ਲਈ ਸੁਦੇਸ਼ੀ, ਨਾ ਮਿਲਵਰਤਣ, ਅਹਿੰਸਾ ਦਾ ਰਾਹ ਅਪਣਾਇਆ। ਸਾਡੀ ਸ਼ਕਤੀ ਕੇਵਲ ਰਾਜ ਜਾਂ ਧਨ ਦੀ ਨਹੀਂ ਮੰਚ ਤੇ ਬੈਠੇ ਸੰਤ ਤੇ ਧਰਮ-ਗੁਰੂ ਹਨ।"

ਸਨਮਾਨ ਭੇਟ ਕਰਨ ਸਮੇਂ ਪੜ੍ਹੀ ਗਈ ਸਾਈਟੇਸ਼ਨ ਵਿਚ ਵਿਸ਼ਵ ਹਿੰਦੂ ਲੀਡਰਜ਼ ਫੋਰਮ ਦੇ ਆਗੂਆਂ ਡਾ. ਭੁਪਿੰਦਰ ਕੁਮਾਰ ਮੋਦੀ ਅਤੇ ਸ੍ਰੀ ਮੋਹਨ ਲਾਲ ਮਿੱਤਲ ਆਦਿ ਨੇ ਆਪਣੀਆਂ ਭਾਵਨਾਵਾਂ ਲਿਖੀਆਂ।

ਸਾਈਟੇਸ਼ਨ ਸ਼ਬਦਾਂ ਦਾ ਉਚਾਰਣ ਇੰਜ ਕੀਤਾ ਗਿਆ,

" ਪਰਮ ਪੂਜ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ, ਮਨੁੱਖੀ ਸਮਾਜ ਨੂੰ ਨਿਰੰਤਰ ਧਰਮ ਦੇ ਸੰਦੇਸ਼ ਦਿੰਦੇ ਹੋਏ ਵਿਸ਼ਵ ਸ਼ਾਂਤੀ ਦੀ ਸਥਾਪਨਾ ਲਈ ਆਪ ਜੀ ਦੇ ਵੱਡਮੁੱਲੇ ਯੋਗਦਾਨ ਕਾਰਨ ਅਸੀਂ ਆਪ ਜੀ ਨੂੰ ਸਾਲ 2001 ਦੇ ਧਰਮ ਰਤਨ ਸਨਮਾਨ ਨਾਲ ਸਨਮਾਨਿਤ ਕਰਦੇ ਹਾਂ।"

ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤਾ ਗਿਆ ਅਭਿਨੰਦਨ ਪੱਤਰ ਸ੍ਰੀ ਮੋਹਨ ਲਾਲ ਮਿੱਤਲ ਨੇ ਪੜ੍ਹਿਆ। ਹਿੰਦੀ ਲਿਪੀ ਅਤੇ ਬੋਲੀ ਵਿਚ ਇਹ ਅਭਿਨੰਦਨ ਪੱਤਰ ਸੀ।

ਇਸ ਅਭਿਨੰਦਨ ਪੱਤਰ ਦਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ-

" ਪਰਮ ਪੂਜਯ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਜਨਮ ਸ੍ਰੀ ਭੈਣੀ ਸਾਹਿਬ (ਲੁਧਿਆਣਾ) ਵਿਖੇ ਸੰਨ 1920 ਵਿਚ ਹੋਇਆ। ਸੰਨ 1959 ਵਿਚ ਆਪ ਨੇ ਨਾਮਧਾਰੀ ਸਿੱਖ ਸੰਪਰਦਾਇ ਦੇ ਅਧਿਆਤਮਕ ਗੁਰੂ , ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦਾ ਸਥਾਨ ਗ੍ਰਹਿਣ ਕੀਤਾ ਅਤੇ ਉਦੋਂ ਤੋਂ ਉਹ ਲਗਾਤਾਰ ਨਾਮਧਾਰੀ ਸਿੱਖ ਸੰਪਰਦਾਇ ਦੇ ਅਲੌਕਿਕ ਮਾਰਗ ਦਰਸ਼ਨ ਅਤੇ ਵਿਸ਼ਵ ਹਿੰਦੂ ਪਰਿਦਸ਼ ਦੇ ਸੰਸਥਾਪਕ ਹੋਣ ਦੇ ਨਾਤੇ ਪੂਰੇ ਹਿੰਦੂ ਸਮਾਜ ਦਾ ਦਿਸ਼ਾ ਦਰਸ਼ਨ ਕਰ ਰਹੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਤਿਸ਼ਠਿਤ ਨਾਮਧਾਰੀ ਸਿੱਖ ਸੰਪਰਦਾਇ ਦੇ ਸਰਵਉੱਚ ਅਧਿਆਤਮਕ ਗੁਰੂ ਦੇ ਰੂਪ ਵਿਚ, ਮੱਨੁਖਾਂ ਦੇ ਭਲੇ ਲਈ ਜੋ ਆਪ ਜੀ ਨੇ ਉਪਦੇਸ਼ ਦਿਤੇ ਹਨ, ਉਸ ਨਾਲ ਨਾ ਸਿਰਫ ਭਾਰਤ ਵਿਚ ਸਗੋਂ ਸਮੁੱਚੇ ਵਿਸ਼ਵ ਵਿਚ ਮਨੁੱਖਤਾ ਦਾ ਕਲਿਆਣ ਹੋਇਆ ਹੈ। ਆਪ ਜੀ ਦੀ ਅੰਮ੍ਰਿਤਬਾਣੀ ਤੋਂ ਪ੍ਰੇਰਿਤ ਹੋ ਕੇ, ਪ੍ਰਭੂ ਭਗਤੀ ਦਾ ਮਾਰਗ ਅਪਣਾ ਕੇ, ਵਿਸ਼ਵ ਦੀ ਕਰੋੜਾਂ ਜਨਤਾ ਨੇ ਜਿਸ ਅਧਿਆਤਮਕ ਸੁਖ ਅਤੇ ਪਰਮ ਸ਼ਾਂਤੀ ਦੀ ਅਨੁਭੂਤੀ ਕੀਤੀ ਹੈ, ਉਹ ਨਿਰਾਲੀ ਅਤੇ ਅਪੂਰਵ ਹੈ।"

ਆਪ ਜੀ ਦੁਆਰਾ ਦਿਤੇ ਗਏ ਉਪਦੇਸ਼ ਗ੍ਰਹਿਣ ਕਰਕੇ ਹਜ਼ਾਰਾਂ-ਲੱਖਾਂ ਨੌਜਵਾਨਾਂ ਨੇ ਸਫੈਦ ਬਸਤਰ ਪਹਿਨਕੇ, ਸ਼ਾਕਾਹਾਰ ਅਤੇ ਅਹਿੰਸਾ ਦਾ ਰਾਹ ਅਪਣਾਇਆ ਹੈ।

ਗਊ-ਰੱਖਿਆ ਦੇ ਪ੍ਰਬਲ ਸਮਰਥਕਾਂ ਵੱਲੋਂ ਆਪ ਜੀ ਦੇ ਨਿਰਦੇਸ਼ ਵਿਚ, ਸੰਨ 1962 ਵਿਚ ਗਊ ਰੱਖਿਆ ਅੰਦੋਲਨ ਦਾ ਵਿਸ਼ਾਲ ਆਯੋਜਨ, ਆਪ ਜੀ ਦੀ ਸਾਤਵਿਕ ਸ਼ਕਤੀ ਦਾ ਪਰਿਚਾਯਕ ਹੈ।

ਭਾਰਤੀ ਸੰਸਕ੍ਰਿਤੀ ਦੇ ਪਰਮ ਹਿਤੈਸ਼ੀ ਦੇ ਰੂਪ ਵਿਚ ਆਪ ਜੀ ਦੀ ਕੀਰਤੀ ਹਰ ਥਾਂ ਫੈਲੀ ਹੋਈ ਹੈ। ਆਪ ਜੀ ਨੇ ਕੁਦਰਤੀ ਨਿਯਮਾਂ ਦੇ ਅਧੀਨ ਚਲਣ 'ਤੇ ਬਹੁਤ ਜ਼ੋਰ ਦਿੱਤਾ ਹੈ ਅਤੇ ਮਨ ਅਤੇ ਆਤਮਾ ਦੀ ਪਰਮਸ਼ਾਂਤੀ ਦਾ ਸਾਧਨ ਸ਼ਾਸ਼ਤਰੀ ਸੰਗੀਤ ਨੂੰ ਮੰਨਿਆ ਹੈ। ਆਪ ਸਰੀਰਕ ਸ਼ਕਤੀ ਦੇ ਵਾਧੇ ਲਈ ਖੇਡਾਂ ਨੂੰ ਨਾ ਸਿਰਫ ਮਹੱਤਵਪੂਰਨ

ਮੰਨਦੇ ਹਨ ਬਲਿਕ ਆਪ ਵੀ ਬੈਡਮਿੰਟਨ ਆਦਿ ਖੇਡਾਂ ਵਿਚ ਡੂੰਘੀ ਦਿਲਚਸਪੀ ਰੱਖਦੇ ਹਨ।

ਆਪ ਵਿਸ਼ਵ-ਸ਼ਾਂਤੀ ਦੇ ਪ੍ਰਬਲ ਸਮਰਥਕ ਅਤੇ ਯੋਗ ਵਿੱਦਿਆ ਦੇ ਪਰਮ ਉਪਾਸ਼ਕ ਹਨ। ਆਪ ਦੀ ਦਿਨਚਰਯਾ ਇਸ ਅੱਸੀ ਸਾਲ ਦੀ ਉਮਰ ਵਿਚ ਵੀ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ।

ਆਪਦੇ ਧਾਰਮਿਕ ਉਪਦੇਸ਼ ਅਤੇ ਅਲੌਕਿਕ ਕਰਮਾਂ ਵਿਚ ਵਿਦਮਾਨ ਅਦਭੁਤ ਸੁਮੇਲ ਨਾਲ ਇਹ ਭਾਰਤੀ ਸਮਾਜ ਅਤੇ ਸਮੁੱਚਾ ਵਿਸ਼ਵ ਪ੍ਰਭਾਵਿਤ ਹੈ।"

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਭਾਵੇਂ ਇਸ ਸਮਾਗਮ ਵਿਚ ਦਰਸ਼ਨ ਨਹੀਂ ਦੇ ਸਕੇ ਫਿਰ ਵੀ ਉਹਨਾਂ ਆਪਣਾ ਵੀ.ਡੀ.ਓ. ਉਪਦੇਸ਼ ਭੇਜਣ ਦੀ ਕ੍ਰਿਪਾਲਤਾ ਕੀਤੀ ਜਿਸ ਨੂੰ ਬੜੀ ਸ਼ਰਧਾ ਤੇ ਧਿਆਨ ਨਾਲ ਵੇਖਿਆ ਸੁਣਿਆ ਗਿਆ। ਆਪ ਜੀ ਨੇ ਫਰਮਾਇਆ,

"ਸਤਿਯੁਗ ਤੋਂ ਸਤਿਗੁਰੂ ਨਾਨਕ ਦੀ ਗੱਦੀ ਚਲਦੀ ਆ ਰਹੀ ਹੈ। ਭਗਵਾਨ ਕ੍ਰਿਸ਼ਨ ਨੇ ਗੀਤਾ ਵਿਚ ਵੀ ਲਿਖਿਆ ਹੈ ਕਿ ਜਦੋਂ ਵੀ ਧਰਮ ਦੀ ਹਾਨੀ ਹੁੰਦੀ ਹੈ ਅਕਾਲ ਪੁਰਖ ਆਪ ਅਵਤਾਰ ਧਾਰ ਕੇ ਆਉਂਦਾ ਹੈ ਜਿੰਨਾ ਚਿਰ ਧਰਮ ਹੈ ਦੁਨੀਆਂ ਜਿਉਂਦੀ ਹੈ, ਜੇ ਧਰਮ ਖਤਮ ਹੋ ਗਿਆ ਤਾਂ ਦੁਨੀਆਂ ਖਤਮ ਹੋ ਜਾਏਗੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੁਰਾਚਾਰ ਵੇਖੇ, ਉਹਨਾਂ ਨੂੰ ਬਚਾਉਣ ਲਈ ਸਿੱਖਾਂ ਨੂੰ ਧਰਮ ਦੇ ਰਾਹ 'ਤੇ ਤੋਰਿਆ। ਸਿੱਖਾਂ ਨੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨੂੰ ਜਿੱਤ ਕੇ ਦੇਸ਼ ਤੇ ਗਊ ਗਰੀਬ ਲਈ ਕੁਰਬਾਨੀ ਦਿੱਤੀ । ਉਹ ਫਾਂਸੀਆਂ 'ਤੇ ਚੜ੍ਹੇ, ਤੋਪਾਂ ਅਗੇ ਉੱਡੇ।

ਜਿਹੜਾ ਮਸਾਲਾ ਬਣ ਚੁੱਕਾ ਏ, ਬੰਬ ਜਿਹੜੇ ਬਣ ਚੁੱਕੇ ਨੇ, ਅਗਰ ਉਹ ਚੱਲ ਜਾਣ ਤਾਂ ਸਾਰੀ ਦੁਨੀਆਂ ਇਕ ਵੇਰਾਂ ਨਹੀਂ ਕਈ ਵੇਰਾਂ ਖਤਮ ਹੋ ਸਮਦੀ ਹੈ। ਇਸ ਦੇ ਵਾਸਤੇ ਬਹੁਤ ਜ਼ਰੂਰੀ ਹੈ ਕਿ ਇਸਨੂੰ ਸਮਾਪਤ ਕੀਤਾ ਜਾਏ। ਜਿਹੜੀ ਵਿਸ਼ਵ ਸ਼ਾਂਤੀ ਹੈ ਇਹਨੂੰ ਲਿਆਦਾਂ ਜਾਵੇ। ਅਸ਼ਾਂਤੀ ਖਤਮ ਕੀਤੀ ਜਾਵੇ। ਮੈਨੂੰ ਬੜੀ ਖੁਸ਼ੀ ਹੈ ਕਿ ਜਿਹੜੇ ਲੋਕ ਇਹ ਕੰਮ ਕਰਦੇ ਨੇ, ਉਹਦੇ ਨਾਲ ਸੰਸਾਰ ਤੇ ਸ਼ਾਂਤੀ ਹੋ ਸਕਦੀ ਹੈ। ਤੁਸੀਂ ਜੇ 40-50 ਦੇਸ਼ਾਂ ਵਿਚ ਜਾਉਗੇ ਤਾਂ ਲੋਕ ਹੋਰ ਉਦਮ ਕਰਨਗੇ। ਇਸ ਤਰ੍ਹਾਂ ਕਰਨ ਨਾਲ ਸੰਸਾਰ ਤੇ ਸ਼ਾਂਤੀ ਹੋ ਸਕਦੀ ਹੈ। "

ਸ੍ਰੀ ਸਤਿਗੁਰੂ ਜੀ ਨੇ ਆਪਣੇ ਪ੍ਰਵਚਨਾਂ ਵਿਚ 40-50 ਦੇਸ਼ਾਂ ਵਿਚ ਹੋਣ ਵਾਲੀ ਧਰਮ ਪ੍ਰਚਾਰ ਯਾਤਰਾ ਵਿਚ ਨਾਲ ਨਾ ਜਾ ਸਕਣ ਦੀ ਮਜਬੂਰੀ ਦੱਸੀ।

ਇਸ ਸਮਾਗਮ ਸਮੇਂ ਡਾ. ਸਾਧਨਾ ਜੈਨ, ਭੰਤੇ ਗਿਆਨ, ਜਗਤ ਮਹਾਂਸਥਵੀਰ, ਸਾਧਵੀ ਰਿਤੰਬਰਾ, ਸ੍ਰੀ ਰਵੀ ਸ਼ੰਕਰ, ਡਾ. ਪਰਣਵ ਪਾਂਡੇ ਮਹਾਰਾਜ ਆਦਿ ਨੇ ਇਸ ਯਾਤਰਾ ਨੂੰ ਆਸ਼ੀਰਵਾਦ ਦਿੱਤਾ।

ਸ੍ਰੀ ਸਤਿਗੁਰੂ ਜੀ ਆਪਣੇ ਪ੍ਰਵਚਨਾਂ ਵਿਚ ਫਰਮਾਉਂਦੇ ਹਨ,

"ਜਿਸ ਤਰ੍ਹਾਂ ਦਰਖਤ ਦੀਆਂ ਜੜ੍ਹਾਂ ਹੁੰਦੀਆਂ ਨੇ, ਮਨੁੱਖ ਦੀ ਜੜ੍ਹ ਧਰਮ ਹੈ। ਜੇ ਜੜ੍ਹ ਸੁਕ ਜਾਏ ਤਾਂ ਦਰਖਤ ਹਰਾ ਕਦੇ ਨਹੀਂ ਰਹਿ ਸਕਦਾ। ਐਸ ਵੇਲੇ ਸਾਰੇ ਸੰਸਾਰ ਦੇ ਉਤੇ ਜਿਹੜੀ ਬਦਅਮਨੀ ਫੈਲੀ ਹੋਈ ਹੈ, ਉਹ ਸਿਰਫ ਇਸ ਕਰ ਕੇ ਹੈ, ਧਰਮ ਤੋਂ ਮੂੰਹ ਮੋੜ ਕੇ ਤੇ ਮਾਇਆ ਵਾਲੇ ਪਾਸੇ, ਮਾਦਾ ਪ੍ਰਸਤੀ ਵਲ ਅਸੀਂ ਤੁਰ ਪਏ ਹਾਂ।

ਧਰਮ ਕਿਉਂ ਚਾਹੀਦਾ ਹੈ ? ਧਰਮ ਇਸ ਲਈ ਚਾਹੀਦਾ ਏ ਕਿ ਮਨੁੱਖ ਨੇ ਇਸ ਸੰਸਾਰ ਦੇ ਉਤੇ ਆ ਕੇ ਚੰਗੇ ਕੰਮ ਕਰਨੇ ਨੇ ਧਰਮ ਦੇ ਰਾਹੀਂ ਤੇ ਏਥੋਂ ਜਦੋਂ ਜਾਣਾ ਏ, ਉਹ ਦੇ ਨਾਲ ਅੱਗੇ ਜਾ ਕੇ ਚੰਗੀ ਥਾਂ ਮਿਲ ਜਾਏ। ਇਹ ਬਹੁਤ ਜ਼ਰੂਰੀ ਗੱਲ ਏ। ਇਹੀ ਸਾਨੂੰ ਭੁੱਲ ਜਾਂਦੀ ਹੈ। ਜਿਹੜਾ ਅਸੀਂ ਜੀਵਨ ਬਤੀਤ ਕਰਦੇ ਹਾਂ ਇਹ ਸੱਚਾ ਨਹੀਂ ਹੈ। ਸੱਚ ਇਹ ਹੈ ਕਿ ਅਸਾਂ ਮਰਨਾ ਏ। ਉਸਨੂੰ ਯਾਦ ਕਰਨ ਦੇ ਵਾਸਤੇ ਧਰਮ ਦੇ ਰਾਹੀਂ ਅਸੀ ਇੱਕਠੇ ਹੁੰਦੇ ਹਾਂ ਤਾਂ ਕਿ ਸਾਡੀ ਜੀਵਨ ਯਾਤਰਾ ਸਫਲ ਹੋਵੇ। "

# ਲੰਗਰ ਪ੍ਰਥਾ ਦੀ ਨਿਰੰਤਰਤਾ

ਸੱਤੇ ਬਲਵੰਡੇ ਦੀ ਵਾਰ ਅਨੁਸਾਰ ਸਤਿਗੁਰੂ ਦੇ ਘਰ ਵਿਚ ਲੰਗਰ ਦੋ ਤਰ੍ਹਾਂ ਦੇ ਚਲਦੇ ਹਨ- ਇਕ ਨਾਮ ਸਿਮਰਨ ਦਾ ਅਤੇ ਦੂਜਾ ਦਾਲੇ-ਪ੍ਰਸ਼ਾਦੇ ਦਾ।

" ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ।
ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ॥

ਇਸ ਅਧਿਆਏ ਵਿਚ ਉਸ ਲੰਗਰ ਦੀ ਗੱਲ ਕੀਤੀ ਜਾ ਰਹੀ ਹੈ ਜਿਥੋਂ ਭੁੱਖੇ ਇਨਸਾਨ, ਦਾਲਾ ਅਤੇ ਪ੍ਰਸ਼ਾਦਾ ਛਕ ਕੇ ਸੰਤੁਸ਼ਟੀ ਪ੍ਰਾਪਤ ਕਰਦੇ ਹਨ।

ਭਗਤ ਕਬੀਰ ਜੀ ਫਰਮਾਉਂਦੇ ਹਨ,

"ਭੁਖੇ ਭਗਤਿ ਨ ਕੀਜੈ, ਯਹ ਮਾਲਾ ਅਪਨੀ ਲੀਜੈ।

ਜਦੋਂ ਇਨਸਾਨ ਦਾ ਢਿੱਡ ਭੁੱਖ ਹੋਵੇ ਉਦੋਂ ਭਗਤੀ ਵੀ ਨਹੀਂ ਹੁੰਦੀ।

ਫਰੀਦ ਜੀ ਨੇ ਵੀ ਫਰਮਾਇਆ,

" ਮੌਤੋਂ ਭੁੱਖ ਬੁਰੀ, ਰਾਤੀਂ ਸੁੱਤੇ ਖਾਇਕੈ ਦਿਨ ਚੜ੍ਹਦੇ ਨੂੰ ਫਿਰ ਖੜੀ। "

ਗੁਰਬਾਣੀ ਅਨੁਸਾਰ ਅੰਨ ਨੂੰ ਪਹਿਲਾ ਦੇਵਤਾ ਜਾਣਿਆ ਜਾਂਦਾ ਹੈ,

" ਅੰਨੁ ਦੇਵਤਾ ਪਾਣੀ ਬੈਸੰਤਰੁ ਦੇਵਤਾ ਲੂਣੁ।
ਪੰਜਵਾ ਪਾਇਆ ਘਿਰਤੁ॥ ਤਾ ਹੋਆ ਪਾਕੁ ਪਵਿਤੁ॥" (ਆਸਾ ਦੀ ਵਾਰ)

ਪਿਛਲੇ ਸਮਿਆਂ ਵਿਚ ਜਦੋਂ ਖੇਤਾਂ ਵਿਚੋਂ ਅਨਾਜ ਨਿਕਲਦਾ ਸੀ ਤਾਂ ਪਏ ਬੋਹਲ ( ਢੇਰ) ਨੂੰ ਬੋਰੀਆਂ ਵਿਚ ਪਾਉਣ ਵੇਲੇ ਜੁੱਤੀ ਖੋਲ ਕੇ ਨਮਸਕਾਰ ਕਰ ਕੇ ਤੋਲਿਆ ਜਾਂਦਾ ਸੀ। ਅੱਜ ਵੀ ਗੁਰਸਿੱਖ ਮਰਿਯਾਦਾ ਅਨੁਸਾਰ ਚੁੱਲੇ, ਚੌਂਕੇ ਵਿਚ ਕੋਈ ਜੋੜਾ ਪਾ ਕੇ ਨਹੀਂ ਜਾਂਦਾ। ਗੁਰੂ ਕੇ ਲੰਗਰੋਂ ਸੰਗਤਾਂ ਹੱਥ ਪੈਰ ਧੋ ਕੇ, ਸਿਰ ਢਕ ਕੇ ਪ੍ਰਸ਼ਾਦਾ ਛਕਦੀਆਂ ਹਨ।

ਸਿੱਖਾਂ ਵਿਚ ਲੰਗਰ ਦੀ ਪਰੰਪਰਾ ਮੁੱਢ ਤੋਂ ਹੀ ਨਿਰਵਿਘਨ ਚਲਦੀ ਆ ਰਹੀ ਹੈ।

ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਲੰਗਰ ਦੀ ਪ੍ਰਥਾ ਚਲਾਈ ਅਤੇ ਲੰਗਰ ਨੂੰ ਸਿੱਖ ਧਰਮ ਦੀ ਰਹਿਤ ਮਰਿਆਦਾ ਦਾ ਇਕ ਜ਼ਰੂਰੀ ਤੇ ਅਨਿੱਖੜਵਾਂ ਅੰਗ ਬਣਾ ਦਿੱਤਾ। ਵੱਡੇ ਛੋਟੇ ਦੇ ਵਿਤਕਰੇ ਨੂੰ ਦੂਰ ਕਰਨ ਲਈ ਸ੍ਰੀ ਸਤਿਗੁਰੂ ਜੀ ਨੇ ਹੁਕਮ ਦਿਤਾ ਕਿ ਜੋ ਵੀ ਉਨ੍ਹਾਂ ਦੇ ਦਰਸ਼ਨਾਂ ਲਈ ਆਵੇ, ਪੰਗਤ ਵਿਚ ਬੈਠ ਕੇ ਲੰਗਰ ਵਿਚ ਪ੍ਰਸ਼ਾਦਿ ਛਕੇ। ਲੰਗਰ ਦੀ ਇਸ ਪ੍ਰਥਾ ਨੂੰ ਸਾਰੇ ਗੁਰੂ ਸਾਹਿਬਾਨਾਂ ਨੇ ਉਸੇ ਤਰ੍ਹਾਂ ਕਾਇਮ ਰੱਖਿਆ ਤੇ ਇਹ ਪ੍ਰਥਾ ਹੁਣ ਤੀਕ ਇਸੇ ਤਰ੍ਹਾਂ ਚਲਦੀ ਆ ਰਹੀ ਹੈ।

ਸ੍ਰੀ ਭੈਣੀ ਸਾਹਿਬ(ਜ਼ਿਲ੍ਹਾ ਲੁਧਿਆਣਾ,ਪੰਜਾਬ) ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਦਾ ਬਰਤ ਲੰਗਰ ਦੀ ਪ੍ਰਥਾ ਨੂੰ ਸੰਨ 1861 ਈ. (ਸੰਮਤ 1918 ਬਿਕ੍ਰਮੀ) ਨੂੰ ਵਿਚ ਚਾਲੂ ਕੀਤਾ। ਸਦਾ ਬਰਤ ਲੰਗਰ ਦਾ ਮਤਲਬ ਹੈ- ਸਦਾ ਵਰਤਣ ਵਾਲਾ ਅਰਥਾਤ ਜਿਥੇ ਬਿਨਾਂ ਵਿਤਕਰੇ ਤੋਂ ਹਰ ਲੋੜਵੰਦ ਨੂੰ, ਦਿਨ-ਰਾਤ, ਹਰ ਵਕਤ ਦਾਲਾ- ਪ੍ਰਸ਼ਾਦਾ ਤਿਆਰ ਮਿਲਦਾ ਹੋਵੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪ ਆਪਣੇ ਹਸਤ ਕੰਵਲਾਂ ਨਾਲ ਲੰਗਰ ਲਈ ਮੋਟੀ ਚਾਦਰ ਦੀ ਲੋਹ ਤਿਆਰ ਕੀਤੀ ਜਿਹੜੀ ਅੱਜ ਤਕ ਉਸੇ ਤਰ੍ਹਾਂ ਚਾਲੂ ਹੈ।

ਜਦੋਂ ਸੰਨ 1872 ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗ੍ਰੇਜ਼ ਸਰਕਾਰ ਜਲਾਵਤਨ ਕਰ ਕੇ ਰੰਗੂਨ (ਬਰਮਾ) ਲੈ ਗਈ, ਪਿਛੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸਦਾ ਬਰਤ ਲੰਗਰ ਨੂੰ ਜਾਰੀ ਰਖਿਆ। ਹੱਥ ਚੱਕੀਆਂ ਨਾਲ ਪੀਸਿਆ ਆਟਾ, ਲੰਗਰ ਵਿਚ ਪੂਰਾ ਨਾ ਆਉਂਦਾ ਵੇਖ, ਸੰਨ 1895 ਈ. ਨੂੰ ਸ੍ਰੀ ਸਤਿਗੁਰੂ ਜੀ ਨੇ ਦਾਣੇ ਪੀਸਣ ਲਈ ਇਕ ਖਰਾਸ ਵੀ ਲਾਇਆ ਜੋ ਅਜੇ ਵੀ ਸੁਰੱਖਿਅਤ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਰੰਗੂਨ ਤੋਂ ਭੇਜੇ ਹੁਕਮਨਾਮਿਆਂ ਵਿਚ ਲਿਖਦੇ ਹਨ,

" ਜਥਾ ਸਕਤ ਸੇਵਾ ਬੀ ਕਰਨੀ ਅੰਨ ਬਸਤ੍ਰ ਦੀ ਲੋੜਮਾਨ, ਦੀ ਚਾਹੇ ਕਿਸੇ ਭੇਖ ਦਾ ਹੋਵੇ, ਚਾਹੇ ਨਿੰਦਕ ਬੀ ਹੋਵੇ।"

" ਜਥਾ ਸਕਤਿ ਦਾਨ ਕਰਨਾ, ਸਿਖਾਂ ਨੂੰ ਪ੍ਰਸਾਦਿ ਛਕਾਉਣਾ, ਭਜਨ-ਬਾਣੀ ਕਰਨ ਬਾਲਿਆਂ ਨੂੰ ਅਰ ਭੁੱਖਾ ਕੋਈ ਬੀ ਹੋਵੇ ਚਾਹੇ, ਭੁੱਖੇ ਨੂੰ ਅੰਨ ਦੇਣ ਦਾ ਵੱਡਾ ਪੁੰਨ ਹੈ। ਗੁਰੂ ਸਾਹਿਬ ਦਾ ਹੁਕਮ ਹੈ।

" ਜੋ ਲੰਗਰ ਦੀ ਟਹਿਲ ਕਰੂਗਾ, ਉਸ ਦਾ ਬਹੁਤ ਭਲਾ ਹੋਊਗਾ, ਸਤਿ ਕਰ ਮੰਨਣਾ, ਏਥੇ ਸਾਨੂੰ ਕੁਝ ਨਹੀਂ ਚਾਹੀਦਾ, ਰਾਮਦਾਸ ਪੁਰੇ ਲੰਗਰ 'ਚ ਪਾਓ। ਜੂਠਾ ਨਾ ਕੋਈ ਕਿਸੇ ਦਾ ਖਾਵੇ, ਨਾ ਕਿਸੇ ਨੂੰ ਦੇਵੇ।"

" ਜਿਤਨਾ ਕਿਛੁ ਸਰੇ ਕਿਸੇ 'ਤੇ ਸੋ ਲੰਗਰ ਪਾਵੇ, ਸ੍ਰਬ ਦਾਨਾ ਤੇ ਉਪ੍ਰ ਅੰਨ ਦਾ ਦਾਨ ਬਡਾ ਹੈ।

ਸੰਨ 1898-99 ਈ. (ਸੰਮਤ 1956 ਬਿਕ੍ਰਮੀ) ਨੂੰ ਜਦੋਂ ਰਾਜਸਥਾਨ ਦੀ ਧਰਤੀ 'ਤੇ ਕਾਲ ਪੈ ਗਿਆ, ਉਥੋਂ ਦੇ ਲੋਕ ਭੁੱਖੇ ਮਰਨ ਲੱਗੇ। ਅੰਗ੍ਰੇਜ ਸਰਕਾਰ ਨੇ ਉਨ੍ਹਾਂ ਲਈ ਕੋਈ ਉਪਰਾਲਾ ਨਹੀਂ ਕੀਤਾ। ਭੁੱਖ ਦੇ ਸਤਾਏ ਲੋਕ, ਲੰਗਰ ਦੀ ਆਸ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਸ੍ਰੀ ਭੈਣੀ ਸਾਹਿਬ ਆਉਣ ਲਗ ਪਏ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਅਥਾਹ ਅਤੁੱਟ ਲੰਗਰ ਤਨ-ਮਨ ਧਨ ਨਾਲ ਸੇਵਾ ਕਰ ਕੇ ਚਲਾਇਆ। ਹਜ਼ਾਰਾਂ ਕਾਲ ਪੀੜਤਾਂ ਨੂੰ ਮਹੀਨਿਆਂ ਬੱਧੀ ਰੱਜਵਾਂ ਲੰਗਰ ਇਥੋਂ ਮਿਲਦਾ ਰਿਹਾ। ਜਦੋਂ ਅੰਗਰੇਜ਼ ਸਰਕਾਰ ਨੇ ਇਨਾਮ ਵਜੋਂ ਮਿੰਟਗੁਮਰੀ ਦੀ ਬਾਰ ਵਿਚ 100 ਮੁਰੱਬਾ ਹਜ਼ੂਰ ਨੂੰ ਦੇਣਾ ਚਾਹਿਆ ਤਾਂ ਆਪ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ,

" ਤੁਸੀਂ ਸਾਨੂੰ 100 ਮੁਰੱਬਾ ਦੇ ਰਹੇ ਹੋ। ਇਹ ਸਾਰਾ ਭਾਰਤ ਹੀ ਸਾਡਾ ਹੈ ਜਦੋਂ ਲੈਣਾਂ ਹੈ ਸਾਰਾ ਹੀ ਲੈ ਲਵਾਂਗੇ। ਤੁਹਾਡੇ ਦਿਤੇ ਮੁਰੱਬਿਆਂ ਨਾਲ ਇਹ ਲੰਗਰ ਨਹੀਂ ਚਲਦੇ। ਲੰਗਰ ਸਿੱਖਾਂ ਦੀ ਦਸਾਂ ਨਹੁੰਆਂ ਨਾਲ ਕੀਤੀ ਕਿਰਤ ਵਿਚੋਂ ਕੱਢੇ ਦਸਵੰਧ ਨਾਲ ਚਲਦੇ ਹਨ।

ਇਕ ਅੰਗਰੇਜ਼ ਅਫਸਰ ਦੇ ਇਹ ਕਹਿਣ ਤੇ ਕਿ 'ਤੁਸੀ ਏਨਾਂ ਅਨਾਜ ਗਰੀਬਾਂ ਨੂੰ ਵੰਡ ਰਹੇ ਹੋ, ਜੇ ਮੁੱਕ ਗਿਆ ਤਾਂ ਤੁਸੀਂ ਕੀ ਕਰੋਗੇ ?

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਫਰਮਾਇਆ, 'ਅਸੀਂ ਕੋਠਿਆਂ ਦੀਆਂ ਕੜੀਆਂ ਵੇਚ ਕੇ ਵੀ ਲੰਗਰ ਚਲਾਵਾਂਗੇ- ਆਖਰ ਜੇ ਇਹ ਨੌਬਤ ਆ ਵੀ ਜਾਵੇ ਤਾਂ ਜਿਧਰ, ਇਹ ਗਰੀਬ ਜਾਣਗੇ ਓਧਰ ਅਸੀਂ ਵੀ ਚਲੇ ਜਾਵਾਂਗੇ। ਪਰ ਇਹ ਨਹੀਂ ਹੋ ਸਕਦਾ ਕਿ ਇਸ ਗੁਰੂ ਕੇ ਲੰਗਰ ਵਿਚੋਂ ਕੋਈ ਭੁੱਖਾ ਜਾਵੇ।'

ਏਸ ਤਰ੍ਹਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਆਪਣੇ ਸਮੇਂ, ਇਸ ਸਦਾ ਬਰਤ ਲੰਗਰ ਵਿਚ ਕਦੇ ਥੁੜ ਨਹੀਂ ਆਉਣ ਦਿੱਤੀ। ਸ੍ਰੀ ਸਤਿਗੁਰੂ ਜੀ, ਹਰ ਪਾਰਟੀ ਦੇ ਦੇਸ਼ ਭਗਤਾਂ ਨੂੰ ਪਨਾਹ ਦਿੰਦੇ ਸਨ ਤੇ ਆਪਣੇ ਲੰਗਰ ਵਿਚੋਂ ਪ੍ਰਸ਼ਾਦਾ ਛਕਾਉਂਦੇ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨ,"ਸਭ ਤੋਂ ਵੱਡੀਆਂ ਸਤਿਗੁਰਾਂ ਦੀਆਂ ਖੁਸ਼ੀਆਂ, ਵੱਡੇ ਮੇਲੇ ਇਹ ਹਨ, ਜੇ ਗਰੀਬ ਦੇ ਮੂੰਹ ਅੰਨ ਪਵੇ, ਜੇ ਨੰਗੇ ਨੂੰ ਕੱਪੜਾ ਮਿਲ ਜਾਏ, ਜੇ ਕਿਸੇ ਗਰੀਬ ਦਾ ਕਾਰਜ ਸਰ ਜਾਏ।'

ਇਕ ਵਾਰ ਰਤਨ ਸਿੰਘ ਬੱਬਰ ਅਕਾਲੀ ਨੂੰ ਪਨਾਹ ਦੇਣ ਤੇ ਪ੍ਰਸ਼ਾਦਾ ਛਕਾਉਣ ਬਾਰੇ ਅੰਗ੍ਰੇਜ਼ ਅਫਸਰ ਨੇ ਸ੍ਰੀ ਸਤਿਗੁਰੂ ਜੀ ਤੋਂ ਪੁੱਛਿਆ ਤਾਂ ਆਪ ਨੇ ਨਿਰਭੈ ਹੋ ਕੇ ਫਰਮਾਇਆ,

" ਇਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਲੰਗਰ ਹੈ। ਇਸ ਦੇ ਦਰਵਾਜੇ 'ਤੇ ਕੋਈ, ਕਿਸੇ ਵੇਲੇ ਆ ਜਾਵੇ, ਉਹ

ਆਪਣਾ ਹੋਵੇ ਜਾਂ ਪਰਾਇਆ, ਮਿੱਤਰ ਹੋਵੇ ਜਾਂ ਦੁਸ਼ਮਣ, ਡਾਕੂ ਹੋਵੇ ਜਾਂ ਸੰਤ, ਬੁੱਚੜ ਹੋਵੇ ਜਾਂ ਵੈਸ਼ਨਵ ਪਰ ਸਤਿਗੁਰੂ ਤੋਂ ਬੇਮੁੱਖ ਹੋਇਆ ਨਾ ਹੋਵੇ, ਰੋਟੀਓਂ ਭੁੱਖਾ ਨਹੀਂ ਜਾ ਸਕਦਾ, ਨਾ ਹੀ ਜਾਵੇਗਾ। ਇਸ ਦੀ ਜੋ ਵੀ ਸਜ਼ਾ ਮਿਲੇ , ਉਹ ਹੱਸਦੇ ਹੱਸਦੇ ਖਿੜੇ ਮੱਥੇ ਬਰਦਾਸ਼ਤ ਕਰਾਂਗੇ ਤੇ ਅੱਗੇ ਵੀ ਕਰਦੇ ਆਏ ਹਾਂ।'

ਸੰਨ 1947 ਵਿਚ ਦੇਸ਼ ਦੀ ਵੰਡ ਸਮੇਂ ਅਨੇਕ ਸ਼ਰਨਾਰਥੀ ਪਰਿਵਾਰਾਂ ਨੇ ਸ੍ਰੀ ਭੈਣੀ ਸਾਹਿਬ ਵਿਖੇ ਸ਼ਰਨ ਲਈ ਅਤੇ ਲੰਗਰ ਵਿਚੋਂ ਪ੍ਰਸ਼ਾਦਾ ਛਕਦੇ ਰਹੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੇਘਰ ਹੋਏ ਸਿੱਖਾਂ ਲਈ ਸ੍ਰੀ ਜੀਵਨ ਨਗਰ ਦਾ ਇਲਾਕਾ ਵਸਾਇਆ ਅਤੇ ਮੁਸੀਬਤ ਦੇ ਮਾਰਿਆਂ ਨੂੰ ਆਪਣੇ ਕੋਲੋਂ ਲੰਗਰ, ਬਿਸਤਰੇ ਅਤੇ ਕੱਪੜੇ ਦਿਤੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰ 'ਤੇ ਵੀ ਅੰਨ ਦਾ ਲੰਗਰ ਸਦਾ ਲਗਿਆ ਰਹਿੰਦਾ ਹੈ। ਹਜ਼ੂਰ ਨੇ ਆਪਣੇ ਸਮੇਂ ਵਿਚ ਲੰਗਰ ਵਾਲੇ ਅਸਥਾਨ ਵਿਚ ਵੱਡੇ ਪੱਧਰ 'ਤੇ ਤਬਦੀਲੀ ਲਿਆਂਦੀ ਹੈ। ਇਸ ਦਾ ਰੂਪ ਹੋਰ ਵੀ ਵਿਆਪਕ ਹੋ ਗਿਆ ਹੈ। ਲੰਗਰ ਦੀ ਪੁਰਾਤਨ ਕੱਚੀ ਇਮਾਰਤ ਨੂੰ ਪੱਕੀ ਕਰ ਕੇ ਹੋਰ ਆਧੁਨਿਕ ਤਰੀਕੇ ਦੀਆਂ ਨਵੀਆਂ ਇਮਾਰਤਾਂ ਨਾਲ ਜੋੜ ਦਿੱਤੀਆਂ ਹਨ। ਲੰਗਰ ਅਸਥਾਨ ਦਾ ਨਕਸ਼ਾ ਹੀ ਬਦਲ ਗਿਆ ਹੈ। ਸਾਧ ਸੰਗਤ ਅਤੇ ਲਾਂਗਰੀਆਂ ਨੂੰ ਹੋਰ ਵੀ ਸੁਵਿਧਾਵਾਂ ਮਿਲੀਆਂ ਹਨ। ਸੋਧੀਆਂ ਨੂੰ ਪ੍ਰਸ਼ਾਦਾ ਛਕਾਉਣ ਦਾ ਵੱਖਰਾ ਲੰਗਰ ਹਾਲ ਬਣਾਇਆ ਹੋਇਆ ਹੈ।

ਵੱਡੇ ਲੰਗਰ ਅਸਥਾਨ ਦੇ ਪ੍ਰਵੇਸ਼ ਦੁਆਰ 'ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਲਿਖੇ ਹੋਏ ਹਨ,

" ਅੰਨ ਦਾ ਦਾਨ ਸਭ ਤੋਂ ਵੱਡਾ ਹੈ। "

" ਮਠਿਆਈ ਰੁਪਏ ਦੀ ਇਕ ਮਣ ਹੋਵੇ, ਅੰਨ ਰੁਪਏ ਸੇਰ<br>ਮੇਰਾ ਸਿੱਖ ਮਠਿਆਈ ਨਹੀਂ ਅੰਨ ਛਕੇਗਾ। "

" ਅੰਨ ਮੋਤੀਆਂ ਦੇ ਭਾਅ ਵੀ ਹੋ ਜਾਵੇ<br>ਮੇਰਾ ਸਿੱਖ ਭੁੱਖਾ ਨਹੀਂ ਮਰੇਗਾ। "

ਲੰਗਰ ਵਿਚ ਕਨਵੇਅਰ ਮਸ਼ੀਨ ਲੱਗੀ ਹੋਈ ਹੈ। ਇਸ ਮਸ਼ੀਨ ਵਿਚ ਪਾਇਆ ਅਨਾਜ, ਭੰਡਾਰ ਗ੍ਰਹਿ ਵਿਚ ਚਲਾ ਜਾਂਦਾ ਹੈ । ਆਟਾ ਪੀਸਣ ਲਈ ਚੱਕੀ, ਕਣਕ ਛਾਨਣ,ਆਟਾ ਛਾਨਣ, ਆਟਾ ਗੁੰਨਣ ਦੀਆਂ ਮਸ਼ੀਨਾਂ, ਗੱਲ ਕੀ ਲੰਗਰ ਤਿਆਰ ਕਰਨ ਦੀ ਸਹੂਲਤ ਲਈ ਸਾਰੀਆਂ ਆਧੁਨਿਕ ਮਸ਼ੀਨਾਂ ਮੌਜੂਦ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਾਲੀ ਲੋਹ ਤੋਂ ਇਲਾਵਾ ਲੋੜ ਤੇ ਮੇਲਿਆਂ ਅਨੁਸਾਰ ਹੋਰ ਵੀ ਕਈ ਲੋਹਾਂ 'ਤੇ ਪ੍ਰਸ਼ਾਦੇ ਬਣਾਏ ਜਾਂਦੇ ਹਨ।

ਵੱਡੀ ਚਿਮਨੀ ਰਾਹੀ ਧੂੰਆਂ ਬਾਹਰ ਕੱਢਿਆ ਜਾਂਦਾ ਹੈ। ਘੱਟ ਬਾਲਣ ਵਾਲੀਆਂ ਭੱਠੀਆਂ ਤੋਂ ਇਲਾਵਾ ਗੈਸ ਦਾ ਵੀ ਇੰਤਜ਼ਾਮ ਹੈ। 25-30 ਲਾਂਗਰੀ ਹਮੇਸ਼ਾਂ ਲੰਗਰ 'ਚ ਰਹਿੰਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਮੇਂ ਸਮੇਂ ' ਤੇ ਖੁਦ ਵੀ ਆਪਣੇ ਕਰ ਕਮਲਾਂ ਨਾਲ ਲੰਗਰ ਵਿਚ-ਦਾਲਾਂ ਚੁਗਣ, ਭਾਜਾ ਕੱਟਣ, ਪ੍ਰਸ਼ਾਦਾ ਪਕਾਉਣ, ਪ੍ਰਸ਼ਾਦਾ ਵਰਤਾਉਣ, ਭਾਂਡੇ ਮਾਂਜਣ ਦੀ ਸੇਵਾ ਬੜੇ ਚਾਅ ਨਾਲ ਕਰਦੇ ਰਹੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫਰਮਾਉਂਦੇ ਹਨ, " ਅੰਨ ਦਾ ਦਾਨ ਸਭ ਤੋਂ ਵੱਡਾ ਦਾਨ ਹੈ। ਰਾਜਾ ਹਰੀਸ਼ ਚੰਦਰ ਸਤਿਜੁਗ ਵਿਚ ਹੋਏ ਨੇ, ਬੜੀ ਤਪੀ ਹਠੀ ਸਨ। ਦਾਨ ਪੱਖੋਂ ਉਹਨਾਂ ਸਾਰੀ ਉਮਰ ਸੋਨਾ ਚਾਂਦੀ ਦਾਨ ਕੀਤਾ। ਜਿਸ ਵੇਲੇ ਉਹਨਾਂ ਦਾ ਸਰੀਰ ਚਲਿਆ, ਸਭ ਦਾ ਚਲਣਾ ਹੈ, ਅੱਗੇ ਜਾ ਕੇ ਜਿਸ ਵੇਲੇ ਪਹੁੰਚੇ, ਉਹਨਾਂ ਨੂੰ ਸੋਨਾ ਚਾਂਦੀ ਆਦਿ ਥਾਲ ਵਿਚ ਰੱਖ ਕੇ ਅੱਗੇ ਪਾ ਕੇ ਦਿੱਤੇ, ਛਕਣ ਵਾਸਤੇ। ਉਹ ਆਖਣ ਪਈ ਇਹ ਮੈਂ ਨਹੀਂ ਛਕ ਸਕਦਾ। ਉਹਨਾਂ ਆਖਿਆ, ਤੁਸਾਂ ਦਾਨ ਇਹੋ ਕੀਤਾ ਹੈ। ਉਹਨਾਂ ਸ੍ਰਿਸ਼ਟੀ ਉੱਤੇ ਦੁਬਾਰਾ ਆਉਣ ਦੀ ਆਗਿਆ ਲਈ, ਦੁਬਾਰਾ ਵਾਪਸ ਆਏ ਅਤੇ ਸ੍ਰਿਸ਼ਟੀ ਉਤੇ ਅੰਨ ਦਾਨ ਕੀਤਾ, ਫੇਰ ਉਹ ਗਏ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਤੇ ਮਰਿਆਦਾ ਅਨੁਸਾਰ ਸੋਧੀ ਸਿੰਘ ਪੂਰਨ ਸੁੱਚ ਸੋਧ ਨਾਲ

ਲੰਗਰ ਤਿਆਰ ਕਰਦੇ ਸਮੇਂ, ਮੂੰਹ 'ਤੇ ਰੁਮਾਲਾ ਬੰਨ੍ਹ ਲੈਂਦੇ ਹਨ ਤੇ ਸੇਵਾ ਚੁੱਪ ਰਹਿ ਕੇ ਭਜਨ ਕਰਦਿਆਂ ਕਰਦੇ ਹਨ। ਲਾਂਗਰੀਆਂ ਲਈ ਹੁਕਮ ਹੈ ਕਿ ਲੰਗਰ ਤਿਆਰ ਕਰਦੇ ਸਮੇਂ ਇਸ ਗੱਲ ਦਾ ਧਿਆਨ ਉਚੇਚਾ ਰੱਖਣ ਕਿ ਜਿੰਨਾ ਵਧੀਆ ਅਸੀਂ ਆਪ ਖਾਣਾ ਚਾਹੁੰਦੇ ਹਾਂ ਉਸ ਤੋਂ ਵਧੀਆਂ ਗ਼੍ਰੀਬਾਂ ਨੂੰ, ਸਾਧ ਸੰਗਤ ਨੂੰ ਛਕਾਇਆ ਜਾਣਾਂ ਚਾਹੀਦਾ ਹੈ।

ਸ੍ਰੀ ਸਤਿਗੁਰੂ ਜੀ ਫਰਮਾਉਂਦੇ ਹਨ,

"ਭੁੱਖੇ ਦੇ ਢਿੱਡ ਵਿਚ ਅੰਨ ਪਾਉਣ ਤੋਂ ਵੱਡਾ ਕੋਈ ਪੁੰਨ ਨਹੀਂ। ਪ੍ਰਸ਼ਾਦੇ ਦੀ ਬੁਰਕੀ ਨੂੰ 64 ਵਾਰ ਚਿੱਥਣਾ ਚਾਹੀਦਾ ਹੈ, ਗੱਲ ਨੂੰ ਇਕੋ ਵਾਰ ਕਰਨਾ ਚਾਹੀਦਾ ਹੈ।"

ਸ੍ਰੀ ਸਤਿਗੁਰੂ ਜੀ ਦਾ ਹੁਕਮ ਹੈ ਕਿ ਪ੍ਰਸ਼ਾਦਾ ਛਕਦਿਆਂ ਨਾ ਬੋਲਣਾ ਚਾਹੀਦਾ ਹੈ, ਨਾ ਉਠਣਾ ਚਾਹੀਦਾ ਹੈ, ਅਰਾਮ ਨਾਲ ਥੱਲੇ ਸਫ਼ 'ਤੇ ਬੈਠ ਕੇ,ਸਿਰ ਢੱਕ ਕੇ ਭਜਨ ਕਰਦਿਆਂ ਪ੍ਰਸ਼ਾਦਾ ਛਕਣਾਂ ਚਾਹੀਦਾ ਹੈ। ਅੰਨ ਦਾ ਸਤਿਕਾਰ ਕਰੋ,ਥਾਲੀ ਧੋ ਕੇ ਪੀਓ। ਜਿਹੜਾ ਥਾਲੀ ਧੋ ਕੇ ਪੀਂਦਾ ਹੈ, ਉਹ ਭੁੱਖਾ ਨਹੀਂ ਮਰਦਾ ਭਾਵੇਂ ਦਾਣੇ ਮੋਤੀਆਂ ਦੇ ਭਾਅ ਹੋ ਜਾਣ। ਲੰਗਰ ਵਿਚ ਯਥਾ ਸ਼ਕਤ ਆਪਣਾ ਯੋਗਦਾਨ ਵੀ ਪਾਉਂਦੇ ਰਹਿਣਾ ਚਾਹੀਦਾ ਹੈ।

ਲੰਗਰ ਵਿਚ ਦਾਣੇ ਪਾਉਣ ਨਾਲ ਕਿੰਨਾ ਵਾਧਾ ਹੁੰਦਾ ਹੈ ਇਸ ਬਾਰੇ ਸ੍ਰੀ ਸਤਿਗੁਰੂ ਜੀ ਆਪਣੇ ਅੰਮ੍ਰਿਤ ਪ੍ਰਵਚਨਾਂ ਵਿਚ ਫਰਮਾਉਂਦੇ ਹਨ,

" ਇਕ ਗਰੀਬ ਜਿਮੀਂਦਾਰ ਦੇ ਘਰ ਇਕ ਚਿੜਾ ਚਿੜੀ ਰਹਿੰਦੇ ਸਨ। ਉਨ੍ਹਾਂ ਵੇਖਿਆ ਕਿ ਇਹ ਜਿਮੀਂਦਾਰ ਵਿਚਾਰਾ ਬੜਾ ਗਰੀਬ ਹੈ। ਉਨ੍ਹਾਂ ਉਸ ਦੇ ਘਰੋਂ ਚੁੰਝਾਂ ਨਾਲ ਚੁਗ ਚੁਗ ਕੇ ਦਾਣੇ ਗੁਰੂ ਕੇ ਲੰਗਰ ਵਿਚ ਪਾਉਣੇ ਸ਼ੁਰੂ ਕਰ ਦਿਤੇ। ਅੱਜ ਹੋਰ ਕੱਲ੍ਹ ਹੋਰ, ਹੁੰਦਾ ਹੁੰਦਾ ਜਿਸ ਵੇਲੇ ਜਿਮੀਂਦਾਰ ਅਮੀਰ ਹੋ ਗਿਆ, ਉਸ ਨੇ ਆਖਿਆ ਇਹ ਚਿੜੀਆਂ ਦਾ ਆਲ੍ਹਣਾ ਕਾਹਦੇ ਲਈ ਮੇਰੇ ਘਰ ਵਿਚ ਪਾਇਆ ਹੈ, ਚੁੱਕੋ ਇਸਨੂੰ, ਜਦੋਂ ਆਲ੍ਹਣਾ ਉਥੋਂ ਲਾਹ ਦਿਤਾ ਗਿਆ ਤਾਂ ਚਿੜੀਆਂ ਨੇ ਲੰਗਰੋਂ ਦਾਣੇ ਚੁਕ ਚੁਕ ਕੇ ਜਿਮੀਂਦਾਰ ਦੇ ਘਰ ਪਾਉਣੇ ਸ਼ੁਰੂ ਕਰ ਦਿੱਤੇ ਤੇ ਫਿਰ ਉਹ ਸਾਰਾ ਕੰਮ ਉਲਟਾ ਹੋ ਗਿਆ।"

ਸ੍ਰੀ ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਪ੍ਰਸ਼ਾਦਾ ਛਕਣ ਉਪ੍ਰੰਤ ਸ਼ੁਕਰਾਨੇ ਵਜੋਂ ਇਹ ਅਰਦਾਸ ਕਰਨ ਦੀ ਜਾਚ ਦੱਸਦੇ ਹਨ,

"ਦਾਸਹ ਏਕੁ ਨਿਹਾਰਿਆ ਸਭੁ ਕੁਛ ਦੇਵਨਹਾਰ॥
ਸਾਸਿ ਸਾਸਿ ਸਿਮਰਤ ਰਹਹਿ ਨਾਨਕ ਦਰਸ ਅਧਾਰ॥
ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥
ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥
ਦੈਨਹਾਰੁ ਸਦ ਜੀਵਨਹਾਰਾ॥ ਮਨ ਮੂਰਖ ਕਿਉ ਤਾਹਿ ਬਿਸਾਰਾ॥
ਦੋਸੁ ਨਹੀਂ ਕਾਹੂ ਕਉ ਮੀਤਾ॥ ਮਾਇਆ ਮੋਹ ਬੰਧੁ ਪ੍ਰਭਿ ਕੀਤਾ॥
ਦਰਦ ਨਿਵਾਰਹਿ ਜਾ ਕੇ ਆਪੇ॥ ਨਾਨਕ ਤੇ ਤੇ ਗੁਰਮੁਖਿ ਧ੍ਰਾਪੇ॥"

ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਤੇਰੀ ਦੇਗੋਂ ਪ੍ਰਸ਼ਾਦਾ ਛਕਿਆ, ਲੋਹ ਲੰਗਰ ਤਪੇ, ਸਾਧ-ਸੰਗਤ ਛਕੇ, ਅਤੁੱਟ ਭੰਡਾਰ ਵਰਤੇ। ਦੇਗੋਂ ਤੇਗੋਂ ਫਤਿਹ। ਸ੍ਰੀ ਸਤਿਗੁਰੂ ਰਾਮ ਸਿੰਘ ਨਾਮ ਚੜ੍ਹਦੀ ਕਲਾ, ਤੇਰੇ ਭਾਣੇਂ ਸਰਬੱਤ ਦਾ ਭਲਾ। ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ॥

ਸ੍ਰੀ ਭੈਣੀ ਸਾਹਿਬ ਤੋਂ ਇਲਾਵਾ ਸ੍ਰੀ ਜੀਵਨ ਨਗਰ, ਮਸਤਾਨਗੜ੍ਹ, ਬੰਗਲੌਰ, ਮਲੇਰਕੋਟਲਾ ਅੰਮ੍ਰਿਤਸਰ ਆਦਿਕ ਡੇਰਿਆਂ ਵਿਖੇ ਵੀ ਲੰਗਰ ਚਲਦਾ ਰਹਿੰਦਾ ਹੈ।

**ਵਰਤਮਾਨ ਲਾਂਗਰੀ ਵਰਗ**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਸੰਤ ਹਰਨਾਮ ਸਿੰਘ ਦੇ ਜੱਥੇ ਨੇ ਲੰਗਰ ਵਿਚ ਲੰਮਾ ਸਮਾਂ (ਕ੍ਰੀਬ 25 ਸਾਲ) ਸੇਵਾ ਕੀਤੀ। ਸੰਤਾਂ ਦਾ ਇਹ ਜੱਥਾ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਲੰਗਰ ਵਿਚ ਸੇਵਾ ਕਰਨ ਲਈ ਸੰਨ 1956 ਤੋਂ ਆਇਆ ਹੋਇਆ ਸੀ।

ਸੰਤ ਪ੍ਰੀਤਮ ਸਿੰਘ ਕਵੀ ਜੀ ਆਪਣੀ ਪੁਸਤਕ 'ਬੀਤੇ ਦੀਆਂ ਪੈੜਾਂ' ਭਾਗ ਦੂਜਾ ਦੇ ਪੰਨਾਂ ਨੰ. 237-38-39 'ਤੇ 22 ਮਾਰਚ ਸੰਨ 1978 ਦੀ ਆਪਣੀ ਡਾਇਰੀ ਵਿਚ ਇਓਂ ਲਿਖਦੇ ਹਨ-

"(ਲਾਂਗਰੀ) ਸੰਤ ਸੰਤੋਖ ਸਿੰਘ (ਸੰਗੀਤਕਾਰ ਸੁਖਦੇਵ ਸਿੰਘ ਅਤੇ ਸੁਖਵਿੰਦਰ ਸਿੰਘ ਪਿੰਕੀ ਦੇ ਪਿਤਾ ਜੀ) ਨੇ ਦੱਸਿਆ ਕਿ ਉਹ ਪਿਛਲੇ 22 ਸਾਲਾਂ ਤੋਂ ਗੁਰੂ ਕੇ ਲੰਗਰ ਭੈਣੀ ਸਹਿਬ ਦੀ ਸੇਵਾ ਕਰ ਰਹੇ ਹਨ। ਆਟਾ ਗੁੰਨ੍ਹਣਾ, ਪ੍ਰਸ਼ਾਦੇ ਵੇਲਣਾ, ਲੋਹ ਤੇ ਪਲਟਾ ਚਲਾਣਾ ਤੇ ਹੋਰ ਵੀ ਜੋ ਲੋੜ ਹੋਵੇ ਕੰਮ ਕਰਨਾ। ਸੰਤੋਖ ਸਿੰਘ ਨੇ ਆਪਣੀ ਜ਼ਬਾਨੀ ਕਹਾਣੀ ਇੰਜ ਸੁਣਾਈ-

ਸੰਤ ਹਰਨਾਮ ਸਿੰਘ ਜੀ ( ਡੱਲੇ ਵਾਲ, ਜ਼ਿਲ੍ਹਾ ਹੁਸ਼ਿਆਰਪੁਰ) ਦੀ ਸਰਦਾਰੀ ਹੇਠ ਸਾਡਾ 7-8 ਸਰੀਰਾਂ ਦਾ ਬਿੰਹਗਮ ਜੱਥਾ ਅੱਜ ਤੋਂ 22 ਸਾਲ ਪਹਿਲਾਂ, ਏਥੇ ਮੇਲਿਆਂ-ਹੋਲਿਆਂ ਵਿਚ ਆਉਂਦਾ। ਜਿਥੇ ਹੁਕਮ ਹੁੰਦਾ ਸੇਵਾ ਕਰਦਾ ਫਿਰ ਆਪਣੇ ਜ਼ਿਲ੍ਹੇ ਹੁਸ਼ਿਆਰਪੁਰ ਚਲਾ ਜਾਂਦਾ। ਸੰਤ ਪੂਰਨ ਸਿੰਘ ਪਧਾਣੇ ਵਾਲੇ ਸਾਡੇ ਨਾਲ ਹੁੰਦੇ। ਉਹ ਸਾਡੇ ਸਭ ਤੋਂ ਵੱਡੇ ਅਤੇ ਸਤਿਕਾਰਯੋਗ ਵਿਅਕਤੀ ਸਨ।

ਇਕ ਸਮੇਂ ਵੈਸਾਖੀ ਤੋਂ ਕੁਝ ਚਿਰ ਪਹਿਲਾਂ, ਅਸੀਂ ਭੈਣੀਂ ਸਾਹਿਬ ਆਏ। ਸਤਿਗੁਰੂ ਪ੍ਰਤਾਪ ਸਿੰਘ ਜੀ ਵਕਤ ਦੇ ਮਾਲਿਕ ਸਨ। ਅੱਜ ਦੇ ਸਤਿਗੁਰੂ ਜੀ ਉਦੋਂ ਬਾਬਾ ਜੀ ਵੱਡੇ ਹੀ ਸਨ। ਇਹਨਾਂ ਨੇ ਸਾਡੇ ਜੱਥੇ ਦੇ ਮੁਖੀ ਸੰਤ ਹਰਨਾਮ ਸਿੰਘ ਜੀ ਨੂੰ ਆਖਿਆ ਕਿ ਤੁਸੀਂ, ਵੈਸਾਖੀ ਦੇ ਦਿਨੀਂ ਪੰਦਰਾਂ ਦਿਨਾਂ ਲਈ, ਏਥੇ ਟਿਕ ਕੇ ਲੰਗਰ ਦੀ ਸੇਵਾ ਸੰਭਾਲ ਲਓ ਤਾਂ ਗ੍ਰਿਸਤੀ ਸਿੱਖ ਵਾਢੀਆਂ ਆਦਿ ਲਈ, ਇਕ ਵਾਰ ਘਰੋ ਘਰੀ ਚਲੇ ਜਾਇਆ ਕਰਨ । ਅਤੇ ਨਾਲ ਹੀ ਸਾਨੂੰ ਪੁੱਛ ਲਿਆ, ਕੋਈ ਹੋਰ ਜ਼ਿੰਮੇਵਾਰੀ ਜਾਂ ਲਾਂਝਾ ਤਾਂ ਨਹੀਂ ਤੁਹਾਨੂੰ ? ਸੰਤ ਹਰਨਾਮ ਸਿੰਘ ਜੀ ਨੇ ਦੱਸਿਆ, ਦੋ ਸਾਧਾਰਨ ਪਾਠ ਦੋਹਾਂ ਥਾਵਾਂ ਤੇ ਮੰਨੇ ਹੋਏ ਹਨ। ਸਤਿਗੁਰਾਂ ਨੇ ਬਚਨ ਕੀਤਾ, ਉਹ ਕਰ ਆਵੋ ਅਤੇ ਨਾਲ ਹੀ ਰਕਮ ਕੱਢ ਕੇ ਆਖਿਓ ਨੇ, ਇਹ ਲਓ ਕਰਾਇਆ।

'ਨਹੀਂ ਜੀ, ਇਹਦੀ ਲੋੜ ਨਹੀਂ। ਅਸੀਂ ਆ ਜਾਵਾਂਗੇ।'

ਇਕ ਦੋ ਵਾਰ ਸਾਡੀ ਨਾਂਹ ਸੁਣਕੇ ਆਪ ਜੀ ਨੇ ਕਿਹਾ ਕਿ ਪੈਸੇ ਲੈ ਜਾਓ। ਮੈਨੂੰ ਤਸੱਲੀ ਹੋ ਜਾਵੇਗੀ ਕਿ ਗੱਲ ਪੱਕੀ ਹੋ ਗਈ ਹੈ।

ਅਸਾਂ ਰਕਮ ਲੈ ਲਈ। ਜਦੋਂ ਵਾਪਸ ਆ ਕੇ ਸੇਵਾ ਤੇ ਲੱਗੇ ਤਾ ਪੰਦਰਾਂ ਦਿਨਾਂ ਬਾਅਦ ਜਾਣ ਲਈ ਅਰਜ਼ ਕੀਤੀ। ਹੁਕਮ ਹੋਇਆ, ਕੋਈ ਤਕਲੀਫ ਹੈ ? ਜੇ ਹੈ ਤਾਂ ਦੱਸੋ। ਬੜੀ ਠੀਕ ਤਰ੍ਹਾਂ ਸੇਵਾ ਕਰ ਰਹੇ ਹੋ, ਮੇਰਾ ਤੁਹਾਨੂੰ ਘੱਲਣ ਤੇ ਜੀ ਨਹੀਂ ਕਰਦਾ।

ਤਿੰਨ ਸਾਲ ਫਿਰ ਬੀਤ ਗਏ।

ਤਦ ਨੂੰ ਸੰਤ ਪੂਰਨ ਸਿੰਘ ਜੀ ਦੀ ਸੁਰੱਖਿਆ ਦੀ ਸਾਨੂੰ ਚਿੱਤਾ ਲੱਗੀ । ਉਸ ਵੇਲੇ ਦੇ ਬਾਬਾ ਜੀ, ਅੱਜ ਦੇ ਸਤਿਗੁਰਾਂ ਬਚਨ ਕੀਤਾ ਕਿ ਆਪਣੇ ਵਿਚੋਂ ਇਕ ਜਣਾ ਸੰਤਾਂ ਦੀ ਸੇਵਾ ਵਿਚ ਘੱਲਦੇ ਰਿਹਾ ਕਰੋ।

ਜਦੋਂ ਇਸ ਤਰਾਂ ਕਰਦਿਆਂ ਵੀ ਦੋ ਸਾਲ ਲੰਘ ਗਏ ਤਾਂ ਅਸਾਂ ਸੋਚਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸੋਂ ਹੀ ਖੁਸ਼ੀਆਂ ਅਤੇ ਛੁੱਟੀਆਂ ਲਈਏ।

ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਦਿਨ ਲੰਗਰ ਵਿਚ ਆਏ। ਸਾਨੂੰ ਵੇਖ ਬੜੇ ਪ੍ਰਸੰਨ ਹੋਏ। ਉੱਚੀ ਉੱਚੀ ਕਹਿਣ ਲੱਗੇ ਕਿ ਲੁੱਟ ਲਓ, ਲੁੱਟ ਲਓ, ਲੁੱਟ ਲਓ, ਇਹ ਸੇਵਾ ਫੇਰ ਫੇਰ ਨਹੀਂ ਲੱਭਣੀ ਅਤੇ ਨਾਲ ਹੀ ਛੇ

ਤਪੱਸਵੀਆਂ ਦੀ ਸਾਖੀ ਸੁਣਾ ਕੇ ਫਰਮਾਇਆ ਕਿ ਤੁਸੀਂ ਬੜੀ ਵੱਡੀ ਤਪੱਸਿਆ ਤੇ ਸਾਧਨਾ ਪਏ ਕਰਦੇ ਹੋ। ਤੁਹਾਡਾ ਭਜਨ ਬੰਦਗੀ ਤਾਂ ਆਪਣੇ ਆਪ ਹੋਈ ਜਾਂਦਾ ਹੈ। ਸਾਰੀ ਰਾਤ ਭਜਨ ਕਰਕੇ, ਜਾਂ ਸਵੇਰੇ ਉੱਠ ਇਸ਼ਨਾਨ ਸਾਧ ਢਾਈ ਮਾਲਾ ਪੱਕੀਆਂ ਫੇਰ ਕੇ, ਪੰਜ ਜਾਂ ਦਸ ਬਾਣੀਆਂ ਦਾ ਪਾਠ ਕਰਕੇ ਜਦੋਂ ਕੋਈ ਲੰਗਰ ਵਿਚ ਆਉਂਦਾ ਤੇ ਤੁਹਾਥੋਂ ਪ੍ਰਸ਼ਾਦਾ ਮੰਗਦਾ ਹੈ, ਅੱਧੀ ਭਗਤੀ ਤਾਂ ਤੁਹਾਨੂੰ ਦੇ ਬਹਿੰਦਾ ਹੈ- ਤੁਸਾਂ ਹੋਰ ਕੀ ਕਰਨਾ ਹੈ, ਲੁੱਟ ਲਓ ਪਿਆਰਿਓ!

ਸੰਤ ਸੰਤੋਖ ਸਿੰਘ ਸਤਿਗੁਰੂ ਰਾਮ ਸਿੰਘ ਜੀ ਵਾਲੀ ਵੱਡੀ ਲੋਹ ਉਤੇ ਸੇਵਾ ਕਰਦਾ ਹੈ, ਉਸ ਤੋਂ ਪੁੱਛਿਆ ਗਿਆ ਲੰਗਰ ਦੀ ਕੱਚੀ ਇਮਾਰਤ ਨੂੰ ਪੱਕਿਆਂ ਕਰਨ ਸਮੇਂ ਕੁਝ ਦਿਨ ਰੋਕਣਾ ਪਿਆ ਹੋਵੇਗਾ ?

ਨਹੀਂ ਜੀ। ਲੰਗਰ ਸਦਾ ਵਾਂਗ ਜਾਰੀ ਰਿਹਾ ਤੇ ਇਸੇ ਇਮਾਰਤ ਵਿਚ ਹੀ ਤਿਆਰ ਹੁੰਦਾ ਰਿਹਾ। ਸਾਰੀ ਉਸਾਰੀ ਲੰਗਰ ਵਾਸਤੇ ਥਾਵਾਂ ਬਦਲ ਕੇ ਹੁੰਦੀ ਰਹੀ। ਗੁਰੂ ਰਾਮ ਸਿੰਘ ਵਾਲੀ ਲੋਹ ਤਾਂ ਅਰੁੱਕ ਚਲਦੀ ਰਹੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਐਸੀ ਵਿਉਂਤ ਕਰਵਾਈ ਕਿ ਇਸੇ ਇਮਾਰਤ ਵਿਚ ਲੰਗਰ ਨਿਰਵਘਨ ਚਲਦਾ ਰਿਹਾ।"

ਸੰਤ ਹਰਨਾਮ ਸਿੰਘ ਦੇ ਜੱਥੇ ਵਿਚ ਇਹ ਸੰਤ ਲੰਗਰ ਵਿਚ ਸੇਵਾ ਕਰਦੇ ਰਹੇ –

ਸੰਤ ਹਰਨਾਮ ਸਿੰਘ ਅਤੇ ਸੰਤ ਦਰਸ਼ਨ ਸਿੰਘ ਦੋਵੇਂ ਭਰਾ ਸਪੁੱਤਰ ਸ. ਪ੍ਰੇਮ ਸਿੰਘ (ਪਿੰਡ ਡੱਲੇਵਾਲ ਨੇੜੇ ਗੜ੍ਹਦੀਵਾਲ) , ਸੰਤ ਭਗਤ ਸਿੰਘ , ਸੁਆਮੀ ਕਰਤਾਰ ਸਿੰਘ, ਸੰਤ ਸੰਤੋਖ ਸਿੰਘ ਸਪੁੱਤਰ ਸ.ਸ਼ੇਰ ਸਿੰਘ ( ਪਿੰਡ ਚਠਿਆਲੀ, ਹੁਸ਼ਿਆਪੁਰ), ਸੰਤ ਬਿਸ਼ਨ ਸਿੰਘ, ਸੰਤ ਬੁੱਧ ਸਿੰਘ ਅਤੇ ਬਾਬਾ ਰਤਨ ਸਿੰਘ ਆਦਿ। ਮਸਤਾਨਾ ਬੀਰ ਸਿੰਘ ਸਰਦਾਈ ਰਗੜਦੇ ਸਨ। ਸੰਤ ਕਰਤਾਰ ਸਿੰਘ ਦਾਲੇ ਵਾਲੇ ਜੋ ਸਦਾ ਦਾਲਾ ਬਣਾਉਣ ਦੀ ਸੇਵਾ ਕਰਦੇ ਰਹੇ। ਸੰਗਤ ਦੀ ਅਧਿਕਤਾ ਸਮੇਂ ਹੋਰ ਲਾਂਗਰੀ ਵੀ ਸੇਵਾ ਕਰਨ ਆ ਜਾਂਦੇ ਸਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ, ਸ੍ਰੀ ਭੈਣੀ ਸਾਹਿਬ ਵਿਖੇ ਲੰਗਰ ਵਿਚ ਹੱਟੀ ਦੇ ਇੰਚਾਰਜ, ਸਮੇਂ ਸਮੇਂ ਤੇ ਇਹ ਰਹੇ–

ਬਾਬਾ ਕਿਸ਼ਨ ਸਿੰਘ ਅਰੋੜਾ ਅਤੇ ਬਾਬਾ ਬਿਹਾਰਾ ਸਿੰਘ ਪਿੱਥੋਂ ਲੰਮਾ ਸਮਾਂ ਹੱਟੀ ਤੇ ਸੇਵਾ ਕਰਦੇ ਰਹੇ। ਫਿਰ ਸੰਤ ਗੁਰਬਚਨ ਸਿੰਘ ਲਖਨਪੁਰ, ਸਰਪੰਚ ਬਖਸ਼ੀਸ਼ ਸਿੰਘ ਬੀੜ, ਸੰਤ ਪਿਆਰਾ ਸਿੰਘ ਨਾਥ (ਸੰਤਨਗਰ), ਸੰਤ ਸਾਧੂ ਸਿੰਘ ਭੰਗੂਰ, ਸੰਤ ਬਲਜੀਤ ਸਿੰਘ (ਕੋਠਾ ਗੁਰੂ ਕਾ) ਨੇ ਸੇਵਾ ਕੀਤੀ। ਲੰਗਰ ਵਿਖੇ ਹੱਟੀ ਦੇ ਇੰਚਾਰਜ ਐਸ ਵੇਲੇ ਸੰਤ ਕਰਮ ਸਿੰਘ, ਸੰਤ ਗੁਲਾਬ ਸਿੰਘ (ਰਾਮਪੁਰਾ ਫੂਲ ਜ਼ਿਲ੍ਹਾ ਬਠਿੰਡਾ) ਅਤੇ ਸੂਬਾ ਗੁਰਮੇਲ ਸਿੰਘ (ਪਿੰਡ ਖੋਟੇ) ਹਨ।

ਸ੍ਰੀ ਸਤਿਗੁਰੂ ਜੀ ਵਾਲੇ ਲੰਗਰ ਵਿਚ ਐਸ ਵੇਲੇ ਸਰਵ ਸੰਤ ਦਰਸ਼ਨ ਸਿੰਘ, ਵਰਿਆਮ ਸਿੰਘ ਅਤੇ ਰਣਜੀਤ ਸਿੰਘ ਸੇਵਾ ਕਰਦੇ ਹਨ। ਇਹ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਲਾਂਗਰੀ ਹਨ। ਇਸ ਦੇ ਨਾਲ ਵਾਲੇ ਹਾਲ ਕਮਰੇ 'ਚ ਬੀਬੀ ਸਵਰਨ ਕੌਰ 'ਤੇ ਸੰਤ ਰਾਏ ਸਿੰਘ (ਸਪੁੱਤਰ ਸੰਤ ਅਜੀਤ ਸਿੰਘ ਸਮਰਾਲਾ, ਸਪੁੱਤਰ ਸੰਤ ਬੂੜ ਸਿੰਘ ਮਹਿਰਾ), ਬਾਹਰੋਂ ਆਈ ਸਾਧ ਸੰਗਤ ਨੂੰ ਦਾਲਾ-ਪ੍ਰਸ਼ਾਦਾ ਵਰਤਾਉਣ ਦੀ ਸੇਵਾ ਕਰਦੇ ਹਨ। ਸ. ਜਸਵੰਤ ਸਿੰਘ ਵੀ ਪਹਿਲਾਂ ਇਹ ਸੇਵਾ ਕਰਦੇ ਰਹੇ। ਸਮੇਂ ਸਮੇਂ ਤੇ ਇਹ ਸੇਵਾ ਵੱਖੋ ਵੱਖ ਸਿੱਖ ਕਰਦੇ ਰਹੇ। ਮੇਲਿਆਂ ਸਮੇਂ ਕਈ ਸਿੱਖ ਇਹ ਸੇਵਾ ਭਾਵਨਾ ਨਾਲ ਕਰਦੇ ਹਨ।

ਇਸ ਕੋਠੀ ਵਾਲੇ ਆਓ ਭਗਤ ਲੰਗਰ ਵਿਚ ਅਤੇ ਮਾਤਾ ਜੀ ਨਾਲ ਲਗ ਸੇਵਾ ਕਰਵਾਉਣ ਵਾਲੀਆਂ ਸਮੇਂ-ਸਮੇਂ ਤੇ ਕਈ ਬੀਬੀਆਂ ਰਹਿੰਦੀਆਂ ਅਤੇ ਰਹਿ ਰਹੀਆਂ ਹਨ – ਜਿਵੇਂ ਕਿ ਸਵ. ਬੀਬੀ ਗੁਰਨਾਮ ਕੌਰ, ਬੀਬੀ ਗੁਰਦੇਵ ਕੌਰ (ਸਪੁੱਤਰੀ ਉਸਤਾਦ ਨੱਥਾ ਸਿੰਘ) ਮੌਜੂਖੇੜਾ, ਬੀਬੀ ਗੁਰਮੀਤ ਕੌਰ ਪਾਰਬਤੀ (ਸੁਪਤਨੀ ਹਜ਼ੂਰੀ ਡਰਾਈਵਰ ਸੰਤ ਗੁਰਦੇਵ ਸਿੰਘ), ਬੀਬੀ ਦਰਸ਼ਨਾਂ ਸੁਪਤਨੀ ਸੰਤ ਇੰਦਰ ਸਿੰਘ ਮੰਡੀ ( ਹਿਮਾਚਲ ਪ੍ਰਦੇਸ਼ ), ਬੀਬੀ ਹਰਭਜਨ

ਕੌਰ ਭਜਨੋ ਮੰਡੀ (ਹਿਮਾਚਲ ਪ੍ਰਦੇਸ਼), ਬੀਬੀ ਸਵਰਨ ਕੌਰ ਸੁਪਤਨੀ ਸੰਤ ਸ਼ਿੰਗਾਰਾ ਸਿੰਘ, ਬੀਬੀ ਗੁਰਮੀਤ ਕੌਰ ਗੋਗੀ ਸੁਪਤਨੀ ਸਵ. ਸੰਤ ਬਲਜੀਤ ਸਿੰਘ, ਬੀਬੀ ਹਰਭਜਨ ਕੌਰ ਸੁਪਤਨੀ ਸਵ. ਸਰਪੰਚ ਬਖਸ਼ੀਸ਼ ਸਿੰਘ ਬੀੜ ਆਦਿਕ।

**ਵੱਡੇ ਲੰਗਰ ਵਿਚ ਸਮੇਂ ਸਮੇਂ ਤੇ ਦਾਲਾ-ਭਾਜਾ ਬਣਾਉਣ ਵਾਲੇ ਲਾਂਗਰੀ ਇਹ ਰਹੇ ਹਨ-**

ਪਹਿਲੋਂ ਸਰਵ ਸੰਤ ਸਰਬਣ ਸਿੰਘ, ਕਰਤਾਰ ਸਿੰਘ, ਗੇਜਾ ਸਿੰਘ, ਸਤਨਾਮ ਸਿੰਘ ਅਤੇ ਹੁਣ ਮੁਖਤਿਆਰ ਸਿੰਘ ਤੇ ਸਤਨਾਮ ਸਿੰਘ ਮੁਹਾਵਾ।

**ਐਸ ਵੇਲੇ ਝੋਕਾ ਲਾਉਂਦੇ ਹਨ-**

ਸੰਤ ਕੁਲਦੀਪ ਸਿੰਘ ਮਾਣਕ ( ਪਹਿਲੋਂ ਸੰਤ ਮੁਖਤਿਆਰ ਸਿੰਘ ਸਨ ), ਸੰਤ ਜਗਤਾਰ ਸਿੰਘ ਸਿਆੜੀਆਂ, ਸੰਤ ਅਨੂਪ ਸਿੰਘ ਸ੍ਰੀ ਜੀਵਨ ਨਗਰ ਆਦਿ।

**ਐਸ ਵੇਲੇ ਵੱਡੇ ਲੰਗਰ ਸ੍ਰੀ ਭੈਣੀ ਸਾਹਿਬ ਵਿਖੇ ਇਹ ਲਾਂਗਰੀ ਸੇਵਾ ਕਰ ਰਹੇ ਹਨ-**

ਸਰਵ ਸੰਤ ਹਰਪਾਲ ਸਿੰਘ, ਪਾਲਾ ਸਿੰਘ, ਨਰੰਜਣ ਸਿੰਘ, ਗੁਰਦੇਵ ਸਿੰਘ, ਗੁਰਬਚਨ ਸਿੰਘ, ਗੁਰਪ੍ਰੀਤ ਸਿੰਘ ਚਾਨਾ ਆਦਿਕ ਅਤੇ ਇਨ੍ਹਾਂ ਨਾਲ ਸਹਾਇਕ ਸੰਤ ਕਰਮ ਸਿੰਘ।

**ਆਟਾ ਗੁੰਨਣ ਵਾਲੇ-**

ਪਹਿਲੋਂ ਹਰਦੇਵ ਸਿੰਘ ਜ਼ਿਲ੍ਹਾ ਮਾਨਸਾ (ਕਈ ਸਾਲ ਆਟਾ ਗੁੰਨਦੇ ਰਹੇ) ਸੰਤ ਜਰਨੈਲ ਸਿੰਘ ਅੱਜ ਕੱਲ੍ਹ ਮਸ਼ੀਨ ਨਾਲ ਆਟਾ ਗੁੰਨਣ ਦੀ ਸੇਵਾ ਵਿਚ ਹਨ।

**ਦੁੱਧ ਵਰਤਾਉਣ ਦੀ ਸੇਵਾ ਕਰਨ ਵਾਲੇ-**

ਸੰਤ ਸਾਧੂ ਸਿੰਘ ਭੰਗੂਰ , ਸੰਤ ਅਮਰਜੀਤ ਸਿੰਘ ਅਤੇ ਸੰਤ ਹਰਭਜਨ ਸਿੰਘ ਆਦਿਕ।

ਰਾਮ ਮੰਦਰ ਦੇ ਬਾਹਰ ਜੋੜਿਆਂ ਦੀ ਸੇਵਾ ਕਰਨ ਵਾਲੇ ਪਹਿਲੋਂ ਬਾਬਾ ਬਲਵੰਤ ਸਿੰਘ ਤੇ ਹੁਣ ਸੰਤ ਤੇਜਾ ਸਿੰਘ ਰਾਖੀ ਤੇ ਸੰਤ ਗੁਰਨਾਮ ਸਿੰਘ।

ਸ੍ਰੀ ਭੈਣੀ ਸਾਹਿਬ ਵਿਖੇ ਰੋਜ਼ਾਨਾ ਖੁੱਲ੍ਹੇ ਲੰਗਰ ਵਿਚ ਕ੍ਰੀਬ 40-45 ਬੀਬੀਆਂ ਵਾਰੋ ਵਾਰੀ ਲੰਗਰ ਬਣਾਉਣ ਤੇ ਵਰਤਾਉਣ ਦੀ ਸੇਵਾ ਕਰਦੀਆਂ ਹਨ।

**ਸ੍ਰੀ ਜੀਵਨ ਨਗਰ ਦੇ ਲੰਗਰ ਵਿਚ ਸਮੇਂ ਸਮੇਂ ਤੇ ਹੱਟੀ ਦੇ ਇੰਚਾਰਜ ਇਹ ਰਹੇ-**

ਸੰਤ ਜੈ ਸਿੰਘ ਲੱਲੂਆਣਾ, ਸੰਤ ਜੈ ਸਿੰਘ ਸੈਦੋ ਵਾਲੇ, ਸੰਤ ਸਾਧੂ ਸਿੰਘ ਟੂਸਿਆਂ ਵਾਲੇ ਅਤੇ ਸੰਤ ਹਰਬੰਸ ਸਿੰਘ ਬਿੱਲੂ ਆਦਿਕ।

**ਇਥੇ ਸਮੇਂ ਸਮੇਂ 'ਤੇ ਲਾਂਗਰੀ ਇਹ ਰਹੇ-** ਸੰਤ ਝੰਡਾ ਸਿੰਘ ਪੱਖੋਕੇ, ਸੰਤ ਬਲਵੰਤ ਸਿੰਘ ਮਹਿਰਾ, ਬਾਬਾ ਡੋਰਾਂ ਵਾਲਾ, ਸੰਤ ਗੁਰਬਚਨ ਸਿੰਘ ਬੂਰ ਮਾਜਰਾ

**ਪ੍ਰਸ਼ਾਦੇ ਪਕਾਉਣ ਦੀ ਸੇਵਾ ਵਿਚ-** ਪਿੰਡ ਕਰੀਵਾਲਾ ਦੇ ਸੰਤ ਤਾਰਾ ਸਿੰਘ ਗਰੇਟਾ, ਪਿਆਰਾ ਸਿੰਘ ਗਰੇਟਾ, ਸ਼ਿੰਗਾਰਾ ਸਿੰਘ ਗਰੇਟਾ ਅਤੇ ਸੰਤ ਕਪੂਰ ਸਿੰਘ ਗਰੇਟਾ ਰਹੇ।

**ਦਾਲਾ ਬਣਾਉਣ ਵਾਲੇ-** ਸੰਤ ਕੰਧਾਰਾ ਸਿੰਘ ਸੰਤ ਨਗਰ ਅਤੇ ਝੋਕਾ ਲਾਉਣ ਦੀ ਸੇਵਾ- ਬਾਬਾ ਵੀਰ ਸਿੰਘ ਪਿੰਡ ਅੰਮ੍ਰਿਤਸਰ ਕਲਾਂ ( ਜ਼ਿਲ੍ਹਾ ਸਰਸਾ) ਵਾਲੇ ਕਰਦੇ ਰਹੇ।

**ਮਸਤਾਨਗੜ੍ਹ ਦੇ ਲੰਗਰ ਵਿਚ ਸਮੇਂ ਸਮੇਂ ਇਹ ਲਾਂਗਰੀ ਸੇਵਾ ਕਰਦੇ ਰਹੇ–**

ਮਹੰਤ ਚੰਨਣ ਸਿੰਘ, ਸੰਤ ਤੇਜਾ ਸਿੰਘ, ਸੰਤ ਹਰਭਜਨ ਸਿੰਘ, ਸੰਤ ਸ਼ੇਰ ਸਿੰਘ (ਤਬਲਾ–ਵਾਦਕ), ਮਹੰਤ ਸੰਤੋਖ ਸਿੰਘ ਆਦਿ। ਹੱਟੀ ਦੇ ਇੰਚਾਰਜ ਸੰਤ ਮਹਿੰਦਰ ਸਿੰਘ ਰਹੇ।

**ਵਰਤਮਾਨ ਸਮੇਂ ਵਿਚ ਇਹ ਲਾਂਗਰੀ ਸੇਵਾ ਕਰ ਰਹੇ ਹਨ–** ਸਰਵ ਸ੍ਰੀ ਦਿਆਲ ਸਿੰਘ ਲਾਹੌਰੀਆ, ਮੁਖਤਿਆਰ ਸਿੰਘ, ਗੁਰਨਾਮ ਸਿੰਘ ਮੁੱਠਡਾ, ਗੁਰਚਰਨ ਸਿੰਘ ਗਰੇਟਾ, ਕੁਲਵੰਤ ਸਿੰਘ ਮਿਰਜਾਪੁਰ, ਬਲਦੇਵ ਸਿੰਘ ਰਾਖਵਾਲਾ ਆਦਿ। ਸੰਤ ਪੰਜਾਬ ਸਿੰਘ ਹੱਟੀ ਦੇ ਇੰਚਾਰਜ ਹਨ।

**ਮਲੇਰਕੋਟਲਾ ਦੇ ਨਾਮਧਾਰੀ ਸ਼ਹੀਦ ਸਮਾਰਕ ਵਿਖੇ–** ਚਲਦੇ ਲੰਗਰ ਵਿਚ ਮਹੰਤ ਸੰਤੋਖ ਸਿੰਘ ਅਤੇ ਉਨ੍ਹਾਂ ਦਾ ਸਾਰਾ ਪਰਿਵਾਰ ਸੇਵਾ ਕਰਦਾ ਹੈ।

**ਲੁਧਿਆਣਾ ਦੇ ਨਾਮਧਾਰੀ ਸ਼ਹੀਦ ਸਮਾਰਕ ਵਿਖੇ–** ਪਹਿਲੋਂ ਸੰਤ ਮੱਖਣ ਸਿੰਘ ਲੰਗਰ ਵਿਚ ਸੇਵਾ ਕਰਦੇ ਰਹੇ। ਅੱਜ ਕੱਲ੍ਹ ਦਯਾ ਸਿੰਘ ਸਪੁੱਤਰ ਸੰਤ ਅਜੀਤ ਸਿੰਘ ਸਮਰਾਲਾ ਸੇਵਾ ਕਰ ਰਹੇ ਹਨ।

ਬੀਬੀਆਂ ਵਿਚੋਂ ਪਹਿਲੋਂ ਬੀਬੀ ਮਹਿੰਦਰ ਕੌਰ ਤੇ ਹੁਣ ਬੀਬੀ ਦਰਸ਼ਨਾਂ ਸੇਵਾ ਕਰ ਰਹੇ ਹਨ।

**ਅੰਮ੍ਰਿਤਸਰ ਦੇ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ–** ਅੱਜ ਕੱਲ੍ਹ ਸੰਤ ਸਰਬਜੀਤ ਸਿੰਘ (ਯੂ.ਪੀ.) ਲੰਗਰ ਵਿਚ ਸੇਵਾ ਕਰ ਰਹੇ ਹਨ। ਇਸ ਤੋਂ ਪਹਿਲੋਂ ਸਮੇਂ ਸਮੇਂ 'ਤੇ ਸਰਵ ਸ੍ਰੀ ਹਰਪਾਲ ਸਿੰਘ ਅਤੇ ਬੀਬੀ ਰਾਣੀ, ਅਵਤਾਰ ਸਿੰਘ ਤੇ ਮਹੰਤ ਸੰਤੋਖ ਸਿੰਘ ਆਦਿ ਸੇਵਾ ਕਰਦੇ ਰਹੇ ਹਨ।

# ਸਹਿਪਾਠੀ ਸੰਮੇਲਨ

26 ਫਰਵਰੀ ਸੰਨ 1991 ਨੂੰ ਸ੍ਰੀ ਭੈਣੀ ਸਾਹਿਬ ਵਿਖੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇੱਛਾ ਅਨੁਸਾਰ ਸਹਿਪਾਠੀ ਸੰਮੇਲਨ ਕੀਤਾ ਗਿਆ। ਇਸ ਸੰਮੇਲਨ ਵਿਚ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਸ੍ਰੀ ਭੈਣੀ ਸਾਹਿਬ ਵਿਖੇ ਸਥਾਪਤ ਕੀਤੇ ਗਏ ਵਿਦਿਆਲੇ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ( ਉਦੋਂ ਬੇਅੰਤ ਜੀ ) ਨਾਲ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਇੱਕਤਰ ਕੀਤਾ ਗਿਆ। ਇਸ ਸੰਮੇਲਨ ਦਾ ਮੁੱਖ ਮਕਸਦ ਸੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਵਰ੍ਹੇ ਦੇ ਅੰਤਰਗਤ, ਉਸ ਵਕਤ ਵਿਦਿਆਲੇ ਵਿਚ ਪੜ੍ਹੇ ਵਿਦਿਆਰਥੀਆਂ ਦੀ ਯਾਦਾਂ ਦੀ ਪਿਟਾਰੀ ਵਿਚੋਂ, ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸੋਂ ਸਰਵਣ ਕੀਤੇ ਬਚਨਾਂ 'ਤੇ ਸੰਬੰਧਤ ਸਾਖੀਆਂ ਨੂੰ ਮਿਲ ਬੈਠ ਕੇ ਸੁਨਣਾ ਤੇ ਆਡੀਓ ਤੇ ਵੀ.ਡੀ. ਓ. ਟੇਪ ਰਾਹੀ ਸੰਭਾਲਣਾ। ਇਹ ਸੰਮੇਲਨ, ਬੜੀ ਸਾਰਥਕਤਾ ਨਾਲ ਸੰਪੰਨ ਹੋਇਆ।

ਇਸ ਸਹਿਪਾਠੀ ਸੰਮੇਲਨ ਵਿਚ ਆਪਣੇ ਸਾਰੇ ਹਮਜਮਾਤੀਆਂ ਨੂੰ ਸੱਦਣ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੜੀ ਉਚੇਚ ਕੀਤੀ। ਬੜੀ ਕੋਸ਼ਿਸ਼ ਨਾਲ ਸਹਿਪਾਠੀਆਂ ਨੂੰ ਲੱਭਿਆ ਗਿਆ। ਇਸ ਕਾਰਜ ਵਿਚ ਕਾਫੀ ਵਕਤ ਲੱਗਾ। ਕਈ ਸਰੀਰ ਅਜਿਹੇ ਵੀ ਸਨ, ਜਿਹੜੇ ਕਾਫੀ ਸਮੇਂ ਤੋਂ ਸ੍ਰੀ ਭੈਣੀ ਸਾਹਿਬ ਆਏ ਹੀ ਨਹੀਂ ਸਨ, ਸੋ ਜਗ੍ਹਾ ਜਗ੍ਹਾ ਜਾ ਕੇ ਉਨ੍ਹਾਂ ਦਾ ਪਤਾ ਕੀਤਾ ਗਿਆ। ਕਈਆਂ ਦਾ ਟੈਲੀਫੋਨ ਕਰ ਕੇ ਪਤਾ ਲਾਇਆ ਗਿਆ, ਕਈ ਥਾਂ ਬੰਦੇ ਭੇਜੇ ਗਏ, ਕਈਆਂ ਨੂੰ ਗੱਡੀਆਂ ਭੇਜ ਕੇ ਮੰਗਵਾਇਆ ਗਿਆ। ਸੱਚੇ ਪਾਤਸ਼ਾਹ ਜੀ ਰਾਹੀਂ ਕੀਤੇ ਗਏ ਯਤਨਾਂ ਦੌਰਾਨ, ਕਈ ਸਰੀਰ ਚੜ੍ਹਾਈ ਕਰ ਗਏ । ਇਸ ਤਰ੍ਹਾਂ ਇੱਕਲੇ ਇੱਕਲੇ ਦਾ ਪਤਾ ਕਰਣ ਅਤੇ ਸੱਦਣ ਵਿਚ ਕਾਫੀ ਵਕਤ ਤੇ ਮਿਹਨਤ ਲੱਗੀ।

ਇਸ ਸੰਮੇਲਨ ਲਈ ਬੁਲਾਏ ਜਾਣ ਵਾਲੇ ਸਹਿਪਾਠੀਆਂ ਦੇ ਨਾਵਾਂ ਦੀ ਲਿਸਟ ਲੰਬੀ ਸੀ । ਹਾਜ਼ਰ ਹੋਏ ਸਰੀਰ 34 ਸਨ। ਪੈਂਤੀਵੀਂ ਮਾਈ ਗੋਬਿੰਦਨੀ ਸੀ, ਜਿਸ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਕਤ ਦੇ ਦਰਸ਼ਨ ਕੀਤੇ ਹੋਏ ਸਨ। ਮਾਈ ਗੋਬਿੰਦਨੀ ਦੀ ਯਾਦਦਾਸ਼ਤ ਬੜੀ ਤੇਜ਼ ਸੀ। ਆਪ, ਉਸ ਵਕਤ ਦੀਆਂ ਗੱਲਾਂ ਦਾ ਵਰਨਣ ਇੰਜ ਕਰਦੇ ਸਨ, ਜਿਵੇਂ ਅਜੇ ਕਲ੍ਹ ਦੀ ਹੀ ਗੱਲ ਹੋਵੇ। ਸ੍ਰੀ ਸਤਿਗੁਰੁ ਪ੍ਰਤਾਪ ਸਿੰਘ ਜੀ ਦੇ ਬੜੇ ਬਚਨ ਅਤੇ ਸਾਖੀਆਂ ਮਾਈ ਗੋਬਿੰਦਨੀ ਨੂੰ ਯਾਦ ਸਨ। ਬਾਕੀ ਸਹਿਪਾਠੀਆਂ ਨੂੰ ਦਿੱਤਾ ਗਿਆ ਸਨਮਾਨ ਤੇ ਸਿਰੋਪਾਓ ਮਾਈ ਗੋਬਿੰਦਨੀ ਨੂੰ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਪ੍ਰਾਪਤ ਕਰਣ ਦਾ ਸੁਭਾਗ ਹਾਸਲ ਹੋਇਆ।

ਸਹਿਪਾਠੀ ਸੰਮੇਲਨ 26, 27 ਤੇ 28 ਫਰਵਰੀ ਸੰਨ 1991 ਨੂੰ, ਹੋਲੇ ਦੇ ਮੇਲੇ ਤੋਂ ਪਹਿਲੋਂ ਹੋਇਆ। ਹੋਲੇ ਦਾ ਮੇਲਾ ਇਕ, ਦੋ, ਤਿੰਨ ਮਾਰਚ ਦਾ ਸੀ ਤੇ ਚਾਰ ਮਾਰਚ ਦੀ ਸਵੇਰ ਨੂੰ ਮੇਲੇ ਦਾ ਭੋਗ ਪੈਣਾ ਸੀ। 28 ਫਰਵਰੀ ਨੂੰ ਸੰਮੇਲਨ ਦੀ ਸਮਾਪਤੀ ਉਪਰੰਤ ਸੱਚੇ ਪਾਤਸ਼ਾਹ ਜੀ ਨੇ ਸਹਿਪਾਠੀਆਂ ਨੂੰ ਹੁਕਮ ਕੀਤਾ ਕਿ ਜਿਸ ਨੇ ਹੋਲਾ ਵੇਖਣਾ ਹੈ, ਬੜੇ ਸ਼ੌਕ ਨਾਲ ਵੇਖ ਸਕਦਾ ਹੈ, ਜਿਨ੍ਹਾਂ ਨੇ ਜ਼ਰੂਰੀ ਜਾਣਾਂ ਹੋਵੇ ਉਹ ਜਾ ਸਕਦੇ ਹਨ।

ਸੂਬਾ ਹਰਭਜਨ ਸਿੰਘ ( ਲੁਧਿਆਣੇ ਵਾਲੇ) ਦੱਸਦੇ ਹਨ ਕਿ ਸ੍ਰੀ ਸਤਿਗੁਰੂ ਜੀ ਵਲੋਂ ਉਨ੍ਹਾਂ ਨੂੰ ਵਿਸ਼ੇਸ਼ ਹੁਕਮ ਹੋਇਆ ਸੀ ਕਿ ਇਨ੍ਹਾਂ ਸਾਰੇ ਸਹਿਪਾਠੀਆਂ ਦੀ ਦੇਖ-ਭਾਲ ਚੰਗੀ ਤਰ੍ਹਾਂ ਕਰਨੀ ਹੈ। ਇਨ੍ਹਾਂ ਲਈ ਉਚਿਤ ਡੇਰੇ ਦਾ, ਮੌਸਮ ਅਨੁਸਾਰ ਇਸ਼ਨਾਨ ਪਾਣੀ ਅਤੇ ਲੰਗਰ ਛਕਾਉਣ ਦਾ ਵਿਸ਼ੇਸ਼ ਪ੍ਰਬੰਧ ਕਰਨਾ ਹੈ। ਇਸ ਸਾਰੀ ਜ਼ੁੰਮੇਵਾਰੀ ਨੂੰ ਸੂਬਾ ਹਰਭਜਨ ਸਿੰਘ ਜੀ ਨੇ ਆਪਣੇ ਸਾਥੀਆਂ ਸਮੇਤ ਬਾਖੂਬੀ ਨਿਭਾਇਆ ਸੀ।

26 ਫਰਵਰੀ ਨੂੰ ਸੱਚੇ ਪਾਤਸ਼ਾਹ ਜੀ ਦੇ ਸਹਿਪਾਠੀ, ਸ੍ਰੀ ਭੈਣੀ ਸਾਹਿਬ ਪਹੁੰਚਣੇ ਸ਼ੁ ਰੂ ਹੋ ਗਏ। ਇਉਂ ਲਗਦਾ

ਸੀ, ਜਿਵੇਂ ਅਨੇਕ ਸੁਦਾਮੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਹਿਤ ਪਹੁੰਚ ਰਹੇ ਹੋਣ। ਸੱਚੇ ਪਾਤਸ਼ਾਹ ਜੀ ਦੀ ਕੋਠੀ ਦੇ ਬੈਠਕ ਕਮਰੇ ਵਿਚ ਬੜਾ ਅਦੱਭੁਤ ਨਜ਼ਾਰਾ ਪੇਸ਼ ਹੋ ਰਿਹਾ ਸੀ। ਕਈ ਸਹਿਪਾਠੀ ਜੋ ਮੁਦੱਤਾਂ ਬਾਅਦ ਮਿਲੇ ਸਨ, ਇਕ ਦੂਜੇ ਦੀ ਪਛਾਣ ਕਰ ਰਹੇ ਸਨ। ਕਈਆਂ ਨੇ ਤਾਂ ਗੁਰੂ-ਗੱਦੀ ਤੇ ਬਿਰਾਜਮਾਨ ਆਪਣੇ ਜਮਾਤੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਹੀ ਬੜੇ ਸਾਲਾਂ ਬਾਅਦ ਕੀਤੇ ਸਨ।

ਜਿਹੜੇ ਉਥੇ ਹਾਜ਼ਰ ਸਨ, ਉਨ੍ਹਾਂ ਸਭਨਾਂ ਦੇ ਨਾਂ ਲੈ ਕੇ ਸੱਚੇ ਪਾਤਸ਼ਾਹ ਜੀ ਨੇ ਸਾਰਿਆਂ ਦੀ ਇਕ ਦੂਜੇ ਨਾਲ ਜਾਣ ਪਛਾਣ ਕਰਵਾਈ। ਜਿਹੜੇ ਕਿਸੇ ਕਾਰਣ ਵੱਸ ਨਹੀਂ ਆ ਸਕੇ, ਜਿਹੜੇ ਚੜ੍ਹਾਈ ਕਰ ਗਏ ਸਨ ਅਤੇ ਜਿਨ੍ਹਾਂ ਨੇ ਅਜੇ ਆਉਣਾ ਸੀ, ਸਭ ਨੂੰ ਯਾਦ ਕੀਤਾ ਗਿਆ। ਉਪ੍ਰੰਤ ਬਚਪਨ ਦੀਆਂ ਯਾਦਾਂ ਤਾਜ਼ੀਆਂ ਕੀਤੀਆਂ ਗਈਆਂ। ਅਖਾੜੇ ਵਿਚ ਜ਼ੋਰ ਕਰਨਾ, ਦਰਖੱਤ ਤੇ ਚੜ੍ਹ ਕੇ ਜਾਮਣਾਂ ਛਕਣੀਆਂ, ਖੇਡਣਾ, ਕੁੱਦਣਾ, ਸ਼ਰਾਰਤਾਂ ਕਰਨੀਆਂ ਸਭ ਯਾਦ ਆ ਰਹੇ ਸਨ। ਜਿਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਦੇ ਦੇਰ ਬਾਅਦ ਦਰਸ਼ਨ ਕੀਤੇ ਸਨ, ਉਨ੍ਹਾਂ ਨੂੰ ਇਸ ਪਵਿੱਤਰ ਅਸਥਾਨ ਵਿਚ ਵੱਡੀ ਤਬਦੀਲੀ ਨਜ਼ਰ ਆ ਰਹੀ ਸੀ। ਕਈਆਂ ਨੇ ਆਪਣੀ ਕਬੀਲਦਾਰੀ ਅਤੇ ਦੁਖ ਸੁਖ ਦੀਆਂ ਗਲਾਂ ਸ੍ਰੀ ਸਤਿਗੁਰੂ ਜੀ ਨਾਲ ਸਾਂਝੀਆਂ ਕੀਤੀਆਂ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨਾਂ ਅਤੇ ਕਿਰਪਾ ਨੂੰ ਯਾਦ ਕੀਤਾ ਗਿਆ। ਆਪਣੇ ਉਸ ਵੇਲੇ ਦੇ ਅਧਿਆਪਕਾਂ ਨੂੰ ਚੇਤੇ ਕੀਤਾ ਗਿਆ। ਪੰਡਤ ਗੁਰਦਿਆਲ ਸਿੰਘ ਜੀ (ਪਿੰਡ ਸੰਦਾਂਵਾਲਾ,ਸਿਆਲਕੋਟ) ਜੋ ਉਸ ਵੇਲੇ ਅੰਗ੍ਰੇਜ਼ੀ ਪੜ੍ਹਾਇਆ ਕਰਦੇ ਸਨ, ਦੇ ਸਪੁੱਤਰ ਸ੍ਰ. ਗੁਰਦਰਸ਼ਨ ਸਿੰਘ, ਪਿੰਡ ਸੌਂਕੜਾ ਕਰਨਾਲ ਤੋਂ ਆਏ ਹੋਏ ਸਨ, ਉਹ ਆਪਣੇ ਪਿਤਾ ਜੀ ਦੀ ਉਸ ਵੇਲੇ ਦੀ ਫੋਟੋ ਨਾਲ ਲਿਆਏ ਸਨ, ਫੋਟੋ ਵੇਖੀ ਗਈ। ਉਸਤਾਦ ਹਰਭਜਨ ਸਿੰਘ ਜੀ ਦੀ ਫੋਟੋ ਵੀ ਵੇਖੀ ਗਈ (ਉਸਤਾਦ ਹਰਭਜਨ ਸਿੰਘ ਜੀ ਉਸ ਵੇਲੇ ਵਿਦਿਆਲੇ ਦੇ ਗੁਰਬਾਣੀ ਦੇ ਅਧਿਆਪਕ ਸਨ। ਆਪ ਬੱਚਿਆਂ ਨੂੰ ਗੁਰਬਾਣੀ ਕੰਠ ਕਰਾਉਂਦੇ ਅਤੇ ਸ਼ੁੱਧ ਪਾਠ ਕਰਨਾ ਸਿਖਾਉਂਦੇ ਸਨ)। ਉਨ੍ਹਾਂ ਦੀਆਂ ਇਹ ਤਸਵੀਰਾਂ ਸੱਚੇ ਪਾਤਸ਼ਾਹ ਜੀ ਨੇ ਉਥੇ ਮੌਜੂਦ ਆਪਣੇ ਸਹਿਪਾਠੀਆਂ ਨੂੰ ਵਿਖਾਈਆਂ।

ਅਗਲੇ ਦਿਨ 27 ਫਰਵਰੀ ਨੂੰ ਹਰਿ-ਮੰਦਰ ਵਿਚ ਸਾਰੇ ਸਹਿਪਾਠੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮੁੜ ਇੱਕਤਰ ਹੋਏ। ਜਿਹੜੇ ਹੋਰ ਆਏ ਸਨ, ਉਨ੍ਹਾਂ ਨਾਲ ਵੀ ਆਪੋ ਵਿਚ ਜਾਣ ਪਛਾਣ ਕਰਵਾਈ ਗਈ। ਉਪ੍ਰੰਤ ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ,

"ਤੁਸੀਂ ਸਾਰਿਆਂ ਨੇ ਨਿੱਕੇ ਹੁੰਦਿਆਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕੀਤੇ ਹਨ, ਉਸ ਵੇਲੇ ਦੀ ਕੋਈ ਸਾਖੀ, ਕੋਈ ਸਤਿਗੁਰਾਂ ਦੇ ਆਖੇ ਹੋਏ ਬਚਨ ਯਾਦ ਕਰ ਲਵੋ, ਇਹ ਸਾਰੇ ਰਿਕਾਰਡ ਕੀਤੇ ਜਾਣੇ ਹਨ। ਅਸੀਂ ਸਤਿਗੁਰਾਂ ਦੀ ਸਾਲਗਿਰਹ ਮਨਾ ਰਹੇ ਹਾਂ। ਜਿਹੜੀ ਤੁਹਾਡੇ ਯਾਦ ਹੋਵੇ ਜਾਂ ਸੁਣੀ ਹੋਵੇ, ਉਹ ਇਕ ਇਕ ਸਾਖੀ ਰਿਕਾਰਡ ਕਰ ਲਈ ਜਾਵੇਗੀ।"

ਸੰਤ ਭਗਵਾਨ ਸਿੰਘ ਚੱਠਾ ਨੇ ਕੁਝ ਸ਼ੇਅਰ ਅਤੇ ਕਵਿਤਾਵਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਗਾ ਕੇ ਸੁਣਾਈਆਂ ਅਤੇ ਫਿਰ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਦਾ ਵਰਨਣ ਇੰਜ ਕੀਤਾ,

"ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਰਹਿਣ ਦਾ ਮੈਨੂੰ ਬੜਾ ਲੰਬਾ ਮੌਕਾ ਮਿਲਿਆ। ਮੈਂ ਸੱਚੇ ਪਾਤਸ਼ਾਹ ਜੀ ਦੇ ਨਾਲ ਰਿਹਾਂ, ਪੰਜਾਬ ਦੇ ਕੀਤੇ ਤਿੰਨ ਦੌਰਿਆਂ ਸਮੇਂ ਜੋ ਅੰਬਾਲੇ ਤੋਂ ਲੈ ਕੇ ਫੀਰੋਜ਼ਪੁਰ ਤੀਕ ਕੀਤੇ ਗਏ, ਮੇਰੇ ਤੇ ਸ੍ਰੀ ਸਤਿਗੁਰੂ ਜੀ ਨੇ ਬੜੀ ਕ੍ਰਿਪਾ ਕੀਤੀ। ਇਕ ਵਾਰੀ ਮੈਨੂੰ ਤਿੰਨ ਸੁਨੇਹੇ ਘੱਲੇ, ਬਈ ਆਵੇ। ਮੇਰੀ ਕੁੜੀ ਹਸਪਤਾਲ ਵਿਚ ਬੀਮਾਰ ਪਈ ਸੀ। ਪਹਿਲਾਂ ਬੋਲਦੀ ਨਹੀਂ ਸੀ, ਸੁਨੇਹਾ ਆਏ ਤੋਂ ਕਹਿਣ ਲੱਗੀ,' ਮੈਂ ਠੀਕ ਹਾਂ, ਕੋਈ ਖਤਰਾ ਨਹੀਂ, ਹੁਣ ਤੁਸੀਂ ਜਾਵੋ ।' ਮੈਂ ਘਰਦਿਆਂ ਨੂੰ ਆਖਿਆ, ਮੈਨੂੰ ਜਾਪਦਾ ਹੈ ਕਿ ਇਹ ਆਖਿਰੀ ਪੇਪਰ ਹੈ, ਮੈਂ ਕਿਤੇ ਰਹਿ ਨਾ ਜਾਵਾਂ। ਪੇਪਰ ਤਾਂ ਪੈਂਦੇ ਹੀ ਰਹਿੰਦੇ ਹਨ। ........ਗੁਰੂ ਨਾਨਕ ਦੇਵ ਜੀ ਦੇ ਵੇਲੇ ਬਾਬਾ ਬੁੱਢਾ ਜੀ ਨੂੰ ਦੁੱਧ ਪਿਆਉਣ 'ਤੇ ਬਾਬਾ ਬੁੱਢਾ ਜੀ ਦਾ ਖਿਤਾਬ ਮਿਲਿਆ। ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਨ

ਕਰਨ ਨਾਲ ਬਈ, ' ਮੇਰੇ ਮੁੰਡਿਆ ਨੂੰ ਚੰਗੀ ਤਰ੍ਹਾਂ ਸਾਂਭਣਾਂ, ਸਾਡੀ ਉਮਰ ਵੀਹ ਵੀਹ ਸਾਲ ਵੱਧ ਗਈ ਹੈ (ਇਨ੍ਹਾਂ ਸਹਿਪਾਠੀ ਸਿੱਖਾਂ ਦਾ ਖਾਸ ਧਿਆਨ ਰੱਖਣ ਦਾ ਹੁਕਮ ਸ੍ਰੀ ਸਤਿਗੁਰੁ ਜੀ ਵਲੋਂ ਹੋਇਆ ਸੀ) ਸੱਚੇ ਪਾਤਸ਼ਾਹ ਜੀ ਅੱਗੇ ਮੇਰੀ ਅਰਜ਼ ਹੈ ਕਿ ਹੁਣ ਬੁਢੇਪਾ ਇਸੇ ਤਰਾਂ ਲੰਘਾ ਦੇਣ।'

ਸੰਤ ਭਗਵਾਨ ਸਿੰਘ ਬਾਰੇ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ,

" ਭਗਵਾਨ ਸਿੰਘ ਇਹਦਾ ਨਾਂ ਹੈ। ਇਕ ਗੱਲ ਦੱਸਦਾ ਹਾਂ ਇਹਦੀ, ਛੋਟਾ ਹੁੰਦਾ ਇਕ ਵਾਰ ਮਾਤਾ-ਪਿਤਾ ਨਾਲ ਕਿਸੇ ਗੱਲੋਂ ਗੁੱਸੇ ਹੋਏ। ਇਹ ਆਂਹਦਾ ਹੈ, ਇਥੇ ਸਤਿਗੁਰਾਂ ਦਾ ਲੰਗਰ ਹੈ। ਤੁਸੀਂ ਵੀ ਇਥੋਂ ਪ੍ਰਸ਼ਾਦਾ ਛਕਦੇ ਹੋ ਤੇ ਮੈਂ ਵੀ ਇਥੋਂ ਛਕਦਾ ਹਾਂ। ਤੁਸੀਂ ਮੇਰੇ 'ਤੇ ਹੁਕਮ ਕਾਹਦਾ ਕਰਦੇ ਹੋ।'

ਇਕ ਸਹਿਪਾਠੀ ਨੇ ਅਰਜ਼ ਕੀਤੀ ,

" ਗ੍ਰੀਬ-ਨਿਵਾਜ਼, ਇਕ ਅਰਜ਼ ਹੈ ਕਿ ਸਾਰੇ ਹਮਜਾਤੀਆਂ ਦਾ ਆਪ ਦੇ ਚਰਨਾਂ ਵਿਚ ਹੀ ਭੋਗ ਪਵੇ।"'

ਸ੍ਰੀ ਭੈਣੀ ਸਾਹਿਬ ਦੇ ਨੇੜੇ ਹੀ ਖੇਤਾਂ ਵਿਚ ਕਿਸੇ ਸਿੰਘ ਨੇ ਅਰਜ਼ ਕਰ ਕੇ ਸੱਚੇ ਪਾਤਸ਼ਾਹ ਜੀ ਨੂੰ ਬੁਲਾਇਆ ਸੀ। ਇਸ ਇਕੱਤਰਤਾ ਮਗਰੋਂ ਸਾਰੇ ਸਹਿਪਾਠੀ ਸ੍ਰੀ ਸਤਿਗੁਰੂ ਜੀ ਨਾਲ ਉਥੇ ਗਏ। ਸ. ਭਾਨ ਸਿੰਘ ਦੇ ਖੇਤਾਂ ਵਿਚ ਕੁਲ੍ਹਾੜੀ ਚਲ ਰਹੀ ਸੀ, ਸਭਨਾਂ ਨੇ ਗੰਨੇ ਚੂਪੇ, ਰਸ ਪੀਤਾ ਤੇ ਸੱਚੇ ਪਾਤਸ਼ਾਹ ਜੀ ਦੇ ਨਾਲ ਗਰੁੱਪ ਫੋਟੋਆਂ ਖਿੱਚਵਾਈਆਂ।

ਸੱਚੇ ਪਾਤਸ਼ਾਹ ਜੀ ਆਪਣੇ ਉਥੇ ਆਏ ਸਾਰੇ ਸਹਿਪਾਠੀਆਂ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਉਸ ਜਗ੍ਹਾ 'ਤੇ ਵੀ ਲੈ ਕੇ ਗਏ ਜਿੱਥੇ ਪਹਿਲੋਂ ਵਿਦਿਆਲਾ ਹੁੰਦਾ ਸੀ।

ਅਗਲੇ ਦਿਨ 28 ਫਰਵਰੀ ਸੰਨ 1991 ਨੂੰ ਆਸਾ ਦੀ ਵਾਰ ਦਾ ਕੀਰਤਨ ਸਿਮ੍ਰਤੀ ਮੰਦਰ ਦੇ ਹਾਲ ਵਿਚ ਹੋਇਆ। ਮਹਾਰਾਜ ਬੀਰ ਸਿੰਘ ਜੀ ਨੇ ਸ਼ਬਦ ਪੜ੍ਹਿਆ, ' ਮੋਹੇ ਨਾ ਵਿਸਾਰਿਓ, ਮੈਂ ਜਨ ਤੇਰਾ। '

ਕੀਰਤਨ ਉਪ੍ਰੰਤ ਸੰਤ ਪ੍ਰੀਤਮ ਸਿੰਘ ਜੀ ਕਵੀ ਨੇ ਸਟੇਜ 'ਤੇ ਖੜੋ ਕੇ ਦੱਸਿਆ ਕਿ ਇਸ ਵਾਰ ਦਾ ਹੋਲੇ ਦਾ ਮੇਲਾ ਅਤੇ ਸ੍ਰੀ ਭੈਣੀ ਸਾਹਿਬ ਦਾ ਸਾਲ ਭਰ ਦਾ ਖਰਚਾ ਸੇਠ ਸੁਰਅੰਮ੍ਰਿਤ ਸਿੰਘ ਥਾਈਲੈਂਡ ਨਿਵਾਸੀ ਵਲੋਂ ਹੋ ਰਿਹਾ ਹੈ। ਸਹਿਪਾਠੀ ਸੰਮੇਲਨ ਬਾਰੇ ਵੀ ਦੱਸਿਆ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਦਿਵਸ ਮਨਾਇਆ ਜਾ ਰਿਹਾ ਹੈ। ਸਾਰੇ ਸਹਿਪਾਠੀ ਹਰਿ-ਮੰਦਰ ਵਿਚ ਇਕੱਤਰ ਹੋਣਗੇ। ਸਾਰਿਆਂ ਨੇ, ਵਾਰੋ ਵਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਯਾਦਾਂ ਵਿਚੋਂ ਆਪਣੇ ਨਾਲ ਸੰਬੰਧਤ ਸਾਖੀ ਸੁਨਾਉਣੀ ਹੈ। ਇਨ੍ਹਾਂ ਸਾਖੀਆਂ ਦੀ ਰਿਕਾਰਡਿੰਗ ਕੀਤੀ ਜਾਣੀ ਹੈ।

ਇਸ ਮਗਰੋਂ ਹਰੀ ਮੰਦਰ ਵਿਚ ਹੋਈ ਇਕੱਤਰਤਾ ਸਮੇਂ ਮਹਾਰਾਜ ਬੀਰ ਸਿੰਘ ਜੀ ਨੇ ਆਖਿਆ ,

ਮੈਂ ਤੁਹਾਨੂੰ ( ਸਹਿਪਾਠੀਆਂ ਨੂੰ) ਇਕ ਦੋ ਨੂੰ ਜਾਣਦਾ ਹਾਂ, ਪਛਾਣ ਭੁੱਲ ਗਈ ਹੈ।'

ਖਾਣਾ ਪੀਣਾ ਹੱਸਣਾ ਪਾਪ, ਜਬ ਤਕ ਹਿਰਦੇ ਨਾ ਆਵੇ ਯਾਦ ।

ਸਤਿਗੁਰੂ ਜੀ ਨੇ ਕਿਰਪਾ ਕਰ ਕੇ ਉਸ ਵੇਲੇ ਵਿਦਿਆਲਾ ਸਥਾਪਤ ਕੀਤਾ। ਤੁਸੀਂ ਸਾਰੇ ਵਿਆਹੇ ਗਏ, ਬਾਲ-ਬੱਚੇ ਦਾਰ ਹੋ ਗਏ, ਕਾਰੋਬਾਰਾਂ 'ਚ ਰੁੱਝ ਗਏ। ਉਸ ਸਮੇਂ ਦਾ ਵਿੱਦਿਆ ਪ੍ਰਾਪਤ ਕਰਨਾ ਤੁਹਾਨੂੰ ਜ਼ਿੰਦਗੀ ਭਰ ਭੁੱਲਣਾ ਨਹੀਂ ਚਾਹੀਦਾ। ਸਤਿਗੁਰਾਂ ਦਾ ਉਪਕਾਰ, ਮੁੱਢਲੀ ਵਿੱਦਿਆ ਦੀ ਦੇਣ ਕਦੇ ਨਾ ਭੁੱਲੋ। ਮੈਂ ਅਰਜ਼ ਕਰਦਾ ਹਾਂ ਕਿ ਜੇ ਬਹੁਤੀ ਵਾਰੀ ਨਹੀਂ ਤਾਂ ਸਲਾਨਾ ਮੇਲਿਆਂ 'ਤੇ ਜ਼ਰੂਰ ਪਹੁੰਚਿਆ ਕਰੋ ਤਾਂ ਜੋ ਸਾਡੀ ਯਾਦ ਬਣੀ ਰਹੇ। ਸੰਤ ਹਰਭਜਨ ਸਿੰਘ ਪਹਿਲੇ ਗੁਰਬਾਣੀ ਦੇ ਅਧਿਆਪਕ ਸਨ। ਉਨ੍ਹਾਂ ਨੇ ਅੰਮ੍ਰਿਤ ਵੇਲੇ ਸਾਨੂੰ ਇਸ਼ਨਾਨ ਕਰਾ ਕੇ ਦੀਵੇ ਜਾਂ ਲੈਂਪ ਜਗਾ ਕੇ ਪਾਠ ਕਰਨ ਲਾ ਦੇਣਾਂ। ਊਨਾਂ ਸੰਤਾਂ ਨੇ ਉਸ ਵੇਲੇ ਗੁਰਬਾਣੀ ਦੀ ਸ਼ੁੱਧੀ ਕਰਾਈ। ਉਹ ਵਿੱਦਿਆ ਪੱਥਰ ਦੀ ਲੀਕ ਵਾਂਗ ਹੋ ਗਈ। ਸ਼ੁੱਧ ਬਾਣੀ ਰਟਾਈ। ਇਸ ਕਿਰਪਾ ਨੂੰ ਯਾਦ ਰੱਖੋ। ਸਤਿਗੁਰਾਂ ਨੇ ਕਿਰਪਾ ਕੀਤੀ, ਤੁਹਾਨੂੰ ਸੱਦਿਆ ਹੈ। ਹੁਣ ਇਹ ਨਾ ਹੋਵੇ ਬਈ ਤੁਹਾਨੂੰ ਸੁਨੇਹੇ ਜਾਂ ਚਿੱਠੀਆਂ ਭੇਜ ਕੇ ਬੁਲਾਇਆ ਕਰੀਏ। ਆਪ ਹੀ ਸਲਾਨਾ ਮੇਲਿਆਂ 'ਤੇ ਦਰਸ਼ਨ ਦਿਆ ਕਰੋ।"

ਪੰ. ਰਾਜਿਦਰ ਸਿੰਘ ਜੀ ਨੇ ਸਤਿਗੁਰੂ ਜੀ ਦੀ ਮਹਿਮਾ ਦਾ ਜ਼ਿਕਰ ਕੀਤਾ। ਇਹ ਵੀ ਦੱਸਿਆ ਕਿ ਸੱਚੇ ਪਾਤਸ਼ਾਹ ਜੀ (ਵਰਤਮਾਨ ਸਤਿਗੁਰੂ ਜੀ) ਅਜੋੜ ਨੂੰ ਜੋੜ ਦਿੰਦੇ ਹਨ। ਕਿਥੋਂ ਦੀਆਂ ਕੁੜੀਆਂ (ਪਿੰਡਾਂ ਦੀਆਂ) ਥਾਈਲੈਂਡ ਪੁਚਾ ਦਿੱਤੀਆਂ। ਗੁਰਮੁਖ ਸਿੰਘ ਵੀ.ਡੀ.ਓ ਵਾਲੇ ਦਾ ਵਿਆਹ ਲਾਹੌਲ ਸਪਿਤੀ ਦੇ ਪੰਡਤਾਂ ਦੀ ਕੁੜੀ ਨਾਲ ਕਰ ਦਿੱਤਾ। ਪੰਡਤ ਜੀ ਨੇ ਇਕ ਬੜੀ ਵਧੀਆ ਗੱਲ ਆਖੀ ਕਿ,

'ਮੌਕੇ ਦੇ ਗੁਰੂ ਦਾ ਹੁਕਮ ਹੀ ਗ੍ਰੰਥ ਹੈ, ਉਸੇ ਦਾ ਹੁਕਮ ਕੁਰਾਨ ਸ਼ਰੀਫ ਹੈ।'

ਅਗਲੇ ਦਿਨ 28 ਫਰਵਰੀ ਨੂੰ ਵਾਰ ਉਪ੍ਰੰਤ ਹਰਿ ਮੰਦਰ ਵਿਚ ਸਾਰੇ ਸਹਿਪਾਠੀ ਜੁੜ ਬੈਠੇ। ਪਹਿਲੋਂ ਸਭ ਨੇ ਵਾਰੋ ਵਾਰੀ ਖੜ੍ਹੇ ਹੋ ਕੇ ਆਪਣੇ ਬਾਰੇ ਜਾਣਕਾਰੀ ਦਿੱਤੀ। ਆਪਣਾ ਨਾਂ, ਪਿਤਾ ਦਾ ਨਾਂ ਅਤੇ ਕਿੱਥੇ ਰਹਿੰਦੇ ਹਨ, ਦੱਸਿਆ। ਇਹ ਨਾਂ ਇਸ ਤਰ੍ਹਾਂ ਹਨ-

| | |
|---|---|
| ਸੰਤ ਕਰਤਾਰ ਸਿੰਘ ਦਮਦਮਾ, ਸਰਸਾ | (ਸਪੁੱਤਰ ਸੰਤ ਪ੍ਰੀਤਮ ਸਿੰਘ) |
| ਸੰਤ ਪ੍ਰੀਤਮ ਸਿੰਘ ਪੰਛੀ, ਦਿੱਲੀ | ( ਸਪੁੱਤਰ ਸੰਤ ਹਰਨਾਮ ਸਿੰਘ) |
| ਸੰਤ ਗੁਰਚਰਨ ਸਿੰਘ ਚੀਨਾ, ਦਿੱਲੀ | (ਸਪੁੱਤਰ ਸੰਤ ਅਰਜਨ ਸਿੰਘ) |
| ਸੰਤ ਜਵਾਹਰ ਸਿੰਘ ਗੰਭੀਰ, ਦਿੱਲੀ | ( ਸਪੁੱਤਰ ਸੰਤ ਹਰਨਾਮ ਸਿੰਘ ਕਾਮੋਕੀ) |
| ਸੰਤ ਪ੍ਰੀਤਮ ਸਿੰਘ ਕਵੀ, ਦਿੱਲੀ | (ਸਪੁੱਤਰ ਸੂਬਾ ਫੂਲਾ ਸਿੰਘ) |
| ਸੰਤ ਸੁੱਲਖਣ ਸਿੰਘ, ਐਲਨਾਬਾਦ | (ਸਪੁੱਤਰ ਸੰਤ ਹਜ਼ਾਰਾ ਸਿੰਘ) |
| ਸੰਤ ਕੁੰਦਨ ਸਿੰਘ ਨਕਈ ਕਰੀਵਾਲਾ, ਸਰਸਾ | (ਸਪੁੱਤਰ ਸੰਤ ਧਾਰਾ ਸਿੰਘ) |
| ਪੰ. ਰਾਜਿੰਦਰ ਸਿੰਘ, ਗੁਰੂਸਰ | (ਸਪੁੱਤਰ ਸੂਬਾ ਨਾਹਰ ਸਿੰਘ) |
| ਸੰਤ ਗੁਰਬਖਸ਼ ਸਿੰਘ ਜੱਟ ਪੰਜ ਗੁਰਾਈਆਂ, ਗੁਰਦਾਸਪੁਰ | ( ਸਪੁੱਤਰ ਸੰਤ ਸ਼ਰਮ ਸਿੰਘ ) |
| ਸੰਤ ਭਗਵਾਨ ਸਿੰਘ ਮਿਰਜ਼ਾਪੁਰ ਥੇੜ੍ਹ, ਸਰਸਾ | (ਸਪੁੱਤਰ ਸੰਤ ਨਰੈਣ ਸਿੰਘ) |
| ਸੰਤ ਹਰਬੰਸ ਸਿੰਘ ਨਗਰਾਣਾ ਥੇੜ੍ਹ, ਸਰਸਾ | ( ਸਪੁੱਤਰ ਸੰਤ ਨਰੈਣ ਸਿੰਘ) |
| ਸੰਤ ਕਰਤਾਰ ਸਿੰਘ ਨਗਰਾਣਾ ਥੇੜ੍ਹ, ਸਰਸਾ | ( ਸਪੁੱਤਰ ਸੰਤ ਨਰੈਣ ਸਿੰਘ) |
| ਸੰਤ ਅਵਤਾਰ ਸਿੰਘ ਹਰੀਕੇ ਪੱਟੀ, ਅੰਮ੍ਰਿਤਸਰ | (ਸਪੁੱਤਰ ਸੰਤ ਸੁੰਦਰ ਸਿੰਘ) |
| ਸੰਤ ਭਗਵਾਨ ਸਿੰਘ ਕਰੀਵਾਲਾ, ਸਰਸਾ | (ਸਪੁੱਤਰ ਸੰਤ ਹਜ਼ਾਰਾ ਸਿੰਘ ਚੱਠਾ) |
| ਸੰਤ ਗੁਰਮੁਖ ਸਿੰਘ ਅਟਾਰੀ, ਅੰਮ੍ਰਿਤਸਰ | ( ਸਪੁੱਤਰ ਸੰਤ ਤਾਰਾ ਸਿੰਘ) |
| ਸੰਤ ਦਰਸ਼ਨ ਸਿੰਘ ਪਸ਼ੀਆ ਡਾਕਖਾਨਾ ਰਮਦਾਸ, ਅੰਮ੍ਰਿਤਸਰ | (ਸਪੁੱਤਰ ਸੰਤ ਕੇਹਰ ਸਿੰਘ ) |
| ਸੰਤ ਪ੍ਰੀਤਮ ਸਿੰਘ , ਬੀੜ | (ਸਪੁੱਤਰ ਸੰਤ ਜਵਾਲਾ ਸਿੰਘ) |
| ਸੰਤ ਹਜਾਰਾ ਸਿੰਘ ਭੰਗੂਰ, ਸਰਸਾ | (ਸਪੁੱਤਰ ਸੰਤ ਗੰਡਾ ਸਿੰਘ ਸੋਧੀ) |
| ਸੰਤ ਪ੍ਰਸ਼ੋਤਮ ਸਿੰਘ ਕਰੀਵਾਲਾ, ਸਰਸਾ | (ਸਪੁੱਤਰ ਸੰਤ ਚੇਤ ਸਿੰਘ) |
| ਸੰਤ ਇੰਦਰ ਸਿੰਘ ਉਬੋਕੇ ,ਅੰਮ੍ਰਿਤਸਰ | (ਸਪੁੱਤਰ ਸੰਤ ਬਾਗ ਸਿੰਘ ) |
| ਸੰਤ ਅਜੀਤ ਸਿੰਘ ਦਿੱਲੀ | (ਸਪੁੱਤਰ ਸੰਤ ਤੇਜਾ ਸਿੰਘ) |
| ਸੰਤ ਪ੍ਰੀਤਮ ਸਿੰਘ ਖੋਟਿਆਂ ਵਾਲਾ, ਸ੍ਰੀ ਜੀਵਨ ਨਗਰ | (ਸਪੁੱਤਰ ਸੰਤ ਪ੍ਰੇਮ ਸਿੰਘ ) |
| ਸੰਤ ਬਲੀ ਸਿੰਘ ਬੈਰਾਗੀ ਰਾਮਪੁਰ ਥੇੜ੍ਹ, ਸਰਸਾ | (ਸਪੁੱਤਰ ਸੰਤ ਬੱਗਾ ਸਿੰਘ ) |
| ਸੰਤ ਗੁਰਮੁਖ ਸਿੰਘ ਗੋਬਿੰਦ ਨਗਰ, ਸਰਸਾ | (ਸਪੁੱਤਰ ਸੰਤ ਬੱਲ ਸਿੰਘ) |
| ਸੰਤ ਜਗੀਰ ਸਿੰਘ ਬਾਦਸ਼ਾਹ ਵੱਡਾ ਅਮਰਾਸਰ, ਸਰਸਾ | (ਸਪੁੱਤਰ ਸੰਤ ਸਿੰਘ) |
| ਸੰਤ ਜੋਗਾ ਸਿੰਘ ਕਰੀਵਾਲਾ, ਸਰਸਾ | (ਸਪੁੱਤਰ ਸੰਤ ਤੇਗਾ ਸਿੰਘ) |

ਸੰਤ ਬਚਨ ਸਿੰਘ ਬਹਿੜਵਾਲਾ, ਤਹਿਸੀਲ ਅਜਨਾਲਾ, ਅੰਮ੍ਰਿਤਸਰ (ਸਪੁੱਤਰ ਸੰਤ ਹੀਰਾ ਸਿੰਘ ਲਾਵੇਂ)
ਸੰਤ ਸੋਹਨ ਸਿੰਘ ਸਢੌਰ, ਅੰਬਾਲਾ (ਸਪੁੱਤਰ ਸੰਤ ਪ੍ਰੀਤਮ ਸਿੰਘ)
ਸੰਤ ਟਹਿਲ ਸਿੰਘ ਬੋਪਾਰਾਇ, ਲੁਧਿਆਣਾ (ਸਪੁੱਤਰ ਸੰਤ ਮਾਘ ਸਿੰਘ)
ਸੰਤ ਮੱਘਰ ਸਿੰਘ ਖੋਟਿਆਂ ਵਾਲੇ, ਸੰਤ ਨਗਰ (ਸਪੁੱਤਰ ਸੰਤ ਇੰਦਰ ਸਿੰਘ )
ਸੰਤ ਕੁੰਦਨ ਸਿੰਘ ਖਦਾਰਾ ਸੰਤ ਨਗਰ, ਸਰਸਾ (ਸਪੁੱਤਰ ਸੰਤ ਮੱਘਰ ਸਿੰਘ)
ਸੰਤ ਕਪੂਰ ਸਿੰਘ ਰਾਣੀਆਂ, ਸਰਸਾ (ਸਪੁੱਤਰ ਸੰਤ ਕਿਸ਼ਨ ਸਿੰਘ)
ਸੰਤ ਦਲੀਪ ਸਿੰਘ ਝੀਤਾ ਭੰਗੂਰ, ਅੰਮ੍ਰਿਤਸਰ (ਸਪੁੱਤਰ ਸੰਤ ਵਧਾਵਾ ਸਿੰਘ )
ਸੰਤ ਬਲਬੀਰ ਸਿੰਘ ਲੰਗੇਆਣਾ , ਫਰੀਦਕੋਟ (ਸਪੁੱਤਰ ਸੰਤ ਕਪੂਰ ਸਿੰਘ)

ਇਸ ਜਾਣਕਾਰੀ ਮਗਰੋਂ ਸੰਤ ਪ੍ਰੀਤਮ ਸਿੰਘ ਕਵੀ ਜੀ ਨੇ ਆਖਿਆ ਕਿ ਵਾਰੋ ਵਾਰੀ ਖੜ੍ਹੇ ਹੋ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਆਪਣੀਆਂ ਯਾਦਾਂ ਬਿਆਨ ਕਰੋ। ਜਿਸ ਨੇ ਗੱਲ ਸੁਨਾਉਣੀ ਹੈ, ਸ਼ੁਰੂ ਕਰ ਲਵੇ।

ਸਭ ਤੋਂ ਪਹਿਲਾਂ ਸੰਤ ਭਗਵਾਨ ਸਿੰਘ ਸਪੁੱਤਰ ਸੰਤ ਹਜ਼ਾਰਾ ਸਿੰਘ ਚੱਠਾ ਕਰੀਵਾਲਾ ਨੇ ਸਾਖੀ ਸੁਣਾਈ ਬਈ ਕਿਸ ਤਰ੍ਹਾਂ ਸ੍ਰੀ ਜੀਵਨ ਨਗਰ ਵਿਖੇ ਵਰਕਸ਼ਾਪ 'ਚ ਕੰਮ ਕਰਦਿਆਂ ਉਨ੍ਹਾਂ ਦੀਆਂ ਲੱਤਾਂ ਇੰਜਣ ਥੱਲੇ ਆ ਕੇ ਵਿੰਗੀਆਂ ਹੋ ਗਈਆਂ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵਾਰੀ ਵਾਰੀ ਦੋਹਾਂ ਲੱਤਾਂ ਤੇ ਹੱਥ ਫੇਰਿਆ ਤੇ ਸੰਤ ਭਗਵਾਨ ਸਿੰਘ ਦਸਾਂ ਮਿੰਟਾਂ ਬਾਅਦ ਠੀਕ ਹੋ ਕੇ ਤੁਰਨ ਲੱਗ ਪਏ।

ਸੰਤ ਕਪੂਰ ਸਿੰਘ ਸਪੁੱਤਰ ਸੰਤ ਕਿਸ਼ਨ ਸਿੰਘ ਰਾਣੀਆਂ ਨੇ ਵਰਨਣ ਕੀਤਾ ਕਿ ਕਿਵੇਂ ਕਤਲ ਕੇਸ ਵਿਚ ਹੋਈ ਸਜ਼ਾਏ ਮੌਤ ਤੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਨ੍ਹਾਂ ਨੂੰ ਬਚਾਇਆ। ਇਕ ਸ਼ਬਦ ਲਿਖ ਕੇ ਭੇਜਿਆ ਕਿ ਹਜ਼ਾਰ ਪਾਠ ਰੋਜ਼ ਦਾ ਕਰੋ। ਉੱਪਰਲੀ ਅਪੀਲ ਦੇ ਫੈਸਲੇ ਮੁਤਾਬਕ ਸਜ਼ਾਏ ਮੌਤ , ਵੀਹ ਸਾਲ ਦੀ ਕੈਦ ਵਿਚ ਤਬਦੀਲ ਹੋ ਗਈ।

ਸੰਤ ਗੁਰਬਖਸ਼ ਸਿੰਘ ਜੱਟ ਨੇ ਦੱਸਿਆ ਕਿ ਉਹ ਫੌਜ ਵਿਚ ਸਨ। ਤਿੰਨ ਗੋਲੀਆ ਲੱਗੀਆਂ ਸਨ, ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕਰ ਦਰਸ਼ਨ ਦਿੱਤੇ , ਜਾਨ ਬਚਾਈ।

ਸੰਤ ਪ੍ਰੀਤਮ ਸਿੰਘ (ਖੋਟਿਆਂ ਵਾਲਾ) ਸਪੁੱਤਰ ਸੰਤ ਪ੍ਰੇਮ ਸਿੰਘ ਸ੍ਰੀ ਜੀਵਨ ਨਗਰ ਨੇ ਸੁਣਾਇਆ,

" ਮੈਂ ਭੈੜੇ ਪਾਸੇ ਤੁਰ ਪਿਆ ਸੀ। ਸਿਨਮਾ ਵੇਖਣ ਲੱਗ ਗਿਆ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਸਿਨਮੇ ਤੋਂ ਰੋਕਿਆ। ਮੈਨੂੰ ਮਾਰ ਕੇ ਮੇਰੇ ਵਿਚੋਂ ਬੁਰਾਈਆਂ ਕੱਢੀਆਂ ਫਿਰ ਮੈਂ ਬਾਰਾਂ ਸਾਲ ਸੋਧ ਨਹੀਂ ਛੱਡੀ। ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਹੈ। ਪੱਚੀ ਸਾਲ ਉਗਰਾਹੀ ਦੀ ਸੇਵਾ ਕੀਤੀ। ਇਕ ਵਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕੀਤਾ, ਪ੍ਰੀਤਮ ਨਾਲੋਂ ਮੁੰਡੇ ਉੱਚੇ, ਮੁੰਡਿਆ ਨਾਲੋਂ ਗੱਡੀ ਉੱਚੀ, ਅਜਿਹੀ ਕਿਰਪਾ ਹੋਈ ਮੇਰੇ ਕੋਲ ਹੁਣ ਕਾਫੀ ਜ਼ਮੀਨ ਹੈ। ਗੱਡੀਆਂ ਵੀ ਤਿੰਨ ਹਨ। ਜਿਨ੍ਹਾਂ ਚਿਰ ਜਿੰਦਗੀ ਹੈ, ਸੱਚੇ ਪਾਤਸ਼ਾਹ ਜੀ ਦੀ ਕਿਰਪਾ ਇਸੇ ਤਰ੍ਹਾਂ ਬਣੀ ਰਹੇ।'

ਸੰਤ ਬਲੀ ਸਿੰਘ ਬੈਰਾਗੀ ਸਪੁੱਤਰ ਸੰਤ ਬੱਗਾ ਸਿੰਘ ਨੇ ਦੱਸਿਆ ,

"60-65 ਸਾਲ ਪਹਿਲਾਂ ਦੀ ਗੱਲ ਹੈ, ਇਕ ਟੋਕਰੀਆਂ ਵਾਲਾ ਮਸਤਾਨਾ ਅਨੋਖ ਸਿੰਘ ਸਿੱਧੂ ਬਰਾੜ ਪਿੰਡ ਭਗਤਾ ਹੁੰਦਾ ਸੀ। ਉਸ ਦੀ ਬਿਰਤੀ ਬੜੀ ਵਧੀਆ ਸੀ। ਘੰਟਿਆਂ ਬੱਧੀ ਉਹ ਅੱਖ ਨਹੀਂ ਸੀ ਝਪਕਦਾ। ਉਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਾਂ 'ਬੇਅੰਤ ਜੀ' ਸੀ। ਮਹਾਰਾਜ ਬੀਰ ਸਿੰਘ ਜੀ ਨੂੰ ਬੱਲੋ ਜੀ ਆਖਿਆ ਜਾਂਦਾ ਸੀ। ਮਸਤਾਨਾ ਇਸ ਤਰ੍ਹਾਂ ਆਖਿਆ ਕਰਦਾ ਸੀ,

'ਇਹ ਮੁੰਡਾ ਬੜਾ ਹੈ ਬੇਅੰਤ, ਇਹਦਾ ਪਾਇਆ ਨਹੀਂ ਅੰਤ,ਨੇਤ ਨੇਤ ਵੇਦ ਸਦਾ ਹੀ ਉਚਾਰਦਾ।'

ਮਹਾਰਾਜ ਬੀਰ ਸਿੰਘ ਬਾਰੇ ਇਸ ਤਰ੍ਹਾਂ ਆਖਦਾ ਸੀ,

'ਕਲਮ ਦਵਾਤ ਸ਼ਾਹੀ ਕਿੱਥੇ ਰੱਖਣੀ, ਬੱਲੋ ਜੀ ਨੇ ਗੱਡੀ ਚਲਾਣੀ ਸੱਖਣੀ'

ਇਸ ਉਪਰੰਤ ਹੋਰ ਸਹਿਪਾਠੀਆਂ ਨੇ ਵੀ ਸ੍ਰੀ ਸਤਿਗੁਰੂ ਜੀ ਨਾਲ ਸੰਬੰਧਤ ਸਾਖੀਆਂ ਸੁਣਾਈਆਂ। ਵੀ.ਡੀ.ਓ. ਵਾਲੇ ਸੰਤ ਗੁਰਮੁਖ ਸਿੰਘ ਲੁਹਾਰਾ ਇਸ ਸਾਰੇ ਦ੍ਰਿਸ਼ ਨੂੰ ਸੰਭਾਲਣ ਦੀ ਸੇਵਾ ਕਰ ਰਹੇ ਸਨ।

ਪੰਡਤ ਗੋਪਾਲ ਸਿੰਘ, ਮਾਸਟਰ ਨਿਹਾਲ ਸਿੰਘ ਤੇ ਹੋਰ ਸਿੱਖ-ਸਾਧ ਤੇ ਹਜ਼ੂਰੀ ਸੇਵਕ ਵੀ ਸੱਚੇ ਪਾਤਸ਼ਾਹ ਜੀ ਦੇ ਨਿਕਟ ਬੈਠੇ ਸਨ। ਹੋਰ ਸਹਿਪਾਠੀ ਇੰਜ ਬੋਲੇ ,

ਸ੍ਰ. ਪ੍ਰੀਤਮ ਸਿੰਘ ਪੰਛੀ ,

" ਮੇਰੀ ਕਥਾ ਦਾ ਵਿਸ਼ਾ ਹੈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਜ਼ਾ ਕਿਵੇਂ ਦਿੰਦੇ ਸਨ। ਮੈਂ ਤੇ ਕਵੀ ਜੀ ਕਾਫੀ ਉਡਾਰੂ ਹੋ ਚੁੱਕੇ ਸਾਂ। ਮੇਰਾ ਖਿਆਲ ਹੈ, ਅਸੀਂ ਸਤਿਜੁਗ ਦੇ ਐਡੀਟਰ ਵੀ ਬਣ ਚੁੱਕੇ ਸਾਂ ਤੇ ਸਾਡੀਆਂ ਕੁਝ ਸ਼ਿਕਾਇਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਪਹੁੰਚ ਗਈਆਂ। ਹੋਲੇ ਦੇ ਦਿਨ ਸਨ। ਸ੍ਰ. ਭਗਤ ਸਿੰਘ ਚੀਕੂ ਤੇ ਮਾਸਟਰ ਬਲਵੰਤ ਸਿੰਘ ਸਾਡੇ 'ਤੇ ਬੜੇ ਮਿਹਰਬਾਨ ਹੁੰਦੇ ਸਨ। ਉਨ੍ਹਾਂ ਨੇ ਬੜਾ ਵਧਾ ਚੜਾ ਕੇ ਸਾਡੇ ਬਾਰੇ ਕੁਝ ਗੱਲਾਂ ਸਤਿਗੁਰਾਂ ਨੂੰ ਆਖੀਆਂ। ਹੋਲਾ ਖਤਮ ਹੋ ਗਿਆ ਸੀ। ਹੋਲੇ ਵਿਚ ਕਵੀ ਜੀ ਨੂੰ ਪਹਿਲਾ ਤੇ ਮੈਨੂੰ ਦੂਜਾ ਇਨਾਮ ਕਵੀ ਦਰਬਾਰ ਵਿਚੋਂ ਮਿਲੇ। ਆਖਿਰੀ ਦੀਵਾਨ ਲੱਗਾ ਸੀ, ਸਾਨੂੰ ਖੜੇ ਕਰ ਲਿਆ ਗਿਆ। ਮੇਰੇ ਕੋਲ ਮਾਸਟਰ ਚੰਦਾ ਸਿੰਘ ਦਿੱਲੀ ਦੇ ਬੈਠੇ ਹੋਏ ਸਨ। ਸਾਨੂੰ ਉਹ ਬੜਾ ਪਿਆਰ ਕਰਦੇ ਸਨ। ਜਦੋਂ ਪੇਸ਼ੀ ਸ਼ੁਰੂ ਹੋਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਹਿਣ ਲੱਗੇ- ਇਹ ਜਿਹੜੇ ਦੋ ਸ਼ਰੀਫਜ਼ਾਦੇ ਨਜ਼ਰ ਆ ਰਹੇ ਹਨ, ਇਹ ਹੈਨ ਦਸ ਨੰਬਰ ਦੇ ਬਦਮਾਸ਼ ਤੇ ਕਿਹਾ, ਤੁਸੀ ਏਥੇ ਗਏ, ਔਥੇ ਗਏ, ਤੁਸਾਂ ਐਹ ਕੀਤਾ ਔਹ ਕੀਤਾ', ਅਸੀਂ ਕੁਝ ਨਹੀਂ ਬੋਲੇ।

ਮਾਸਟਰ ਚੰਦਾ ਸਿੰਘ ਜੀ ਕਹਿਣ ਲੱਗੇ, ਇਹ ਕੀ ਹੋਇਆ, ਕੱਲ੍ਹ ਤਾਂ ਇਨਾਮ ਮਿਲ ਰਹੇ ਸਨ ਤੇ ਅੱਜ ਹੋਰ ਹੀ ਇਨਾਮ ਮਿਲਣੇ ਸ਼ੁਰੂ ਹੋ ਗਏ। ਤਿੰਨ ਮਹੀਨੇ ਬੀੜ ਵਿਖੇ ਸੇਵਾ ਕਰਨ ਦੀ ਸਜ਼ਾ ਕਵੀ ਜੀ ਨੂੰ ਤੇ ਤਿੰਨ ਮਹੀਨੇ ਨਹਿਰ 'ਤੇ ਸੇਵਾ ਕਰਨ ਦਾ ਦੰਡ ਮੈਨੂੰ ਮਿਲਿਆ।

ਕਵੀ ਜੀ ਨੂੰ ਮੈਂ ਕਿਹਾ,

'ਕਵੀ ਜੀ, ਹੁਣ ਤਾਂ ਆਪਣਾ ਏਥੇ ਟਿਕਣ ਦਾ ਮਨ ਨਹੀਂ ਕਰਦਾ। '

ਕਵੀ ਦਾ ਮਨ ਵੀ ਦੌੜਨ ਨੂੰ ਕਰਦਾ ਸੀ। ਅਸੀਂ ਪਲਾਨ ਬਣਾ ਲਿਆ ਕਿ ਅਸੀਂ ਚਲੇ ਜਾਣਾ ਹੈ । ਮੇਰੇ ਇਕ ਅੰਕਲ ਆਸਟਰੇਲੀਆ ਰਹਿੰਦੇ ਸਨ, ਉਨ੍ਹਾਂ ਦਾ ਭੇਜਿਆ ਪੰਜ ਸੌ ਰੁਪਈਆ ਮੇਰੇ ਕੋਲ ਸੀ। ਮੈਂ ਕਿਹਾ ਇਹ ਪੰਜ ਸਾਲ ਨਹੀ ਮੁੱਕਦਾ। ਆਪਾਂ ਹਰਦੁਆਰ ਜਾ ਕੇ ਸੰਸਕ੍ਰਿਤ ਪਾਠਸ਼ਾਲਾ ਵਿਚ ਦਾਖਲ ਹੋ ਜਾਵਾਂਗੇ ਤੇ ਉਥੋਂ ਪੜ੍ਹ ਕੇ ਫਿਰ ਆਵਾਂਗੇ। ਅਸੀਂ ਸਾਰੀ ਰਾਤ ਨਾਰ੍ਹੇ ਲਿਖਦੇ ਰਹੇ, ਬਈ ਅਸੀਂ ਦਸ ਨੰਬਰ ਦੇ ਬਦਮਾਸ਼ ਹੋ ਗਏ ਤੇ ਅਸੀਂ ਭੈਣੀ ਸਾਹਿਬ ਨੂੰ ਕਲੰਕਤ ਨਹੀਂ ਕਰਨਾ ਚਾਹੁੰਦੇ, ਐਹ ਨਹੀਂ ਕਰਨਾ ਚਾਹੁੰਦੇ, ਔਹ ਨਹੀਂ ਕਰਨਾ ਚਾਹੁੰਦੇ।

ਤੜਕੇ ਉਠੇ, ਮੇਰਾ ਛੋਟਾ ਭਰਾ ਜਿਹੜਾ ਹੁਣ ਇੰਗਲੈਂਡ ਚਲਾ ਗਿਐ, ਵੀ ਸਾਡੇ ਨਾਲ ਸੀ । ਅਸੀਂ ਤਿੰਨੋਂ ਤੜਕੇ ਉਠ ਹੀਰੋਂ ਚਲੇ ਗਏ। ਉਥੋਂ ਟਾਂਗੇ ਵਿਚ ਸਾਹਨੇਵਾਲ ਚਲੇ ਗਏ। ਫਿਰ ਅਸੀਂ ਸੁਰੱਖਿਅਤ ਲੁਧਿਆਣੇ ਪਹੁੰਚੇ ਗਏ, ਉਥੋਂ ਮੋਰੋਂ ਚਲੇ ਗਏ, ਮੇਰੀ ਭੈਣ ਉਥੇ ਵਿਆਹੀ ਸੀ। ਥਕਾਵਟ ਬੜੀ ਸੀ ਹੋਲੇ ਦੀ। ਅਸੀਂ ਲਗਾਤਾਰ ਤਿੰਨ ਦਿਨ ਸੁੱਤੇ ਰਹੇ। ਘਰ ਦੇ ਬੜੇ ਹੈਰਾਨ ਕਿ ਰੋਟੀ ਖਾਂਦੇ ਹਨ ਫਿਰ ਸੌਂ ਜਾਂਦੇ ਹਨ। ਦਿਨ ਰਾਤ ਸੁੱਤੇ ਰਹੇ। ਉਥੋਂ ਪ੍ਰੀਤ ਨਗਰ ਪਹੁੰਚੇ। ਪਤਾ ਲੱਗਾ ਕਿ ਸਤਿਗੁਰੂ ਜੀ ਕੱਲ੍ਹ ਹੀ ਸਾਡੀ ਭਾਲ ਵਿਚ ਆਏ ਸਨ। ਅਸੀਂ ਕਿਹਾ ਚੰਗਾ ਹੋਇਆ ਨੀਂਦ ਨੇ ਸਾਨੂੰ ਬਚਾ ਲਿਆ।

ਉਸ ਤੋਂ ਬਾਅਦ ਚਕ੍ਰਵਰਤੀ ਜੀ ਨੇ ਸਾਨੂੰ ਸਮਝਾਇਆ ਕਿ ,

' ਤੁਸੀਂ ਵਾਪਸ ਚਲੇ ਜਾਵੋ। ਤੁਸੀਂ ਛੋਟੀ ਉਮਰ ਵਿਚ ਸਤਿਜੁਗ ਦੀਆਂ ਐਡੀਟਰੀਆਂ ਕਰਨ ਲੱਗ ਪਏ ਹੋ, ਕੱਲ੍ਹ ਨੂੰ ਲੀਡਰ ਬਣੋਗੇ।'

ਅਸੀਂ ਕਿਹਾ, ਅਸੀਂ ਹਰਦੁਆਰ ਜਾ ਕੇ ਪੜ੍ਹਾਂਗੇ ਪੰਜ ਸਾਲ, ਤੁਸੀਂ ਸਾਨੂੰ ਚਿੱਠੀ ਲਿਖ ਕੇ ਦੇ ਦਿਓ। ਫਿਰ ਆਲਮ ਜੀ ਨੇ, ਜਿਹੜੇ ਅੰਮ੍ਰਿਤਸਰ ਧਰਮਸ਼ਾਲਾ ਦੇ ਸਾਹਮਣੇ ਰਹਿੰਦੇ ਸਨ, ਨੇ ਸਮਝਾਉਣਾ ਸ਼ੁਰੂ ਕੀਤਾ। ਅਸੀਂ ਉਨ੍ਹਾਂ ਕੋਲ ਮੰਨ ਆਈਏ ਬਾਹਰ ਆ ਕੇ ਫਿਰ ਮੁੱਕਰ ਜਾਈਏ। ਫਿਰ ਅੰਤਰ ਆਤਮਾ 'ਚੋਂ ਅਵਾਜ ਉੱਠੀ। ਮੈਂ ਕਿਹਾ,

' ਕਵੀ ਜੀ, ਚਲੋ ਵਾਪਸ। '

ਅਸੀਂ ਵਾਪਸ ਆ ਗਏ। ਆਉਂਦਿਆਂ ਨੂੰ ਪਹਿਲਾਂ ਡਿਊੜੀ ਵਿਚ ਸ੍ਰ. ਭਗਤ ਸਿੰਘ ਜੀ ਚੀਕੂ ਮਿਲੇ। ਪੇਸ਼ੀ ਹੋਈ, ਸਤਿਗੁਰਾਂ ਨੇ ਹੋਰ ਕੁਝ ਨਹੀਂ ਇਹੀ ਕਿਹਾ ,

' ਅਸੀਂ ਤਾਂ ਸਮਝਦੇ ਸੀ ਕਿ ਤੁਹਾਨੂੰ ਅਸੀਂ ਆਪਣੇ ਲੀਡਰ ਬਣਾਵਾਂਗੇ, ਪਰ ਤੁਸੀਂ ਹੋਰ ਹੀ ਹਰਕਤਾਂ ਸ਼ੁਰੂ ਕਰ ਦਿੱਤੀਆਂ ਨੇ। ' ਅਸੀਂ ਕਿਹਾ ,

' ਸਾਨੂੰ ਸਜ਼ਾ ਦਿਓ, ਭੁੱਲ ਹੋ ਗਈ। '

ਦੂਸਰੇ ਦਿਨ ਲੱਲਾਂ ਦੀ ਜ਼ਮੀਨ ਵਿਚੋਂ ਛੋਲੇ ਵੱਢਣ ਲਈ ਸਾਨੂੰ ਲੈ ਗਏ। ਕਵੀ ਜੀ ਨੇ ਕਿਹਾ,

" ਕਿਸੇ ਸਿੰਘ ਨੂੰ ਆਖੋ ਕਿ ਛੋਲਿਆਂ ਤੇ ਪਾਣੀ ਤਰੌਂਕ ਦੇਵੇ, ਮੇਰੇ ਕੱਪੜੇ ਨਾ ਖਰਾਬ ਹੋ ਜਾਣ। '

ਮਾੜੀ ਜਿਹੀ ਦਾਤਰੀ ਅਸੀਂ ਮਾਰੀ, ਉਨ੍ਹਾਂ ਕਿਹਾ ਬਸ ਕਰੋ। ਸਾਡੀ ਸਜ਼ਾ ਖਤਮ ਹੋ ਗਈ, ਸਾਨੂੰ ਵਾਪਸ ਲੈ ਆਏ। ਦੂਸਰੇ ਦਿਨ ਸਾਨੂੰ ਕਿਹਾ ਗਿਆ ਕਿ ਤੁਸੀਂ ਸ੍ਰੀ ਭੈਣੀ ਸਾਹਿਬ ਰਹੋ, ਤੁਹਾਡੀ ਮਰਜ਼ੀ ਹੈ ਜਿਥੇ ਮਰਜ਼ੀ ਆਵੋ ਜਾਵੋ।

ਸ੍ਰ. ਪ੍ਰੀਤਮ ਸਿੰਘ ਪੰਛੀ ਤੋਂ ਬਾਅਦ ਸ੍ਰ. ਸੁੱਲਖਣ ਸਿੰਘ ਨੇ ਇਸ ਤਰ੍ਹਾਂ ਦੱਸਿਆ ,

" ਸਾਡਾ ਸਾਰਾ ਜੀਵਨ ਕਰਾਮਾਤਾਂ ਨਾਲ ਤੇ ਸਤਿਗੁਰਾਂ ਦੀ ਕਿਰਪਾ ਨਾਲ ਭਰਿਆ ਹੋਇਆ ਹੈ। ਅਸੀਂ ਪਰਸੋਂ ਦੇ ਆਏ ਹਾਂ ਤੇ ਇਹੀ ਚਰਚਾ ਕਰ ਰਹੇ ਹਾਂ ਕਿ ਕਈ ਜਣੇਂ ਵੀਹ ਵੀਹ ਸਾਲ ਪਿਛਾਂਹ ਹਟੇ ਰਹੇ ਹਨ ਤੇ ਹੁਣ ਉਨ੍ਹਾਂ ਨੂੰ ਟਾਇਮ ਦੇ ਟਾਇਮ ਇੱਧਰ ਆਉਣ ਦਾ ਮੌਕਾ ਮਿਲਿਆ ਹੈ। ਮੈਂ ਇਹ ਅਰਜ਼ ਕਰਦਾ ਹਾਂ ਕਿ ਜਿਹੜੇ ਹੋਰ ਵੀ ਸਰੀਰ ਪਿਛਾਂਹ ਹੋਏ ਹਨ, ਉਨ੍ਹਾਂ ਨੂੰ ਹੋਰ ਵੀ ਕਿਸੇ ਨਾ ਕਿਸੇ ਢੰਗ ਨਾਲ ਨੇੜੇ ਜੋੜਿਆ ਜਾਵੇ।

ਇਸ ਮਗਰੋਂ ਸ੍ਰ. ਕੁੰਦਨ ਸਿੰਘ ਨਕਈ ਜੀ ਬੋਲੇ ,

" ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਉਦੋਂ ਬਾਬਾ ਜੀ ਆਖਦੇ ਸਨ। ਇਨ੍ਹਾਂ ਨੂੰ ਵੀ ਤੇ ਮਹਾਰਾਜ ਬੀਰ ਸਿੰਘ ਜੀ ਨੂੰ ਮਾਤਾ ਨਿਕਲ ਆਈ। ਮੈਂ ਵਰਤਮਾਨ ਸ੍ਰੀ ਸਤਿਗੁਰੂ ਜੀ ਨਾਲ ਰਹਿੰਦਾ ਸਾਂ। ਮੈਨੂੰ ਬੁਖਾਰ ਚੜ੍ਹ ਗਿਆ,ਵਰਤਮਾਨ ਸ੍ਰੀ ਸਤਿਗੁਰੂ ਜੀ, ਖੁੱਡੀ ਵਾਲੇ ਪੰਡਤ ਜੀ ਨੂੰ ਕਹਿਣ ਲੱਗੇ, ' ਪੰਡਤ ਜੀ ਇਸ ਨੂੰ ਬੁਖਾਰ ਚੜ ਗਿਐ, ਇਸ ਨੂੰ ਨਾ ਮਾਤਾ ਨਿਕਲੇ।

ਪੰਡਤ ਜੀ ਕਹਿੰਦੇ,

'ਨਹੀਂ ਨਿਕਲਦੀ, ਅਸੀਂ ਦਵਾਈ ਦੇਵਾਂਗੇ, ਬੁਖਾਰ ਲਹਿ ਜਾਵੇਗਾ।'

ਜਿਸ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਏ ਇਹ ਰਾਜ਼ੀ ਹੋ ਗਏ ਸਨ, ਦੋਵੇਂ ਭਰਾ। ਅਸੀਂ ਸਾਰੇ ਅਖਾੜੇ ਵਿਚ, ਜਿੱਥੇ ਅਸੀਂ ਘੁਲਦੇ ਸਾਂ, ਜੋਰ ਕਰਦੇ ਸਾਂ, ਚਲੇ ਗਏ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਪੁੱਛਿਆ, 'ਤੈਨੂੰ ਟੀਕੇ ਲੱਗੇ ਨੇ ਮਾਤਾ ਦੇ।'

ਮੈਂ ਕਿਹਾ, 'ਨਹੀਂ, ਮੈਨੂੰ ਕੋਈ ਟੀਕਾ ਨਹੀਂ ਲੱਗਾ।'

ਬਚਨ ਹੋਇਆ, 'ਤੈਨੂੰ ਨਹੀਂ ਮਾਤਾ ਨਿਕਲਦੀ।'

ਕਵੀ ਜੀ ਨੂੰ, ਗੁਰਬਚਨ ਸਿੰਘ ਨੂੰ ਸਾਰਿਆਂ ਨੂੰ ਮਾਤਾ ਨਿਕਲੀ। ਮੈਂ ਸਕੂਲੇ ਨਹੀਂ ਗਿਆ, ਇਨ੍ਹਾਂ (ਵਰਤਮਾਨ ਸਤਿਗੁਰੂ ਜੀ) ਕੋਲ ਹੀ ਰਿਹਾ। ਸਤਿਗੁਰੂ ਦੀ ਬਖ਼ਸ਼ਿਸ਼ ਸੀ, ਮੈਨੂੰ ਮਾਤਾ ਨਹੀਂ ਨਿਕਲੀ, ਸਾਰਿਆਂ ਨੂੰ ਨਿਕਲੀ। ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ।"

ਨਕਈ ਜੀ ਮਗਰੋਂ ਸੰਤ ਪ੍ਰੀਤਮ ਸਿੰਘ ਜੀ ਕਵੀ ਬੋਲੇ,

"ਅਸੀਂ ਵਿਦਿਆਰਥੀ ਜੀਵਨ ਵਿਚ, ਮੈਂ ਤੇ ਪ੍ਰੀਤਮ ਸਿੰਘ ਪੰਛੀ ਤੇ ਇਕ ਦੋ ਸੱਜਣ ਹੋਰ, ਮਜਮੂਨ ਲਿਖਦੇ ਹੁੰਦੇ ਸਾਂ। ਅਸਾਂ ਉਸਤਾਦਾਂ ਦੀਆਂ ਸ਼ਿਕਾਇਤਾਂ ਕਰਨ ਵਾਸਤੇ ਜਾਂ ਆਪਣੇ ਮਨ ਦੀ ਭੜਾਸ ਕੱਢਣ ਵਾਸਤੇ ਇਕ ਅਖਬਾਰ ਕੱਢਿਆ, ਉਸ ਦਾ ਨਾਮ ਰੱਖਿਆ ' ਗੁਪਤ '। ਉਸ ਵਿਚ ਅਧਿਆਪਕਾਂ ਦੀਆਂ ਗੱਲਾਂ ਕਰਦੇ ਸਾਂ ਕਿ ਫਲਾਣਾ ਇਹੋ ਜਿਹਾ ਹੈ, ਸਾਨੂੰ ਕੁੱਟਦਾ ਹੈ ਮਾਰਦਾ ਹੈ, ਐਹ ਕਰਦਾ ਹੈ, ਔਹ ਕਰਦਾ ਹੈ। ਇਕ ਬੂਟਾ ਸਿੰਘ ਜੀ ਸਨ, ਉਹ ਬੜੀ ਛੇਤੀ ਘੰਟੀ ਵਜਾਉਂਦੇ ਸਨ, ਘੜੀ ਘੜੀ ਘੰਟੀ ਵਜਾਉਣੀ। ਅਸੀਂ ਇਕ ਮੈਗਜੀਨ ' ਪਿਆਰਾ ' ਕੱਢਿਆ। ਉਸ ਵਿਚ ਇਕ ਘੰਟੀ ਅੰਕ ਕੱਢਿਆ। ਗਿਆਨੀ ਬਲਵੰਤ ਸਿੰਘ ਆਏ ਨਹੀਂ, ਮੈਂ ਨਮੂਨੇ ਵਜੋਂ ਉਨ੍ਹਾਂ ਦਾ ਇਕ ਸ਼ੇਅਰ ਸੁਣਾਉਂਦਾ ਹਾਂ,

ਪਰੈਸੋਂ ਛੁੱਟ ਬੇਫਿਕਰ ਹੋ ਗਿਆ ਜੰਗਲ,<br>
ਰਾਹ ਜਾਂਦੇ ਪਾਇਆ ਮਾਰੂ ਵੈਣ ਘੰਟੀ<br>
ਜੰਗਲ ਉਤਾਂਹ ਚੜ੍ਹਿਆ ਡੇਲੇ ਹੋਏ ਪੁੱਠੇ<br>
ਮੇਰੇ ਕੱਢਿਆ ਕਾਲਜਾ ਡੈਣ ਘੰਟੀ,<br>
ਆਈ ਲੈਣ ਪ੍ਰਾਣ ਘੰਟੀ,<br>
ਕਿਉ ਨਾ ਕਹਾਂ ਮੈਂ ਰਾਵਣ ਦੀ ਭੈਣ ਘੰਟੀ।

ਇਸ ਕਿਸਮ ਦੀਆਂ ਗੱਲਾਂ 'ਚ ਬਚਪਨ ਵਿਕਾਸ ਕਰਦਾ ਸੀ। ਸ੍ਰ. ਬੂਟਾ ਸਿੰਘ ਜੀ ਨੂੰ ਪਤਾ ਲੱਗ ਗਿਆ ਕਿ ਸਾਡੀਆਂ ਇਸ ਕਿਸਮ ਦੀਆਂ ਗੱਲਾਂ-ਬਾਤਾਂ ਲਿਖ ਕੇ ਤੇ ਇਹ ਫੇਰਦੇ ਨੇ , ਸੋ ਇਨ੍ਹਾਂ ਦੀ ਕੋਈ ਨਾ ਕੋਈ ਸੁਧ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਸਾਡੀ ਸ਼ਿਕਾਇਤ ਕਰ ਦਿੱਤੀ। ਪੰਛੀ ਜੀ ਨੇ ਗੱਲ ਸ਼ੁਰੂ ਕੀਤੀ ਕਿ ਸਤਿਗੁਰੂ ਜੀ ਸਜ਼ਾ ਕਿਵੇਂ ਦਿੰਦੇ ਹੁੰਦੇ ਸਨ। ਸਤਿਗੁਰੂ ਜੀ ਨੇ ਸ਼ਿਕਾਇਤ ਸੁਣ ਕੇ ਸਾਨੂੰ ਬੁਲਾ ਕੇ ਆਖਿਆ,

'ਇਹ ਗੱਲ ਤੁਸੀਂ ਚੰਗੀ ਪਈ ਕਰਦੇ ਹੋ, ਅਖਬਾਰ ਤਾਂ ਕੱਢਣਾ ਚਾਹੀਦਾ ਹੈ ਪਰ ਇਹ ਹੈ ਕਿ ਉਸ ਵਿਚ ਤੁਸੀਂ ਨਿਰੀਆਂ ਅਧਿਆਪਕਾਂ ਦੀਆਂ ਗੱਲਾਂ ਨਾ ਕਰਿਆ ਕਰੋ, ਕਰਤੂਤਾਂ ਆਪਣੀਆਂ ਵੀ ਲਿਖਿਆ ਕਰੋ।'

ਔਰ ਸਜ਼ਾ ਦੇ ਤੌਰ 'ਤੇ ਕੀ ਹੁਕਮ ਹੋਇਆ ,

'ਦੋ ਦਸਤੇ ਕਾਗਜ਼ ਤੇ ਇਕ ਦਰਜਨ ਪੈਂਸਿਲਾਂ ਇਨ੍ਹਾਂ ਨੂੰ ਹਰ ਹਫਤੇ ਮਿਲ ਜਾਇਆ ਕਰਨ।'

ਇਹ ਉਨ੍ਹਾਂ ਦਾ ਉਸਾਰੂ ਤਰੀਕਾ ਸੀ। ਮੇਰਾ ਤਾਂ ਉੱਕਾ ਹੀ ਜੀਅ ਨਹੀਂ ਸੀ ਕਰਦਾ ਲੇਖਕ ਬਨਣ ਨੂੰ। ਮੈਂ ਲੇਖਕਾਂ ਦੇ ਰੋਣ ਦੀਆਂ ਬਹੁਤ ਕਹਾਣੀਆਂ ਪੜ੍ਹਦਾ ਰਿਹਾ ਸਾਂ ਤੇ ਸੋਚਿਆ ਸੀ ਕਿ ਮੈਂ ਤਾਂ ਲੇਖਕ ਨਹੀਂ ਬਨਣਾ । ਲੇਕਿਨ ਸਤਿਗੁਰੂ ਜੀ ਇਹ ਚਾਹੁੰਦੇ ਸਨ ਕਿ ਮੈਂ ਇਕ ਲੇਖਕ ਬਣਾਂ। ਉਹਦੇ ਪਿੱਛੇ ਗੱਲ ਕੀ ਸੀ ? ਇਕ ਵਾਰ ਇਕ ਟਰੱਕ ਅੰਬਾਂ ਦਾ ਲਿਆ ਕੇ ਸਾਡੇ ਵਿਦਿਆਰਥੀਆਂ ਵਿਚ ਵੰਡਿਆਂ ਗਿਆ, ਉਹਦੀ ਮੈਂ ਅਖਬਾਰ ਵਿਚ ਰਿਪੋਰਟ ਇੰਜ ਲਿਖੀ ,

'ਟੋਕਰੇ 'ਚ ਪਏ ਹੋਏ ਅੰਬ ਪੀਲੇ ਪੀਲੇ, ਉਤਾਂਹ ਧੌਣ ਚੁੱਕ ਚੁੱਕ ਕੇ ਵੇਖਦੇ ਸਨ, ਕਦੋਂ ਉਹ ਹੱਥ ਆਉਣ ਜਿਨ੍ਹਾਂ ਹੱਥਾਂ ਦੇ ਛੋਹਿਆਂ ਸਾਡੀ ਮੁਕਤੀ ਤੇ ਕਲਿਆਣ ਹੋਣੀਂ ਹੈ।'

ਸੱਚੇ ਪਾਤਸ਼ਾਹ ਜੀ ਨੇ ਇਸ ਗੱਲ ਤੋਂ ਇਹ ਅੰਦਾਜ਼ਾ ਲਾਇਆ ਕਿ ਇਸ ਬੰਦੇ 'ਚ ਉਹ ਗੱਲ ਹੈ ਜਿਹੜੀ ਗੱਲ ਕਰਨੀ ਕਰਾਉਣੀ ਚਾਹੀਦੀ ਹੈ। ਮੇਰਾ ਸਾਰਾ ਜ਼ੋਰ ਸੀ ਲੇਖਕ ਨਹੀਂ ਬਨਣਾ, ਉਨ੍ਹਾਂ ਬਣਾਕੇ ਛੱਡਿਆ ਹੈ। ਅੱਜ ਕਰੀਬ ਵੀਹ ਹਜ਼ਾਰ ਸਫਾ, ਮੈਂ ਲਿਖ ਛੱਡਿਆ ਹੈ।'

ਕਵੀ ਜੀ ਤੋਂ ਮਗਰੋਂ ਪੰ. ਰਾਜਿੰਦਰ ਸਿੰਘ ਜੀ ਨੇ ਇਕ ਹਾਸ-ਰਸ ਦੀ ਗੱਲ ਸੁਣਾਈ ,

'ਸਾਡੇ ਪਿੰਡ ਗੁਰਦਵਾਰਾ ਬਣਿਆ ਹੋਇਆ ਹੈ, ਉਸ ਵਿਚ ਭਾਈ ਜੀ ਖੁੱਲ੍ਹੇ ਸਨ। ਸੁਖਦੇਵ ਜੀ, ਗੁਰਦਵਾਰੇ ਦੇ ਹਾਲ ਵਿਚ ਸਣੇ ਜੁੱਤੀ ਚਲੇ ਗਏ। ਬਾਹਰ ਚੁਬੱਚਾ ਪਾਣੀ ਦਾ ਭਰਿਆ ਹੋਇਆ ਸੀ, ਤਾਂ ਜੋ ਚਰਨ ਧੋ ਕੇ ਅੰਦਰ ਮੱਥਾ ਟੇਕਣ ਜਾਇਆ ਜਾਵੇ।'

ਭਾਈ ਜੀ ਕਹਿਣ ਲੱਗੇ, 'ਤੁਸੀਂ ਜੁੱਤੀ ਗੁਰਦਵਾਰੇ 'ਚ ਕਿਉਂ ਲੈ ਆਏ ਹੋ ?'

ਕਹਿਣ ਲੱਗੇ, "ਇਥੇ ਹੋਰ ਜੁੱਤੀ ਹੈ ਨਹੀਂ ਗੁਰਦਵਾਰੇ 'ਚ ?'

ਭਾਈ ਜੀ ਨੇ ਕਿਹਾ, "ਨਹੀਂ।'

ਕਹਿੰਦੇ, ' ਵਿਖਾਵਾਂ।'

ਕਹਿੰਦੇ, ' ਵਿਖਾਵੋ।'

ਉਥੇ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਲੱਗੀ ਹੋਈ ਸੀ।

ਕਹਿਣ ਲੱਗੇ, ' ਔਹ ਜੁੱਤੀ ਲਹਾਵੋ ਪਹਿਲਾਂ।'

ਅੰਤ ਵਿਚ ਕਵੀ ਪ੍ਰੀਤਮ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਇਨ੍ਹਾਂ ਲਫਜ਼ਾਂ ਨਾਲ ਸਾਰਿਆਂ ਵਲੋਂ ਧੰਨਵਾਦ ਕੀਤਾ,

"ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਾਰ ਕਿਰਪਾ ਕਰਕੇ ਸਾਨੂੰ ਪੈਂਹਟ ਸਾਲ, ਪੰਜਾਹ ਸਾਲ, ਪਚਵੰਜਾ ਸਾਲ ਦੇ ਪੁਰਾਣਿਆਂ ਬੰਦਿਆਂ ਨੂੰ ਮੁੜ ਚੇਤੇ ਕੀਤਾ, ਲਿਆਂਦਾ ਤੇ ਦਰਸ਼ਨ ਕਰਾਏ। ਸੱਚੇ ਪਾਤਸ਼ਾਹ ਜੀ ਦੀ ਆਪਣੀ ਸ਼ਕਤੀ ਅਜਿਹੀ ਹੈ ਕਿ ਜਦੋਂ ਇਨ੍ਹਾਂ ਕੁਝ ਕਰਨਾ ਹੋਵੇ, ਪੂਰੀ ਲਗਨ ਨਾਲ, ਪੂਰਾ ਧਿਆਨ ਦੇ ਕੇ ਕਰਦੇ ਹਨ। ਮੈਨੂੰ ਪਤਾ ਹੈ ਕਿੰਨੀ ਵਾਰ ਟੈਲੀਫੋਨ ਕੀਤੇ ਗਏ, ਚਿੱਠੀਆਂ ਲਿਖੀਆਂ ਗਈਆਂ ਨੇ, ਕਿੰਨੇ ਆਗੂ ਭੇਜੇ ਗਏ ਨੇ। ਕਈ ਬੰਦੇ ਜਿਹੜੇ ਮਰ ਚੁੱਕੇ ਹੋਏ ਨੇ, ਉਨ੍ਹਾਂ ਦੇ ਬਾਰੇ ਤਫਤੀਸ਼ ਕੀਤੀ ਗਈ ਹੈ। ਉਨ੍ਹਾਂ ਬੰਦਿਆਂ ਨੂੰ ਕਬਰਾਂ 'ਚੋਂ ਕੱਢਿਆ ਹੈ, ਜ੍ਹਿਨਾਂ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਇੰਨਾਂ ਯਤਨ ਕਰ ਕੇ ਸਾਨੂੰ ਸਭਨਾਂ ਨੂੰ ਮੇਲਿਆ ਹੈ । ਇਹ ਸੁਅਵਸਰ ਜਿਹੜਾ ਸਤਿਗੁਰਾਂ ਨੇ ਸਾਨੂੰ ਬਖਸ਼ਿਆ ਹੈ, ਇਸ ਦਾ ਕੋਈ ਮੁੱਲ ਨਹੀਂ । ਆਪ ਜੀ ਦਾ ਅਸੀਂ ਬਹੁਤ ਬਹੁਤ ਧੰਨਵਾਦ ਕਰਦੇ ਹਾਂ, ਆਪ ਜੀ ਦੇ ਪ੍ਰਤੀ ਕ੍ਰਿਤਗਤਾ ਪ੍ਰਗਟ ਕਰਦੇ ਹਾਂ ਕਿ ਸਾਨੂੰ ਤੁਸਾਂ ਮੇਲਿਆ ਹੈ। ਜੀਅ ਤਾਂ ਇਹ ਵੀ ਕਰਦਾ ਹੈ ਕਿ ਅਸੀਂ ਵੀ ਕੋਸ਼ਿਸ਼ ਕਰੀਏ ਤੇ ਆਪ ਵੀ ਕ੍ਰਿਪਾ ਕਰੋ ਤੇ ਜਿਹੜੇ ਨਹੀਂ ਆਏ, ਉਨ੍ਹਾਂ ਨਾਲ ਮੇਲ ਗੇਲ ਦਾ ਸੰਬੰਧ ਬਣੇ। ਜਿਹੜੀ ਸਾਡੀ ਆਯੂ ਰਹਿੰਦੀ ਪਈ ਹੈ, ਉਸ ਵਿਚ ਦਰਸ਼ਨ ਦਾ ਸੁਅਵਸਰ ਅਸੀਂ ਹਰ ਸਾਲ ਮਾਣੀਏ। ਜਿਹੜੀ ਆਪਨੇ ਇਹ ਵੀ ਕ੍ਰਿਪਾ ਕਰ ਦਿੱਤੀ ਹੈ, ਇਹਦਾ ਵੀ ਕੋਈ ਮੁੱਲ ਨਹੀਂ। ਮੈਂ ਆਪਣੇ ਸਾਰੇ ਸੱਜਣਾਂ ਤੇ ਸਾਥੀਆਂ ਵਲੋਂ ਆਪ ਜੀ ਨੂੰ ਸਨਿੰਮਰ ਅਰਜ਼ ਕਰਦਾ ਹਾਂ ਤੇ ਕ੍ਰਿਤਗਤਾ ਪ੍ਰਗਟ ਕਰਦਾ ਹਾਂ। ਅਸੀਂ ਸਾਰਿਆਂ ਨੇ ਥੋੜ੍ਹੇ ਥੋੜ੍ਹੇ ਸ਼ਬਦਾਂ ਵਿਚ ਏਥੇ ਜਿੰਨੇ ਕੁ ਬੰਦੇ ਬੋਲ ਸਕਦੇ ਹਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿੱਚ ਹੋਏ ਬਚਨਾਂ ਤੇ ਬਚਪਨ ਦੀਆਂ ਗੱਲਾਂ ਦੱਸੀਆਂ ਨੇ। ਹੁਣ ਅਗੋਂ ਸਤਿਗੁਰੂ ਜੀ ਬਚਨ ਕਰਨਗੇ।"

ਕਵੀ ਜੀ ਨੇ ਉੱਥੇ ਬੇਠੈ ਸਾਰਿਆਂ ਨੂੰ ਇਹ ਵੀ ਆਖਿਆ ਕਿ ਤੁਸਾਂ ਸਭਨਾਂ ਨੇ ਕੱਲੇ ਕੱਲੇ ਨੇ ਫੋਟੋਆਂ ਲਹਾਉਣੀਆਂ ਨੇ। ਇਸ ਮਗਰੋਂ ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ ਹੋਏ,

"ਘਰਾਂ ਦੇ ਵਿਹਾਰ ਬੜੇ ਹਨ, ਬੜੀ ਕੋਸ਼ਿਸ਼ ਨਾਲ ਮਿਹਨਤ ਕਰ ਕੇ ਸਤਿਗੁਰਾਂ ਦੀ ਕਿਰਪਾ ਨਾਲ ਇਹ ਕੰਮ ਹੋਇਆ, ਮੈਂ ਕੁਝ ਨਹੀਂ ਸਾਂ ਕਰ ਸਕਦਾ। ਮੈਨੂੰ ਆਖੀ ਜਾਂਦੇ ਹਨ- ਤੂੰ ਕਰ ਤਾ, ਤੂੰ ਕਰ ਤਾਂ। ਮੈਂ ਕਰਨਾ ਹੁੰਦਾ, ਚਾਰ ਪੰਜ ਸਾਲ ਹੋ ਗਏ ਲੱਗਿਆ ਨੂੰ , ਇਸ ਦਰਮਿਆਨ ਕਈ ਚੜ੍ਹਾਈ ਕਰ ਗਏ ਨੇ ਤੇ ਨਹੀਂ ਕਰ ਸਕਿਆ। ਇਹ ਦੱਸੋ ਬਈ ਜਿਹੜਾ ਇੰਨੇ ਆਪਾਂ ਇੱਕਠੇ ਹੋਏ ਹਾਂ, ਅਨੰਦ ਲਿਆ ਹੈ, ਜੇ ਨਾ ਕੱਠੇ ਹੁੰਦੇ ਕਿਥੋਂ ਲੈਂਦੇ ? ਕਵੀ ਜੀ ਨੇ ਇਕ ਬੜੀ ਵਧੀਆ ਗੱਲ ਕੀਤੀ ਹੈ ਬਈ ਮਾਈ ਗੋਬਿੰਦਨੀ ਸਾਡੀਆਂ ਜੂੰਆਂ ਕੱਢਦੀ ਹੁੰਦੀ ਸੀ, ਉਹਨੂੰ ਜ਼ਰੂਰ

ਸੱਦਣਾਂ ਚਾਹੀਦਾ ਸੀ। ਮਿਲ ਹੀ ਆਇਓ ਤੁਸੀਂ ਜਾ ਕੇ ਉਹਨੂੰ। ਗੱਲ ਛੋਟੀ ਜਿਹੀ ਹੈ ਪਰ ਕਿੰਨੀ ਵਧੀਆ ਗੱਲ ਹੈ ਇਹ।"

ਇਸ ਮਗਰੋਂ ਸ੍ਰੀ ਸਤਿਗੁਰੂ ਜੀ ਨੇ ਉੱਥੇ ਹਾਜ਼ਰ ਸਹਿਪਾਠੀਆਂ ਨਾਲ ਬਚਨ ਕੀਤੇ। ਬਚਪਨ ਦੀਆਂ ਸ਼ਰਾਰਤਾਂ ਅਤੇ ਹਾਸ ਰਸ ਦੀਆਂ ਗਲਾਂ ਯਾਦ ਕੀਤੀਆਂ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨਾਂ ਤੇ ਕਿਰਪਾ ਨੂੰ ਯਾਦ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਬੜੇ ਕੀਮਤੀ ਬਚਨ ਸਭਨਾਂ ਨੂੰ ਇੰਜ ਆਖੇ ,

"ਜੇ ਧਿਆਨ ਨਾਲ ਸੋਚੀਏ ਤਾਂ ਪਤਾ ਲਗਦਾ ਹੈ ਕਿ ਦੁਨੀਆਂ ਬਦਲਣ ਵਾਲੀ ਚੀਜ਼ ਹੈ। ਦੁਨੀਆਂ ਦੇ ਵਿਹਾਰ ਬਦਲਦੇ ਨੇ, ਅਚਾਰ ਬਦਲਦੇ ਨੇ, ਦੁਨੀਆਂ ਦੀ ਸ਼ਕਲ ਵੀ ਬਦਲਦੀ ਜਾਂਦੀ ਹੈ। ਸਾਡੀ ਆਪਣੀ, ਛੋਟੇ ਛੋਟੇ ਹੁੰਦੇ ਸਾਂ, ਫਿਰ ਵੱਡੇ ਹੋਏ, ਭਾਵੇਂ ਅਸੀਂ ਏਥੇ ਰਹੇ ਭਾਵੇਂ ਅਸੀਂ ਆਪੋ ਆਪਣੇ ਘਰੀਂ ਚਲੇ ਗਏ ਲੇਕਿਨ ਉਹ ਸ਼ਕਲ ਸਾਡੀ ਲਗਾਤਾਰ ਤਬਦੀਲ ਹੁੰਦੀ ਗਈ, ਇਹ ਇਸ ਗੱਲ ਦੀ ਲਖਾਇਕ ਹੈ ਕਿ ਅਸਾਂ ਇਸ ਸੰਸਾਰ ਤੋਂ ਚਲੇ ਜਾਣਾਂ ਹੈ। ਇਸ ਗੱਲ ਤੋਂ ਇਹ ਸਿੱਖਿਆ ਲੈਣੀਂ ਚਾਹੀਦੀ ਹੈ ਬਈ ਘੜੀ ਰੁਕ ਨਹੀਂ ਸਕਦੀ, ਪਿਛਾਂਹ ਤਾਂ ਇਸ ਨੇ ਕੀ ਹੋਣਾਂ ਹੈ। ਇਹ ਘੜੀ ਥੋੜ੍ਹਾ ਚਿਰ ਰੁਕ ਵੀ ਨਹੀਂ ਸਕਦੀ । ਜਿਹੜੀ ਸਤਿਗੁਰਾਂ ਨੇ ਸਾਨੂੰ ਪੱਕੀ ਦ੍ਰਿੜ੍ਹ ਕਰਾਈ ਹੈ ਨਾ ਗੱਲ........ਸਤਿਗੁਰਾਂ ਦੇ ਉਪਦੇਸ਼ ਵਿਚ ਕਈ ਵੇਰ ਆਉਂਦੀ ਹੈ,

ਅੱਜ ਕੱਲ੍ਹ ਕਿ ਚੌਂਹ ਦਿਨੀਂ, ਓੜਕ ਦਿਨੀਂ ਦਸੀਂ॥

ਇਸ ਸੁਹਾਵੇ ਬਾਗ ਵਿਚ ਹੋਵਾਂਗੇ ਅਸੀਂ ਨਹੀਂ.........

ਸੋ ਇਸ ਸੁਹਾਵੇ ਬਾਗ ਵਿਚ ਅਸੀਂ ਰਹਾਂਗੇ ਨਹੀਂ

ਭਾਵੇਂ ਅਸੀਂ ਹੱਸੀਏ ਖੇਡੀਏ, ਕੋਈ ਕੰਮ ਕਰੀਏ, ਵਿਹਾਰ ਕਰੀਏ, ਸੱਚੇ ਪਾਤਸ਼ਾਹ ਕਿਰਪਾ ਕਰਨ, ਸਾਨੂੰ ਪੱਕੀ ਯਾਦ ਰਹੇ ਬਈ ਅਸੀਂ ਇਸ ਸੰਸਾਰ ਤੋਂ ਚਲੇ ਜਾਣਾ ਹੈ। ਸਾਡੇ ਨਾਮਧਾਰੀ ਹੋਣ ਦਾ ਦੂਜਿਆਂ ਨਾਲੋਂ ਇਹ ਫਰਕ ਹੋਣਾਂ ਚਾਹੀਦਾ ਹੈ ਬਈ ਜਿਵੇਂ ਗੁਰਬਾਣੀ 'ਚ ਲਿਖਿਆ ਹੈ ,

ਜਨਮੇ ਕੋ ਵਾਜੇ ਵਾਧਾਈ, ਸੋਹਲੜਿਆ ਗਿਆਨੀ ਗਾਏ।

ਜੇ ਅਸੀਂ ਇਸ ਤਰ੍ਹਾਂ ਕਰਦੇ ਹਾਂ, ਅਸੀਂ ਉਸ ਵੇਲੇ ਗਿਆਨੀ ਜਰੂਰ ਬਣਦੇ ਹਾਂ। ਸਤਿਗੁਰਾਂ ਦਾ ਹੁਕਮ ਹੈ, ਬਣਨੋਂ ਰਹਿ ਨਹੀਂ ਸਕਦੇ, ਜੇ ਅਸੀਂ ਉਸ ਤਰ੍ਹਾਂ ਕਰੀਏ ਤਾਂ। ਇਕ ਥਾਂ ਇਹ ਲਿਖਿਆ ਹੈ ,

ਜਿਸ ਕਾ ਥਾ ਸੋ ਉਸ ਲੀਆ, ਭੂਲਾ ਰੋਵਣਹਾਰਾ ਰੇ।

ਉਥੇ ਵੀ ਸਾਡੀ ਇਹ ਹਾਲਤ ਹੋ ਜਾਂਦੀ ਹੈ, ਅਸੀਂ ਭੁੱਲਣਵਾਲੇ ਬਣਦੇ ਹਾਂ। ਮੈਂ ਕਈ ਵਾਰ ਦੇਖਦਾ ਹਾਂ, ਨਾਮਧਾਰੀਆਂ ਦੇ ਘਰਾਂ ਵਿਚ ਸਰੀਂਹ ਦੇ ਪੱਤੇ ਜਾਂ ਹੋਰ ਦਰਖਤਾਂ ਦੇ ਪੱਤੇ ਲਿਆ ਕੇ ਬੰਨ ਦਿੰਦੇ ਹਨ ਜਿਵੇਂ ਇੰਨ੍ਹਾਂ ਤੋਂ ਬਿਨਾਂ ਨਿਆਣਾ ਜੰਮਣਾ ਹੀ ਨਹੀਂ। ਇਹ ਦੁਨੀਆਂ ਦਾ ਰਿਵਾਜ ਹੈ, ਰਸਮ ਹੈ। ਲੋਕਾਂ ਦੇ ਰਿਵਾਜ ਤੋਂ ਸਤਿਗੁਰਾਂ ਨੇ ਸਾਨੂੰ ਬਚਾਇਆ ਹੈ। ਸਾਨੂੰ ਤਕੜੇ ਹੋ ਕੇ ਬਚਣਾ ਚਾਹੀਦਾ ਹੈ। ਜਦੋਂ ਅਸੀਂ ਕੱਠੇ ਹੋਈਏ, ਉਦੋਂ ਸਤਿਗੁਰਾਂ ਦਾ ਕੋਈ ਬਚਨ ਕਰੀਏ। ਇਥੇ ਸਾਧ ਸੰਗਤ ਨੇ ਬੜੀ ਕਿਰਪਾ ਕੀਤੀ ਹੈ। ਇਥੇ ਕੁਝ ਸਰੀਰ ਪਤਾ ਨਹੀਂ ਦੋ ਸਾਲ ਹੋ ਗਏ ਕਿੰਨਾਂ ਚਿਰ ਹੋ ਗਿਆ ਹੈ.... ਲਗਾਤਾਰ ਅੱਠ ਘੰਟੇ ਨਾਮ ਸਿਮਰਨ ਕਰਦੇ ਹਨ। ਦਸ ਹੋ ਜਾਂਦੇ ਹਨ, ਵੀਹ ਹੋ ਜਾਂਦੇ ਹਨ, ਤੀਹ ਚਾਲੀ ਹੋ ਜਾਂਦੇ ਨੇ, ਜਿਆਦਾ ਵਧਦੇ, ਵਧਦੇ ਘਟਦੇ ਰਹਿੰਦੇ ਨੇ ਤੇ ਉਨ੍ਹਾਂ ਨੂੰ ਮੈਂ ਇਹ ਗੱਲ ਕਹੀ ਕਿ ਅਸੀਂ ਨਾਮ- ਸਿਮਰਨ ਕਰਦੇ ਹਾਂ, ਬਾਣੀ ਪੜ੍ਹਦੇ ਸੁਣਦੇ ਵੀ ਹਾਂ ਪਰ ਇਹ ਕੋਸ਼ਿਸ਼ ਕਰੀਏ ਬਈ ਉਹਦੇ ਵਿਚੋਂ ਕੋਈ ਚੀਜ਼ ਲੈ ਕੇ ਅਸੀਂ ਗ੍ਰਹਿਣ ਕਰੀਏ। ਉਨ੍ਹਾਂ ਨੇ ਵਾਰੀ ਵਾਰੀ ਸਭ ਨੇ ਮੈਨੂੰ ਲਿਖ ਕੇ ਦਿੱਤਾ ਹੈ ਕਿ ਮੈਂ ਐਸ ਤੁਕ 'ਤੇ ਅਮਲ ਕਰਾਗਾਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਰਹਿਤਨਾਮਾ ਪੜ੍ਹਿਆ, ਇਸ ਦੀ ਮੈਂ ਐਸ ਤੁਕ 'ਤੇ ਅਮਲ ਕਰਾਂਗਾ, ਇਸ ਤਰ੍ਹਾਂ ਗੱਲਾਂ ਉਨ੍ਹਾਂ ਨੇ ਬਹੁਤ ਸਾਰੀਆਂ ਲਿਖ ਕੇ ਦਿੱਤੀਆਂ ਨੇ, ਮੇਰੇ ਕੋਲ ਲਿਖੀਆਂ ਪਈਆਂ ਨੇ।

ਜਿਵੇਂ ਖਾਦ ਪਾਉਣ ਨਾਲ ਫਸਲ ਬਹੁਤੀ ਹੁੰਦੀ ਹੈ, ਜਿਸ ਤਰ੍ਹਾਂ ਦੇ ਵਾਤਾਵਰਣ 'ਚ ਬੰਦਾ ਰਹਿੰਦਾ ਹੈ, ਉਸ

ਤਰ੍ਹਾਂ ਦਾ ਮਨ ਉਸ ਦਾ ਬਣਦਾ ਹੈ। ਜਿਹੜਾ ਆਦਮੀ ਘਰ ਵਿਚ ਸੰਸਾਰ ਦੇ ਸੁੱਖਾਂ ਦੀ ਮਾੜੀ ਜਿਹੀ ਗੱਲ ਕਰਦਾ ਹੈ, ਉੱਧਰ ਮਨ ਭੱਜਦਾ ਹੈ ਝਟਪਟ ਤੇ ਜਦੋਂ ਸੰਸਾਰ ਦੇ ਸੁੱਖਾਂ ਨੂੰ ਤਿਆਗਣ ਦੀ ਗੱਲ ਕਰੀਏ ਫਿਰ ਭਾਵੇਂ ਵਰ੍ਹਾ ਭਰ ਕਰਦੇ ਰਹੀਏ, ਬੜਾ ਹੀ ਕੁਝ ਹੁੰਦਾ ਹੈ ਉਸ ਵੇਲੇ ਮਨ ਨੂੰ। ਅਸਲ ਚੀਜ਼ ਇਹੋ ਹੈ, ਜਿਉਣਾ ਝੂਠ ਤੇ ਮਰਨਾ ਸੱਚ। ਇਹ ਗੱਲ ਸਤਿਗੁਰੂ ਕਿਰਪਾ ਕਰੇ, ਦ੍ਰਿੜ ਰਹੇ ਸਾਡੇ 'ਤੇ।'

ਇਸ ਮਗਰੋਂ ਸੱਚੇ ਪਾਤਸ਼ਾਹ ਜੀ ਨੇ ਪੁਰਾਣੀਆਂ ਫੋਟੋਆਂ ਦੀ ਐਲਬਮ ਵੇਖੀ ਤੇ ਆਪਣੇ ਸਹਿਪਾਠੀਆਂ ਨੂੰ ਵਿਖਾਈ। ਉਪਰੰਤ ਮਹਾਰਾਜ ਬੀਰ ਸਿੰਘ ਨੇ ਬਚਪਨ ਦੀ ਇੱਕ ਹਾਸ-ਰਸ ਦੀ ਗੱਲ, ਸੱਚੇ ਪਾਤਸ਼ਾਹ ਜੀ ਤੋਂ ਆਗਿਆ ਲੈ ਕੇ ਸੁਣਾਈ ,

" ਜਿਹੜੇ ਸਾਡੇ ਅਧਿਆਪਕ ਸਨ, ਕਿਸੇ ਦੇ ਵਿਚਾਰ ਕਿਸੇ ਤਰ੍ਹਾਂ ਦੇ, ਕਿਸੇ ਦੇ ਕਿਸੇ ਤਰ੍ਹਾਂ ਦੇ ਹੁੰਦੇ ਹਨ । ਗੁਣ ਔਗੁਣ ਚਲੇ ਹੀ ਆਉਂਦੇ ਹਨ ਸੰਸਾਰ ਵਿਚ। ਇਕ ਵਾਰ ਅਧਿਆਪਕਾਂ ਨੇ ਆਪਣੇ ਆਪਣੇ ਪੱਖ ਪੇਸ਼ ਕਰਨੇ ਸਨ। ਸੰਗੀਤ ਦੇ ਅਧਿਆਪਕ ਸੰਤ ਹਰਨਾਮ ਸਿੰਘ ਨੇ ਆਖਿਆ ਕਿ ਜਿਹੜੇ ਬੱਚੇ ਰਾਗ ਸਿੱਖਦੇ ਹਨ, ਉਨ੍ਹਾਂ ਦੀ ਪੜ੍ਹਾਈ ਤੇ ਬੜਾ ਜੋਰ ਦਿੱਤਾ ਹੈ, ਜੇ ਇਹ ਪੜ੍ਹਾਈ ਕਰਨ ਤਾਂ ਰਾਗ ਨਹੀਂ ਸਿੱਖ ਸਕਦੇ। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ ਜਿਹੜੇ ਬੱਚੇ ਰਾਗ ਸਿੱਖਦੇ ਹਨ, ਪੜ੍ਹਿਆ ਨਾ ਕਰਨ, ਉਹ ਰਾਗ ਹੀ ਸਿੱਖਣ। ਸੰਤ ਹਰਭਜਨ ਸਿੰਘ ( ਅਧਿਆਪਕ ) ਨੇ ਆਖਿਆ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ, ਮੈਂ ਇਨ੍ਹਾਂ ਨੂੰ ਪੜ੍ਹਾਉਣ ਵਾਲਾ ਹਾਂ, ਜੇ ਇਨ੍ਹਾਂ ਨੇ ਪੜ੍ਹਾਈ ਬੰਦ ਕਰ ਦਿੱਤੀ ਤਾਂ ਇਨ੍ਹਾਂ ਨੇ ਸਾਰਾ ਕੁਝ ਭੁੱਲ ਜਾਣਾ ਹੈ।

ਸੰਤਾਂ ਨੇ ਚੋਰੀ ਚੋਰੀ ਪੜ੍ਹਾਉਣਾਂ ਸ਼ੁਰੂ ਕਰ ਦਿੱਤਾ ਤਾਂ ਜੋ ਇਹ ਪਤਾ ਨਾ ਲੱਗੇ ਬਈ ਇਨ੍ਹਾਂ ਰਾਗ ਵਾਲੇ ਬੱਚਿਆਂ ਨੂੰ ਪੜ੍ਹਾਇਆ ਵੀ ਜਾਂਦਾ ਹੈ। ਇਕ ਪ੍ਰੇਮ ਸਿੰਘ ਰਾਈਆਂ ਦਾ ਸੀ। ਉਹ ਛੋਟੇ ਬੱਚਿਆਂ ਤੋਂ ਵੱਡਾ ਸੀ ਤੇ ਬਾਹਰ ਵਰਾਂਡੇ ਵਿਚ ਛੋਟੇ ਬੱਚਿਆਂ ਨੂੰ ਪੜਾਉਂਦਾ ਸੀ। ਉਹ ਸੰਤ ਹਰਭਜਨ ਸਿੰਘ ਦਾ ਨਿਕਟਵਰਤੀ ਸੀ। ਸੰਤਾਂ ਨੇ ਉਸ ਦੀ ਡਿਊਟੀ ਲਾਈ ਸੀ ਕਿ ਮੈਂ ਬੱਚਿਆਂ ਨੂੰ ਚੋਰੀ ਪੜ੍ਹਾਉਣਾ ਹੈ ਤੇ ਤੂੰ ਇਹ ਕੰਮ ਕਰੀਂ ਕਿ ਜਿਸ ਵੇਲੇ ਇਹ ਦੋਵੇਂ (ਵਰਤਮਾਨ ਸਤਿਗੁਰੂ ਜੀ ਤੇ ਮਹਾਰਾਜ ਬੀਰ ਸਿੰਘ ਜੀ) ਆਉਂਦੇ ਹੋਣ, ਉੱਚੀ ਸਾਰੀ ਆਖ ਦੇਈਂ 'ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ' ਜੇ ਇਨ੍ਹਾਂ ਦੋਹਾਂ ਨੂੰ ਪਤਾ ਲੱਗ ਗਿਆ, ਇਨ੍ਹਾਂ ਸਤਿਗੁਰਾਂ ਨੂੰ ਸ਼ਿਕਾਇਤ ਲਾ ਦੇਣੀ ਹੈ। ਐਸਾ ਇਤਫਾਕ ਹੋਇਆ ਕਿ ਜਿਹੜੇ ਬੱਚੇ ਸਨ ਰਾਗ ਸਿੱਖਣ ਵਾਲੇ, ਉਨ੍ਹਾਂ ਨੂੰ ਸੰਤ ਪੜ੍ਹਾ ਰਹੇ ਸਨ। ਅਸੀਂ ਉਤੋਂ ਅਚਾਨਕ ਹੀ ਚਲੇ ਗਏ। ਉਸਨੂੰ (ਪ੍ਰੇਮ ਸਿੰਘ ਨੂੰ) ਪਤਾ ਹੀ ਨਾ ਲੱਗਾ ਪਹਿਲੋਂ। ਐਨ ਜਿਸ ਵੇਲੇ ਅਸੀਂ ਉਤੋਂ ਚਲੇ ਗਏ ਤਾਂ ਛੇਤੀ ਦੇਣੀਂ ਜਾ ਕੇ ਸੰਤਾਂ ਦੇ ਕੋਲ ਕੰਨ ਵਿਚ ਕਹਿਣ ਲੱਗਾ,

'ਸੰਤ ਜੀ,

ਸੰਤ ਜੀ ਕਹਿੰਦੇ , ' ਕੀ ਗੱਲ ? '

ਕਹਿੰਦਾ, ' ਸੰਤ ਜੀ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ। "

ਮਹਾਰਾਜ ਜੀ ਦੀ ਗੱਲ ਸੁਣ ਕੇ ਸਾਰੇ ਹੱਸ ਪਏ। ਸੱਚੇ ਪਾਤਸ਼ਾਹ ਜੀ ਨੇ ਵੀ ਬਚਪਨ ਦੀਆਂ ਸ਼ਰਾਰਤਾਂ ਦੀ ਇਕ ਗੱਲ ਇੰਜ ਸੁਣਾਈ ,

"ਇਕ ਗੱਲ ਮੈਂ ਤੁਹਾਨੂੰ ਸੁਣਾਉਂਦਾ ਹਾਂ। ਬਾਬਾ ਜਤੀ ਦੀ ਖੱਬੀ ਅੱਖ ਹੈ ਨਹੀਂ ਸੀ (ਖੱਬੀ ਅੱਖ ਤੋਂ ਦਿਸਦਾ ਨਹੀਂ ਸੀ)। ਸਾਰੇ ਮੁੰਡੇ ਸ਼ਰਾਰਤਾਂ ਕਰਦੇ ਸਨ। ਉਨ੍ਹਾਂ ਦੇ ਖੱਬੇ ਪਾਸੇ ਹੋ ਕੇ ਉਂਗਲ ਅੱਖ ਕੋਲ ਕਰ ਕੇ ਸ਼ਰਾਰਤ ਕਰਨੀਂ। ਮਹਾਰਾਜ ਜੀ ਨੂੰ ਸ਼ਰਾਰਤ ਕਰਨੀ ਤਾਂ ਆਉਂਦੀ ਨਹੀਂ ਸੀ। ਇਕ ਵਾਰ ਉਹ ਸੱਜਾ ਖੱਬਾ ਭੁੱਲ ਗਏ ਤੇ ਸੱਜੇ ਪਾਸੇ ਹੋ ਕੇ ਸ਼ਰਾਰਤ ਕਰਨ ਲੱਗੇ। ਉਨ੍ਹਾਂ ਹੱਥ ਫੜ ਲਿਆ।'

ਸੱਚੇ ਪਾਤਸ਼ਾਹ ਜੀ ਪਾਸੋਂ ਹਾਸ-ਰਸ ਦੀ ਇਹ ਗੱਲ ਸੁਣ ਕੇ ਸਾਰੇ ਪਾਸੇ ਹਾਸੇ ਦੀਆਂ ਫੁਲਝੜੀਆਂ ਚਲ ਪਈਆਂ। ਸ੍ਰ. ਪ੍ਰੀਤਮ ਸਿੰਘ ਜੀ ਪੰਛੀ ਨੇ ਗੱਲ ਅੱਗੇ ਤੋਰਦਿਆਂ ਕਿਹਾ,

" ਦੋ ਮੁੰਡਿਆਂ ਨੂੰ ਉਨ੍ਹਾਂ ਕੰਨ ਫੜਾਉਣੇ, ਉਨ੍ਹਾਂ ਕੋਸ਼ਿਸ਼ ਇਹੀ ਕਰਨੀ, ਜਿਹੜੀ ਅੱਖ ਉਨ੍ਹਾਂ ਦੀ ਹੈ ਨਹੀਂ, ਉੱਧਰ ਹੋ ਜਾਈਏ, ਉਨ੍ਹਾਂ ਨੇ ਮੁੰਡਿਆਂ ਨੂੰ ਵੇਖਦੇ ਰਹਿਣਾ, ਇਕ ਮੁੰਡਾ ਉਨ੍ਹਾਂ ਨੂੰ ਨਜ਼ਰ ਆਉਣਾਂ, ਦੂਜੇ ਨੇ ਦੌੜ ਜਾਣਾ।'

ਸ੍ਰੀ ਸਤਿਗੁਰੂ ਜੀ ਨੇ ਬਚਪਨ ਦੀ ਇਕ ਹੋਰ ਗੱਲ ਸੁਣਾਈ ,

" ਗਿਆਨੀ ਜੀ (ਤਾਰਾ ਸਿੰਘ) ਏਥੇ ਬੈਠੇ ਹਨ। ਇਹ ਬਹੁਤ ਪੁਰਸ਼ਾਰਥੀ ਤੇ ਮਿਹਨਤੀ ਆਦਮੀ ਨੇ, ਜਿਸ ਪਾਸੇ ਪੈ ਜਾਣ ਉਸ ਪਾਸੇ ਅਭਿਆਸ ਕਰਦੇ ਹਨ। ਇਥੇ ਕੋਠੀ ਦੇ ਉੱਪਰਲੇ ਪਾਸੇ ਅਮਰੂਦ ਹੁੰਦੇ ਸਨ, ਇਥੇ ਮੁੰਡੇ ਆ ਕੇ ਅਮਰੂਦ ਸਾਰੇ ਖਾ ਜਾਂਦੇ ਸਨ। ਇਕ ਅਧਿਆਪਕ ਗੁਰਮੁਖ ਸਿੰਘ ਕੰਨ ਫੜਾ ਦਿੰਦਾ ਸੀ। ਇਨ੍ਹਾਂ ਨੂੰ ਕੰਨ ਫੜਾਏ ਤੇ ਇਸ ਨੇ ਚੂੰ ਵੀ ਨਾ ਕੀਤੀ, ਫਿਰ ਇਹਦੇ ਉੱਤੇ ਮੁੰਡਾ ਬਿਠਾ ਦਿੱਤਾ, ਫਿਰ ਵੀ ਇਨ੍ਹਾਂ ਚੂੰ ਨਾ ਕੀਤੀ। ਫਿਰ ਇਨ੍ਹਾਂ ਨੇ ਨਾਲ ਦੇ ਮੁੰਡਿਆਂ ਨੂੰ ਦੱਸਿਆ ਕਿ ਮੈਂ ਤਾਂ ਅਭਿਆਸ ਬਾਹਰ ਜਾ ਕੇ ਇੱਕਲਾ ਕਰਦਾ ਰਹਿੰਦਾ ਹਾਂ। ਇਹ ਤਾਂ ਅਜੇ ਅੱਧਾ ਘੰਟਾ ਕੰਨ ਫੜਾਏ ਹਨ, ਘੰਟਾ ਤਾਂ ਮੈਂ ਉਸ ਤਰ੍ਹਾਂ, ਕੰਨ ਫੜ ਕੇ ਬੈਠਾ ਰਹਿੰਦਾ ਹਾਂ।'

ਉਥੇ ਹਾਜ਼ਰ ਸਰੀਰਾਂ ਵਿਚੋਂ ਸੱਚੇ ਪਾਤਸ਼ਾਹ ਜੀ ਦਾ ਇਹ ਬਚਨ ਸੁਣ, ਕੋਈ ਵੀ ਆਪਣਾ ਹਾਸਾ ਰੋਕ ਨਾ ਸਕਿਆ। ਬਚਪਨ ਦੀਆਂ ਯਾਦਾਂ ਨਾਲ ਭਰਪੂਰ ਖੁਸ਼ੀ ਦੇ ਇਸ ਆਲਮ ਵਿਚ ਸੰਤ ਜਵਾਹਰ ਸਿੰਘ ਜੀ ਗੰਭੀਰ (ਦਿੱਲੀ ਨਿਵਾਸੀ) ਨੇ ਅਰਜ਼ ਕੀਤੀ,

"ਜਿਹੜੀ ਵਿੱਦਿਆ ਦੀ ਗੱਲ ਹੈ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਜਿਹੜਾ ਉਸ ਵੇਲੇ ਵਿਦਿਆਲਾ ਚਲਾਇਆ ਸੀ,ਉਸ ਦੀ ਸਤਿਗੁਰਾਂ ਨੇ ਨੀਂਹ ਰੱਖੀ ਸੀ। ਸੱਚੇ ਪਾਤਸ਼ਾਹ ਜੀ ਦੀ ਪ੍ਰਬਲ ਇੱਛਾ ਸੀ, ਵਿੱਦਿਆ ਦਾ ਪਸਾਰ ਕਰਨ ਦੀ, ਆਪਣੇ ਸਕੂਲ ਖੋਲ੍ਹਣ ਦੀ,ਆਪ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੇ ਉਸ ਇੱਛਾ ਨੂੰ ਪੂਰਾ ਕੀਤਾ ਹੈ।'

ਸ੍ਰੀ ਸਤਿਗੁਰੂ ਜੀ ਨੇ ਬੜੀ ਨਿੰਮਰਤਾ ਨਾਲ ਫਰਮਾਇਆ,

"ਸਾਡੀ ਕੋਈ ਵਾਹ ਨਹੀਂ, ਅਸੀਂ ਕੁਝ ਕਰ ਸਕੀਏ, ਸਤਿਗੁਰਾਂ ਨੇ ਕਿਰਪਾ ਕੀਤੀ ਹੈ। ਇਹ ਕੋਸ਼ਿਸ਼ ਕਰਨੀ ਹੈ, ਇਨ੍ਹਾਂ ਸਾਰਿਆਂ ਨੂੰ (ਸਹਿਪਾਠੀਆਂ ਨੂੰ) ਵੀ.ਡੀ. ਓ. ਟੇਪ ਵਿਖਾਈ ਜਾਵੇ, ਕਿਸ ਤਰ੍ਹਾਂ ਸਾਡੀ ਅਕੈਡਮੀ ਦੇ ਬੱਚੇ ਢੋਲਕੀ ਛੈਣਿਆਂ ਨਾਲ ਦੀਵਾਨ ਲਾਉਂਦੇ ਹਨ, ਸੰਤ ਅਤਰ ਸਿੰਘ ਵਗੈਰਾ ਜੱਥੇਦਾਰਾਂ ਵਾਂਗ। ਕਿਹੜੇ ਜੱਥੇਦਾਰ ਕਿਵੇਂ ਦੀਵਾਨ ਲਾਉਂਦੇ ਹਨ, ਜਿਨ੍ਹਾਂ ਨੇ ਵੇਖਿਆ ਹੈ ਉਨ੍ਹਾਂ ਨੂੰ ਪਤਾ ਹੈ ਕਿ ਉਹ ਥੋੜ੍ਹੀ-ਬਹੁਤੀ ਉਨ੍ਹਾਂ ਦੀ ਨਕਲ ਕਰਦੇ ਹਨ। ਸਤਿਗੁਰੂ ਨੇ ਕਿਰਪਾ ਕੀਤੀ, ਦਰਸ਼ਨ ਸਿੰਘ , ਖਜਾਨ ਸਿੰਘ ਨੂੰ ਕੁਝ ਵੀ ਨਹੀਂ ਆਖਿਆ, ਗਲਤ ਆਸਾ ਦੀ ਵਾਰ ਪੜ੍ਹਦੇ ਸਨ।ਉਸ ਤੋਂ ਬਾਅਦ ਸਤਿਗੁਰਾਂ ਨੇ ਮੇਰੇ 'ਤੇ ਕਿਰਪਾ ਕੀਤੀ, ਮੈਂ ਬੜੀ ਹੌਲੀ, ਆਖ ਆਖ ਕੇ ਉਨ੍ਹਾਂ ਦੀਆਂ ਗਲਤੀਆਂ ਸ਼ੁੱਧ ਕਰਵਾਈਆਂ। ਦਰਸ਼ਨ ਸਿੰਘ ਤਾਂ ਆਖਦੇ ਸਨ, ' ਮੈਂ ਤੁਹਾਡੇ ਲਾਇਕ ਹੀ ਨਹੀਂ ਰਿਹਾ।'

ਮੈਂ ਕਿਹਾ, ' ਨਹੀਂ ਤੁਸੀਂ ਜਿਸ ਤਰ੍ਹਾਂ ਪੜ੍ਹਦੇ ਹੋ ਪੜ੍ਹੀ ਜਾਵੋ।'

ਹੌਲੀ ਹੌਲੀ ਉਹ ਕਾਫੀ ਠੀਕ ਹੋ ਗਏ।

ਇਸ ਤੋਂ ਅਗਾਂਹ ਹੁਣ ਜਿਹੜੇ ਬੱਚੇ ਰਾਗ ਕਰਦੇ ਨੇ, ਪੂਰੇ ਸ਼ੁੱਧ ਸ਼ਬਦ ਪੜ੍ਹਦੇ ਨੇ। ਮੈਂ ਵੀ ਤੁਕਾਂ ਪਹਿਲਾਂ ਬਾਣੀ ਵਿਚ ਵੇਖਦਾ ਹਾਂ ਤਾਂ ਕਿ ਗਲਤ ਨਾ ਟੋਕਿਆ ਜਾਵੇ। ਇਹ ਸਤਿਗੁਰਾਂ ਨੇ ਕਿਰਪਾ ਕੀਤੀ ਏਨਾਂ ਕੁਝ ਹੋ ਗਿਆ, ਹੁਣ ਸੱਤ ਅੱਠ ਰਾਗੀਆਂ ਦੇ ਜੱਥੇ ਸਾਡੇ ਕੋਲ ਹੋ ਗਏ ਹਨ। ਵਾਰੀ ਵਾਰੀ ਸਾਰੇ ਆਸਾ ਦੀ ਵਾਰ ਜਾਂ ਦੀਵਾਨ ਲਾਉਂਦੇ ਹਨ। ਸਤਿਗੁਰਾਂ ਨੇ ਕਿਰਪਾ ਕੀਤੀ ਹੈ, ਨੀਂਹ ਪੱਥਰ ਉਨ੍ਹਾਂ ਰੱਖਿਆ ਸੀ ਤਾਂ ਇਹ ਹੋਇਆ, ਨਹੀਂ ਤਾਂ ਨਹੀਂ ਹੋ ਸਕਦਾ ਸੀ ਇਹ। ਸਾਡੀ ਇੰਨੀ ਸੁਧਾਈ ਕਰਵਾਈ ਸਤਿਗੁਰਾਂ ਨੇ ਬਈ ਰਹਿਰਾਸ ਪੜ੍ਹਾਉਂਦਿਆਂ ਪੜ੍ਹਾਉਂਦਿਆਂ ਇਕ ਵੀ ਗਲਤੀ ਰਹਿਰਾਸ 'ਚ ਨਹੀਂ ਰਹਿ ਗਈ। ਇਕ ਵਾਰ ਸੱਚੇ ਪਾਤਸ਼ਾਹ ਜੀ ਦੇ ਬਾਅਦ, ਅਸੀਂ

ਕੋਟਕਪੂਰੇ ਤੋਂ ਆਉਂਦੇ ਸਾਂ, ਮੈਂ ਚਕ੍ਰਵਰਤੀ ਜੀ ਨੂੰ ਕਿਹਾ,

'ਚਕ੍ਰਵਰਤੀ ਜੀ, ਰਹਿਰਾਸ ਸੁਣੋ, ਮੈਂ ਰਹਿਰਾਸ ਪੜ੍ਹੀ, ਕੋਈ ਗਲਤੀ ਨਹੀਂ ਕੀਤੀ। ਮੈਂ ਕਿਹਾ, ਇਹ ਗਲਤੀਆਂ ਸਤਿਗੁਰਾਂ ਨੇ ਕੱਢੀਆਂ ਨੇ । ਮੜ੍ਹੀਆਂ ਦੇ ਪਰਲੇ ਪਾਸੇ ਸ਼ਾਮ ਨੂੰ ਰੋਜ਼ ਲੈ ਜਾਣਾਂ, ਆਖਣਾ,' ਰਹਿਰਾਸ ਪੜ੍ਹ ਬੈਠ ਕੇ ' । ਪਹਿਲੋਂ ਗਲਤੀਆਂ ਹੁੰਦੀਆਂ ਸਨ, ਹੌਲੀ ਹੌਲੀ ਘਟਦੀਆਂ ਘਟਦੀਆਂ ਇਕ ਰਹਿ ਗਈ, ਦੋ ਰਹਿ ਗਈਆਂ, ਸਾਰੀਆਂ ਖਤਮ ਕਰ ਦਿੱਤੀਆਂ।

ਏਥੇ ਮਸ਼ੀਨ ਲਾਈ ਸਤਿਗੁਰਾਂ ਨੇ। ਮੀਆਂ ਕਾਦਰ ਬਖ਼ਸ਼ ਹੁੰਦੇ ਸਨ, ਬੜੇ ਵਿਦਵਾਨ ਸਨ। ਸਮਝੋ, ਸਾਡੇ ਦਾਦਾ ਗੁਰੂ ਜੀ ਸਨ ਉਹ। ਉਹ ਇਥੇ ਆਏ ਤੇ ਆਖਿਆ, ' ਮੈਨੂੰ ਮਸ਼ੀਨ ਦੱਸੋ। ਮੈਂ ਉਸ ਮਸ਼ੀਨ ਨਾਲ ਗਾਉਣਾ ਵਜਾਉਣਾਂ ਹੈ।'

ਉਹ ਮਸ਼ੀਨ ਨਾਲ, ਉਹ ਘੜੀ ਨਾਲ ਜਿਹਦੇ ਨਾਲ ਸਕਿੰਟ ਦਾ ਦਸਵੇਂ ਹਿੱਸੇ ਦਾ ਫਰਕ ਵੀ ਪਤਾ ਲਗਦਾ ਹੈ। ਸਾਰਾ ਟਾਇਮ ਗਾਈ ਜਾਵੋ, ਅਖੀਰਲੇ ਅਰਸੇ ਵਿਚ ਵੀ ਲੈਅ ਉਨੀਂ ਦੀ ਉਨੀਂ ਆਵੇ........। ਉਸ ਗੱਲ ਦੀ ਕਿਰਪਾ ਹੈ, ਬਈ ਹੁਣ ਅਸੀਂ ਐਸ ਵੇਲੇ ਪੌਣੀਆਂ ਸਵਾਈਆਂ ਮਾਤਰਾ ਵਰਤਦੇ ਹਾਂ। ਸ੍ਰੀ ਹਰੀ ਪ੍ਰਸ਼ਾਦ ਚੌਰਸਿਆ, ਔਰੰਗਾਬਾਦ ਦੇ ਸ਼ੈਸ਼ਨ ਤੇ ਮਿਲੇ, ਸਾਡੇ ਬੱਚਿਆ ਨੇ ਉਥੇ ਗਾਇਆ ਪੌਣੇ ਪੰਦਰਾ ਮਾਤਰਾ, ਲੈਅ, ਤਿਹਾਈਆਂ ਵਗੈਰਾ ਸਾਰੀਆਂ ਕੀਤੀਆਂ।

ਚੌਰਸੀਆ ਜੀ ਬੜੇ ਹੈਰਾਨ ਹੋਏ ਮੈਨੂੰ ਆਂਹਦੇ ਨੇ,

'ਤੁਸੀਂ ਸਾਨੂੰ ਇਹ ਦੱਸਦੇ ਹੀ ਨਹੀਂ, ਕੀ ਪਏ ਕਾਰੀਗਰੀ ਕਰਦੇ ਹੋ। ਜਦੋਂ ਇਹ ਬੱਚੇ ਵੱਡੇ ਹੋ ਜਾਣਗੇ, ਸਾਨੂੰ ਬੜੀ ਸੰਗ ਆਵੇਗੀ। '

ਇਹ ਸਭ ਸਤਿਗੁਰਾਂ ਦੀ ਕਿਰਪਾ ਹੈ, ਇਕ ਵਾਰੀ ਸਾਰੇ ਆਖੋ ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ।

ਤਬਲੇ ਵਾਲੇ ਲੱਭ ਲੱਭ ਕੇ ਸਤਿਗੁਰਾਂ ਨੇ ਇਕ ਭਾਈ ਨਸੀਰ ਲੱਭਿਆ ਸੀ,ਜਿਸ ਦੀ ਲੈਅ ਠੀਕ ਸੀ ਬਾਕੀ ਸਾਰਿਆਂ ਚੋਂ। ਸਾਰੇ ਵੱਧ ਤੋਂ ਵੱਧ ਉਸਤਾਦ ਸਨ। ਭਾਈ ਰੱਖਾ, ਭਾਈ ਸੰਤੂ ਤੇ ਹੋਰ ਕਿੰਨੇ ਸਾਰੇ ਸਨ, ਪਰ ਇਕ ਭਾਈ ਨਸੀਰ ਨੂੰ ਸਤਿਗੁਰਾਂ ਨੇ ਲੱਭਿਆ ਸੀ। ਸਤਿਗੁਰਾਂ ਦੀ ਕਿਰਪਾ ਨਾਲ ਅਸੀਂ ਉਨ੍ਹਾਂ ਦੀਆਂ ਤਸਵੀਰਾਂ ਲੱਭ ਲਈਆਂ। ਭਾਈ ਜੈਮਲ ਦੀ ਤਸਵੀਰ ਨਹੀਂ ਲੱਭੀ, ਭਾਈ ਕਾਲੂ ਦੀ ਤਸਵੀਰ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਮੰਦਰ ਵਿਚ ਸਾਰੇ ਉਸਤਾਦਾਂ ਦੀਆਂ ਫੋਟੋਆਂ ਲੱਗੀਆਂ ਨੇ, ਤੁਸੀਂ ਜਾ ਕੇ ਵੇਖ ਲੈਣਾਂ।

ਤੁਸੀਂ ਜਿੰਨੇ ਏਥੇ ਆਏ ਹੋ, ਕੋਸਿਸ਼ ਕਰੋ ਤੁਹਾਡੇ ਪਰਿਵਾਰ ਵਿਚ ਟੈਲਿਵੀਜ਼ਨ ਤੇ ਸਿਨਮਾ ਨਾ ਵੇਖਿਆ ਜਾਵੇ। ਇਕ ਇਕ ਘੰਟਾ ਨਾਮ ਸਿਮਰਨ ਘਰ ਵਿਚ ਪ੍ਰਤੀ ਜੀਅ ਹੋਇਆ ਕਰੇ। ਇਥੋਂ ਤਕ ਪੱਕਾ ਕਰੋ, ਜਿਹੜਾ ਘਰ ਵਿਚ ਬੱਚਾ ਜਨਮੇ, ਉਸ ਦਾ ਨਾਮ-ਸਿਮਰਨ ਤੁਸੀਂ ਕਰੋ। ਜਦੋਂ ਉਹ ਵੱਡਾ ਹੋ ਜਾਵੇ, ਉਸ ਨੂੰ ਕਹੋ ਕਾਕਾ ਤੇਰਾ ਇੰਨਾਂ ਜਮਾਂ ਪਿਆ ਹੈ, ਅਗੋਂ ਤੂੰ ਕਰਨਾ ਹੈ। ਇਹ ਪਤਾ ਉਦੋਂ ਲਗਦਾ ਹੈ, ਜਦੋਂ ਫਿਰ ਟਾਇਮ ਆਉਂਦਾ ਹੈ । ਇੱਕ ਘੰਟਾ ਤਾਂ ਬੜਾ ਹੀ ਥੋੜ੍ਹਾ ਹੈ, ਗੱਲਾਂ ਕਰਦਿਆਂ ਬੜਾ ਚਿਰ ਲੰਘ ਜਾਂਦਾ ਹੈ। ਹੁਣ ਹੋਲੇ ਤੋਂ ਪਹਿਲੋਂ ਤੁਹਾਨੂੰ ਸੱਦਿਆ ਹੈ, ਕਿਉਂਕਿ ਹੋਲੇ ਵਿਚ ਭੀੜ ਹੋ ਜਾਂਦੀ ਹੈ, ਫਿਰ ਸੁਆਦ ਨਹੀਂ ਰਹਿੰਦਾ ਮਿਲਣ ਦਾ। ਹੁਣ ਅੱਸੂ ਦੇ ਮੇਲੇ ਤੋਂ ਪਹਿਲੋਂ ਤੁਸੀਂ ਆਉਣਾਂ ਤਾਂ ਕਿ ਜਿੰਨੇ ਜਿਉਂਦੇ ਬਚੇ ਹੋਵਾਂਗੇ, ਉਨੇ ਮਿਲ ਲਈਏ।25-26-27 ਅੱਸੂ ਅਰਥਾਤ 11-12-13 ਅਕਤੂਬਰ ਸੰਨ 1991 ਨੂੰ ਆਉਣਾਂ।

ਇਸ ਪ੍ਰਵਚਨ ਮਗਰੋਂ ਸੱਚੇ ਪਾਤਸ਼ਾਹ ਜੀ ਸਾਰੇ ਸਹਿਪਾਠੀਆਂ ਨੂੰ ਕੋਠੀ ਵਿਚ ਲੈ ਗਏ। ਖੱਟੀ ਦੇ ਪੱਤੇ ਸਭ ਨੂੰ ਸੁੰਘਣ ਨੂੰ ਦਿਤੇ । ਉਥੇ ਲੱਗੇ ਬਿਰਛ ਬੂਟੇ ਵਿਖਾਏ, ਕਰੌਂਦੇ ਦੇ ਬੂਟੇ ਬਾਰੇ ਦੱਸਿਆ। ਕੋਠੀ ਵਿਚ ਹੀ ਸਾਰਿਆਂ ਨੂੰ ਪੰਕਤੀਆਂ ਵਿਚ ਬੈਠਿਆਂ ਨੂੰ, ਸੱਚੇ ਪਾਤਸ਼ਾਹ ਜੀ ਨੇ ਗੜ੍ਹਬਾ, ਮਾਲਾ,ਆਸਣ, ਲੋਈ, ਘੜੀ, ਪਊਏ ਤੇ ਪੁਸਤਕ ' ਬੀਤੇ ਦੀਆਂ ਪੈੜਾਂ' ਆਪਣੇ ਪਵਿੱਤਰ ਕਰ ਕਮਲਾਂ ਨਾਲ ਪ੍ਰਦਾਨ ਕੀਤੇ। ਇਹ ਸਾਰਾ ਸਮਾਨ ਲਿਆਉਣ ਦੀ

ਸੇਵਾ, ਸੰਤ (ਹੁਣ ਸੂਬਾ) ਹਰਭਜਨ ਸਿੰਘ ਜੀ ' ਉਦੇ ਨਿਟਿੰਗ ' ਲੁਧਿਆਣੇ ਵਾਲਿਆਂ ਨੇ ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਕੀਤੀ।

ਸੱਚੇ ਪਾਤਸ਼ਾਹ ਜੀ ਨੇ ਆਪਣੇ ਸਾਰੇ ਸਹਿਪਾਠੀਆਂ ਨੂੰ ਬਚਨ ਕੀਤਾ,

"ਤੁਹਾਡੀ ਏਨੀ ਕੁ ਸੇਵਾ ਕਰ ਸਕਿਆ ਹਾਂ। ਤੁਹਾਡਾ ਆਪਣਾ ਘਰ ਹੈ, ਸੰਗਣ ਦੀ ਲੋੜ ਨੀ, ਜਿਸ ਕੋਲ ਕਿਰਾਇਆ ਨਾਂ ਹੋਵੇ, ਉਹ ਵੀ ਦੇਵਾਂਗੇ, ਮੰਗਣਾਂ ਇਸ ਤਰ੍ਹਾਂ ਹੈ ਜਿਵੇਂ ਆਪਣੇ ਘਰ ਚੋਂ ਮੰਗੀਦਾ ਹੈ ਕਿ ਸਾਨੂੰ ਪੈਸੇ ਚਾਹੀਦੇ ਨੇ।'

ਸਾਰੇ ਸਹਿਪਾਠੀਆਂ ਦੇ ਚਿਹਰਿਆਂ ਤੇ ਖੁਸ਼ੀ, ਸੰਤੁਸ਼ਟੀ ਅਤੇ ਸ੍ਰੀ ਸਤਿਗੁਰੂ ਜੀ ਪ੍ਰਤੀ ਕ੍ਰਿਤਗਤਾ ਅਤੇ ਧੰਨਵਾਦ ਦੇ ਭਾਵ ਸਨ। ਇਸ ਸੰਮੇਲਨ ਦੀ ਵੀ.ਡੀ. ਓ. ਟੇਪ ਸੰਤ ਗੁਰਮੁੱਖ ਸਿੰਘ ਜੀ ਲੁਹਾਰਾ ਦੁਆਰਾ ਬਣਾਈ ਗਈ, ਫੋਟੋਆਂ ਵੀ ਖਿੱਚੀਆਂ ਗਈਆਂ। ਜਿਹੜੇ ਕਿਸੇ ਕਾਰਨ ਆ ਨਹੀਂ ਸਨ ਸਕੇ ਉਨ੍ਹਾਂ ਨੂੰ ਬਾਅਦ ਵਿਚ ਸਿਰੋਪੇ ਭੇਜੇ ਗਏ ਜਾਂ ਆਪ ਜਾ ਕੇ ਦੇਣ ਦੀ ਕ੍ਰਿਪਾਲਤਾ ਕੀਤੀ ਗਈ। ਇੰਜ ਇਹ ਸਹਿਪਾਠੀ ਸੰਮੇਲਨ ਆਪਣੀ ਇਕ ਅਨੋਖੀ ਛਾਪ ਛੱਡ ਗਿਆ।

( ਮੇਰੇ ਲਿਖੇ, ਸਹਿਪਾਠੀ ਸੰਮੇਲਨ ਦੇ ਇਸ ਚੈਪਟਰ ਨੂੰ ਬਾਕੀ ਹੋਰ ਚੈਪਟਰਾਂ ਦੀ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਪੜ੍ਹਿਆ ਸੀ ਅਤੇ ਹੁਕਮ ਕੀਤਾ ਸੀ ਕਿ ਵਧੀਆ ਲਿਖਿਆ ਹੈ।)

# ਖੂਹਾਂ ਦਾ ਨਿਰਮਾਣ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਮੁਤਾਬਕ ਨਾਮਧਾਰੀ ਪੰਥ ਵਿਚ ਸੁੱਚ ਸੋਧ ਅਤੇ ਰਹਿਤ ਮਰਿਯਾਦਾ ਦਾ ਪੂਰੀ ਜਿੰਮੇਵਾਰੀ ਨਾਲ ਪਾਲਣ ਕੀਤਾ ਜਾਂਦਾ ਹੈ। ਜਲ-ਪ੍ਰਸ਼ਾਦ, ਸੁੱਚ ਸੋਧ ਦਾ ਵਰਤਿਆ ਜਾਂਦਾ ਹੈ।

ਨਾਮਧਾਰੀ ਸਿੱਖਾਂ ਵਲੋਂ ਖੂਹ, ਸਰੋਵਰ, ਦਰਿਆ, ਨਦੀ, ਨਹਿਰ ਜਾਂ ਕੁਦਰਤੀ ਸੋਮਿਆਂ ਦਾ ਪਾਣੀ ਹੀ ਇਸ਼ਨਾਨ ਕਰਨ ਅਤੇ ਜਲ-ਪ੍ਰਸ਼ਾਦਾ ਛਕਣ ਲਈ ਇਸਤੇਮਾਲ ਕੀਤਾ ਜਾਂਦਾ ਹੈ। ਨਾਮਧਾਰੀਆਂ ਦੇ ਘਰਾਂ ਅਤੇ ਡੇਰਿਆਂ ਵਿਚ ਖੂਹ ਲਗਵਾਏ ਹੋਏ ਹੁੰਦੇ ਹਨ। ਸ੍ਰੀ ਭੈਣੀ ਸਾਹਿਬ ਵਿਚ ਵੱਡੀ ਗਿਣਤੀ ਵਿਚ ਖੂਹ ਤੇ ਖੂਹੀਆਂ ਹਨ, ਜਿੰਨ੍ਹਾ ਵਿਚੋਂ ਜਲ ਦੀ ਵਰਤੋਂ ਕੀਤੀ ਜਾਂਦੀ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ, ਹਜ਼ੂਰ ਦੇ ਹੁਕਮ ਅਨੁਸਾਰ ਸਮੇਂ ਸਮੇਂ 'ਤੇ ਖੂਹ ਲਗਾਉਣ ਵਾਲੇ ਸਿੱਖਾਂ ਦਾ ਵੇਰਵਾ ਇਸ ਪ੍ਰਕਾਰ ਹੈ-

1. ਸੰਤ ਬ੍ਰਹਮਾ ਸਿੰਘ

2. ਸੰਤ ਇੰਦਰ ਸਿੰਘ, ਸੰਤ ਸਾਧੂ ਸਿੰਘ ਦੋਵੇਂ ਭਰਾ ਅਤੇ ਪੁੱਤਰ ਸੰਤ ਕੁਲਦੀਪ ਸਿੰਘ

3. ਸੰਤ ਸੇਵਾ ਸਿੰਘ ਤੇ ਉਸਤਾਦ ਸੁਰਜਣ ਸਿੰਘ ਦੋਵੇਂ ਭਰਾ

4. ਸੰਤ ਰੱਖਾ ਸਿੰਘ ਤੇ ਉਨ੍ਹਾਂ ਦੇ ਪੁੱਤਰ ਰਮੇਸ਼ ਜੀ ਆਦਿ- ਸੰਤ ਰੱਖਾ ਸਿੰਘ ਜੀ ਫਰਮਾਂ ਵਾਲਾ ਖੂਹ ਬਣਾਉਂਦੇ ਸਨ। ਇਸ ਤੋਂ ਪਹਿਲਾਂ ਇੱਟਾਂ ਦੇ ਖੂਹ ਬਣਾਏ ਜਾਂਦੇ ਸਨ।

## ਸੰਤ ਬ੍ਰਹਮਾ ਸਿੰਘ

ਸੰਤ ਬ੍ਰਹਮਾ ਸਿੰਘ ਦੇ ਪਿਤਾ ਮਹੰਤ ਹਰਨਾਮ ਸਿੰਘ ਦੁਗੈਚ (ਪਾਕਿਸਤਾਨ) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਬਹੁਤ ਵਧੀਆ ਹਕੀਮ ਸਨ। ਆਪ ਲਿਖਦੇ ਵੀ ਸਨ। ਸੰਤ ਬ੍ਰਹਮਾ ਸਿੰਘ ਦੇ ਪੜਦਾਦਾ ਜੀ ਸੰਤ ਅਤਰ ਸਿੰਘ ਸਨ। ਇਹ ਬਹੁਤ ਵਧੀਆ ਕਾਰੀਗਰ ਸਨ। ਇਨ੍ਹਾਂ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਭਾਈ ਲਾਲੋ ਦਾ ਖਿਤਾਬ ਦਿੱਤਾ ਸੀ। ਇਨ੍ਹਾਂ ਨੇ ਲਾਹੌਰ ਯੂਨੀਵਰਸਿਟੀ 'ਚ ਲੱਕੜ ਦਾ ਬਹੁਤ ਵਧੀਆ ਗੇਟ ਬਣਾਇਆ ਸੀ।

ਸੰਤ ਬ੍ਰਹਮਾ ਸਿੰਘ, ਸ੍ਰੀ ਜੀਵਨ ਨਗਰ ਰਹਿੰਦੇ ਸਨ। ਅੱਜ ਕੱਲ੍ਹ ਆਪ ਕਦੇ ਸਰਸਾ ਕਦੇ ਸੰਤਨਗਰ ਵਿਖੇ ਆਪਣੇ ਪੁੱਤਰਾਂ ਕੋਲ ਰਹਿੰਦੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਦੋਹਾਂ ਸਤਿਗੁਰਾਂ ਦੇ ਸਮੇਂ ਇਨ੍ਹਾਂ ਨੇ ਖੂਹ ਲਾਉਣ ਦੀ ਸੇਵਾ ਕੀਤੀ। ਵੈਸੇ ਇਨ੍ਹਾਂ ਦਾ ਆਪਣਾ ਕੰਮ ਖੇਤੀ-ਬਾੜੀ ਦਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਨੂੰ ਹੁਕਮ ਕੀਤਾ, 'ਖੂਹੀਆਂ ਲਾਇਆ ਕਰ।' ਸੋ ਹੁਕਮ ਮੰਨ ਕੇ ਇਨ੍ਹਾਂ ਨੇ ਖੂਹ ਲਗਾਉਣ ਦਾ ਕੰਮ ਸਿੱਖਿਆ। ਇਨ੍ਹਾਂ ਨੇ ਆਪਣੇ ਉਸਤਾਦ ਸੰਤ ਇੰਦਰ ਸਿੰਘ ਨਾਲ ਰਲ ਕੇ ਕੰਮ ਸ਼ੁਰੂ ਕੀਤਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਮਸਤਾਨਗੜ੍ਹ ਦਾ ਖੂਹ ਸੰਤ ਇੰਦਰ ਸਿੰਘ ਨੇ ਲਗਾਇਆ ਸੀ। ਉਦੋਂ ਖੂਹੀਆਂ ਇਟਾਂ ਦੀਆਂ ਲਾਉਂਦੇ ਸਨ। ਹਲਟਾਂ ਵਾਲੇ ਖੂਹ ਵੀ ਲਾਉਂਦੇ ਸਨ। ਇਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਤੇ ਸ੍ਰੀ ਜੀਵਨ ਨਗਰ ਵਿਖੇ ਖੂਹ ਲਗਾਏ। ਸ੍ਰੀ ਭੈਣੀ ਸਾਹਿਬ ਵਿਖੇ ਪ੍ਰਤਾਪ ਮੰਦਰ ਦੇ ਕੋਲ ਕੋਨੇ 'ਚ ਅਤੇ ਮਾਈਆਂ ਦੇ ਡੇਰੇ ਵਿਖੇ ਖੂਹ ਇਨ੍ਹਾਂ ਦੇ ਲਗਾਏ ਹੋਏ ਸਨ। ਆਪ ਕ੍ਰੀਬ ਡੇਢ ਸਾਲ ਮੱਧ ਪ੍ਰਦੇਸ਼ ਇਲਾਕੇ ਵਿਚ ਉਗਰਾਹੀ ਦੀ ਸੇਵਾ ਵੀ ਕਰਦੇ ਰਹੇ। ਸੰਨ 2005-6 'ਚ ਇਕ ਸਾਲ ਆਪ ਬੰਗਲੌਰ ਰਹੇ ਤੇ ਵਰਨੀਆਂ ਵਿਚ ਸੇਵਾ ਕਰਦੇ ਰਹੇ। ਹੁਣ ਬਿਰਧ ਅਵਸਥਾ 'ਚ ਆਪ ਆਪਣੇ ਪੁੱਤਰਾਂ ਕੋਲ ਰਹਿ ਰਹੇ ਹਨ।

ਸੰਤ ਬ੍ਰਹਮਾ ਸਿੰਘ, ਸ੍ਰੀ ਸਤਿਗੁਰੁ ਜਗਜੀਤ ਸਿੰਘ ਜੀ ਦੇ ਅਨੇਕ ਕੌਤਕ ਬੜੀ ਸ਼ਰਧਾ ਨਾਲ ਦੱਸਦੇ ਹਨ। ਇਕ ਵਾਰ ਆਪ ਹੁਕਮ ਅਨੁਸਾਰ ਰਿਵਾਲਸਰ ਗਏ। ਉਥੇ ਦੱਸਿਆ ਗਿਆ ਸੀ ਕਿ 14 ਫੁੱਟ ਤੇ ਪਾਣੀ ਨਿਕਲੇਗਾ। ਪਰ ਪਾਣੀ 35 ਫੁੱਟ ਤੇ ਵੀ ਨਾ ਨਿਕਲਿਆ। ਸੰਤ ਬ੍ਰਹਮਾ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਸੁਣਿਆ ਹੈ ਕਿ ਮੇਘ ਰਾਗ ਗਾਈਏ ਤਾਂ ਪਾਣੀ ਨਿਕਲ ਆਉਂਦਾ ਹੈ। ਸ੍ਰੀ ਸਤਿਗੁਰੂ ਜੀ ਇਕ ਸਾਫ ਪੱਥਰ ’ਤੇ ਬੈਠੇ ਅਤੇ ਤਾਊਸ ਮੰਗਵਾ ਅਰਦਾਸ ਕਰ ਮੇਘ ਰਾਗ ਗਾਇਆ। 6-7 ਫੁੱਟ ਉੱਚਾ ਪਾਣੀ ਦਾ ਫੁਹਾਰਾ ਨਿਕਲਿਆ। ਸੰਗਤ ਨੇ ਜੈਕਾਰਾ ਛੱਡ ਦਿੱਤਾ, ਫੁਹਾਰਾ ਖਤਮ ਹੋ ਗਿਆ ਕਿਉਂਕਿ ਸ੍ਰੀ ਸਤਿਗੁਰੁ ਜੀ ਨੇ ਹੁਕਮ ਕੀਤਾ ਸੀ ਕਿ ਕਿਸੇ ਨੇ ਬੋਲਣਾ ਨਹੀਂ।

ਸੰਤ ਬ੍ਰਹਮਾ ਸਿੰਘ ਦੱਸਦੇ ਹਨ ਕਿ ਖੂਹ ਬਣਾਉਣਾ ਬੜੇ ਜ਼ੋਰ ਦਾ ਕੰਮ ਹੁੰਦਾ ਹੈ। ਇਕ ਵਾਰ ਆਪ ਪਿੰਡ ਭੜੋਲਿਆਂ ਵਾਲੀ ਵਿਖੇ ਖੂਹ ਲਾ ਰਹੇ ਸਨ। ਝਾਮ ਲਾਉਣ ਲੱਗਿਆ ਥੱਲੇ ਗਿਆਂ ਦਾ ਨਾਲਾ ਫਸ ਗਿਆ। ਗਿੱਲਾ ਨਾਲਾ ਸੀ, ਟੁੱਟ ਗਿਆ। ਸੱਚੇ ਪਾਤਸ਼ਾਹ ਜੀ ਨੂੰ ਅਰਦਾਸ ਕੀਤੀ ਕਿ ਹੁਣ ਤੁਸੀਂ ਹੀ ਬਚਾ ਸਕਦੇ ਹੋ। ਸਤਿਗੁਰੂ ਜੀ ਦੀ ਕਿਰਪਾ ਨਾਲ ਪਤਾ ਨਹੀਂ ਨਾਲਾ ਕਿਵੇਂ ਨਿਕਲਿਆ। ਸਤਿਗੁਰਾਂ ਕਈ ਵਾਰ ਬਚਾਇਆ।

ਸੰਤ ਬ੍ਰਹਮਾ ਸਿੰਘ ਕਹਿੰਦੇ ਹਨ ਕਿ ਸਤਿਗੁਰਾਂ ਦੇ ਕੌਤਕਾਂ ਦਾ ਅੰਤ ਨਹੀਂ। ਦੱਸ ਦੱਸ ਕੇ ਥੱਕ ਜਾਈਦਾ ਹੈ। ਜਿੰਨਾ ਸੁਖ ਸਤਿਗੁਰਾਂ ਨਾਲ ਲੈ ਲਿਆ, ਓਨਾਂ ਸੁਖ ਘਰ ’ਚ ਨਹੀ ਮਿਲ ਸਕਦਾ।

ਸੰਤ ਬ੍ਰਹਮਾ ਸਿੰਘ ਦੇ ਚਾਰ ਪੁੱਤਰ ਹਨ- ਹਰਦੇਵ ਸਿੰਘ (ਸਰਸਾ), ਗੁਰਦੇਵ ਸਿੰਘ (ਸੰਤ ਨਗਰ), ਪੂਰਨ ਸਿੰਘ ( ਸਰਸਾ) ਅਤੇ ਗੁਰਮੀਤ ਸਿੰਘ ( ਮੈਲਬੌਰਨ, ਆਸਟਰੇਲੀਆ) ਇਕ ਧੀ ਹੈ- ਬੀਬੀ ਪ੍ਰਸਿੰਨ ਕੌਰ ਸੁਪਤਨੀ ਸੰਤ ਜਸਬੀਰ ਸਿੰਘ ( ਜ਼ਿਲ੍ਹਾ ਫਤਿਹਾਬਾਦ, ਹਰਿਆਣਾ)।

## ਸੰਤ ਇੰਦਰ ਸਿੰਘ, ਸੰਤ ਸਾਧੂ ਸਿੰਘ ਦੋਵੇਂ ਭਰਾ ਅਤੇ ਪੁੱਤਰ ਸੰਤ ਕੁਲਦੀਪ ਸਿੰਘ

ਸੰਤ ਇੰਦਰ ਸਿੰਘ, ਸੰਤ ਸਾਧੂ ਸਿੰਘ ਦੋਵੇਂ ਭਰਾ ਸਪੁੱਤਰ ਮਿਸਤਰੀ ਸੰਤ ਸੁੰਦਰ ਸਿੰਘ ਪੁੰਨੂੰ, (ਪਿੰਡੀਦਾਸ, ਹੁਣ ਪਾਕਿਸਤਾਨ) ਦੇ ਸਨ। ਇਹ ਦੋਵੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਤੇ ਸ੍ਰੀ ਸਤਿਗੁਰੁ ਜਗਜੀਤ ਸਿੰਘ ਜੀ ਦੇ ਸਮੇਂ ਖੂਹੀਆਂ ਲਾਉਂਦੇ ਰਹੇ। ਸੰਤ ਸਾਧੂ ਸਿੰਘ ਦੇ ਸਪੁੱਤਰ ਸੰਤ ਕੁਲਦੀਪ ਸਿੰਘ ( ਹਜ਼ੂਰੀ ਸੇਵਕਾਂ ਰਛਪਾਲ ਸਿੰਘ, ਹਰਪਾਲ ਸਿੰਘ ਤੇ ਸੁਖਦੇਵ ਸਿੰਘ ਦੇ ਮਾਮਾ ਜੀ) ਵੀ ਸੰਨ 1992 ਤੋਂ ਸੰਨ 2008 ਤੀਕ ਖੂਹੀਆਂ ਲਾਉਂਦੇ ਰਹੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਨ 1947 ਵਿਚ ਪਾਕਿਸਤਾਨ ਬਣਨ ਤੋਂ 9 ਮਹੀਨੇ ਪਹਿਲਾਂ ਸੰਤ ਇੰਦਰ ਸਿੰਘ ਅਤੇ ਸੰਤ ਸਾਧੂ ਸਿੰਘ ਦੋਹਾਂ ਭਰਾਵਾਂ ਨੂੰ ਸ੍ਰੀ ਭੈਣੀ ਸਾਹਿਬ ਲੈ ਆਂਦਾ। ਇਥੇ ਲੰਗਰ ਵਾਸਤੇ ਖਰਾਸ ਲਗਵਾਇਆ, ਲੰਗਰ ਦਾ ਪ੍ਰਬੰਧ ਕਰਨ ਲਈ ਖੂਹ ਵੀ ਇਨ੍ਹਾਂ ਕੋਲੋਂ ਲਗਵਾਇਆ। ਸਰੋਵਰ ਦੇ ਕੰਢੇ ਲਾਗੇ 4-5 ਖੂਹ ਵੀ ਇਨ੍ਹਾਂ ਨੇ ਲਗਾਏ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਤ ਇੰਦਰ ਸਿੰਘ ਨੂੰ ਖਤਰਾ ਆਖ ਸੱਦਦੇ ਸਨ। ਇਕ ਵਾਰ ਟਿੱਬੇ ਤੇ ਦੋਹਾਂ ਭਰਾਵਾਂ ਨੇ ਖੂਹ ਲਗਾਇਆ। ਖੂਹ ਅੱਗੇ ਤੁਰਦਾ ਨਹੀਂ ਸੀ। ਸੰਤ ਇੰਦਰ ਸਿੰਘ ਖੂਹ ਵਿਚ ਵੜੇ ਨਹੀਂ।ਆਪ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਇਦੇ ਵਿਚ ਖਤਰਾ ਹੈ। ਸ੍ਰੀ ਸਤਿਗੁਰੂ ਜੀ ਖੂਹ ਦੀ ਮੌਣ ਉੱਤੇ ਕ੍ਰੀਬ ਇਕ ਘੰਟਾ ਬੈਠੇ ਰਹੇ। ਸੰਤ ਸਾਧੂ ਸਿੰਘ ਖੂਹ ਵਿਚ ਥੱਲੇ ਗਏ। ਖੂਹ ਡੇਢ ਫੁੱਟ ਥੱਲੇ ਚਲਾ ਗਿਆ। ਇੰਜ ਉਨ੍ਹਾਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਖੂਹ ਬਣਾ ਲਿਆ।

ਜਦੋਂ ਸੁਹੇਵਾ ਸਾਹਿਬ ( ਰਾਜਸਥਾਨ) ਵਿਖੇ ਸ੍ਰੀ ਸਤਿਗੁਰੂ ਜੀ ਨੇ 525 ਅਖੰਡ ਪਾਠ ਕਰਵਾਏ, ਉਦੋਂ ਏਥੇ ਦੋਹਾਂ ਭਰਾਵਾਂ ਨੇ ਖੂਹ ਲਗਾਏ ।ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਸਾਧੂ ਸਿੰਘ ਨੂੰ ਹੁਕਮ ਕੀਤਾ ਕਿ ਤੂੰ ਏਥੋਂ

ਨਹੀਂ ਜਾਣਾ। ਹੁਕਮ ਮੰਨ ਕੇ ਸੰਤ ਸਾਧੂ ਸਿੰਘ ਨੇ ਉਥੇ ਹੀ ਘਰ ਲੈ ਲਿਆ ਅਤੇ ਆਪਣੇ ਪਰਿਵਾਰ ਨੂੰ ਲੈ ਆਂਦਾ।

ਸੁਹੇਵਾ ਸਾਹਿਬ ਵਿਖੇ ਇਕ ਪੰਡਤਾਂ ਦਾ ਖੂਹ ਸੀ। ਇਸ ਖੂਹ ਤੇ ਪਾਠੀ ਸਿੱਖ ਇਸ਼ਨਾਨ ਕਰਦੇ ਸਨ। ਪੰਡਤਾਂ ਨੇ ਉਨ੍ਹਾਂ ਨੂੰ ਇਸ਼ਨਾਨ ਕਰਨ ਤੋਂ ਰੋਕਿਆ। ਉਸ ਖੂਹ ਵਿਚ ਕੀੜੇ ਪੈ ਗਏ ਅਤੇ ਪਾਣੀ ਖਰਾਬ ਹੋ ਗਿਆ। ਪਿੰਡ ਵਾਲਿਆਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ। ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਅਗੋਂ ਵਾਸਤੇ ਅਜਿਹਾ ਨਾ ਕਰਨ ਨੂੰ ਆਖਿਆ। ਹੁਕਮ ਕੀਤਾ ਕਿ ਅਰਦਾਸ ਕਰ ਕੇ ਇਸ ਵਿਚ ਕੜਾਹ ਪ੍ਰਸ਼ਾਦ ਪਾਵੋ। ਹੁਕਮ ਮੰਨੇ ਜਾਣ 'ਤੇ ਖੂਹ ਦਾ ਪਾਣੀ ਠੀਕ ਹੋ ਗਿਆ।

ਮਿਸਤਰੀ ਇੰਦਰ ਸਿੰਘ ਸੰਨ 1990 ਵਿਚ ਚੜ੍ਹਾਈ ਕੀਤੇ। ਇਹ ਸ੍ਰੀ ਜੀਵਨ ਨਗਰ ਰਹਿੰਦੇ ਸਨ। ਇਹ ਆਪਣੇ ਭਰਾ ਸੰਤ ਮੰਗਲ ਸਿੰਘ ਨਾਲ ਰਾਜਗੀਰੀ ਦਾ ਕੰਮ ਵੀ ਕਰਦੇ ਰਹੇ। ਇਨ੍ਹਾਂ ਦਾ ਇਕੋ ਇਕ ਪੁੱਤਰ ਵੀਰ ਸਿੰਘ ਸੀ ਜੋ ਚੜ੍ਹਾਈ ਕਰ ਗਿਆ। ਵੀਰ ਸਿੰਘ ਦੇ ਚਾਰ ਪੁੱਤਰਾਂ ਵਿਚੋਂ ਤਿੰਨ ਪਰਿਵਾਰਾਂ ਸਮੇਤ ਸ੍ਰੀ ਜੀਵਨ ਨਗਰ ਰਹਿੰਦੇ ਹਨ- ਸਰਵ ਸ੍ਰੀ ਕਰਨੈਲ ਸਿੰਘ, ਜਰਨੈਲ ਸਿੰਘ ਅਤੇ ਸਤਨਾਮ ਸਿੰਘ। ਛੋਟਾ ਪੁੱਤਰ ਭਗਵਾਨ ਸਿੰਘ ਚੜ੍ਹਾਈ ਕਰ ਗਿਆ।

ਸੰਤ ਸਾਧੂ ਸਿੰਘ ਸੰਨ 2001 ਵਿਚ ਚੜ੍ਹਾਈ ਕੀਤੇ। ਇਨ੍ਹਾਂ ਦੀ ਸੁਪਤਨੀ ਮਾਤਾ ਗੁਰਦਿਆਲ ਕੌਰ ਐਸ ਵੇਲੇ ਕ੍ਰੀਬ 100 ਸਾਲ ਦੀ ਉਮਰ ਦੇ ਹਨ। ਇਨ੍ਹਾਂ ਦੇ ਚਾਰ ਪੁੱਤਰਾਂ ਵਿਚੋਂ ਸੁਜਾਨ ਸਿੰਘ ਚੜ੍ਹਾਈ ਕਰ ਗਿਆ। ਬਖਸ਼ੀਸ਼ ਸਿੰਘ ਅਤੇ ਰਾਜਵੰਤ ਸਿੰਘ ਸੰਨ 1982-83 ਤੋਂ ਪਿੰਡ ਬਹਾਦਰਾ ( ਰਾਜਸਥਾਨ) ਵਿਖੇ ਰਹਿੰਦੇ ਹਨ। ਛੋਟਾ ਕੁਲਦੀਪ ਸਿੰਘ ਸ੍ਰੀ ਭੈਣੀ ਸਾਹਿਬ ਰਹਿੰਦਾ ਹੈ। ਸੰਤ ਸਾਧੂ ਸਿੰਘ ਦੀਆਂ ਤਿੰਨ ਧੀਆਂ ਹਨ- ਵੱਡੀ ਬੀਬੀ ਬਲਬੀਰ ਕੌਰ ਹਜ਼ੂਰੀ ਸੇਵਕਾਂ ਸੁਖਦੇਵ ਸਿੰਘ, ਹਰਪਾਲ ਸਿੰਘ ਤੇ ਰਛਪਾਲ ਸਿੰਘ ਦੇ ਮਾਤਾ ਜੀ ਸੁਪਤਨੀ ਸੰਤ ਕਸ਼ਮੀਰ ਸਿੰਘ ਸ੍ਰੀ ਭੈਣੀ ਸਾਹਿਬ ਹੈ। ਦੂਜੀ ਬੀਬੀ ਸੁਖਵਿੰਦਰ ਕੌਰ ਸਪੁਤਰੀ ਸੰਤ ਜਰਨੈਲ ਸਿੰਘ ਪਾਨੀਪਤ ਹੈ। ਤੀਜੀ ਬੀਬੀ ਜਸਬੀਰ ਕੌਰ ਸੁਪਤਨੀ ਸੰਤ ਜਸਬੀਰ ਸਿੰਘ ਰਾਣੀਆਂ ਜ਼ਿਲ੍ਹਾ ਸਰਸਾ ਹੈ।

## ਸੰਤ ਕੁਲਦੀਪ ਸਿੰਘ

ਇਹ ਸ੍ਰੀ ਭੈਣੀ ਸਾਹਿਬ ਰਹਿੰਦੇ ਹਨ। ਇਨ੍ਹਾਂ ਨੇ ਸੰਨ 1992 ਤੋਂ ਸੰਨ 2008 ਤੀਕ ਕ੍ਰੀਬ 100 ਖੂਹ ਬਣਾਏ। ਸ੍ਰੀ ਭੈਣੀ ਸਾਹਿਬ ਤੋਂ ਇਲਾਵਾ ਇਨ੍ਹਾਂ ਨੇ ਅੰਮ੍ਰਿਤਸਰ ਸ਼ਹੀਦੀ ਯਾਦਗਾਰੀ ਸਮਾਰਕ, ਸ੍ਰੀ ਜੀਵਨ ਨਗਰ, ਦਿੱਲੀ, ਜਲੰਧਰ, ਨਵਾਂ ਸ਼ਹਿਰ ,ਰਾਜਸਥਾਨ, ਸਮਰਾਲੇ, ਮਾਨਸਾ, ਰਾਜਸਥਾਨ ( ਬਹਾਦਰਾ), ਸੰਤ ਨਗਰ, ਚੁੰਨੀ, ਯਮੁਨਾ ਨਗਰ , ਨਕੋਦਰ, ਅਬੋਹਰ, ਫਗਵਾੜਾ, ਫਾਜ਼ਿਲਕਾ, ਭੱਟੀਆਂ, ਤਰਨਤਾਰਨ, ਲੁਧਿਆਣਾ ਆਦਿਕ ਵਿਖੇ ਖੂਹ ਬਣਾਏ। ਸਭ ਤੋਂ ਪਹਿਲੀ ਖੂਹੀ ਇਨ੍ਹਾਂ ਨੇ ਸੰਤ ਭਗਵਾਨ ਸਿੰਘ ਦੇ ਘਰ ਪਿੰਡ ਲੁਹਾਰਾ ਪ੍ਰਤਾਪਪੜਾ( ਲਾਂਬੜੇ ਦੇ ਕੋਲ) ਵਿਖੇ ਲਗਾਈ। ਇਨ੍ਹਾਂ ਦੀ ਸਿੰਘਣੀ ਬੀਬੀ ਰਣਜੀਤ ਕੌਰ ਸੰਤ ਸੰਤੋਖ ਸਿੰਘ ਨੌਹਰ ( ਰਾਜਸਥਾਨ) ਦੀ ਬੇਟੀ ਹੈ। ਸੰਤ ਕੁਲਦੀਪ ਸਿੰਘ ਦੀਆਂ ਪੰਜ ਧੀਆਂ- ਕਰਤਾਰ ਕੌਰ, ਗੁਰਪ੍ਰੀਤ ਕੌਰ, ਗਿਆਨ ਕੌਰ, ਸੰਦੀਪ ਕੌਰ ਅਤੇ ਰਜਨੀ ਕੌਰ ਹਨ।

## ਸੰਤ ਸੇਵਾ ਸਿੰਘ ਉਸਤਾਦ ਸੁਰਜਣ ਸਿੰਘ ਦੋਵੇਂ ਭਰਾ

ਇਹ ਦੋਵੇਂ ਭਰਾ ਖੂਹਾਂ ਦੀ ਚਿਣਾਈ ਕਰਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੁ ਜਗਜੀਤ ਸਿੰਘ ਜੀ ਦੇ ਸਮੇਂ ਇਹ ਸੇਵਾ ਕਰਦੇ ਰਹੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਇਨ੍ਹਾਂ ਦੇ ਦਾਦਾ ਜੀ ਸੰਤ ਵਧਾਵਾ ਸਿੰਘ ( ਭਾਈ ਲਾਲੋ ) ਅਤੇ ਪੜਦਾਦਾ ਜੀ ਸੰਤ ਸ਼ਾਮ ਸਿੰਘ, ਦੋਵੇਂ ਖੂਹ ਲਾਉਂਦੇ ਰਹੇ।

ਸੰਤ ਵਧਾਵਾ ਸਿੰਘ ਦੇ ਦੋ ਪੁੱਤਰ ਸਨ- ਖੜਕ ਸਿੰਘ ਅਤੇ ਭਗਤ ਸਿੰਘ। ਸੰਤ ਖੜਕ ਸਿੰਘ ਦੇ ਦੋ ਪੁੱਤਰ ਸੇਵਾ ਸਿੰਘ ਅਤੇ ਸੁਰਜਣ ਸਿੰਘ ਹੋਏ। ਸੰਤ ਭਗਤ ਸਿੰਘ ਦੇ ਦੋ ਪੁੱਤਰ - ਤਾਰਾ ਸਿੰਘ ਅਣਜਾਣ ( ਪ੍ਰਸਿੱਧ ਲਿਖਾਰੀ) ਅਤੇ ਬਲਕਾਰ ਸਿੰਘ ਹਨ।

ਸੰਤ ਸੇਵਾ ਸਿੰਘ, ਸ੍ਰੀ ਭੈਣੀ ਸਾਹਿਬ ਵਿਖੇ ਕਾਫੀ ਸਮੇਂ ਤੋਂ ਵਰਨੀਆਂ ਵਿਚ ਰੌਲ ਲਾਉਂਦੇ ਰਹੇ ਹਨ ਅਤੇ ਅਖੰਡ ਪਾਠਾਂ ਵਿਚ ਵੀ ਪਾਠ ਕਰਨ ਦੀ ਸੇਵਾ ਕਰਦੇ ਰਹੇ ਹਨ । ਅੱਜ ਕਲ੍ਹ ਇਹ ਸਿਮ੍ਰਤੀ ਝੱਪਰ ਬਨਾਉਣ ਦੀ ਸੇਵਾ ਕਰ ਰਹੇ ਹਨ। ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਗੀਠੇ ਵਾਲਾ ਥਾਂ ਹੈ। ਇਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਪ-ਪ੍ਰਯੋਗ ਕਰਦੇ ਰਹੇ ਹਨ।

ਇਹ ਦੱਸਦੇ ਹਨ ਕਿ ਇਨ੍ਹਾਂ ਦੇ ਪਿਤਾ ਸੰਤ ਖੜਕ ਸਿੰਘ ਵੀ ਖੂਹਾਂ ਦਾ ਕੰਮ ਕਰਦੇ ਰਹੇ। ਦਾਦਾ ਜੀ ਸੰਤ ਵਧਾਵਾ ਸਿੰਘ ਦੇ ਚਾਚੇ ਦੇ ਪੁੱਤਰ ਭਰਾ ਸਰਵ ਸ੍ਰੀ ਸੌਦਾਗਰ ਸਿੰਘ, ਮੇਹਰ ਸਿੰਘ ਤੇ ਕੇਹਰ ਸਿੰਘ ਸਨ। ਇਨ੍ਹਾਂ ਵਿਚੋਂ ਸੰਤ ਸੌਦਾਗਰ ਸਿੰਘ ਖੂਹ ਲਾਉਂਦਿਆਂ ਚੜ੍ਹਾਈ ਕਰ ਗਏ ਸਨ। ਉਦੋਂ ਤੋਂ ਇਨ੍ਹਾਂ ਦੇ ਸਾਰੇ ਪਰਿਵਾਰਾਂ ਨੇ ਖੂਹ ਲਾਉਣ ਦਾ ਕੰਮ ਛੱਡ ਦਿੱਤਾ ਸੀ। ਪਰ ਜਦੋਂ ਪਾਕਿਸਤਾਨ ਤੋਂ ਆਏ ਉਦੋਂ ਇਧਰ ਖੂਹਾਂ ਦੀ ਲੋੜ ਸੀ। ਕਾਰੀਗਰ ਕੋਈ ਲੱਭਦਾ ਨਹੀ ਸ੍ਰੀ। ਸੋ ਸੰਤ ਸੇਵਾ ਸਿੰਘ ਤੇ ਉਸਤਾਦ ਸੁਰਜਣ ਸਿੰਘ ਦੋਵੇਂ ਭਰਾ ਖੂਹਾਂ ਦਾ ਕੰਮ ਕਰਨ ਲੱਗੇ।

ਮਸਤਾਨਗੜ੍ਹ ਦੇ ਖੂਹ ਦੀ ਚਿਣਾਈ ਸੰਤ ਸੇਵਾ ਸਿੰਘ ਨੇ ਕੀਤੀ। ਟੋਭੀ ਸੰਤ ਬ੍ਰਹਮਾ ਸਿੰਘ ਨੇ ਕੀਤੀ। ਸ੍ਰੀ ਜੀਵਨ ਨਗਰ ਇਲਾਕੇ 'ਚ, ਸਰਸੇ 'ਚ ਖੂਹਾਂ ਦਾ ਕੰਮ ਇਨ੍ਹਾਂ ਨੇ ਕੀਤਾ।

ਸੰਤ ਸੇਵਾ ਸਿੰਘ ਦੱਸਦੇ ਹਨ, " ਸੰਤ ਨਗਰ ਵਿਖੇ ਸੰਨ 1987 ਵਿਚ ਹਾੜ ਦੇ ਮਹੀਨੇ ਮੇਰਾ ਭਰਾ ਉਸਤਾਦ ਸੁਰਜਣ ਸਿੰਘ ਖੂਹ ਵਿਚ ਪੁੱਠੀ ਚਿਣਾਈ ਕਰਦਿਆਂ ਚੜ੍ਹਾਈ ਕਰ ਗਿਆ। ਪੁੱਠੀ ਚਿਣਾਈ ਦਾ ਮਤਲਬ ਹੈ ਲੱਗੇ ਹੋਏ ਪੁਰਾਣੇ ਖੂਹ ਨੂੰ ਡੂੰਘਾ ਕਰਨ ਲਈ ਥਲਿਓਂ ਚਿਣਾਈ ਕਰਨੀ। ਇਹ ਚਿਣਾਈਂ ਕਰਦਿਆਂ ਉੱਪਰਲੇ ਖੂਹ ਦੀ ਢਿੱਗ ਡਿੱਗ ਪੈਣ ਕਾਰਣ ਇਹ ਚੜ੍ਹਾਈ ਕਰ ਗਏ।

ਉਦੋਂ ਉਨ੍ਹਾਂ ਦਾ ਪੁੱਤਰ ਗੁਰਸੇਵਕ ਸਿੰਘ ਇਕ ਸਾਲ ਦਾ ਸੀ ਉਸ ਤੋਂ ਬਾਅਦ ਅਸੀਂ ਖੂਹਾਂ ਦਾ ਕੰਮ ਛੱਡ ਦਿੱਤਾ। ਬਾਬਾ ਗੰਡਾ ਸਿੰਘ ਸੁਨਿਆਰਾ ਪਿੰਡ ਡੱਫਰਕੇ ਤੋਂ, ਮੈਂ ਛੱਪਰਾਂ ਦਾ ਕੰਮ ਸਿੱਖਿਆ। ਮੈਂ ਸਤਿਗੁਰਾਂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ, ਸੰਨ 1953 ਤੋਂ ਉਨ੍ਹਾਂ ਨਾਲ ਛੱਪਰ ਬਣਾਉਣ ਦੀ ਸੇਵਾ ਵੀ ਕਰਦਾ ਰਿਹਾਂ। ਕ੍ਰੀਬ 200 ਛੱਪਰ ਮੈਂ ਬਣਾਏ ਹਨ। ਮੋਟਰ ਮਕੈਨਿਕੀ ਅਤੇ ਬਿਜਲੀ ਦਾ ਕੰਮ ਮੈਂ ਸੂਬਾ ਗੰਡਾ ਸਿੰਘ ਦਿੱਲੀ ਤੋਂ ਸਿੱਖਿਆ। ਸਾਡੀ ਆਪਣੀ ਵਰਕਸ਼ਾਪ ਸੀ । ਟਰੈਕਟਰਾਂ ਦੀ ਰਿਪੇਅਰ ਤੇ ਮੋਟਰ ਮਕੈਨਿਕੀ ਦਾ ਕੰਮ ਅਸੀਂ ਦੋਵੇਂ ਭਰਾ ਕਰਦੇ ਸੀ।

ਸੁਰਜਣ ਸਿੰਘ ਮਕੈਨਿਕੀ ਦਾ ਕੰਮ ਬਹੁਤ ਵਧੀਆ ਕੰਮ ਕਰਦਾ ਸੀ ਤਾਂ ਹੀ ਉਸਦਾ ਨਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸਤਾਦ ਰੱਖਿਆ। ਅਸੀਂ ਗੱਤਕਾ ਵੀ ਖੇਡਦੇ ਸੀ। ਸਾਡੇ ਬਜੁਰਗ ਤਾਂ ਖੂਹਾਂ ਦਾ, ਲੋਹੇ ਦਾ ਅਤੇ ਲਕੜੀ ਦਾ ਕੰਮ ਕਰਦੇ ਸਨ।"

ਸੰਤ ਸੇਵਾ ਸਿੰਘ ਦੀ ਪਤਨੀ ਗਿਆਨ ਕੌਰ ਹੈ। ਇਨ੍ਹਾਂ ਦੇ ਘਰ ਪੰਜ ਪੁੱਤਰ ਤੇ ਦੋ ਧੀਆਂ ਹਨ।

ਵੱਡਾ ਪੁੱਤਰ ਮਹੰਤ ਸੰਤੋਖ ਸਿੰਘ, ਜੋ ਦਿੱਲੀ ਧਰਮਸ਼ਾਲਾ ਵਿਖੇ ਮਹੰਤ ਵੀ ਰਿਹਾ, ਅੱਜ ਕੱਲ ਅਫਰੀਕਾ ਰਹਿੰਦਾ ਹੈ। ਇਸ ਦੀ ਪਤਨੀ ਹਰਜੀਤ ਕੌਰ ਹੈ। ਇਨ੍ਹਾਂ ਦਾ ਇਕੋ ਪੁੱਤਰ ਸੁਰਿੰਦਰ ਸਿੰਘ ਹੈ ਜੋ ਇੰਗਲੈਂਡ ਵਿਖੇ ਰਹਿੰਦਾ ਹੈ ਅਤੇ ਸੰਤ ਜਗਦੀਸ਼ ਸਿੰਘ ਵਰਿਆਮ ਦੀ ਦੋਹਤੀ ਕੰਵਲਜੀਤ ਕੌਰ (ਸਪੁੱਤਰੀ ਸ. ਕੁਲਦੀਪ ਸਿੰਘ ਫਲੋਰਾ ਅਤੇ ਗੁਰਦਰਸ਼ ਕੌਰ), ਨਾਲ ਵਿਆਹਿਆ ਹੋਇਆ ਹੈ।

ਦੂਜਾ ਪੁੱਤਰ ਸ. ਤ੍ਰਿਲੋਕ ਸਿੰਘ ਪਿੰਡ ਰਾਣੀਆਂ ਜ਼ਿਲ੍ਹਾ ਸਰਸਾ ਰਹਿੰਦਾ ਹੈ। ਇਸ ਦੇ ਦੋ ਪੁੱਤਰ ਅਤੇ ਦੋ ਧੀਆਂ ਹਨ। ਤੀਜਾ ਪੁੱਤਰ ਜਸਵੰਤ ਸਿੰਘ ਵੀ ਪਿੰਡ ਐਲਨਾਬਾਦ ਜ਼ਿਲ੍ਹਾ ਸਰਸਾ ਵਿਖੇ ਰਹਿੰਦਾ ਹੈ। ਇਸ ਦੇ ਦੋ ਪੁੱਤਰ

ਠਾਕੁਰ ਸਿੰਘ ਤੇ ਮਨਜੀਤ ਸਿੰਘ ਹਜ਼ੂਰੀ ਰਾਗੀ ਹਨ ਤੇ ਸ੍ਰੀ ਭੈਣੀ ਸਾਹਿਬ ਰਹਿੰਦੇ ਹਨ। ਠਾਕੁਰ ਸਿੰਘ ਸੰਗੀਤ ਦੇ ਵਿਸ਼ੇ 'ਨਾਮਧਾਰੀਓਂ ਮੇਂ ਸੰਗੀਤ ਪ੍ਰਸ਼ਿਸ਼ਕਣ ਪ੍ਰਵਿਧੀ' 'ਤੇ ਚੰਡੀਗੜ੍ਹ ਵਿਖੇ ਪੰਜਾਬ ਯੂਨੀਵਰਸਿਟੀ ਤੋਂ ਪੀ.ਐਚ.ਡੀ. ਕਰ ਰਿਹਾ ਹੈ।

ਸੰਤ ਸੇਵਾ ਸਿੰਘ ਦਾ ਚੌਥਾ ਪੁੱਤਰ ਸਤਪਾਲ ਸਿੰਘ ਕੁਰਾਲੀ ਰਹਿੰਦਾ ਹੈ। ਇਸ ਦੇ ਦੋ ਪੁੱਤਰ ਅਮਨਦੀਪ ਸਿੰਘ ਤੇ ਚਰਨ ਸਿੰਘ ਹਨ।

ਪੰਜਵਾਂ ਪੁੱਤਰ ਅੱਛਰ ਸਿੰਘ ਸ੍ਰੀ ਜੀਵਨ ਨਗਰ ਰਹਿੰਦਾ ਹੈ। ਸੰਤ ਸੇਵਾ ਸਿੰਘ ਦੀਆਂ ਦੋ ਧੀਆਂ ਜਸਵੀਰ ਕੌਰ ਸੁਪਤਨੀ ਸ. ਸੁਰਿੰਦਰ ਸਿੰਘ ਪਿੰਡ ਕੁੱਤੇਵੱਡ ਜ਼ਿਲ੍ਹਾ ਸਰਸਾ ਅਤੇ ਸੁਖਬੀਰ ਕੌਰ ਸੁਪਤਨੀ ਸ. ਬਲਬੀਰ ਸਿੰਘ, ਪਿੰਡ ਐਲਨਾਬਾਦ, ਜ਼ਿਲ੍ਹਾ ਸਰਸਾ ਵਿਖੇ ਰਹਿੰਦੀਆਂ ਹਨ।

ਉਸਤਾਦ ਸੁਰਜਣ ਸਿੰਘ ਦਾ ਇਕੋ ਪੁੱਤਰ ਗੁਰਸੇਵ ਸਿੰਘ ਹੈ। ਪੰਜ ਧੀਆਂ -ਲਖਬੀਰ ਕੌਰ ਸੁਪਤਨੀ ਸ. ਹਰਜਿੰਦਰ ਸਿੰਘ ਹੁਸ਼ਿਆਰਪੁਰ, ਬਲਬੀਰ ਕੌਰ ਸੁਪਤਨੀ ਸ. ਅਜੀਤ ਸਿੰਘ ਸਰਸਾ, ਜਸਵਿੰਦਰ ਕੌਰ ਸੁਪਤਨੀ ਸ. ਅਵਤਾਰ ਸਿੰਘ ਰਾਮਪੁਰਾ ਫੂਲ, ਬਲਜਿੰਦਰ ਕੌਰ ਸੁਪਤਨੀ ਸ. ਰਾਮ ਸਿੰਘ ਰਾਮਪੁਰਾ ਫੂਲ, ਰਜਵਿੰਦਰ ਕੌਰ ਸੁਪਤਨੀ ਸ. ਗੁਰਦੇਵ ਸਿੰਘ ਸੰਤਨਗਰ ਹਨ।

## ਸ਼੍ਰੀ ਰੱਖਾ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਮੇਸ਼ ਜੀ

ਸ਼੍ਰੀ ਰੱਖਾ ਸਿੰਘ ਜੀ ( ਪਹਿਲੋਂ ਸ਼੍ਰੀ ਰੱਖਾ ਰਾਮ) ਦੇ ਪਿਤਾ ਜੀ ਦਾ ਨਾਂ ਠੇਕੇਦਾਰ ਮੇਲਾ ਰਾਮ ਸੀ। ਉਹ ਦੁਆਬੇ ਵਿਚ ਖੂਹ ਬਣਾਉਣ ਦੇ ਬੜੇ ਮੰਨੇ ਹੋਏ ਕਾਰੀਗਰ ਸਨ। ਪਾਕਿਸਤਾਨ ਬਨਣ ਤੋਂ ਪਹਿਲਾਂ ਦੁਆਬੇ ਦੇ 20 ਪਿੰਡਾਂ ਵਿਚ ਉਨ੍ਹਾਂ ਦਾ ਬੜਾ ਨਾਮ ਸੀ। ਲੋਕ ਉਨਾਂ ਦਾ ਬਹੁਤ ਮਾਨ-ਸਨਮਾਨ ਕਰਦੇ ਸਨ। ਸ੍ਰੀ ਰੱਖਾ ਸਿੰਘ ਜੀ ਬਚਪਨ ਤੋਂ ਹੀ ਆਪਣੇ ਪਿਤਾ ਜੀ ਨਾਲ ਕੰਮ ਕਰਦੇ ਸਨ। ਉਨ੍ਹਾਂ ਦੇ ਚੜ੍ਹਾਈ ਕਰਨ ਮਗਰੋਂ ਆਪ ਨੇ ਖੂਹ ਬਣਾਉਣ ਦਾ ਕੰਮ ਸੰਭਾਲ ਲਿਆ। ਆਪ ਵੀ ਖੂਹ ਬਣਾਉਣ ਵਿਚ ਬਹੁਤ ਮਾਹਰ ਸਨ।

ਫਿਲੌਰ ਵਿਖੇ ਸਤਿਲੁਜ ਦਰਿਆ ਉੱਪਰ ਜਿਹੜਾ ਪੁਰਾਣਾ ਪੁਲ ਬਣਿਆ ਹੋਇਆ ਹੈ, ਜਦੋਂ ਉਹ ਪੁਲ ਬਣਦਾ ਸੀ, ਉਸ ਨੂੰ ਇਕ ਅੰਗ੍ਰੇਜ਼ ਅਫਸਰ ਬਣਾ ਰਿਹਾ ਸੀ। ਉਸ ਕੋਲ ਬਹੁਤ ਸਾਰੀ ਲੇਬਰ ਕੰਮ ਕਰਦੀ ਸੀ। ਪੁਲ ਦੇ ਥੱਲੇ ਜੋ ਪਿਲਰ (ਥੰਮ) ਪੁਲ ਨੂੰ ਸਹਾਰਾ ਦੇ ਕੇ ਖੜਾ ਰਖਦੇ ਹਨ, ਉਨ੍ਹਾਂ ਦੇ ਥੱਲੇ ਪਹਿਲਾਂ ਖੂਹ ਬਣਦੇ ਸਨ।

ਜਦੋਂ ਉਹ ਅੰਗ੍ਰੇਜ਼ ਖੂਹ ਬਣਾ ਰਿਹਾ ਸੀ ਤਾਂ ਇਕ ਦਿਨ ਉਨ੍ਹਾਂ ਦੀ ਝਾਮ ( ਖੂਹ ਵਿਚੋਂ ਮਿੱਟੀ ਕਢੱਣ ਵਾਲੀ ਮਸ਼ੀਨ ) ਖੂਹ ਵਿਚ ਫਸ ਗਈ। ਖੂਹ ਦੇ ਵਿਚੋਂ ਕੋਈ ਸਰੀਆ ਬਾਹਰ ਨਿਕਲ ਗਿਆ ਸੀ, ਉਸ ਵਿਚ ਝਾਮ ਫਸ ਗਈ ਸੀ। ਉਸ ਵੇਲੇ ਉਨ੍ਹਾਂ ਕੋਲ ਕੋਈ ਗੈਸ ਸਲੰਡਰ ਪਾਣੀ ਵਿਚ ਜਾਣ ਵਾਲਾ ਨਹੀਂ ਸੀ। ਉਨ੍ਹਾਂ ਦਾ ਕੰਮ ਰੁਕ ਗਿਆ, ਲੇਬਰ ਵੀ ਪਰੇਸ਼ਾਨ ਸੀ। ਅੰਗ੍ਰੇਜ਼ ਅਫਸਰ ਵੀ ਪਰੇਸ਼ਾਨ ਸੀ। ਉਸ ਨੇ ਪੁੱਛਿਆ ਕਿ ਕੀ ਏਥੇ ਕੋਈ ਖੂਹ ਬਣਾਉਣ ਦਾ ਕਾਰੀਗਰ ਹੈ। ਉਸ ਵੇਲੇ ਸ੍ਰੀ ਰੱਖਾ ਰਾਮ ਜੀ ਦਾ ਫਿਲੌਰ ਦੇ ਇਲਾਕੇ ਵਿਚ ਬੜਾ ਨਾਮ ਸੀ। ਕਿਸੇ ਨੇ ਕਿਹਾ ਕਿ ਖੂਹ ਬਣਾਉਣ ਵਾਲਾ ਕਾਰੀਗਰ ਇਥੋਂ ਥੋੜ੍ਹੀ ਦੂਰ ਪਿੰਡ ਵਿਚ ਰਹਿੰਦਾ ਹੈ, ਉਨ੍ਹਾਂ ਨੂੰ ਪੁੱਛ ਲਵੋ ਜੇ ਤੁਹਾਡਾ ਕੰਮ ਕਰ ਦੇਣ। ਅੰਗ੍ਰੇਜ਼ ਅਫਸਰ ਪਿੰਡ ਗਏ ਤੇ ਆਪਣੀ ਸਮੱਸਿਆ ਦੱਸੀ। ਠੇਕੇਦਾਰ ਮੇਲਾ ਰਾਮ ਜੀ ਨੇ ਕਿਹਾ ਕਿ ਵੇਖ ਲੈਂਦੇ ਹਾਂ। ਉਹ ਜੁਆਨ ਅਵਸਥਾ ਵਿਚ ਸਨ। ਘੁਲਦੇ ਵੀ ਸਨ। ਜਦੋਂ ਉਹ ਖੂਹ ਅੰਦਰ ਵੜੇ ਅਤੇ ਪਹਿਲੀ ਚੁੱਭੀ (ਗੋਤਾ) ਮਾਰੀ ਤਾਂ ਵੇਖਿਆ ਕਿ ਝਾਮ ਇਕ ਸਰੀਏ ਵਿਚ ਫਸੀ ਹੋਈ ਹੈ। ਉਨ੍ਹਾਂ ਦਾ ਪਾਣੀ ਵਿਚ ਜਾ ਕੇ ਕੰਮ ਕਰਨ ਦਾ ਬੜਾ ਤਜਰਬਾ ਸੀ। ਉਹ ਇਕੋ ਸਾਹ ਪਾਣੀ 20 ਫੁੱਟ ਥੱਲੇ ਜਾ ਕੇ ਲੋਹੇ ਦਾ ਪਾਇਪ ਆਰੀ ਨਾਲ ਕੱਟ ਦਿੰਦੇ ਸਨ।

ਜਦੋਂ ਉਹ ਖੂਹ ਦੇ ਪਾਣੀ ਵਿਚ ਬੜੀ ਦੇਰ ਬਾਅਦ ਨਿਕਲੇ ਤਾਂ ਅੰਗ੍ਰੇਜ਼ ਅਫਸਰ ਘਬਰਾ ਗਿਆ ਕਿ ਕਿਤੇ ਮਰ ਨਾਂ ਜਾਣ। ਅੰਗ੍ਰੇਜ਼ ਨੇ ਕਿਹਾ ਕਿ ਤੁਸੀਂ ਮੂੰਹ ਵਿਚ ਇਕ ਕੌਲਾ ਪਾਣੀ ਦਾ ਪਾ ਕੇ ਜਾਓ। ਜੇ ਤੁਸੀਂ ਮਰ ਗਏ ਤਾਂ

ਕੌਲਾ ਪਾਣੀ ਦੇ ਉੱਪਰ ਆ ਜਾਵੇਗਾ ਤੇ ਸਾਨੂੰ ਪਤਾ ਲੱਗ ਜਾਵੇਗਾ ਕਿ ਤੁਸੀਂ ਮਰ ਗਏ ਹੋ। ਇਹ ਸੁਣ ਕੇ ਸ੍ਰੀ ਰੱਖਾ ਰਾਮ ਜੀ ਹੱਸ ਪਏ ਅਤੇ ਦੂਜੀ ਚੁੱਭੀ ਵਿਚ ਝਾਮ ਸਰੀਏ ਵਿਚੋਂ ਤੇਜੀ ਨਾਲ ਬਾਹਰ ਕੱਢ ਦਿੱਤੀ । ਅੰਗ੍ਰੇਜ਼ ਅਫਸਰ ਬਹੁਤ ਖੁਸ਼ ਹੋਇਆ ਤੇ ਲੇਬਰ ਨੇ ਸ੍ਰੀ ਰੱਖਾ ਰਾਮ ਨੂੰ ਮੋਢਿਆਂ ਤੇ ਚੁੱਕ ਲਿਆ। ਲੇਬਰ ਨੇ ਖੁਸ਼ੀ ਮਨਾਈ ਕਿਉਂਕਿ ਜੇ ਝਾਮ ਨਾਂ ਨਿਕਲਦੀ ਤਾਂ ਉਨ੍ਹਾਂ ਨੂੰ ਕੰਮ ਬੰਦ ਕਰ ਕੇ ਵਾਪਸ ਜਾਣਾ ਪੈਣਾਂ ਸੀ।

ਅੰਗ੍ਰੇਜ਼ ਅਫਸਰ ਨੇ ਖੁਸ਼ੀ ਵਿਚ ਬਹੁਤ ਸਾਰੇ ਇਨਾਮ ਦਿਤੇ ਅਤੇ ਇਕ ਚਿੱਠੀ ਮੋਹਰ ਲਾ ਕੇ ਦਿੱਤੀ ਤੇ ਕਿਹਾ ਕਿ ਜਦੋਂ ਤੁਸੀਂ ਸਾਡੇ ਦੇਸ਼ ਇੰਗਲੈਂਡ ਆਵੋਗੇ ਤਾਂ ਉਥੇ ਤੁਹਾਡੀ ਬਹੁਤ ਇੱਜਤ ਹੋਵਗੀ। ਕਿਹਾ ਕਿ ਤੁਸੀਂ ਮੇਰੇ ਨਾਲ ਚਲੋ। ਸ੍ਰੀ ਰੱਖਾ ਰਾਮ ਜੀ ਨੇ ਕਿਹਾ ਕਿ ਸਾਡੇ ਕੋਲ ਤਾਂ ਏਥੇ ਹੀ ਬਹੁਤ ਕੰਮ ਹੈ। ਉਨ੍ਹਾਂ ਦਿਨਾਂ ਵਿਚ ਦੁਆਬੇ ਵਿਚ ਖੂਹ ਬਣਾਉਣ ਦਾ ਕੰਮ ਬਹੁਤ ਸੀ।

ਸ੍ਰੀ ਰਮੇਸ਼ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਬਾਰੇ ਆਪਣੀ ਵਾਰਤਾ ਇੰਜ ਬਿਆਨ ਕਰਦੇ ਹਨ-

"ਮੇਰੇ ਪਿਤਾ ਦਾ ਨਾਂ ਸੰਤ ਰੱਖਾ ਸਿੰਘ ਸੀ। ਸਾਡਾ ਪਿੰਡ ਖੇਲਾ ਜ਼ਿਲ੍ਹਾ ਜਲੰਧਰ ਸੀ। ਮੇਰੇ ਪਿਤਾ ਜੀ ਬਹੁਤ ਹੀ ਨੇਕ ਅਤੇ ਸਾਊ ਸੁਭਾਅ ਵਾਲੇ ਇਨਸਾਨ ਸਨ। ਮੈਂ ਬਚਪਨ ਤੋਂ ਹੀ ਉਹਨਾਂ ਨੂੰ ਭਜਨ ਸਿਮਰਨ ਕਰਦੇ ਵੇਖਿਆ ਹੈ। ਉਹ ਪਹਿਲਾਂ ਕੇਸ ਦਾੜ੍ਹੀ ਨਹੀਂ ਸਨ ਰਖਦੇ। ਉਹਨਾਂ ਨੂੰ ਸੰਤ ਹਰਨਾਮ ਸਿੰਘ ਜੀ ਨੇ ਭਜਨ ਦਿੱਤਾ ਸੀ। ਉਹਨਾਂ ਦਾ ਸੰਤਾਂ ਨਾਲ ਬਹੁਤ ਪਿਆਰ ਸੀ। ਸੰਤ ਭਗਤ ਸਿੰਘ ਅਤੇ ਸੰਤ ਦਰਸ਼ਨ ਸਿੰਘ ਵੀ ਮੇਰੇ ਪਿਤਾ ਜੀ ਨਾਲ ਬਹੁਤ ਪਿਆਰ ਕਰਦੇ ਸਨ। ਜਦੋਂ ਵੀ ਮੇਰੇ ਪਿਤਾ ਜੀ ਸ੍ਰੀ ਭੈਣੀ ਸਾਹਿਬ ਆਉਂਦੇ ਤਾਂ ਸੰਤਾਂ ਕੋਲ ਹੀ ਠਹਿਰਦੇ । ਸੰਤਾਂ ਦੀ ਪ੍ਰੇਰਨਾ ਨਾਲ ਹੀ ਉਹਨਾਂ ਦਾੜ੍ਹੀ ਕੇਸ ਰੱਖ ਕੇ ਨਾਮਧਾਰੀ ਬਾਣਾ ਧਾਰ ਲਿਆ ਤੇ ਨਾਮਧਾਰੀ ਸਿੱਖ ਬਣੇ।

ਇਹ ਕਿਰਪਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੀ ਕਿ ਮੇਰੇ ਪਿਤਾ ਜੀ ਨੂੰ ਰੱਖਾ ਰਾਮ ਤੋਂ ਰੱਖਾ ਸਿੰਘ ਬਣਾ ਦਿੱਤਾ। ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸ੍ਰੀ ਜੀਵਨ ਨਗਰ ਇਲਾਕੇ ਵਿਚ ਮੇਰੇ ਪਿਤਾ ਜੀ ਨੇ ਬਹੁਤ ਖੂਹ ਬਣਾਏ। ਸੰਨ 1986-87 ਵਿਚ ਮੇਰੇ ਪਿਤਾ ਜੀ ਬੀਮਾਰ ਹੋ ਗਏ। ਸ੍ਰੀ ਸਤਿਗੁਰੂ ਜੀ ਨੇ ਉਹਨ੍ਹਾਂ ਦੀ ਸੇਵਾ ਕਰਨ ਲਈ ਸੰਤ ਰਵਿੰਦਰ ਸਿੰਘ ਜੀ ਨਵਯੁਗ ਵਾਲੇ (ਦੇਸੀ ਚਾਹ ਬਣਾਉਣ ਵਾਲੇ) ਨੂੰ ਉਹਨਾਂ ਦੀ ਸੇਵਾ ਲਈ ਭੇਜਿਆ। ਉਹਨਾਂ ਨੇ ਉਨ੍ਹਾਂ ਦੀ ਵੀਹ ਦਿਨ ਸੇਵਾ ਕੀਤੀ। ਵੀਹ ਦਿਨ ਮਗਰੋਂ, ਪਿਤਾ ਜੀ ਸ੍ਰੀ ਸਤਿਗੁਰੂ ਜੀ ਦੀ ਦਿੱਤੀ ਉਮਰ ਭੋਗ ਕੇ ਮਾਤ ਲੋਕ ਚਲਾਣਾ ਕਰ ਗਏ। ਉਨ੍ਹਾਂ ਨੇ ਚੜ੍ਹਾਈ ਕਰਨ ਤੋਂ ਦੋ ਦਿਨ ਪਹਿਲਾਂ, ਸਾਨੂੰ ਸਾਰੇ ਪਰਿਵਾਰ ਨੂੰ ਆਪਣੇ ਕੋਲ ਬੁਲਾਇਆ ਅਤੇ ਕਹਿਣ ਲੱਗੇ,' ਮੈਂ ਹੁਣ ਚਲੇ ਜਾਣਾ ਹੈ, ਮੇਰਾ ਭੋਗ ਸ੍ਰੀ ਭੈਣੀ ਸਾਹਿਬ ਪਾ ਦੇਣਾ।'

ਸੋ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਭੋਗ ਪਾਇਆ ਗਿਆ। ਨਾਲ ਹੀ ਆਪ ਜੀ ਵਲੋਂ ਹੁਕਮ ਹੋਇਆ ਕਿ ਤੁਹਾਡਾ ਪਰਵਾਰ ਖੂਹੀਆਂ ਲਾਉਣ ਦੀ ਸੇਵਾ ਕਰਦਾ ਰਹੇ। ਅਸਾਂ ਹੱਥ ਜੋੜ ਸਤ ਬਚਨ ਕਿਹਾ ਅਤੇ ਇਹ ਸੇਵਾ ਮੈਨੂੰ ਬਖ਼ਸ਼ੀ ਗਈ। ਮੈਂ ਉਹਨਾਂ ਦਾ ਕੋਟਾਨ ਕੋਟ ਧੰਨਵਾਦੀ ਹਾਂ।

ਸੰਨ 1986-87 ਵਿਚ ਜਦੋਂ ਮੈਂ ਸ੍ਰੀ ਸਤਿਗੁਰੂ ਜੀ ਦੇ ਬੁਲਾਉਣ 'ਤੇ ਸ੍ਰੀ ਭੈਣੀ ਸਾਹਿਬ ਆਇਆ ਤਾਂ ਉਥੇ ਮੇਰਾ ਦਿਲ ਨਾ ਲੱਗਾ। ਮੇਰਾ ਜੀਅ ਕਰੇ ਕਿ ਮੈਂ ਹੁਣੇ ਹੀ ਘਰ ਚਲੇ ਜਾਵਾਂ। ਮੇਰੀ ਇਸ ਹਾਲਤ ਤੋਂ ਸ੍ਰੀ ਸਤਿਗੁਰੂ ਜੀ ਜਾਣੂੰ ਸਨ। ਉਨ੍ਹਾਂ ਨੇ ਇਕ ਸਿੱਖ ਜਿਸ ਦਾ ਨਾਮ ਸੇਵਾ ਸਿੰਘ ਖਾਰੇ ਵਾਲੇ ਸੀ, ਦੀ ਡਿਊਟੀ ਲਗਾ ਦਿੱਤੀ ਅਤੇ ਹੁਕਮ ਕੀਤਾ ' ਇਹ ਮੁੰਡਾ ਰੱਖਾ ਸਿੰਘ ਦਾ ਲੜਕਾ ਹੈ, ਇਸਦਾ ਖਿਆਲ ਰੱਖੀਂ। ਇਹ ਮੈਂ ਇਥੇ ਬੂਟਾ ਲਾਉਣਾ ਹੈ।'

ਸੰਤ ਸੇਵਾ ਸਿੰਘ ਅਤੇ ਮੈਂ ਛੇਤੀ ਹੀ ਘੁਲ-ਮਿਲ ਗਏ। ਸ੍ਰੀ ਭੈਣੀ ਸਾਹਿਬ ਮੇਰਾ ਦਿਲ ਲਗਣ ਲੱਗ ਗਿਆ। ਸੰਤਾਂ ਨੇ ਮੈਨੂੰ ਦੋ ਸਾਲ ਬਾਅਦ ਦੱਸਿਆ ਕਿ ਤੇਰਾ ਇਥੇ ਦਿਲ ਲਗਾਉਣ ਲਈ ਮੇਰੀ ਡਿਊਟੀ ਸ੍ਰੀ ਸਤਿਗੁਰੂ ਜੀ ਨੇ ਲਗਾਈ ਸੀ।

ਇਕ ਦਿਨ ਸ੍ਰੀ ਸਤਿਗੁਰੂ ਜੀ ਨੇ ਮੌਜ ਵਿਚ ਮੈਨੂੰ ਹੁਕਮ ਕੀਤਾ ਕਿ ਤੈਨੂੰ ਜੋ ਵੀ ਕੰਮ ਹੋਵੇ ਤੂੰ ਮੈਨੂੰ ਕਹਿਣਾ, ਕੋਈ ਵਿਚੋਲਾ ਪਾਉਣ ਦੀ ਲੋੜ ਨਹੀਂ। ਸ੍ਰੀ ਸਤਿਗੁਰੂ ਜੀ ਬਹੁਤ ਧਿਆਨ ਰੱਖਦੇ ਰਹੇ ਹਨ। ਆਪ ਦੂਜੇ ਤੀਜੇ ਦਿਨ

ਪੁੱਛਦੇ ਰਹਿੰਦੇ ਸਨ– 'ਕਿੱਦਾਂ ਚਲਦਾ ਹੈ ਕੀ ਕਰਦਾ ਹੈਂ ?'

ਇਕ ਵਾਰੀ ਦੀ ਗੱਲ ਹੈ ਕਿ ਅਸੀਂ ਸ੍ਰੀ ਭੈਣੀ ਸਾਹਿਬ ਤੋਂ ਪਿੰਡ ਪਨਿਹਾਰੀ (ਜ਼ਿਲ੍ਹਾ ਸਰਸਾ) ਵਿਖੇ ਖੂਹੀ ਬਣਾਉਣ ਲਈ ਗਏ ਤਾਂ ਅੱਗੋਂ ਸਾਡਾ ਪ੍ਰੋਗਰਾਮ ਬਦਲ ਗਿਆ ਅਤੇ ਅਸੀਂ ਪਿੰਡ ਮਿਰਜ਼ਾਪੁਰ ਥੇੜ੍ਹ (ਮਸਤਾਨਗੜ੍ਹ ਡੇਰੇ ਕੋਲ) ਸੰਤ ਬਲਦੇਵ ਸਿੰਘ ਚੰਦੋਵਾਲੀਆ ਦੇ ਘਰ ਖੂਹੀ ਲਾਉਣ ਚਲੇ ਗਏ। ਸ੍ਰੀ ਸਤਿਗੁਰੂ ਜੀ ਮਸਤਾਨਗੜ੍ਹ ਆਏ ਹੋਏ ਸਨ। ਸੰਤ ਬਲਦੇਵ ਸਿੰਘ ਸਵੇਰੇ ਦਰਸ਼ਨ ਕਰਨ ਲਈ ਮਸਤਾਨਗੜ੍ਹ ਗਏ ਅਤੇ ਸੱਚੇ ਪਾਤਸ਼ਾਹ ਜੀ ਅੱਗੇ ਅਰਜ਼ ਕੀਤੀ ਕਿ ਘਰ ਖੂਹੀ ਬਣਾ ਰਹੇ ਹਾਂ। ਕਿਰਪਾ ਕਰਨੀ।

ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ,' ਸੰਤ ਜੀ, ਅਸੀਂ ਆਪਣਾ ਨੰਬਰ ਕੱਟ ਕੇ ਤੁਹਾਨੂੰ ਦਿੱਤਾ ਹੈ। ਕੌਣ, ਰਮੇਸ਼ ਖੂਹੀ ਬਣਾ ਰਿਹਾ ਹੈ'

ਸੰਤ ਜੀ ਅਰਜ਼ ਕੀਤੀ, 'ਹਾਂ ਜੀ, ਰਮੇਸ਼ ਹੀ ਖੂਹੀ ਬਣਾ ਰਿਹਾ ਹੈ।'

ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ, 'ਮੁੰਡੇ ਦਾ ਸੁਭਾਅ ਆਪਣੇ ਪਿਤਾ ਵਰਗਾ ਹੈ । ਜਦੋਂ ਦਾ ਮੈਂ ਉਸ ਨੂੰ ਬੁਲਾਇਆ ਹੈ, ਸਾਰਾ ਕੁਝ ਛੱਡ ਕੇ ਸ੍ਰੀ ਭੈਣੀ ਸਾਹਿਬ ਆ ਗਿਆ ਹੈ। ਹੁਕਮ ਮੰਨਿਆ ਹੈ ਮੇਰਾ।'

ਜਦੋਂ ਸੰਤਾਂ ਨੇ ਸ਼ਾਮ ਨੂੰ ਮੈਨੂੰ ਆ ਕੇ ਵਧਾਈ ਦਿੱਤੀ ਤੇ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਤੇਰੇ ਬਾਰੇ ਇਸ ਤਰ੍ਹਾਂ ਬਚਨ ਕਰਦੇ ਸਨ ਤਾਂ ਇਹ ਸੁਣ ਕੇ ਮੇਰੀਆਂ ਅੱਖਾਂ ਭਰ ਆਈਆਂ। ਮੈਂ ਅੰਦਰ ਹੀ ਅੰਦਰ ਕੋਟਾਨ ਕੋਟ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕੀਤਾ।

ਇਕ ਵਾਰ ਦੀ ਗੱਲ ਹੈ, ਅਸੀਂ ਲੰਗਰ ਵਿਚ ਵੱਡਾ ਖੂਹ ਬਣਾਉਣਾ ਸੀ। ਸ੍ਰੀ ਸਤਿਗੁਰੂ ਜੀ ਉਦੋਂ ਸ੍ਰੀ ਭੈਣੀ ਸਾਹਿਬ ਵਿਖੇ ਹੀ ਸਨ। ਸੰਤ ਜਗਤਾਰ ਸਿੰਘ ਜੀ ਨੇ ਆਖਿਆ ਕਿ ਕਸ਼ਮੀਰ ਸਿੰਘ (ਸ੍ਰੀ ਭੈਣੀ ਸਾਹਿਬ ਵਿਖੇ ਪ੍ਰਬੰਧਕ) ਨੂੰ ਆਖ ਕੇ ਵਰਨੀ ਵਿਚੋਂ ਕਿਸੇ ਸੰਤ ਤੋਂ ਖੂਹੀ ਦੇ ਟੱਪ ਲਾਉਣ ਦੀ ਅਰਦਾਸ ਕਰਵਾ ਲਓ। ਮੇਰੇ ਦਿਲ ਵਿਚ ਵਾਰ ਵਾਰ ਆਵੇ ਕਿ ਸ੍ਰੀ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਜਾਵੇ ਪਰ ਇਹ ਗੱਲ ਮੇਰੇ ਦਿਲ ਵਿਚ ਹੀ ਰਹੀ। ਮਾਸਟਰ ਦਰਸ਼ਨ ਸਿੰਘ ਜੀ ਹੁਰਾਂ ਤੋਂ ਅਰਦਾਸ ਕਰਵਾ ਲਈ ਗਈ ਅਤੇ ਕੰਮ ਚਾਲੂ ਕਰ ਦਿੱਤਾ ਗਿਆ।

ਜਦੋਂ ਹੀ ਸ਼ਾਮ ਨੂੰ ਮੈਂ ਫਰਮਾ ਭਰਨ ਲੱਗਾ, ਹਾਲੇ ਚੱਕ ਖੂਹੀ ਤੇ ਰੱਖਣ ਹੀ ਲੱਗਾ ਸੀ ਵੇਖਿਆ ਕਿ ਸ੍ਰੀ ਸਤਿਗੁਰੂ ਜੀ ਦੀ ਗੱਡੀ ਮੇਰੇ ਕੋਲ ਆ ਕੇ ਰੁਕੀ। ਸ੍ਰੀ ਸਤਿਗੁਰੂ ਜੀ ਨੂੰ ਅਚਾਨਕ ਸਾਹਮਣੇਂ ਦੇਖ ਮੈਂ ਦੰਗ ਰਹਿ ਗਿਆ। ਸ੍ਰੀ ਸਤਿਗੁਰੂ ਜੀ ਅਗਲੀ ਸੀਟ ਤੇ ਬੈਠੇ ਮੁਸਕਰਾ ਰਹੇ ਸਨ। ਕਾਰ ਦਾ ਸ਼ੀਸ਼ਾ ਥੱਲੇ ਹੋਇਆ। ਮੇਰੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਮੈਂ ਕੱਪੜੇ ਚੰਗੀ ਤਰ੍ਹਾਂ ਨਹੀਂ ਪਾਏ ਹੋਏ ਸਨ, ਮੈਂ ਕਾਹਲੀ ਨਾਲ ਉਸੇ ਹਾਲਤ ਵਿਚ ਟੋਏ ਵਿਚੋਂ ਬਾਹਰ ਆ ਕੇ ਮੱਥਾ ਟੇਕਿਆ। ਸ੍ਰੀ ਸਤਿਗੁਰੂ ਜੀ ਦੇ ਨੇਤਰਾਂ ਵੱਲ ਵੇਖ ਕੇ ਮੈਂ ਇਕ ਅਜੀਬ ਖੁਸ਼ੀ ਦੇ ਅਨੰਦ ਵਿਚ ਵਹਿ ਗਿਆ।

ਸ੍ਰੀ ਸਤਿਗੁਰੂ ਜੀ ਨੇ ਪੁੱਛਿਆ, 'ਅੱਜ ਕੱਲ ਪਾਣੀ ਕਿੰਨੇ ਫੁੱਟ 'ਤੇ ਹੈ'

ਮੈਂ ਅਰਜ਼ ਕੀਤੀ, 'ਸੱਚੇ ਪਾਤਸ਼ਾਹ ਜੀ, ਸ੍ਰੀ ਜੀਵਨ ਨਗਰ ਵੱਲ ਕਰੀਬ 85 ਜਾਂ 90 ਫੁੱਟ 'ਤੇ ਹੈ, ਪੰਜਾਬ ਵਿਚ ਵੀ ਪਾਣੀ ਕਾਫੀ ਥੱਲੇ ਚਲਿਆ ਗਿਆ ਹੈ, ਕਿਤੇ 80 ਕਿਤੇ 90 ਤੇ ਕਿਤੇ ਕਿਤੇ 70 ਵੀ ਹੈ।

ਸ੍ਰੀ ਸਤਿਗੁਰੂ ਜੀ ਨੇ ਫਿਰ ਪੁੱਛਿਆ, 'ਇਥੇ ਕਿੰਨੇ ਫੁੱਟ 'ਤੇ ਪਾਣੀ ਹੈ'

ਮੈਂ ਅਰਜ਼ ਕੀਤੀ, 'ਗ੍ਰੀਬ ਨਵਾਜ਼ ਜੀ, ਇਥੇ 35 ਫੁੱਟ 'ਤੇ ਪਾਣੀ ਹੈ।

ਸਤਿਗੁਰੂ ਜੀ ਅੱਗੋਂ ਬਚਨ ਕੀਤਾ, 'ਇਥੇ ਇੰਨਾਂ ਉੱਚਾ ਕਿਉਂ ਹੈ'

ਮੈਂ ਦੋਵੇਂ ਹੱਥ ਜੋੜ ਕੇ ਅਰਜ਼ ਕੀਤੀ, 'ਇਥੇ ਆਪ ਜੀ ਦੀ ਸਾਡੇ ਉੱਪਰ ਕਿਰਪਾ ਹੈ।'

ਸ੍ਰੀ ਸਤਿਗੁਰੂ ਜੀ ਮੁਸਕਰਾਉਂਦੇ ਰਹੇ ਫਿਰ ਪੁੱਛਿਆ, 'ਕਿੰਨੇ ਦਿਨਾਂ ਵਿਚ ਖੂਹ ਤਿਆਰ ਹੋਵੇਗਾ'

ਮੈਂ ਅਰਜ਼ ਕੀਤੀ, 'ਆਪ ਜੀ ਦੀ ਕ੍ਰਿਪਾ ਨਾਲ 25 ਕੁ ਦਿਨ ਲੱਗ ਜਾਣਗੇ।'

ਹੁਕਮ ਹੋਇਆ, 'ਚੰਗਾ ਫਿਰ ਕਰੋ ਕੰਮ।'

ਇਨਾਂ ਆਖ ਕੇ ਸ੍ਰੀ ਸਤਿਗੁਰੂ ਜੀ ਵਾਪਸ ਚਲੇ ਗਏ। ਮੇਰੀ ਖੁਸ਼ੀ ਦਾ ਟਿਕਾਣਾ ਨਾ ਰਿਹਾ ਕਿ ਭਾਵਨਾ ਜਾਣ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿਤੇ ਹਨ।

ਇਕ ਦਿਨ ਦੀ ਗੱਲ ਹੈ, ਮੈਂ ਸ੍ਰੀ ਭੈਣੀ ਸਾਹਿਬ ਦੇ ਮੇਨ ਗੇਟ ਕੋਲ ਆ ਰਿਹਾ ਸੀ ਕਿ ਅੱਗੋਂ ਸੇਵਕ ਦੀਦਾਰ ਸਿੰਘ ਕਾਹਲੀ ਕਾਹਲੀ ਆ ਰਹੇ ਸਨ। ਮੇਰੇ ਕੋਲ ਆ ਕੇ ਉਨ੍ਹਾਂ ਕਿਹਾ ਕਿ ਤੁਹਾਨੂੰ ਸੱਚੇ ਪਾਤਸ਼ਾਹ ਜੀ ਯਾਦ ਕਰ ਰਹੇ ਹਨ। ਮੈਂ ਕਾਹਲੀ ਨਾਲ ਉਨ੍ਹਾਂ ਨਾਲ ਚਲ ਪਿਆ। ਕੋਠੀ ਅੰਦਰ ਜਾ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕਿਆ।

ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ, 'ਲੋਕਾਂ ਦੇ 50-50 ਫੁੱਟ ਪਾਣੀ ਖੂਹਾਂ ਵਿਚ ਕਰਦਾ ਹੈਂ, ਮੇਰੇ ਖੂਹ 'ਚ ਡੇਢ ਫੁੱਟ ਪਾਣੀ ਹੈ, ਮੈਨੂੰ ਖੂਹ ਡੂੰਘਾ ਕਰ ਕੇ ਦੇ।'

ਮੈਂ ਅਰਜ਼ ਕਰ ਪੁੱਛਿਆ, 'ਸੱਚੇ ਪਾਤਸ਼ਾਹ ਜੀ ਖੂਹ ਕਿਸ ਤਰ੍ਹਾਂ ਦਾ ਬਣਾਉਣਾ ਹੈ'

ਉਸ ਵੇਲੇ ਹਜ਼ੂਰੀ ਸੇਵਕ ਰਛਪਾਲ ਸਿੰਘ ਜੀ ਤੇ ਸੰਤ ਅਵਤਾਰ ਸਿੰਘ ਕੋਲ ਬੈਠੇ ਅਖਬਾਰ ਪੜ੍ਹ ਰਹੇ ਸਨ। ਸ੍ਰੀ ਸਤਿਗੁਰੂ ਜੀ ਨੇ ਉਹਨਾਂ ਵੱਲ ਇਸ਼ਾਰਾ ਕਰਕੇ ਹੁਕਮ ਕੀਤਾ ਕਿ ਇਨ੍ਹਾਂ ਨਾਲ ਸਲਾਹ ਕਰ ਲਓ। ਅਸੀਂ ਤਿੰਨੋ ਵਰਾਂਡੇ ਵਿਚੋਂ ਖੂਹ 'ਤੇ ਆ ਗਏ।

ਰਛਪਾਲ ਜੀ ਨੇ ਮੈਨੂੰ ਪੁੱਛਿਆ, 'ਕਿਹੜਾ ਖੂਹ ਠੀਕ ਰਹੇਗਾ, ਇੱਟਾਂ ਵਾਲਾ ਖੂਹ ਜਾਂ ਕੰਕਰੀਟ ਵਾਲਾ ਖੂਹ ਜਿਸ ਨਾਲ ਖੂਹ ਅੰਦਰੋਂ ਛੋਟਾ ਨਾ ਹੋਵੇ।'

ਮੈਂ ਕਿਹਾ, 'ਜੇਕਰ ਫਰਮੇ ਵਾਲਾ ਆਰ. ਸੀ. ਸੀ ਦਾ ਬਣੇਗਾ ਤਾਂ ਜਿਆਦਾ ਛੋਟਾ ਨਹੀ ਹੋਵੇਗਾ।'

ਫਰਮੇ ਵਾਲਾ ਖੂਹ ਅਸੀਂ ਪਾਸ ਕੀਤਾ। ਸੰਤ ਅਵਤਾਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ,' ਗਰੀਬ ਨਿਵਾਜ਼ ਜੀ, ਰਮੇਸ਼ ਕਹਿ ਰਿਹਾ ਹੈ ਕਿ ਖੂਹ ਫਰਮੇ ਵਾਲਾ ਬਣਾਈਏ।'

ਹੁਕਮ ਹੋਇਆ, 'ਜਿਸ ਤਰ੍ਹਾਂ ਕਾਕਾ ਕਹਿੰਦਾ ਹੈ ਠੀਕ ਹੈ।'

ਮੈਂ ਕੋਠੀ ਵਿਚ ਇਹ ਖੂਹ ਬਣਾਉਣ ਨਹੀਂ 10 ਦਿਨ ਦਾ ਟਾਇਮ ਮੰਗਿਆ। ਸ੍ਰੀ ਸਤਿਗੁਰੂ ਜੀ ਦੀ ਸਿਹਤ ਉਨੀਂ ਦਿਨੀ ਕੁਝ ਠੀਕ ਨਹੀਂ ਸੀ ਰਹਿੰਦੀ। ਮੈਂ ਰਛਪਾਲ ਜੀ ਨਾਲ ਸਲਾਹ ਕੀਤੀ ਕਿ ਖੂਹ ਬਣਾਉਣ ਸਮੇਂ ਸ਼ੋਰ ਪਏਗਾ, ਮਸ਼ੀਨ ਚੱਲੇਗੀ ਤਾਂ ਅਵਾਜ਼ ਆਵੇਗੀ। ਸ੍ਰੀ ਸਤਿਗੁਰੂ ਜੀ ਦਾ ਕਮਰਾ ਖੂਹ ਦੇ ਕੋਲ ਹੈ। ਰਛਪਾਲ ਜੀ ਨੇ ਆਖਿਆ ਕਿ ਅਰਜ਼ ਕਰ ਲੈਂਦੇ ਹਾਂ। ਪਹਿਲਾ ਸਲਾਹ ਹੋਈ ਕਿ ਮਾਤਾ ਜੀ ਵਾਲੀ ਕੋਠੀ ਵਿਚ ਡੇਰਾ ਲਾਇਆ ਜਾਵੇ ਫਿਰ ਦੂਜੇ ਦਿਨ ਹੁਕਮ ਹੋਇਆ ਕਿ ਦਸ ਦਿਨ ਲਈ ਥਾਈਲੈਂਡ ਜਾਵਾਂਗੇ। ਤਿੰਨ ਦਿਨ ਦਿੱਲੀ ਰਹਿ ਕੇ ਸ੍ਰੀ ਸਤਿਗੁਰੂ ਜੀ ਥਾਈਲੈਂਡ ਚਲੇ ਗਏ। ਇੱਕ ਹਫਤਾ ਉਥੇ ਰਹਿਣ ਤੋਂ ਬਾਅਦ ਸੱਚੇ ਪਾਤਸ਼ਾਹ ਜੀ ਦਿੱਲੀ ਆ ਗਏ ਪਰ ਮੇਰਾ ਕੰਮ ਉਦੋਂ ਤੀਕ ਨਾ ਮੁੱਕਿਆ। ਦਿੱਲੀ ਤੋਂ ਫੋਨ ਆਇਆ ਕਿ ਕਿੰਨੇ ਦਿਨ ਦਾ ਕੰਮ ਰਹਿ ਗਿਆ। ਮੈਂ ਚਾਰ ਦਿਨ ਹੋਰ ਮੰਗੇ। ਦੋ ਦਿਨ ਦਿੱਲੀ ਰਹਿ ਕੇ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਕਿ ਚਲੋ ਸ੍ਰੀ ਭੈਣੀ ਸਾਹਿਬ। ਸਤਿਗੁਰੂ ਜੀ ਇੱਕ ਨੰਬਰ ਵਾਲੀ ਕੋਠੀ ਵਿਚ ਆ ਗਏ।

ਮੈਂ ਸੋਚ ਰਿਹਾ ਸਾਂ ਕਿ ਕੰਮ ਕਿਸ ਤਰ੍ਹਾਂ ਚਾਲੂ ਕਰਾਂ। ਮੈਂ ਡਰਦੇ ਡਰਦੇ ਨੇ ਅਰਜ਼ ਕੀਤੀ ਕਿ ਕੰਮ ਚਾਲੂ ਕਰਾਂ ਤਾਂ ਹੁਕਮ ਹੋਇਆ ਕਿ ਕੰਮ ਚਾਲੂ ਕਰੋ। ਦੋ ਦਿਨ ਮਸ਼ੀਨ ਚਲੀ। ਬਹੁਤ ਸ਼ੋਰ ਹੋਇਆ। ਦੋ ਦਿਨਾਂ ਬਾਅਦ 56 ਫੁੱਟ ਪਾਣੀ ਬਣ ਗਿਆ, ਕੰਮ ਮੁਕ ਗਿਆ। ਮੈਂ ਰਛਪਾਲ ਜੀ ਨੂੰ ਕਿਹਾ ਕਿ ਕੰਮ ਖਤਮ ਹੋ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਇੰਨਾ ਵੱਡਾ ਕੰਮ ਕੀਤਾ ਹੈ। ਸ੍ਰੀ ਸਤਿਗੁਰੂ ਜੀ ਦਾ ਆਸ਼ੀਰਵਾਦ ਲੈ ਕੇ ਜਾਣਾਂ।

ਡਰਦਾ ਡਰਦਾ ਸ੍ਰੀ ਸਤਿਗੁਰੂ ਜੀ ਅੱਗੇ ਪੇਸ਼ ਹੋ ਕੇ ਮੈਂ ਅਰਜ਼ ਕੀਤੀ, 'ਸੱਚੇ ਪਾਤਸ਼ਾਹ ਜੀ, ਮੈਂ ਪੂਰੀ ਕੋਸ਼ਿਸ਼ ਕੀਤੀ ਕਿ ਆਪ ਜੀ ਦੇ ਆਉਣ ਤੋਂ ਪਹਿਲਾਂ ਪਹਿਲਾਂ ਕੰਮ ਖਤਮ ਹੋ ਜਾਵੇ ਪਰ ਕੰਮ ਨਾ ਖਤਮ ਹੋ ਸਕਿਆ। ਮੇਰੀ ਗੁਸਤਾਖੀ ਮੁਆਫ ਕਰਨਾ ਜੀ।'

ਸਤਿਗੁਰੂ ਜੀ ਇਕ ਦਮ ਹੱਥ ਉਪਰ ਚੁੱਕ ਕੇ ਜ਼ੋਰ ਨਾਲ ਹੱਸ ਪਏ ਅਤੇ ਬਚਨ ਕੀਤਾ, 'ਇਸ ਤਰ੍ਹਾਂ ਨਹੀਂ ਸੋਚਣਾ, ਮੈਂ ਤੇਰੇ 'ਤੇ ਬਹੁਤ ਖੁਸ਼ ਹਾਂ, ਕਿੰਨਾ ਪਾਣੀ ਕੀਤਾ ਹੈ

ਮੈਂ ਅਰਜ਼ ਕੀਤੀ, 'ਜੀ 56 ਫੁੱਟ ਪਾਣੀ ਬਣ ਗਿਆ ਹੈ।' ਇਹ ਸੁਣ ਕੇ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਖੁਸ਼ੀਆਂ ਬਖਸ਼ਿਸ਼ ਕੀਤੀਆਂ।

ਜਨਵਰੀ ਸੰਨ 2003 ਦੀ ਗੱਲ ਹੈ, ਸੰਤ ਜਗਤਾਰ ਸਿੰਘ ਜੀ ਨੇ ਮੈਨੂੰ ਆਖਿਆ ਕਿ , 'ਦਿੱਲੀ ਕੋਠੀ ਵਾਲੀ ਦੀ ਖੂਹੀ ਸੁੱਕ ਗਈ ਹੈ, ਉਸ ਨੂੰ ਚਾਲੂ ਕਰਨਾ ਹੈ। ਸਤਿਗੁਰੂ ਜੀ ਨੇ ਦਿੱਲੀ ਜਾਣਾ ਹੈ, ਖੂਹੀ ਵਿਚ ਪਾਣੀ ਨਹੀਂ ਹੈ।' ਕੰਮ ਬਹੁਤ ਔਖਾ ਸੀ ਕਿਉਂਕਿ ਮਾਨਸਰੋਵਰ ਗਾਰਡਨ ਵਾਲੀ ਕੋਠੀ ਦੀ ਸਾਰੀ ਇਮਾਰਤ ਦੇ ਬੇਸਮੈਂਟ ਵਿਚ ਖੂਹੀ ਹੈ। ਖੂਹੀ ਦੇ ਨਾਲ ਲਿਫਟ ਹੈ ਅਤੇ ਨਾਲ ਪੌੜੀਆਂ ਹਨ, 8 ਫੁੱਟ ਤੇ ਛੱਤ ਹੈ। ਕੰਮ ਔਖਾ ਸੀ, ਸੰਤ ਜੀ ਬਾਰ ਬਾਰ ਮੈਨੂੰ ਕਹਿ ਰਹੇ ਸਨ ਕਿ ਖੂਹੀ ਬਣਾਓ। ਮੈਂ ਸੋਚ ਰਿਹਾ ਸੀ ਕਿ ਕੀ ਕਰਾਂ, ਕੀ ਨਾ ਕਰਾਂ। ਸੰਤ ਜਗਤਾਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ,' ਇਹ ਸਾਡੀ ਗੱਲ ਨਹੀਂ ਮੰਨਦਾ, ਇਸ ਨੂੰ ਆਪ ਜੀ ਹੀ ਦਿੱਲੀ ਲਈ ਹੁਕਮ ਕਰੋ।'

ਸ੍ਰੀ ਸਤਿਗੁਰੂ ਜੀ ਨੇ ਪਿਆਰ ਭਰੀ ਦ੍ਰਿਸ਼ਟੀ ਮੇਰੇ ਉਪਰ ਪਾਈ ਅਤੇ ਹੱਸ ਕੇ ਹੁਕਮ ਕੀਤਾ, ' ਖੂਹੀ ਬਣਾਓ। ' ਮੈਂ ਸੱਤ ਬਚਨ ਆਖ ਹੱਥ ਜੋੜ ਕੇ ਮੱਥਾ ਟੇਕਿਆ ਅਤੇ ਦਿੱਲੀ ਚਲੇ ਗਿਆ। ਜਦੋਂ ਕੰਮ ਚਾਲੂ ਕੀਤਾ ਖੂਹੀ ਨੂੰ ਤੋੜਨ ਦਾ ਤਾਂ ਮਿੱਟੀ ਬਾਹਰੋਂ ਢਲਣੀ ਚਾਲੂ ਹੋ ਗਈ। ਖੂਹੀ 20 ਫੁੱਟ ਤੋੜੀ ਹੀ ਸੀ ਕਿ ਵੇਖਦੇ ਵੇਖਦੇ ਹੀ ਮਿੱਟੀ ਦੀਆਂ ਢੱਗਾਂ ਬਾਹਰ ਤੋਂ ਇੰਨੀਆਂ ਢਹਿ ਪਈਆਂ ਕਿ ਸਾਰੀ ਖੂਹੀ ਧੱਸ ਗਈ। ਮੈਂ ਡਰ ਗਿਆ ਤੇ ਸ੍ਰੀ ਸਤਿਗੁਰੂ ਜੀ ਅੱਗੇ ਅਰਦਾਸ ਕੀਤੀ,' ਹੇ ਮੇਰੇ ਪਾਤਸ਼ਾਹ, ਮੇਰੇ ਗਰੀਬ ਦਾ ਬੇੜਾ ਬੰਨੇ ਲਾਵੀਂ, ਮੈਂ ਫਸ ਗਿਆ ਹਾਂ। ' ਜਦੋਂ ਸੱਚੇ ਦਿਲੋ ਕੋਈ ਅਰਦਾਸ ਕਰਦਾ ਹੈ ਤਾਂ ਉਹ ਜ਼ਰੂਰ ਸੁਣਦਾ ਹੈ। ਦੂਜੇ ਦਿਨ ਕੀ ਵੇਖਿਆ ਕਿ ਮਿੱਟੀ ਢਲਣੀ ਰੁੱਕ ਗਈ ਤੇ ਕੰਮ ਅੱਗੇ ਚੱਲਣ ਲੱਗਾ।

ਸ੍ਰੀ ਸਤਿਗੁਰੂ ਜੀ ਨੂੰ ਪਤਾ ਲਗਾ ਤਾਂ ਹਜ਼ੂਰ ਨੇ ਮੈਨੂੰ ਟੈਲੀਫੋਨ ਕੀਤਾ ਤੇ ਪੁੱਛਿਆ, 'ਪਾਣੀ ਕਿੰਨਾ ਹੋਇਆ ਹੈ ? ਮੈਂ ਅਰਜ਼ ਕੀਤੀ,' ਸੱਚੇ ਪਾਤਸ਼ਾਹ ਜੀ 40 ਫੁੱਟ ਹੋ ਗਿਆ ਹੈ।'

ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ,' ਬਹੁਤ ਹੈ, ਕੰਮ ਬੰਦ ਕਰ ਕੇ ਸ੍ਰੀ ਭੈਣੀ ਸਾਹਿਬ ਆ।'

ਜਦੋਂ ਮੈਂ ਆ ਕੇ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕਿਆ ਸਤਿਗੁਰੂ ਜੀ ਮੁਸਕਰਾਏ ਤੇ ਪੁੱਛਿਆ, 'ਕਿੰਨਾ ਪਾਣੀ ਕਰ ਆਇਆ ਹੈ ?'

ਮੈਂ ਬੜੀ ਹਿੰਮਤ ਕਰਕੇ ਅਰਜ਼ ਕੀਤੀ, 'ਸੱਚੇ ਪਾਤਸ਼ਾਹ ਜੀ, 40 ਫੁੱਟ ਪਾਣੀ ਹੋਇਆ ਹੈ।'

ਸ੍ਰੀ ਸਤਿਗੁਰੂ ਜੀ ਨੇ ਪੁੱਛਿਆ, 'ਤੈਨੂੰ ਡਰ ਨਹੀਂ ਲੱਗਦਾ। '

ਮੈਂ ਅਰਜ਼ ਕੀਤੀ,' ਪਾਤਸ਼ਾਹ ਜੀ, ਮੇਰੇ ਵਿਚ ਹਿੰਮਤ ਨਹੀਂ ਸੀ, ਆਪ ਜੀ ਨੇ ਕਿਰਪਾ ਕੀਤੀ। ਇਹ ਮਾਣ ਆਪ ਜੀ ਨੇ ਮੈਨੂੰ ਬਖਸ਼ਿਆ ਹੈ। ਮੇਰੀ ਆਪਣੀ ਕੋਈ ਤਾਕਤ ਨਹੀਂ ਸੀ। ' ਇਹ ਗੱਲ 12 ਫਰਵਰੀ 2003 ਦੀ ਹੈ।

ਸ੍ਰੀ ਸਤਿਗੁਰੂ ਜੀ ਨੇ ਮੈਨੂੰ ਆਪਣੇ ਮੰਜੇ ਕੋਲ ਬਿਠਾਇਆ ਅਤੇ ਥੋੜਾ ਨੀਵੇਂ ਹੋ ਕੇ ਮੇਰੇ ਕੰਨ ਕੋਲ ਆ ਕੇ ਆਖਿਆ,'ਦਿੱਲੀ ਖੂਹ ਵਿਚ ਤੂੰ ਵੜਿਆ ਸੀ ਪਰ ਡਰ ਮੈਨੂੰ ਸ੍ਰੀ ਭੈਣੀ ਸਾਹਿਬ ਲੱਗਦਾ ਸੀ। '

ਜਦੋਂ ਸਤਿਗੁਰੂ ਜੀ ਨੇ ਇਹ ਬੋਲ ਮੇਰੇ ਕੰਨ ਵਿਚ ਕਹੇ ਮੈਂ ਆਪਣੇ ਆਪ ਤੇ ਕਾਬੂ ਨਾ ਰੱਖ ਸਕਿਆ। ਮੇਰੀਆਂ ਭੁੱਬਾਂ ਨਿਕਲ ਗਈਆਂ। ਸਤਿਗੁਰੂ ਜੀ ਮੇਰੇ ਵੱਲ ਪਿਆਰ ਨਾਲ ਵੇਖਦੇ ਰਹੇ। 10-15 ਮਿੰਟਾਂ ਤੋਂ ਬਾਅਦ ਮੈਂ ਆਪਣੇ ਆਪ 'ਤੇ ਕਾਬੂ ਪਾਇਆ।

ਫਿਰ ਸਤਿਗੁਰੂ ਜੀ ਅੱਗੇ ਅਰਜ਼ ਕੀਤੀ, 'ਸੱਚੇ ਪਾਤਸ਼ਾਹ ਜੀ ਮੇਰਾ ਜੀ ਕਰਦਾ ਹੈ ਕਿ ਇੱਕ ਫੋਟੋ ਆਪ ਜੀ ਨਾਲ ਕਰਵਾਉਣ ਨੂੰ, ਮੇਰੇ ਲਈ ਇਹ ਇੱਕ ਯਾਦਗਾਰ ਤਸਵੀਰ ਹੋਵੇਗੀ।'

ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ,' ਕੈਮਰੇ ਵਾਲੇ ਨੂੰ ਬੁਲਾਓ।'

ਸਤਿਗੁਰੂ ਜੀ ਦੀ ਉਸ ਸਮੇਂ ਸਿਹਤ ਠੀਕ ਨਹੀਂ ਸੀ ਪਰ ਉਨ੍ਹਾਂ ਮੇਰਾ ਦਿਲ ਨਹੀਂ ਤੋੜਿਆ। ਫੋਟੋ ਖਿਚਵਾਈ ਅਤੇ ਹਜ਼ੂਰੀ ਸੇਵਕ ਰਛਪਾਲ ਸਿੰਘ ਨੂੰ ਹੁਕਮ ਕੀਤਾ, 'ਇਹ ਫੋਟੋ ਅਤੇ ਇਸ ਦੀ ਸਾਰੀ ਕਹਾਣੀ 'ਸਤਿਜੁਗ' ਅਖਬਾਰ ਭੇਜੀ ਅਤੇ ਛਪਵਾਈ ਜਾਵੇ ।'

ਇਕ ਵਾਰ ਸ੍ਰੀ ਤਰਸੇਮ ਚੰਦ ਅਗਰਵਾਲ ਜੀ ਦੇ ਫਾਰਮ ਦਿੱਲੀ ਵਿਚ ਅਸੀਂ ਖੂਹੀ ਬਣਾ ਰਹੇ ਸੀ। ਕ੍ਰੀਬ 100 ਫੁੱਟ 'ਤੇ ਪੱਥਰ ਆ ਗਿਆ। ਮੈਂ ਭੈਣੀ ਸਾਹਿਬ ਤੋਂ ਆਉਂਦਿਆਂ ਅਰਜ਼ ਕਰ ਕੇ ਆਇਆ ਸੀ ਕਿ ਪੱਥਰ ਨਾ ਆਵੇ। ਜਦੋਂ ਪੱਥਰ ਆਇਆ ਉਸ ਸਮੇਂ ਖੂਹ ਵਿਚ ਪਾਣੀ ਨਹੀਂ ਸੀ। ਮੈਂ ਡਰ ਗਿਆ ਕਿ ਹੁਣ ਕੀ ਕੀਤਾ ਜਾਵੇ। ਖੂਹ ਵਿਚ 100 ਫੁੱਟ ਥੱਲੇ ਤਾਂ ਸਾਹ ਵੀ ਔਖਾ ਆਉਂਦਾ ਸੀ।

ਦੂਜੇ ਦਿਨ ਮੈਂ ਸ੍ਰੀ ਭੈਣੀ ਸਾਹਿਬ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ ਨੂੰ ਫੋਨ ਕੀਤਾ, ਜੋ ਮਿਲਿਆ ਨਹੀਂ। ਫਿਰ ਮੈਂ ਇੰਦਰ ਸਿੰਘ ਠੇਕੇਦਾਰ ਨੂੰ ਫੋਨ ਕਰਕੇ ਕਿਹਾ ਕਿ ਸਤਿਗੁਰੂ ਜੀ ਨੂੰ ਅਰਜ਼ ਕਰੋ ਕਿ ਖੂਹ ਵਿਚ 100 ਫੁੱਟ ਥੱਲ੍ਹੇ ਪੱਥਰ ਆ ਗਿਆ ਹੈ ਤੇ ਉਥੇ ਸਾਹ ਔਖਾ ਆਉਂਦਾ ਹੈ। ਕਿਰਪਾ ਕਰੋ, ਪੱਥਰ ਹਟ ਜਾਵੇ ਤੇ ਪਾਣੀ ਆ ਜਾਵੇ। ਨਾਲ ਇਹ ਵੀ ਕਿਹਾ ਕਿ ਗਲੇ ਵਿਚ ਰੁਮਾਲੀ ਪਾ ਕੇ ਅਰਜ਼ ਕਰਨਾ। ਉਨ੍ਹਾਂ ਉਸੇ ਤਰ੍ਹਾਂ ਰਛਪਾਲ ਜੀ ਨੂੰ ਗੱਲ ਦੱਸੀ। ਕ੍ਰੀਬ 2 ਕੁ ਵਜੇ ਅਰਜ਼ ਕੀਤੀ ਗਈ ਅਤੇ 4 ਕੁ ਵਜੇ ਪੱਥਰ ਮੁੱਕ ਗਿਆ। ਅਸੀਂ ਸ਼ਾਮ ਨੂੰ ਕੰਮ ਬੰਦ ਕਰ ਕੇ ਸੌਂ ਗਏ। ਜਦੋਂ ਸਵੇਰੇ ਅਸੀਂ ਖੂਹ ਦੇਖਿਆ ਤਾਂ ਪਾਣੀ ਆਇਆ ਹੋਇਆ ਸੀ। ਪਾਣੀ ਦੇਖ ਕੇ ਮੈਂ ਹੈਰਾਨ ਰਹਿ ਗਿਆ। ਸ਼ਾਮ ਨੂੰ ਤਾਂ ਮਿੱਟੀ ਸੁੱਕੀ ਹੋਈ ਸੀ। ਇਹ ਕਿਦਾਂ ਹੋ ਗਿਆ ਕਿ ਪਾਣੀ ਆ ਗਿਆ!

ਇਹ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਸੀ। ਦੂਜੇ ਦਿਨ ਮੈਂ ਫਿਰ ਸੰਤ ਇੰਦਰ ਸਿੰਘ ਨੂੰ ਫੋਨ ਕਰਕੇ ਸਾਰੀ ਗੱਲ ਦੱਸੀ। ਸ੍ਰੀ ਸਤਿਗੁਰੂ ਜੀ ਅੱਗੇ ਅਰਜ਼ ਕਰਨ ਲਈ ਕਿਹਾ ਕਿ ਇਸ ਤਰ੍ਹਾਂ ਹੋਇਆ ਹੈ। ਸ੍ਰੀ ਸਤਿਗੁਰੂ ਜੀ ਨੇ ਅਰਜ਼ ਸੁਣੀ ਤੇ ਖੁਸ਼ੀਆਂ ਬਖਸ਼ਿਸ਼ ਕੀਤੀਆਂ।

ਰਮੇਸ਼ ਜੀ ਕੋਲ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਦਾ ਬਖਾਨ ਕਰਦੀਆਂ ਅਨੇਕ ਸਾਖੀਆਂ ਹਨ।

ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਰਮੇਸ਼ ਜੀ ਨੇ ਸੰਨ 1987 ਤੋਂ ਸ੍ਰੀ ਭੈਣੀ ਸਾਹਿਬ ਵਿਖੇ ਕ੍ਰੀਬ 57 ਖੂਹ ਤੇ ਖੂਹੀਆਂ ਲਾਏ ਜਾਂ ਡੂੰਘੇ ਕੀਤੇ ਹਨ। ਇਨ੍ਹਾਂ ਦਾ ਵਰਨਣ ਅੱਗੇ ਕੀਤਾ ਗਿਆ ਹੈ।

ਰਮੇਸ਼ ਜੀ ਦਸੱਦੇ ਹਨ ਕਿ ਇਨ੍ਹਾਂ ਨੇ ਆਪਣੇ ਹੁਣ ਤੱਕ ਦੇ ਕਾਰਜ-ਕਾਲ ਵਿਚ ਕੁਲ ਕ੍ਰੀਬ 1000 ਖੂਹ ਜਾਂ ਖੂਹੀਆਂ ਵੱਖੋ ਵੱਖ ਥਾਵਾਂ 'ਤੇ ਬਣਾਈਆਂ ਹਨ।

ਸ੍ਰੀ ਭੈਣੀ ਸਾਹਿਬ ਵਿਖੇ ਲੰਗਰ ਹਾਲ ਕੋਲ ਬਣੇ ਹਲਟੀ ਵਾਲੇ ਖੂਹ ਨੂੰ ਡੂੰਘਾ ਕਰਨ ਸਮੇਂ ਪ੍ਰਾਪਤ ਹੋਏ ਪੁਰਾਣੇ ਬਰਤਨ (ਗੜਵੇ-ਗੜਵੀਆਂ, ਗਲਾਸ, ਬਾਟੀਆਂ ਅਤੇ ਕੌਲੀਆਂ ਆਦਿ) ਅਤੇ ਸਿੱਕੇ ਇਹ ਵੱਡਮੁੱਲੀਆਂ ਪੁਰਾਤਨ ਇਤਿਹਾਸਕ ਵਸਤਾਂ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਰਮੇਸ਼ ਜੀ ਨੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਰਮੇਸ਼ ਜੀ ਦਾ ਵਿਆਹ ਸੰਨ 1994 ਵਿਚ ਬੀਬੀ ਹਰਜਿੰਦਰ ਕੌਰ (ਸਪੁੱਤਰੀ ਸ. ਅਜੀਤ ਸਿੰਘ ਪਿੰਡ ਮਾਣਕ, ਜ਼ਿਲ੍ਹਾ ਕਪੂਰਥਲਾ) ਨਾਲ ਹੋਇਆ। ਇਨ੍ਹਾਂ ਦੇ ਘਰ ਇਕ ਬੇਟਾ ਹਰਸ਼ਦੀਪ ਅਤੇ ਦੋ ਧੀਆਂ ਰਮਨੀਤ ਅਤੇ ਕੋਮਲ ਹਨ। ਸ੍ਰੀ ਸਤਿਗੁਰੂ ਜੀ ਦੀ ਇਸ ਪਰਿਵਾਰ ਤੇ ਬਹੁਤ ਕਿਰਪਾ ਅਤੇ ਬਖ਼ਸ਼ਿਸ਼ ਹੈ।

## ਆਪਣੇ ਵੱਲੋਂ ਰਮੇਸ਼ ਜੀ ਨੇ ਕੁਝ ਵੇਰਵੇ ਖੂਹ ਲਾਉਣ ਦੇ ਇਸ ਤਰ੍ਹਾਂ ਦੱਸੇ ਹਨ। ਡੇਰਾ ਸ੍ਰੀ ਭੈਣੀ ਸਾਹਿਬ ਵਿਚ ਖੂਹ ਤੇ ਖੂਹੀਆਂ

| | |
|---|---|
| 1) ਝੁੱਗੀਆਂ ਵਿਚ ਇੱਟਾਂ ਵਾਲਾ ਖੂਹ | 25.4.1987 |
| 2) ਕਲਾ ਕੇਂਦਰ ਪੁਰਾਣਾ | 15.8.1987 |
| 3) ਮਾਤਾ ਜੀ ਵਾਲੀ ਕੋਠੀ ਵਿਚ | 20.5.1988 |
| 4) ਨੀਲੋਂ ਨਹਿਰ ਵਾਲੀ ਕੋਠੀ ਵਿਚ | 26.6.1992 |
| 5) ਸਰੋਵਰ ਦੀ ਪਰਿਕਰਮਾ ਵਿਚ ਦੋ ਖੂਹੀਆਂ | 20.9.1992 |
| 6) ਬੀਬੀ ਨਰਿੰਦਰ ਕੌਰ ਦੇ ਘਰ | 8.1.1996 |
| 7) ਸ੍ਰੀ ਸਤਿਗੁਰੂ ਜੀ ਵਾਲੀ ਕੋਠੀ ਦਾ ਖੂਹ ਡੂੰਘਾ ਕੀਤਾ | 23.7.2004 |
| 8) ਪਾਠਾਂ ਵਾਲਾ ਖੂਹ | 14.8.2004 |
| 9) ਲੰਗਰ ਦੇ ਪਿੱਛੇ ਚਾਰ ਫੁੱਟਾ ਖੂਹ | 8.6.2005 |

10) ਪ੍ਰਤਾਪ ਮੰਦਰ ਵਾਲਾ ਚਾਰ ਫੁੱਟਾ ਖੂਹ 27.8.2005
11) ਸੋਧ ਵਾਲੇ ਲੰਗਰ ਵਿਚ ਖੂਹ ਡੂੰਘਾ ਕੀਤਾ 19.4.2007
12) ਸੋਧ ਵਾਲੇ ਲੰਗਰ ਵਿਚ 20.5.2007
13) ਡੁਪਲੈਕਸ ਬਿਲਡਿੰਗ ਵਿਚ ਨਵੀਂ ਖੂਹੀ 9.6.2007
14) ਲੰਗਰ ਵਿਚ ਡੇਰਾ ਬਿਲਡਿੰਗ ਵਾਲੀ ਖੂਹੀ 19.7.2007
15) ਲੰਗਰ ਦੇ ਨਵੇਂ ਸ਼ੈਡ ਵਿਚ ਖੂਹੀ 25.2.2009
16) ਲੰਗਰ ਵਾਲੇ ਪਾਰਕ ਵਾਲਾ ਖੂਹ ਡੂੰਘਾ ਕੀਤਾ 24.4.2009
17) ਵਰਨੀਆਂ ਵਾਲਾ ਚਾਰ ਫੁੱਟਾ ਖੂਹ 17.6.2009
18) ਝੁੱਗੀਆਂ ਵਿਚ ਖੂਹ 14.8.2009
19) ਹਵਨ ਕੁੰਡ ਵਾਲਾ ਛੇ ਫੁੱਟਾ ਖੂਹ 21.9.2009

**ਪਿੰਡ ਸ੍ਰੀ ਭੈਣੀ ਸਾਹਿਬ ਵਿਚ ਖੂਹੀਆਂ (ਸੰਨ 1987-2010 ਤੀਕ ਬਣਾਏ)**

1. ਸੰਤ ਬਖਸ਼ੀਸ਼ ਸਿੰਘ ਬੀੜ ਵਾਲ
2. ਸੰਤ ਬਲਜੀਤ ਸਿੰਘ ਕੋਠਾ ਗੁਰੂ
3. ਸੰਤ ਜੋਗਿੰਦਰ ਸਿੰਘ (ਪਿਤਾ ਬਲਵੰਤ ਸਿੰਘ ਰਾਗੀ)
4. ਸੰਤ ਦਰਸ਼ਨ ਸਿੰਘ ਦੁਕਾਨਦਾਰ
5. ਹਜ਼ੂਰੀ ਸੇਵਕ ਰਛਪਾਲ ਸਿੰਘ
6. ਹਜ਼ੂਰੀ ਸੇਵਕ ਸੁਖਦੇਵ ਸਿੰਘ
7. ਸੰਤ ਅਮਰ ਸਿੰਘ ਸਵੀਟ ਸ਼ਾਪ
8. ਸੰਤ ਬਲਦੇਵ ਸਿੰਘ ਕਾਕੂ, ਅੰਬਾ
9. ਸੰਤ ਸੁਖਦੇਵ ਸਿੰਘ ਪੁੱਤਰ ਸੰਤ ਸੰਤੋਖ ਸਿੰਘ
10. ਸੰਤ ਗੁਰਬਖਸ਼ ਸਿੰਘ ਹਾਕੀ ਖਿਡਾਰੀ
11. ਸੰਤ ਹਰਦੇਵ ਸਿੰਘ ਟੈਲੀਫੋਨ ਵਾਲੇ
12. ਸੰਤ ਬਲਜੀਤ ਸਿੰਘ ਕੋਠਾ ਗੁਰੂ ਪੁਰਾਣਾ ਘਰ
13. ਸੰਤ ਕਸ਼ਮੀਰ ਸਿੰਘ ਚੱਕੀ ਵਾਲਾ
14. ਸੰਤ ਗੁਰਦਿਆਲ ਸਿੰਘ ਪੁਰਾਣਾ ਘਰ
15. ਸੰਤ ਗੁਰਦਿਆਲ ਸਿੰਘ (ਨਵਾਂ ਘਰ)
16. ਸੰਤ ਗੁਰਦਿਆਲ ਸਿੰਘ ਮੌਜੂਦਾ ਘਰ
17. ਸੰਤ ਹਰਦੀਪ ਸਿੰਘ ਪੱਥਰਾਂ ਵਾਲੇ
18. ਸੰਤ ਜਗਬੀਰ ਸਿੰਘ ਅੱਟੀ ਪੁਰਾਣਾ ਘਰ
19. ਸੰਤ ਜਗਬੀਰ ਸਿੰਘ ਅੱਟੀ ਦਿੱਲੀ ਕਲੋਨੀ
20. ਸੰਤ ਹਰਪਾਲ ਸਿੰਘ ਦਿੱਲੀ ਕਲੋਨੀ
21 ਸੂਬਾ ਸੁਖਦੇਵ ਸਿੰਘ ਦਿੱਲੀ ਕਲੋਨੀ
22. ਸੰਤ ਵੀ.ਪੀ. ਸਿੰਘ ਦਿੱਲੀ ਕਲੋਨੀ
23. ਸੰਤ ਹਰਭਜਨ ਸਿੰਘ ਔਰੰਗਾਬਾਦ ਦਿੱਲੀ ਕਲੋਨੀ
24. ਸੰਤ ਅਜਮੇਰ ਸਿੰਘ ਡਰਾਈਵਰ
25. ਸੰਤ ਕਸ਼ਮੀਰ ਸਿੰਘ ਡੇਰਾ ਪ੍ਰਬੰਧਕ
26. ਬੀਬੀ ਸਰਿਹਾਲੀ ਵਾਲੀ
27. ਹਜ਼ੂਰੀ ਰਾਗੀ ਬਲਵੰਤ ਸਿੰਘ
28. ਸੰਤ ਕੁਲਦੀਪ ਸਿੰਘ ਨੰਬਰਦਾਰ
29. ਸੰਤ ਮਲਕੀਤ ਸਿੰਘ ਮਸਤਾਨਾ
30. ਹਜ਼ੂਰੀ ਲਾਂਗਰੀ ਵਰਿਆਮ ਸਿੰਘ
31. ਹਜ਼ੂਰੀ ਲਾਂਗਰੀ ਰਣਜੀਤ ਸਿੰਘ
32. ਰਾਈਆਂ ਕਲੋਨੀ
33. ਸੰਤ ਸੁਰਜੀਤ ਸਿੰਘ ਬਾਈ
34. ਸੂਬਾ ਗੁਰਦਿਆਲ ਸਿੰਘ ਸੀਹਰਾ
35. ਸੰਤ ਬਹਾਦਰ ਸਿੰਘ ਪਾਠੀ
36. ਸੰਤ ਹਰਜਿੰਦਰ ਸਿੰਘ ਠੇਕੇਦਾਰ
37. ਬੀਬੀ ਕਲਕੱਤੇ ਵਾਲੀ
38. ਕੱਕੜ ਕਲੋਨੀ ਦੇ ਪਿੱਛੇ

## ਇੱਕ ਮੁਲਾਕਾਤ- ਸਤਿਕਾਰਯੋਗ ਮਹਾਰਾਜ ਗੁਰਿੰਦਰ ਸਿੰਘ ਜੀ (ਮੁਖੀ ਰਾਧਾ ਸੁਆਮੀ ਸਤਸੰਗ ਬਿਆਸ) ਨਾਲ

21 ਮਾਰਚ ਸੰਨ 2010, ਦਿਨ ਐਤਵਾਰ ਨੂੰ, ਅੰਮ੍ਰਿਤਸਰ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਬਸੰਤ ਪੰਚਮੀ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਵਸ) ਦੀ ਖੁਸ਼ੀ ਵਿਚ ਸਮਾਗਮ ਕੀਤਾ ਜਾ ਰਿਹਾ ਸੀ।

ਅੰਮ੍ਰਿਤਸਰ ਸਾਕੇ ਦੇ ਪੰਜਵੇਂ ਸ਼ਹੀਦ-ਸ਼ਹੀਦ ਝੰਡਾ ਸਿੰਘ ਦੇ ਪਰਿਵਾਰ ਵਿਚੋਂ ਸ੍ਰ. ਕਸ਼ਮੀਰ ਸਿੰਘ, ਪਿੰਡ ਠੱਠਾ ਰਾਵਲ ਬਲਾਕ ਚੋਗਾਵਾਂ ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਦੀ ਗਹਿਣੇ ਪਈ ਜ਼ਮੀਨ ਨੂੰ ਛੁਡਾਉਣ ਲਈ ਅੰਮ੍ਰਿਤਸਰ ਸੰਗਤ ਦੇ ਪ੍ਰਧਾਨ ਸੰਤ ਰਣਜੀਤ ਸਿੰਘ ਨੇ ਸੰਗਤ ਤੋਂ ਡੇਢ ਲੱਖ ਰੁ. ਇਕੱਠਾ ਕੀਤਾ ਸੀ। ਇਸ ਸਮਾਗਮ 'ਤੇ ਇਹ ਚੈੱਕ ਸ. ਕਸ਼ਮੀਰ ਸਿੰਘ ਅਤੇ ਪਰਿਵਾਰ ਨੂੰ ਦਿੱਤਾ ਜਾਣਾ ਸੀ। ਪ੍ਰਧਾਨ ਜੀ ਨੇ ਇਸ ਕਾਰਜ ਲਈ ਵਿਸ਼ੇਸ਼ ਤੌਰ 'ਤੇ ਸਾਨੂੰ ਰੋਪੜ ਤੋਂ ਬੁਲਾਇਆ ਸੀ।

ਇਸ ਸਮਾਗਮ ਮਗਰੋਂ ਅਸੀਂ ਬਿਆਸ ਲਈ ਰਵਾਨਾ ਹੋਏ। ਅਸੀਂ (ਮੈਂ ਤੇ ਮੇਰੇ ਪਤੀ ਸੰਤ ਭਗਵੰਤ ਸਿੰਘ ) ਸ੍ਰੀ ਭੈਣੀ ਸਾਹਿਬ ਤੋਂ ਮਾਰਸ਼ਲ ਗੱਡੀ 'ਤੇ ਡਰਾਈਵਰ ਸ਼ਾਮ ਸਿੰਘ ਨਾਲ ਆਏ ਸੀ। ਮੁੜਦਿਆਂ ਸਾਡੇ ਨਾਲ ਸ. ਕੁਲਵੰਤ ਸਿੰਘ ਨਾਰਲੀ(ਸ਼ਹੀਦ ਬੀਹਲਾ ਸਿੰਘ ਦੇ ਪਰਿਵਾਰ ਵਿਚੋਂ ਜੋ ਅੱਜ ਕੱਲ੍ਹ ਗਊਸ਼ਾਲਾ ਸ੍ਰੀ ਭੈਣੀ ਸਾਹਿਬ ਵਿਖੇ ਸੇਵਾ ਕਰਦੇ ਹਨ) ਵੀ ਸਨ।

ਇਕ ਦਿਨ ਪਹਿਲੋਂ 20 ਮਾਰਚ ਨੂੰ ਅੰਮ੍ਰਿਤਸਰ ਜਾਂਦਿਆਂ ਅਸੀਂ ਬਿਆਸ ਗਏ ਸੀ। ਉਥੇ ਅਸੀਂ ਮਹਾਰਾਜ ਗੁਰਿੰਦਰ ਸਿੰਘ ਜੀ ਦੇ ਸੈਕਟਰੀ ਸ਼੍ਰੀ ਜਗਦੀਸ਼ ਚੰਦਰ ਸੇਠੀ ਨੂੰ ਅਤੇ ਪਬਲਿਕ ਰਿਲੇਸ਼ਨ ਵਿਭਾਗ ਦੀ ਮੈਡਮ ਰੇਣੂੰ ਸ਼ਰਾਫ ਨੂੰ ਮਿਲੇ। ਉਨ੍ਹਾਂ ਨੇ ਸਾਨੂੰ ਬਿਆਸ ਦਾ ਸਾਰਾ ਡੇਰਾ ਵਿਖਾਇਆ ਅਤੇ ਕੁਝ ਪੁਸਤਕਾਂ ਵੀ ਦਿੱਤੀਆਂ। ਮਹਾਰਾਜ ਜੀ ਦੇ ਦਰਸ਼ਨਾਂ ਵਾਸਤੇ ਕਿਹਾ ਕਿ ਅੱਜ ਤਾਂ ਵਕਤ ਨਹੀਂ, ਕੱਲ੍ਹ ਨੂੰ ਅਰਜ਼ ਕਰਨਗੇ, ਜੇ ਪਰਵਾਨਗੀ ਮਿਲ ਗਈ ਤਾਂ ਕੱਲ ਤੁਹਾਨੂੰ ਫੋਨ ਕਰ ਦਿਤਾ ਜਾਵੇਗਾ। 21 ਮਾਰਚ ਸ਼ਾਮ ਨੂੰ ਮੈਡਮ ਰੇਣੂੰ ਦੇ ਤਿੰਨ ਚਾਰ ਫੋਨ ਆਏ ਕਿ ਪਰਵਾਨਗੀ ਮਿਲ ਗਈ ਹੈ, ਤੁਸੀਂ ਛੇਤੀ ਆ ਜਾਵੋ। ਅਸੀਂ ਅੰਮ੍ਰਿਤਸਰ ਤੋਂ ਚਲ ਰਹੇ ਸ਼ਹੀਦ ਯਾਦਗਾਰੀ ਸਮਾਗਮ ਵਿਚੋਂ ਨਿਕਲ ਕੇ ਚਲੇ ਤਾਂ ਮੈ ਮੋਬਾਇਲ 'ਤੇ ਹਜ਼ੂਰੀ ਸੇਵਕ ਰਛਪਾਲ ਸਿੰਘ ਰਾਹੀਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕਰ ਦਿੱਤੀ ਕਿ ਅਸੀਂ ਬਿਆਸ ਮਹਾਰਾਜ ਜੀ ਦੇ ਦਰਸ਼ਨ ਕਰਨ ਚਲੇ ਹਾਂ ਅਤੇ ਬਾਅਦ 'ਚ ਮਿਲਣ ਤੋਂ ਬਾਅਦ ਵੀ ਮੋਬਾਇਲ ਰਾਹੀਂ ਅਰਜ਼ ਕਰ ਦਿੱਤੀ ਸੀ।

ਬਿਆਸ ਪਹੁੰਚ ਕੇ ਅਸੀਂ ਸ਼ਾਮ 5.55 ਤੋਂ 6. 15 ਵਜੇ ਤੀਕ 20 ਮਿੰਟ ਮਹਾਰਾਜ ਗੁਰਦਿੰਰ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਗੱਲ-ਬਾਤ ਕੀਤੀ। ਉਸ ਦੇ ਕੁਝ ਕੁ ਅੰਸ਼ ਪੇਸ਼ ਕਰ ਰਹੀ ਹਾਂ-

ਮੈਂ ਮਹਾਰਾਜ ਜੀ ਨੂੰ ਆਖਿਆ - 'ਜਦੋਂ ਵੀ ਅਸੀਂ ਇਥੋਂ ਲੰਘਦੇ ਹਾਂ ਜੀਅ ਕਰਦਾ ਸੀ ਆਪ ਜੀ ਦੇ ਦਰਸ਼ਨ ਕਰਨ ਲਈ, ਅੱਜ ਉਹ ਮੌਕਾ ਆ ਗਿਆ। ਤੁਹਾਡੇ ਦਰਸ਼ਨ ਕਰ ਕੇ ਸਾਨੂੰ ਬਹੁਤ ਖੁਸ਼ੀ ਹੋਈ।'

ਮਹਾਰਾਜ ਜੀ ਨੇ ਕਿਹਾ - 'ਮੈਨੂੰ ਵੀ ਖੁਸ਼ੀ ਹੋਈ।'

ਮੈ ਕਿਹਾ - 'ਪਿਛਲੇ ਦਿਨੀਂ, ਜਦੋਂ ਤੁਸੀਂ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਏ ਸੀ, ਸਾਨੂੰ ਸਭ ਨੂੰ ਬਹੁਤ ਖੁਸ਼ੀ ਹੋਈ ਸੀ। '

ਮਹਾਰਾਜ ਜੀ ਨੇ ਕਿਹਾ - 'ਮੈਨੂੰ ਪਤਾ ਲੱਗਾ ਸੀ ਕਿ ਸ੍ਰੀ ਸਤਿਗੁਰੂ ਜੀ ਬੀਮਾਰ ਹਨ, ਸੋ ਸਿਹਤ ਦਾ ਪਤਾ ਲੈਣ ਗਿਆ ਸੀ। ਬਜੁਰਗਾਂ ਦਾ ਆਸ਼ੀਰਵਾਦ ਹੀ ਬਹੁਤ ਹੁੰਦੈ।'

ਮੈਂ ਕਿਹਾ - 'ਸਤਿਗੁਰੂ ਜੀ ਦੀ ਮੌਜ ਹੈ, ਦੇਹ ਕਰਕੇ ਉਹ ਬੀਮਾਰ ਦਿਸਦੇ ਹਨ ਪਰ ਉਨ੍ਹਾਂ ਨੂੰ ਕੁਝ ਨਹੀਂ ਹੋਇਆ, ਉਹ ਸਭ ਜਾਣਦੇ ਹਨ। ਅਕਾਲ ਪੁਰਖ ਜਾਣੀਂ ਜਾਣ ਹਨ।'

ਮਹਾਰਾਜ ਜੀ ਨੇ ਕਿਹਾ – ' ਗੁਰੂ ਦੀ ਮੌਜ ਨੂੰ ਉਹੀ ਜਾਣਦਾ ਹੈ।'

ਮੈਂ ਕਿਹਾ – ' ਨਾਮਧਾਰੀਆਂ ਅਤੇ ਰਾਧਾ ਸੁਆਮੀਆਂ ਦਾ ਆਪੋ ਵਿਚ ਪਰਸਪਰ ਮੇਲ ਮਿਲਾਪ ਅਤੇ ਸੰਪਰਕ ਰਿਹਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵੀ ਤੇ ਹੁਣ ਵੀ। ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਸਤਾਰ ਬੰਦੀ ਹੋਈ ਸੀ, ਉਦੋਂ ਵੀ ਮਹਾਰਾਜ ਚਰਨ ਸਿੰਘ ਜੀ ਸ੍ਰੀ ਭੈਣੀ ਸਾਹਿਬ ਆਏ ਸਨ।'

ਮਹਾਰਾਜ ਜੀ ਨੇ ਕਿਹਾ – 'ਹਾਂ, ਜਦੋਂ ਮਹਾਰਾਜ ਜੀ ਚੜ੍ਹਾਈ ਕੀਤੇ ਉਦੋਂ ਸਤਿਗੁਰੂ ਜੀ ਆਏ ਸਨ।'

ਮੈਂ ਕਿਹਾ – 'ਇਥੇ ਬਿਆਸ ਡੇਰੇ ਵਿਚ ਬਹੁਤ ਸਫਾਈ ਹੈ, ਵੇਖ ਕੇ ਦਿਲ ਖੁਸ਼ ਹੋ ਜਾਂਦਾ ਹੈ।'

ਮਹਾਰਾਜ ਜੀ ਨੇ ਕਿਹਾ – 'ਇਹ ਸਭ ਕੁਝ ਸੰਗਤ ਕਰਦੀ ਹੈ, ਸਭ ਸੰਗਤ ਦਾ ਹੈ।'

ਮੈਂ ਕਿਹਾ – 'ਸੰਗਤ ਵੀ ਤੁਹਾਡੀ ਬਣਾਈ ਹੈ, ਸੰਗਤ ਗੁਰੂ ਨਹੀਂ ਬਣਾ ਸਕਦੀ, ਗੁਰੂ ਸੰਗਤ ਬਣਾਉਂਦਾ ਹੈ।'

ਫਿਰ ਮੈਂ ਕਿਹਾ – 'ਫੋਟੋ ਖਿੱਚ ਲਈਏ।'

ਮਹਾਰਾਜ ਜੀ ਨੇ ਕਿਹਾ – 'ਨਹੀਂ , ਇਹ ਸਰੀਰ ਦੀ ਗੱਲ ਹੈ, ਇਹ ਬਦਲਦਾ ਰਹਿੰਦਾ ਹੈ। ਅੱਜ ਦਾੜ੍ਹੀ ਕਾਲੀ ਹੈ ,ਕੱਲ ਚਿੱਟੀ ਹੋ ਜਾਵੇਗੀ, ਸਰੀਰ ਵਿਚ ਬਦਲਾਅ ਆਉਂਦੇ ਰਹਿੰਦੇ ਹਨ। ਅਸੀਂ ਰੂਹਾਨੀਅਤ ਦੀ ਗੱਲ ਕਰਦੇ ਹਾਂ। ਸਭ ਕੁਝ ਅੰਦਰ ਹੀ ਹੈ, ਆਪਣੇ ਅੰਦਰ ਨਾਲ ਜੁੜੋ। '

ਮੈਂ ਕਿਹਾ – 'ਫਿਰ ਇਹ ਵੀ ਤਾਂ ਗੁਰਬਾਣੀ 'ਚ ਲਿਖਿਆ ਹੈ 'ਗੁਰ ਕੀ ਮੂਰਤ ਮਨ ਮਹਿ ਧਿਆਨ ' ਜੇ ਗੁਰੂ ਦੀ ਮੂਰਤ ਹੋਵੇਗੀ ਤਾਂ ਹੀ ਵੇਖਾਂਗੇ। '

ਮਹਾਰਾਜ ਜੀ ਨੇ ਕਿਹਾ – 'ਹਾਂ ਗੁਰੂ ਦੀ ਲੋੜ ਹੁੰਦੀ ਹੈ ਗੁਰੂ ਸਾਨੂੰ ਦੱਸ ਸਕਦਾ ਹੈ ਪਰ ਕਰਨਾਂ ਅਸੀਂ ਆਪ ਹੀ ਹੁੰਦਾ ਹੈ, ਜੇ ਮਿਠਾਈ ਸਾਹਮਣੇ ਪਈ ਹੈ, ਮੈਂ ਕਹਾਂ ਕਿ ਮਿੱਠੀ ਹੈ ਪਰ ਜਿੰਨਾਂ ਚਿਰ ਤੁਸੀਂ ਖੁਦ ਨਹੀਂ ਖਾਓਗੇ, ਤੁਹਾਨੂੰ ਪਤਾ ਨਹੀਂ ਲਗੇਗਾ।'

ਮੈਂ ਕਿਹਾ – 'ਹਾਂ ਜੀ ਇਹ ਤਾਂ ਹੈ ਗੁਰੂ ਦੀ ਉਵੇਂ ਹੀ ਲੋੜ ਹੁੰਦੀ ਹੈ, ਜਿਵੇਂ ਸਕੂਲ ਵਿਚ ਅਧਿਆਪਕ ਦੀ ਲੋੜ ਹੁੰਦੀ ਹੈ, ਕਿਤਾਬਾਂ ਪੜ੍ਹਾਉਣ ਲਈ।'

ਮਹਾਰਾਜ ਜੀ ਨੇ ਕਿਹਾ – 'ਹਾਂ, ਕਈ ਲੋਕ ਅੱਜ ਕਲ੍ਹ ਸਮਝਦੇ ਹੀ ਨਹੀਂ।'

ਫਿਰ ਮੈਂ ਕਿਹਾ – 'ਇਕ ਗੁਰੂ ਦੀ ਕਿਰਪਾ ਵੀ ਤਾਂ ਹੁੰਦੀ ਹੈ।'

ਮਹਾਰਾਜ ਜੀ ਨੇ ਕਿਹਾ – 'ਹਾਂ ਗੁਰੂ ਦੀ ਕਿਰਪਾ ਵੀ ਹੁੰਦੀ ਹੈ।'

ਮੈਂ ਕਿਹਾ – 'ਜੇ ਚੰਗੇ ਕਰਮ ਕੀਤੇ ਹੁੰਦੇ ਹਨ ਤਾਂ ਹੀ ਵਧੀਆ ਪਰਿਵਾਰ 'ਚ ਅਸੀਂ ਪੈਦਾ ਹੁੰਦੇ ਹਾਂ ਤੇ ਗੁਰੂ ਦੀ ਪ੍ਰਾਪਤੀ ਹੁੰਦੀ ਹੈ।'

ਮੈਂ ਦੱਸਿਆ ਕਿ – 'ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਮੈਂ ਸ਼ਹੀਦਾਂ ਦੇ ਪਰਿਵਾਰਾਂ ਦੀ ਖੋਜ ਕੀਤੀ ਹੈ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬੰਸਾਵਲੀ ਲਿਖੀ ਹੈ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੀਵਨੀ ਪ੍ਰਕਾਸ਼-ਪੁੰਜ ਲਿਖੀ ਹੈ ਅਤੇ ਸੰਨ 2001 ਤੋਂ ਜਗਬਾਣੀ ਅਖਬਾਰ ਦੇ ਧਾਰਮਿਕ ਅੰਕ ਵਿਚ ਹਰ ਹਫਤੇ (ਮੰਗਲਵਾਰ ਨੂੰ) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨ ਛਪਵਾ ਰਹੀ ਹਾਂ।'

ਮੈਂ ਆਪਣੀਆਂ ਕਿਤਾਬਾਂ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਅਤੇ ਰਹਿਤਨਾਮਾ ( ਜਿਸ ਨੂੰ ਪ੍ਰਧਾਨ ਸੰਤ ਰਣਜੀਤ ਸਿੰਘ ਨੇ ਅੰਮ੍ਰਿਤਸਰ ਦੀ ਸਾਧ-ਸੰਗਤ ਵਲੋਂ ਪ੍ਰਮੁੱਖ ਸਖਸ਼ੀਅਤਾਂ ਨੂੰ ਸਨਮਾਨ ਵਜੋਂ ਦੇਣ ਲਈ ਬਣਵਾਇਆ ਗਿਆ ਹੈ) ਮਹਾਰਾਜ ਜੀ ਨੂੰ ਦੇਣ ਲਈ ਆਪਣੇ ਨਾਲ ਲਿਆਈ ਸਾਂ ਜੋ ਸਕਿਉਰਿਟੀ ਵਾਲਿਆਂ ਨੇ ਬਾਹਰ ਰੱਖ ਲਏ ਸੀ ਤਾਂ ਜੋ ਬਾਅਦ ਵਿਚ ਮਹਾਰਾਜ ਜੀ ਨੂੰ ਦਿਤੇ ਜਾ ਸਕਣ।

ਅਸੀਂ ਮਹਾਰਾਜ ਜੀ ਨੂੰ ਇਕ ਚਿੱਟੀ ਉੱਨ ਦੀ ਮਾਲਾ ਸਨਮਾਨ ਦੇ ਪ੍ਰਤੀਕ ਵਜੋਂ ਭੇਂਟ ਕੀਤੀ।

ਮਹਾਰਾਜ ਜੀ ਨੇ ਆਖਿਆ – 'ਮੇਰੇ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕਣਾ।'

ਅਸੀਂ ਨਮਸਕਾਰ ਕਰ ਵਾਪਸੀ ਦੀ ਇਜ਼ਾਜਤ ਲੈ ਕੇ ਕਮਰੇ ਚੋਂ ਬਾਹਰ ਆ ਗਏ।

-ਸੂਬਾ ਸੁਰਿੰਦਰ ਕੌਰ ਖਰਲ

# ਨਾਮਧਾਰੀ ਲਹਿਰ: ਇਸਤਰੀ ਜਾਤੀ ਲਈ ਚੇਤਨਤਾ

**(ਇਹ ਪੇਪਰ ਡਾ. ਚਰਨਜੀਤ ਕੌਰ ਐਸੋਸੀਏਟ ਪ੍ਰੋਫੈਸਰ ਇਤਿਹਾਸ, ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ, 19-20-21 ਮਾਰਚ 2010 ਨੂੰ ਹੋਏ ਪੰਜਾਬ ਹਿਸਟਰੀ ਕਾਨਫਰੰਸ ਦੇ 42 ਵੇਂ ਸੈਸ਼ਨ ਸਮੇਂ ਪੜ੍ਹਿਆ ਗਿਆ।)**

ਨਾਮਧਾਰੀ ਲਹਿਰ ਨੇ 19 ਵੀਂ ਸਦੀ ਦੇ ਦੂਜੇ ਅੱਧ ਵਿੱਚ ਪੰਜਾਬ ਵਿੱਚ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿੱਚ ਅਹਿਮ ਪਰਿਵਰਤਨ ਲਿਆਂਦੇ। ਇਹ ਲਹਿਰ ਬਰਤਾਨੀਆ ਸਾਮਰਾਜ ਦੇ ਵਿਰੁੱਧ ਸਭ ਤੋਂ ਪਹਿਲੀ ਮਹੱਤਵਪੂਰਨ ਲੋਕ ਲਹਿਰ ਸੀ ਜਿਸਨੂੰ ਅਜ਼ਾਦੀ ਦੇ ਸੰਗਰਾਮ ਦੀ ਸਿਰਮੌਰ ਸ਼ਖਸ਼ੀਅਤ ਸਤਿਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਕੀਤਾ ਸੀ ਅਤੇ ਜੋ ਅੱਜ ਮਨੁੱਖੀ ਚੇਤਨਾ ਲਈ ਗਲੋਬਲ ਦਾ ਰੂਪ ਧਾਰਨ ਕਰ ਗਈ ਹੈ। ਨਾਮਧਾਰੀ ਲਹਿਰ ਨੇ ਅਜਿਹੀ ਚੇਤਨਾ ਦਾ ਨਿਰਮਾਣ ਕੀਤਾ ਕਿ ਉਸ ਪਿੱਛੋਂ ਜਿੰਨੀਆਂ ਵੀ ਸਮਾਜ ਸੁਧਾਰ ਤੇ ਦੇਸ਼ ਦੀ ਆਜ਼ਾਦੀ ਲਈ ਲਹਿਰਾਂ ਉਠੀਆਂ ਉਹਨਾਂ ਦਾ ਨਾਮਧਾਰੀ ਲਹਿਰ ਉੱਤੇ ਪੂਰਾ ਪ੍ਰਭਾਵ ਸੀ। ਪੰਜਾਬ ਸਰਕਾਰ ਵੀ ਕੂਕਾ ਅੰਦੋਲਨ ਦੇ ਡੇਢ ਸੌ ਸਾਲਾ ਸ਼ਤਾਬਦੀ ਵਰ੍ਹੇ ਸੰਬੰਧੀ ਰਾਜ ਪੱਧਰ ਅਤੇ ਜ਼ਿਲ੍ਹਾ ਪੱਧਰ ਤੇ ਵੱਖ ਵੱਖ ਵਿਭਾਗਾਂ ਵੱਲੋਂ ਪ੍ਰੋਗਰਾਮ ਕੈਲੰਡਰ ਬਣਾ ਕੇ ਸਾਲ 2007 ਤੋਂ ਆਯੋਜਨ ਕਰਵਾਉਣ ਵਿੱਚ ਰੁੱਝੀ ਹੋਈ ਹੈ।

19 ਵੀ ਸ਼ਤਾਬਦੀ ਦਾ ਪੰਜਾਬੀ ਭਾਈਚਾਰਾ ਅਨੇਕਾਂ ਪ੍ਰਕਾਰ ਦੀਆਂ ਰਹੁ ਰੀਤਾਂ ਦੇ ਭਰਮਜਾਲ ਜਿਵੇਂ ਕੁੜੀਮਾਰ, ਬਾਲਵਿਆਹ, ਦਾਜ ਦਹੇਜ ਅਤੇ ਸਤੀ ਪ੍ਰਥਾ ਆਦਿ ਵਿੱਚ ਫਸਿਆ ਹੋਇਆ ਸੀ ਇਨ੍ਹਾਂ ਪ੍ਰਥਾਵਾਂ ਨੇ ਆਮ ਵਿਅਕਤੀ ਦੇ ਜੀਵਨ ਨੂੰ ਦੁੱਖਦਾਇਕ ਅਤੇ ਅਮਾਨਵੀ ਬਣਾ ਦਿੱਤਾ ਸੀ। ਸਭ ਤੋਂ ਜਿਆਦਾ ਚਿੰਤਾ ਵਾਲੀ ਗੱਲ ਇਹ ਸੀ ਕਿ ਇਹ ਭੈੜੀਆਂ ਕੁਰੀਤੀਆਂ ਉਸ ਸਮੇਂ ਸਮਾਜ ਦੇ ਉੱਪਰਲੇ ਵਰਗ ਅਰਥਾਤ ਵੱਡੀਆਂ ਜਾਤਾਂ ਦੇ ਲੋਕਾਂ ਵਿੱਚ ਬਹੁਤ ਪ੍ਰਚਲਤ ਸਨ। ਮਿਸਾਲ ਦੇ ਤੌਰ 'ਤੇ ਮਹਾਰਾਜਾ ਰਣਜੀਤ ਸਿੰਘ ਦੇ ਦਾਹ ਸੰਸਕਾਰ ਦੇ ਨਾਲ ਉਸ ਦੀਆਂ ਰਾਣੀਆਂ ਵੀ ਸਤੀ ਹੋਈਆਂ। ਸਿੱਖ ਸਮਾਜ ਦੇ ਬੇਦੀ ਪਰਿਵਾਰਾਂ ਵਿੱਚ ਕੁੜੀਮਾਰ ਪ੍ਰਥਾ ਆਮ ਪ੍ਰਚਲਤ ਸੀ। ਰਾਜਸੀ ਘਰਾਣਿਆਂ ਦੀ ਦੇਖਾ ਦੇਖੀ ਜਨ ਸਧਾਰਨ ਲੋਕਾਂ ਨੇ ਇਹਨਾਂ ਰੀਤੀ ਰਿਵਾਜਾਂ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਨੇ ਕੁਰੀਤੀਆਂ ਨੂੰ ਛੱਡਣ ਦੀ ਪ੍ਰੇਰਨਾ ਆਮ ਵਿਅਕਤੀ ਨੂੰ ਹੀ ਪ੍ਰਦਾਨ ਨਹੀਂ ਕਰਵਾਈ ਸਗੋਂ ਮੁਕਤ ਕਰਾਉਣ ਦਾ ਯਤਨ ਵੀ ਕੀਤਾ। ਉਹਨਾਂ ਇਹਨਾਂ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਘਰੋ-ਘਰ ਜਾ ਕੇ, ਪਿੰਡ, ਪਿੰਡ ਘੁੰਮ ਕੇ, ਸੱਚ, ਸੁੱਚ ਅਤੇ ਗੁਰਬਾਣੀ ਦਾ ਪ੍ਰਚਾਰ ਕੀਤਾ ਅਤੇ ਇਸਤਰੀਆਂ ਨੂੰ ਵਹਿਮਾਂ ਭਰਮਾਂ, ਦੁਨਿਆਵੀਂ ਝੁਮੇਲਿਆਂ ਅਤੇ ਪਖੰਡਾਂ ਤੋਂ ਮੁਕਤ ਕਰਨ ਲਈ ਪ੍ਰੇਰਿਆ।

12 ਅਪਰੈਲ 1857 ਈ: ਵਿੱਚ ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿਖੇ ਆਪ ਜੀ ਨੇ "ਸੰਤ ਖਾਲਸਾ" ਦੀ ਨੀਂਹ ਰੱਖੀ ਜੋ ਇਕ ਇਤਿਹਾਸਕ ਐਲਾਨਨਾਮਾ ਸੀ ਅਤੇ ਆਪਣੇ ਪੈਰੋਕਾਰਾਂ ਵਾਸਤੇ ਸੱਚੀ ਤੇ ਸੁੱਚੀ ਜੀਵਨ ਸ਼ੈਲੀ ਬਣਾਈ। ਸੰਤ ਖਾਲਸਾ ਦਾ ਉਦੇਸ਼ ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਸੁਧਾਰ ਇਸਤਰੀ ਸ਼ਕਤੀ ਨੂੰ ਜਗਾਉਣ, ਜਥੇਬੰਦਕ ਰੂਪ ਦੇਣ ਅਤੇ ਸੁਤੰਤਰਤਾ ਅੰਦੋਲਨ ਵਿੱਚ ਹਿੱਸੇਦਾਰ ਬਣਾਉਣਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਧਰਮ ਪ੍ਰਚਾਰ ਕਰਨ ਲਈ 22 ਸੂਬਿਆਂ ਦੀ (ਉੱਚ ਅਧਿਕਾਰੀ) ਦੀ ਸਥਾਪਨਾ ਕੀਤੀ। ਉਹਨਾਂ ਇਹ ਸੂਬੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਗਵਾਲੀਅਰ, ਬਨਾਰਸ, ਕਾਬਲ, ਨੇਪਾਲ, ਰੂਸ ਅਤੇ ਕੁਝ ਰਜਵਾੜਿਆਂ ਵਿੱਚ ਨੀਯਤ ਕੀਤੇ। ਮੁਗਲ ਪਾਤਸ਼ਾਹੀ ਵੇਲੇ ਸੂਬਾ ਉਹੋ ਕੁਝ ਹੁੰਦਾ ਸੀ ਜੋ ਅੱਜਕੱਲ ਗਵਰਨਰ ਹੈ ਤੇ ਸ਼ਹਿਨਸ਼ਾਹ ਅਕਬਰ ਨੇ ਆਪਣੇ ਅਧੀਨ ਭਾਰਤ ਦੇਸ਼ ਨੂੰ 22 ਇਲਾਕਿਆਂ ਅਰਥਾਤ ਸੂਬਿਆਂ ਵਿੱਚ ਵੰਡਿਆ ਹੋਇਆ ਸੀ। ਤੀਜੇ ਗੁਰੂ ਅਮਰਦਾਸ ਜੀ ਨੇ ਵੀ ਧਰਮ ਦੇ ਪ੍ਰਚਾਰ ਹਿੱਤ, ਬਾਈ ਮੁੱਖੀ ਨੀਯਤ ਕੀਤੇ ਸੀ ਜਿਨ੍ਹਾਂ ਨੂੰ 22 ਮੰਜੀਆਂ ਕਹਿੰਦੇ ਹਨ। ਭਾਵੇਂ ਇਹਨਾਂ ਬਾਈ ਮੰਜੀਆਂ ਦੇ ਅਧਿਕਾਰ ਵਿੱਚ ਸਾਰਾ ਭਾਰਤ ਦੇਸ਼

ਸ਼ਾਮਲ ਨਹੀਂ ਸੀ ਪਰ ਨਿਸ਼ਾਨਾ ਧਰਮ ਦਾ ਪ੍ਰਚਾਰ ਕਰਨ ਦਾ ਸੀ।

ਇਹ ਸੂਬੇ ਸੰਨ 1863 ਵਿੱਚ ਨੀਯਤ ਹੋਏ 1864 ਵਿੱਚ ਸੂਬਿਆਂ ਨੇ ਆਪਣਾ ਕੰਮ ਥਾਉਂ ਥਾਈਂ ਸੰਭਾਲ ਲਿਆ। ਇਹ ਸੂਬੇ ਧਰਮ ਦਾ ਪ੍ਰਚਾਰ ਵੀ ਕਰਦੇ ਸਨ ਅਤੇ ਰਾਜਨੀਤਿਕ ਸੰਗਠਨ ਵੀ ਕਰਦੇ ਸਨ। ਸੂਬਿਆਂ ਕੋਲ ਸਤਿਗੁਰੂ ਰਾਮ ਸਿੰਘ ਜੀ ਜਿੰਨੇ ਹੀ ਅਧਿਕਾਰ ਸਨ। ਏਥੇ ਵੀ ਸਤਿਗੁਰੂ ਰਾਮ ਸਿੰਘ ਜੀ ਇਸਤਰੀ ਦੀ ਬਰਾਬਰੀ ਨੂੰ ਨਹੀਂ ਭੁੱਲੇ। ਉਹਨਾਂ ਇਹਨਾਂ ਸੂਬਿਆਂ ਵਿੱਚੋਂ ਹੀ ਪਿੰਡ ਵਰਿਆਂਹ ਜ਼ਿਲ੍ਹਾ ਅੰਮ੍ਰਿਤਸਰ ਦੀ ਇੱਕ ਬੀਬੀ ਹੁਕਮ ਕੌਰ ਜਿਹੜੀ ਬਾਅਦ ਵਿੱਚ ਇਤਿਹਾਸ ਵਿੱਚ "ਮਾਈ ਹੁਕਮੀ" ਨਾਮ ਨਾਲ ਜਾਣੀ ਗਈ, ਨੂੰ ਬਾਈਵਾਂ ਸੂਬਾ ਥਾਪਿਆ। ਇਸ ਕੋਲ ਬਾਕੀ ਸੂਬਿਆਂ ਜਿੰਨੇ ਹੀ ਅਧਿਕਾਰ ਸਨ। ਇਸੇ ਮਾਤਾ ਹੁਕਮੀ ਦੀ ਪ੍ਰੇਰਨਾ ਸਦਕਾ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨਾਮਧਾਰੀਆਂ ਤੋਂ ਅੰਮ੍ਰਿਤ ਛੱਕ ਕੇ ਸਿੰਘ ਸਜੇ ਅਤੇ ਇਸੇ ਦੇ ਹੀ ਅਸ਼ੀਰਵਾਦ ਨਾਲ ਟਿੱਕਾ ਪ੍ਰਤਾਪ ਸਿੰਘ ਦਾ ਜਨਮ ਹੋਇਆ। ਮਾਈ ਹੁਕਮੀ ਜੀ ਦੇ ਸੰਪਰਕ ਵਿੱਚ ਆ ਕੇ ਬਹੁਤ ਸਾਰੀਆਂ ਇਸਤਰੀਆਂ ਪ੍ਰਭਾਵਿਤ ਹੋਈਆਂ। ਅੰਗਰੇਜੀ ਸਰਕਾਰ ਨੇ ਮਾਈ ਹੁਕਮੀ ਜੀ ਨੂੰ ਕੁਝ ਸਮਾਂ ਫਿਰੋਜ਼ਪੁਰ ਦੀ ਜੇਲ ਵਿੱਚ ਬੰਦ ਰੱਖਿਆ ਤੇ ਫਿਰ ਛੱਡ ਦਿੱਤਾ। ਅਨੇਕ ਹੋਰ ਇਸਤਰੀਆਂ ਸਨ ਜਿਨ੍ਹਾਂ ਸੁਤੰਤਰਤਾ ਸੰਗਰਾਮ ਵਿੱਚ ਵੱਡਾ ਰੋਲ ਅਦਾ ਕੀਤਾ ਅਤੇ ਬੜੇ ਸਿੱਦਕ ਨਾਲ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਇਆ। ਸੂਬੇ ਦੇ ਤੌਰ 'ਤੇ ਮਾਈ ਹੁਕਮ ਕੌਰ ਆਮ ਕਰਕੇ ਜਾਣੀ ਜਾਂਦੀ ਸੀ ਪਰ ਸੂਬਿਆਂ ਦੇ ਹੇਠ ਜਥੇਦਾਰਾਂ ਦੀ ਗਿਣਤੀ ਵਿੱਚ ਅਨੇਕ ਮਾਈਆਂ ਆਉਂਦੀਆਂ ਸਨ, ਜਿਹਨਾਂ ਦਾ ਨਾਮ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ ਉਹਨਾਂ ਵਿਚੋਂ ਮਾਈ ਇੰਦ ਕੌਰ ਹੰਢਿਆਇਆ (ਹੁਣ ਜਿਲ੍ਹਾ ਬਰਨਾਲਾ) ਅਤੇ ਮਾਈ ਖੇਮ ਕੌਰ ਦਿੱਤੂਪੁਰਾ (ਜਿਲ੍ਹਾ ਸੰਗਰੂਰ) ਨੇ ਇਸ ਜਥੇਬੰਦੀ ਵਿੱਚ ਅਹਿਮ ਭੂਮਿਕਾ ਨਿਭਾਈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸਾ ਨੂੰ ਦਿੜ੍ਹ ਕਰਕੇ ਫਿਰ ਤੋਂ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਰਹਿਣ ਅਤੇ ਸਮਕਾਲੀ ਪਰਸਥਿਤੀਆਂ ਨਾਲ ਜੂਝਣ ਲਈ ਸਮਰੱਥ ਕੀਤਾ। ਪਹਿਲੀ ਵਾਰ 1 ਜੂਨ 1863 ਈ: ਨੂੰ ਲੁਧਿਆਣੇ ਜਿਲ੍ਹੇ ਦੇ ਸਿਆੜ੍ਹ ਪਿੰਡ ਵਿੱਚ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੀ ਰੀਤ ਸ਼ੁਰੂ ਕੀਤੀ ਅਤੇ ਉਹਨਾਂ ਨੂੰ ਬਰਾਬਰੀ ਦਾ ਦਰਜਾ ਦਿਵਾਇਆ ਅਤੇ ਅਨੁਆਈਆਂ ਨੂੰ ਆਦੇਸ਼ ਦਿੱਤਾ ਕਿ ਜੰਮਦੀਆਂ ਧੀਆਂ ਨੂੰ ਮਾਰਿਆ ਨਾ ਜਾਵੇ, ਬਾਲ ਵਿਆਹ ਦੀ ਪ੍ਰਥਾ ਖਤਮ ਕੀਤੀ ਜਾਵੇ, ਕੁੜੀ ਵੇਚਣੀ ਬੰਦ ਕੀਤੀ ਜਾਵੇ, ਵੱਟੇ ਦਾ ਸਾਕ ਬੰਦ ਕੀਤਾ ਜਾਵੇ। ਲੜਕੀਆਂ ਲਈ ਸਿੱਖਿਆ ਅਤੇ ਵਿਧਵਾ ਲਈ ਮੁੜ ਵਿਆਹ ਕਰਨਾ ਜ਼ਰੂਰੀ ਕੀਤਾ। ਇਸਤਰੀ ਜਾਤੀ ਲਈ ਨਾਮਧਾਰੀ ਲਹਿਰ ਨੇ ਜੋ ਅਸੂਲ ਬਣਾਏ ਜੇਕਰ ਅੱਜ ਵੀ ਉਨ੍ਹਾਂ ਨੂੰ ਆਪਣਾ ਲਿਆ ਜਾਵੇ ਤਾਂ ਬਹੁਤ ਹੀ ਮਸਲੇ ਹੱਲ ਹੋ ਜਾਂਦੇ ਹਨ। ਸਤਿਗੁਰੂ ਰਾਮ ਸਿੰਘ ਦੇ ਉਪਦੇਸ਼ ਅੱਜ ਵੀ ਉਨੇ ਹੀ ਸਾਰਥਿਕ ਹਨ ਜਿੰਨੇ ਪਹਿਲੇ ਸੀ। ਉਹਨਾਂ ਦੇ ਅਜਿਹੇ ਦ੍ਰਿਸ਼ਟੀਕੋਣ ਨਾਲ ਨਾਮਧਾਰੀਆਂ ਵਿੱਚ ਇਸਤਰੀ ਜਾਤੀ ਪ੍ਰਤੀ ਆਦਰ ਦੀ ਭਾਵਨਾ ਵਿਕਸਤ ਹੋਈ ਅਤੇ ਉਹ ਸਮਾਜ ਵਿੱਚ ਮਰਦਾਂ ਨਾਲ ਬਰਾਬਰ ਹੋ ਕੇ ਵਿਚਰਨ ਲੱਗੀਆਂ ਅਤੇ ਅੱਜ ਵੀ ਹਰੇਕ ਖੇਤਰ ਵਿੱਚ ਖੁੱਲ੍ਹ ਕੇ ਭਾਗ ਲੈਂਦੀਆਂ ਹਨ।

ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਤੋਂ ਅਗਲਾ ਕਦਮ ਉਹਨਾਂ ਨੇ ਆਨੰਦ ਕਾਰਜ ਦੀ ਰੀਤ ਨੂੰ ਆਰੰਭਿਆ। ਸਤਿਗੁਰੂ ਰਾਮ ਸਿੰਘ ਨੇ 3 ਜੂਨ 1863 ਨੂੰ ਪਿੰਡ ਖੋਟੇ ਜ਼ਿਲ੍ਹਾ (ਹੁਣ ਫਰੀਦਕੋਟ) ਵਿਖੇ ਕੁਝ ਅੰਤਰਜਾਤੀ ਜੋੜਿਆਂ ਦੇ ਸਮੂਹਿਕ ਵਿਆਹ ਕਰਕੇ "ਗੁਰਮਤ ਅਨੰਦ ਕਾਰਜ" ਦੀ ਮਰਿਆਦਾ ਆਰੰਭੀ। ਇਸਦੇ ਆਧਾਰ ਤੇ ਹੀ ਭਾਰਤ ਸਰਕਾਰ ਨੇ "ਆਨੰਦ ਮੈਰਿਜ ਐਕਟ" 22 ਅਕਤੂਬਰ 1909 ਨੂੰ ਪਾਸ ਕੀਤਾ ਸੀ। ਇਹ ਪ੍ਰੰਪਰਾ ਅੱਜ ਵੀ ਚੱਲੀ ਆ ਰਹੀ ਹੈ, ਇਹ ਨਾਮਧਾਰੀ ਲਹਿਰ ਵਿੱਚ ਸਭ ਤੋਂ ਵੱਡੀ ਦੇਣ ਹੈ। ਇਹਨਾਂ ਗਤੀਵਿਧੀਆਂ ਦੌਰਾਨ ਹੀ ਨਾਮਧਾਰੀਆਂ ਦੀ ਨਜ਼ਰਬੰਦੀ ਦਾ ਦੌਰ ਸ਼ੁਰੂ ਹੋਇਆ। ਇਸ ਸਮੇਂ ਵੀ ਸਤਿਗੁਰੂ ਜੀ ਨੇ ਇਸਤਰੀ ਸ਼ਕਤੀ ਨੂੰ ਜਗਾਉਣ, ਜਥੇਬੰਦਕ ਰੂਪ ਦੇਣ ਅਤੇ ਸੁਤੰਤਰਤਾ ਅੰਦੋਲਨ ਵਿੱਚ ਹਿੱਸੇਦਾਰ ਬਣਾਉਣ ਲਈ ਸਖਤ ਮਿਹਨਤ ਕੀਤੀ।

ਨਾਮਧਾਰੀ ਸਾਹਿਤ ਦਾ ਸਭ ਤੋਂ ਕੀਮਤੀ ਖ਼ਜਾਨਾ ਹੁਕਮਨਾਮੇ ਹਨ। ਜੋ ਸਮੇਂ ਸਮੇਂ ਤੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਰੰਗੂਨ (ਬਰਮਾ) ਤੋਂ ਭੇਜੇ ਜਾਂਦੇ ਸਨ। ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਵੱਲੋਂ ਪ੍ਰਕਾਸਿਤ ਸ: ਜਸਵਿੰਦਰ ਸਿੰਘ ਵੱਲੋਂ ਸੰਪਾਦਿਤ ਪੁਸਤਕ "ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ" ਵਿੱਚ 65 ਹੁਕਮਨਾਮਿਆਂ ਦੀ ਸੂਚੀ ਹੈ। ਇਹਨਾਂ ਵਿਚੋਂ 10 ਹੁਕਮਨਾਮੇ ਅਜਿਹੇ ਹਨ ਜਿਨ੍ਹਾਂ ਵਿੱਚ ਇਸਤਰੀ ਜਾਤੀ ਦੇ ਮਾਣ ਸਨਮਾਨ ਨੂੰ ਦਰਸਾਇਆ ਗਿਆ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਤੋਂ ਭੇਜੇ ਹੁਕਮਨਾਮਿਆਂ ਵਿਚ ਕਈ ਦੇਸ਼ ਭਗਤ ਮਾਈਆਂ ਦੇ ਜ਼ਿਕਰ ਆਉਂਦੇ ਹਨ। ਇਸ ਤੋਂ ਇਲਾਵਾ ਇਹਨਾਂ ਹੁਕਮਨਾਮਿਆਂ ਵਿੱਚ ਸਿੱਖ ਸੰਗਤਾਂ ਨੂੰ ਬਾਣੀ ਪੜ੍ਹਨ, ਸਿਮਰਨ ਕਰਨ,ਤਨ ਮਨ ਨੂੰ ਨਿਰਮਲ ਕਰਨ, ਚੰਗਾ ਕਿਰਦਾਰ ਬਣਾਉਣ ਅਤੇ ਨੈਤਿਕਤਾ ਤੇ ਜ਼ੋਰ ਦਿੱਤਾ ਗਿਆ ਹੈ। ਕੁਝ ਹੁਕਮਨਾਮਿਆਂ ਵਿੱਚ ਕੁੜੀ ਮੁੰਡੇ ਦੇ ਵਿਆਹ ਦੀ ਉਮਰ (ਅਠਾਰਾਂ ਬਰਸ ਕੀ ਲੜਕੀ, ਬੀਸ ਬਰਸ ਕਾ ਲੜਕਾ ਹੋਵੇ ਤਾਂ ਵਿਆਹ ਕਰਨਾ, ਉਰੇ ਨਹੀਂ ਕਰਨਾ -ਹੁਕਮਨਾਮਾ (23), ਵੱਟਾ ਨਾ ਕਰਨਾ, ਬਾਲ ਵਿਆਹ ਨਾ ਕਰਨਾ, ਕੁੜੀਮਾਰ ਪ੍ਰਥਾਵਾਂ ਦਾ ਜ਼ਿਕਰ ਕੀਤਾ ਹੋਇਆ ਹੈ। ਇਹ ਹੁਕਮਨਾਮੇ ਇਸਤਰੀ ਜਾਤੀ ਦੇ ਸਨਮਾਨ ਅਤੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਵਿੱਚ ਵਿਸ਼ੇਸ ਮਹੱਤਤਾ ਰੱਖਦੇ ਹਨ। ਜਿਵੇਂ ਕਿ..........

"ਹੋਰ ਆਗੈ ਜੋ ਲੜਕੀ ਮਾਰ ਦੇਵੇ ਦਾ ਅਰੁ ਲੜਕੀ ਬੇਚਣੇ ਦਾ, ਬਟਾ ਕਰਨੇ ਦਾ ਬੜਾ ਪਾਪ ਹੈ। ਜੋ ਲੜਕੀਆਂ ਮੇ ਬਹੁਤ ਹੀ ਗੁਣ ਹੈਨ। ਅਨੇਕ ਤਰ੍ਹਾਂ ਦੇ ਸੁਖ ਦਿੰਦੀਆਂ ਹੈਨ ਇਸਤਰੀਆਂ। ਗਿਣੇ ਨਹੀਂ ਜਾਂਦੇ ਮੇਰੇ ਪਾਸ 'ਤੇ। ਕੁੜੀ ਦਾ ਮਾਰਨਾ ਗਊ ਮਾਰਨ ਤੇ ਬੀ ਬੜਾ ਪਾਪ ਹੈ। ਅਰੁ ਬੱਟੇ ਕਰਨੇ ਦੰਮ ਲੈਣੇ ਤੇ ਕੁੜੀ ਕੋ ਬਰ ਅੱਛਾ ਨਹੀਂ ਮਿਲਦਾ, ਕੇ ਬੁੱਢਾ ਜਾਂ ਕਿਸੋਹਣਾ ਲੱਭਦਾ ਹੈ। ਦੰਮ ਲੈਣੇ ਤੇ ਨਾਲੇ ਕੁੜੀ ਦੇ ਘਰ ਰਿਜੁਕ ਨਹੀਂ ਰਹਿੰਦਾ। ਕੁੜੀ ਬਹੁਤ ਦੁਖੀ ਹੁੰਦੀ ਹੈ ਤੇ ਨਾਲੇ ਬਿਭਿਚਾਰਨੀ ਹੋਇ ਜਾਦੀ ਹੈ। ਬਹੁਤੇ ਥਾਈਂ ਖਰਾਬ ਹੁੰਦੀ ਰਹਿੰਦੀ ਹੈ ਇਹ ਸਾਰਾ ਪਾਪ ਮਾਪਿਆਂ ਕੋ ਲਗਦਾ ਹੈ (ਹੁਕਮਨਾਮਾ 28)

ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਦਾ ਆਦਰ ਕਰਨ ਲਈ ਜੋ ਬੀੜਾ ਉਠਾਇਆ ਸੀ ਉਸ ਵਜੋਂ ਜੋ ਅੱਜ ਇਸਤਰੀ ਦੀ ਸਥਿਤੀ ਹੈ ਅਤੇ ਜਿਸ ਦਿਸ਼ਾ ਵੱਲ ਉਹ ਜਾ ਰਹੀ ਹੈ ਬੱਚੀਆਂ ਨੂੰ ਕੁੱਖ ਵਿੱਚ ਮਾਰਨ ਦੀ ਗੱਲ ਕਹੀ ਜਾ ਰਹੀ ਹੈ, ਉਸ ਪ੍ਰਤੀ ਵਿਚਾਰ ਕਰਨ ਦੀ ਜਰੂਰਤ ਹੈ। ਜਿੱਥੇ ਸਤਿਗੁਰੂ ਰਾਮ ਸਿੰਘ ਜੀ ਨੇ ਅਜ਼ਾਦੀ ਦੀ ਲਹਿਰ ਨੂੰ ਆਤਮਿਕ ਬੱਲ ਦਿੱਤਾ ਉਥੇ ਇਸਤਰੀ ਜਾਤੀ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ ਅਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਦੇ ਉਪਰਾਲੇ ਕੀਤੇ। ਉਨ੍ਹਾਂ ਪਿੱਛੋਂ ਉਨਾਂ ਦੇ ਉੱਤਰਾਧਿਕਾਰੀ ਸਤਿਗੁਰੂ ਹਰੀ ਸਿੰਘ ਜੀ ਨੇ ਨਾਮਧਾਰੀ ਲਹਿਰ ਨੂੰ ਬੜੇ ਸੁਚੱਜੇ ਢੰਗ ਨਾਲ ਚਾਲੂ ਰੱਖਿਆ ਅਤੇ ਆਪਣੇ ਅਨੁਆਈਆਂ ਨੂੰ ਨਾਮ ਸਿਮਰਨ ਵਿੱਚ ਦ੍ਰਿੜ ਕਰਕੇ ਉਨ੍ਹਾਂ ਦਾ ਮਨੋਬਲ ਬਣਾਈ ਰੱਖਿਆ। ਉਹਨਾਂ ਅੰਗਰੇਜ਼ੀ ਸਮਾਰਾਜ ਦੀ ਕਰੜੀ ਸਖਤਾਈ ਦੇ ਬਾਵਜੂਦ ਵੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈਆਂ, ਸਮਾਜਿਕ ਅਤੇ ਧਾਰਮਿਕ ਗਤੀਵਿਧੀਆਂ ਨੂੰ ਅੱਗੇ ਤੋਰੀ ਰੱਖਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਛੋਟੀ ਜਿਹੀ ਉਮਰ ਵਿੱਚ ਹੀ ਇਸ ਲਹਿਰ ਦੀ ਵਾਗ ਡੋਰ ਸੰਭਾਲੀ। ਆਪ ਜੀ ਨੇ ਭੈਣੀ ਸਾਹਿਬ ਵਿਖੇ ਅਜਿਹਾ ਮਾਹੌਲ ਪੈਦਾ ਕੀਤਾ ਜਿਸ ਨਾਲ ਸਵੱਛਤਾ ਅਤੇ ਪਵਿੱਤਰਤਾ ਛਾਈ ਰਹੀ। ਉਨਾਂ ਨਾਮ ਬਾਣੀ ਦਾ ਪ੍ਰਵਾਹ "ਸ਼੍ਰੀ ਭੈਣੀ ਸਾਹਿਬ" (1933) ਵਿੱਚ ਅਤੇ ਸ੍ਰੀ ਜੀਵਨ ਨਗਰ (1947) ਵਿਖੇ ਲਗਾਤਾਰ ਜਾਰੀ ਰੱਖਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਦਰਬਾਰ ਦੀ ਸਥਾਪਨਾ ਕੀਤੀ ਤਾਂ ਜੋ ਉਸ ਸਮੇਂ ਦੇ ਧਾਰਮਿਕ, ਸਮਾਜਿਕ ਅਤੇ ਦੇਸ਼ ਭਗਤੀ ਦੇ ਪ੍ਰੋਗਰਾਮਾਂ ਵਿੱਚ ਹਿੱਸਾ ਪਾਇਆ ਜਾ ਸਕੇ। ਨਾਮਧਾਰੀ ਲਹਿਰ ਨੂੰ ਮਜ਼ਬੂਤ ਰੱਖਣ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1934 ਈ: ਵਿੱਚ "ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ ਅਤੇ 1943 ਵਿੱਚ "ਹਿੰਦੂ ਸਿੱਖ ਮਿਲਾਪ ਕਾਨਫਰੰਸ ਸ਼੍ਰੀ ਭੈਣੀ ਸਾਹਿਬ ਵਿਖੇ ਬੁਲਾਈ। ਅਜ਼ਾਦੀ ਤੋਂ ਬਾਅਦ ਪਾਕਿਸਤਾਨ ਤੋਂ ਉੱਜੜ ਕੇ ਆਏ ਸਿੱਖਾਂ ਨੂੰ ਨਵਾਂ ਜੀਵਨ ਦਿੱਤਾ ਅਤੇ ਸ੍ਰੀ ਜੀਵਨ ਨਗਰ (ਜ਼ਿਲ੍ਹਾ ਸਰਸਾ) ਵਸਾਇਆ। ਉਹਨਾਂ ਸਮਾਜ ਸੁਧਾਰ ਦੇ ਖੇਤਰ ਵਿੱਚ ਵਿਆਹ ਦੀਆਂ ਫਜ਼ੂਲ ਰਸਮਾਂ ਨੂੰ ਤਿਆਗਣ 'ਤੇ ਜੋਰ ਦਿੱਤਾ ਅਤੇ ਵਾਧੂ ਖਰਚਿਆਂ ਨੂੰ ਘਟਾਇਆ ਅਤੇ ਸਾਦਾ ਪਵਿੱਤਰ ਜੀਵਨ ਬਤੀਤ ਕਰਨ, ਵੰਡ ਛੱਕਣ, ਸ਼ੁੱਧਤਾ ਅਤੇ

ਸਾਦੇ ਪਹਿਰਾਵੇ ਨੂੰ ਤਹਿਜੀਹ ਦਿੱਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਾਈਆਂ ਨੂੰ ਸਿੱਖਾਂ ਸਮਾਨ ਭਜਨ ਬਾਣੀ ਕਰਨ ਦਾ ਰਾਹ ਖੋਲ੍ਹ ਦਿੱਤਾ। ਇਹ ਇਸਤਰੀ ਜਾਤੀ ਲਈ ਬਹੁਤ ਵੱਡਾ ਉਪਕਾਰ ਹੈ। ਇਸ ਸਮੇਂ ਵੀ ਇਸਤਰੀ ਜਾਤੀ ਨੂੰ ਉੱਚਾ ਦਰਜਾ ਦੇਣ ਦਾ ਉਪਰਾਲਾ ਕੀਤਾ ਗਿਆ। ਅੰਗਰੇਜ਼ੀ ਸਰਕਾਰ ਨਾਮਧਾਰੀਆਂ ਦੀਆਂ ਇਹਨਾਂ ਗਤੀਵਿਧੀਆਂ ਨੂੰ ਦਬਾਉਣ ਵਿੱਚ ਰੁਝੀ ਰਹੀ ਪਰ ਕਾਮਯਾਬ ਨਾ ਹੋ ਸਕੀ।

ਸਤਿਗੁਰੂ ਜਗਜੀਤ ਸਿੰਘ ਜੋ ਰੂਹਾਨੀ ਸ਼ਖਸ਼ੀਅਤ ਹਨ ਉਹਨਾਂ ਹਰ ਖੇਤਰ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਕਾਰਜ ਨੂੰ ਆਰੰਭੀ ਰੱਖਿਆ। ਅੱਜ ਪੰਜਾਬ ਵਿੱਚ "ਸ਼੍ਰੀ ਭੈਣੀ ਸਾਹਿਬ" (ਨਾਮਧਾਰੀ ਗਤੀਵਿਧੀਆਂ ਦਾ ਮੂਲ ਕੇਂਦਰ) ਇਤਿਹਾਸਕ ਪਿੰਡ ਵਜੋਂ ਨਾਮਧਾਰੀ ਸੰਪਰਦਾ ਦਾ ਅਜਿਹਾ ਕੇਂਦਰ ਹੈ ਜਿੱਥੇ ਗੁਰਬਾਣੀ ਦਾ ਅਥਾਹ ਸਮੁੰਦਰ ਠਾਠਾਂ ਮਾਰ ਰਿਹਾ ਹੈ। ਗੁਰਬਾਣੀ ਦਾ ਅਦਬ ਅਤੇ ਮਰਿਆਦਾ ਜੋ ਇੱਥੋਂ ਮਿਲਦੀ ਹੈ ਉਹ ਸਮਾਜ ਦੀ ਸਿਰਜਨਾ ਦਾ ਅਹਿਮ ਰਾਹ ਹੈ। ਸਤਿਗੁਰੂ ਜਗਜੀਤ ਸਿੰਘ ਜੀ ਸਿੱਖੀ ਸਰੂਪ ਕਾਇਮ ਰੱਖਣ ਲਈ, ਸਾਦਾ ਅਤੇ ਸਮੂਹਿਕ ਕਾਰਜਾਂ ਦੀ ਮਰਿਆਦਾ ਜਾਰੀ ਰੱਖਣ ਲਈ, ਨਸ਼ਿਆਂ ਤੋਂ ਬਚਣ ਲਈ, ਸਿੱਖਿਆ, ਖੇਡਾਂ, ਸੰਗੀਤ, ਗੁਰਬਾਣੀ, ਖੇਤੀਬਾੜੀ, ਦਵਾਦਾਰੂ, ਬਿਰਧ ਆਸ਼ਰਮ, ਵਾਤਾਵਰਣ ਦੀ ਸ਼ੁੱਧਤਾ ਅਤੇ ਵਿਸ਼ਵ ਸ਼ਾਂਤੀ ਆਦਿ ਖੇਤਰਾਂ ਵਿੱਚ ਕਾਰਜ ਕਰਕੇ ਸਮੁੱਚੇ ਜਗਤ ਨੂੰ ਰੌਸ਼ਨੀ ਪ੍ਰਦਾਨ ਕਰ ਰਹੇ ਹਨ।

ਸਿੱਖ ਇਤਿਹਾਸ ਵਿੱਚ ਸੂਬਾ ਪਦ ਬਹੁਤ ਹੀ ਉੱਚਾ, ਸੁੱਚਾ ਅਤੇ ਨਿਆਮਤ ਵਾਲਾ ਪਦ ਹੈ ਜਿਸ ਨੂੰ ਵੀ ਇਹ ਪਦ ਪ੍ਰਾਪਤ ਹੁੰਦਾ ਹੈ ਉਹ ਬਹੁਤ ਭਾਗਾਂ ਵਾਲਾ ਹੁੰਦਾ ਹੈ। (ਸੂਬਾ ਸੁਰਿੰਦਰ ਕੌਰ ਖਰਲ ਇੰਟਰਵਿਉ 6 ਮਾਰਚ, 2010) ਪਿੱਛੇ ਵੀ ਦੱਸਿਆ ਹੈ ਸਭ ਤੋਂ ਪਹਿਲਾਂ ਇਸ ਪਦ ਦੀ ਉਪਾਧੀ ਸਤਿਗੁਰੂ ਰਾਮ ਸਿੰਘ ਜੀ ਨੇ 22 ਸਿੰਘਾਂ ਨੂੰ ਅਤੇ ਇੱਕ ਬੀਬੀ ਨੂੰ ਬਖਸ਼ਿਸ ਕੀਤੀ ਸੀ। "ਸੂਬਾ" ਉਪਾਧੀ ਦੀ ਬਖ਼ਸ਼ਿਸ ਮੌਕੇ ਦੇ ਸਤਿਗੁਰੂ ਵੱਲੋਂ ਦਿੱਤੀ ਜਾਂਦੀ ਰਹੀ ਹੈ। ਉਹਨਾਂ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਅਨੇਕ ਸਿੰਘਾਂ ਨੂੰ ਅਤੇ ਸਿਰਫ ਤਿੰਨ ਬੀਬੀਆਂ ਨੂੰ ਨਾਮਧਾਰੀ ਸਮਾਜ ਦੇ ਪ੍ਰਬੰਧ ਵਿੱਚ ਮੁੜ ਤੋਂ ਸੂਬੇ ਥਾਪਿਆ ਹੈ। ਇਹ ਬੀਬੀਆਂ ਹਨ: ਸੂਬਾ ਸੁਰਿੰਦਰ ਕੌਰ ਖਰਲ, (ਰੋਪੜ) ਸੂਬਾ ਮਹਿੰਦਰ ਕੌਰ, (ਹੁਸ਼ਿਆਰਪੁਰ) ਅਤੇ ਸੂਬਾ ਮਹਿੰਦਰ ਕੌਰ (ਬੈਂਕਾਕ) ਹਨ। ਸਤਿਗੁਰੂ ਜਗਜੀਤ ਸਿੰਘ ਨੇ ਸੂਬਾ ਸੁਰਿੰਦਰ ਕੌਰ ਖਰਲ ਅਤੇ ਸੂਬਾ ਮਹਿੰਦਰ ਕੌਰ (ਹੁਸ਼ਿਆਰਪੁਰ) ਨੂੰ ਅਪਰੈਲ 1994 ਤੋਂ ਨਾਮਧਾਰੀ ਪੰਥ ਵਿੱਚ ਸੂਬਾ ਦੀ ਬਖ਼ਸ਼ਿਸ ਕੀਤੀ ਹੈ ਅਤੇ ਸੂਬਾ ਮਹਿੰਦਰ ਕੌਰ (ਬੈਂਕਾਕ) ਨੂੰ 4 ਸਾਲ ਬਾਅਦ ਸੂਬਾ ਦੀ ਉਪਾਧੀ ਬਖਸ਼ਿਸ ਕੀਤੀ ਸੀ। ਇਹ ਬਖਸ਼ਿਸ ਜਿਸ ਦਾ ਸਾਰੀ ਸੰਗਤ ਮਾਣ ਕਰਦੀ ਹੈ। ਸੂਬਾ ਆਪ ਸਤਿਗੁਰੂ ਜੀ ਦੇ ਹੁਕਮ ਵਿੱਚ ਰਹਿੰਦਾ ਹੈ, ਹੁਕਮ ਤਮੀਲੀ ਵਾਸਤੇ ਸੰਗਤ ਨੂੰ ਪ੍ਰੇਰਦਾ ਹੈ ਅਤੇ ਕੁਰਹਿਤਾਂ ਤੋਂ ਬਚਣ ਦਾ ਪ੍ਰਚਾਰ ਕਰਦਾ ਹੈ। ਸੂਬਾ ਬਣਾਉਣ ਦਾ ਜਾਂ ਹਟਾਉਣ ਦਾ ਅਧਿਕਾਰ ਸਿਰਫ ਵਰਤਮਾਨ ਸਤਿਗੁਰੂ ਜੀ ਨੂੰ ਹੀ ਹੁੰਦਾ ਹੈ। ਸੂਬਾ ਸੁਰਿੰਦਰ ਕੌਰ ਖਰਲ ਦਾ ਪਿਛੋਕੜ ਨਾਮਧਾਰੀ ਸ਼ਹੀਦ ਬਿਸ਼ਨ ਸਿੰਘ ਦੇ ਪਰਿਵਾਰ ਵਿਚੋਂ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਬੀਬੀ ਸੁਰਿੰਦਰ ਕੌਰ ਦੀ ਮਿਹਨਤ, ਲਗਨ, ਆਤਮ ਵਿਸ਼ਵਾਸ, ਸਾਹਿਤਕ ਰੁਚੀਆਂ ਅਤੇ ਸਮਰਪਿਤ ਭਾਵਨਾ ਨੂੰ ਮੁੱਖ ਰੱਖਦੇ ਹੋਏ, ਸੂਬੇ ਦਾ ਅਹੁਦਾ ਦਿੱਤਾ ਹੈ ਜਿਹੜਾ ਨਾਮਧਾਰੀ ਇਤਿਹਾਸ ਵਿੱਚ ਇਸਤਰੀ ਦੇ ਮਾਣ-ਸਨਮਾਨ ਦਾ ਚਮਕਦਾ ਸਿਤਾਰਾ ਬਣ ਗਿਆ ਹੈ। ਇਸੇ ਤਰਾਂ 29 ਦਸੰਬਰ 1991 ਨੂੰ ਸਤਿਗੁਰਾਂ ਨੇ "ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ ਇਸਤਰੀ ਵਿੰਗ (ਰਜਿ.)" ਦੀ ਪ੍ਰਧਾਨ ਦੀ ਸੇਵਾ ਦੀ ਬਖਸ਼ਿਸ ਸੂਬਾ ਸੁਰਿੰਦਰ ਕੌਰ ਖਰਲ ਨੂੰ ਦਿੱਤੀ ਸੀ। ਸਤਿਗੁਰੂ ਜਗਜੀਤ ਸਿੰਘ ਨੇ ਸੰਨ 1992 ਵਿੱਚ ਪੰਜਾਬ ਸਰਕਾਰ ਵੱਲੋਂ ਬਣਾਏ "ਕੂਕਾ ਸ਼ਹੀਦ ਯਾਦਗਾਰੀ ਟਰੱਸਟ (ਰਜਿ.)" ਦਾ ਟਰੱਸਟੀ ਅਤੇ ਸੰਨ 1994 ਵਿਚ ਭੈਣੀ ਸਾਹਿਬ ਤੇ ਰਾਈਆ ਡਿਵੈਂਲਪਮੈਂਟ ਬੋਰਡ (ਰਜਿ.) ਦੀ ਮੈਂਬਰ ਵੀ ਸੂਬਾ ਸੁਰਿੰਦਰ ਕੌਰ ਖਰਲ ਨੂੰ ਬਣਾਇਆ ਹੈ। ਇਹ ਅਹੁੱਦੇ ਦੇ ਕੇ ਸਤਿਗੁਰਾਂ ਨੇ ਇਸਤਰੀ ਦੇ ਮਾਣ ਸਨਮਾਣ ਨੂੰ ਹੋਰ ਵੀ ਉੱਚਾ ਕੀਤਾ ਹੈ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਉੱਚੀ ਸੁੱਚੀ ਸੋਚ ਨੂੰ ਬਰਕਰਾਰ ਰੱਖਿਆ ਹੈ।

ਨਾਮਧਾਰੀ ਲਹਿਰ ਦਾ ਸਾਹਿਤ ਬਹੁਤ ਰੋਚਕ ਅਤੇ ਮਹੱਤਵਪੂਰਨ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ

ਨਾਮਧਾਰੀ ਲਹਿਰ 'ਤੇ ਕਾਫੀ ਕੁਝ ਲਿਖਿਆ ਜਾ ਚੁੱਕਾ ਹੈ ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸਾਹਿਤਕ ਖੇਤਰ ਵਿੱਚ ਰੁਚੀ ਵਧੀ ਹੈ। ਜੇਕਰ ਨਾਮਧਾਰੀ ਸਾਹਿਤ ਨੂੰ ਪੜ੍ਹਿਆ ਜਾਵੇ ਤਾਂ ਬਹੁਤ ਸਾਰੇ ਲੇਖਕਾਂ ਦੀ ਨਾਮਧਾਰੀ ਸਾਹਿਤ ਵਿੱਚ ਬਹੁਤ ਵੱਡੀ ਦੇਣ ਹੈ। ਸੰਨ 1857 ਤੋਂ ਲੈ ਕੇ ਹੁਣ ਤੱਕ ਬਹੁਤ ਸਾਰੇ ਲੇਖਕਾਂ ਦੇ ਨਾਮ ਗਿਣਾਏ ਜਾ ਸਕਦੇ ਹਨ ਜਿਨ੍ਹਾਂ ਵਿੱਚ ਬਾਬਾ ਚੰਦਾ ਸਿੰਘ, ਬਾਬਾ ਨਿਹਾਲ ਸਿੰਘ, ਬਾਬਾ ਕਾਲਾ ਸਿੰਘ, ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਨਿਧਾਨ ਸਿੰਘ, ਸੰਤ ਤਰਨ ਸਿੰਘ ਵਹਿਮੀ, ਸ੍ਰੀ ਅਮਰ ਭਾਰਤੀ ਅਤੇ ਸ. ਨਾਹਰ ਸਿੰਘ ਆਦਿ ਹਨ। ਨਾਮਧਾਰੀ ਸਾਹਿਤ ਵਿੱਚ ਬਹੁਤ ਸਾਰੇ ਲੇਖਕਾਂ ਤੋਂ ਇਲਾਵਾ ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ ਦਾ ਨਾਮ ਪੰਜਾਬੀ ਸਾਹਿਤ ਵਿੱਚ ਆਪਣੀ ਲਿਖਤਾਂ (ਕਹਾਣੀ, ਕਵਿਤਾ, ਲੇਖ, ਜੀਵਨੀ, ਬਾਲ ਸਾਹਿਤ, ਸਫ਼ਰਨਾਮੇ, ਖੋਜ ਪੱਤਰ ਤੇ ਬੰਸਾਵਲੀ) ਕਾਰਨ ਦਰਜ ਹੈ। ਉਹਨਾਂ ਆਪਣੀਆਂ ਪੁਸਤਕਾਂ ਰਾਹੀਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਵਿੱਚ ਹਿੱਸਾ ਪਾਇਆ ਹੈ। ਉਹਨਾਂ ਦਾ ਪਹਿਲਾ ਕਹਾਣੀ ਸੰਗ੍ਰਹਿ "ਤ੍ਰਿਸ਼ਨਾ" ਸੰਨ 1987 ਵਿੱਚ ਛਪਿਆ, ਜਿਸ ਵਿੱਚ ਉਹਨਾਂ ਨੇ ਜੀਵਨ ਦੇ ਵੱਖ ਵੱਖ ਵਿਸ਼ਿਆਂ ਨੂੰ ਬੜੀ ਚੇਤੰਨ ਹੋ ਕੇ ਕਲਮਬੰਧ ਕੀਤਾ ਹੈ ਅਤੇ ਖਾਸ ਕਰਕੇ ਇਸਤਰੀ ਜਾਤੀ ਦੇ ਅੰਦਰਲੇ ਅਹਿਸਾਸਾਂ ਤੇ ਪਰਤਾਂ ਨੂੰ ਕੁਰੇਦ ਕੇ ਲਿਖਿਆ ਹੈ। ਉਹਨਾਂ ਨੇ ਆਪਣੇ ਨਿੱਜੀ ਤਜਰਬਿਆਂ ਵਿੱਚੋਂ ਇਕ ਸਦਾਚਾਰਕ ਇਸਤਰੀ ਨੂੰ ਪੇਸ਼ ਕੀਤਾ ਹੈ ਅਤੇ ਆਪਣੀ ਕਲਮ ਨੂੰ ਸਮਾਜ ਕਲਿਆਣ ਦੇ ਹਿੱਤਾਂ ਵਿੱਚ ਵਰਤਿਆ ਹੈ। ਇਸ ਕਹਾਣੀ ਸੰਗ੍ਰਹਿ ਤੋਂ ਬਾਅਦ ਇਨ੍ਹਾਂ ਨੇ "ਰੂਹ ਪੰਜਾਬ ਦੀ" (ਜੀਵਨੀ ਮਹਾਂਰਾਣੀ ਜਿੰਦ ਕੌਰ) 1990, "ਵੱਡ ਪ੍ਰਤਾਪੀ ਸਤਿਗੁਰੂ" (ਜੀਵਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) 1991, "ਮਹਾਂਬਲੀ ਰਣਜੀਤ ਸਿੰਘ" (ਜੀਵਨੀ ਮਹਾਰਾਜਾ ਰਣਜੀਤ ਸਿੰਘ) 1991 "ਬਖਸ਼ਿਸ (ਕਾਵਿ ਸੰਗ੍ਰਹਿ) 1997, ਪ੍ਰਕਾਸ਼ ਪੁੰਜ ਭਾਗ ਪਹਿਲਾ (ਜੀਵਨੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) 1997, "ਬਰਮਾ ਦੀ ਯਾਤਰਾ", "ਅਫਰੀਕਾ ਦੀ ਯਾਤਰਾ", "ਤੂੰ ਹੀ ਤੂੰ" (ਕਵਿਤਾਵਾਂ) "ਬੰਸਾਵਲੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ", "ਕੂਕਾ ਅੰਦੋਲਨ ਦੇ ਮਹਾਨ ਸੁਤੰਤਰਤਾ ਸੰਗਰਾਮੀ ਨਾਮਧਾਰੀ ਸ਼ਹੀਦ", ਆਦਿ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ।

ਇਹਨਾਂ ਸਾਰੀਆਂ ਪੁਸਤਕਾਂ ਵਿੱਚੋਂ ਸੂਬਾ ਸੁਰਿੰਦਰ ਕੌਰ ਖਰਲ ਦੀ ਸਾਹਿਤ ਨੂੰ ਸਭ ਤੋਂ ਵੱਡੀ ਦੇਣ "ਪ੍ਰਕਾਸ਼ ਪੁੰਜ" ਦੀ ਰਚਨਾ ਹੈ। ਇਸ ਵਿੱਚ ਉਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੀਵਨੀ ਨੂੰ ਬਹੁਤ ਵਿਸਥਾਰ ਅਤੇ ਬਾਰੀਕੀ ਨਾਲ ਲਿਖਿਆ ਹੈ। ਇਸ ਪੁਸਤਕ ਵਿੱਚ ਸਤਿਗੁਰੂ ਜੀ ਦੇ ਬਚਪਨ ਤੋਂ ਲੈ ਕੇ ਹੁਣ ਤੱਕ ਦੇ ਜੀਵਨ ਦੇ ਦਰਸ਼ਨ ਕਰਵਾਏ ਹਨ। ਸਮੁੱਚੇ ਜੀਵਨ ਨੂੰ ਸੰਖੇਪ ਰੂਪ ਵਿੱਚ ਪੇਸ਼ ਕੀਤਾ ਹੋਇਆ ਹੈ। ਜੋ ਸਮੱਗਰੀ ਇਸ ਪੁਸਤਕ ਵਿੱਚ ਇਕੱਠੀ ਕੀਤੀ ਹੈ ਉਹ ਕੁੱਝ ਅੱਖੀਂ ਡਿੱਠੀਆਂ ਘਟਨਾਵਾਂ, ਕੁੱਝ ਖਾਸ ਮਹਾਂਪੁਰਖਾਂ ਤੋਂ ਗੱਲਾਂ ਸੁਣ ਕੇ, ਕੁਝ ਜਨਮ ਸਾਖੀਆਂ ਅਤੇ ਕੁਝ ਸਤਿਗੁਰੂ ਜੀ ਦੇ ਸਹਿਪਾਠੀਆਂ ਤੋਂ ਸੁਣ ਕੇ ਤਿਆਰ ਕੀਤੀ ਹੈ। ਇਸ ਪੁਸਤਕ ਵਿੱਚ ਸ੍ਰੀ ਸਤਿਗੁਰੂ ਜੀ ਨੂੰ "ਅਲਾਹੀ ਨੂਰ" ਵਿੱਚ ਰੰਗੀ ਮੂਰਤ ਵਜੋਂ ਪੇਸ਼ ਕੀਤਾ ਹੈ। ਇਹ ਪੁਸਤਕ ਨਾਮਧਾਰੀ ਦਰਬਾਰ ਦੀ ਪਹਿਲੀ ਪੁਸਤਕ ਹੈ ਜਿਸ ਨੂੰ ਐਨੀ ਬਰੀਕੀ ਨਾਲ ਘੋਖਿਆ ਤੇ ਲਿਖਿਆ ਗਿਆ ਹੈ। ਪ੍ਰਕਾਸ਼ ਪੁੰਜ ਦੀ ਰਚਨਾ ਬਹੁਤ ਸਾਰੇ ਤੱਥਾਂ ਉੱਤੇ ਭਰਪੂਰ ਜਾਣਕਾਰੀ ਦਿੰਦੀ ਹੈ। ਇਸਦਾ ਦੂਜਾ ਭਾਗ ਛਪਾਈ ਅਧੀਨ ਹੈ। ਪੁਸਤਕਾਂ 'ਬਖ਼ਸ਼ਿਸ' ਅਤੇ 'ਤੂੰ ਹੀ ਤੂੰ' (ਕਵਿਤਾ) ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਸ਼ਟ ਦੇਵ ਸਰੂਪ ਵਿੱਚ, ਪੇਸ਼ ਕੀਤਾ ਹੈ।

ਸਤਿਗੁਰੂ ਜਗਜੀਤ ਸਿੰਘ ਦੇ ਸਮੇਂ ਖੋਜ ਕਾਰਜਾਂ ਸਬੰਧੀ ਕੰਮ ਨਵੇਂ ਸਿਰਿਓਂ ਸ਼ੁਰੂ ਹੋਇਆ। ਸ. ਨਾਹਰ ਸਿੰਘ ਜੀ ਦੀ ਅਣਥੱਕ ਮਿਹਨਤ ਸਦਕਾ "ਕੂਕਾ ਡਾਕੂਮੈਂਟਸ" ਛਪੇ ਹਨ। ਇਸ ਵਿੱਚ ਕੂਕਾ ਲਹਿਰ ਦੀ ਅਦੁੱਤੀ ਜਾਣਕਾਰੀ ਦਿੱਤੀ ਗਈ ਹੈ। ਸਤਿਗੁਰਾਂ ਦੀ ਰਹਿਮਨੁਮਾਈ ਹੇਠ ਸੂਬਾ ਸੁਰਿੰਦਰ ਕੌਰ ਖਰਲ ਅਤੇ ਸਃ ਜਸਵਿੰਦਰ ਸਿੰਘ ਨੇ ਉੱਦਮ ਅਤੇ ਖੋਜ ਕਰਕੇ ਰੰਗੂਨ ਤੋਂ ਉਸ ਖੂਹ ਨੂੰ ਲੱਭਿਆ ਜਿਸਦਾ ਸਤਿਗੁਰੂ ਰਾਮ ਸਿੰਘ ਜੀ ਨਾਲ ਡੂੰਘਾ ਸੰਬੰਧ ਹੈ ਅਤੇ ਜਿਸ ਦਾ ਜ਼ਿਕਰ ਉਹਨਾਂ ਆਪਣੇ ਹੁਕਮਨਾਮਿਆਂ ਵਿੱਚ ਕੀਤਾ ਹੈ, ਉਸ ਖੂਹ ਦੀ ਇੱਕ ਇੱਟ ਲਿਆ ਕੇ ਸਤਿਗੁਰੂ ਰਾਮ ਸਿੰਘ ਜੀ ਦੀ ਕੁਰਬਾਨੀ ਨੂੰ ਪ੍ਰਤੱਖ ਰੂਪ ਵਿੱਚ ਸੰਗਤਾਂ ਵਿੱਚ ਪੇਸ਼ ਕੀਤਾ ਹੈ।

ਮਲੇਰਕੋਟਲੇ ਦਾ ਸਾਕਾ (ਸੰਨ1872) ਦੁਨੀਆਂ ਦੇ ਇਤਿਹਾਸ ਵਿਚ ਇਕ ਵੱਖਰੀ ਮਿਸਾਲ ਪੇਸ਼ ਕਰਦਾ ਹੈ ਮਲੇਰਕੋਟਲੇ ਵਿਖੇ ਸ਼ਹੀਦਾਂ ਦੀ ਯਾਦ ਵਿੱਚ ਮੇਲਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 18 ਜਨਵਰੀ 1955 ਵਿੱਚ ਆਰੰਭ ਕਰਵਾਇਆ ਸੀ। ਮਲੇਰਕੋਟਲੇ ਵਿਖੇ ਸ੍ਰੀ ਜਗਜੀਤ ਸਿੰਘ ਦੀ ਹਜ਼ੂਰੀ ਅਤੇ ਸਰਪ੍ਰਸਤੀ ਹੇਠ 24 ਜੂਨ 1993 ਨੂੰ ਜਦੋਂ ਸਭ ਤੋਂ ਵੱਡਾ ਮੇਲਾ ਹੋਇਆ ਉਸ ਸਮਾਗਮ ਵਿਚ ਸੂਬਾ ਸੁਰਿੰਦਰ ਕੌਰ ਖਰਲ ਨੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਪੇਸ਼ ਕੀਤਾ। ਸੂਬਾ ਜੀ ਨੇ ਮੈਨੂੰ ਦੱਸਿਆ ਕਿ ਮੇਰੇ ਮਨ ਵਿੱਚ ਸ਼ਹੀਦਾਂ ਦੇ ਪਿੰਡਾਂ ਵਿੱਚ ਜਾ ਕੇ ਉਹਨਾਂ ਦੇ ਪਰਿਵਾਰਾਂ ਨੂੰ ਲੱਭਣ ਦੀ ਰੀਝ ਪੈਦਾ ਹੋਈ। ਇਨਾਂ ਵਿੱਚੋਂ ਅਧਿਕਤਰ ਪਰਿਵਾਰ ਅੰਗਰੇਜ਼ੀ ਸਾਮਰਾਜ ਦੇ ਲਿਤਾੜੇ ਹੋਏ, ਨਾਮਧਾਰੀ ਪੰਥ ਅਤੇ ਵਿਰਸੇ ਨੂੰ ਭੁੱਲ ਚੁੱਕੇ ਸੀ ਅਤੇ ਕਈ ਤਾਂ ਆਪਣੇ ਬਜੁਰਗਾਂ ਦੀਆਂ ਸ਼ਹੀਦੀਆਂ ਦਾ ਗੌਰਵਮਈ ਇਤਿਹਾਸ ਭੁੱਲ ਵੀ ਚੁੱਕੇ ਸੀ। ਬਹੁਤ ਸਾਰਾ ਰਿਕਾਰਡ ਪਟਿਆਲਾ ਆਰਕਾਈਵ ਵਿਚੋਂ ਸਤਿਗੁਰਾਂ ਦੀ ਮਿਹਰ ਸਦਕਾ ਲੱਭਿਆ ਹੈ। ਸੂਬਾ ਸੁਰਿੰਦਰ ਕੌਰ ਖਰਲ ਨੇ ਇਸ ਸਾਕੇ ਨਾਲ ਸੰਬੰਧਤ ਅਤੇ ਕੂਕਾ ਅੰਦੋਲਨ ਦੇ ਮਹਾਨ ਸੁਤੰਤਰਤਾ ਸੰਗਰਾਮੀ ਨਾਮਧਾਰੀ ਸ਼ਹੀਦਾਂ ਦੀ ਕੁਰਬਾਨੀ ਦੀ ਇੱਕ ਲੰਬੀ ਲਿਸਟ ਤਿਆਰ ਕੀਤੀ ਹੈ। ਜਿਸ ਵਿੱਚ ਮਾਲਵੇ (ਨਾਮਧਾਰੀ ਲਹਿਰ ਦੀ ਰਣਭੂਮੀ ਹੈ) ਦੇ ਕਰੀਬ 108 ਪਿੰਡਾਂ ਦੇ ਨਾਮਧਾਰੀ ਸ਼ਹੀਦਾਂ ਦੇ ਪਰਿਵਾਰਾਂ ਦੇ ਇਕੱਲੇ ਇਕੱਲੇ ਨਾਮ, ਪਤਾ, ਜ਼ਿਲ੍ਹਾ ਤਹਿਸੀਲ, ਫੋਨ ਨੰਬਰ ਦਰਸਾਏ ਹਨ।

ਬੰਸ਼ਾਵਲੀ ਵਿਧਾ ਨੂੰ ਪ੍ਰਵੇਸ਼ ਕਰਵਾਉਣ ਦਾ ਕਾਰਜ ਬਹੁਤ ਕਠਿਨ ਹੈ। ਇਹ ਕਠਿਨ ਕਾਰਜ ਸੂਬਾ ਸੁਰਿੰਦਰ ਕੌਰ ਖਰਲ ਨੇ ਇੱਕ ਔਰਤ ਹੁੰਦਿਆਂ ਸਿਰੇ ਚਾੜ੍ਹਿਆ। ਸੂਬਾ ਸੁਰਿੰਦਰ ਕੌਰ ਖਰਲ ਨੇ ਪੁਸਤਕ "ਬੰਸਾਵਲੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ" ਵਿੱਚ ਸਤਿਗੁਰੂ ਰਾਮ ਸਿੰਘ ਦੇ ਪਰਿਵਾਰ ਨਾਲ ਸੰਬੰਧਤ ਲਗਭਗ 1500 ਪਰਿਵਾਰਾਂ ਅਤੇ 6000 ਜੀਆਂ ਦਾ ਜ਼ਿਕਰ ਕੀਤਾ ਹੈ। ਕੂਕਾ ਅੰਦੋਲਨ ਨਾਲ ਸਬੰਧਤ ਜੋ ਮੂਲ ਦਸਤਾਵੇਜ਼ (ਪਟਿਆਲਾ ਰਿਆਸਤ ਦੇ ਦਰਬਾਰੀ ਰਿਕਾਰਡ ਵਿਚੋਂ) ਜੋ ਉਰਦੂ, ਅਰਬੀ ਅਤੇ ਫ਼ਾਰਸੀ ਵਿੱਚ ਕ੍ਰੀਬ 2000 ਪੰਨੇ ਸਨ ਉਨ੍ਹਾਂ ਦਾ ਪੰਜਾਬੀ ਵਿੱਚ ਤਰਜਮਾਂ ਕਰਵਾਇਆ ਹੋਇਆ ਹੈ। ਇਹਨਾਂ ਰਿਕਾਰਡਾਂ ਤੋਂ ਸ਼ਹੀਦਾਂ ਦੀਆਂ ਜ਼ਬਤ ਕੀਤੀਆਂ ਜਾਇਦਾਦਾਂ ਦਾ ਵੇਰਵਾ, ਲੋੜੀਂਦਾ ਸਮਾਨ, ਹਥਿਆਰਾਂ ਦੀ ਗਿਣਤੀ, ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤੇ ਜਾਣ ਬਾਰੇ ਲਿਖਤਾਂ, ਬਾਰੇ ਅਹਿਮ ਜਾਣਕਾਰੀ ਮਿਲਦੀ ਹੈ। ਇਨ੍ਹਾਂ ਦਸਤਾਵੇਜ਼ਾਂ ਦੀ ਪੁਸਤਕ ਅਜੇ ਛਾਪੀ ਜਾਣੀਂ ਹੈ।

ਨਾਮਧਾਰੀ ਲਹਿਰ ਦੇ ਪੰਜਾਬ ਦੇ ਲੋਕਾਂ ਉਤੇ ਬਹੁਤ ਹੀ ਡੂੰਘੇ ਅਸਰ ਨਾਮਧਾਰੀ ਸਿੱਖਾਂ ਦੇ ਜੀਵਨ ਵਿੱਚ ਸਾਦਗੀ, ਪਵਿੱਤਰਤਾ, ਨਾਮਬਾਣੀ ਦਾ ਅਭਿਆਸ ਅਤੇ ਕੌਮ ਲਈ ਬਲੀਦਾਨ ਦੀ ਭਾਵਨਾ ਪੈਦਾ ਹੋਈ ਹੈ। ਸਤਿਗੁਰੂ ਜਗਜੀਤ ਸਿੰਘ ਨੇ ਨਾ ਕੇਵਲ ਸਿੱਖਿਆ ਪ੍ਰਨਾਲੀ ਨੂੰ ਅਪਨਾਉਣ ਲਈ ਪ੍ਰੇਰਿਤ ਕੀਤਾ ਸਗੋਂ ਅਨੇਕਾਂ ਸਕੂਲ ਤੇ ਕਾਲਜ ਖੋਲ੍ਹੇ ਜਿਥੇ ਲੜਕੀਆਂ ਸਿੱਖਿਆ ਲੈ ਰਹੀਆਂ ਹਨ। ਮਿਸਾਲ ਵਜੋਂ ਕੁਝ ਸੰਸਥਾਵਾਂ, ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ ਭੈਣੀ ਸਾਹਿਬ, ਗੁਰੂ ਹਰੀ ਸਿੰਘ ਮਹਾਂਵਿਦਿਆਲਾ ਜੀਵਨ ਨਗਰ, ਅਤੇ ਇੰਨਰ ਨੈਸ਼ਨਲ ਸਕੂਲ ਥਾਈਲੈਂਡ ਆਦਿ। ਸ਼ਾਇਦ ਹੀ ਅਜਿਹੀ ਕੋਈ ਸੰਸਥਾ ਹੋਵੇ ਜਿਥੇ ਇੰਨੀ ਸਾਦਗੀ ਨਾਲ ਔਰਤਾਂ ਵਿਚਰ ਰਹੀਆਂ ਹੋਣ। ਦੁਨੀਆਂ ਦੇ ਹਰ ਕੋਨੇ ਵਿੱਚ ਨਾਮਧਾਰੀ ਲਹਿਰ ਨੇ ਵੱਖ ਵੱਖ ਪੱਖਾਂ ਤੇ ਆਪਣਾ ਯੋਗਦਾਨ ਪਾਇਆ ਹੈ। ਇਸ ਲਹਿਰ ਦੀ ਰਹਿਤ ਮਰਿਆਦਾ ਤੇ ਸਾਦਗੀ ਹੀ ਇਸ ਦੇ ਮੁੱਖ ਗੁਣ ਹਨ।

ਸਤਿਗੁਰੂ ਜਗਜੀਤ ਸਿੰਘ ਦੀ ਸਿੱਖਿਆ ਅਤੇ ਡੂੰਘੀ ਖੋਜ ਪ੍ਰੇਰਣਾ ਸਦਕਾ ਭਾਰਤ ਵਿੱਚ ਦੋ ਨਾਮਧਾਰੀ ਚੇਅਰਾਂ ਸਥਾਪਤ ਕੀਤੀਆਂ ਗਈਆਂ ਹਨ। ਪਹਿਲੀ 1997 ਵਿੱਚ, ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਾ ਵਾਰਾਨਸੀ (ਉਤਰ ਪ੍ਰਦੇਸ਼) ਅਤੇ ਦੂਜੀ 1999 ਵਿੱਚ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ (ਪੰਜਾਬ) ਵਿੱਚ ਸਥਿਤ ਹੈ। ਇਹ ਅਜਿਹੇ ਖੋਜ ਕੇਂਦਰ ਹਨ ਜਿਥੇ ਨਾਮਧਾਰੀ ਇਤਿਹਾਸ/ ਸਾਹਿਤ ਰਚਿਆ ਜਾ ਰਿਹਾ ਹੈ। ਕੋਈ ਵੀ ਅਜਿਹਾ ਖੇਤਰ ਨਹੀਂ ਜਿਥੇ ਨਾਮਧਾਰੀ ਸੰਪਰਦਾ ਨੇ ਤਰੱਕੀ ਨਾ ਕੀਤੀ ਹੋਵੇ। ਇਹ ਸਭ ਕੁਝ ਸਤਿਗੁਰਾਂ ਦੇ ਵਿਸ਼ਾਲ ਦ੍ਰਿਸ਼ਟੀਕੋਣ ਸਦਕਾ ਹੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਸਦਕਾ ਅੱਜ ਬਹੁਤ ਸਾਰੀਆਂ

ਨਾਮਧਾਰੀ ਇਸਤਰੀਆਂ ਕਈ ਖੇਤਰਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਰਹੀਆਂ ਹਨ। ਅੱਜ ਸੌਂਵੇ ਕੌਮਾਤਰੀ ਦਿਵਸ ਮੌਕੇ ਰਾਜ ਸਭਾ ਵਿੱਚ ਔਰਤਾਂ ਦੇ ਰਾਖਵੇਂ ਕਰਨ ਬਾਰੇ ਇਤਿਹਾਸਕ ਬਿੱਲ ਬਹੁਮਤ ਨਾਲ ਪਾਸ ਹੋ ਗਿਆ ਹੈ ਅਤੇ ਇਸ ਤੋਂ ਪਹਿਲਾਂ ਵੀ ਪੰਜਾਬ ਸਰਕਾਰ ਵੱਲੋਂ ਪੰਚਾਇਤਾਂ, ਬਲਾਕ ਸੰਮਤੀ ਅਤੇ ਜ਼ਿਲਾ ਪ੍ਰੀਸ਼ਦਾਂ ਵਿੱਚ ਔਰਤਾਂ ਲਈ 33 ਫੀਸਦੀ ਰਾਖਵਾਂ ਕਰਨ ਕੀਤਾ ਜਾ ਚੁੱਕਿਆ ਹੈ। ਇਸ ਬਿੱਲ ਨਾਲ ਇਸਤਰੀ ਦੇ ਹੱਕਾਂ ਦੀ ਪ੍ਰਾਪਤੀ ਦਾ ਰਾਹ ਖੁੱਲਾ ਹੈ।

ਬਰਾਬਰੀ ਨਿਆਂ ਅਤੇ ਬਣਦੇ ਸਮਾਜਿਕ ਰੁੱਤਬੇ ਨੂੰ ਹਾਸਲ ਕਰਨ ਲਈ ਇਸਤਰੀਆਂ ਨੂੰ ਹਰ ਖੇਤਰ ਵਿੱਚ ਅੱਗੇ ਆਉਣਾ ਚਾਹੀਦਾ ਹੈ। ਇਸਤਰੀਆਂ ਲਈ ਮਾਣ ਵਾਲੀ ਗੱਲ ਹੈ ਕਿ ਨਾਮਧਾਰੀ ਸਮਾਜ ਵਿੱਚ ਤਰੱਕੀ ਤੇ ਚੱਲ ਕੇ ਹਰ ਖੇਤਰ ਵਿੱਚ ਅੱਗੇ ਜਾ ਰਹੀਆਂ ਹਨ ਅਤੇ ਮੌਜੂਦਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਆਸ਼ੀਰਵਾਦ ਜਾਰੀ ਹੈ। ਸਾਡੇ ਲਈ ਬੜੇ ਗੌਰਵ ਦੀ ਗੱਲ ਹੈ ਕਿ ਨਾਮਧਾਰੀ ਲਹਿਰ, ਜਿਸਨੇ ਜਿੱਥੇ ਇਸਤਰੀ ਨੂੰ ਬਰਾਬਰ ਦਾ ਦਰਜਾ ਦਿੱਤਾ ਉਥੇ ਸਮਾਜਿਕ ਬੁਰਾਈਆਂ ਨੂੰ ਜੜੋਂ ਖਤਮ ਕਰਨ ਦੀ ਵੱਡੀ ਦੇਣ ਹੈ। ਨਾਮਧਾਰੀ ਮਿਸ਼ਨ ਆਪਣਾ ਵਡਮੁੱਲਾ ਰੋਲ ਅਦਾ ਕਰ ਰਿਹਾ ਹੈ। ਇਹ ਅੱਜ ਵੀ ਪੂਰੇ ਜਲੌ ਵਿੱਚ ਹੈ। ਇਸਤਰੀ ਜਾਤੀ ਦੀ ਸਭ ਤੋਂ ਵੱਡੀ ਮੁਕਤੀ ਤਾਂ ਇਸ ਵਿੱਚ ਹੈ ਕਿ ਉਸਨੇ ਆਤਮ ਨਿਰਭਰ ਅਤੇ ਆਤਮ ਵਿਸ਼ਵਾਸੀ ਹੋਣਾ ਹੈ। ਇਸ ਦਿਸ਼ਾ ਵੱਲ ਇਸਤਰੀਆਂ ਨੂੰ ਵੱਡੇ ਉਪਰਾਲੇ ਕਰਨੇ ਚਾਹੀਦੇ ਹਨ।

# ਦੇਹ ਵਿਚੋਂ ਅਲੋਪ ਹੋਣ ਦੀ ਸ਼ਾਇਰੀ 'ਤੂੰ ਹੀ ਤੂੰ'

## (ਪੁਸਤਕ 'ਤੂੰ ਹੀ ਤੂੰ' ਦਾ ਰੀਵੀਊ)

ਆਪਣੇ ਆਪ ਦੇ ਰੂ-ਬ-ਰੂ ਹੋਣ ਦਾ ਨਾਂ ਹੀ ਕਵਿਤਾ ਹੈ। ਰੂਹ ਦਾ ਪਹਿਰਨ ਜੇ ਕੋਈ ਹੈ ਤਾਂ ਉਹ ਸ਼ਾਇਰੀ ਹੀ ਹੈ। ਸਿਰਜਣਾ ਦੇ ਛਿਣਾਂ ਦਾ ਵਿਸਮਾਦੀ ਰਹੱਸ ਜਿਨ੍ਹਾਂ ਦੀ ਝੋਲੀ ਪੈ ਜਾਂਦਾ ਹੈ ਉਹਨਾਂ ਲਈ ਸਮਾਂ, ਸਥਾਨ, ਸਮਾਜ ਤੇ ਸਰੀਰਾਂ ਦੇ ਹੱਦਾਂ ਬੰਨੇ ਸੌੜੀਆਂ ਵਲਗਣਾਂ ਤੋਂ ਵਧ ਕੁਝ ਨਹੀਂ ਹੁੰਦੇ। ਉਹਨਾਂ ਦੇ ਮੂੰਹੋਂ ਕਿਰਦੇ ਸ਼ਬਦਾਂ ਦੇ ਫੁੱਲਾਂ ਨਾਲ ਆਲਾ ਦੁਆਲਾ ਮਹਿਕ ਉਠਦਾ ਹੈ। ਅਨੰਦ ਦੀ ਇਸ ਅਵਸਥਾ ਨੂੰ ਮਾਨਣ ਲਈ ਧਰਤੀ ਵੀ ਉਠ ਕੇ ਬੁੱਕਲ ਮਾਰ ਕੇ ਬੈਠ ਜਾਂਦੀ ਹੈ। ਨਿਜ ਤੇ ਪਰ ਦੇ ਸਾਰੇ ਝੇੜੇ ਮੁੱਕ ਜਾਂਦੇ ਹਨ। ਸੂਖਮ ਕਾਇਆਂ ਦੁਨਿਆਵੀਂ ਬੰਧਨਾਂ ਤੋਂ ਮੁਕਤ ਹੋ ਕੇ ਬ੍ਰਹਿਮੰਡ ਦੀਆਂ ਉਡਾਣਾਂ 'ਤੇ ਨਿਕਲ ਤੁਰਦੀ ਹੈ। ਇਹ ਸ਼ਾਇਰੀ ਦੀ ਸ਼ਕਤੀ ਹੈ ਕਿ ਜਿਹੜਾ ਸੰਸਾਰ ਉਹ ਰਚਦੀ ਹੈ, ਉਥੇ ਥੁੜਾਂ ਹੁੰਦਿਆਂ ਵੀ ਕੋਈ ਥੁੜ ਨਹੀਂ ਜਾਪਦੀ। ਸਭ ਕੁਝ ਪਰੀ ਪੂਰਣ, ਭਰਿਆ ਪੂਰਾ। ਨਦਰੀ ਨਦਰਿ ਨਿਹਾਲ ਦੀ ਅਵਸਥਾ ਇਸ ਦੀ ਤਰਜਮਾਨੀ ਕਰਦੀ ਹੈ। ਇਸ ਤਰ੍ਹਾਂ ਦੀ ਕਵਿਤਾ ਨੂੰ ਪੜ੍ਹਨ ਸੁਣਨ ਨਾਲ ਰੂਹ ਨੂੰ ਇਕ ਰੱਜ ਪ੍ਰਾਪਤ ਹੁੰਦਾ ਹੈ। ਮਨ, ਘੜੀ ਦੇ ਘੜੀਆਂ ਇਸ ਬਿਆਨੋਂ ਬਾਹਰੀ ਅਲੌਕਿਕ ਦਸ਼ਾ ਦੇ ਵੱਸ ਹੋ ਕੇ, ਆਪਹੁਦਰੀਆਂ ਤੇ ਬੇਨਿਆਈਆਂ ਕਰਨ ਤੋਂ ਪ੍ਰਹੇਜ਼ ਕਰਨ ਦਾ ਵੱਲ ਸਿੱਖਦਾ ਹੈ। ਇਸ ਤਰ੍ਹਾਂ ਦੀ ਗਹਿਰ ਗੰਭੀਰ ਵੀ ਅਤੇ ਹਲਕੀ ਫੁਲਕੀ ਸ਼ਾਇਰੀ ਦੇ ਵੀ ਦਰਸ਼ਨ ਹੁੰਦੇ ਹਨ, ਚਰਚਿਤ ਸ਼ਾਇਰਾ ਸੂਬਾ ਸੁਰਿੰਦਰ ਕੌਰ ਖਰਲ ਦੇ ਦੂਜੇ ਕਾਵਿ ਸੰਗ੍ਰਹਿ 'ਤੂੰ ਹੀ ਤੂੰ' ਦਾ ਪਾਠ ਕਰਦਿਆਂ। ਪੰਜਾਬੀ ਕਵਿਤਾ ਦਾ ਅੰਬਰ ਕਿੱਡਾ ਵਿਸ਼ਾਲ ਹੈ ਇਹ ਪੁਸਤਕ ਉਸ ਦੀ ਸ਼ਾਹਦੀ ਭਰਦੀ ਹੈ।

ਬੀਬੀ ਖਰਲ ਦੇ ਪਹਿਲੇ ਕਾਵਿ-ਸੰਗ੍ਰਹਿ 'ਬਖਸ਼ਿਸ਼' ਨੂੰ ਕਵਿਤਾ ਵਿਚ ਇਕ ਨਵੀਂ ਸ਼ੁਰੂਆਤ ਦੱਸਦਿਆਂ ਬਹੁਤ ਸਾਰੇ ਕਾਵਿ ਆਲੋਚਕਾਂ/ਪਾਠਕਾਂ ਨੇ ਉਹਨਾਂ ਦੀ ਸ਼ਾਇਰੀ ਨੂੰ ਸੰਭਾਵਨਾਵਾਂ ਭਰਪੂਰ ਸ਼ਾਇਰੀ ਕਿਹਾ ਸੀ। ਇਹ ਖੁਸ਼ੀ ਦੀ ਗੱਲ ਹੈ ਕਿ ਹੱਥਲੀ ਪੁਸਤਕ ਨੇ ਅਜਿਹੀਆਂ ਟਿੱਪਣੀਆਂ ਨੂੰ ਨਿਰਾਸ਼ ਨਹੀਂ ਕੀਤਾ। ਹੁੰਦਾ ਇਸ ਤਰ੍ਹਾਂ ਹੈ ਕਿ ਜਦੋਂ ਕੋਈ ਇਕ ਰਚਨਾਕਾਰ ਇਤਿਹਾਸਕ ਵੀ ਹੋਵੇ, ਕਥਾ ਲੇਖਕ ਵੀ, ਨਿਬੰਧਕਾਰ ਵੀ, ਜੀਵਨੀ ਲੇਖਕ ਵੀ ਅਤੇ ਕਵੀ ਤਾਂ ਕਈ ਵੇਰ ਇਹ ਕਿਆਸ ਕਰ ਲਿਆ ਜਾਂਦਾ ਹੈ ਕਿ ਉਸ ਦੀਆਂ ਕਰਤਾਰੀ ਸ਼ਕਤੀਆਂ ਏਨੀਆਂ ਵਿਧਾਵਾਂ ਵਿਚ ਵੰਡੀਆਂ ਜਾਣ ਸਦਕਾ, ਸ਼ਾਇਦ ਕਿਸੇ ਵਿਧਾ ਵਿਚ ਆਪਣੀ ਵੱਖਰੀ ਪਹਿਚਾਣ ਸਥਾਪਿਤ ਨਾ ਕਰ ਸਕਣ। ਬੀਬੀ ਖਰਲ ਨੇ ਇਸ ਭਰਮ ਨੂੰ ਤੋੜਿਆ ਹੈ ਅਤੇ ਵਧੀਆ ਵਾਰਤਕ ਲਿਖਾਰੀ ਹੋਣ ਦੇ ਨਾਲ ਨਾਲ ਉਹ ਇਕ ਸਫਲ ਕਵਿੱਤਰੀ ਵੀ ਸਿੱਧ ਹੋਈ ਹੈ।

'ਤੂੰ ਹੀ ਤੂੰ' ਕਵਿਤਾ ਨੂੰ ਸੂਫੀ ਕਵਿਤਾ ਦੇ ਘੇਰੇ ਵਿਚ ਲਿਆ ਕੇ ਨਿਰਖਿਆ ਪਰਖਿਆ ਜਾ ਸਕਦਾ ਹੈ। ਠੀਕ ਹੈ ਕਿ ਇਹ ਕਵਿਤਾ ਛੰਦ ਬੱਧ ਨਹੀਂ ਪ੍ਰੰਤੂ ਫਿਰ ਵੀ ਇਸ ਵਿਚ ਇਕ ਰਿਦਮ ਹੈ, ਇਕ ਲੈਅ ਹੈ। ਸ਼ਬਦ ਜੜਤ ਸੁਰ ਤਾਲ ਦੇ ਮੁਤਾਬਿਕ ਚੱਲਦੀ ਹੈ। ਇਕ ਸੰਗੀਤਿਕਤਾ ਇਹਨਾਂ ਛੋਟੇ-ਛੋਟੇ ਕਾਵਿ ਟੋਟਿਆਂ ਵਿਚੋਂ ਜਨਮ ਲੈਂਦੀ ਹੈ:

" ਨੈਣਾਂ 'ਚ ਅਨੇਕਾਂ ਅਫਸਾਨੇ,
ਹੋਠਾਂ ਤੇ ਚੁੱਪ ਦਾ ਜਿੰਦਰਾ,
ਦਿਲ 'ਚ ਸਮਰਪਣ ਦੀਆਂ ਧੜਕਨਾਂ
ਆਤਮਾਂ 'ਚ ਅਣਗਿਣਤ ਫੁੱਲਾਂ ਦੀ ਖੁਸ਼ਬੋ
ਲੈ ਕੇ
ਮੈਂ ਤੇਰੇ ਦਰ ਤੇ ਆਈ ਹਾਂ।"

ਸੂਫੀਆਂ ਦੀ ਕਵਿਤਾ ਦਾ ਕੇਂਦਰ ਬਿੰਦੂ ਮੁਰਸ਼ਿਦ ਹੁੰਦਾ ਹੈ। ਉਸ ਨਾਲ ਮੇਲ ਮਿਲਾਪ ਦੇ ਹੀਲੇ ਵਸੀਲੇ ਸੋਚੇ ਜਾਂਦੇ ਹਨ। ਉਸ ਦੀ ਨਿਕਟਤਾ ਜੀਵਨ ਅਤੇ ਉਸ ਤੋਂ ਦੂਰੀ ਮੌਤ ਵਿਖਾਈ ਦਿੰਦੀ ਹੈ। ਮੁਰਸ਼ਿਦ ਦੇ ਪ੍ਰੇਮ ਦਾ ਪਾਤਰ ਬਣਨ ਲਈ ਲੋਕ ਲਾਜ ਦੀਆਂ ਹੀਣੀਆਂ ਭਾਵਨਾਵਾਂ ਦਾ ਤਿਆਗ ਕਰਕੇ ਵਡੇਰੇ ਸੰਸਾਰ ਦੇ ਵਾਸੀਆਂ ਨਾਲ ਸਾਂਝ ਪਾਈ ਜਾਂਦੀ ਹੈ। ਦਰਅਸਲ ਇਹ ਮੁਰਸ਼ਦ ਵੀ ਇਸ ਤਰ੍ਹਾਂ ਦਾ ਇਕ ਸੰਪੂਰਨ ਵਿਅਕਤੀਤੱਵ ਹੁੰਦਾ ਹੈ ਕਿ ਜੋ ਉਸ ਤਕ ਪੁੱਜ ਜਾਂਦਾ ਹੈ। ਉਸ ਦੇ ਗੁਣਾਂ ਦਾ ਪਰਤੌਂ ਸਾਧਕ ਵਿਚ ਵੀ ਵੇਖਣ ਨੂੰ ਮਿਲ ਜਾਂਦਾ ਹੈ। ਉਹ ਫਿਰ ਕਿਸੇ ਇਕ ਵਿਅਕਤੀ ਵਿਸ਼ੇਸ਼, ਕਿਸੇ ਇਕ ਫਿਰਕੇ ਜਾਂ ਜਨਸਮੂਹ, ਕਿਸੇ ਵਿਸ਼ੇਸ਼ ਜਾਤੀਗਤ ਜਾਂ ਸੰਪ੍ਰਦਾਇਕ ਭਾਈਚਾਰੇ ਤਕ ਹੀ ਸੀਮਤ ਨਾ ਹੋ ਕੇ ਸਮੁੱਚੀ ਲੋਕਾਈ ਦੇ ਪ੍ਰੇਮ ਵਿਚ ਰੰਗਿਆ ਜਾਂਦਾ ਹੈ। ਉਸ ਦੀ ਹਸਤੀ ਵਿਸ਼ਾਲ ਬ੍ਰਹਿਮੰਡ ਦੇ ਇਕ ਕਿਣਕੇ ਦੇ ਸਮਾਨ ਹੁੰਦਿਆਂ ਵੀ ਉਸ ਨਾਲ ਇਸ ਤਰ੍ਹਾਂ ਆਤਮ ਸਾਤ ਹੋ ਜਾਂਦੀ ਹੈ ਕਿ ਸ੍ਰਿਸ਼ਟੀ ਦੇ ਸਾਰੇ ਦੁੱਖ-ਸੁੱਖ ਉਸ ਦੇ ਅਪਣੇ ਹੋ ਜਾਂਦੇ ਹਨ। ਉਰਦੂ ਸ਼ਾਇਰ ਦੇ ਮੁਤਾਬਿਕ:

**'ਕਾਂਟਾ ਚੁਭੇ ਕਿਸੀ ਕੋ ਭੜਪਤੇ ਹੈਂ' ਐ ਮੀਰ!**
**ਸਾਰੇ ਜਹਾ ਕਾ ਦਰਦ ਹਮਾਰੇ ਦਿਲ ਮੇਂ ਹੈ। .... 'ਮੀਰ'**

ਇਸ ਤਰ੍ਹਾਂ ਦੀਆਂ ਖੁਸ਼ੀਆਂ ਗਮੀਆਂ ਦੀਆਂ ਸਾਰੀਆਂ ਸੀਮਾਵਾਂ ਤੋਂ ਪਾਰ ਜਾ ਕੇ ਸ਼ਾਇਰਾ ਕਹਿ ਉਠਦੀ ਹੈ:

"ਮੈਨੂੰ ਤਾਂ ਹੁਣ ਚੰਗਾ ਲੱਗਦੈ
ਸਿਰਫ ਗੁੰਮਨਾਮ ਰਹਿਣਾ
ਤੈਨੂੰ ਵੇਖਦਿਆਂ ਰਹਿਣਾ
ਤੇਰੀਆਂ ਯਾਦਾਂ ਸੰਗ ਜੁੜਨਾ
ਲਿਖਣਾ ਤਾਂ ਸਿਰਫ ਤੇਰੇ ਬਾਰੇ
ਗਾਉਣਾ ਤਾਂ ਸਿਰਫ ਤੇਰੇ ਗੀਤ।"

ਸ਼ਾਇਰਾ ਖਰਲ ਨੂੰ ਵੀ ਇਹ ਡਾਢਾ ਆਭਾਸ ਹੈ ਕਿ ਉਸ ਨੂੰ ਪਾਉਣ ਵਾਸਤੇ ਬਾਕੀ ਸਭ ਕੁਝ ਗੁਆਉਣਾ ਪੈਂਦਾ ਹੈ। ਉਹ ਆਪਣੀ ਹੋਂਦ ਤੱਕ ਵੀ ਕੁਰਬਾਨ ਕਰਨ ਬਾਰੇ ਸੋਚ ਸਕਦੀ ਹੈ। ਪ੍ਰੰਤੂ ਉਸ ਦਾ ਮੁਰਸ਼ਿਦ ਕੋਈ ਛੋਟੀ ਮੋਟੀ ਹਸਤੀ ਨਹੀਂ। ਉਹ ਸੂਰਜ ਹੈ, ਸਮੁੰਦਰ ਹੈ, ਹਵਾ ਹੈ, ਰੋਸ਼ਨੀ ਹੈ, ਅਗਨੀ ਹੈ। ਸਮਰਪਣ ਦੀ ਭਾਵਨਾ ਨਾਲ ਮਖਮੂਰ, ਉਸ ਦੇ ਮੌਲਿਕ, ਨਰੋਏ ਅਤੇ ਸੱਜਰੇ ਕਾਵਿ ਬਿੰਬ ਕਵਿਤਾ ਦੀ ਅਮੀਰੀ ਵਿਚ ਵਾਧਾ ਕਰਦੇ ਹਨ:

"ਤੂੰ ਸੂਰਜ ਹੈਂ!
ਮੈਂ ਤੇਰੀ ਤਪਿਸ਼ ਵਿਚ
ਪਿਘਲ ਕੇ
ਤੇਰੀਆਂ ਕਿਰਨਾਂ ਦੇ
ਪ੍ਰਚੰਡ ਤੇਜ਼ ਵਿਚ ਗੁੰਮ ਹੋ ਜਾਣਾ ਚਾਹੁੰਦੀ ਹਾਂ।

ਕਵਿਤਾ ਜੇ ਆਤਮਾ ਦਾ ਗਹਿਣਾ ਹੈ ਤਾਂ ਇਹ ਮੁਕਤ ਹੋਣ ਦਾ ਹਥਿਆਰ ਵੀ ਹੈ। ਸਾਰੇ ਬੰਧਨਾਂ ਵਿਚੋਂ ਉਹ ਬੰਧਨ ਤੋੜਨੇ ਜ਼ਿਆਦਾ ਕਠਿਨ ਹੁੰਦੇ ਹਨ ਜੋ ਸਾਡੇ ਸ੍ਵੈ ਨੇ ਨਿਰਮਿਤ ਕੀਤੇ ਹੁੰਦੇ ਹਨ। ਹਰ ਸਮਾਜਿਕ ਤਾਣੇ ਪਾਟੇ ਦੀ ਕਾਇਮੀ ਵਾਸਤੇ ਇਕ ਸੁਰੱਖਿਆਤਮਕ ਢਾਂਚਾ ਮੌਜੂਦ ਹੁੰਦਾ ਹੈ। ਕਵਿਤਾ ਇਸ ਢਾਂਚੇ ਨਾਲ ਵੀ ਟਕਰਾਉਂਦੀ ਹੈ ਅਤੇ ਕਦੇ ਕਦੇ ਇਹ 'ਪਾਸ਼' ਦੇ ਸ਼ਬਦਾਂ ਵਿਚ ਬੜੀ ਨਿਸੱਤੀ ਵੀ ਹੋ ਜਾਂਦੀ ਹੈ। ਯੁੱਗ ਕਵੀ ਪ੍ਰੋ. ਮੋਹਨ ਸਿੰਘ ਹੋਰਾਂ ਨੂੰ ਵੀ ਇਹੋ ਝੋਰਾ ਰਿਹਾ ਸੀ:

'ਸ਼ਸਤਰ-ਬੱਧ ਪ੍ਰਬੰਧ ਨਾਲ ਕਿੰਜ ਜੂਝਦੇ
ਸਾਡੇ ਕੋਲ ਤਾਂ ਇਕੋ ਸ਼ਸਤਰ ਛੰਦ ਸੀ।'

ਆਪੇ ਨਾਲ ਜੂਝਣ ਵਾਲੇ ਆਸ਼ਕਾਂ ਸਾਦਕਾਂ ਨੇ ਪਰਵਾਹ ਕਿਸਦੀ ਕੀਤੀ ਹੈ ? ਉਹ ਤੇ ਸੂਲੀਆਂ 'ਤੇ ਝੂਟੇ ਲੈਣ ਵਾਸਤੇ ਮਨਸੂਰ ਹੋਰਾਂ ਦੇ ਕਬੀਲੇ ਦੇ ਲੋਕ ਹੁੰਦੇ ਹਨ। ਉਹਨਾਂ ਦਾ ਡੇਰਾ ਸਿਰ ਤੋਂ ਪਰ੍ਹੇ ਹੁੰਦਾ ਹੈ। ਆਪਣੇ ਪ੍ਰੀਤਮ ਦਾ ਖਿਆਲ ਵਿਸਰਦਾ ਹੈ ਉਹ ਛਿਣ ਉਨ੍ਹਾਂ ਲਈ ਮੌਤ ਤੁੱਲ ਹੁੰਦੇ ਹਨ। ਮੇਲ ਵਸਲ ਦੀਆਂ ਘੜੀਆਂ ਵਿਚ ਸਾਧਕ ਚਾਹੁੰਦਾ ਹੈ ਕਿ ਇਹੋ ਸਥਿਤੀ ਸਦਾ ਬਣੀ ਰਹੇ। ਦੇਹ ਦਾ ਠੀਕਰਾ ਫੁੱਟ ਜਾਵੇ ਏਥੇ ਜਾਂ ਓਥੇ ਕੀ ਫਰਕ ਪੈਂਦਾ ਹੈ। ਇਸ ਤਰ੍ਹਾਂ ਦੀ ਉੱਚ ਆਤਮਕ ਮੰਡਲਾਂ ਦੀ ਯਾਤਰਾ ਵਿਚ ਬਦੇਹ ਹੋਣ ਦਾ ਅਨੁਭਵ ਵੀ ਕਵਿਤਰੀ ਨੇ ਹੰਢਾਇਆ ਹੈ ਜਿਸ ਦਾ ਬਖੂਬੀ ਵਰਣਨ ਕਰਨਾ ਵੀ ਹਾਰੀ ਸਾਰੀ ਦੇ ਹਿੱਸੇ ਨਹੀਂ ਆਉਂਦਾ:

'ਹਰ ਛਿਣ
ਪਰ ਪਲ
ਹਰ ਥਾਂ
ਤੇਰੀ ਮੌਜੂਦਗੀ ਦੇ
ਅਹਿਸਾਸ ਵਿਚ
ਝੂਮ ਝੂਮ ਉਠਦਾ ਹੈ।
ਮੈਂ ਗੁਆਚੀ ਗੁਆਚੀ
ਆਨੰਦਤ ਆਨੰਦਤ
ਪਰਤੱਖ-ਅਪਰਤੱਖ
ਤੇਰੇ ਦਰਸ਼ਨਾਂ ਦਾ
ਅੰਮ੍ਰਿਤ ਪਾਨ ਕਰਦਿਆਂ
ਕਦੇ, ਕਦੇ
ਦੇਹ ਵਿਚੋਂ ਅਲੋਪ ਹੋ ਜਾਂਦੀ ਹੈ।'

ਉਹ ਸੰਘਣੇ ਹਨੇਰੇ ਵਿਚ ਚਾਨਣ ਦੀ ਲੀਕ ਵੇਖਣ ਦੇ ਸਮਰੱਥ ਹੈ। ਉਹ ਮਾਰੂਥਲ ਵਿਚ ਤਪਦੇ ਸੂਰਜ ਦੀ ਅਗਨੀ ਥੱਲੇ, ਲਹੂ ਲੁਹਾਨ ਪੈਰਾਂ ਨਾਲ ਆਪਣੇ ਸਿਰੜ ਨੂੰ ਸਿਰ ਮੱਥੇ ਤੇ ਧਰੀ, ਵਾਹੋ ਦਾਹੀ ਨਿਸ਼ਾਨੇ ਵਲ ਜਾ ਰਹੀ ਹੈ। ਅਜਿਹੇ ਸਮੇਂ ਮਿਲਣ ਵਾਲੇ ਬਿਰਛ ਦੀ ਛਾਂ ਸਦਕੇ ਉਹ ਦੁਆਵਾਂ ਨਾਲ ਉਸ ਦੀ ਝੋਲੀ ਭਰ ਸਕਦੀ ਹੈ। ਦਰਦ ਦੇ ਸਮੁੰਦਰ ਨੂੰ ਆਪਣੇ ਪਿੰਡੇ 'ਤੇ ਹੰਡਾ ਕੇ ਇਲਾਜ਼ਾਮਾਂ ਦੇ ਦਰਿਆ ਦੀ ਅਗਨੀ 'ਚੋਂ ਲੰਘੀ ਹੈ। ਜਦੋਂ ਕੋਈ ਰਹਿਮਤ ਦੀ ਨਜ਼ਰ ਨਸੀਬ ਹੋਈ ਤਾਂ ਆਪਾ ਹੌਲਾ ਫੁੱਲ ਹੋ ਗਿਆ। ਉਹ ਆਪਣੀ ਸਿਰਜਣਾਤਮਕ ਸ਼ਕਤੀ ਲਈ ਵੀ ਉਸੇ ਅਦੁੱਤੀ ਸਖਸ਼ੀਅਤ ਤੋਂ ਵਾਰਨੇ ਜਾਂਦੀ ਹੈ।

ਬੀਬੀ ਖਰਲ ਦੇ ਮੁਰਸ਼ਦ, ਸਤਿਗੁਰੂ ਜਗਜੀਤ ਸਿੰਘ ਜੀ ਦੀ ਸਦੀਵੀ ਕ੍ਰਿਪਾ ਦੀ ਉਹ ਪਾਤਰ ਬਣੀ ਰਹੇ ਅਤੇ ਕਵਿਤਾ ਦੇ ਰੰਗਾਂ ਦੇ ਨਾਲ ਇਸ ਤਰ੍ਹਾਂ ਹੀ ਅਠਖੇਲੀਆਂ ਕਰਦੀ ਰਹੇ।

ਸੁਵਰਨ ਸਿੰਘ ਵਿਰਕ

(ਇਹ ਰੀਵੀਉ ਪੰਜਾਬੀ ਟ੍ਰਿਬਿਉਨ ਵਿਚ 5 ਅਗਸਤ ਸੰਨ 2001 ਨੂੰ ਛਪਿਆ)

## ਪੁਸਤਕ-ਨਾਮਧਾਰੀ ਸ਼ਹੀਦ ਦਾ ਰੀਵੀਊ

**ਲੇਖਿਕਾ- ਸੂਬਾ ਸੁਰਿੰਦਰ ਕੌਰ ਖਰਲ**

**ਪ੍ਰਕਾਸ਼ਕ- ਲੋਕ ਗੀਤ ਪ੍ਰਕਾਸ਼ਨ**

ਪੁਸਤਕ ਨਾਮਧਾਰੀ ਸ਼ਹੀਦ ਕੂਕਾ ਲਹਿਰ ਦੇ ਇਤਿਹਾਸ ਦੇ ਖਿੱਲਰੇ ਪਰ ਪ੍ਰਮਾਣਿਕ ਪੱਤਰਿਆਂ ਦੀ ਖੋਜ ਕਰਕੇ ਪ੍ਰਕਾਸ਼ਿਤ ਕਰਨ ਦਾ ਇਕ ਨਿੱਗਰ ਤੇ ਅਦੁੱਤੀ ਪ੍ਰਯਾਸ ਹੈ। ਇਸ ਪੁਸਤਕ ਦੇ ਪ੍ਰਕਾਸ਼ਿਤ ਹੋਣ ਦੇ ਨਾਲ ਮਲੇਰਕੋਟਲਾ ਵਿਚ ਬਿਨਾਂ ਮੁਕਦਮਾ ਚਲਾਏ ਅਤੇ ਬਿਨਾਂ ਨਾਮ-ਪਤਾ ਵੇਰਵੇ ਦਰਜ ਕਰਨ ਦੇ ਡੀ.ਸੀ. ਕਾਵਨ ਵਲੋਂ ਤੋਪਾਂ ਨਾਲ ਉਡਾਏ ਗਏ ਸ਼ਹੀਦਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਤ੍ਰਾਸਦੀ ਦਾ ਵਰਣਨ ਪਹਿਲੀ ਵਾਰ ਛਪਿਆ ਹੈ ਅਤੇ ਕੂਕਾ ਲਹਿਰ ਅਧੀਨ ਸ਼ਹੀਦ ਹੋਏ ਸੂਰਬੀਰਾਂ ਦੇ ਗੌਰਵ ਭਰੇ ਇਤਿਹਾਸ ਨੂੰ ਪ੍ਰਮਾਣਿਕਤਾ ਮਿਲੀ ਹੈ।

ਪੁਸਤਕ ਨਾਮਧਾਰੀ ਸ਼ਹੀਦ ਦੀ ਰਚਨਾ 16 ਮਈ 1993 ਨੂੰ ਆਪਣੇ ਇਸ਼ਟ ਮਹਾਰਾਜ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨਾਲ ਆਰੰਭੀ ਲੰਮੀ ਖੋਜ ਯਾਤਰਾ ਵਿਚ ਇੱਕਠੀ ਕੀਤੀ ਸੂਚਨਾਵਾਂ 'ਤੇ ਆਧਾਰਿਤ ਹੀ ਨਹੀਂ, ਸਗੋਂ ਪਟਿਆਲਾ ਦੇ ਪੁਰਾਤੱਤਵ ਵਿਭਾਗ ਤੋਂ (ਉਰਦੂ-ਫਾਰਸੀ-ਅਰਬੀ) ਦੇ ਪ੍ਰਾਪਤ ਕੀਤੇ ਦਸਤਾਵੇਜੀ ਨਕਲਾਂ ਨਾਲ ਸਜੀ ਪ੍ਰਮਾਣਿਤ ਇਤਿਹਾਸ ਸੰਦਰਭ ਪੁਸਤਕ ਹੈ। ਇਸ ਪੁਸਤਕ ਵਿਚ ਸਮਕਾਲੀ ਅੰਗ੍ਰੇਜ਼ ਅਫਸਰ, ਲੇਖਕ ਤੇ ਵਿਦਵਾਨਾਂ ਦੀਆਂ ਟਿੱਪਣੀਆਂ ਦੇ ਨਾਲ ਉੱਤਰ ਕਾਲ ਦੇ ਸੁਤੰਤਰਤਾ ਸੰਗਰਾਮੀਆਂ ਤੇ ਵਿਦਵਾਨ ਦੇਸ਼ ਭਗਤਾਂ ਦੇ ਵਿਚਾਰ ਸੰਜੋ ਕੇ ਗੌਰਵਸ਼ਾਲੀ ਇਤਿਹਾਸ ਦੀ ਪ੍ਰਮਾਣਿਕਤਾ ਨੂੰ ਸ਼ਿੰਗਾਰਿਆ ਗਿਆ ਹੈ। ਨਾਮਧਾਰੀ ਸ਼ਹੀਦਾਂ ਨੂੰ ਮੁਖ ਰਖ ਕੇ ਨਾਮਧਾਰੀ ਲਹਿਰ ਦੇ ਸੁਨਿਹਰੀ ਇਤਿਹਾਸ ਨੂੰ ਸਰਬੋਤਮ ਢੰਗ ਨਾਲ, ਵਧੀਆ ਕਾਗਜ਼ ਤੇ ਛਪਵਾ ਕੇ, ਪੱਕੀ ਜਿਲੱਦ ਤੇ ਇਤਿਹਾਸ ਨਾਲ ਜੁੜੀ ਚਿੱਤਰਾਵਲੀ ਭਰੇ ਕਵਰ ਨਾਲ ਪ੍ਰਕਾਸ਼ਿਤ ਕਰਕੇ ਸ਼ਹੀਦਾਂ ਨੂੰ ਨਮਨ ਸ਼ਰਧਾਂਜਲੀ ਪੇਸ਼ ਕੀਤੀ ਗਈ ਹੈ।

ਸਮਾਂ ਤੇ ਸਰਮਾਇਆ ਖਰਚ ਕਰਕੇ ਸੇਵਾ ਭਾਵ ਨਾਲ ਸ਼ਹੀਦ ਪਰਿਵਾਰਾਂ ਦੀ ਖੋਜ ਕਰਨੀ ਤੇ ਸ਼ਹੀਦਾਂ ਦੀਆਂ ਪਰਿਵਾਰਕ ਸੂਚਨਾਵਾਂ ਇੱਕਠੀਆਂ ਕਰਨੀਆਂ ਇਕ ਤਗੜੀ ਤੱਪਸਿਆ ਦਾ ਰੂਪ ਹੈ। ਇਸ ਕਰੜੀ ਘਾਲਣਾ ਦੀ ਪਹਿਲੀ ਬਿਖਮਤਾ ਇਹ ਸੀ ਕਿ ਸ਼ਹੀਦ ਪਰਿਵਾਰਾਂ ਦੇ ਘਰ ਮਾਲ ਦੀ ਜਬਤੀਆਂ ਹੋਣ ਤੋਂ ਬਾਅਦ ਉਹ ਪਿੰਡ ਛਡ ਕੇ ਗੁਮਨਾਮੀ ਵਿਚ ਚਲੇ ਗਏ ਸਨ। ਦੂਜੀ ਤ੍ਰਾਸਦੀ ਇਹ ਸੀ ਕਿ ਬਹੁਤੇ ਪਰਿਵਾਰ ਨਾਮਧਾਰੀ ਪੰਥ ਨਾਲੋਂ ਟੁੱਟ ਚੁਕੇ ਸਨ ਤੇ ਸ਼ਹੀਦ ਪੁਰਖਿਆਂ ਦੇ ਨਾਮ ਤੋਂ ਵੀ ਹਤਾਸ਼ ਹੋ ਚੁੱਕੇ ਸਨ। ਸੂਬਾ ਖਰਲ ਅਨਸੁਾਰ- ਪਿੰਡ ਪਿੰਡ ਜੋ ਖੋਜ ਸਫਰ ਕੀਤੇ ਉਹ ਵੀ ਰਿਕਾਰਡ ਸੰਭਾਲਿਆ ਹੋਇਆ ਹੈ। ਜੇਕਰ ਸ਼ਹੀਦਾਂ ਦੀਆਂ ਜੀਵਨੀਆਂ ਨਾਲ, ਫੁਟ-ਨੋਟਾਂ ਵਿਚ ਖੋਜ ਸਫਰਾਂ ਦਾ ਸੰਖੇਪ ਸਾਰ ਦਿਤਾ ਜਾਂਦਾ ਤਾਂ ਕੀਤੀ ਗਈ ਸੇਵਾ-ਘਾਲਣਾ ਨਾਲ ਪਾਠਕਾਂ ਨੂੰ ਸਹਿਜ ਹੀ ਪਰਿਚੈ ਮਿਲ ਜਾਂਦਾ।

ਸ਼ਹੀਦਾਂ ਦੇ ਖੂਨ ਨਾਲ ਹੀ ਕੌਮਾਂ ਦੀਆਂ ਇਮਾਰਤਾਂ ਖੜੀਆਂ ਹੁੰਦੀਆਂ ਹਨ। ਸੰਸਾਰ ਦੀਆਂ ਸਾਰੀਆਂ ਕਰਾਂਤੀਆਂ ਦਾ ਗੰਭੀਰ ਅਧਿਐਨ ਕਰਨ ਵਾਲੇ ਸ. ਭਗਤ ਸਿੰਘ ਨੇ ਤਤਕਾਲੀ ਸਿੰਘ ਸਭਾਈ ਨਿੰਦੀਆ -ਪ੍ਰਚਾਰ ਦੇ ਮੱਦੇ ਨਜਰ ਬੇਬਾਕ ਲਿਖਿਆ ਸੀ ( ਪੰਨਾ -20),

" ਅਸੀਂ ਕੂਕਿਆਂ ਨੂੰ ਭੁੱਲੜ ਅਤੇ ਮੂਰਖ ਕਹਿਕੇ ਆਪਣੇ ਫਰਜ਼ਾਂ ਤੋਂ ਲਾਂਭੇ ਹੋ ਜਾਂਦੇ ਹਾਂ। ਪਰ ਉਨ੍ਹਾਂ ਦੀ ਮੂਰਖਤਾ ਵਿਚ ਵੀ ਦੇਸ਼ ਪ੍ਰੇਮ ਕੁੱਟ ਕੁੱਟ ਤੇ ਭਰਿਆ ਹੋਇਆ ਸੀ। ਉਹ ਤਾਂ ਤੋਪਾਂ ਸਾਹਮਣੇ ਵੀ ਹੱਸ ਦਿੰਦੇ ਸਨ। ਅਸੀਂ ਸਮਝਦੇ ਹਾਂ ਕਿ ਦੇਸ਼ ਵਾਸਤੇ ਨਿਸ਼ਕਾਮ ਭਾਵ ਨਾਲ ਮਰ ਮਿਟਣ ਵਾਲੇ ਲੋਕਾਂ ਨੂੰ ਭੁਲਾ ਦੇਣਾ ਬਹੁਤ ਵੱਡੀ ਅਹਿਸਾਨ ਫਰਾਮੋਸ਼ੀ ਹੋਵੇਗੀ।"

ਸ਼ਹੀਦੇ ਆਜ਼ਮ ਦਾ ਇਹ ਕਥਨ -ਬੁੱਧੀਜੀਵੀਆਂ ਅਤੇ ਨੇਤਾਵਾਂ ਦੀ ਨਜ਼ਰ ਵਿਚ ਕੂਕਾ ਅੰਦੋਲਨ ਚੈਪਟਰ ਦੇ 34-35 ਵਡੇਰਿਆਂ ਦੇ ਕਥਨਾਂ ਨਾਲੋਂ ਵਧੇਰੇ ਪ੍ਰਮਾਣਿਕ ਤੇ ਪੁਸ਼ਟ ਹੈ।

ਮਲੇਰਕੋਟਲਾ ਵਿਚ ਗਦਰ ਦਾ ਬਿਗੁਲ ਵਜਾ ਕੇ ਆਤਮ ਸਮਰਪਣ ਕਰਨ ਵਾਲੇ 68 ਕੂਕਿਆਂ ਤੇ ਮਾਈਆਂ ਕੋਲ ਹਥਿਆਰਾਂ ਦੇ ਨਾਮ 'ਤੇ (ਪੰਨਾ-155)- 1 ਸੰਗੀਨ, 16 ਤਲਵਾਰਾਂ, 17 ਲੋਹੇ ਦੇ ਘਰੇਲੂ ਹਥਿਆਰ ਤੇ 9 ਲੱਕੜ ਦੇ ਸੋਟੇ ਬਰਾਮਦ ਹੋਏ ਸਨ।

ਸ੍ਰੀ ਭੈਣੀ ਸਾਹਿਬ ਤੋਂ ਤੁਰਨ ਸਮੇਂ ਜਥੇਦਾਰ ਹੀਰਾ ਸਿੰਘ ਦੇ ਕੰਨ ਵਿਚ ਗੁਰੂ ਰਾਮ ਸਿੰਘ ਜੀ ਨੇ ਸ਼ਹੀਦੀ ਮੰਤ੍ਰ ਪਾਕੇ ਹੁਕਮ ਕੀਤਾ ਸੀ, ' ਪੈਰ ਪਿਛੈ ਨਾਹੀਂ ਪਾਣੇਂ।' ਇਸੇ ਲਈ ਜਥੇਦਾਰ ਨੇ ਕੋਟਲਾ ਸੋਧ ਕੇ ਸਾਥੀਆਂ ਨੂੰ ਕਿਹਾ ਸੀ, 'ਜਿਸਨੇ ਜਾਣਾ ਹੈ ਚਲੇ ਜਾਏ ਅਸੀਂ ਤਾਂ ਸ਼ਹੀਦ ਹੋਣਾ ਹੈ।' ਇਸੇ ਲਈ ਗਦਰ ਵਿਚ ਸ਼ਾਮਿਲ 50-60 ਵੀਰ ਹਿਰਣ ਹੋ ਕੇ ਰੂਹ ਪੋਸ਼ ਜਿੰਦਗੀ ਬਿਤਾਂਦੇ ਰਹੇ, ਕਈਆਂ ਨੇ ਕੈਦ ਵੀ ਭੁਗਤੀ।

ਸ.ਹੀਰਾ ਸਿੰਘ, ਕਾਵਨ ਨੂੰ ( ਪੰਨਾ 103) ਕਹਿੰਦਾ ਹੈ, 'ਤੂੰ ਇਹ ਨਾ ਸੋਚੀਂ ਕਿ ਤੂੰ ਸਾਨੂੰ ਮਾਰ ਮਾਰ ਰਿਹੈਂ। ਇਹ ਤਾਂ ਮੇਰੇ ਸਤਿਗੁਰੂ ਦਾ ਹੁਕਮ ਹੀ ਇਸ ਤਰ੍ਹਾਂ ਹੈ।' ਇਸ ਗਦਰ ਨੀਤੀ ਦੀ ਡੂੰਘੀ ਗੰਭੀਰਤਾ ਨੂੰ ਆਤਮਸਾਤ ਕਰਕੇ ਸ. ਭਗਤ ਸਿੰਘ ਨੇ ਬਟੁਕੇਸ਼ਵਰ ਦੱਤ ਨਾਲ ਰਲ ਕੇ ਅਸੈਂਬਲੀ ਹਾਲ ਵਿਚ ਬੰਬ ਪਟਾਖੇ ਚਲਾ ਕੇ ਇਸ਼ਤਿਹਾਰ ਸੁੱਟੇ ਤੇ ਫੇਰ ਕੋਰਟ ਨੂੰ ਆਪਣੀ ਵਿਚਾਰਧਾਰਾ ਤੇ ਕੁਰਬਾਨੀਆਂ ਦੀ ਵਕਤੀ ਲੋੜ ਦੇ ਫਲਸਫੇ ਦੇ ਪ੍ਰਚਾਰ ਦੀ ਸਟੇਜ ਬਣਾ ਕੇ ਵਰਤਿਆ।

ਡਾ. ਸਰਦਾਰਾ ਸਿੰਘ ਜੌਹਲ ਨੇ ਠੀਕ ਹੀ ਕਿਹਾ ਹੈ। ਇਹ ਸ਼ਹੀਦ ਦੇਸ਼ ਤੋਂ ਕੁਰਬਾਨ ਹੋਏ ਅਤੇ ਇਹ ਦੇਸ਼ ਦੇ ਸ਼ਹੀਦ ਹਨ ਨਿਰੇ ਕੂਕਿਆਂ ਦੇ ਨਹੀਂ ।( ਪੰਨਾ 141)

ਸੂਬਾ ਖਰਲ ਦੀ ਇਸ ਪੁਸਤਕ ਦੀ ਕਦਰ ਦਾਨੀ ਕਰਕੇ ਕੋਈ ਯੂਨੀਵਰਸਿਟੀ ਡਾਕਟਰੇਟ ਦੇ ਦੇਵੇ ਤਾਂ ਉਸ ਯੂਨੀਵਰਸਿਟੀ ਦੀ ਅਜੇਹੀ ਡਿਗਰੀ ਨੂੰ ਹੀ ਵਿਸ਼ਵਸੀਅਨਤਾ ਮਿਲੇਗੀ। ਇਸ ਪੁਸਤਕ ਦਾ ਪ੍ਰਮੁੱਖ ਭਾਸ਼ਾਵਾਂ ਵਿਚ ਅਨੁਵਾਦ ਕਰਕੇ ਨੀਂਹ ਦੇ ਪਥਰਾਂ ਤੇ ਸਾਰੇ ਸ਼ਹੀਦਾਂ ਦਾ ਇਤਿਹਾਸ ਜਗ ਜਾਹਿਰ ਕਰਨਾ ਵਡਮੁੱਲੀ ਦੇਸ਼ ਸੇਵਾ ਹੋਏਗੀ। ਇਤੀ ਸ਼ੁਭਮ!

ਕਰਤਾਰ ਸਿੰਘ ਨੀਲਧਾਰੀ
162 ਗਰੇਨ ਮਾਰਕੀਟ, ਮਧਿਆ ਮਾਰਗ ਚੰਡੀਗੜ੍ਹ।

## ਸਾਹਿਤਕਾਰ ਜੀਵਨ ਬਿਉਰਾ

| | | |
|---|---|---|
| ਨਾਂ | : | ਸੂਬਾ ਸੁਰਿੰਦਰ ਕੌਰ ਖਰਲ |
| ਪਿਤਾ ਦਾ ਨਾਂ | : | ਸ: ਗੁਰਚਰਨ ਸਿੰਘ ਖਰਲ |
| ਮਾਤਾ ਦਾ ਨਾਂ | : | ਬੀਬੀ ਗੁਰਦੇਵ ਕੌਰ |
| ਪਤੀ ਦਾ ਨਾਂ | : | ਸ: ਭਗਵੰਤ ਸਿੰਘ ਨਾਮਧਾਰੀ |
| ਵਰਤਮਾਨ ਪਤਾ | : | B-ll-338, ਮੁਹੱਲਾ ਨਾਮਧਾਰੀ ਰੋਪੜ-140001 (ਪੰਜਾਬ) |
| ਟੈਲੀਫੋਨ ਨੰ | : | 01881-500271 (R) , ਮੋ. 98157-03588, 94173-76345 |
| ਜਨਮ ਤਾਰੀਖ | : | 19 ਜਨਵਰੀ 1952 |
| ਜਨਮ ਸਥਾਨ | : | ਮੁੰਬਈ |
| ਵਿਦਿਅਕ ਯੋਗਤਾ | : | ਐਮ.ਏ.ਹਿਸਟਰੀ |
| ਕਿੱਤਾ | : | ਘਰੇਲੂ, ਲੇਖਣ ਕਾਰਜ |
| ਲਿਖਣ ਪ੍ਰੀਕਿਰਿਆ ਦਾ ਮੁੱਢ | : | ਸੰਨ 1966 |
| ਸਾਹਿਤ ਰਚਨਾ | : | ਕਹਾਣੀ, ਕਵਿਤਾ, ਲੇਖ, ਜੀਵਨੀ, ਬਾਲ ਸਾਹਿਤ, ਸਫਰਨਾਮੇ, ਖੋਜ ਪੱਤਰ ਤੇ ਬੰਸਾਵਲੀ ਆਦਿਕ ਲਿਖੇ ਹਨ। ਰਚਨਾਵਾਂ ਸਮੇਂ ਸਮੇਂ ਤੇ ਵੱਖ-ਵੱਖ ਪਤ੍ਰਿਕਾਵਾਂ ਤੇ ਅਖਬਾਰਾਂ ਵਿੱਚ ਛਪਦੀਆਂ ਰਹਿੰਦੀਆਂ ਹਨ। |
| web site | : | www.subasurinderkaur.com |
| email | : | subakharal952@yahoo.com |

## ਛਪੀਆਂ ਪੁਸਤਕਾਂ ਦਾ ਵੇਰਵਾ

1) ਤ੍ਰਿਸ਼ਨਾ (ਕਹਾਣੀਆਂ)1987
2) ਰੂਹ ਪੰਜਾਬ ਦੀ (ਜੀਵਨੀ ਮਹਾਰਾਣੀ ਜ਼ਿੰਦ ਕੌਰ) 1990
3) ਮਹਾਂਬਲੀ ਰਣਜੀਤ ਸਿੰਘ (ਜੀਵਨੀ ਮਹਾਰਾਜਾ ਰਣਜੀਤ ਸਿੰਘ)1991
4) ਵਡ-ਪ੍ਰਤਾਪੀ ਸਤਿਗੁਰੂ (ਜੀਵਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) 1991
5) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਾਗਬਾਨੀ ਪ੍ਰਤੀ ਦੇਣ (ਖੋਜ-ਪੱਤਰ) 1995
6) ਬਰਮਾ ਦੀ ਯਾਤਰਾ, ਅਫਰੀਕਾ ਦੀ ਯਾਤਰਾ 1996
7) ਬਖਸ਼ਿਸ਼ (ਕਵਿਤਾਵਾਂ) 1996
8) ਪ੍ਰਕਾਸ਼-ਪੁੰਜ ਭਾਗ ਪਹਿਲਾ (ਜੀਵਨੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) 1997

9) ਤੂੰ ਹੀ ਤੂੰ (ਕਵਿਤਾਵਾਂ) 2000
10) ਬੰਸਾਵਲੀ-ਸ੍ਰੀ ਸਤਿਗੁਰੂ ਰਾਮ ਸਿੰਘ ਜੀ 2006
11) ਨਾਮਧਾਰੀ ਸ਼ਹੀਦ ਅਤੇ ਸੁਤੰਤਰਤਾ ਸੰਗਰਾਮੀ 2●●8
12) ਗੋਪਾਲ ਰਤਨ 2●11
13) ਪ੍ਰਕਾਸ਼-ਪੁੰਜ ਭਾਗ ਦੂਜਾ (ਛਪ ਰਹੀ) 2●11
14) ਨਾਮਧਾਰੀ ਇਤਿਹਾਸ : ਸਰਕਾਰੀ ਦਸਤਾਵੇਜ (ਛਪ ਰਹੀ)

## ਛਪਣਯੋਗ ਪੁਸਤਕਾਂ

- ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਬਾਲ ਸਾਹਿਤ)
- ਸਤਿਗੁਰੂ-ਸਾਖੀਆਂ
- ਸ਼ ਮੰਗਲ ਸਿੰਘ ਬਿਸ਼ਨਪੁਰੀ
- ਸਾਰੇ ਨਾਮਧਾਰੀ ਸ਼ਹੀਦਾਂ ਦੇ ਪਰਿਵਾਰਾਂ ਦੀਆਂ ਬੰਸਾਵਲੀਆਂ.......
- ਡਾਇਰੀ

## ਅਖਬਾਰਾਂ ਵਿੱਚ ਛਪੇ ਵਿਸ਼ੇਸ਼ ਲੇਖ

1) ਜਗ ਬਾਣੀ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਲੇਖ ਅਤੇ ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ, 21 ਮਈ 2001 ਤੋਂ 7 ਦਸੰਬਰ ਸੰਨ 2010 ਤੀਕ, ਲਗਾਤਾਰ ਲੜੀਵਾਰ ਹਰ ਹਫਤੇ ਧਰਮ ਅਤੇ ਸੱਭਿਆਚਾਰ ਅੰਕ ਵਿਚ ਛਪੇ ਹਨ।

2) ਅਜੀਤ ਅਖਬਾਰ ਵਿੱਚ 'ਰੂਹ ਪੰਜਾਬ ਦੀ' (ਜੀਵਨੀ ਮਹਾਰਾਣੀ ਜ਼ਿੰਦ ਕੌਰ) 18 ਅਗਸਤ 1991 ਤੋਂ 27 ਅਕਤੂਬਰ 1991 ਤੱਕ ਲੜੀਵਾਰ ਹਰ ਐਤਵਾਰ 10 ਕਿਸ਼ਤਾਂ ਵਿੱਚ ਛਪੀ।

3) ਪੰਜਾਬੀ ਟ੍ਰਿਬਿਊਨ ਵਿੱਚ 'ਬਰਮਾ ਦੀ ਯਾਤਰਾ' 5 ਮਈ 1996 ਤੋਂ 16 ਜੂਨ 1996 ਤੱਕ ਹਰ ਐਤਵਾਰ ਲੜੀਵਾਰ 7 ਕਿਸ਼ਤਾਂ ਵਿੱਚ ਛਪੀ।

## ਮਿਲੇ ਸਨਮਾਨਾਂ ਦਾ ਵੇਰਵਾ

- ਬਾਲ ਸਾਹਿਤ ਰਚੇਤਾ ਪੁਰਸਕਾਰ 02-01-1994 ਨੂੰ ਵੱਲੋਂ - ਲਿਖਾਰੀ ਸਭਾ ਬਰਨਾਲਾ
- ਨਾਮਧਾਰੀ ਸ਼ਹੀਦਾਂ ਦੀ ਖੋਜ ਕਰਨ ਲਈ ਸਨਮਾਨ 25-09-1995ਨੂੰ ਅੰਮ੍ਰਿਤਸਰ ਵਿਖੇ ਹੋਏ ਵਿਸ਼ਵ ਸਿੱਖ ਸੰਮੇਲਨ ਸਮੇਂ - ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।
- ਖੇਡ ਮੇਲਾ 1999 - ਵੱਲੋਂ ਸ਼ਹੀਦ ਰਤਨ ਸਿੰਘ ਸਪੋਰਟਸ ਕਲੱਬ ਮੰਡੀ ਕਲਾਂ (ਜਿਲ੍ਹਾ ਬਠਿੰਡਾ)
- ਸਰਦਾਰਨੀ ਹਰਲਾਭ ਕੌਰ ਯਾਦਗਾਰੀ ਐਵਾਰਡ 26 ਮਈ 2002 ਨੂੰ - ਵੱਲੋਂ ਲਿਖਾਰੀ ਸਭਾ ਬਰਨਾਲਾ
- ਸ਼ਹੀਦ ਬਿਸ਼ਨ ਸਿੰਘ ਯਾਦਗਾਰੀ ਐਵਾਰਡ 27 ਮਈ 2002 ਨੂੰ - ਵਲੋਂ ਅਖਿਲ ਭਾਰਤੀ ਸੰਪਰਦਾਇਕ ਸਦਭਾਵਨਾ ਕਮੇਟੀ, ਨਵੀਂ ਦਿੱਲੀ

- ਹਰਿ ਰੰਗ ਮਸਤ ਟਰੱਸਟ ਬਠਿੰਡਾ ਵੱਲੋਂ ਸਨਮਾਨ 19 ਸਤੰਬਰ 2003 ਤੇ 8 ਫਰਵਰੀ ਸੰਨ 2011
- ਮਾਸਟਰ ਨਿਹਾਲ ਸਿੰਘ ਯਾਦਗਾਰੀ ਪੁਰਸਕਾਰ 28 ਮਾਰਚ ਸੰਨ 2010 ਨੂੰ ਨਾਮਧਾਰੀ ਧਰਮਸ਼ਾਲਾ ਦਿੱਲੀ ਵਿਖੇ।

## ਹੋਰ ਜਾਣਕਾਰੀ

ਸੂਬਾ : ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪ੍ਰੈਲ 1994 ਤੋਂ ਨਾਮਧਾਰੀ ਪੰਥ ਵਿੱਚ ਸੂਬਾ ਥਾਪਿਆ

ਪ੍ਰਧਾਨ : ਸਰਬ ਹਿੰਦ ਨਾਮਧਾਰੀ ਵਿੱਦਿਅਕ ਜੱਥਾ (ਰਜਿ:) ਇਸਤਰੀ ਵਿੰਗ 1991-95 ਦੌਰਾਨ

ਟਰੱਸਟੀ : ਕੂਕਾ ਸ਼ਹੀਦ ਯਾਦਗਾਰੀ ਟਰੱਸਟ (ਰਜਿ:), ਸੰਨ 1992 ਤੋਂ ਪੰਜਾਬ ਸਰਕਾਰ ਵੱਲੋਂ ਬਣਾਇਆ ਗਿਆ ਟਰੱਸਟ

ਮੈਂਬਰ : ਭੈਣੀ ਸਾਹਿਬ ਤੇ ਰਾਈਆਂ ਡਿਵੈਲਪਮੈਂਟ ਬੋਰਡ (ਰਜਿ:), ਸੰਨ 1994 ਤੋਂ ਪੰਜਾਬ ਸਰਕਾਰ ਵੱਲੋਂ ਬਣਾਇਆ ਗਿਆ ਬੋਰਡ

ਮੈਂਬਰ : ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:)

ਮੈਂਬਰ : ਪੰਜਾਬੀ ਸਾਹਿਤ ਅਕੈਡਮੀ (ਰਜਿ:) ਲੁਧਿਆਣਾ ਜ਼ਿਲ੍ਹਾ ਅਧਿਕਾਰਤ ਕਮੇਟੀ ਪੰਜਾਬ ਰਾਜ ਭਾਸ਼ਾ (ਤਰਮੀਮ) ਕਾਨੂੰਨ 2008

ਮੈਂਬਰ : ਜ਼ਿਲ੍ਹਾ ਲਿਖਾਰੀ ਸਭਾ (ਰਜਿ:) ਰੂਪਨਗਰ (ਰੋਪੜ)

ਮੀਤ ਪ੍ਰਧਾਨ: ਭਾਰਤੀਯ ਇਤਿਹਾਸ ਸੰਕਲਨ ਸਮਿਤੀ ਰੋਪੜ

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ-ਕਮਲਾਂ ਤੋਂ ਮਿਲੇ ਵਿਸ਼ੇਸ਼ ਪੁਰਸਕਾਰਾਂ ਦਾ ਵੇਰਵਾ

- ਸੇਠਾਣੀ ਮਹਿੰਦਰ ਕੌਰ ਸਨਮਾਨ - 16 ਅਕਤੂਬਰ 1997 ਨੂੰ, ਅੱਸੂ ਦੇ ਮੇਲੇ ਤੇ, ਸ੍ਰੀ ਭੈਣੀ ਸਾਹਿਬ ਵਿਖੇ।
- ਵਿਸ਼ੇਸ਼ ਪੁਰਸਕਾਰ ਵਿਦਿਅਕ ਜੱਥੇ ਦੀ ਸੇਵਾ ਲਈ - 22 ਜੂਨ 1995 ਨੂੰ ਵਿਦਿਅਕ ਸੰਮੇਲਨ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ।
- ਵਿਸ਼ੇਸ਼ ਪੁਰਸਕਾਰ ਸ਼ਹੀਦਾਂ ਦੇ ਪਰਿਵਾਰਾਂ ਦੀ ਖੋਜ ਲਈ - 13 ਫਰਵਰੀ 1997 ਨੂੰ ਪਿੰਡ ਸਕਰੌਦੀ ਦੇ ਸ਼ਹੀਦ ਯਾਦਗਾਰੀ ਮੇਲੇ 'ਤੇ।
- ਵਿਸ਼ੇਸ਼ ਪੁਰਸਕਾਰ ਸ਼ਹੀਦਾਂ ਦੇ ਪਰਿਵਾਰਾਂ ਦੀ ਖੋਜ ਲਈ - 17 ਫਰਵਰੀ 1997 ਨੂੰ ਪਿੰਡ ਮੰਡੀ ਕਲਾਂ ਦੇ ਸ਼ਹੀਦ ਯਾਦਗਾਰੀ ਮੇਲੇ 'ਤੇ।
- ਆਸ਼ੀਰਵਾਦ ਪੁਰਸਕਾਰ ਵਿਦਿਅਕ ਜੱਥੇ ਵੱਲੋਂ - 9 ਜੂਨ 1998 ਨੂੰ ਵਾਰਸ਼ਿਕ ਵਿੱਦਿਅਕ ਸੰਮੇਲਨ ਮੰਡੀ ਵਿਖੇ
- ਪੁਸਤਕਾਂ- ਵਡ ਪ੍ਰਤਾਪੀ ਸਤਿਗੁਰੂ (10 ਅਕਤੂਬਰ 1990), ਬਖਸ਼ਿਸ਼ (4 ਅਗਸਤ 1996), ਪ੍ਰਕਾਸ਼-

ਪੁੰਜ 1 (18 ਅਕਤੂਬਰ 1997), ਤੂੰ ਹੀ ਤੂੰ (26 ਨਵੰਬਰ 2000), ਬੰਸਾਵਲੀ-ਸ੍ਰੀ ਸਤਿਗੁਰੂ ਰਾਮ ਸਿੰਘ ਜੀ (16 ਮਾਰਚ 2006), ਨਾਮਧਾਰੀ ਸ਼ਹੀਦ (ਸੰਨ 2008), ਗੋਪਾਲ ਰਤਨ- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ (17 ਜਨਵਰੀ 2011) ਆਦਿ ਰੀਲੀਜ਼ ਕੀਤੇ ਜਾਣ ਸਮੇਂ ਮਿਲੇ ਵਿਸ਼ੇਸ਼ ਪੁਰਸਕਾਰ।

- ਵਿੱਦਿਅਕ ਸੰਮੇਲਨਾਂ ਸਮੇਂ ਖੋਜ-ਪੱਤਰ ਪੜ੍ਹਨ ਅਤੇ ਜੱਜਮੈਂਟ ਕਰਨ ਤੋਂ ਇਲਾਵਾ ਸਮੇਂ ਸਮੇਂ 'ਤੇ ਅਨੇਕ ਪੁਰਸਕਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ-ਕਮਲਾਂ ਤੋਂ ਬਖਸ਼ਿਸ਼ ਹੋਏ।

## ਵਿਦੇਸ਼ ਯਾਤਰਾਵਾਂ

**(ਇਨ੍ਹਾਂ ਵਿਦੇਸ਼ ਯਾਤਰਾਵਾਂ ਵਿਚ ਮੈਂ ਤੇ ਮੇਰੇ ਪਤੀ ਸ. ਭਗਵੰਤ ਸਿੰਘ ਦੋਵੇਂ ਨਾਲ ਗਏ)**

| | | |
|---|---|---|
| 1) ਥਾਈਲੈਂਡ ਦੀ ਯਾਤਰਾ | - | 15 ਤੋਂ 25 ਮਾਰਚ 1993 |
| 2) ਥਾਈਲੈਂਡ ਦੀ ਯਾਤਰਾ | - | 8 ਤੋਂ 10 ਮਾਰਚ 1994 |
| 3) ਬਰਮਾ ਦੀ ਯਾਤਰਾ | - | 10 ਤੋਂ 20 ਮਾਰਚ 1994 |
| 4) ਥਾਈਲੈਂਡ ਦੀ ਯਾਤਰਾ | - | 20 ਤੋਂ 24 ਮਾਰਚ 1994 |
| 5) ਅਫਰੀਕਾ (ਕੀਨੀਆ-ਤਨਜਾਨੀਆ) ਯਾਤਰਾ | - | 21 ਮਈ ਤੋਂ 5 ਜੂਨ 1994 |
| 6) ਥਾਈਲੈਂਡ ਦੀ ਯਾਤਰਾ | - | 28 ਨਵੰਬਰ ਤੋਂ 10 ਦਸੰਬਰ 1995 |
| 7) ਇੰਗਲੈਂਡ ਦੀ ਯਾਤਰਾ | - | 15 ਮਈ ਤੋਂ 11 ਜੁਲਾਈ 1999 |
| 8) ਪਾਕਿਸਤਾਨ ਦੀ ਯਾਤਰਾ | - | 18 ਜੁਲਾਈ ਤੋਂ 22 ਜੁਲਾਈ 2008 |

*******************